ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ

ਅਤੇ

ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

ਚੜ੍ਹਦੀ ਕਲਾ

ਅਤੇ

ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ
ਸਾਬਕਾ ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਨਾਨਕ ਚੇਅਰ
ਹੈਡ ਆਫ਼ ਦੀ ਡਿਪਾਰਟਮੈਂਟਸ ਆਫ਼ ਪੰਜਾਬੀ ਐਂਡ ਆਫ਼ ਸਿੱਖ ਸਟੱਡੀਜ਼
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

3

CHARHDI KALA
ATE
CHARHDI KALA DE PUNJ
ਚੜ੍ਹਦੀ ਕਲਾ
ਅਤੇ
ਚੜ੍ਹਦੀ ਕਲਾ ਦੇ ਪੁੰਜ

THE HIGHEST SPIRITS AND THE EMBODIMENTS OF THE HIGHEST SPIRITS

by

DR. HARNAM SINGH SHAN

M.A. *(Eng. & Pbi.)*, Ph.D. *(London)*, D.Litt. *(Chandigarh)*
Honours in Persian and in Panjabi *(Lahore)*, F.R.A.S. *(London)*,
M.S.A. *(Paris)*, M.B.S. *(Edin.)*, Formerly Professor & Chairman, Guru Nanak Chair;
Head of the Departments of Panjabi and of Sikh Studies,
Panjab University, Chandigarh.

First edition July 2001 3000 copies

Published by
Dr. Gurbachan Singh Bachan, Secretary
Dharam Parchar Committee, (S.G.P.C.) Amritsar
Printed at their press
Golden Offset Press, Amritsar

Typesetted by
Alpha Beta Computers, SCF 49, Phase V,
Sahibzada Ajit Singh Nagar, Chandigarh

In commemoration of the 300th Birth-anniversary of the Khalsa Panth

(1699-1999)

ਸਮਰਪਣ

ਸੁਰਗਵਾਸੀ ਪਿਤਾ, ਸਰਦਾਰ ਸਰਬਨ ਸਿੰਘ ਜੀ

ਅਤੇ

ਮਾਤਾ, ਸਰਦਾਰਨੀ ਤੇਜ ਕੌਰ, ਜੀ

ਨੂੰ

ਜਿਨ੍ਹਾਂ ਨੇ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ
ਉਪਨਾਂ, ਸਰੂਪ ਤੇ ਸਪਿਰਿਟ ਦੀ ਗੁੜ੍ਹਤੀ ਦੇ ਕੇ ਪਰਵਾਨ ਚੜ੍ਹਾਇਆ ਸੀ

ਅਤੇ

ਗੁਰੂ-ਜੱਸ ਲਿਖਣ, ਪੜ੍ਹਨ ਤੇ ਬੋਲਣ ਆਦਿ ਦੇ ਯੋਗ ਬਣਾਇਆ ਸੀ ।

ਹਰਨਾਮ ਸਿੰਘ ਸ਼ਾਨ

ਵਿਸ਼ੈ-ਸੂਚੀ

ਆਦਿਕਾ

ਮੱਧਿਕਾ

ਭਾਗ ਪਹਿਲਾ

ਭਾਗ ਦੂਜਾ

ਭਾਗ ਤੀਜਾ

ਅੰਤਿਕਾ

ਮੁੱਖਬੰਦ

ਡਾ. ਹਰਨਾਮ ਸਿੰਘ ਸ਼ਾਨ ਇਕ ਬਹੁ-ਉਪਜਾਊ (profile) ਲੇਖਕ ਹਨ। ਸਾਹਿਤਕ ਅਧਿਐਨ ਜਾਂ ਖੋਜ ਪੜਤਾਲ ਦੇ ਖੇਤਰ ਵਿੱਚ ਸ਼ਾਇਦ ਹੀ ਕੋਈ ਪੱਖ ਅਜਿਹਾ ਹੋਵੇ ਜੋ ਇਨ੍ਹਾਂ ਨੇ ਛੋਹਿਆ ਤੇ ਸਫ਼ਲਤਾ ਸਹਿਤ ਨਿਭਾਇਆ ਨਾ ਹੋਵੇ। ਇਉਂ ਹੀ ਸ਼ਾਇਦ ਹੀ ਕੋਈ ਵਿਸ਼ਾ ਅਜਿਹਾ ਹੋਵੇਗਾ ਜੋ ਭਾਵੇਂ ਸਿੱਖ ਧਰਮ, ਸਾਹਿਤ, ਸਭਿਆਚਾਰ, ਇਤਿਹਾਸ, ਫ਼ਿਲਾਸਫ਼ੀ ਜਾਂ ਲੋਕ-ਪਰੰਪਰਾ ਨਾਲ ਸੰਬੰਧ ਰੱਖਦਾ ਹੋਵੇ, ਜਿਸ ਨੂੰ ਇਨ੍ਹਾਂ ਨੇ ਆਪਣੀਆਂ ਅਜਿਹੀਆਂ ਰਚਨਾਵਾਂ ਰਾਹੀਂ ਅਮੀਰ ਨਾ ਬਣਾਇਆ ਹੋਵੇ ਜੋ ਹਿੰਦੁਸਤਾਨ ਤੇ ਹਿੰਦੁਸਤਾਨੋਂ ਬਾਹਰ ਵੀ ਚੋਖੀਆਂ ਸਲਾਹੀਆਂ ਜਾਂਦੀਆਂ ਹਨ।

ਪ੍ਰੋਫ਼ੈਸਰ ਸ਼ਾਨ ਜੀ ਨੂੰ ਇਨ੍ਹਾਂ ਦੀ ਅਜਿਹੀ ਨਿਗਰ ਤੇ ਨਿਰੰਤਰ ਸੇਵਾ ਵੱਜੋਂ, ਇਤਨੇ ਪੁਰਸਕਾਰਾਂ ਤੇ ਸਨਮਾਨਾਂ ਨਾਲ ਸਤਿਕਾਰਿਆ ਗਿਆ ਹੈ ਕਿ ਉਨ੍ਹਾਂ ਦੇ ਵਰਨਣ ਨਾਲ ਇਕ ਲੰਮੀ ਸੂਚੀ ਤਿਆਰ ਹੋ ਜਾਂਦੀ ਹੈ। ਅਜੇ ਪਿਛਲੇ ਵਰ੍ਹੇ, ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਆਪਣੇ ਸਭ ਤੋਂ ਵੱਡੇ ਗੌਰਵਸ਼ਾਲੀ ਪੁਰਸਕਾਰ, **ਸਾਹਿਤ ਸ਼੍ਰੋਮਣੀ ਅਵਾਰਡ**, ਨਾਲ ਸਨਮਾਨਿਆ ਸੀ ਜਿਸ ਵਿੱਚ ਸਵਾ ਲੱਖ ਰੁਪਏ ਦੀ ਥੈਲੀ, ਸੁਨਹਿਰੀ ਤਮਗ਼ਾ, ਯਾਦਗਾਰੀ ਸਜਾਵਟੀ ਫੱਟੀ, ਸ਼ਿੰਗਾਰਿਤ ਸ਼ਾਲ ਅਤੇ ਸਨਮਾਨਤ-ਪੱਤਰ ਸ਼ਾਮਲ ਸੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਵੀ, ਅਜੋਕੇ ਹੀ, ਇਨ੍ਹਾਂ ਨੂੰ ਆਪਣੀ ਸਭ ਤੋਂ ਉਚੀ ਡਿਗਰੀ, ਡੀ. ਲਿਟ., ਨਾਲ ਸਨਮਾਨਣ ਦਾ ਫ਼ੈਸਲਾ ਕੀਤਾ ਹੈ।

ਹੱਥ ਵਿਚਲੀ ਪੁਸਤਕ ਡਾਕਟਰ ਸ਼ਾਨ ਜੀ ਦੀ ਨਵੀਨਤਮ ਸ਼ਾਹਕਾਰੀ ਕਿਰਤ ਹੈ। ਇਸ ਦਾ ਵਿਸ਼ਾ ਖ਼ਾਲਸਾ ਪੰਥ ਦੀ ਤੀਜੀ ਸਾਜਨਾ ਸ਼ਤਾਬਦੀ ਵਾਲੇ ਵਰ੍ਹੇ ਲਈ ਸਭ ਤੋਂ ਵੱਧ ਢੁੱਕਵਾਂ ਤੇ ਵੱਖਰਾਂ ਹੈ। ਇਸ ਦੇ ਪਹਿਲੇ ਭਾਗ ਦੇ ਮੁੱਢਲੇ ਸ਼ਬਦ ਹੀ 'ਸਿੱਖ-ਅਰਦਾਸ' ਦੇ ਉਸ ਅੰਤਲੇ ਦੋਹਰੇ ਵਲ, ਬੜੇ ਉਚਿੱਤਵੇਂ ਢੰਗ ਨਾਲ, ਧਿਆਨ ਦੁਆਂਦੇ ਹਨ ਜੋ ਹਰ ਗੁਰਸਿੱਖ ਸਵੇਰੇ ਤੇ ਸ਼ਾਮੀਂ ਅਤੇ ਹੋਰ ਸਾਰੇ ਜ਼ਰੂਰੀ ਮੌਕਿਆਂ 'ਤੇ, ਇਉਂ ਉਚਾਰਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਮੈਂ ਇਸ ਗੱਲ ਦੀ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹਾਂ ਕਿ ਇਸ ਮਹੱਤਵਪੂਰਨ ਪੁਸਤਕ ਦੇ ਵਿਦਵਾਨ ਲੇਖਕ ਨੇ ਇਸ ਦਾ 'ਮੁੱਖਬੰਧ' ਲਿਖਣ ਲਈ ਮੈਨੂੰ ਆਖਿਆ ਹੈ। ਮੇਰੇ ਮਨ ਵਿੱਚ ਇਸ ਗੱਲ ਦਾ ਕੋਈ ਸ਼ੱਕ ਨਹੀਂ ਕਿ ਇਸ ਪੁਸਤਕ ਦਾ ਪਾਠਕ ਇਸ ਨੂੰ ਇਕ ਅਜਿਹੇ ਵੱਡਮੁੱਲੇ ਖ਼ਜ਼ਾਨੇ ਦਾ ਧਾਰਨੀ ਪਾਇਗਾ ਜਿਹੋ-ਜਿਹਾ ਲਭਣਾ ਕੋਈ ਆਸਾਨ ਕੰਮ ਨਹੀਂ ਅਤੇ ਜੋ ਡਾ. ਹਰਨਾਮ ਸਿੰਘ ਸ਼ਾਨ ਵਰਗੀ ਯੋਗਤਾ ਤੇ ਹੈਸੀਅਤ ਵਾਲੇ ਮਹਾਨ ਲੇਖਕ ਤੋਂ ਹੀ ਪਰਾਪਤ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

ਡਾ. ਹਰਨਾਮ ਸਿੰਘ ਸ਼ਾਨ ਦੀ ਸ਼ਖ਼ਸੀਅਤ ਤੇ ਕੰਮ-ਕਿਰਤ ਬਾਰੇ ਲੱਗਭਗ ਸਾਰਾ ਪੰਥ ਵਾਕਫ਼ ਹੈ। ਉਨ੍ਹਾਂ ਦੀ ਇਹ ਨਵੀਂ ਖੋਜ-ਪੁਸਤਕ ਵੀ ਇਕ ਬਹੁਮੁੱਲੀ ਤੇ ਯਾਦਗਾਰੀ ਰਚਨਾ ਹੈ ਜੋ ਖ਼ਾਲਸਾ ਪੰਥ ਦੀ ਤੀਜੀ ਸਾਜਨਾ ਸ਼ਤਾਬਦੀ ਦੇ ਸੁਭਾਗੇ ਦੇ ਇਤਿਹਾਸਕ ਅਵਸਰ ਲਈ ਬੜੀ ਲਗਨ, ਲਿਆਕਤ ਤੇ ਮਿਹਨਤ ਨਾਲ ਉਚੇਚੀ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਨੂੰ ਬੜੀ ਰੀਝ, ਉੱਦਮ ਤੇ ਸੁਚੱਜ ਨਾਲ ਛਪਵਾਇਆ ਹੈ। ਇਸ ਲਈ ਮੈਂ ਸਾਰੇ ਪੰਥ-ਪ੍ਰੇਮੀਆਂ ਨੂੰ ਇਕ ਲਾਭਦਾਇਕ ਤੇ ਪਰੇਰਨਾਜਨਕ ਪੁਸਤਕ ਪੜ੍ਹਨ ਤੇ ਵਿਚਾਰਨ ਦੀ ਪੁਰਜ਼ੋਰ ਸਿਫ਼ਾਰਸ਼ ਕਰਨ ਦੀ ਖ਼ੁਸ਼ੀ ਲੈਂਦਾ ਹਾਂ।

ਹਰਬੰਸ ਸਿੰਘ ਚੀਫ਼ ਜਸਟਿਸ (ਰੀਟਾਇਰਡ)
ਚੀਫ਼ ਕਮਿਸ਼ਨਰ, ਗੁਰਦੁਆਰਾ ਇਲੈਕਸ਼ਨਜ਼
ਭਾਰਤ ਸਰਕਾਰ, ਗ੍ਰਹਿ ਮੰਤਰਾਲਾ।

58, ਸੈਕਟਰ 4,
ਚੰਡੀਗੜ੍ਹ
8 ਅਪ੍ਰੈਲ 1999

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ
ਅਤੇ
ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਭੂਮਿਕਾ

'ਚੜ੍ਹਦੀ ਕਲਾ' ਸਿੱਖ ਧਰਮ ਦੀ ਵਿਲੱਖਣਤਾ ਹੈ। ਇਹ ਇਕ ਸਿਧਾਂਤ ਹੈ, ਇਹ ਇਕ ਜਜ਼ਬਾ ਹੈ, ਇਕ ਮਾਨਸਕ ਅਵਸਥਾ ਹੈ ਜਿਸ ਨੂੰ ਸ਼ਾਬਦਕ ਰੂਪ ਦੇਣਾ ਆਸਾਨ ਨਹੀਂ ਹੈ। ਕਿਸੇ ਹੋਰ ਭਾਸ਼ਾ ਵਿੱਚ ਇਸ ਦਾ ਅਨੁਵਾਦ ਹੋਰ ਵੀ ਕਠਨ ਹੈ। ਬੜੀ ਲੋੜ ਸੀ ਕੋਈ ਵਿਦਵਾਨ ਇਸ ਵਿਸ਼ੇ ਦੀ ਵਿਆਖਿਆ ਕਰੇ ਪਰੰਤੂ ਇਹ ਵਿਸ਼ਾ ਇੰਨਾ ਸੂਖਮ ਹੈ ਕਿ ਕੋਈ ਡਾ. ਹਰਨਾਮ ਸਿੰਘ ਸ਼ਾਨ ਵਰਗਾ ਵਿਦਵਾਨ ਹੀ ਇਸ ਨੂੰ ਹੱਥ ਪਾ ਸਕਦਾ ਸੀ। ਖ਼ੁਸ਼ਕਿਸਮਤੀ ਹੈ ਕਿ ਉਹ ਸਮਾਂ ਆ ਗਿਆ ਅਤੇ ਡਾਕਟਰ ਸਾਹਿਬ ਦਾ ਇਕ ਮਹਾਨ ਉਪਰਾਲਾ ਸਾਡੇ ਹੱਥਾਂ ਵਿੱਚ ਹੈ।

'ਚੜ੍ਹਦੀ ਕਲਾ' ਦਾ ਵਿਰਸਾ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਸ਼ ਹੈ ਜੋ ਉਨ੍ਹਾਂ ਦੇ ਮਹਾਨ ਫ਼ੁਰਮਾਨ 'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ' ਤੋਂ ਸ਼ੁਰੂ ਹੋਇਆ। ਗੁਰੂ ਰਾਮਦਾਸ ਜੀ ਦਾ ਮਹਾਂਵਾਕ : 'ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ', ਇਸੇ ਜਜ਼ਬੇ ਦਾ ਸੰਕੇਤ ਹੈ। ਇਸੇ 'ਚੜ੍ਹਦੀ ਕਲਾ' ਕਾਰਨ 'ਝਖੜੁ ਝਾਗੀ ਮੀਹੁ ਵਰਸੈ', 'ਸਮੁੰਦੁ ਸਾਗਰੁ ਹੋਵੈ ਬਹੁ ਖਾਰਾ', ਸਿੱਖਾਂ ਦੇ ਮਾਰਗ ਦੀਆਂ ਰੁਕਾਵਟਾਂ ਨਹੀਂ ਬਣ ਸਕਦੀਆਂ। ਗੁਰੂ ਅਰਜਨ ਦੇਵ ਜੀ ਤੱਤੀ ਲੋਹ 'ਤੇ ਬੈਠ ਕੇ ਉਚਾਰਦੇ ਹਨ : 'ਤੇਰਾ ਕੀਆ ਮੀਠਾ ਲਾਗੈ'। ਗੁਰੂ ਗੋਬਿੰਦ ਸਿੰਘ ਮਾਛੀਵਾੜੇ ਦੇ ਜੰਗਲਾਂ ਵਿੱਚ 'ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ' ਕਹਿੰਦੇ ਹੋਏ, ਖੇੜਿਆਂ ਤੋਂ ਯਾਰੜੇ ਦੇ ਸਥਰ ਨੂੰ ਤਰਜੀਹ ਦੇ ਰਹੇ ਹਨ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਜਾਂਦੇ ਹਨ, ਪਰ ਚੜ੍ਹਦੀ ਕਲਾ ਨੇੜੇ ਨਹੀਂ ਢੁਕ ਸਕੀ। ਦਸਮੇਸ਼ ਪਿਤਾ ਫ਼ੁਰਮਾਉਂਦੇ ਹਨ : 'ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ'। ਇਹ ਹਨ ਮਿਸਾਲਾਂ ਜਿਨ੍ਹਾਂ ਰਾਹੀਂ ਖ਼ਾਲਸੇ ਨੂੰ 'ਚੜ੍ਹਦੀ ਕਲਾ' ਦੀ ਸਿੱਖਿਆ ਦਿੱਤੀ ਗਈ ਹੈ।

ਇਹ ਸਿੱਖਿਆ ਸਿੰਘਾਂ ਦੇ ਜੀਵਨ ਦਾ ਅੰਗ ਬਣ ਗਈ। ਸਮੇਂ ਦੀ ਸਰਕਾਰ ਸਿੱਖਾਂ ਦੀ ਵੈਰੀ ਬਣ ਜਾਂਦੀ ਹੈ, ਹੁਕਮ ਜਾਰੀ ਕਰ ਦਿੱਤਾ ਜਾਂਦਾ ਹੈ ਕਿ ਜਿੱਥੇ ਵੀ ਗੁਰੂ ਨਾਨਕ ਦਾ ਸਿੱਖ ਨਜ਼ਰ ਆਵੇ, ਕਤਲ ਕਰ ਦਿੱਤਾ ਜਾਵੇ। ਕਾਤਲਾਂ ਨੂੰ ਇਨਾਮ ਦਿੱਤੇ ਜਾਂਦੇ ਹਨ ਪਰ ਫਿਰ ਵੀ ਸਿੰਘਾਂ ਦੀ 'ਚੜ੍ਹਦੀ ਕਲਾ' ਬਰਕਰਾਰ ਹੈ :

> ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ,
> ਜਿਉਂ ਜਿਉਂ ਸਾਨੂੰ ਵਢਦਾ, ਅਸੀਂ ਦੂਣ ਸਵਾਏ ਹੋਏ।

'ਚੜ੍ਹਦੀ ਕਲਾ' ਦੀ ਝਲਕ ਡੁਲ੍ਹ-ਡੁਲ੍ਹ ਪੈਂਦੀ ਹੈ ਸਿੰਘਾਂ ਦੀ ਬੋਲੀ ਵਿੱਚ। ਮਰਨ ਨੂੰ 'ਚੜ੍ਹਾਈ ਕਰਨਾ' ਭੁੱਖ ਨੂੰ 'ਕੜਾਕੇ' ਜਾਂ 'ਲੰਗਰ ਮਸਤ', ਛੋਲਿਆਂ ਨੂੰ 'ਬਾਦਾਮ', ਅਤੇ ਇਕੱਲੇ ਨੂੰ 'ਫ਼ੌਜ' - 'ਚੜ੍ਹਦੀ ਕਲਾ' ਵਿੱਚ ਵਿਚਰਦਿਆਂ ਹੀ ਕਿਹਾ ਜਾ ਸਕਦਾ ਹੈ।

ਡਾਕਟਰ ਸ਼ਾਨ ਜੀ ਨੇ ਆਪਣੀ ਇਸ ਪੁਸਤਕ ਵਿੱਚ 'ਚੜ੍ਹਦੀ ਕਲਾ' ਜਿਹੇ ਅਤਿ ਸੂਖਮ ਵਿਸ਼ੇ ਨਾਲ ਪੂਰਾ ਇਨਸਾਫ਼ ਕੀਤਾ ਹੈ ਅਤੇ ਆਧਾਰ ਗੁਰਬਾਣੀ, ਗੁਰੂ ਸਾਹਿਬਾਨ ਦਾ ਜੀਵਨ, ਅਤੇ ਸਿੱਖ ਇਤਿਹਾਸ ਹੀ ਬਣਾਇਆ ਹੈ।

ਪਹਿਲੇ ਭਾਗ ਦੇ ਪਹਿਲੇ ਕਾਂਡ ਵਿੱਚ ਗੁਰਬਾਣੀ ਦੀਆਂ ਪ੍ਰਾਸੰਗਿਕ ਤੁਕਾਂ ਰਾਹੀਂ ਇਸ ਦੇ ਸੰਕਲਪ ਨੂੰ ਸਪਸ਼ਟ ਕੀਤਾ ਹੈ ਅਤੇ ਦੂਜੇ ਕਾਂਡ ਵਿੱਚ ਉਸ ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ।

ਇਸ ਪਰੰਪਰਾ ਦਾ ਆਰੰਭ ਅਤੇ ਉਸਾਰ ਗੁਰੂ ਸਾਹਿਬ ਦੇ ਜੀਵਨ ਵਿੱਚੋਂ ਉਦਾਹਰਨਾਂ ਦੇ ਕੇ, ਤੀਜੇ ਕਾਂਡ ਵਿੱਚ ਪਰਗਟ ਕੀਤਾ ਹੈ। ਗੁਰੂ ਸਾਹਿਬ ਦੀ ਉਚਾਰੀ ਹੋਈ ਬਾਣੀ ਰਾਹੀਂ ਇਸ ਨੂੰ ਸਮਝਾਇਆ ਗਿਆ ਹੈ। ਪੁਰਾਤਨ ਲਿਖਤਾਂ ਵਿੱਚੋਂ ਹਵਾਲੇ ਦਿੱਤੇ ਗਏ ਹਨ, ਜਿਸ ਨਾਲ ਇਸ ਸਿਧਾਂਤ ਦਾ ਪ੍ਰਭਾਵ ਸੰਗਤ ਦੀ ਸੋਚਣੀ ਵਿੱਚ ਹੋ ਰਹੀ ਤਬਦੀਲੀ ਨੂੰ ਸਪਸ਼ਟ ਕਰਦਾ ਹੈ। ਜਿੱਥੇ ਲੋੜ ਪਈ, ਬਾਹਰਲੇ ਇਤਿਹਾਸਕਾਰਾਂ ਦੀਆਂ ਅੰਗਰੇਜ਼ੀ ਲਿਖਤਾਂ ਵਿੱਚੋਂ ਵੀ ਸਬੰਧਿਤ ਟੂਕਾਂ ਲੈ ਕੇ ਇਸ ਵਿਸ਼ੇ ਉਤੇ ਚਾਨਣ ਪਾਇਆ ਹੈ।

ਸਿੱਖ ਇਤਿਹਾਸ ਨਾਲ ਸਬੰਧਿਤ ਲਗਭਗ ਸਾਰੇ ਪੁਰਾਤਨ ਇਤਿਹਾਸਕਾਰਾਂ ਅਤੇ ਹੋਰ ਲਿਖਾਰੀਆਂ ਦੀਆਂ ਰਚਨਾਵਾਂ ਵਿੱਚੋਂ ਸਬੰਧਿਤ ਟੂਕਾਂ ਲੈ ਕੇ, ਕਾਫ਼ੀ ਸਮੱਗਰੀ ਇਕੱਠੀ ਕਰ ਕੇ, ਪੜ੍ਹਨ ਵਾਲਿਆਂ ਦੀ ਸੇਵਾ ਵਿੱਚ ਭੇਟ ਕੀਤੀ ਗਈ ਹੈ। ਅੱਜ-ਕਲ੍ਹ ਦੇ ਮੁੱਖ ਲਿਖਾਰੀਆਂ ਦੀਆਂ ਲਿਖਤਾਂ ਨੂੰ ਪੜ੍ਹ ਘੋਖ ਕੇ, ਉਨ੍ਹਾਂ ਦੇ ਵਿਚਾਰ ਵੀ ਦੇ ਦਿੱਤੇ ਹਨ।

ਇਸ ਤਰ੍ਹਾਂ ਦਸਵੇਂ ਪਾਤਸ਼ਾਹ ਦੇ ਜੀਵਨ ਦੀਆਂ ਘਟਨਾਵਾਂ ਦੱਸ ਕੇ, 'ਚੜ੍ਹਦੀ ਕਲਾ' ਦੀਆਂ ਉਦਾਹਰਨਾਂ ਦਾ ਵਰਨਣ ਕੀਤਾ ਗਿਆ ਹੈ। ਉਨ੍ਹਾਂ ਦੀ ਬਾਣੀ ਵਿੱਚੋਂ ਤੇ ਹੋਰ ਸੰਬੰਧਿਤ ਲਿਖਤਾਂ ਵਿੱਚੋਂ ਟੂਕਾਂ ਲੈ ਕੇ ਉਸ ਨੂੰ ਸਮਝਾਉਣ ਵਿੱਚ ਸਹਾਇਕ

ਬਣਾਇਆ ਗਿਆ ਹੈ।

ਦੂਜੇ ਭਾਗ ਦੇ ਛੋਰੇ ਕਾਂਡ ਦੀ ਪਹਿਲੀ ਸੈਕਸ਼ਨ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਦੇ 'ਚੜ੍ਹਦੀ ਕਲਾ' ਵਾਲੇ ਜੀਵਨ ਬਾਰੇ 'ਗੁਰੂ ਗੋਬਿੰਦ ਸਿੰਘ, ਨਿਰਸੰਦੇਹ, ਸਵੈ-ਮਾਨ, ਸਵੈ-ਵਿਸ਼ਵਾਸ, ਸਵੈ-ਤਿਆਗ ਤੇ ਸਵੈ-ਸਮਰਪਨ ਦੇ ਮੁਜੱਸਮਾ ਸਨ' - ਲਿਖ ਕੇ ਸਾਰੀ ਗੱਲ ਦਾ ਨਿਚੋੜ ਕੱਢ ਦਿੱਤਾ ਹੈ।

'ਮਰਦ ਅਗੰਮੜਾ', 'ਧਰਮ ਹੇਤ ਸਾਕਾ', 'ਮਸਲੇ ਤੇ ਮੁਸੀਬਤਾਂ' ਨਾਲ ਸੁਲਝਣ ਅਤੇ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਬਾਰੇ ਖੁਲ੍ਹੀ ਵਿਚਾਰ ਕੀਤੀ ਗਈ ਹੈ। ਦੇਸ ਪਰਦੇਸ ਦੇ ਲਿਖਾਰੀਆਂ ਤੇ ਫ਼ਿਲਾਸਫ਼ਰਾਂ ਵੱਲੋਂ ਕੀਤੀ ਵਡਿਆਈ ਤੇ ਉਪਮਾ ਬਾਰੇ ਵੀ ਰੋਸ਼ਨੀ ਪਾਈ ਗਈ ਹੈ।

ਗੁਰੂ ਸਾਹਿਬ ਵੱਲੋਂ ਕੀਤੇ ਸੰਘਰਸ਼ ਨੂੰ ਦੱਸ ਕੇ, ਉਨ੍ਹਾਂ ਦੀ 'ਚੜ੍ਹਦੀ ਕਲਾ' ਦੀ ਬੇਮਿਸਾਲ ਉਦਾਹਰਨ ਸਾਹਮਣੇ ਲਿਆਂਦੀ ਹੈ। ਇਤਨੀ ਵੱਡੀ ਮੁਗ਼ਲ ਹਕੂਮਤ ਨਾਲ ਟੱਕਰ ਲੈਣੀ ਤੇ ਉਸ ਵਿੱਚ ਸਫ਼ਲਤਾ ਪ੍ਰਾਪਤ ਕਰਨੀ 'ਚੜ੍ਹਦੀ ਕਲਾ' ਦੇ ਜੀਵਨ ਨਾਲ ਹੀ ਸੰਭਵ ਹੋ ਸਕਦੀ ਸੀ। ਗੁਰੂ ਸਾਹਿਬ ਨੇ ਇਸ ਲਈ ਜੋ ਕੁਰਬਾਨੀ ਕੀਤੀ, ਸਾਰਾ ਪਰਵਾਰ ਵਾਰਿਆ, ਸਰੀਰਕ ਕਸ਼ਟ ਝੱਲੇ, ਇਹ ਸਭ ਕੁਝ 'ਚੜ੍ਹਦੀ ਕਲਾ' ਦੀ ਲਾਸਾਨੀ ਮਿਸਾਲ ਹੈ। ਇਸੇ ਰਾਹ ਤੇ ਚੱਲ ਕੇ ਖਾਲਸਾ ਪੰਥ ਦੀਆਂ ਕੀਤੀਆਂ ਕੁਰਬਾਨੀਆਂ ਇਸ ਗੱਲ ਨੂੰ ਹੋਰ ਵੀ ਅੱਗੇ ਲੈ ਜਾਂਦੀਆਂ ਹਨ ਕਿ ਗੁਰੂ ਜੀ ਵੱਲੋਂ ਦੱਸੇ 'ਚੜ੍ਹਦੀ ਕਲਾ' ਦੇ ਰਾਹ ਨੂੰ ਸਿੱਖਾਂ ਨੇ ਦੁਖ-ਮੁਸੀਬਤਾਂ ਝਲਦੇ ਹੋਏ ਵੀ ਛੱਡਿਆ ਨਹੀਂ।

ਤੀਜੇ ਭਾਗ ਵਿੱਚ ਚੜ੍ਹਦੀ ਕਲਾ ਦੇ ਸਿਧਾਂਤ ਦੇ ਪਰਚਾਰ ਤੇ ਪਰਸਾਰ ਨਾਲ, ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਦਾ ਜੋ ਪ੍ਰਭਾਵ ਸਿੱਖਾਂ ਦੇ ਜੀਵਨ ਉੱਤੇ ਪਿਆ ਤੇ ਜੋ ਸਿੱਟੇ ਨਿਕਲੇ ਆਦਿ, ਚੰਗੇ ਢੰਗ ਨਾਲ ਵਿਚਾਰੇ ਗਏ ਹਨ। ਸਿੱਖ-ਸੇਵਕਾਂ ਤੋਂ ਬਿਨਾਂ ਗੈਰ-ਸਿੱਖਾਂ ਦੇ ਮਨਾਂ ਉੱਤੇ ਪਏ ਪ੍ਰਭਾਵ ਵੀ ਦੱਸੇ ਗਏ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਦੇ ਹਵਾਲੇ ਵੀ ਦਿੱਤੇ ਗਏ ਹਨ।

ਕਾਂਡ ਛੇ ਅਤੇ ਸੱਤ ਵਿੱਚ 'ਚੜ੍ਹਦੀ ਕਲਾ' ਦੇ ਚਮਤਕਾਰਾਂ ਉਤੇ ਰੋਸ਼ਨੀ ਪਾਈ ਗਈ ਹੈ। ਇਤਿਹਾਸਕ ਤੇ ਸਿਧਾਂਤਕ ਪੱਖੋਂ ਖੋਜ-ਭਰਪੂਰ ਸਮੱਗਰੀ ਦੇ ਕੇ, ਪੁਸਤਕ ਦੀ ਸਮਾਪਤੀ ਕੀਤੀ ਗਈ ਹੈ। ਸਾਰੇ ਪੱਖਾਂ ਬਾਰੇ ਦੇਸ ਤੇ ਪਰਦੇਸ, ਅਤੇ ਸਿੱਖਾਂ ਤੇ ਗੈਰਸਿੱਖ ਲਿਖਾਰੀਆਂ ਦੇ ਹਵਾਲੇ ਦੇ ਕੇ, ਬਹੁਤ ਲਾਭਦਾਇਕ ਤੱਥ ਪਰਗਟ ਕੀਤੇ ਗਏ ਹਨ।

ਡਾਕਟਰ ਹਰਨਾਮ ਸਿੰਘ ਸ਼ਾਨ ਇਕ ਸੰਸਾਰ-ਪ੍ਰਸਿੱਧ ਵਿਦਵਾਨ ਹਨ। ਉਨ੍ਹਾਂ ਨੂੰ ਪੰਜਾਬੀ ਤੋਂ ਇਲਾਵਾ, ਬ੍ਰਿਜੀ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਹੈ। ਅੱਜ ਤਕ 76 ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ ਅਤੇ 160 ਖੋਜ-ਪੱਤਰ ਲਿਖ ਚੁੱਕੇ ਹਨ। ਦੂਸਰੇ ਲਿਖਾਰੀਆਂ ਦੀਆਂ ਕਿਤਾਬਾਂ ਦੇ ਰੀਵਿਊ ਅਤੇ ਭੂਮਿਕਾਵਾਂ ਕਾਰਨ ਇਕ ਉਚ-ਕੋਟੀ ਦੇ ਆਲੋਚਕ ਵੀ ਮੰਨੇ ਜਾਂਦੇ ਹਨ। ਬੇਸ਼ੁਮਾਰ ਪੰਥਕ, ਸਰਕਾਰੀ ਅਤੇ ਗੈਰ ਸਰਕਾਰੀ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਆਪ ਨੂੰ ਸਨਮਾਨਿਤ ਕਰ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਪੰਜਾਬ ਸਰਕਾਰ ਵੱਲੋਂ ਸਾਹਿਤ ਸ਼੍ਰੋਮਣੀ ਅਵਾਰਡ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਡੀ. ਲਿਟ. ਦੀ ਉੱਤਮ ਡਿਗਰੀ ਦੀ ਪ੍ਰਾਪਤੀ, ਉਚੇਰੇ ਤੌਰ 'ਤੇ ਵਰਨਣਯੋਗ ਹਨ।

ਗੁਰਮਤਿ ਫਿਲਾਸਫੀ ਦੀ ਡੂੰਘੀ ਸੂਝ ਹੋਣ ਦੇ ਕਾਰਨ, ਜਿਸ ਸਪਸ਼ਟਤਾ ਨਾਲ ਲੇਖਕ ਨੇ 'ਚੜ੍ਹਦੀ ਕਲਾ' ਵਰਗੇ ਜਟਿਲ ਵਿਸ਼ੇ ਨੂੰ ਜਿਸ ਸੁਚੱਜੇ ਢੰਗ ਨਾਲ ਵਿਆਖਿਆ ਹੈ, ਸ਼ਾਇਦ ਹੀ ਕੋਈ ਹੋਰ ਵਿਦਵਾਨ ਕਰ ਸਕਦਾ। ਮੈਂ ਇਸ ਸਫਲਤਾ 'ਤੇ ਪ੍ਰੋਫੈਸਰ ਸ਼ਾਨ ਜੀ ਨੂੰ ਹਾਰਦਿਕ ਵਧਾਈ ਦੇਂਦਾ ਹਾਂ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪਾਠਕ ਇਸ ਪੁਸਤਕ ਦਾ ਸੁਆਗਤ ਵੀ, ਉਨ੍ਹਾਂ ਦੀਆਂ ਪਹਿਲੀਆਂ ਰਚਨਾਵਾਂ ਵਾਂਗ ਹੀ, ਕਰ ਰਹੇ ਹੋਣਗੇ।

959, ਸੈਕਟਰ 59,
ਚੰਡੀਗੜ੍ਹ
9 ਅਪ੍ਰੈਲ 1999

ਡਾ. ਖੜਕ ਸਿੰਘ
ਸਕੱਤਰ, ਇਨਸਟੀਚਿਊਟ ਆਫ ਸਿੱਖ ਸੱਟਡੀਜ਼ ਅਤੇ
ਐਡੀਟਰ, ਐਬਸਟ੍ਰੈਕਸ ਆਫ ਸਿੱਖ ਸੱਟਡੀਜ਼, ਚੰਡੀਗੜ੍ਹ।

ਪਰਵੇਸ਼

ਇਸ ਪੁਸਤਕ ਦਾ ਇੱਕੋ-ਇਕ ਵਿਸ਼ਾ "ਚੜ੍ਹਦੀ ਕਲਾ" ਹੈ – 'ਨਾਮ-ਆਧਾਰਿਤ ਤੇ ਸਰਬ-ਹਿਤਕਾਰਿਤ ਚੜ੍ਹਦੀ ਕਲਾ' ਜੋ ਸਿੱਖ ਸਤਿਗੁਰਾਂ ਦੀ ਕੇਵਲ ਸਿੱਖਾਂ, ਪੰਜਾਬੀਆਂ ਜਾਂ ਹਿੰਦੁਸਤਾਨੀਆਂ ਲਈ ਹੀ ਨਹੀਂ, ਸਮੁੱਚੀ ਮਨੁੱਖਤਾ ਲਈ, ਮੇਰੀ ਜਾਚੇ, ਸਭ ਤੋਂ ਵੱਡੀ ਤੇ ਵਿਲੱਖਣ ਦਾਤ ਹੈ।

ਇਸ ਦਾ ਅਧਿਐਨ ਤੇ ਸਰਵੇਖਣ ਮੈਂ, ਗੁਰੂ-ਆਸਰੇ, ਅਜ ਤੋਂ 34 ਕੁ ਵਰ੍ਹੇ ਪਹਿਲਾਂ, ਸੰਨ 1965, ਦਾ ਛੋਹਿਆ ਹੋਇਆ ਹੈ। ਉਦੋਂ ਮੈਂ ਤਿੰਨ ਕੁ ਵਰ੍ਹਿਆਂ ਬਾਅਦ, ਆਪਣੀ ਵਲੈਤ-ਯਾਤਰਾ (1962-1965 ਈ.) ਤੋਂ ਇਥੇ ਵਾਪਸ ਆਇਆ ਸੀ। ਦੇਸ ਵਿਚ ਉਦੋਂ ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦੀ ਤੀਜੀ ਪਰਕਾਸ਼-ਸ਼ਤਾਬਦੀ ਮਨਾਣ ਦਾ ਚਾਹ ਮਾਨੋ ਠਾਠਾਂ ਮਾਰ ਰਿਹਾ ਸੀ। ਉਸ ਦੀ ਖ਼ੁਸ਼ੀਆਂ ਤੇ ਮਿਹਰਾਂ ਭਰੀ ਯਾਦ ਵਿਚ ਕਈ ਹੋਰ ਪ੍ਰੋਗਰਾਮਾਂ ਤੇ ਪ੍ਰਾਜੈਕਟਾਂ ਲਈ ਹੋ ਰਹੀਆਂ ਤਿਆਰੀਆਂ ਦੇ ਨਾਲ-ਨਾਲ ਅਖ਼ਬਾਰਾਂ, ਰਿਸਾਲਿਆਂ ਦੇ ਸਪੈਸ਼ਲ ਨੰਬਰ ਅਤੇ ਸ਼ਤਾਬਦੀ ਗ੍ਰੰਥ ਸੰਪਾਦਨ ਤੇ ਪਰਕਾਸ਼ਣ ਲਈ ਵੀ ਲੁੜੀਂਦੇ ਉੱਦਮ ਆਰੰਭ ਹੋ ਚੁਕੇ ਸਨ। ਉਨ੍ਹਾਂ ਦੇ ਵਿਦਵਾਨ ਸੰਪਾਦਕਾਂ ਵਲੋਂ ਪਰਾਪਤ ਹੋਏ ਕੁਝ ਸ਼ੁਭ ਸੱਦਿਆਂ ਦੀ ਪੂਰਤੀ ਵਜੋਂ, ਮੈਂ ਉਦੋਂ ਜੋ ਤਿਲ-ਫੁਲ ਲਿਖ-ਭੇਜ ਸਕਿਆ ਸਾਂ, ਉਸ ਵਿਚ ਇਕ ਲੰਮਾ ਲੇਖ, **ਚੜ੍ਹਦੀ ਕਲਾ ਦੇ ਪੁੰਜ : ਗੁਰੂ ਗੋਬਿੰਦ ਸਿੰਘ,** ਵੀ ਸ਼ਾਮਲ ਸੀ। ਉਹ ਉਦੋਂ ਕੁਝ ਰਿਸਾਲਿਆਂ ਤੇ ਸ਼ਤਾਬਦੀ ਗ੍ਰੰਥਾਂ ਵਿਚ ਛਪਣ ਤੋਂ ਛੁਟ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਇਕ ਖੋਜ-ਨਿਬੰਧ ਦੇ ਰੂਪ ਵਿਚ ਵੀ ਪਰਕਾਸ਼ਤ ਹੋਇਆ ਸੀ।

ਉਸ ਸੰਖੇਪ ਜਹੀ ਕਿਰਤ ਨੂੰ ਉਦੋਂ ਚੋਖਾ ਸਲਾਹਿਆ ਤੇ ਉਤਸ਼ਾਹਿਆ ਗਿਆ ਸੀ, ਅਤੇ ਭਾਈ ਸਾਹਿਬ ਅਰਦਮਨ ਸਿੰਘ (ਬਾਗੜੀਆ), ਡਾ. ਬਲਬੀਰ ਸਿੰਘ (ਦੇਹਰਾਦੂਨ), ਜਸਟਿਸ ਗੁਰਦੇਵ ਸਿੰਘ (ਚੰਡੀਗੜ੍ਹ), ਡਾ. ਲਾਜਵੰਤੀ ਰਾਮ ਕ੍ਰਿਸ਼ਨ (ਮੇਰਠ) ਅਤੇ ਡਾ. ਗੋਬਿੰਦ ਸਿੰਘ ਮਾਨਸੁਖਾਨੀ (ਨਵੀਂ ਦਿੱਲੀ) ਗਿਆਨੀ ਮਹਾਂ ਸਿੰਘ ਅੰਮ੍ਰਿਤਸਰ ਅਤੇ ਡਾ. ਤਾਰਨ ਸਿੰਘ ਪਟਿਆਲਾ ਵਰਗੇ ਵਿਦਵਾਨਾਂ ਤੇ ਪੰਥ-ਪਿਆਰਿਆਂ ਨੇ, ਉਸ ਵਿਚ ਛੋਹੇ ਗਏ ਵਿਸ਼ੇ ਦੀ ਮਹੱਤਾ ਤੇ ਵਿਲੱਖਣਤਾ ਨੂੰ ਮੁੱਖ ਰਖਦਿਆਂ', ਉਸ ਨੂੰ ਇਕ ਸਰਬਾਂਗੀ ਤੇ ਸੰਪੂਰਨ ਪੁਸਤਕ ਦਾ ਰੂਪ ਦੇਣ ਲਈ ਉਦੋਂ ਤੇ ਉਸ ਤੋਂ ਬਾਅਦ ਵੀ ਚੋਖਾ ਪਰੇਰਿਆ ਸੀ। ਡਾ. ਮਨਸੁਖਾਨੀ ਅਤੇ ਜਸਟਿਸ ਗੁਰਦੇਵ ਸਿੰਘ (ਮਗਰੋਂ ਪਰਧਾਨ, ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ, ਚੰਡੀਗੜ੍ਹ) ਤਾਂ ਉਸ ਨੂੰ ਅੰਗਰੇਜ਼ੀ ਵਿਚ ਅਨੁਵਾਦਣ ਤੇ ਪਰਕਾਸ਼ਣ ਲਈ ਵੀ ਪਰੇਰਦੇ ਰਹੇ ਸਨ।' ਜਿਵੇਂ ਕਿ ਇਸ ਦੇ ਅੰਤ ਵਿੱਚ ਅੰਕਿਤ ਉਨ੍ਹਾਂ ਦੀਆਂ ਰਾਵਾਂ ਤੇ ਰੀਵੀਊਆਂ ਆਦਿ ਦੀਆਂ ਕੁਝ ਟੂਕਾਂ ਤੋਂ ਵਿਦਿਤ ਹੈ।* ਮੈਂ ਆਪ ਵੀ ਇਹ ਕੁਝ ਕਰਨ ਲਈ ਚੋਖਾ ਚਾਹਵਾਨ ਰਿਹਾ ਸਾਂ; ਪਰ ਦੇਸ-ਪਰਦੇਸ ਦੇ ਅਜਿਹੇ ਹੋਰ ਰੁਝੇਵਿਆਂ ਨੇ ਉਸ ਅਰਸੇ ਦੌਰਾਨ, ਅਜਿਹਾ ਨੂੜੀ ਰਖਿਆ ਸੀ ਕਿ ਤੀਬਰ ਇੱਛਾ ਦੇ ਬਾਵਜੂਦ, ਮੈਂ ਉਹ ਕਾਰਜ ਨਜਿੱਠਣ ਤੇ ਫ਼ਰਜ਼ ਨਿਭਾਉਣ ਤੋਂ ਅਸਮਰਥ ਰਿਹਾ ਸਾਂ ਅਤੇ ਉਸ ਦੀ ਨਿਭਾਈ ਅਗੇ-ਤੋਂ-ਅਗੇ ਪੈਂਦੀ ਰਹੀ ਸੀ।

ਪ੍ਰੰਤੂ ਚੰਗੇ ਭਾਗੀ ਉਸ ਨੂੰ ਨੇਪਰੇ ਚੜ੍ਹਾਉਣ ਲਈ ਸਤਿਗੁਰਾਂ ਦੀ ਹੀ ਅਪਾਰ ਮਿਹਰ ਸਦਕੇ, ਪਿੱਛੇ ਜਿਹੇ ਫਿਰ ਇਕ ਹੋਰ ਸੁਨਹਿਰੀ ਮੌਕਾ ਮਿਲ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਹੀ ਸਭ ਤੋਂ ਵੱਡੇ ਕਾਰਨਾਮੇ ਤੇ ਅਦੁੱਤੀ ਦੇਣ, ਭਾਵ ਖ਼ਾਲਸੇ ਦੀ ਸਾਜਨਾ, ਦੀ ਸੰਨ 1999 ਵਿਚ ਆ ਰਹੀ ਤੀਜੀ ਪ੍ਰਕਾਸ਼-ਸ਼ਤਾਬਦੀ (1699-1999 ਈ.) ਨੂੰ ਮਨਾਉਣ ਦਾ ਚਾਅ, ਪਿਛਲੇ ਕੁਝ ਸਾਲਾਂ ਵਿਚ, ਕੇਵਲ ਦੇਸ਼ ਵਿਚ ਹੀ ਨਹੀਂ, ਪਰਦੇਸਾਂ ਵਿਚ ਵੀ ਉਭਰਨਾ ਸ਼ੁਰੂ ਹੋ ਗਿਆ ਸੀ। ਉਸ ਨੇ ਉਸ ਸਬੰਧ ਵਿਚ ਹੋਰ ਤਿਲਫੁਲ ਸੇਵਾ ਤੋਂ ਛੁਟ, ਉਪਰੋਕਤ ਵਿਚਾਰ ਨੂੰ ਵੀ ਭਰਵੇਂ ਰੂਪ ਵਿਚ ਸੁਰਜੀਤ ਕਰ ਦਿੱਤਾ। ਕੁਝ ਪੰਥ ਹਿਤੈਸ਼ੀਆਂ ਤੋਂ ਇਲਾਵਾ, ਪੰਥ ਦੀ ਪ੍ਰਤਿਨਿਧ ਤੇ ਸੁਪ੍ਰਸਿੱਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇ ਪਦ-ਅਧਿਕਾਰੀਆਂ ਨੇ ਵੀ ਹਲੂਣਿਆਂ ਅਤੇ 'ਚੜ੍ਹਦੀ ਕਲਾ' ਦੇ ਸੰਚਾਲਕ ਸਤਿਗੁਰਾਂ

---

* ਜਿਵੇਂ ਕਿ ਇਸ ਦੇ ਅੰਤ ਵਿਚ ਅੰਕਿਤ ਉਨ੍ਹਾਂ ਦੀਆਂ ਰਾਵਾਂ ਤੇ ਰੀਵੀਊਆਂ ਆਦਿ ਦੀਆਂ ਕੁਝ ਟੂਕਾਂ ਤੋਂ ਵਿਦਿਤ ਹੈ।

ਨੇ ਆਪੇ ਲੁੜੀਂਦੀ ਸੂਝ, ਸਮਾਂ ਤੇ ਸਮਰੱਥਾ ਬਖ਼ਸ਼ ਕੇ ਇਸ ਨੂੰ ਸਿਰੇ ਚੜ੍ਹਾਉਣ ਲਈ ਤਿਆਰ-ਬਰ-ਤਿਆਰ ਕਰ ਦਿੱਤਾ। ਉਨ੍ਹਾਂ ਦੇ ਹੀ ਆਪਣੇ ਇਸ ਮਹਾਂ ਵਾਕ :

ਜਿਸ ਕਾ ਕਾਰਜੁ ਤਿਨ ਹੀ ਕੀਆ,
ਮਾਨਸ ਕਿਆ ਵੇਚਾਰਾ ਰਾਮ ॥ [2]

ਅਨੁਸਾਰ, ਉਨ੍ਹਾਂ ਨੇ ਆਪ ਹੀ ਪਿਛਲੇ ਤਿੰਨ-ਚਾਰ ਸਾਲਾਂ ਵਿਚ, ਇਸ ਨੂੰ ਆਪੇ ਇਸ ਰੂਪ ਵਿਚ ਨਜਿੱਠਣਾ ਦਿੱਤਾ ਹੈ ਜਿਸ ਲਈ, ਜਿਥੇ ਮੈਂ ਉਨ੍ਹਾਂ ਦੀ ਇਸ ਅਪਾਰ ਬਖ਼ਸ਼ਿਸ਼ ਲਈ ਰੋਮ-ਰੋਮ ਰਿਣੀ ਹਾਂ, ਉਥੇ ਸ਼੍ਰੋਮਣੀ ਕਮੇਟੀ ਵਲੋਂ ਮਿਲੀ ਪਰੇਰਨਾ, ਉਤਸ਼ਾਹ ਅਤੇ ਇਸ ਨੂੰ ਛਾਪਣ ਲਈ ਕੀਤੇ ਲੁੜੀਂਦੇ ਪ੍ਰਬੰਧ ਲਈ ਵੀ ਦਿਲੋਂ ਧੰਨਵਾਦੀ ਹਾਂ।

ਇਸ ਵਿਸ਼ੇਸ਼ ਤੇ ਵਿਸ਼ਾਲ ਵਿਸ਼ੇ ਬਾਰੇ ਸੰਨ 1965-66 ਵਿਚ ਮੈਂ ਉਕਤ ਲੰਮੇ ਲੇਖ ਰਾਹੀਂ, ਜੋ ਕੁਝ ਲਿਖ-ਛਾਪ ਸਕਿਆ ਸਾਂ ਉਹ, ਉਸ ਅਵਸਰ ਦੀ ਉਦੇਕੀ ਮੰਗ ਨੂੰ ਮੁੱਖ ਰਖਦਿਆਂ, ਇਸ ਦੇ ਕੇਵਲ ਉਸ ਅੰਗ ਨਾਲ ਸਬੰਧਿਤ ਸੀ ਜੋ ਦਸਵੀ ਨਾਨਕ-ਜੋਤਿ, ਗੁਰੂ ਗੋਬਿੰਦ ਸਿੰਘ ਜੀ, ਵਿਚ ਪ੍ਰਜੱਵਲਤ ਹੋਈ 'ਚੜ੍ਹਦੀ ਕਲਾ' ਤੇ ਉਸ ਦੇ ਚਮਤਕਾਰਾਂ ਨਾਲ ਤੁਅੱਲਕ ਰਖਦਾ ਸੀ।

ਪਰ, ਗੁਰੂ-ਆਸਰੇ, ਹੁਣ ਤਿਆਰ ਹੋਈ ਇਸ ਪੁਸਤਕ ਵਿਚ ਇਸ ਅਨੂਠੀ ਸਪਿਰਿਟ ਦੀ ਉਪਜ ਤੇ ਵਿਕਾਸ, ਪਰਭਾਵ ਤੇ ਦਿੱਤ-ਦੇਣ ਨੂੰ ਸਮੁੱਚੇ ਸਿੱਖ ਸਾਹਿਤ ਤੇ ਇਤਿਹਾਸ ਦੇ ਚੌਖਟੇ ਵਿਚ ਚਿਤਾਰ ਕੇ ਖੋਜਣ, ਜੋਖਣ, ਸਰਵੇਖਣ ਤੇ ਵਿਆਖਣ ਦਾ ਇਹ ਨਿਮਾਣਾ ਜਿਹਾ ਉੱਦਮ ਕੀਤਾ ਗਿਆ ਹੈ ਜੋ ਅੱਗੇ ਦਸੇ ਤਿੰਨ ਭਾਗਾਂ ਵਿਚ ਇਉਂ ਕਾਨੀ-ਬੰਦ ਹੈ:

ਇਸ ਦੇ ਪਹਿਲੇ ਭਾਗ ਦੇ ਮੁਢਲੇ ਦੋ ਕਾਂਡਾਂ ਵਿਚ ਇਸ ਵਿਲੱਖਣ ਸਪਿਰਿਟ, ਭਾਵ 'ਚੜ੍ਹਦੀ ਕਲਾ' ਦੇ ਸੰਕਲਪ ਤੇ ਸਿਧਾਂਤ ਨੂੰ, ਗੁਰਬਾਣੀ ਤੇ ਗੁਰ-ਇਤਿਹਾਸ ਦੇ ਚਾਨਣ ਵਿਚ, ਸਮਝਣ ਤੇ ਬਿਆਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਜੇ ਕਾਂਡ ਵਿਚ ਇਸ ਨਾਲ ਸਬੰਧਿਤ ਪਰੰਪਰਾ ਦੇ ਆਰੰਭ, ਉਸਾਰ ਤੇ ਪਸਾਰ ਦੇ ਸੰਖੇਪ ਜਹੇ ਵਰਨਣ ਤੋਂ ਬਾਅਦ, ਦਸ ਸਤਿਗੁਰਾਂ ਦੇ ਗੁਰਿਆਈ-ਕਾਲ ਵਿਚ ਇਸ ਦੇ ਪੜਾਉ-ਪੜਾਅ ਹੋਏ ਅਸਚਰਜ ਤੇ ਹੋਣਹਾਰ ਵਿਕਾਸ ਉਪਰ, ਦਸ ਉਪ-ਵਿਭਾਗਾਂ (ਸੈਕਸ਼ਨਾਂ) ਰਾਹੀਂ, ਝਾਤ ਪੁਆਣ ਦਾ ਜਤਨ ਕੀਤਾ ਗਿਆ ਹੈ।

ਇਸ ਦਾ ਦੂਜਾ ਭਾਗ 'ਚੜ੍ਹਦੀ ਕਲਾ' ਦੀ ਸਿਖਰ ਨੂੰ ਬਿਆਨਦਾ ਹੈ। ਉਸ ਦੀਆਂ ਸਤਾਰਾਂ ਸੈਕਸ਼ਨਾਂ ਵਿਚ ਇਸ ਦੇ ਉੱਥਾਨ, ਚੜ੍ਹਤ ਤੇ ਜਲੌਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪਰਵੇਸ਼ ਤੋਂ ਲੈ ਕੇ ਅੰਤਮ ਸਮੇਂ ਤਕ ਉਨ੍ਹਾਂ ਦੀਆਂ ਘਾਲੀਆਂ ਬਿਖਮ ਘਾਲਾਂ, ਬੇਮਿਸਾਲ ਕੁਰਬਾਨੀਆਂ ਅਤੇ ਅੰਤਮ ਜਿੱਤ ਦਰਸਾਂਦੀਆਂ ਚਿੱਠੀਆਂ ਦੇ ਸਵਿਸਥਾਰ ਵਰਨਨ ਨਾਲ ਸਮਾਪਤ ਕੀਤਾ ਹੋਇਆ ਹੈ।

ਇਸ ਦੇ ਤੀਜੇ ਭਾਗ ਦੇ ਪਹਿਲੇ ਕਾਂਡ ਵਿਚ ਉਸ ਅਦੁੱਤੀ ਸਪਿਰਿਟ, ਭਾਵ 'ਚੜ੍ਹਦੀ ਕਲਾ' ਦੇ ਖ਼ਾਲਸੇ ਵਿਚ ਹਲੂਲ ਹੋ ਜਾਣ ਤੋਂ ਬਾਅਦ ਵਿਦਿਤ ਹੋਏ ਕੁਝ ਪਰਤੱਖ ਸਿੱਟਿਆਂ ਤੇ ਪਰਭਾਵਾਂ ਨੂੰ, ਕੁਝ ਉਦਾਹਰਣਾਂ ਰਾਹੀਂ, ਬਿਆਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਦੇ ਦੂਜੇ ਕਾਂਡ ਵਿਚ ਉਸ ਦੇ ਕੁਝ ਵਿਸ਼ੇਸ਼ ਚਮਤਕਾਰਾਂ ਤੇ ਅਦਭੁਤ ਕਾਰਨਾਮਿਆਂ ਦਾ ਜ਼ਿਕਰ ਹੈ ਅਤੇ ਤੀਜੇ ਵਿਚ ਉਸ ਦੇ ਵਿਕਾਸ ਤੇ ਇਤਿਹਾਸ ਦੇ ਗੁਜ਼ਰ ਗਏ ਕਾਲ (ਭਾਵ ਭੂਤ, past), ਲੰਘ ਰਹੇ ਅਜ (ਭਾਵ ਵਰਤਮਾਨ, present) ਤੇ ਆਉਣ ਵਾਲੇ ਕਲ੍ਹ (ਭਾਵ ਭਵਿੱਖਤ, future) ਨੂੰ ਬਿਆਨਣ ਦਾ ਪ੍ਰਯਾਸ ਵੀ ਕੀਤਾ ਗਿਆ ਹੈ।

ੜ

ਸਿੱਖ ਧਰਮ ਤੇ ਖ਼ਾਲਸਾ ਪੰਥ ਦੇ ਇਸ ਅਦੁੱਤੀ ਸੰਕਲਪ ਦੇ ਮੂਲਿਕ ਸਿਧਾਂਤ ਨੂੰ ਇਉਂ ਸਮਝਣ, ਸਰਵੇਖਣ ਤੇ ਬਿਆਨਣ ਦਾ ਸ਼ਾਇਦ ਇਹ ਪਹਿਲਾ ਅਜਿਹਾ ਉਪਰਾਲਾ ਹੈ। ਇਸ ਲਈ ਇਸ ਨੂੰ ਕਾਨੀਬੰਦ ਕਰਨ ਵਿਚ ਮੈਥੋਂ ਕਈ ਉਕਾਈਆਂ ਤੇ ਕੂਣਾਂ-ਕਸਰਾਂ ਜ਼ਰੂਰ ਰਹਿ ਗਈਆਂ ਹੋਣਗੀਆਂ ਜਿਨ੍ਹਾਂ ਲਈ ਮੈਂ ਦਿਲੋਂ ਖਿਮਾ ਦਾ ਜਾਚਕ ਹਾਂ।

---

* ਗੁਰੂ ਅਰਜਨ ਦੇਵ ਜੀ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਰਾਗ ਸੂਹੀ, ਪੰਨਾ 784।

ਇਹ ਵਿਸ਼ਾ ਜਿਥੇ ਬੜਾ ਵਿਸ਼ਾਲ ਹੈ, ਉਥੇ ਅਤੀ ਮਹੱਤਪੂਰਤ ਵੀ ਹੈ। ਇਸ ਦੇ ਇਸ ਅਧਿਐਨ ਅਤੇ ਸਰਵੇਖਣ ਨੂੰ ਮੈਂ, ਸਤਿਗੁਰਾਂ ਦੀ ਹੀ ਬਖ਼ਸ਼ੀ ਹੋਈ ਸਮਝ ਤੇ ਸਮਰੱਥਾ ਸਦਕੇ, ਆਪਣੇ ਵਲੋਂ ਵੱਧ ਤੋਂ ਵੱਧ ਵਿਆਪਕ, ਲਾਭਦਾਇਕ ਤੇ ਪਰੇਰਨਾਜਨਕ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਇਹ ਅਜੇ ਵੀ ਵਧੇਰੇ ਖੋਜ ਤੇ ਮੁਤਾਅਲੇ ਦੀ ਮੰਗ ਕਰਦਾ ਹੈ। ਜੋ ਮੈਂ ਮਨੇ-ਮਿਥੇ ਹੋਏ ਅਜਿਹੇ ਹੋਰ ਕੰਮਾਂ ਤੇ ਫ਼ਰਜ਼ਾਂ ਕਾਰਨ, ਉਮਰ ਦੇ ਇਸ ਆਖ਼ਰੀ ਪੜਾਅ ਵਿਚ ਵਿਚਰਦਿਆਂ ਹੁਣ ਸ਼ਾਇਦ ਹੋਰ ਨਹੀਂ ਕਰ ਸਕਾਂਗਾ। ਇਸੇ ਲਈ ਇਸ ਦੇ ਅੰਤ ਵਿਚ ਇਕ ਸਵਿਸਥਾਰ ਪੁਸਤਕ-ਸੂਚੀ ਵੀ ਸ਼ਾਮਲ ਕਰ ਦਿੱਤੀ ਹੈ ਤਾਂਜੋ ਉਹ ਹੋਰ ਵਿਦਵਾਨ ਤੇ ਬੁਧੀਵਾਨ ਸੱਜਣਾਂ ਲਈ ਇਸ ਉੱਦਮ ਨੂੰ ਅੱਗੇ ਤੋਰਨ ਵਾਸਤੇ ਪ੍ਰੇਰਕ ਤੇ ਸਹਾਇਕ ਹੋ ਸਕੇ।

ਮੇਰੇ ਲਈ ਤਾਂ ਇਹ ਬੜੀ ਖ਼ੁਸ਼ੀ ਤੇ ਖ਼ੁਸ਼ਕਿਸਮਤੀ ਦੀ ਗੱਲ ਹੈ ਕਿ ਇਸ ਵਿਸ਼ੇ ਬਾਰੇ ਲਿਖੀ ਉਕਤ ਪਹਿਲੀ ਨਿੱਕੀ ਨਿਮਾਣੀ ਜਹੀ ਕਿਰਤ ਜਿਵੇਂ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਪ੍ਰਕਾਸ਼-ਸ਼ਤਾਬਦੀ ਸਮੇਂ ਭੇਟਾ ਕਰ ਸਕਿਆ ਸਾਂ, ਉਸੇ ਸੰਬੰਧੀ ਨਿਮਾਣੀ ਪਰ ਬਹੁ-ਪੱਖੀ ਰਚਨਾ ਉਨ੍ਹਾਂ ਦੇ ਹੀ ਸਾਜੇ-ਸੰਵਾਰੇ ਖ਼ਾਲਸਾ ਜੀ ਦੀ ਤੀਜੀ ਪ੍ਰਕਾਸ਼-ਸ਼ਤਾਬਦੀ ਸਮੇਂ ਹਾਜ਼ਰ ਕਰਨ ਦਾ ਇਹ ਸੁਭਾਗ ਪਰਾਪਤ ਕਰ ਸਕਿਆ ਹਾਂ। "ਗਰ ਕਬੂਲ ਉਫ਼ਤਦ ਜ਼ਹੇ ਅੱਜ਼ੇ ਸ਼ਰਫ਼" ਅਨੁਸਾਰ ਜੇ ਇਹ ਤਿਲਫੁੱਲ ਵੀ ਪਰਵਾਨ ਹੋ ਜਾਏਗਾ ਤਾਂ ਆਪਣੇ ਹੋਰ ਧੰਨ ਭਾਗ ਸਮਝਾਂਗਾ।

605, ਸੈਕਟਰ 16
ਚੜੀਗੜ੍ਹ-160015

ਹਰਨਾਮ ਸਿੰਘ ਸ਼ਾਨ (ਡਾ.)
2 ਮਾਰਚ 1999.

ਖ਼ਾਲਸੇ ਦਾ ਗੁਰੂ ਰਾਖਾ!
ਖ਼ਾਲਸੇ ਦੀ ਚੜ੍ਹਦੀ ਕਲਾ!!

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ
ਅਤੇ
ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ

ਭਾਗ ਪਹਿਲਾ

1. ਚੜ੍ਹਦੀ ਕਲਾ ਦਾ ਸੰਕਲਪ
2. ਚੜ੍ਹਦੀ ਕਲਾ ਦਾ ਸਿਧਾਂਤ
3. ਚੜ੍ਹਦੀ ਕਲਾ ਦੀ ਪਰੰਪਰਾ :
   - (1). ਆਰੰਭ, ਉਸਾਰ ਤੇ ਪਰਸਾਰ
   - (2). ਸਿੱਖ ਸਤਿਗੁਰਾਂ ਦੇ ਗੁਰਿਆਈ-ਕਾਲ ਵਿਚ :
     1. ਪਹਿਲੀ ਪਾਤਸ਼ਾਹੀ ਸਮੇਂ
     2. ਦੂਜੀ ਪਾਤਸ਼ਾਹੀ ਸਮੇਂ
     3. ਤੀਜੀ ਪਾਤਸ਼ਾਹੀ ਸਮੇਂ
     4. ਚੌਥੀ ਪਾਤਸ਼ਾਹੀ ਸਮੇਂ
     5. ਪੰਜਵੀਂ ਪਾਤਸ਼ਾਹੀ ਸਮੇਂ
     6. ਛੇਵੀਂ ਪਾਤਸ਼ਾਹੀ ਸਮੇਂ
     7. ਸਤਵੀਂ ਪਾਤਸ਼ਾਹੀ ਸਮੇਂ
     8. ਅੱਠਵੀਂ ਪਾਤਸ਼ਾਹੀ ਸਮੇਂ
     9. ਨੌਵੀਂ ਪਾਤਸ਼ਾਹੀ ਸਮੇਂ
     10. ਦਸਵੀਂ ਪਾਤਸ਼ਾਹੀ ਸਮੇਂ

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ
ਅਤੇ
ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਪਹਿਲਾ ਭਾਗ

ਕਾਂਡ 1

ਚੜ੍ਹਦੀ ਕਲਾ ਦਾ ਸੰਕਲਪ

"ਚੜ੍ਹਦੀ ਕਲਾ" ਉਸ ਪਾਵਨ ਤੇ ਪ੍ਰਸਿੱਧ ਦੋਹੇ ਦਾ ਇਕ ਵਿਸ਼ੇਸ਼ ਅੰਗ ਹੈ ਜਿਸ ਨਾਲ ਸਿੱਖ ਧਰਮ ਦੀ ਸਥਾਈ ਤੇ ਨਿੱਤੇਈ, ਵਿਅਕਤਕ ਤੇ ਸਮੂਹਕ 'ਅਰਦਾਸ' ਹਰ ਥਾਂ, ਹਰ ਸਮੇਂ, ਹਰ ਸਥਿਤੀ ਵਿਚ ਇਉਂ ਅੰਤਾਈ ਜਾਂਦੀ ਹੈ:

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।[1]

ਇਸ ਸੰਖੇਪਿਤ ਪਰ ਮਹੱਤਪੂਰਨ ਦੋਹੇ ਵਿਚ ਸਿੱਖ ਧਰਮ ਦੇ ਮੁੱਖ ਸਿਧਾਂਤ, ਸਿੱਖਿਆ ਤੇ ਸੰਦੇਸ਼ ਨੂੰ ਕੁੱਜੇ ਵਿਚ ਸਮੁੰਦਰ ਵਾਂਗ ਸਮੋਇਆ ਗਿਆ ਜਾਪਦਾ ਹੈ। ਇਸ ਵਿਚ ਵਿਦਿਤ ਚਾਰ ਸਿੱਖ ਸੰਕੇਤ — "ਨਾਮ", "ਚੜ੍ਹਦੀ ਕਲਾ", "ਭਾਣਾ" ਅਤੇ "ਸਰਬੱਤ ਦਾ ਭਲਾ"— ਇਸ ਦੇ ਤੱਤ-ਗਿਆਨ ਤੇ ਜੀਵਨ-ਦਰਸ਼ਨ ਦਾ ਮਾਨੋ ਤੱਤ-ਸਾਰ ਹਨ। ਜਿਥੋਂ ਤਕ ਇਸ ਦੀ ਪਹਿਲੀ ਤੁਕ ਦਾ ਸਬੰਧ ਹੈ, ਉਸ ਵਿਚ ਅੰਕਿਤ ਦੋ ਵਿਸ਼ੇਸ਼ ਸੰਕੇਤਾਂ ("ਨਾਮ" ਅਤੇ "ਚੜ੍ਹਦੀ ਕਲਾ") ਦੀ ਸ਼ਾਇਦ ਅਜਿਹੀ ਮਹੱਤਾ ਨੂੰ ਹੀ ਮੁੱਖ ਰਖਦਿਆਂ, ਵਰਤਮਾਨ ਸਮੇਂ ਦੇ ਸ਼ਰੋਮਣੀ ਸਿੱਖ ਵਿਆਖਿਆਕਾਰ, ਭਾਈ ਸਾਹਿਬ ਡਾ.ਵੀਰ ਸਿੰਘ (1872-1957 ਈ.) ਜੀ, ਨੇ ਇਸ ਧਰਮ ਨੂੰ ਨਿਰੂਪਿਆ ਜਾਂ ਲੱਛਣਾਇਆ (define ਕੀਤਾ) ਹੀ ਇਉਂ ਹੋਇਆ ਹੈ:

ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ,
"ਚੜ੍ਹਦੀ ਕਲਾ" ਨਿਵਾਸ ਸਦ ਹੀ ਰਖਣਾ।[2]

"ਸੁਰਤ ਦੀ ਬਲਵਾਨਤਾ" ਤੇ "ਚੜ੍ਹਦੀ ਕਲਾ ਦੀ ਪਰਵੇਸ਼ਤਾ" ਹੀ ਸਿੱਖ ਵਿਚਾਰਧਾਰਾ ਦੀ ਮੁੱਖ ਚੂਲ ਜਾਪਦੀ ਹੈ। ਸਾਰਾ ਸਿੱਖ ਸਿਧਾਂਤ, ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਇਸੇ ਦੁਆਲੇ ਘੁੰਮਦਾ ਤੇ ਵਿਕਸਦਾ ਪਰਤੀਤ ਹੁੰਦਾ ਹੈ। ਸਿੱਖ ਸਦਾਚਾਰ ਤੇ ਸਿੱਖ ਸਭਿਆਚਾਰ ਦਾ ਮੁੱਖ ਧੁਰਾ ਵੀ ਇਹੋ ਭਾਸਦਾ ਹੈ। ਸਿੱਖ ਆਚਰਨ ਦਾ ਮੂਲ ਆਧਾਰ ਤੇ ਸਿੱਖ ਸ਼ਖ਼ਸੀਅਤ ਦਾ ਵਕਾਰ-ਸਤਿਕਾਰ ਵੀ ਇਸੇ ਦੀ ਉਪਜ ਜਾਪਦਾ ਹੈ। ਇਸੇ ਲਈ ਸਿੱਖ ਧਰਮ ਦੇ ਅਨੁਸਾਰੀਆਂ ਦੀ ਰੋਜ਼ਾਨਾ ਅਰਦਾਸ, ਜੰਮਣ- ਮਰਨ ਤੇ ਦੁੱਖ-ਸੁੱਖ ਵੇਲੇ ਦੀ ਬੇਨਤੀ ਅਤੇ ਹਰ ਕੰਮ ਦੇ ਆਰੰਭ ਤੇ ਸਮਾਪਤੀ ਲਈ ਨਿਯਤ ਪ੍ਰਾਰਥਨਾ ਦੀ ਲਿਲ੍ਹਕ ਵੀ ਇਸ ਵਿਚ ਅੰਕਿਤ ਇਸੇ ਭਾਵਨਾ ਦੀ ਗੂੰਜਦੀ ਸਾਂਝੀ ਹੇਕ ਰਾਹੀਂ; ਇਸ ਸਰਬ-ਹਿਤੈਸ਼ੀ, ਹੁਲਾਸਦੀ ਤੇ ਹੁਲਾਰਦੀ ਸਪਿਰਿਟ ਦੀ ਉਕਤ ਦਾਤ ਦੀ ਅਜਿਹੀ ਮੰਗ ਨਾਲ ਹੀ ਮੁਕਦੀ ਹੈ।

2

ਸਿੱਖ ਧਰਮ ਦੀ ਨੀਂਹ ਰਖਣ ਵਾਲੇ ਗੁਰੂ ਨਾਨਕ ਦੇਵ ਜੀ (1469-1539 ਈ.), ਗੁਰੂ ਗ੍ਰੰਥ ਸਾਹਿਬ ਦੀ ਦਾਤ ਬਖ਼ਸ਼ਣ ਵਾਲੇ ਗੁਰੂ ਅਰਜਨ ਦੇਵ ਜੀ (1563-1606 ਈ.) ਅਤੇ ਖ਼ਾਲਸਾ ਪੰਥ ਨੂੰ ਸਿਰਜਣ ਵਾਲੇ ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦਾ ਮੂਲ ਮਨੋਰਥ ਕੋਈ ਵਕਤੀ ਜਿਹਾ ਨਵਾਂ ਫ਼ਿਰਕਾ ਬਣਾਉਣਾ ਅਤੇ

---

1. ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪਰਕਾਸ਼ਿਤ ਸੁੰਦਰ ਗੁਟਕਾ,11ਵੀਂ ਛਾਪ, ਅੰਮ੍ਰਿਤਸਰ -1991ਈ., ਪੰਨਾ 168.
2. ਵੀਰ ਸਿੰਘ, ਭਾਈ, ਰਾਣਾ ਸੂਰਤ ਸਿੰਘ, ਅੰਮ੍ਰਿਤਸਰ - 1905; ਚੌਥੀ ਛਾਪ, 1955 ਈ., ਪੰ. 224.

ਉਸ ਤੋਂ ਆਪਣਾ ਨਾਂ ਜਪਾਣਾ ਕਦਾਚਿਤ ਨਹੀਂ ਸੀ। ਉਨ੍ਹਾਂ ਨੇ ਤਾਂ ਇਸ ਦੀ ਸਾਜਨਾ ਰਾਹੀਂ ਇਕ ਅਜਿਹੀ ਕਿਸਮ ਦਾ ਸੁਤੰਤਰ ਤੇ ਪੂਰਾ-ਸੂਰਾ ਮਨੁੱਖ (the all free and the whole man) ਸਜਾਣਾ ਸੋਚਿਆ ਸੀ; ਅਤੇ ਅਜਿਹੇ ਮਨੁੱਖਾਂ ਦਾ ਇਕ ਅਜਿਹਾ ਆਦਰਸ਼ਕ ਸਮਾਜ ਉਸਾਰਨਾ ਲੋਚਿਆ ਸੀ ਜੋ ਇਕ ਖ਼ਾਸ ਕਿਸਮ ਦੀ ਮਾਨਸਕ ਦਸ਼ਾ, ਆਤਮਕ ਅਵਸਥਾ, ਸਰੀਰਕ ਸ਼ਕਤੀ ਤੇ ਸਦਾਚਾਰਕ ਪੱਧਰ ਦਾ ਧਾਰਨੀ ਹੋਵੇਗਾ। ਇਸ ਤੋਂ ਛੁੱਟ, ਉਹ ਆਦਰਸ਼ਕ ਜੀਵਨ-ਜਾਚ ਦੀ ਅਜਿਹੀ " ਸਬਦੁ-ਸਚੀ-ਟਕਸਾਲ" ਵਿਚੋਂ ਵੀ ਢਲ- ਸੰਵਰ ਕੇ ਨਿਕਲਿਆ ਹੋਵੇਗਾ ਜਿਸ ਵਿਚ ਸੰਜਮ ਦੀ ਭੱਠੀ ਅੰਦਰ, ਸਬਰ ਦੇ ਸੁਨਿਆਰ ਰਾਹੀਂ, ਅਕਲ ਦੀ ਅਹਿਰਣ ਉਤੇ, ਗਿਆਨ ਦੀ ਹਥੌੜੀ ਨਾਲ, ਰੱਬੀ ਭੈ ਦੀ ਧੌਂਕਣੀ ਦੁਆਰਾ ਅਤੇ ਸੇਵਾ ਦੀ ਅੱਗ ਸਦਕੇ ਪ੍ਰੇਮ ਦੀ ਕੁਠਾਲੀ ਵਿਚ ਨਾਮ-ਰੂਪੀ ਸੋਨਾ ਢਾਲਿਆ, ਘੜਿਆ ਤੇ ਸੰਵਾਰਿਆ ਜਾਂਦਾ ਹੈ :

> ਜਤੁ ਪਾਹਾਰਾ, ਧੀਰਜੁ ਸੁਨਿਆਰੁ,
> ਅਹਰਣਿ ਮਤਿ, ਵੇਦੁ ਹਥੀਆਰੁ।
> ਭਉ ਖਲਾ; ਅਗਨਿ ਤਪ ਤਾਉ,
> ਭਾਂਡਾ ਭਾਉ, ਅੰਮ੍ਰਿਤ ਤਿਤੁ ਢਾਲਿ।[3]

ਕੇਵਲ ਇਹ ਇਉਂ ਅਤੇ ਇੰਨਾ ਹੀ ਨਹੀਂ ; ਸਗੋਂ ਉਸ ਆਦਰਸ਼ਕ ਸਮਾਜ ਦੇ ਆਦਰਸ਼ਕ ਜੀਆਂ ਲਈ ਰੱਬੀ ਮਿਹਰ ਤੇ ਨਿਹਾਲੀ ਨਦਰ ਦੇ ਪਾਤਰ ਬਣ ਕੇ, ਰੱਬ ਦੀ ਦਰਗਾਹੇ ਪਰਵਾਨ ਹੋਣਾ ਵੀ ਜ਼ਰੂਰੀ ਹੋਵੇਗਾ :

> ਜਿਨ ਕਉ ਨਦਰਿ ਕਰਮੁ ਤਿਨ ਕਾਰ,
> ਨਾਨਕ ਨਦਰੀ ਨਦਰਿ ਨਿਹਾਲ।[4]

ਨਾਲੇ ਉਨ੍ਹਾਂ ਨੂੰ ਪਰਾਪਤ ਹੋਈ ਅਜਿਹੀ ਬਖ਼ਸ਼ਸ਼ ਜਿਥੇ ਉਨ੍ਹਾਂ ਦੀ ਆਪਣੀ ਜ਼ਾਤ ਨੂੰ ਸਫਲ ਤੇ ਸੁਰਖ਼ਰੂ ਕਰੇਗੀ, ਉਥੇ ਉਨ੍ਹਾਂ ਸਦਕੇ ਕਿਤਨੇ ਹੀ ਹੋਰ ਜੀਆਂ ਦੀ ਸੁਰਖ਼ਰੂਈ ਤੇ ਕਲਿਆਣ ਦਾ ਸਾਧਨ ਵੀ ਬਣ ਜਾਏਗੀ : ਕਿਉਂਕਿ ਇਸ ਧਰਮ ਦੇ ਸੰਚਾਲਕ, ਗੁਰੂ ਨਾਨਕ ਦੇਵ ਜੀ, ਨੇ ਇਸ ਗੱਲ ਦਾ ਯਕੀਨ ਵੀ ਇਉਂ ਆਪੇ ਦੁਆ ਦਿੱਤਾ ਸੀ :

> ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ;
> ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ।[5]

3

ਇਹ ਵਿਲੱਖਣ ਭਾਵਨਾ ਤੇ ਪਰਾਰਥਨਾ ਅਤੇ ਇਸ ਪਿਛੇ ਕੰਮ ਕਰ ਰਹੀ ਅਜਿਹੀ ਅਨੂਠੀ ਘਾਲ ਤੇ ਉਸ ਦਾ ਅਜਿਹਾ ਕਲਿਆਣਕਾਰੀ ਫਲ ਇਸ ਤੱਥ ਦਾ ਲਖਾਇਕ ਹੈ ਕਿ ਸਿੱਖ ਧਰਮ "ਚੜ੍ਹਦੀ-ਕਲਾ" ਦਾ ਇਕ ਅਜਿਹਾ 'ਮੁੱਖ-ਉਜਲਾਊ' ਮਾਰਗ ਹੈ ਜਿਸ ਦਾ ਮੁੱਖ ਆਧਾਰ 'ਨਾਮੁ' ਅਤੇ ਉਸ ਦਾ 'ਜਪਣ', 'ਧਿਆਉਣ' ਜਾਂ 'ਸਿਮਰਨ'

---

3. ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸੰਕਲਿਤ ਤੇ ਸੰਪਾਦਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਮ੍ਰਿਤਸਰ-1604 ਈ.; ਪ੍ਰਿ. ਤੇਜਾ ਸਿੰਘ ਵਲੋਂ ਸਟਿਪਿਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪਰਕਾਸ਼ਿਤ **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ**, 1936- 41ਈ., ਪਹਿਲੀ ਪੋਥੀ, ਜਪੁ, ਪਉੜੀ 38, ਪੰਨਾ 8.
4. ਹੋਰ ਵੇਖੋ : ਗੁਰੂ ਰਾਮਦਾਸ ਜੀ ਦਾ ਇਹ ਫ਼ਰਮਾਨ :

   ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ,
   ਤਿਸੁ 'ਘੜੀਐ ਸਬਦੁ ਸਚੀ ਟਕਸਾਲੀ'। (ਉਕਤ, ਰਾਗੁ ਭੈਰਉ, ਮ. 4, ਪੰ.1134.)
5. ਗੁਰੂ ਨਾਨਕ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਕਤ, ਜਪੁ, ਸਲੋਕ, ਪੰਨਾ 8.

ਹੈ। ਇਸੇ 'ਨਾਮ' ਅਤੇ ਇਸ ਦਾ ਪਾਵਨ ਸਰੂਪ ' ੧ ਓਅੰਕਾਰ', 'ਕਰਤਾ ਪੁਰਖ' ਤੇ 'ਅਕਾਲ ਮੂਰਤਿ ' ਆਦਿ ਮੰਨਦਿਆਂ ਅਤੇ ਉਸ ਦੀਆਂ ਕਈ ਹੋਰ ਸਿਫ਼ਤਾਂ ਦਾ ਜ਼ਿਕਰ ਕਰਦਿਆਂ, ਉਸ ਦੇ ਦੋ ਵਿਸ਼ੇਸ਼ ਗੁਣ, 'ਨਿਰਭੈਤਾ' ਤੇ 'ਨਿਰਵੈਰਤਾ', ਵੀ ਦਰਸਾਏ ਗਏ ਹਨ।[6] ਅਤੇ ਇਸ ਗੱਲ ਦਾ ਵੀ ਯਕੀਨ ਦੁਆਇਆ ਗਿਆ ਹੈ ਕਿ ਜੋ ਪ੍ਰਾਣੀ ਅਜਿਹੀ 'ਨਿਰਭਉ' ਤੇ 'ਨਿਰਵੈਰੁ' ਹਸਤੀ ਦਾ ਉਪਾਸ਼ਕ ਹੁੰਦਾ ਹੈ ਉਹ ਖ਼ੁਦ ਆਪ ਵੀ, ਹੇਠ-ਲਿਖੇ ਅਨੁਸਾਰ, ਭੈ-ਭਰਮ ਅਤੇ ਦੋਖ-ਦਵੈਖ ਆਦਿ ਦੀ ਅੰਸ਼ ਤੋਂ ਰਹਿਤ ਹੋ ਜਾਂਦਾ ਹੈ :

1. ਨਿਰਭਉ ਜਪੈ, ਸਗਲ ਭਉ ਮਿਟੈ ;
   ਪ੍ਰਭ ਕਿਰਪਾ ਤੇ, ਪ੍ਰਾਣੀ ਛੁਟੈ।[7]
2. ਡੋਰੀ ਲਪਟਿ ਰਹੀ ਚਰਨਹ ਸੰਗਿ,
   ਭ੍ਰਮ ਭੈ ਸਗਲੇ ਖਾਦ।[8]
3. ਪਰ ਕਾ ਬੁਰਾ ਨ ਰਾਖਹੁ ਚੀਤ,
   ਤੁਮ ਕਉ ਦੁਖੁ ਨਹੀਂ , ਭਾਈ ਮੀਤ।[9]

ਅਜਿਹੀ ਅਵਸਥਾ ਦਾ ਧਾਰਨੀ ਮਨੁੱਖ ਉਸ 'ਨਾਮ-ਆਧਾਰਿਤ ਚੜ੍ਹਦੀ ਕਲਾ ' ਦਾ ਭਾਗੀ ਬਣ ਜਾਂਦਾ ਹੈ ਜਿਸ ਦੇ ਪਰਵੇਸ਼ ਨਾਲ ਉਹ ਸਦਾ ਅਡੋਲ ਤੇ ਅਚਿੰਤ ਵਿਚਰਦਿਆਂ, ਕੰਵਲ ਫੁੱਲ ਵਾਂਗ ਖਿੜਿਆ ਤੇ ਵਿਗਸਿਆ ਰਹਿੰਦਾ ਹੈ :

1. ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ,ਗੁਰਿ ਦੀਨੋ ਮੰਤਾਨੀ;
   ਡਿਗੈ ਨ ਡੋਲੈ, ਦ੍ਰਿੜੁ ਕਰਿ ਰਹਿਓ, ਪੂਰਨ ਹੋਇ ਤ੍ਰਿਪਤਾਨੀ।[10]
2. ਪ੍ਰਭ ਕੈ ਸਿਮਰਨਿ, ਨਿਹਚਲ ਆਸਨੁ;
   ਪ੍ਰਭ ਕੈ ਸਿਮਰਨਿ, ਕਮਲ ਬਿਗਾਸਨੁ।[11]
3. ਮਨੁ ਨਾ ਡਿਗੈ, ਤਨੁ ਕਾਹੇ ਕਉ ਡਰਾਇ ?
   ਚਰਨ ਕਮਲ ਚਿਤੁ ਰਹਿਓ ਸਮਾਇ।[12]

ਅਤੇ ਉਸ ਦਾ ਅੰਦਰ-ਬਾਹਰ ਆਨੰਦ, ਖੇੜੇ, 'ਉਮਾਹ ਤੇ ਉਤਸ਼ਾਹ-ਪੂਰਤ ਚੜ੍ਹਦੀ ਕਲਾ' ਨਾਲ ਸਦਾ ਸਰਸ਼ਾਰ ਤੇ ਭਰਪੂਰ ਰਹਿੰਦਾ ਹੈ :

---

6. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਮੂਲ ਮੰਤਰ, ਪੰ. 1.
7. ਗੁਰੂ ਅਰਜਨ ਦੇਵ,ਉਕਤ, ਰਾਗ ਗਉੜੀ, ਸੁਖਮਨੀ, ਪੰ. 293.
8. ਉਕਤ, ਰਾਗੁ ਸਾਰੰਗ , ਮ. 5, ਪੰ. 1226.
9. ਉਕਤ, ਰਾਗੁ ਆਸਾ, ਮ. 5, ਪੰ. 386.
10. ਉਕਤ, ਰਾਗੁ ਧਨਾਸਰੀ, ਮ. 5, ਪੰ. 671.
11. ਉਕਤ, ਰਾਗੁ ਗਉੜੀ, ਸੁਖਮਨੀ, ਮ. 5, ਪੰ. 263.
12. ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਭੈਰਉ, ਪੰ.1162.

ਇਹ ਇਸ਼ਾਰਾ ਉਸ ਭਿਆਨਕ ਸਥਿਤੀ ਵਿਚ ਵੀ 'ਨਾਮ-ਆਧਾਰਿਤ ਚੜ੍ਹਦੀ ਕਲਾ' ਦੀ ਬਰਕਰਾਰੀ ਵਲ ਹੈ ਜੋ ਉਦੋਂ ਵਿਦਤ ਹੋਈ ਸੀ ਜਦੋਂ ਸਮਕਾਲੀ ਬਾਦਸ਼ਾਹ, ਸਿਕੰਦਰ ਲੋਧੀ, ਨੇ ਭਗਤ ਕਬੀਰ ਜੀ ਨੂੰ, ਹੱਥ ਪੈਰ ਬੰਨ੍ਹ ਕੇ, ਗੰਗਾ ਵਿਚ ਸੁਟਣ ਦਾ ਹੁਕਮ ਦੇ ਦਿੱਤਾ ਸੀ।

ਆਨੰਦ ਅਨਦਿਨੁ ਵਜਹਿ ਵਾਜੇ, ਦਿਨਸੁ ਰੈਣਿ ਉਮਾਹਾ;
ਤਹ ਰੋਗ ਸੋਗ ਨ ਦੂਖੁ ਬਿਆਪੈ, ਜਨਮ ਮਰਣੁ ਨ ਤਾਹਾ।[13]

ਨਿਰਾਸਤਾ, ਉਪਰਾਮਤਾ ਤੇ ਨਿਤਾਣਤਾ-ਸੂਚਕ 'ਢਹਿੰਦੀ ਕਲਾ' ਤਾਂ ਉਸ ਦੇ ਨੇੜੇ ਵੀ ਨਹੀਂ ਆਉਂਦੀ; ਅਤੇ ਉਸ ਦੀ 'ਸੁਰਤ ਦੀ ਬਲਵਾਨਤਾ' ਤੀਜੇ ਪਾਤਸ਼ਾਹ, ਗੁਰੂ ਅਮਰ ਦਾਸ ਜੀ (1479-1574 ਈ.) ਦੇ ਹੇਠ-ਲਿਖੇ ਵਿਸ਼ਵਾਸ ਅਨੁਸਾਰ, ਬੁੱਢੇਪੇ ਵਿਚ ਵੀ ਉਸ ਦੀ ਮਾਨਸਕ ਸਿਥਲਤਾ ਤੇ ਸਰੀਰਕ ਨਿਰਬਲਤਾ ਉਤੇ ਵੀ ਛਾਅ ਜਾਂਦੀ ਹੈ:

ਗੁਰਮੁਖਿ ਬੁਢੇ ਕਦੇ ਨਾਹੀ, ਜਿਨ੍ਹ ਅੰਤਰਿ ਸੁਰਤਿ ਗਿਆਨੁ;
ਸਦਾ ਸਦਾ ਹਰਿ ਗੁਣ ਰਵਹਿ, ਅੰਤਰਿ ਸਹਜ ਧਿਆਨੁ।
ਓਇ ਸਦਾ ਅਨੰਦਿ ਬਿਬੇਕ ਰਹਹਿ, ਦੁਖਿ ਸੁਖਿ ਏਕ ਸਮਾਨਿ;
ਤਿਨਾ ਨਦਰੀ ਇਕੋ ਆਇਆ, ਸਭੁ ਆਤਮ ਰਾਮੁ ਪਛਾਨੁ।[14]

4

ਪਰ 'ਸੁਰਤਿ ਦੀ ਅਜਿਹੀ ਬਲਵਾਨਤਾ' ਤੇ 'ਚੜ੍ਹਦੀ ਕਲਾ ਦੀ ਪਰਵੇਸ਼ਤਾ' ਵਾਹਿਗੁਰੂ ਜੀ ਦੀ ਇੱਕਵਤਾ ਤੇ ਸਦੀਵਤਾ ਦਾ ਪੂਰਨ ਵਿਸ਼ਵਾਸੀ ਹੋਣ ਤੋਂ ਛੁੱਟ, ਉਨ੍ਹਾਂ ਦੀ ਰਜ਼ਾ ਉਤੇ ਰਾਜ਼ੀ ਰਹਿਣ ਅਤੇ ਉਨ੍ਹਾਂ ਦੇ 'ਭਾਣੇ' ਦਾ ਅਜਿਹਾ ਅਨੁਸਾਰੀ ਹੋਣ ਨਾਲ ਹੀ ਪਰਾਪਤ ਹੁੰਦੀ ਹੈ ਜੋ ਸਿੱਖ ਧਰਮ ਦੇ ਬਾਨੀ ਜੀ ਦੀ ਉਨ੍ਹਾਂ ਨੂੰ ਕੀਤੀ ਹੇਠ-ਲਿਖੀ ਬੇਨਤੀ ਵਿਚ ਇਉਂ ਅੰਕਿਤ ਹੈ:

ਜੋ ਤੁਧੁ ਭਾਵੈ, ਸਾਈ ਭਲੀ ਕਾਰ;
ਤੂ ਸਦਾ ਸਲਾਮਤਿ ਨਿਰੰਕਾਰ।[15]

ਜੋ ਇਸ ਦੇ ਪਹਿਲੇ ਸ਼ਹੀਦ ਪੈਗੰਬਰ, ਗੁਰੂ ਅਰਜਨ ਦੇਵ ਜੀ, ਦੀ ਸਬਰ, ਸ਼ੁਕਰ ਤੇ ਨਿਮਰਤਾ ਨਾਲ ਪੂਰਤ ਹੇਠ-ਲਿਖੀ ਮੰਗ ਵਿਚ ਇਉਂ ਕਾਨੀਬੰਦ ਹੈ:

ਤੇਰਾ ਕੀਆ ਮੀਠਾ ਲਾਗੈ;
ਹਰਿਨਾਮੁ ਪਦਾਰਥੁ ਨਾਨਕ ਮਾਂਗੈ।[16]

ਅਤੇ ਜੋ ਖ਼ਾਲਸੇ ਦੇ ਸਾਜਨਹਾਰ, ਗੁਰੂ ਗੋਬਿੰਦ ਸਿੰਘ ਜੀ, ਦੇ ਬੇਸਰੋਸਾਮਾਨ ਹਾਲਤ ਵਿਚ ਵੀ ਉਨ੍ਹਾਂ ਨੂੰ ਹਵਾ ਹੱਥ ਭੇਜੇ ਹੇਠ-ਲਿਖੇ ਸੁਨੇਹੇ ਵਿਚ ਇਉਂ ਵਿਦਿਤ ਹੈ:

ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆਂ ਦਾ ਰਹਣਾ।[17]

---

13. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਰਾਗੁ ਬਿਲਾਵਲ, ਪੰ. 846.
14. ਗੁਰੂ ਅਮਰ ਦਾਸ, ਉਕਤ, ਸਲੋਕ ਵਾਰਾਂ ਤੇ ਵਧੀਕ, ਪੰ. 1418.
15. ਗੁਰੂ ਨਾਨਕ ਦੇਵ, ਉਕਤ, ਜਪੁ, ਪੰ. 3.
16. ਗੁਰੂ ਅਰਜਨ ਦੇਵ, ਉਕਤ, ਰਾਗੁ ਆਸਾ, ਪੰ. 394.
17. ਗੁਰੂ ਗੋਬਿੰਦ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ, ਪਟਿਆਲਾ ਐਡੀ., ਪੰ.1234; ਭਾਈ ਮਨੀ ਸਿੰਘ ਸ਼ਹੀਦ ਵਲੋਂ ਸੰਕਲਿਤ ਬੀੜ, ਅੰਮ੍ਰਿਤਸਰ -1713 ਈ., ਵਿਚ ਸੰਚਿਤ ਸ਼ਬਦ ਹਜ਼ਾਰੇ ਵਿਚ ਅੰਕਿਤ ਖ਼ਿਆਲ ਪਾਤਸ਼ਾਹੀ 10, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਵਲੋਂ ਪਰਕਾਸ਼ਿਤ ਐਡੀਸ਼ਨ, ਅੰਮ੍ਰਿਤਸਰ -1967, ਪੰ.711.

ਅਜਿਹੀ 'ਰਾਜ਼ੀ-ਬਰ-ਰਜ਼ਾ' ਵਾਲੀ ਅਵਸਥਾ ਹੀ "ਸਿੱਖ ਦੀ 'ਚੜ੍ਹਦੀ ਕਲਾ' ਦਾ ਦ੍ਰਿਸ਼ ਹੈ।... ਇਹ 'ਹੁਕਮਿ ਰਜਾਈ ਚਲਣਾ' ਅਥਵਾ 'ਰਜ਼ਾ ਅੰਦਰ ਖੇੜੇ' ਦੀ ਭਾਵਨਾ 'ਚੜ੍ਹਦੀ ਕਲਾ' ਦੇ ਮਾਰਗ ਦਾ ਦੂਜਾ ਆਧਾਰ ਹੈ।.... ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਦੋ ਨੁਕਤਿਆਂ 'ਨਾਮ' ਅਤੇ 'ਰਜ਼ਾ', ਦਾ ਵਿਸਥਾਰ ਹੈ ਅਤੇ ਸਿੱਖੀ ਦੀ ਸਾਰੀ ਘਾਲਣਾ ਇਨ੍ਹਾਂ ਦੋਨਾਂ ਦੇ ਦੁਆਲੇ ਘੁੰਮਦੀ ਹੈ। ਇਹੋ ਸਿੱਖ ਦੀ 'ਚੜ੍ਹਦੀ ਕਲਾ' ਦੇ ਮਹਿਲ ਦੇ ਵੱਡੇ ਥੰਮ ਹਨ ਜਿਨ੍ਹਾਂ ਉਤੇ ਸਿੱਖੀ ਉਸਰੀ ਅਤੇ ਕਾਇਮ ਖੜ੍ਹੀ ਹੈ।"[18] ਇਨ੍ਹਾਂ ਉਤੇ ਹੀ ਆਧਾਰਿਤ 'ਚੜ੍ਹਦੀ ਕਲਾ' ਦੇ ਧਾਰਨੀ ਗੁਰਸਿੱਖ ਆਪਣੇ ਦੂਜੇ ਸ਼ਹੀਦ-ਪੈਗੰਬਰ, ਗੁਰੂ ਤੇਗ਼ ਬਹਾਦਰ ਸਾਹਿਬ (1621-1675 ਈ.), ਦੇ ਹੇਠ-ਲਿਖੇ ਆਦਰਸ਼ ਅਨੁਸਾਰ ਦੁਖ-ਸੁਖ, ਹਾਰ-ਜਿੱਤ, ਹਰਖ-ਸੋਗ ਤੇ ਮਾਨ-ਅਪਮਾਨ ਨੂੰ ਇਕਸਮਾਨ ਸਮਝਦੇ ਰਹੇ ਹਨ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ,
ਅਉਰੁ ਮਾਨੁ ਅਪਮਾਨਾ ;
ਹਰਖ ਸੋਗ ਤੇ ਰਹੈ ਅਤੀਤਾ,
ਤਿਨਿ ਜਗਿ ਤਤੁ ਪਛਾਨਾ।[19]

ਅਤੇ ਆਪਣੇ ਪਹਿਲੇ ਪਾਤਸ਼ਾਹ ਦਾ ਇਹ ਪਾਵਨ ਬਚਨ :

ਕਿਆ ਕਹੀਐ, ਸਰਬੇ ਰਹਿਆ ਸਮਾਇ :
ਜੋ ਕਿਛੁ ਵਰਤੈ, ਸਭ ਤੇਰੀ ਰਜਾਇ।[20]

ਅਲਾਪਦੇ ਤੇ ਪ੍ਰਭੂ ਦੇ ਭੈ-ਭਾਉ- ਭਾਣੇ ਵਿਚ ਵਿਚਰਦੇ, ਰਜਵਾਂ ਤੇ ਪਰਉਪਕਾਰੀ ਜੀਵਨ ਜੀਉਂਦੇ ਰਹੇ ਹਨ। ਉਹ ਤਾਂ ਧਰਮ, ਨਿਆਂ, ਨੇਕੀ ਅਤੇ ਲੋਕ-ਹਿੱਤਾਂ ਦੀ ਰੱਖਿਆ ਲਈ 'ਮੌਤ ਨੂੰ ਵੀ ਮਖ਼ੌਲਾਂ ਕਰਦੇ' ਅਤੇ ਲੋੜ ਪੈਣ 'ਤੇ, 'ਵਾਹਿਗੁਰੂ-ਵਾਹਿਗੁਰੂ' ਜਪਦੇ ਤੇ ਉਨ੍ਹਾਂ ਦੇ ਹੀ ਇਸ ਪਾਵਨ ਫ਼ਰਮਾਨ ਉਤੇ ਪਹਿਰਾ ਦੇਂਦੇ, ਉਸ ਨੂੰ ਵੀ ਖਿੜੇ-ਮੱਥੇ ਗਲਵੱਕੜੀਆਂ ਪਾਉਂਦੇ ਰਹੇ ਹਨ:

ਮਰਣੁ ਮੁਣਸਾ ਸੂਰਿਆ ਹਕੁ ਹੈ,
ਜੋ ਹੋਇ ਮਰਨਿ ਪਰਵਾਣੋ।[21]

18. ਨਰੈਣ ਸਿੰਘ, ਸ., ਗੁਰੂ ਨਾਨਕ ਮਿਸ਼ਨ ਲੜੀ ਦਾ ਦਸਵਾਂ ਟ੍ਰੈਕਟ, ਪਟਿਆਲਾ - 1965, ਪੰ. 14-15.
19. ਗੁਰੂ ਤੇਗ਼ ਬਹਾਦਰ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਗਉੜੀ, ਪੰ. 219.
20. ਗੁਰੂ ਨਾਨਕ ਦੇਵ, ਉਕਤ, ਰਾਗੁ ਪ੍ਰਭਾਤੀ, ਪੰ. 1328.
21. ਉਕਤ, ਰਾਗੁ ਵਡਹੰਸ, ਪੰ. 579.

ਕਾਂਡ 2

ਚੜ੍ਹਦੀ ਕਲਾ ਦਾ ਸਿਧਾਂਤ

ਅਜਿਹੀ ਸੁਭਾਗੀ ਤੇ ਪਰਸੁਆਰਥੀ ਮੌਤ ਲਈ ਇਉਂ ਤਿਆਰ-ਬਰ-ਤਿਆਰ ਰਹਿਣ ਕਰਕੇ, ਅਜਿਹੇ ਪਰਉਪਕਾਰੀ ਗੁਰਸਿੱਖ ਹਉਮੈ, ਸੁਆਰਥ ਤੇ ਕਪਟ ਆਦਿ ਤੋਂ ਰਹਿਤ ਵਿਚਰਦੇ ਹਨ। ਉਹ ਆਪਣੇ ਸਤਿਗੁਰਾਂ ਦੇ ਅਗੇ-ਅੰਕਿਤ ਉਪਦੇਸ਼ ਨੂੰ ਮੁੱਖ ਰਖਦਿਆਂ ਅਤੇ ਸਭ ਮਨੁੱਖਾਂ ਨੂੰ ਇਕ ਦੂਜੇ ਦੇ ਭੈਣ-ਭਰਾ ਜਾਣਦਿਆਂ, ਕਿਸੇ ਨੂੰ ਵੀ ਆਪਣਾ ਵੈਰੀ ਜਾਂ ਬਿਗਾਨਾ ਨਹੀਂ ਸਮਝਦੇ :

1. ਏਕੁ ਪਿਤਾ,
   ਏਕਸ ਕੇ ਹਮ ਬਾਰਿਕ।....[1]
2. ਨਾ ਕੋ ਬੈਰੀ ਨਹੀ ਬਿਗਾਨਾ,
   ਸਗਲ ਸੰਗਿ ਹਮ ਕਉ ਬਨਿ ਆਈ।[2]

ਅਤੇ ਹਰ ਕਿਸੇ ਨੂੰ ਆਪਣਾ ਸੱਜਣ -ਮਿੱਤਰ ਜਾਣ ਕੇ ਪਿਆਰਦੇ ਤੇ ਸਤਿਕਾਰਦੇ ਹਨ :

ਮਨ ਅਪੁਨੇ ਤੇ ਬੁਰਾ ਮਿਟਾਨਾ ;
ਪੇਖੈ ਸਗਲ ਸ੍ਰਿਸਟਿ ਸਾਜਨਾ।[3]

ਇਹ ਇਸ ਲਈ ਕਿ ਉਨ੍ਹਾਂ ਦੇ ਪਾਵਨ ਸਤਿਗੁਰਾਂ ਨੇ ਮਨੁੱਖੀ ਬਰਾਬਰੀ, ਭਾਈਚਾਰਕ ਏਕਤਾ ਤੇ ਸਮਾਜਕ ਸਾਂਝ ਦੀ ਅਜਿਹੀ ਸ਼ੁਭ ਅਮਲੀ ਸਿੱਖਿਆ ਮੁੱਢੋਂ ਹੀ, ਬੜੇ ਸਪਸ਼ਟ ਲਫ਼ਜ਼ਾਂ ਵਿਚ, ਇਉਂ ਸਮਝਾਈ-ਬੁਝਾਈ ਹੋਈ ਹੈ :

1. ਐ ਜੀ, ਨਾ ਹਮ ਉਤਮ, ਨੀਚ ਨ ਮਧਿਮ,
   ਹਰਿ ਸਰਣਾਗਤਿ, ਹਰਿ ਕੇ ਲੋਗ।[4]
2. ਸਭੇ ਸਾਝੀਵਾਲ ਸਦਾਇਨਿ,
   ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।[5]
3. ਮਾਨਸ ਕੀ ਜਾਤਿ,
   ਸਬੈ ਏਕੈ ਪਹਚਾਨਬੋ।[6]

---

1. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸੋਰਠਿ, ਪੰ. 611.
2. ਉਕਤ, ਰਾਗੁ ਕਾਨੜਾ, ਮ. 5, ਪੰ. 1299.
3. ਉਕਤ, ਰਾਗੁ ਗਉੜੀ, ਮ. 5, ਪੰ. 266.
4. ਗੁਰੂ ਨਾਨਕ ਦੇਵ, ਉਕਤ, ਰਾਗੁ ਗੂਜਰੀ, ਪੰ. 504.
5. ਗੁਰੂ ਅਰਜਨ ਦੇਵ, ਉਕਤ, ਰਾਗੁ ਮਾਝ, ਪੰ. 97.
6. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਵਿਚ ਅੰਕਿਤ ਅਕਾਲ ਉਸਤਤਿ, ਪਦ 15/85, ਭਾਈ ਰਣਧੀਰ ਸਿੰਘ ਵਲੋਂ ਸਟਿਪਿਤ ਤੇ ਪੰਜਾਬੀ ਯੂਨੀਵਰਸਿਟੀ ਵਲੋਂ ਪਰਕਾਸ਼ਿਤ ਐਡੀਸ਼ਨ, ਪਟਿਆਲਾ-1973 ਈ., ਦੂਜਾ ਸੰਸਕਰਣ-1985 ਈ., ਪੋਥੀ ਪਹਿਲੀ, ਪੰ. 28.

ਅਜਿਹੀ ਸਰਬ-ਹਿਤੈਸ਼ੀ ਸਿੱਖਿਆ ਤੇ ਸਰਬ-ਸਾਂਝੇ ਸੰਦੇਸ਼ ਦੇ ਧਾਰਨੀ ਗੁਰਸਿੱਖ ਆਪਣੇ ਸਤਿਗੁਰਾਂ ਦੇ ਹੀ ਪਾਏ ਹੋਏ ਪੂਰਨਿਆਂ ਉਤੇ ਚਲਦਿਆਂ, ਉਨ੍ਹਾਂ ਵਾਂਗ ਹੀ, ਉਨ੍ਹਾਂ ਦੇ ਹੇਠ-ਲਿਖੇ ਬਚਨਾਂ ਅਨੁਸਾਰ, ਆਪਣੀ ਨਿੱਤ-ਅਰਦਾਸ ਵਿਚ, ਸਰਬ-ਦਾਤਾਰ ਵਾਹਿਗੁਰੂ ਤੋਂ ਕੇਵਲ ਆਪਣੇ ਜਾਂ ਆਪਣੇ ਘਰ-ਪਰਵਾਰ ਤੇ ਦੇਸ-ਕੌਮ ਲਈ ਹੀ ਨਹੀਂ; ਸਗੋਂ ਸਮੂਹ ਮਨੁੱਖਤਾ ਦੀ ਭਲਾਈ, ਭਾਵ "ਸਰਬੱਤ ਦਾ ਭਲਾ", ਇਉਂ ਮੰਗਦੇ ਰਹਿੰਦੇ ਹਨ :

1. ਸਭੇ ਜੀਅ ਸਮਾਲਿ, ਅਪਣੀ ਮਿਹਰ ਕਰੁ;
ਅੰਨੁ ਪਾਣੀ ਮੁਚੁ ਉਪਾਇ ,ਦੁਖ ਦਾਲਦੁ ਭੰਨਿ ਤਰੁ ।[7]
2. ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ;
ਜਿਤੁ ਦੁਆਰੈ ਉਬਰੈ,ਤਿਤੈ ਲੈਹੁ ਉਬਾਰਿ ।[8]

ਉਨ੍ਹਾਂ ਦੀ ਇਹ ਸਰਬ-ਹਿਤਕਾਰੀ ਭਾਵਨਾ ਤੇ ਵਿਸ਼ਵ-ਹਿਤੈਸ਼ੀ ਮੰਗ, ਅਤੇ ਇਨ੍ਹਾਂ ਦੀ ਪੂਰਤੀ-ਪਰਾਪਤੀ ਲਈ ਕੀਤੇ ਅਜਿਹੇ ਹਾਰਦਿਕ ਜਤਨ ਤੇ ਸਨਿਮਰ ਬੇਨਤੀਆਂ ਹੀ ਸਿੱਖ ਧਰਮ ਵਿਚ ਪਰਜਵੱਲਿਤ 'ਚੜ੍ਹਦੀ ਕਲਾ' ਨਾਂ ਦੀ ਅਨੂਠੀ ਸਪਿਰਿਟ ਦੇ ਸੰਕਲਪ ਤੇ ਸਿਧਾਂਤ ਦੀ ਅਮਲੀ ਵਰਤੋਂ ਦਾ ਮਾਨੋ ਸਿਖਰੀ ਪਰਗਟਾਵਾ ਹਨ।

2

ਇਹ ਉਹ ਅਨੋਖੀ ਤੇ ਮਹਾਨ ਸਪਿਰਿਟ ਹੈ ਜਿਸ ਦਾ ਜ਼ਿਕਰ ਕਰਦਿਆਂ, ਡਾ.ਬਲਬੀਰ ਸਿੰਘ ਜੀ ਨੇ ਲਿਖਿਆ ਹੈ : "ਚੜ੍ਹਦੀ ਕਲਾ" ਨਿਹਕਲੰਕ ਹੈ; ਸਿੱਖ 'ਚੜ੍ਹਦੀ ਕਲਾ' ਦਾ ਹੁਲਾਸ ਹੈ। ਨਿੱਤ ਦਾ ਵਿਗਾਸ, ਨਿੱਤ ਦਾ ਉਤਸ਼ਾਹ, ਅਤੇ ਨਿੱਤ ਦਾ ਵੇਗ, ਜਿਸ ਅਗੇ ਕੱਖ ਕਾਨੇ, ਪਾਪ ਬਦੀਆਂ, ਜ਼ੋਰ ਜ਼ੁਲਮ ਸਭ ਨੱਸ ਜਾਂਦੇ ਹਨ।... ਗੁਰਸਿੱਖ 'ਚੜ੍ਹਦੀ ਕਲਾ' ਦਾ ਨਾਮ ਰੂਪ ਬੀਜ ਨਿੱਤ ਦੀ 'ਅਰਦਾਸ' ਤੋਂ ਪ੍ਰਾਪਤ ਕਰਦਾ ਹੈ।"[9] ਗਿਆਨੀ ਪ੍ਰਤਾਪ ਸਿੰਘ ਜੀ ਦੇ ਲਫ਼ਜ਼ਾਂ ਵਿਚ, "ਇਸ ਦਾ ਭਾਵ ਹੈ, ਵਾਹਿਗੁਰੂ ਨਾਲ ਜੁੜ ਕੇ ਉਹ ਸ਼ਕਤੀ ਹਾਸਲ ਕਰਨੀ ਜਿਸ ਨਾਲ ਮਨੁੱਖ ਦੁਖ ਸੁਖ ਤੇ ਹਰ ਹਾਲਤ ਵਿਚ ਉਤਸ਼ਾਹੀ, ਆਸ਼ਾਵਾਦੀ ਤੇ ਦ੍ਰਿੜ੍ਹ-ਵਿਸ਼ਵਾਸੀ ਹੋ ਕੇ ਕੰਮ ਕਰੇ; ਆਪਣੇ ਆਦਰਸ਼ ਵਲ ਵਧਦਾ ਤੁਰਿਆ ਜਾਵੇ।... ਸਿੱਖ ਨੇ ਇਹ ਮੰਨਿਆ ਹੈ ਕਿ ਮਨੁੱਖ ਸਾਰੀਆਂ ਜੂਨਾਂ ਤੋਂ ਉੱਤਮ ਹੈ, ਸਾਰੀਆਂ ਦਾ ਸਰਦਾਰ ਹੈ ; ਪਰ ਸਾਰੀਆਂ ਸ਼ਕਤੀਆਂ ਦਾ ਕੇਂਦਰ ਨਹੀਂ, ਨਾ ਹੀ ਇਸ ਦਾ ਮਨ ਆਪਣੇ ਆਪ 'ਚੜ੍ਹਦੀ ਕਲਾ' ਵਿਚ ਰਹਿ ਸਕਦਾ ਹੈ। ਇਸ ਲਈ ' ਨਾਨਕ ਨਾਮ ਚੜ੍ਹਦੀ ਕਲਾ ' ਕਿਹਾ ਹੈ। ਸ਼ਕਤੀਆਂ ਦਾ ਕੇਂਦਰ ਵਾਹਿਗੁਰੂ ਹੈ, ਜਿਸ ਨਾਲ ਜੁੜ ਕੇ ਮਨੁੱਖ ਦਾ ਮਨ ਬਲਵਾਨ ਹੋ ਸਕਦਾ ਹੈ। ਜਿਸ ਤਰ੍ਹਾਂ ਕਿਸੇ ਫੁਹਾਰੇ ਦਾ ਪਾਣੀ ਟਾਂਚੀ (ਟੈਂਕੀ) ਵਿਚੋਂ ਆਉਂਦਾ ਹੈ, ਇਸੇ ਤਰ੍ਹਾਂ ਮਨ ਦੀਆਂ ਸ਼ਕਤੀਆਂ ਦਾ ਸੋਮਾ ਸ੍ਰੀ ਵਾਹਿਗੁਰੂ ਹੀ ਹੈ। ਉਸ ਨਾਲ ਜੁੜਨ ਕਰਕੇ ਸਹੀ ਸ਼ਕਤੀਆਂ ਪੈਦਾ ਹੁੰਦੀਆਂ ਹਨ। ਉਨ੍ਹਾਂ ਦੀ ਵਰਤੋਂ ਸਹੀ ਹੁੰਦੀ ਹੈ... ਗੁਰਮਤਿ ਵਿਚ ਮਨ ਦੀਆਂ ਸ਼ਕਤੀਆਂ ਤੋਂ ਇਨਕਾਰ ਨਹੀਂ ਕੀਤਾ ਗਿਆ, ਪਰ ' ਚੜ੍ਹਦੀ ਕਲਾਂ' ਦਾ ਕਾਰਨ ਤੇ ਸੋਮਾ ਸਰਬ-ਕਲਾ ਸਮਰੱਥ ਸ੍ਰੀ ਵਾਹਿਗੁਰੂ ਅਤੇ ਉਸ ਦੇ ਸਰਗੁਣ ਸਰੂਪ, 'ਗੁਰੂ', ਨਾਲ ਜੁੜਨਾ ਮੰਨਿਆ ਹੈ।"[10]

---

7. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸਾਰਗ, ਪੰ. 1251.
8. ਗੁਰੂ ਅਮਰਦਾਸ, ਉਕਤ, ਰਾਗੁ ਬਿਲਾਵਲੁ, ਪੰ. 853.
9. ਬਲਬੀਰ ਸਿੰਘ, ਡਾ. ਅਤੇ ਸਹਿਯੋਗੀ, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦੂਜੀ ਜਿਲਦ, ਪਟਿਆਲਾ-1975 ਈ., ਪੰ. 384.
10. ਪ੍ਰਤਾਪ ਸਿੰਘ ਗਿਆਨੀ, ਗੁਰਮਤਿ ਫਿਲਾਸਫੀ, ਅੰਮ੍ਰਿਤਸਰ- 1946 ਈ., ਪੰ. 329, 336-37.

ਇਸੇ ਲਈ ਸਿੱਖ ਸਤਿਗੁਰਾਂ ਨੇ ਆਪਣੇ ਅਨੁਯਾਈਆਂ ਨੂੰ ਇਸੇ ਸਦੀਵੀ ਸੋਮੇ ਨਾਲ ਜੋੜ ਕੇ, ਇਹ ਇਕ ਅਜਿਹੀ ਨਿਆਰੀ ਦਾਤ ਬਖ਼ਸ਼ੀ ਹੋਈ ਹੈ ਜੋ ਉਨ੍ਹਾਂ ਵਲੋਂ ਸਥਾਪਿਤ ਤੇ ਪਰਫੁੱਲਿਤ ਧਰਮ ਦੀ ਸਭ ਤੋਂ ਪ੍ਰਬਲ, ਗਤੀਸ਼ੀਲ ਤੇ ਆਸ਼ਾਵਾਦੀ ਸ਼ਕਤੀ ਹੈ। ਇਹ ਉਸ ਦੀਆਂ ਉੱਚਤਮ ਭਾਵਨਾਵਾਂ ਦੇ ਅਜਿਹੇ ਹੁਲਾਸ ਤੇ "ਸਦ-ਵਿਗਾਸ" ਦੀ ਸੂਚਕ ਹੈ ਜੋ ਚਿਰ-ਸਥਾਈ ਖੇੜਾ ਬਖ਼ਸ਼ਣ ਦੇ ਨਾਲ ਨਾਲ, ਵਿਸ਼ੇ-ਵਿਕਾਰਾਂ ਤੇ ਦੁੱਖਾਂ-ਪਾਪਾਂ ਦਾ ਨਾਸ਼ ਵੀ ਕਰਦੀ ਰਹਿੰਦੀ ਹੈ:

ਨਾਨਕ ਭਗਤਾ ਸਦਾ ਵਿਗਾਸੁ,
ਸੁਣਿਐ ਦੂਖ ਪਾਪ ਕਾ ਨਾਸੁ।[11]

ਇਹ ਉਨ੍ਹਾਂ ਨੂੰ ਬਖਸ਼ੀ ਗਈ ਉਸ ਅਦਭੁਤ ਮਾਨਸਕ ਦਸ਼ਾ ਦੀ ਵੀ ਲਖਾਇਕ ਹੈ ਜੋ ਕਦੇ ਵੀ ਨਿਰਾਸ ਨਹੀਂ ਹੁੰਦੀ, ਕਦੇ ਵੀ ਹਾਰ ਨਹੀਂ ਮੰਨਦੀ ਅਤੇ ਵੈਰੀਆਂ-ਵਿਰੋਧੀਆਂ ਸਾਹਵੇਂ ਕਦੇ ਨਹੀਂ ਝੁਕਦੀ ; ਸਗੋਂ ਹਰ ਸਥਿਤੀ ਦਾ, ਗੁਰੂ-ਆਸਰੇ, ਡਟ ਕੇ ਮੁਕਾਬਲਾ ਕਰਦੀ ਹੈ। ਇਹ ਇਕ ਅਜਿਹੀ ਉੱਚਤਮ ਮਨੋ-ਦਸ਼ਾ ਹੈ ਜਿਸ ਵਿਚ ਈਰਖਾ ਤੇ ਵੈਰ ਲਈ ਕੋਈ ਥਾਂ ਨਹੀਂ ਹੁੰਦੀ; ਅਤੇ ਜੋ ਮਨੁੱਖ ਨੂੰ ਸਵੈ-ਵਿਸ਼ਵਾਸ, ਸਵੈ-ਸਨਮਾਨ, ਸਵੈ-ਸੰਤੁਸ਼ਟੀ ਤੇ ਸਵੈ-ਨਿਰਭਰਤਾ ਦੇ ਨਿਰੰਤਰ ਆਨੰਦ, ਸਫਲਤਾ ਤੇ ਸੁਰਖਰੂਈ ਦਾ ਭਾਗੀ ਬਣਾਈ ਰਖਦੀ ਹੈ। ਇਹ ਆਦਰਸ਼ਕ ਬਿਰਤੀ ਉਸ ਮਹਾਨ ਮਨੋਬਲ ਤੇ ਦ੍ਰਿੜ੍ਹ ਨਿਸਚੇ ਦੀ ਵੀ ਧਾਰਨੀ ਹੈ ਜੋ ਦੈਵੀ ਨਿਆਂ, ਸ਼ਕਤੀ ਤੇ ਸਹਾਇਤਾ ਦਾ ਵਿਸ਼ਵਾਸੀ ਹੈ; ਜੋ ਆਪਣੇ "ਸਰਬ-ਕਲਾ-ਭਰਪੂਰ" ਪ੍ਰਭੂ ਤੋਂ ਪ੍ਰਾਪਤ ਅੰਤ੍ਰੀਵ ਸ਼ਕਤੀਆ ਤੋਂ ਜਾਣੂ ਹੈ; ਅਤੇ ਜੋ ਇਸੇ ਕਰਕੇ ਸਭ ਮੁਸ਼ਕਲਾਂ ਤੇ ਮੁਸੀਬਤਾਂ ਨੂੰ ਟਿੱਚ ਕਰ ਕੇ ਸਮਝਦਾ ਹੈ ਅਤੇ ਉਨ੍ਹਾਂ ਨੂੰ ਰੱਬੀ ਭਾਣੇ ਅਨੁਕੂਲ ਜਾਣ ਕੇ, ਹੇਠ-ਅੰਕਿਤ ਗੁਰੂ-ਬਚਨਾਂ ਨੂੰ ਮੁੱਖ ਰਖਦਿਆਂ, ਭਰਵੇਂ ਸਬਰ, ਸਿਦਕ ਤੇ ਬੇਫ਼ਿਕਰੀ ਨਾਲ ਬਰਦਾਸ਼ਤ ਕਰਦਾ ਰਹਿੰਦਾ ਹੈ:

1. ਨਾਨਕ ਜੰਤ ਉਪਾਇ ਕੈ, ਸੰਮਾਲੇ ਸਭਨਾਹ ;
ਜਿਨਿ ਕਰਤੈ ਕਰਣਾ ਕੀਆ, ਚਿੰਤਾ ਭਿ ਕਰਣੀ ਤਾਹ।[12]
2. ਮਨ ! ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ;
ਮਨ ! ਹਰਿ ਜੀ ਤੇਰੈ ਨਾਲਿ ਹੈ, ਗੁਰਮਤੀ ਰੰਗੁ ਮਾਣੁ।[13]
3. ਘਰਿ ਬਾਹਰਿ ਤੇਰਾ ਭਰਵਾਸਾ, ਤੂ ਜਨ ਕੈ ਹੈ ਸੰਗਿ ;
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ, ਨਾਮੁ ਜਪਉ ਹਰਿ ਰੰਗਿ।
ਜਨ ਕਉ ਪ੍ਰਭ ਅਪਨੇ ਕਾ ਤਾਣੁ,
ਜੋ ਤੂ ਕਰਹਿ ਕਰਾਵਹਿ ਸੁਆਮੀ, ਸਾ ਮਸਲਤਿ ਪਰਵਾਣੁ।[14]

ਅਜਿਹੀ ਸਪਿਰਿਟ ਦਾ ਧਾਰਨੀ ਗੁਰਸਿੱਖ ਆਪਣੇ ਦਸਵੇਂ ਪਾਤਸ਼ਾਹ ਦੇ ਹੇਠ-ਲਿਖੇ ਮਕੂਲੇ :

ਨਾ ਡਰੋ ਅਰਿ ਸੋ ਜਬ ਜਾਇ ਲਰੋ ;
ਨਿਸਚੈ ਕਰਿ ਅਪੁਨੀ ਜੀਤ ਕਰੋਂ।[15]

---

11. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਜਪੁ, ਪਉੜੀ 8, ਪੰ. 2.
12. ਉਕਤ, ਰਾਗੁ ਆਸਾ, ਪੰ. 467. 13. ਗੁਰੂ ਅਮਰਦਾਸ, ਉਕਤ, ਰਾਗੁ ਆਸਾ, ਪੰ. 441.
14. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਉਕਤ, ਰਾਗੁ ਧਨਾਸਰੀ, ਪੰ. 677.
15. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ. 127, ਵਿਚ ਸੰਚਿਤ ਚੰਡੀ ਚਰਿੱਤ੍ਰ (ਉਕਤ ਬਿਲਾਸ), ਮਿਤੀ 1685 ਈ., ਸਵੱਯਾ, ਪੰ. 233.

ਦਾ ਕਾਇਲ ਹੋਣ ਕਰਕੇ, ਹਰ ਸਮੇਂ ਤੇ ਸਥਿਤੀ ਦੀ ਹਰ ਰੋਕ, ਔਕੜ ਤੇ ਅੜ੍ਹਿੱਚਣ ਨੂੰ ਇਕ ਵੰਗਾਰ ਸਮਝ ਕੇ, ਉਸ ਨੂੰ ਅਣਡਿੱਠ ਕਰਨ ਜਾਂ ਉਸ ਸਾਹਵੇਂ ਢੇਰੀ ਢਾਹ ਬਹਿਣ ਦੀ ਥਾਂ, ਉਸ ਨੂੰ ਚਾਈਂ ਚਾਈਂ ਕਬੂਲਦਾ ਅਤੇ ਰੱਬ-ਆਸਰੇ, ਅਬੂਰ ਕਰ ਲੈਣ ਲਈ ਆਪਣੇ ਵਲੋਂ ਕੋਈ ਕਸਰ ਨਹੀਂ ਛੱਡਦਾ। ਫਿਰ ਆਪਣੇ ਸ਼ੁਭ ਕਰਮਾਂ ਤੇ ਜਤਨਾਂ ਦੀ ਹੋਈ ਜਿੱਤ ਨੂੰ ਕੂੜ ਤੇ ਬੁਰਾਈ ਉੱਤੇ ਸੱਚ ਤੇ ਨੇਕੀ ਦੀ ਜਿੱਤ ਸਮਝਦਿਆਂ ;ਉਸ ਨੂੰ ਕੇਵਲ "ਵਾਹਿਗੁਰੂ ਜੀ ਕੀ ਫ਼ਤਿਹ" ਮੰਨਦਿਆਂ ; ਉਨ੍ਹਾਂ ਦੀ ਹੀ ਉਸਤਤਿ ਤੇ ਧੰਨਵਾਦ ਕਰਦਿਆਂ ; ਅਤੇ ਸਫਲਤਾ ਤੇ ਸੁਰਖ਼ਰੂਈ ਦੇ ਦਮਾਮੇ ਵਜਾਂਦਿਆਂ, ਉਨ੍ਹਾਂ ਵਾਂਗ ਹੀ ਗਜ ਵਜ ਕੇ ਆਖਦਾ ਹੈ :

ਭਈ ਜੀਤ ਮੇਰੀ ,
ਕ੍ਰਿਪਾ ਕਾਲ ਕੇਰੀ । [16]

ਉਸ ਦੀ ਕਥਨੀ ਤੇ ਕਰਨੀ ਵਿਚ ਇਕਸੁਰਤਾ ; ਆਦਰਸ਼ ਤੇ ਅਮਲ ਦੀ ਇਕਮਿਕਤਾ, ਅਤੇ ਰਹਿਣੀ ਤੇ ਬਹਿਣੀ ਵਿਚ ਸੁੱਚਮ, ਸੰਜਮ ਤੇ ਤਿਆਰ-ਬਰ-ਤਿਆਰਤਾ ਉਸ ਨੂੰ ਹੋਰ "ਸ਼ੁਭ ਕਰਮਨ" ਲਈ ਪਰੇਰਦੀ, ਉਤਸ਼ਾਹੁੰਦੀ ਅਤੇ ਇਨ੍ਹਾਂ ਨੂੰ ਵਧੇਰੇ ਸੁੰਦਰ ਤੇ ਸ਼ੋਭਨੀਕ ਢੰਗ ਨਾਲ ਨਜਿੱਠਣ ਲਈ ਪਾਰਬ੍ਰਹਮੀ ਸ਼ਕਤੀ ਅਗੇ ਇਹੋ ਜਹੀਆਂ ਬੇਨਤੀਆਂ ਵੀ ਕਰਾਉਂਦੀ ਰਹਿੰਦੀ ਹੈ :

ਦੇਹ ਸਿਵਾ ! ਬਰੁ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ।[17]

3

ਇਸੇ ਤਰ੍ਹਾਂ ਦੀ ਪਾਵਨ ਤੇ ਪਰਉਪਕਾਰੀ ਭਾਵਨਾ ਅਤੇ ਉਸੇ ਕਿਸਮ ਦੀ ਦੀਨੀ ਤੇ ਦੁਨਿਆਵੀ ਗੁਣਾਂ ਦੇ ਧਾਰਨੀ ਜੀਉੜਿਆਂ ਨੂੰ 'ਖੰਡੇ ਦਾ ਅੰਮ੍ਰਿਤ ' ਛਕਾ ਕੇ ; ਸੁੰਦਰ-ਸਰੂਪ 'ਖ਼ਾਲਸਾ' ਸਜਾ ਕੇ ; ਅਤੇ ਅਨੂਠੇ 'ਸੰਤ ਸਿਪਾਹੀ' ਬਣਾ ਕੇ ਜੋ ਜੀਵਨ -ਜਾਚ ਸਿਖਾਈ ਗਈ ਸੀ , ਉਸ ਦਾ ਮੂਲ-ਮੁੱਦਾ ਵੀ ਉਨ੍ਹਾਂ ਦੀ ਸੁਰਤ ਨੂੰ ਇਵੇਂ ਹੀ ਬਲਵਾਨ ਕਰਨ ਅਤੇ ਉਨ੍ਹਾਂ ਨੂੰ 'ਚੜ੍ਹਦੀ ਕਲਾ' ਵਾਲੀ ਅਜਿਹੀ ਸਪਿਰਿਟ ਵਿਚ ਨਿਵਾਸ ਪਰਾਪਤ ਕਰਨ ਲਈ ਸੰਪੂਰਨ ਤੌਰ ਤੇ ਸੁਯੋਗ ਬਣਾਉਣਾ ਸੀ। ਤਦੇ ਤਾਂ, ਉਨ੍ਹਾਂ ਦਾ ਕਰਮ-ਧਰਮ ਨਿਯਤ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਹੀ ਇਹ ਫ਼ਰਮਾਅ ਦਿੱਤਾ ਸੀ:

ਜਾਗਤਿ ਜੋਤਿ ਜਪੈ ਨਿਸਿ ਬਾਸੁਰ,
ਏਕੁ ਬਿਨਾ ਮਨਿ ਨੈਕ ਨ ਆਨੈ ।......
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਹਿ ਨ ਖਾਲਸ ਜਾਨੈ । [18]

ਨਾਲੇ ਅਜਿਹੀ ਧਰਮ-ਭਾਵਨਾ ਤੇ ਯੁੱਧ-ਭਾਵਨਾ ਦਾ ਅਦੁੱਤੀ ਸੁਮੇਲ ਪਰਗਟ ਕਰ ਕੇ, ਇਸ ਨਿਆਰੇ ਪੰਥ ਦੇ ਅਜਿਹੇ ਅਨੂਠੇ ਪਾਂਧੀਆਂ ਨੂੰ 'ਧੰਨ' ਆਖਣ ਦੀ ਪਹਿਲ ਵੀ ਕਰ ਦਿੱਤੀ ਸੀ ਜੋ ਸੱਚ, ਧਰਮ, ਨੇਕੀ ਤੇ ਭਲਾਈ ਲਈ ਜੂਝਦਿਆਂ, ਵਾਹਿਗੁਰੂ ਦੇ ਧਿਆਨ , ਗਿਆਨ ਤੇ ਸੁਬੁੱਧ ਦੇ ਧਾਰਨੀ ਹੋ ਕੇ, ਕਾਇਰਤਾ ਤੇ ਅਗਿਆਨਤਾ

---

16. ਗੁਰੂ ਗੋਬਿੰਦ ਸਿੰਘ, **ਦਸਮ ਗ੍ਰੰਥ ਸਾਹਿਬ**, ਉਹੀ, ਪੰ. 79; **ਬਚਿੱਤ੍ਰ ਨਾਟਕ**, ਮਿਤੀ 1698 ਈ., 'ਭੰਗਾਣੀ ਯੁੱਧ ਬਰਨੰਨ', ਅਧਿ. 8, ਪਦ 34.

17. ਉਕਤ, ਪੰ. 127, **ਚੰਡੀ ਚਰਿਤ੍ਰ (ਉਕਤ ਬਿਲਾਸ)**, ਸਵੱਯਾ, ਨੰ. 233.

18. ਉਕਤ, **33 ਸਵੱਯੇ**, ਨੰ.1, ਇਹ ਪੰ. ਯੂ. ਐਡੀ. ਦੇ ਪੰ. 1218 ਵਿਚ ਅੰਕਿਤ ਨਹੀਂ; ਪਰ ਪੰ .1235 ਵਿਚ ਦਰਜ ਹੈ। ਹੋਰ ਵੇਖੋ: ਜ. ਕ. ਐਡੀ. ਦੀ ਪਹਿਲੀ ਸੈਂਚੀ, ਪੰ. 712.

ਉਤੇ ਵੀ ਹੂੰਝਾ ਫੇਰਦੇ ਜਾਣਗੇ :

ਧੰਨਿ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ ।......
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ ।[19]

ਇਸੇ ਲਈ ਉਨ੍ਹਾਂ ਵਿਚ ਧਾਰਮਕ ਪਵਿੱਤਰਤਾ, ਸਦਾਚਾਰਕ ਸੁਹਿਰਦਤਾ, ਮਾਨਸਕ ਸੁਚੇਤਤਾ, ਸਰੀਰਕ ਵਿਲੱਖਣਤਾ, ਸਮਾਜਕ ਸੁਤੰਤਰਤਾ ਅਤੇ ਰਾਜਨੀਤਕ ਸਥਿਰਤਾ ਆਦਿ ਲਿਆਉਣ ਲਈ ਇਕ ਆਦਰਸ਼ਕ ਜਹੀ ਜ਼ਾਤੀ ਤੇ ਜਮਾਤੀ ਰਹਿਤ ਮਰਯਾਦਾ (code of conduct) ਵੀ ਨਿਯਤ ਕਰ ਦਿੱਤੀ ਸੀ। ਸੋ, ਅਜਿਹੀ ਜੀਵਨ-ਜਾਚ ਸਿਖਾਉਣ ਅਤੇ ਇਹੋ ਜਹੀ ਰਹਿਣੀ-ਬਹਿਣੀ ਦਰਸਾਉਣ ਦਾ ਮੁੱਖ ਮੰਤਵ ਉਨ੍ਹਾਂ ਨੂੰ ਇਕ ਅਜਿਹੀ ਅਦੁੱਤੀ ਬਿਰਤੀ, ਭਾਵ 'ਚੜ੍ਹਦੀ ਕਲਾ', ਦਾ ਧਾਰਨੀ ਬਣਾਉਣਾ ਸੀ ਤਾਂ ਜੋ ਉਹ ਪ੍ਰਭੂ ਦਾ ਨਾਮ ਚਿਤਵਦਿਆਂ, ਉਸੇ ਦੇ ਭਾਣੇ ਵਿਚ ਵਿਚਰਦਿਆਂ ਅਤੇ 'ਸਰਬੱਤ ਦਾ ਭਲਾ' ਚਾਹੁੰਦਿਆਂ ; ਦੇਸ, ਕੌਮ ਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਅਤੇ ਤਿਆਰ-ਬਰ-ਤਿਆਰ ਰਹਿ ਸਕਣ।

19. ਦਸਮ ਗ੍ਰੰਥ ਸਾਹਿਬ, ਉਹੀ, ਪੰ. 798, ਵਿਚ ਸੰਚਿਤ ਕ੍ਰਿਸ਼ਨਾਵਤਾਰ, ਆਖ਼ਰੀ ਸਵੱਯਾ, ਪਦ ਨੰ. 2492.

ਕਾਂਡ 3
ਚੜ੍ਹਦੀ ਕਲਾ ਦੀ ਪਰੰਪਰਾ
(1). *ਆਰੰਭ, ਉਸਾਰ ਤੇ ਪਰਸਾਰ*

ਸਿੱਖ-ਸਿਧਾਂਤ ਦੇ ਉਦੈ ਤੇ ਉਭਾਰ, ਅਤੇ ਸਿੱਖ- ਆਚਰਨ ਦੀ ਉਪਜ ਤੇ(ਵਿਕਾਸ ਨੂੰ ਮੁੱਖ ਰਖਦਿਆਂ, ਸਿੱਖ-ਇਤਿਹਾਸ ਦੇ ਹਰ ਸਮੇਂ, ਸਥਾਨ ਤੇ ਸਥਿਤੀ ਵਿਚ ਕਾਇਮ-ਦਾਇਮ ਇਸ ਤਰ੍ਹਾਂ ਦੀ ਉੱਚੀ ਤੇ ਸੁੱਚੀ, ਉਮਾਹੂ ਤੇ ਉਸਾਰੂ, ਅਡੋਲ ਤੇ ਆਸ਼ਾਵਾਦੀ, ਹਰੀ ਨਾਮ-ਰੱਤੀ ਤੇ ਲੋਕ-ਹਿਤੈਸ਼ੀ ਬਿਰਤੀ ਨੂੰ ਹੀ , ਮੇਰੀ ਜਾਚੇ, 'ਚੜ੍ਹਦੀ ਕਲਾ' ਦਸਿਆ, ਆਖਿਆ ਤੇ ਸਮਝਿਆ ਜਾਂਦਾ ਹੈ।

ਸਿੱਖ ਸਤਿਗੁਰਾਂ ਨੇ ਆਪਣੀ ਪਾਵਨ ਕਥਨੀ, ਕਰਨੀ, ਰਹਿਣੀ, ਬਹਿਣੀ ਅਤੇ ਬਾਣੀ ਦੁਆਰਾ ਸਾਧਾਰਨ ਮਨੁੱਖ ਦੀਆਂ ਸੁੱਤੀਆ ਕਲਾਂ ਜਗਾ ਕੇ, ਉਸ ਦੇ ਤਨ ਤੇ ਮਨ ਵਿਚ ਇਕ ਅਗੰਮੀ ਰੂਹ ਫੂਕ ਕੇ, ਉਸ ਦੀ ਮਨੋ-ਦਸ਼ਾ ਨੂੰ ਬਲਵਾਨ ਬਣਾ ਕੇ ਅਤੇ ਉਸ ਵਿਚ ਅਜਿਹੀ 'ਚੜ੍ਹਦੀ ਕਲਾ' ਦਾ ਪਰਵੇਸ਼ ਕਰਾ ਕੇ, ਉਸ ਦੀ ਤਾਂ ਕਾਇਆ-ਕਲਪ ਹੀ ਕਰ ਦਿੱਤੀ ਸੀ। ਉਨ੍ਹਾਂ ਦੇ ਸ਼ਖ਼ਸੀ ਤੇ ਦੈਵੀ ਜਲੌ, ਦਸ ਜੋਤਾਂ ਦੀ ਕੀਤੀ ਘਾਲ, ਕਮਾਈ ਤੇ ਕੁਰਬਾਨੀ ਨੇ ਉਸ ਦੇ ਤਨ-ਮਨ ਉਤੇ ਨਾਮ ਦੀ ਰੰਗਣ ਚੜ੍ਹਾ ਕੇ, ਸੰਗਤ ਤੇ ਪੰਗਤ ਦੀ ਜਾਚ ਸਿਖਾ ਕੇ, ਦੇਗ ਤੇ ਤੇਗ਼ ਦੀ ਜਾਗ ਲੁਆ ਕੇ, ਅਤੇ ਭਗਤੀ ਤੇ ਸ਼ਕਤੀ ਦੀ ਪੁੱਠ ਚੜ੍ਹਾ ਕੇ, ਇਕ ਨਵੇਂ, ਨਰੋਏ ਤੇ ਅਨੂਠੇ ਸਮਾਜ ਦੀ ਕੇਵਲ ਨੀਂਹ ਹੀ ਨਹੀਂ ਰਖੀ ਸੀ, ਸਗੋਂ ਆਪਣੇ ਜੀਉਂਦੇ-ਜੀਅ (1469-1708 ਈ.), ਲਗਪਗ ਦੋ ਸਦੀਆਂ ਦੌਰਾਨ ਹੀ, ਉਸ ਦੀ ਅਜਿਹੀ ਉਸਾਰੀ ਵੀ ਕਰ ਦਿੱਤੀ ਸੀ ਜਿਸ ਦਾ ਸਿੱਟਾ, ਸਰੂਪ ਤੇ ਇਤਿਹਾਸ ਆਪਣੀ ਮਿਸਾਲ ਆਪ ਹੈ।

2

ਸਾਰੇ ਦੇ ਸਾਰੇ ਸਿੱਖ ਸਤਿਗੁਰੂ ਖ਼ੁਦ ਆਪ ਗ੍ਰਿਹਸਥੀ ਸਨ, ਘਰ-ਬਾਰੀ ਸਨ। ਉਹ ਆਪਣੇ ਪਾਵਨ ਮੋਢੀ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ, ਦੇ ਇਸ ਕਰਾਂਤੀਕਾਰੀ ਬਚਨ ਦੇ ਅਨੁਸਾਰੀ ਸਨ :

ਸਤਿਗੁਰ ਕੀ ਐਸੀ ਵਡਿਆਈ;
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।[1]

ਉਨ੍ਹਾਂ ਨੇ ਵੀ ਆਪੋ-ਆਪਣੇ ਜੀਵਨ-ਕਾਲ ਵਿਚ ਢੇਰ ਮੁਸ਼ਕਲਾਂ ਤੇ ਮੁਸੀਬਤਾਂ ਵੇਖੀਆਂ ਸਨ। ਉਹ ਆਪ ਵੀ ਬੜੇ ਹੀ ਬਿਖਰੇ ਹਾਲਾਤ ਵਿਚੋਂ ਲੰਘਦੇ ਰਹੇ ਸਨ। ਉਨ੍ਹਾਂ ਨੂੰ ਵੀ ਬੜੀਆਂ ਔਖੀਆਂ ਉਲਝਣਾਂ ਤੇ ਅਜੀਬ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਕਈ ਜ਼ਾਲਮ ਤੇ ਜਾਬਰ ਸ਼ਕਤੀਆਂ ਨਾਲ ਸਿੱਧੀ ਜਾਂ ਅਸਿੱਧੀ ਟੱਕਰ ਵੀ ਲੈਣੀ ਪਈ ਸੀ। ਉਹ ਇਹ ਅਸਲੀਅਤ ਕੇਵਲ ਜਾਣਦੇ ਹੀ ਨਹੀ ਸਨ, ਸਗੋਂ ਸਮੂਹ ਸ਼ਰਧਾਲੂਆਂ ਨੂੰ ਸਮੇਂ ਸਮੇਂ ਦਸਦੇ ਵੀ ਰਹੇ ਸਨ ਕਿ ਹਰ ਮਨੁੱਖ ਨੂੰ ਇਸ ਸੰਸਾਰ ਵਿਚ ਵਿਚਰਦਿਆਂ ਅਤੇ ਸੁੱਖ, ਸ਼ਾਂਤੀ ਤੇ ਸਫਲਤਾ ਦੇ ਗੱਫੇ ਛਕਦਿਆਂ, ਰੱਬੀ ਰਜ਼ਾ ਅਨੁਸਾਰ, ਦੁਖ-ਦਰਦ ਤੇ ਵੈਰ-ਵਿਰੋਧ ਦੇ ਛਾਂਦੇ ਵੀ ਮਿਲਦੇ ਰਹਿਣੇ ਤੇ ਛਕਦੇ ਰਹਿਣੇ ਜ਼ਰੂਰੀ ਹਨ।

---

1. ਗੁਰੂ ਨਾਨਕ ਦੇਵ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਧਨਾਸਰੀ, ਪੰ. 661.

ਅਜਿਹੀ ਸੂਰਤ ਵਿਚ ਮਨੁੱਖੀ ਮਨ ਦਾ ਕਦੇ ਕਿਤੇ ਡੋਲ ਜਾਣਾ, ਨਿਰਾਸ ਹੋ ਜਾਣਾ, ਢਹਿੰਦੀ ਕਲਾ ਵਲ ਰੁਚਿਤ ਹੋ ਜਾਣਾ, ਇਕ ਸੁਭਾਵਕ ਗੱਲ ਹੈ। ਪਰ ਜਿਨ੍ਹਾਂ ਜੀਵਾਂ ਦੀ ਸੁਰਤ, ਉਪਰ ਦੱਸੇ ਅਨੁਸਾਰ, ਬਲਵਾਨ ਹੋ ਜਾਂਦੀ ਹੈ; ਜੋ ਇੱਕੋ ਅਕਾਲਪੁਰਖ ਦੀ ਟੇਕ ਦੇ ਵਿਸ਼ਵਾਸੀ ਹੋ ਜਾਂਦੇ ਹਨ; ਜਿਨ੍ਹਾਂ ਨੂੰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦਰ-ਘਰ ਤੇ ਰਹੁ-ਰੀਤ ਦੀ ਸੋਝੀ ਹੋ ਜਾਂਦੀ ਹੈ ; ਉਨ੍ਹਾਂ ਨੂੰ ਦੁਖ-ਸੁਖ, ਹਾਰ-ਜਿੱਤ, ਸ਼ਾਂਤੀ-ਅਸ਼ਾਂਤੀ, ਦੋਸਤੀ-ਦੁਸ਼ਮਨੀ ਇਕੋ ਜਹੀ ਪਰਤੀਤ ਹੋਣ ਲਗ ਪੈਂਦੀ ਹੈ :

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥ [2]

3

ਅਜਿਹੇ ਸੰਤੁਲਤ ਤੇ ਸੰਤੁਸ਼ਟ ਜੀਵ, ਇਸੇ ਕਰਕੇ , ਸਦਾ 'ਚੜ੍ਹਦੀ ਕਲਾ' ਵਿਚ ਵਿਚਰਦੇ ਰਹਿੰਦੇ ਹਨ। ਦੁਖ-ਦਰਦ ਜਾਂ ਨਫ਼ਾ-ਨੁਕਸਾਨ ਉਨ੍ਹਾਂ ਨੂੰ ਡੋਲਾਅ ਨਹੀਂ ਸਕਦਾ; ਵੈਰ-ਵਿਰੋਧ ਜਾਂ ਸ਼ਰਾਰਤ- ਸਾਜ਼ਸ਼ ਘਬਰਾਅ ਨਹੀਂ ਸਕਦੀ; ਮੁਸ਼ਕਲ-ਮੁਸੀਬਤ ਜਾਂ ਜ਼ੁਲਮ -ਜਬਰ ਭੈਭੀਤ ਨਹੀਂ ਕਰ ਸਕਦੇ। ਇਹ ਇਸ ਲਈ ਕਿ ਉਨ੍ਹਾਂ ਨੂੰ ਇਸ ਗੱਲ ਦਾ ਕੇਵਲ ਗਿਆਨ ਹੀ ਨਹੀਂ, ਨਿਸਚਾ ਵੀ ਹੋ ਜਾਂਦਾ ਹੈ ਕਿ :

ਦੁਖੁ ਨਾਹੀ, ਸਭੁ ਸੁਖੁ ਹੀ ਹੈ ਰੇ ! ਏਕੈ ਏਕੀ ਨੇਤੈ ।
ਬੁਰਾ ਨਹੀਂ ਸਭੁ ਭਲਾ ਹੀ ਹੈ ਰੇ ! ਹਾਰ ਨਹੀਂ, ਸਭ ਜੇਤੈ ।
ਸੋਗੁ ਨਹੀ, ਸਦਾ ਹਰਖ ਹੀ ਹੈ ਰੇ ! ਛੋਡਿ ਨਾਹੀ ਕਿਛੁ ਲੇਤੈ ।
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ! ਕਤ ਆਵੈ ਕਤ ਰਮਤੈ । [3]

ਇਸੇ ਲਈ ਉਹ ਆਪਣੀ ਆਤਮਕ ਸ਼ਾਂਤੀ ਤੇ ਮਾਨਸਕ ਸੰਤੁਲਨ ਨੂੰ ਕਾਇਮ ਰਖਦਿਆਂ, ਜੀਵਨ-ਸੰਘਰਸ਼ ਤੋਂ ਮੁੱਖ ਨਹੀਂ ਮੋੜਦੇ, ਨਿਸ਼ਾਨੇ ਤੋਂ ਥਿੜਕ ਨਹੀਂ ਜਾਂਦੇ, ਜ਼ਿੰਮੇਵਾਰੀ ਤੋਂ ਕੰਨੀ ਨਹੀਂ ਕਤਰਾਂਦੇ। ਉਹ ਤਾਂ ਸਗੋਂ ਬੜੇ ਮਘਦੇ ਚਾਅ, ਉਸਾਰੂ ਰੁਚੀ, ਅਡੋਲ ਬਿਰਤੀ ਤੇ ਆਸ਼ਾਵਾਦੀ ਦ੍ਰਿਸ਼ਟੀ ਨਾਲ ਹਰ ਔਕੜ ਦਾ ਉਪਾਅ ਸੋਚਦੇ; ਹਰ ਬਿਪਤਾ ਨੂੰ ਟਾਲਣ ਲਈ ਸਾਧਨ ਲਭਦੇ; ਅਤੇ ਹਰ ਉਲਝਣ ਨੂੰ ਸੁਲਝਾਉਣ ਲਈ, ਲੋੜ ਪੈਣ 'ਤੇ, ਆਪਣੇ ਤਰਾਣ ਤੇ ਪਰਾਣ ਵੀ ਨਿਛਾਵਰ ਕਰ ਦੇਂਦੇ ਹਨ। ਇਉਂ ਉਹ ਕੇਵਲ ਆਪਣੇ ਆਪ ਨੂੰ ਹੀ ਨਹੀਂ, ਆਪਣੇ ਸੰਗੀਆਂ, ਸਾਥੀਆਂ ਤੇ ਸੰਬੰਧੀਆਂ ਨੂੰ ਵੀ , ਹੇਠ-ਲਿਖੇ ਗੁਰੂ-ਬਚਨ ਅਨੁਸਾਰ, ਅਜਿਹੀ ਜਾਚ ਤੇ ਦਾਤ ਬਖ਼ਸ਼ ਕੇ ਸਦਾ 'ਚੜ੍ਹਦੀ ਕਲਾ' ਵਿਚ ਵਿਚਰਾਈ ਰਖਦੇ ਹਨ :

ਸਾਜਨੁ, ਬੰਧੁ, ਸੁਮਿਤ੍ਰੁ ਸੋ, ਹਰਿ ਨਾਮੁ ਹਿਰਦੈ ਦੇਇ ;
ਅਉਗਣ ਸਭਿ ਮਿਟਾਇ ਕੈ, ਪਰਉਪਕਾਰੁ ਕਰੇਇ । [4]

---

2. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਗਉੜੀ, ਪੰ. 186.
3. ਉਕਤ, ਰਾਗੁ ਕਾਨੜਾ, ਮ. 5, ਪੰ. 1302.
4. ਗੁਰੂ ਅਰਜਨ ਦੇਵ, ਉਕਤ, ਰਾਗੁ ਗਉੜੀ ਮਾਝ, ਪੰ. 218.

(2). *ਸਿੱਖ ਸਤਿਗੁਰਾਂ ਦੇ ਗੁਰਿਆਈ-ਕਾਲ ਵਿਚ*
(1469-1708 ਈ.)

ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਵਰੋਸਾਏ ਹੋਏ ਅਜਿਹੇ ਸੂਰਬੀਰ ਤੇ ਪਰਉਪਕਾਰੀ ਸੱਜਨਾਂ ਦੀ ਜੀਵਨ-ਕਥਾ ਤੇ ਘਾਲ-ਕਮਾਈ ਇਸ ਅਟੱਲ ਸਚਾਈ ਦੀ ਵੀ ਭਰਵੀਂ ਸਾਖ ਭਰਦੀ ਹੈ। ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਉਨ੍ਹਾਂ ਨੂੰ ਸਾਧਾਰਨ ਮਨੁੱਖ ਨਾਲੋਂ ਕਈ ਪੱਖੋਂ ਕਿਤੇ ਵਧ ਦੁਖ -ਤਸੀਹੇ ਸਹਿਣੇ ਪਏ ਸਨ ਅਤੇ ਕਈ ਪਰਕਾਰ ਦੇ ਜਫਰ ਵੀ ਜਾਲਣੇ ਪਏ ਸਨ। ਉਨ੍ਹਾਂ ਵਿਚੋਂ ਦੋ ਨੂੰ ਤਾਂ ਧਰਮ-ਕਰਮ, ਲੋਕ-ਹਿੱਤਾਂ ਤੇ ਮਾਨਵੀ ਅਧਿਕਾਰਾਂ ਦੀ ਰੱਖਿਆ ਕਰਦਿਆਂ, ਸਮਕਾਲੀ ਮੁਗ਼ਲ ਬਾਦਸ਼ਾਹਾਂ ਦੇ ਹੁਕਮਾਂ ਅਧੀਨ, ਆਪਣੀ ਜਾਨ ਤਕ ਵੀ ਨਿਛਾਵਰ ਕਰਨੀ ਪੈ ਗਈ ਸੀ।

I
ਪਹਿਲੀ ਪਾਤਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਜੀ, ਦੇ ਸਮੇਂ
(1469-1539 ਈ.)

ਖ਼ੁਦ ਸ੍ਰੀ ਗੁਰੂ ਨਾਨਕ ਦੇਵ ਜੀ[5] ਨੂੰ ਹੀ ਆਪਣਾ ਪਾਵਨ ਆਦਰਸ਼ ਪਾਲਣ ਅਤੇ ਮਹਾਨ ਕਰਤੱਵ ਨਿਭਾਉਣ ਲਈ ਜੋ ਮੁਸ਼ਕਲਾਂ ਤੇ ਮੁਸੀਬਤਾਂ ਪੇਸ਼ ਆਉਂਦੀਆਂ ਰਹੀਆਂ ਸਨ, ਉਨ੍ਹਾਂ ਦਾ ਕੇਵਲ ਬਿਆਨ ਹੀ ਲਫ਼ਜ਼ਾਂ ਦਾ ਮੁਥਾਜ ਹੈ। ਉਨ੍ਹਾਂ ਦੀ 'ਨਾਮ-ਖ਼ੁਮਾਰੀ' ਅਤੇ 'ਜਨ-ਸੇਵਾ' ਨੂੰ ਗ਼ਲਤ ਸਮਝਦਿਆਂ, ਕਿਸੇ ਨੇ ਉਨ੍ਹਾਂ ਨੂੰ 'ਕੁਰਾਹੀਆ', ਕਿਸੇ ਨੇ 'ਭੂਤਨਾ', ਕਿਸੇ ਨੇ 'ਮੂਰਖ' ਅਤੇ ਕਿਸੇ ਨੇ 'ਦੀਵਾਨਾ' ਤਕ ਆਖਿਆ; ਜਿਵੇਂ ਕਿ ਉਹ ਆਪ ਹੀ ਇਉਂ ਦਸ ਗਏ ਹਨ:

ਕੋਈ ਆਖੈ 'ਭੂਤਨਾ', ਕੋ ਕਹੈ 'ਬੇਤਾਲਾ';
ਕੋਈ ਆਖੈ 'ਆਦਮੀ', ਨਾਨਕੁ ਵੇਚਾਰਾ।
ਭਇਆ 'ਦਿਵਾਨਾ' ਸਾਹ ਕਾ, ਨਾਨਕੁ ਬਉਰਾਨਾ;
ਹਉ ਹਰਿ ਬਿਨੁ ਅਵਰੁ ਨ ਜਾਨਾ।[6]

ਪਰ ਉਨ੍ਹਾਂ ਨੇ ਕਿਸੇ ਵੀ ਅਜਿਹੀ ਅੱਲ ਜਾਂ ਊਜ, ਮਿਹਣੇ ਜਾਂ ਤਾਅਨੇ, ਧਮਕੀ ਜਾਂ ਡਰਾਵੇ ਦੀ ਕੋਈ ਪਰਵਾਹ ਨਹੀਂ ਕੀਤੀ। ਉਹ ਤਾਂ ਅੰਤਮ ਸੁਆਸਾਂ ਤਕ ਆਪਣੇ ਉਸ ਮਿਸ਼ਨ ਤੇ ਆਦਰਸ਼ ਉਤੇ ਉਵੇਂ ਹੀ, ਸੰਪੂਰਨ 'ਚੜ੍ਹਦੀ ਕਲਾ'

---

5. ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ; ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ), ਜ਼ਿਲ੍ਹਾ ਸ਼ੇਖ਼ੂਪੁਰਾ, ਵਿਚ 20 ਵਿਸਾਖ (ਸੁਦੀ 3), 1526 ਬਿ., ਮੁਤਾਬਕ 15 ਅਪ੍ਰੈਲ 1469 ਈ. ਨੂੰ ਹੋਇਆ ਸੀ। ਆਪ ਜੀ 7 ਅੱਸੂ (ਸੁਦੀ 10) 1596 ਬਿ., ਮੁਤਾਬਕ 7 ਸਤੰਬਰ 1539 ਈ. ਨੂੰ, ਕਰਤਾਰਪੁਰ ਰਾਵੀ, ਜ਼ਿਲ੍ਹਾ ਗੁਰਦਾਸਪੁਰ, ਵਿਚ ਜੋਤੀ-ਜੋਤਿ ਸਮਾਏ ਸਨ। (ਹੁਣ ਤਕ ਮਿਲੀਆਂ ਵਿਚੋਂ ਸਭ ਤੋਂ ਪੁਰਾਣੀ ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਿਤ ਵਲੋਂ ਭਾ. ਵੀਰ ਸਿੰਘ, ਅੰਮ੍ਰਿਤਸਰ -1926, ਤੀਜੀ ਛਾਪ-1948, ਪੰ.1 ਅਤੇ ਮਾਖ਼ਿਜ਼ੇ ਤਵਾਰੀਖ਼ੇ ਸਿੱਖਾਂ, ਸੰਪਾਦਿਤ ਵਲੋਂ ਡਾ. ਗੰਡਾ ਸਿੰਘ, ਅੰਮ੍ਰਿਤਸਰ-1949 ਈ., ਪੰ. 3 ਅਨੁਸਾਰ)।

6. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਮਾਰੂ, ਪੰ. 991.
ਹੋਰ ਵੇਖੋ: ਰਾਗੁ ਪ੍ਰਭਾਤੀ, ਮ. 1, ਪੰ:1330.

ਵਿਚ, ਪਰਪੱਕ ਰਹੇ [7] ਜੋ 1499 ਵਿਚ ਸੁਲਤਾਨਪੁਰ ਵਿਖੇ ਵੇਈਂ ਨਦੀ ਤੋਂ ਬਾਹਰ ਆਉਂਦਿਆਂ ਹੀ, ਉਨ੍ਹਾਂ ਦੇ ਪਾਵਨ ਮੁੱਖੋਂ ਨਿਕਲੇ ਇਸ ਪਹਿਲੇ ਗੜ੍ਹਗੱਜਵੇਂ ਤੇ ਇਨਕਲਾਬੀ ਵਾਕ ਨਾਲ ਆਰੰਭ ਹੋਇਆ ਸੀ :

ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ । [8]

ਪੰਦਰਵੀਂ ਸਦੀ ਦੇ ਹਿੰਦੁਸਤਾਨ ਵਿਚ, ਇਸਲਾਮੀ ਰਾਜ ਦੇ ਬੋਲ-ਬਾਲੇ ਸਮੇਂ, ਅਜਿਹਾ ਨਿਰਭੈ ਕਥਨ ਕੋਈ ਅਜਿਹਾ ਮਹਾਂਪੁਰਸ਼ ਹੀ ਉਚਾਰ ਸਕਦਾ ਸੀ ਜਿਸ ਦਾ ਦਿਲ ਪ੍ਰਭੂ-ਪ੍ਰੀਤ, ਮਾਨਵ-ਪਿਆਰ ਤੇ ਉੱਚਤਮ 'ਚੜ੍ਹਦੀ ਕਲਾ' ਨਾਲ ਓਤਪੋਤ ਸੀ।

ਉਹ ਤਾਂ ਇਸ ਤੋਂ ਫ਼ੌਰਨ ਬਾਅਦ, ਰੱਬੀ ਸੰਦੇਸ਼ ਤੇ ਉਪਦੇਸ਼ ਨੂੰ ਦੇਸ-ਪਰਦੇਸ ਪਰਚਾਰਨ ਤੇ ਪਸਾਰਨ ਲਈ ਬੜੇ ਹੀ ਭਿਆਨਕ ਹਾਲਾਤ ਵਿਚ, ਮਾਨੋ ਹਰ ਤਰ੍ਹਾਂ ਦਾ ਖ਼ਤਰਾ ਮੁੱਲ ਲੈ ਕੇ, ਥਾਂਉ-ਥਾਂ ਵਿਚਰਦੇ ਰਹੇ। ਉਹ ਸੱਜਣ ਵਰਗੇ ਕਾਤਲ ਠੱਗਾਂ ਦੀਆਂ ਕਤਲਗਾਹਾਂ, ਮਜ਼ਬੀ ਜਨੂਨੀਆਂ ਦੇ ਡੇਰਿਆਂ, ਖ਼ੌਫ਼ਨਾਕ ਜਾਦੂਗਰਾਂ ਦੇ ਅੱਡਿਆਂ ਅਤੇ ਕੌਡੇ ਵਰਗੇ ਆਦਮਖੋਰਾਂ ਦੇ ਖੇਤਰਾਂ ਵਿਚ ਨਿਰਭੈ ਰਮਦੇ ਰਹੇ। ਉਹ ਇਕ ਦੂਜੇ ਦੇ ਸਖ਼ਤ ਵਿਰੋਧੀ ਹਿੰਦੂਆਂ, ਮੁਸਲਮਾਣਾਂ, ਜੈਨੀਆਂ, ਜੋਗੀਆਂ ਤੇ ਬੋਧੀਆਂ ਆਦਿ ਦੇ ਪ੍ਰਸਿੱਧ ਧਰਮ-ਕੇਂਦਰਾਂ ਵਿਚ ਵੀ ਜਾਂਦੇ ਤੇ ਰਹਿੰਦੇ ਰਹੇ। ਉਨ੍ਹਾਂ ਨਾਲ ਉਨ੍ਹਾਂ ਦੇ ਧਰਮ-ਸਿਧਾਂਤ ਬਾਰੇ ਵਿਚਾਰ-ਵਟਾਂਦਰੇ ਕਰਦੇ ਅਤੇ ਉਨ੍ਹਾਂ ਦੇ ਧਰਮ-ਖੇਤਰਾਂ ਵਿਚ ਪਰਚਲਤ ਕਈ ਵਿਚਾਰਾਂ ਤੇ ਵਿਹਾਰਾਂ ਦੀ ਇਕ ਪਾਸੇ ਤਾਂ ਖੁਲ੍ਹੇ-ਆਮ ਟੀਕਾ-ਟਿੱਪਣੀ ਵੀ ਕਰਦੇ ਰਹੇ ਅਤੇ ਦੂਜੇ ਪਾਸੇ ਸੱਚੇ-ਸੁੱਚੇ ਧਰਮ ਤੇ ਸਦਾਚਾਰ ਦੀ ਦੱਸ ਪਾਉਂਦਿਆਂ, ਉਨ੍ਹਾਂ ਨੂੰ ਉਨ੍ਹਾਂ ਦੇ ਧਾਰਨੀ ਹੋਣ ਲਈ ਪਰੇਰਦੇ ਵੀ ਰਹੇ। ਮਿਸਾਲ ਵਜੋਂ, ਹੇਠ-ਲਿਖੇ ਅਨੁਸਾਰ :

(ੳ) ਹਿੰਦੂਆਂ ਨੂੰ ਇਉਂ :

1. ਚਉਕਾ ਦੇ ਕੈ ਸੁਚਾ ਹੋਇ ;
ਐਸਾ ਹਿੰਦੂ ਵੇਖਹੁ ਕੋਇ ! [9]

---

7. ਗੁਰੂ ਬਾਬੇ ਦੀ ਅਜਿਹੀ ਪਰਪੱਕਤਾ ਤੇ ਦ੍ਰਿੜ੍ਹਤਾ ਨੂੰ ਉਨ੍ਹਾਂ ਦੀ ਕਲਯੁਗ ਨਾਲ ਹੋਈ ਗੋਸ਼ਟ ਦਾ ਜ਼ਿਕਰ ਕਰਦਿਆਂ, ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

ਕਲੂ ਚਾਹੈਂ ਪਾਪੀ ਡੁਬ ਜਾਇੰ,ਬਾਬਾ ਚਾਹੈਂ ਉਨ ਪਾਰ ਲੰਘਾਇੰ।
ਬਾਬਾ ਅਪਨੀ ਛਡੇ ਨ ਬਾਣ,ਤਾਰਯੋ ਚਾਹੈਂ ਸਗਲ ਜਹਾਨ ।......
ਹਮ ਚਾਹੈਂ ਨਿਜ ਅਦਲ ਬਹਾਯਾ, ਨਾਨਕ ਚਾਹੈਂ ਨਿਜ ਧਰਮ ਬਰਤਾਯਾ।

(ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ-1842 ਈ., 'ਕਲਜੁਗ ਔ ਬਾਬੇ ਕੀ ਗੋਸਟ ਕਾ ਪ੍ਰਸੰਗ ਕਲਜੁਗ ਨੂੰ ਫਿਕਰ', ਪ੍ਰਸੰਗ ਨੰ. 6; ਸੰਪਾਦਿਤ ਵਲੋਂ ਭਾ. ਵੀਰ ਸਿੰਘ, ਅੰਮ੍ਰਿਤਸਰ -1914 ਈ., ਪੰਜਵੀਂ ਛਾਪ- 1982 ਈ., ਪੰ. 27).

8. ਵੇਖੋ : *The most ancient biography of Baba Nanak, the Founder of the Sikh Religion*, edited by M. Macauliffe: ਜਨਮਸਾਖੀ ਬਾਬੇ ਨਾਨਕ ਕੀ, ਰਾਵਲਪਿੰਡੀ-1885, ਸਾਖੀ ਨੰ. 11, ਪੰ. 37; ਪੁਰਾਤਨ ਜਨਮ ਸਾਖੀ, ਸੰਪਾਦਿਤ ਵਲੋਂ ਭਾਈ ਵੀਰ ਸਿੰਘ, ਉਹੀ, ਸਾਖੀ ਨੰ. 11, ਪੰ. 19.

9. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਰਾਮਕਲੀ, ਪੰ. 951.

2. ਹਿੰਦੂ ਮੂਲੇ ਭੂਲੇ, ਅਖੁਟੀ ਜਾਂਹੀ,
ਨਾਰਦਿ ਕਹਿਆ ਸਿ ਪੂਜ ਕਰਾਂਹੀ।[10]...
3. ਪਾਥਰੁ ਲੇ ਪੂਜਹਿ ਮੁਗਧ ਗਵਾਰ;
ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ ?[11]
4. ਛੁਰੀ ਵਗਾਇਨਿ ਤਿਨ ਗਲਿ ਤਾਗ।[12]

(ਅ) ਮੁਸਲਮਾਣਾਂ ਨੂੰ ਇਉਂ :
1. ਮਿਹਰ ਮਸੀਤਿ, ਸਿਦਕੁ ਮੁਸਲਾ ; ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ।[13]
2. ਮਾਣਸਖਾਣੇ, ਕਰਹਿ ਨਿਵਾਜ।[14]
3. ਦਾਨਸਬੰਦੁ ਸੋਈ, ਦਿਲਿ ਧੋਵੈ;
ਮੁਸਲਮਾਣੁ ਸੋਈ, ਮਲੁ ਖੋਵੈ।[15]

(ੲ) ਜੈਨੀਆਂ ਨੂੰ ਇਉਂ :
1. ਇਕਿ ਜੈਨੀ ਉਝੜ ਪਾਇ, ਧੁਰਹੁ ਖੁਆਇਆ;
ਤਿਨ ਮੁਖਿ ਨਾਹੀ ਨਾਮੁ, ਨ ਤੀਰਥਿ ਨ੍ਾਇਆ।.....
ਹਥੀ ਸਿਰ ਖੋਹਾਇ, ਨ ਭਦੁ ਕਰਾਇਆ।
ਕੁਚਿਲ ਰਹਹਿ ਦਿਨ ਰਾਤਿ, ਸਬਦੁ ਨ ਭਾਇਆ।...
ਬਿਨੁ ਸਬਦੈ, ਆਚਾਰੁ ਨ ਕਿਨ ਹੀ ਪਾਇਆ।.....[16]
2. ਸਿਰੁ ਖੋਹਾਇ ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ।
ਫੋਲਿ ਫਦੀਹਤਿ, ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ।...[17]

(ਸ) ਜੋਗੀਆਂ ਨੂੰ ਇਉਂ :
1. ਸੋ ਜੋਗੀ, ਜੋ ਜੁਗਤਿ ਪਛਾਣੈ,
ਗੁਰਪਰਸਾਦੀ ਏਕੋ ਜਾਣੈ।.....[18]

---

10. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਬਿਹਾਗੜਾ, ਪੰ. 556.
11. ਉਕਤ, ਰਾਗੁ ਬਿਹਾਗੜਾ, ਪੰ. 556.
12. ਉਕਤ, ਉਹੀ, ਰਾਗੁ ਆਸਾ, ਪੰ. 471.
13. ਉਕਤ, ਰਾਗੁ ਮਾਝ, ਪੰ. 140.
14. ਉਕਤ, ਰਾਗੁ ਆਸਾ, ਪੰ. 471.
15. ਉਕਤ, ਰਾਗੁ ਧਨਾਸਰੀ, ਪੰ. 662.
16. ਉਕਤ, ਰਾਗੁ ਮਲਾਰ, ਪੰ. 1285.
17. ਉਕਤ, ਰਾਗੁ ਮਾਝ, ਪੰ. 149.
18. ਉਕਤ, ਰਾਗੁ ਧਨਾਸਰੀ, ਪੰ. 662.

2. ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ ।
ਜੋਗੁ ਨ ਮੁੰਦੀ, ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗੁ ਜੁਗਤਿ ਇਵ ਪਾਈਐ ।
ਗਲੀ ਜੋਗੁ ਨ ਹੋਈ ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ;
ਜੋਗੀ ਕਹੀਐ ਸੋਈ ।[19]

ਗੁਰੂਦੇਵ ਨੇ ਉਨ੍ਹਾਂ ਦੇ ਕਈ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸ਼ਾਂ ਦਾ ਪਾਜ ਉਘਾੜਨ ਅਤੇ ਉਨ੍ਹਾਂ ਨੂੰ ਅਕਾਲਪੁਰਖ ਦਾ ਦਸਿਆ ਹੋਇਆ ਸੱਚਾ ਤੇ ਸਾਵਾਂ-ਪੱਧਰਾ ਰਾਹ ਦਰਸਾਉਣ ਲਈ, ਕਈ 'ਉਲਟੇ ਖੇਲ' ਤੇ ਅਨੋਖੇ ਕਾਰਜ ਵੀ ਕੀਤੇ[20] ਜਿਨ੍ਹਾਂ ਦੇ ਫਲ-ਸਰੂਪ, ਸਥਾਪਤ ਧਰਮ ਦੇ ਪੈਰੋਕਾਰਾਂ ਤੇ ਠੇਕੇਦਾਰਾਂ ਵਲੋਂ ਹਰ ਤਰ੍ਹਾਂ ਦੀ ਮੁਲਾਮਤ ਤੇ ਮੁਖ਼ਾਲਫ਼ਤ ਵੀ ਸਹੇੜੀ । ਉਦਾਹਰਣ ਵਜੋਂ, ਉਨ੍ਹਾਂ ਦੇ ਸਭ ਤੋਂ ਪਹਿਲੇ ਤੇ ਭਰੋਸੇਯੋਗ 'ਬਿਰਤਾਂਤਕਾਰ', ਭਾਈ ਗੁਰਦਾਸ ਜੀ (1551-1636 ਈ.)ਦੀ ਦੱਸ ਅਨੁਸਾਰ :

1. ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰ ਇਕੁ ਦਿਖਾਇਆ ।
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕੁ ਵਰਨੁ ਕਰਾਇਆ ।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ।
'ਉਲਟਾ ਖੇਲੁ' ਪਿਰੰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ ।
ਕਲਿਜੁਗੁ ਬਾਬੇ ਤਾਰਿਆ; 'ਸਤਿਨਾਮੁ' ਪੜਿ ਮੰਤ੍ਰ ਸੁਣਾਇਆ ।[21]

2. ਬਾਬਾ ਫਿਰਿ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ ।.....
ਆਸਾ ਹਥ ਕਿਤਾਬ ਕਛਿ, ਕੂਜਾ ਬਾਗ ਮੁਸਲਾ ਧਾਰੀ ।
ਬੈਠਾ ਜਾਇ ਮਸੀਤ ਵਿਚਿ, ਜਿਥੇ ਹਾਜੀ ਹਜਿ ਗੁਜਾਰੀ ।
ਜਾ ਬਾਬਾ ਸੁਤਾ ਰਾਤਿ ਨੋ, ਵਲਿ ਮਹਿਰਾਬੇ ਪਾਇ ਪਸਾਰੀ ।
ਜੀਵਣਿ ਮਾਰੀ ਲਤਿ ਦੀ, ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ?
ਲਤਾਂ ਵਲਿ ਖ਼ੁਦਾਇ ਦੇ, ਕਿਉਂਕਰ ਪਇਆ ਹੋਇ ਬਜਿਗਾਰੀ ।
ਟੰਗੋਂ ਪਕੜਿ ਘਸੀਟਿਆ,ਫਿਰਿਆ ਮਕਾ ਕਲਾ ਦਿਖਾਰੀ ।..[22]

ਪਰ ਹਰ ਅਜਿਹੀ ਹਾਲਤ, ਸਮੇਂ ਤੇ ਸਥਿਤੀ ਦੌਰਾਨ ਵੀ ਆਪ ਹਮੇਸ਼ਾ 'ਚੜ੍ਹਦੀ ਕਲਾ' ਵਿਚ ਵਿਚਰਦੇ ਰਹੇ ; ਅਤੇ

---

19. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸੂਹੀ, ਪੰ. 730.

20. ਜਿਵੇਂ ਸੂਰਜ-ਗ੍ਰਹਿਣ ਦੇ ਅਵਸਰ 'ਤੇ, ਕੁਰੂਕਸ਼ੇਤਰ ਵਿਚ ਮਾਸ ਰਿੰਨ੍ਹਣਾ; ਹਰਿਦਵਾਰ ਵਿਚ ਪਿਤਰ-ਪੂਜਾ ਸਮੇਂ ਚੜ੍ਹਦੇ ਸੂਰਜ ਵਲ ਪਾਣੀ ਉਛਾਲਣ ਦੀ ਥਾਂ ਪੁੱਠੇ ਪਾਸੇ (ਕਰਤਾਰਪੁਰ ਵਲ) ਪਾਣੀ ਉਛਾਲਣਾ; ਅਤੇ ਮੱਕੇ ਵਿਚ ਕਾਬੇ ਵਲ ਪੈਰ ਪਸਾਰ ਕੇ ਸੌਂ ਜਾਣਾ; ਇਤਿਆਦਿ ।

21. ਭਾਈ ਗੁਰਦਾਸ, ਵਾਰਾਂ, ਅੰਮ੍ਰਿਤਸਰ -1600 (ਲਪ); ਵਾਰ 1, ਪਉੜੀ 23; ਗਿ. ਹਜ਼ਾਰਾ ਸਿੰਘ ਤੇ ਡਾ. ਵੀਰ ਸਿੰਘ ਵਲੋਂ ਸਟਿਪਿਤ ਅਤੇ ਸੰਪਾਦਿਤ, ਅੰਮ੍ਰਿਤਸਰ -1911: ਜੱਗੀ, ਡਾ. ਗੁਰਸ਼ਰਨ ਕੌਰ ਵਲੋਂ ਸੰਪਾਦਿਤ ਤੇ ਸਟਿਪਿਤ, ਪਟਿਆਲਾ-1987, ਪੰ. 69.

22. ਉਕਤ ਵਾਰ ਨੰ. 1, ਪਉੜੀ ਨੰ. 32 ; ਉਕਤ, ਪੰਨੇ 71-72.

ਆਪਣੇ ਮਿਸ਼ਨ ਵਿਚ ਦਰਿੜ੍ਹ ਤੇ ਆਦਰਸ਼ ਵਿਚ ਪਰਪੱਕ ਰਹੇ।

2

ਹੋਰ ਤਾਂ ਹੋਰ, ਸੋਲ੍ਹਵੀਂ ਸਦੀ ਦੇ ਅਸੱਭਯ ਤੇ ਅਸ਼ਾਂਤ ਏਸ਼ੀਆ ਵਿਚ, ਅਰਬ ਦੇ ਮੱਕੇ ਅਤੇ ਇਰਾਕ ਦੇ ਬਗ਼ਦਾਦ ਵਰਗੇ ਦੂਰ-ਦੁਰਾਡੇ ਇਸਲਾਮੀ ਗੜ੍ਹਾਂ ਵਿਖੇ ਆਪ ਪਹੁੰਚ ਕੇ ਅਤੇ ਉਥੇ ਸਥਾਪਿਤ ਪੀਰਾਂ, ਹਾਜੀਆਂ ਤੇ ਮੁੱਲਾਂਣਿਆਂ ਆਦਿ ਨਾਲ ਆਢੇ ਲਾਉਣ ਅਤੇ ਉਨ੍ਹਾਂ ਦੀਆਂ ਹੈਰਾਨ ਤੇ ਪਰੇਸ਼ਾਨ ਕਰਨ ਵਾਲੀਆਂ ਪੁੱਛਾਂ ਦੇ ਵੀ ਅਜਿਹੀ ਦਲੇਰੀ, ਬੇਬਾਕੀ ਤੇ ਨੇਕਦਿਲੀ ਨਾਲ ਇਹੋ ਜਿਹੇ ਜਵਾਬ ਦੇਣ ਦੀ ਬਾਕਮਾਲ ਜੁਰੱਅਤ ਤੇ ਲਿਆਕਤ ਵੀ ਅਜਿਹੀ 'ਚੜ੍ਹਦੀ ਕਲਾ' ਦੇ ਸਾਕਾਰ ਰੂਪ, 'ਜਗਤ-ਗੁਰ ਬਾਬਾ ਨਾਨਕ', ਦੇ ਹਿੱਸੇ ਹੀ ਆਈ ਸੀ :

ਪੁਛਨਿ ਗਲ ਈਮਾਨਿ ਦੀ, ਕਾਜੀ ਮੁਲਾ ਇਕਠੇ ਹੋਈ॥
ਵਡਾ ਸਾਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਖੋਲਿ ਕਿਤਾਬ ਨੋ, "ਹਿੰਦੂ ਵਡਾ ਕਿ ਮੁਸਲਮਾਨੋਈ" ?
ਬਾਬਾ ਆਖੇ ਹਾਜੀਆਂ, "ਸੁਭਿ ਅਮਲਾ ਬਾਝਹੁ ਦੋਨੋ ਰੋਈ"।
ਹਿੰਦੂ ਮੁਸਲਮਾਨ ਦੁਇ, ਦਰਗਹ ਅੰਦਰ ਲਹਨਿ ਨ ਢੋਈ।....
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ" ।[23]

ਇਉਂ ਹੀ, ਬਨਾਰਸ ਦੇ ਉਦੇਕੇ ਪੰਡਿਤਾਂ ਅਤੇ ਸੁਮੇਰ ਦੇ ਸਿੱਧਾਂ ਪਾਸ ਖ਼ੁਦ ਆਪ ਜਾ ਕੇ, ਗੋਸ਼ਟਾ ਕਰਨ ਅਤੇ ਆਪੋ-ਆਪਣੇ ਕਰਤੱਵ ਪਾਲਨ ਲਈ ਉਨ੍ਹਾਂ ਨੂੰ ਇਉਂ ਵੰਗਾਰਨ ਦੀ ਬੇਜੋੜ ਹਿੰਮਤ ਤੇ ਜੁਰੱਅਤ ਵੀ ਗੁਰੂ ਨਾਨਕ ਦੇਵ ਹੀ ਕਰ ਸਕੇ ਸਨ :

1. ਸੁਣਿ ਪੰਡਿਤ ਕਰਮਾਕਾਰੀ!
ਜਿਤੁ ਕਰਮਿ ਸੁਖੁ ਊਪਜੈ ਭਾਈ! ਸੁ ਆਤਮ ਤਤੁ ਬੀਚਾਰੀ।
ਸਾਸਤੁ ਬੇਦੁ ਬਕੈ ਖੜੋ ਭਾਈ! ਕਰਮ ਕਰਹੁ ਸੰਸਾਰੀ।
ਪਾਖੰਡਿ ਮੈਲੁ ਨ ਚੂਕਈ ਭਾਈ! ਅੰਤਰਿ ਮੈਲੁ ਵਿਕਾਰੀ।.....[24]

2. ਫਿਰਿ ਪੁਛਣ ਸਿਧਿ ਨਾਨਕਾ!
"ਮਾਤ ਲੋਕ ਵਿਚਿ ਕਿਆ ਵਰਤਾਰਾ"?
ਬਾਬੇ ਆਖਿਆ, "ਨਾਥ ਜੀ! ਸਚੁ ਚੰਦ੍ਰਮਾ, ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ, ਹਉ ਭਾਲਣਿ ਚੜਿਆ ਸੰਸਾਰਾ।....
ਸਿਧ ਛਪਿ ਬੈਠੇ ਪਰਬਤੀ ; ਕਉਣ ਜਗਤਿ ਕਉ ਪਾਰਿ ਉਤਾਰਾ ?
ਜੋਗੀ ਗਿਆਨ ਵਿਹੂਣਿਆ, ਨਿਸਦਿਨਿ ਅੰਗਿ ਲਗਾਇਨ ਛਾਰਾ। .....[25]

ਤਦੇ ਤਾਂ, ਆਪ ਵਲੋਂ ਸੰਚਾਲਿਤ ਧਰਮ ਬਾਰੇ ਪੱਛਮੀ ਸੰਸਾਰ ਵਿਚ ਸ਼ਾਇਦ ਸਭ ਤੋਂ ਪਹਿਲਾਂ ਛਪੇ ਰੇਖਾ-

---

23. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ. 1, ਪਉੜੀ ਨੰ. 33; ਸੰਪਾਦਿਤ ਪਾਠ, ਪੰ. 72.
24. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸੋਰਠਿ, ਪੰ. 635.
25. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ.1, ਪਉੜੀ ਨੰ. 29; ਉਕਤ, ਪੰ. 71.

ਚਿੱਤਰ, *Sketch of the Sikhs*, ਦੇ ਵਿਦਵਾਨ ਲੇਖਕ, ਲੈਫ਼ਟੀਨੈਂਟ ਕਰਨਲ ਸਰ ਜਾਨ ਮੈਲਕਮ,[26] ਨੇ ਆਪ ਜੀ ਦੇ ਕੰਮ-ਕਿਰਦਾਰ ਦਾ ਜ਼ਿਕਰ ਕਰਦਿਆਂ ਸੰਨ 1812 ਵਿਚ ਲਿਖਿਆ ਸੀ : It would be difficult to give the character of Nanak on the authority of any account we yet possess. His writings, especially the first chapters of Adi-Granth, will, if ever translated,[27] be perhaps a criterion by which he may be fairly judged; but the great eminence which he obtained, and the success with which he combated the opposition which he met, afford ample reason to conclude that he was a man of more than common genius; and this favourable impression of his character will be confirmed by a consideration of the object of his life, and the means he took to accomplish it. Born in a province on the extreme verge of India, at the very point where the religion of Muhammed and the idolatrous worship of the Hindus appeared to touch, and at a moment when both these tribes cherished the most violent rancour and animosty towards each other, his great aim was to blend those jarring elements in peaceful union, and he only endeavoured to effect this purpose through the means of mild pursuation. His wish was to recall both Muhammedans and Hindus to an exclusive attention to that sublimest of all principles, which inculcates devotion to God, and peace towards man. He had to combat the furious bigotry of the one, and the deep-rooted superstition of the other; but he attempted to overcome all obstacles by the force of reason and humanity. And we cannot have a more convincing proof of the general character of that doctrine which he taught, and the inoffensive light in which it was viewed, than the knowledge that its success did not rouse the bigotry of the intolerant and tyrannical Muhammedan government under which he lived.[28] ਅਰਥਾਤ, "ਸਾਨੂੰ ਹੁਣ ਤਕ ਪਰਾਪਤ ਹੋ ਸਕੇ ਕਿਸੇ ਵੀ ਬਿਰਤਾਂਤ ਦੇ ਆਧਾਰ 'ਤੇ ਗੁਰੂ ਨਾਨਕ ਸਾਹਿਬ ਦੇ ਚਰਿੱਤਰ ਤੇ ਵਿਸ਼ੇਸ਼ ਗੁਣਾਂ ਨੂੰ ਬਿਆਨਣਾ ਕਠਨ ਹੈ। ਉਨ੍ਹਾਂ ਦੀਆਂ ਲਿਖਤਾਂ, ਖ਼ਾਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਕਾਂਡ, ਜਦੋਂ ਕਦੇ ਵੀ ਉਹ ਅਨੁਵਾਦੇ ਗਏ[27] ਉਨ੍ਹਾਂ ਨੂੰ ਜੋਖਣ-ਪਰਖਣ ਲਈ ਸ਼ਾਇਦ ਇਕ ਕਸੌਟੀ ਬਣ ਜਾਣਗੇ। ਪਰ ਜੋ ਮਹਾਨ ਪ੍ਰਸਿੱਧੀ ਉਨ੍ਹਾਂ ਨੂੰ ਪਰਾਪਤ ਹੋਈ, ਅਤੇ ਜਿਸ ਸਫ਼ਲਤਾ ਨਾਲ ਉਨ੍ਹਾਂ ਨੇ ਆਪਣੇ ਪੇਸ਼ ਆਏ ਵਿਰੋਧ ਦਾ ਸਾਹਮਣਾ ਕੀਤਾ ਸੀ, ਇਸ ਨਤੀਜੇ ਤੇ ਪਹੁੰਚਣ ਲਈ ਚੋਖੀ ਦਲੀਲ ਹੈ ਕਿ ਉਹ ਇਕ ਅਸਾਧਾਰਨ ਨਾਲੋਂ ਵੀ ਵਧੇਰੇ ਤੀਖਣ ਪ੍ਰਤਿਭਾ ਦੇ ਮਾਲਕ ਸਨ ਅਤੇ ਉਨ੍ਹਾਂ ਦੇ ਚਰਿੱਤਰ ਦੇ ਇਸ ਸ਼ੁਭ ਤੇ ਸ਼ਲਾਘਾਯੋਗ ਪਰਭਾਵ ਦੀ ਪੁਸ਼ਟੀ ਉਨ੍ਹਾਂ ਦੇ ਜੀਵਨ-ਮਨੋਰਥ ਤੇ ਉਸ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਵਲੋਂ ਵਰਤੇ

26. ਜੋ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਸਮਝੌਤਾ ਕਰਨ ਲਈ ਮੈਟਕਾਫ਼ ਮਿਸ਼ਨ ਨਾਲ ਸੰਨ 1809 ਵਿਚ ਪੰਜਾਬ ਆਏ ਸਨ।
27. ਜੋ ਉਦੋਂ, ਭਾਵ ਸੰਨ 1811-12 ਤਕ, ਪੱਛਮੀ ਦੁਨੀਆਂ ਲਈ ਮਾਨੋ ਇਕ ਬੰਦ ਕਿਤਾਬ ਹੀ ਸਨ।
28. Malcolm, Lt.Col. Sir John, *Sketch of the Sikhs*, London-1812, pp. 22-25.

ਗਏ ਸਾਧਨਾਂ ਦੇ ਵਿਚਾਰ ਰਾਹੀਂ ਹੀ ਹੋ ਜਾਏਗੀ। ਹਿੰਦੁਸਤਾਨ ਦੇ ਉਸ ਆਖ਼ਰੀ ਕਿੰਗਰੇ ਉੱਤੇ ਵਾਕਿਆ ਇਕ ਪਰਾਂਤ ਵਿਚ ਪੈਦਾ ਹੋ ਕੇ ਐਨ ਉਸ ਥਾਂ ਜਿਥੇ ਮੁਸਲਮਾਨੀ ਮਜ਼੍ਹਬ ਤੇ ਹਿੰਦੂ ਬੁਤਪ੍ਰਸਤੀ ਦੋਵੇਂ ਆਪੋ ਵਿਚ ਖਹਿਸਰ ਰਹੇ ਸਨ ਅਤੇ ਐਨ ਅਜਿਹੇ ਸਮੇਂ ਜਦੋਂ ਇਹ ਦੋਵੇਂ ਜਾਤੀਆਂ ਇਕ ਦੂਜੇ ਨਾਲ ਭਰਵੀਂ ਹਿੰਸਾਤਮਕ ਰੜਕ ਤੇ ਵੈਰ-ਭਾਵ ਵਿਚ ਗੁੱਸੀਆਂ ਹੋਈਆਂ ਸਨ, ਉਨ੍ਹਾਂ ਦਾ ਮਹਾਨ ਮੰਤਵ ਇਨ੍ਹਾਂ ਝਗੜਾਲੂ ਤੱਤਾਂ ਨੂੰ ਸ਼ਾਂਤਮਈ ਮੇਲ-ਮਿਲਾਪ ਵਿਚ ਇਕਸੁਰ ਕਰਨਾ ਸੀ। ਅਤੇ ਇਹ ਮੰਤਵ ਉਨ੍ਹਾਂ ਨੇ ਸੁਖਾਵੀਂ ਪਰੇਰਨਾ ਦੇ ਸਾਧਨਾਂ ਰਾਹੀਂ ਹੀ ਨਜਿੱਠਣ ਦਾ ਭਰਵਾਂ ਜਤਨ ਕੀਤਾ ਸੀ। ਉਹ ਮੁਸਲਮਾਨਾਂ ਤੇ ਹਿੰਦੂਆਂ ਦਾ ਨਿਜਖੀਵਾਂ ਧਿਆਨ ਉਸ ਉੱਚਤਮ ਸਿਧਾਂਤ ਵਲ ਦੁਆਨਾ ਚਾਹੁੰਦੇ ਸਨ ਜੋ ਪ੍ਰਭੂ ਲਈ ਭਗਤੀ ਅਤੇ ਮਨੁੱਖ ਨਾਲ ਮੇਲ-ਮਿਲਾਪ ਗ੍ਰਹਿਣ ਕਰਾਉਂਦਾ ਹੈ। ਉਨ੍ਹਾਂ ਨੂੰ ਇਕ ਧਿਰ ਦੀ ਭਿਅੰਕਰ ਕੱਟੜਤਾ ਅਤੇ ਦੂਜੇ ਦੀ ਦੀਰਘ ਵਹਿਮਪ੍ਰਸਤੀ ਨਾਲ ਜੂਝਣਾ ਪੈ ਗਿਆ ਸੀ; ਪਰ ਉਨ੍ਹਾਂ ਨੇ ਸਾਰੀਆਂ ਰੁਕਾਵਟਾਂ ਦਲੀਲ ਤੇ ਦਰਦਮੰਦੀ ਦੇ ਜ਼ੋਰ ਨਾਲ ਸਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਤੇ ਜੋ ਸਿਧਾਂਤ ਉਨ੍ਹਾਂ ਨੇ ਸਿਖਾਇਆ ਸੀ ਤੇ ਜਿਸ ਅਘਿਰਣਿਤ ਦਰਿਸ਼ਟੀ ਤੋਂ ਉਹ ਵੇਖਿਆ-ਵਿਚਾਰਿਆ ਗਿਆ ਸੀ, ਉਸ ਦੀ ਵਿਸ਼ੇਸ਼ਤਾ ਤੇ ਵਿਆਪਕ ਸਫ਼ਲਤਾ ਦਾ ਇਸ ਜਾਣਕਾਰੀ ਤੋਂ ਵਧੇਰੇ ਇਤਬਾਰੀ ਕੋਈ ਹੋਰ ਸਬੂਤ ਮਿਲ ਨਹੀਂ ਸਕਦਾ ਕਿ ਉਸ ਜਾਬਰ ਤੇ ਤੁਅੱਸਬੀ ਮੁਸਲਮਾਨੀ ਸਰਕਾਰ, ਜਿਸ ਦੇ ਰਾਜ-ਕਾਲ ਵਿਚ ਉਹ ਜੀਉਂਦੇ ਤੇ ਇਸ ਨੂੰ ਪਰਚਾਰਦੇ ਰਹੇ ਸਨ, ਦਾ ਕੱਟੜਪੁਣਾ ਇਸ ਦੀ ਸਫ਼ਲਤਾ ਉੱਤੇ ਭੜਕ ਨਹੀਂ ਉਠਿਆ ਸੀ।"[28]

ਇਹ ਬੇਮਿਸਾਲ ਤੇ ਵਿਆਪਕ ਸਫ਼ਲਤਾ ਉਸ ਕਰਾਂਤੀਕਾਰੀ ਸਿਧਾਂਤ ਦੀ ਸਫ਼ਲਤਾ ਸੀ ਜੋ ਉਸ ਧਰਮ-ਕਰਮ ਵਿਰੁਧ ਇਕ ਤਰ੍ਹਾਂ ਦੀ ਬਗ਼ਾਵਤ ਸੀ ਜੋ ਕੇਵਲ ਕਰਮਕਾਂਡਾਂ ਉੱਤੇ ਹੀ ਜ਼ੋਰ ਦੇ ਰਿਹਾ ਸੀ; ਸਮਾਜਕ ਵਖੇਵੇਂ ਤੇ ਵਿਤਕਰੇ ਪੈਦਾ ਕਰ ਰਿਹਾ ਸੀ ਅਤੇ ਫੋਕੀਆਂ ਰੀਤਾਂ-ਰਸਮਾਂ ਨੂੰ ਹੀ ਧਰਮ ਕਹਿ ਤੇ ਮੰਨ ਰਿਹਾ ਸੀ। ਜਿਸ ਲਿੱਘੇ, ਮਿੱਠੇ ਤੇ ਪਿਆਰੇ, ਸ਼ਾਂਤਮਈ ਪਰ ਨਿਰਭੈ, ਨਿਰਵੈਰ ਤੇ ਲੋਕ-ਹਿਤੈਸ਼ੀ ਢੰਗ ਨਾਲ ਇਸ ਨੂੰ ਦੇਸ-ਪਰਦੇਸ ਪਰਚਾਰਿਆ ਤੇ ਪਸਾਰਿਆ ਗਿਆ ਸੀ ਅਤੇ ਜਿਵੇਂ ਇਸ ਨੇ ਉਨ੍ਹਾਂ ਦੇ ਨਾਮਲੇਵਿਆਂ ਨੂੰ ਵੀ ਨਿਰਭੈ ਬਣਾ ਦਿੱਤਾ ਸੀ ਅਤੇ ਢਹਿੰਦੀ ਕਲਾ ਵਿਚ ਵਿਚਰਦੇ ਲੋਕਾਂ ਨੂੰ 'ਚੜ੍ਹਦੀ ਕਲਾ' ਵਿਚ ਪਰਵੇਸ਼ ਕਰਵਾ ਦਿੱਤਾ ਸੀ, ਉਹ ਉਨ੍ਹਾਂ ਦੇ ਜੀਵਨ ਦੀ ਹਰ ਘਟਨਾ ਅਤੇ ਉਨ੍ਹਾਂ ਦੀ ਬਾਣੀ ਦੇ ਹਰ ਪਦੇ ਜਾਂ ਸ਼ਬਦ ਤੋਂ ਵਿਦਿਤ ਹੈ।

3

ਇਸੇ ਨਿਆਰੀ ਕਿਸਮ ਦੀ ਨਿਰਭੈਤਾ, ਦ੍ਰਿੜ੍ਹਤਾ ਤੇ ਸੂਰਬੀਰਤਾ; ਅਤੇ ਦਲੀਲ ਤੇ ਦਰਦਮੰਦੀ ਨਾਲ ਡੁਲ੍ਹ ਡੁਲ੍ਹ ਪੈਂਦੀ 'ਚੜ੍ਹਦੀ ਕਲਾ' ਦੀ ਇਕ ਅਮਰ ਤੇ ਅਦੁੱਤੀ ਉਦਾਹਰਨ ਗੁਰੂ ਨਾਨਕ ਦੇਵ ਜੀ ਦੇ ਉਸ ਸ਼ਬਦ-ਸੰਗ੍ਰਹਿ ਵਿਚ ਪ੍ਰਜੱਵਲਤ ਹੈ ਜਿਸ ਨੂੰ 'ਬਾਬਰਵਾਣੀ' ਆਖਿਆ ਜਾਂਦਾ ਹੈ। ਇਸ ਵਿਚ ਮੁਗ਼ਲ ਬਾਦਸ਼ਾਹ, 'ਜ਼ਹੀਰ-ਉਦ-ਦੀਨ ਬਾਬਰ, ਦੇ ਸੰਨ 1521 ਵਿਚ ਹਿੰਦੁਸਤਾਨ ਉੱਤੇ ਹੋਏ ਹਮਲੇ ਦਾ ਬੇਮਿਸਾਲ ਜ਼ਿਕਰ ਹੈ। ਉਸ ਨਾਲ ਸਬੰਧਿਤ ਖ਼ੂਨਰੇਜ਼ੀ, ਪੱਤਹੀਨਤਾ, ਲੁੱਟਮਾਰ, ਹਫੜਾ-ਦਫੜੀ ਅਤੇ ਮੁਗ਼ਲਾਂ ਤੇ ਲੋਧੀਆਂ ਦੀ ਲੜਾਈ ਬੜੇ ਵਿਲੱਖਣ, ਭਾਵਪੂਰਤ ਤੇ ਬੇਬਾਕ ਅੰਦਾਜ਼ ਵਿਚ ਵਰਣਿਤ ਹੈ।

ਹੋਰ ਤਾਂ ਹੋਰ, ਬਾਬਰ ਜਹੇ ਜਾਬਰ ਬਦੇਸ਼ੀ ਜਰਵਾਣੇ ਨੂੰ 'ਜਮਦੂਤ' ਤਕ ਆਖਿਆ ਗਿਆ ਹੈ :

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ, 'ਜਮੁ' ਕਰਿ ਮੁਗਲੁ ਚੜਾਇਆ।[29]

---

29. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਆਸਾ, ਪੰ. 360.

ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਦਸਿਆ ਗਿਆ ਹੈ ਜਿਸ ਦੇ ਜਾਬਰਾਨਾ ਹੱਲੇ ਕਾਰਨ ਹੋਏ ਕਤਲੇ-ਆਮ, ਖ਼ੂਨ-ਖ਼ਰਾਬੇ, ਲੁੱਟ-ਖਸੁੱਟ ਅਤੇ ਕੂੜ-ਕਪਟ ਨੂੰ ਮੁੱਖ ਰਖਦਿਆਂ, ਉਸ ਨੂੰ ਫਿਟਕਾਰਨ ਤੇ ਧਿਰਕਾਰਨ ਤੋਂ ਛੁਟ, ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰਦਿਆਂ, ਬੜੀ ਦਲੇਰੀ ਤੇ ਦਿਆਨਤਦਾਰੀ ਨਾਲ; 'ਖ਼ੂਨ ਕੇ ਸੋਹਿਲੇ' ਵੀ ਇਉਂ ਗਾਏ ਗਏ ਹਨ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ, ਵੇ ਲਾਲੋ !
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ, ਵੇ ਲਾਲੋ !....
'ਖ਼ੂਨ ਕੇ ਸੋਹਿਲੇ' ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ, ਵੇ ਲਾਲੋ ![30]

ਮੁਗ਼ਲਾਂ ਦੀ ਜ਼ਾਲਮ ਤੇ ਜ਼ਬਰਦਸਤ ਫ਼ੌਜ ਦੀ ਲੋਧੀ ਪਠਾਣਾਂ ਦੀ ਕਾਇਰ ਤੇ ਕਮਜ਼ੋਰ ਫ਼ੌਜ ਨਾਲ ਹੋਈ ਟੱਕਰ ਵੀ ਇਉਂ ਬਿਆਨੀ ਗਈ ਹੈ:

ਮੁਗਲ ਪਠਾਣਾ ਭਈ ਲੜਾਈ ; ਰਣ ਮਹਿ ਤੇਗ ਵਗਾਈ।
ਓਨ੍ਹੀ ਤੁਪਕ ਤਾਣਿ ਚਲਾਈ , ਓਨ੍ਹੀ ਹਸਤਿ ਚਿੜਾਈ।[31]

ਇਸ ਦੇ ਨਤੀਜੇ ਵਜੋਂ, ਆਮ ਲੁਕਾਈ ਉਤੇ ਜੋ ਬਿਪਤਾ ਵਾਪਰੀ ਅਤੇ, ਖ਼ਾਸ ਕਰਕੇ, ਇਸਤ੍ਰੀ ਜਾਤੀ ਦੀ ਜੋ ਬੇਪੱਤੀ ਤੇ ਦੁਰਗਤੀ ਹੋਈ, ਉਸ ਨੂੰ ਬੜੇ ਦਰਦ-ਰੰਞਾਣੇ ਢੰਗ ਨਾਲ ਇਉਂ ਬਿਆਨਿਆ ਹੋਇਆ ਹੈ:

1. ਜਿਨ ਸਿਰ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ;
ਸੇ ਸਿਰ ਕਾਤੀ ਮੁੰਨੀਅਨ੍ਹਿ, ਗਲ ਵਿਚਿ ਆਵੈ ਧੂੜਿ।
ਧਨੁ ਜੋਬਨੁ ਦੁਇ ਵੈਰੀ ਹੋਏ, ਜਿਨ੍ਹੀ ਰਖੇ ਰੰਗੁ ਲਾਇ;
ਦੂਤਾ ਨੋ ਫੁਰਮਾਇਆ, ਲੈ ਚਲੇ ਪਤਿ ਗਵਾਇ।....

2. ਇਕਨ੍ਹਾ ਪੇਰਣ ਸਿਰ ਖੁਰ ਪਾਟੇ, ਇਕਨਾ ਵਾਸੁ ਮਸਾਣੀ ;
ਜਿਨ੍ਹ ਕੇ ਬੰਕੇ ਘਰੀ ਨ ਆਇਆ, ਤਿਨ੍ਹ ਕਿਉ ਰੈਣਿ ਵਿਹਾਣੀ ?[32]

ਅਜਿਹੇ ਜਬਰ ਤੇ ਜ਼ੁਲਮ ਦੇ ਭਿਆਨਕ ਸਿੱਟੇ ਵਜੋਂ ਉਦੋਂ ਉਥੇ ਜੋ ਵਿਆਪਕ ਕੁਰਲਾਟ ਪਈ ਸੀ, ਗੁਰੂ ਨਾਨਕ ਦੇਵ ਜੀ ਨੇ ਉਸ ਦੀ ਪੀੜ ਨੂੰ ਵੀ ਇਸ ਹੱਦ ਤਕ ਮਹਿਸੂਸ ਕੀਤਾ ਸੀ ਕਿ ਉਹ ਸਭ ਦੇ ਸਿਰਜਨਹਾਰ ਤੇ ਪਾਲਨਹਾਰ ਦੀ ਰਜ਼ਾ ਉਤੇ ਸਦਾ ਰਾਜ਼ੀ ਰਹਿੰਦੇ ਹੋਇਆਂ ਵੀ, ਉਸ ਦੀ ਅਜਿਹੀ 'ਬੇਪਰਵਾਹੀ' ਬਾਰੇ ਇਕ ਬੜੀ ਅਨੂਠੀ ਪੁੱਛ ਕਰਦਿਆਂ , ਉਸ ਨੂੰ ਬੜੇ ਭਰਵੇਂ ਹਿੱਤ ਤੇ ਉਲਾਹਮਵੇਂ ਲਹਿਜੇ ਵਿਚ ਇਉਂ ਪੁਕਾਰ ਉਠੇ ਸਨ :

ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ ?
ਕਰਤਾ ! ਤੂੰ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨਾ ਹੋਈ।
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ.[33]

---

30. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਰਾਗੁ ਤਿਲੰਗ, ਪੰ. 722.
31. ਉਕਤ, ਰਾਗੁ ਆਸਾ, ਪੰ. 418.
32. ਉਕਤ, ਰਾਗੁ ਆਸਾ, ਪੰ. 417-418.
33. ਉਕਤ, ਰਾਗੁ ਆਸਾ, ਪੰ. 360.

ਬਦੇਸੀ ਜਾਬਰਾਂ ਲਈ ਅਜਿਹੀ ਫਿਟਕਾਰ ਤੇ ਧਿਰਕਾਰ ਅਤੇ ਸਭ ਦੇ ਸਾਂਝੇ ਕਰਤਾ ਨੂੰ ਅਜਿਹੀ ਕੂਕ-ਪੁਕਾਰ ਇਕ ਮਹਾਨ,ਦਲੇਰ ਤੇ ਪਰਉਪਕਾਰੀ ਆਤਮਾ ਅਤੇ ਉਸ ਦੀ ਅਥਾਹ 'ਚੜ੍ਹਦੀ ਕਲਾ' ਦੇ ਹੀ ਕੁਝ ਹੋਰ ਚਮਤਕਾਰ ਹਨ।

4

ਭਾਰਤੀ ਸਾਹਿਤ ਵਿਚ , ਸ਼ਾਇਦ, ਪਹਿਲੀ ਵਾਰ ਕੇਵਲ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੇ ਉਪ-ਮਹਾਂਦੀਪ, 'ਹਿੰਦੁਸਤਾਨ', ਦਾ ਨਾਂ ਲੈ ਲੈ ਕੇ ,[34] ਉਸ ਦੇ ਅਜਿਹੇ ਅਸੀਮ ਦੁਖ-ਦਰਦ ਦੀ ਵਾਰਤਾ ਇਉਂ ਬਿਆਨ ਕੀਤੀ ਸੀ ਅਤੇ ਉਸ ਦੀ ਪੀੜਿਤ ਆਤਮਾ ਦੀ ਆਵਾਜ਼ ਉਸ ਅੰਤਮ ਉਚਾਈ ਤਕ ਵੀ ਬੁਲੰਦ ਕਰ ਦਿੱਤੀ ਸੀ। ਗੁਰਮਤਿ ਸਾਹਿਤ ਦੀ ਇਸ ਮਹਾਨ ਕਿਰਤ ਨੇ ਭਾਰਤੀ ਸਾਹਿਤ ਵਿਚ ਅਜਿਹਾ ਹਾਰਦਿਕ ਦੇਸ਼-ਪਿਆਰ ਤੇ ਅਜਿਹੀ ਭਰਵੀ ਰਾਸ਼ਟਰੀ ਭਾਵਨਾ ਪੈਦਾ ਕਰਨ ਵਿਚ ਵੀ ਜੋ ਪਹਿਲ ਕੀਤੀ ਹੈ, ਉਹ ਵੀ ਆਪਣੀ ਮਿਸਾਲ ਆਪ ਹੈ। ਉਸ ਸਮੇ ਦੇ ਸੰਤਾਂ, ਭਗਤਾਂ ਤੇ ਸੂਫੀਆਂ ਦੇ ਮਨੋਹਰ ਬਚਨਾਂ ਵਿਚ ਇਸ ਤਰ੍ਹਾਂ ਦੀ ਕੋਈ ਅੰਸ਼ ਅੰਕਿਤ ਜਾਂ ਵਿਦਿਤ ਨਹੀ ਸੀ। ਉਦੋਂ ਤੇ ਉਸ ਤੋਂ ਪਹਿਲਾਂ ਰਚੇ ਗਏ ਹਿੰਦੀ 'ਰਾਸੋਆਂ' ਤੇ 'ਵਿਲਾਸਾਂ' ਆਦਿ ਵਿਚ ਵੀ ਇਸ ਦਾ ਕੋਈ ਹਵਾਲਾ ਜਾਂ ਸੰਕੇਤ ਨਹੀਂ ਮਿਲਦਾ। ਡਾ. ਹਰਦੇਵ ਬਾਹਰੀ ਅਨੁਸਾਰ, "ਇਨ੍ਹਾਂ ਰਚਨਾਵਾਂ ਵਿਚ ਤਲਵਾਰਾਂ ਦੀ ਠੱਕ ਠੱਕ, ਜੋਧਿਆਂ ਦੀ ਲਲਕਾਰ, ਬੀਰਾਂ ਦੀ ਭੱਬਕ, ਜੁੱਧ ਦੀ ਭਿਆਨਕ ਅਵਸਥਾ ਤੇ ਲੋਥਾਂ ਦੀ ਡਰਾਉਣੀ ਸੂਰਤ ਦਾ ਵਰਨਣ ਤਾਂ ਹੈ; ਮਾਰੋ-ਮਾਰੀ; ਕਟਾ-ਵੱਢੀ, ਭਾਜੜ ਤੇ ਹਫੜਾ-ਦਫੜੀ ਦੀ ਵਿਥਿਆ ਵੀ ਬੜੀ ਸਾਫ਼ ਹੈ। ਪਰ ਕਿਧਰੇ ਉੱਚੇ ਆਦਰਸ਼ ਨੂੰ ਨਹੀਂ ਦੱਸਿਆ ਗਿਆ। ਦੇਸ਼-ਪ੍ਰੇਮ ਦੀ ਭਾਵਨਾ ਕਿਧਰੇ ਨਹੀਂ ਉਭਰ ਕੇ ਸਾਹਮਣੇ ਆਉਂਦੀ। ਹਰ ਇਕ ਭੱਟ ਆਪਣੇ ਰਾਜੇ ਦੀ ਬਹਾਦਰੀ ਦੀ ਝੂਠੀ-ਸੱਚੀ ਪਰਸੰਸਾ ਦੇ ਪੁਲ ਬੰਨ੍ਹਣੇ ਚਾਹੁੰਦਾ ਹੈ। ਇਸੇ ਕਾਰਨ ਜੈ ਚੰਦ ਜਹੇ ਨਾਲਾਇਕ ਰਾਜਿਆਂ ਨੂੰ ਸਲਾਹੁਣ ਵਾਲੇ ਕਿੱਸੇ ਬਣ ਗਏ।" ਇਸ ਤੋਂ ਛੁੱਟ , "ਸਭ ਕਵੀਆਂ ਨੇ ਹਿੰਦੂ ਭਾਵਨਾ ਨੂੰ ਪਰਮੁੱਖ ਰਖਿਆ ਹੈ; ਰਾਸ਼ਟਰੀ ਭਾਵਨਾ 'ਨਹੀਂ' ਦੇ ਬਰਾਬਰ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਦੇ ਅਸਲੀ ਨਾਇਕ ਹਨ ਹਿੰਦੂ। ਗੱਲ ਇਹ ਹੈ ਕਿ ਏਸ ਵੇਲੇ ਤਕ ਵਿਆਪਕ ਰਾਸ਼ਟਰ-ਭਾਵਨਾ ਅਜੇ ਜਾਗਰਤ ਨਹੀ ਸੀ ਹੋਈ।"[35]

ਹਿੰਦੁਸਤਾਨ ਦੇ ਉਦੋਕੇ ਹਾਕਮ, ਲੋਧੀ ਪਠਾਣ, ਨਾ ਕੇਵਲ ਕਾਇਰ ਤੇ ਕਮਜ਼ੋਰ ਸਨ, ਸਗੋਂ ਬੜੇ ਐਸ਼-ਪ੍ਰਸਤ ਹੋਣ ਕਰਕੇ, ਗੁਰੂਦੇਵ ਦੇ ਸ਼ਬਦਾਂ ਵਿਚ , ਰੰਗ-ਰਲੀਆਂ ਵਿਚ ਇਉਂ ਗ਼ਲਤਾਨ ਵੀ ਸਨ :

ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ।
ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ।...[36]

ਇਸ ਤੋਂ ਇਲਾਵਾ, ਉਹ ਕਸਾਈਆਂ ਵਾਂਗ ਕਾਤਲ ਅਤੇ ਸ਼ੇਰਾਂ ਵਾਂਗ ਖ਼ੂੰਖ਼ਾਰ ਵੀ ਸਨ। ਜੇ ਉਨ੍ਹਾਂ ਦੇ ਪ੍ਰਬੰਧਕੀ ਕਰਮਚਾਰੀ ਸ਼ਿਕਾਰੀ ਕੁੱਤਿਆਂ ਵਾਂਗ ਚੀਰ-ਫਾੜੂਏ ਸਨ, ਤਾਂ ਉਨ੍ਹਾਂ ਵਲੋਂ ਨਿਯਤ ਹੱਕ-ਨਿਆਂ ਦੇ

---

34. ਜਿਵੇਂ , "ਕਾਇਆ ਕਪੜੁ ਟੁਕੁ ਟੁਕੁ ਹੋਸੀ,
'ਹਿੰਦੁਸਤਾਨੁ' ਸਮਾਲਸੀ ਬੋਲਾ"।.....
(ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਰਾਗੁ ਤਿਲੰਗ, ਪੰ. 723).
35. ਬਾਹਰੀ, ਡਾ. ਹਰਦੇਵ, 'ਹਿੰਦੀ ਬੀਰ-ਕਾਵਿ', ਪੰਜਾਬੀ ਦੁਨੀਆ, ਪਟਿਆਲਾ-ਜਨਵਰੀ, 1956, ਪੰਨੇ 34-35 ਤੇ 37.
36. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਰਾਗੁ ਆਸਾ, ਪੰ. 417.

ਰਖਵਾਲੇ ਵੀ ਅਤਿ ਦਰਜੇ ਦੇ ਦੰਭੀ ਤੇ ਵੱਢੀਖ਼ੋਰ ਸਨ :

1. ਕਲਿ ਕਾਤੀ, ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ ।[37]

2. ਰਾਜਾ ਨਿਆਉਂ ਕਰੇ, ਹਥਿ ਹੋਇ,
ਕਹੈ ਖੁਦਾਇ, ਨਾ ਮਾਨੈ ਕੋਇ ।[38]

3. ਰਾਜੇ ਸੀਹ, ਮੁਕਦਮ ਕੁਤੇ, ਜਾਇ ਜਗਾਇਨਿ੍ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ੍ ਘਾਉ, ਰਤੁ ਪਿਤੁ ਕੁਤਿਹੋ ਚਟਿ ਜਾਹੁ ।[39]

4. ਕਾਜੀ ਹੋਇ ਕੈ ਬਹੈ ਨਿਆਇ, ਫੇਰੇ ਤਸਬੀ, ਕਰੇ ਖੁਦਾਇ ;
ਵਢੀ ਲੈ ਕੈ ਹਕੁ ਗਵਾਏ, ਜੇ ਕੋ ਪੁਛੈ ਤਾ ਪੜਿ ਸੁਣਾਏ ।[40]

ਉਨ੍ਹਾਂ ਨੇ ਹਿੰਦੁਸਤਾਨ ਵਰਗੇ ਵੱਡਮੁੱਲੇ 'ਰਤਨ' (ਹੀਰੇ) ਦੀ ਕਦਰ ਨਾ ਜਾਣਦਿਆਂ, ਉਸ ਨੂੰ ਲੁੱਟੇ-ਖੋਹੇ ਜਾਣ ਤੋਂ ਬਚਾਉਣ ਲਈ ਕੋਈ ਖ਼ਾਸ ਹੀਲਾ ਜਾਂ ਮੁਕਾਬਲਾ ਨਹੀਂ ਕੀਤਾ ਸੀ ਅਤੇ, ਗੁਰੂ ਸਾਹਿਬ ਦੇ ਉਨ੍ਹਾਂ ਦੀ ਕੋਤਾਹੀ, ਕਮ-ਅਕਲੀ ਅਤੇ ਕਾਇਰਤਾ ਉਤੇ ਲਾਅਨਤਾਂ ਪਾਉਂਦੇ ਹੇਠ-ਲਿਖੇ ਕਥਨ ਅਨੁਸਾਰ, ਉਸ ਨੂੰ ਹੱਥੋ-ਹੱਥ ਖੁਹਾ ਤੇ ਗੁਆ ਦਿੱਤਾ ਸੀ :

ਰਤਨ ਵਿਗਾੜਿ ਵਿਗੋਏ ਕੁਤੀਂ,
ਮੁਇਆ ਸਾਰ ਨਾ ਕਾਈ ।[41]

ਅਰਥਾਤ , "ਇਨ੍ਹਾਂ ਪਠਾਣਾਂ ਕੁੱਤਿਆਂ ਨੇ ਹੀਰੇ ਵਰਗੇ ਹਿੰਦੁਸਤਾਨ ਨੂੰ ਘੱਟੇ-ਕੌਡੀ ਰੋਲ ਦਿੱਤਾ ਹੈ । (ਭਾਵ, ਮੁਗਲਾਂ ਦੇ ਸਾਹਮਣੇ ਬਹੁਤੇ ਅੜੇ ਨਹੀਂ ਤੇ ਇਹੋ ਜਿਹਾ ਕੀਮਤੀ ਦੇਸ ਐਵੇਂ ਹੀ ਖੁਹਾ ਬੈਠੇ ਹਨ)। ਮਰਨ ਪਿਛੋਂ ਇਨ੍ਹਾਂ ਨੂੰ ਕਿਸੇ ਨੇ ਚੇਤੇ ਵੀ ਨਹੀਂ ਕਰਨਾ" ।[41]

ਕੇਵਲ ਇੱਕੋ ਰੱਬ ਦੀ ਕਾਇਮ-ਦਾਇਮ ਬਾਦਸ਼ਾਹੀ ਅਤੇ ਸਿਰਫ਼ ਉਸੇ ਦੇ "ਹੁਕਮ-ਹਾਸਲ" ਉਤੇ ਨਿਸ਼ਚਾ ਰਖਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਸਾਰਿਆਂ ਨੂੰ ਮਾਨੋ ਏਲਾਨੀਆ ਆਖ ਦਿੱਤਾ ਸੀ :

ਏਕੋ ਹੁਕਮੁ ਵਰਤੈ ਸਭ ਲੋਈ,
ਏਕਸੁ ਤੇ ਸਭ ਓਪਤਿ ਹੋਈ ।[42]

ਨਾਲ ਹੀ ਉਨ੍ਹਾਂ ਦੇ ਹੁਕਮਾਂ ਤੇ ਹਕੂਮਤਾਂ ਦੇ ਹਸ਼ਰ ਵਲ ਧਿਆਨ ਦੁਆਂਦਿਆਂ, ਇਸ ਗੱਲ ਦੀ ਤਾੜਨਾ ਵੀ ਕਰ ਦਿੱਤੀ ਸੀ:

ਰਯਤਿ ਰਜੇ ਕਹਾ ਸਬਾਏ ? ਦੁਹੁ ਅੰਤਰਿ ਸੋ ਜਾਸੀ ।
ਕਹਤ ਨਾਨਕੁ ਗੁਰ ਸਚੇ ਕੀ ਪਉੜੀ, ਰਹਸੀ ਅਲਖੁ ਨਿਵਾਸੀ ।[43]

---

37. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਮਾਝ, ਪੰ. 145.
38. ਉਕਤ, ਰਾਗੁ ਆਸਾ, ਪੰ. 350.
39. ਉਕਤ, ਰਾਗੁ ਮਲਾਰ, ਪੰ. 1288.
40. ਉਕਤ, ਰਾਗੁ ਰਾਮਕਲੀ, ਪੰ. 951.
41. ਉਕਤ, ਰਾਗੁ ਆਸਾ, ਪੰ. 360.
42. ਉਕਤ, ਰਾਗੁ ਗਉੜੀ, ਪੰ. 223.
43. ਉਕਤ, ਰਾਗੁ ਮਾਰੂ, ਪੰ. 1016.

ਅਤੇ ਇਹ ਇਕ ਅਜਿਹਾ ਸੱਚ ਸੀ ਜੋ ਮਨੁੱਖਤਾ ਦੇ ਅਲਮਬਰਦਾਰ, ਸੱਚ ਦੇ ਪਹਿਰੇਦਾਰ, ਅਤੇ ਨਿਰਭੈ ਬੀਰਤਾ ਤੇ 'ਚੜ੍ਹਦੀ ਕਲਾ' ਦੇ ਮੁਜੱਸਮੇ, ਗੁਰੂ ਨਾਨਕ ਦੇਵ ਜੀ ਨੇ ਮਾਨੋ ਡੰਕੇ ਦੀ ਚੋਟ ਨਾਲ ਉਦੋਂ ਹੀ ਇਉਂ ਕਲਮਬੰਦ ਕਰ ਦਿੱਤਾ ਸੀ :

ਸਚ ਕੀ ਬਾਣੀ ਨਾਨਕ ਆਖੈ,
ਸਚੁ ਸੁਣਾਇਸੀ ਸਚ ਕੀ ਬੇਲਾ ।[44]

5

ਸਮੇਂ ਦੀ ਰਾਜਸੀ ਅਵਸਥਾ ਦਾ ਅਜਿਹਾ ਬੇਬਾਕ ਤੇ ਦਰਦ-ਰੰਞਾਣਾ ਵਰਨਣ; ਬਦੇਸੀ ਜਰਵਾਣਿਆਂ ਦੇ ਜਬਰ ਤੇ ਜ਼ੁਲਮ ਲਈ ਅਜਿਹੀ ਫਿਟਕਾਰ ਤੇ ਵੰਗਾਰ ; ਦੋਸ਼ੀ ਹਾਕਮਾਂ ਦੇ ਜਬਰ ਵਿਰੁੱਧ ਅਜਿਹਾ ਭਰਵਾਂ ਰੋਸ; ਉਨ੍ਹਾਂ ਦੇ ਅਤਿਆਚਾਰਾਂ ਦੀ ਅਜਿਹੀ ਮੂੰਹ-ਜ਼ੋਰ ਨਿਖੇਧੀ; ਉਨ੍ਹਾਂ ਦੇ ਰਾਜ-ਪ੍ਰਬੰਧ ਉਤੇ ਅਜਿਹੀ ਨਿਰਭੈ ਟੀਕਾ-ਟਿੱਪਣੀ: ਉਨ੍ਹਾਂ ਦੀ ਸਾਹ-ਸਤ-ਹੀਣ ਹੋ ਚੁੱਕੀ ਪਰਜਾ ਦੀ ਅਜਿਹੀ ਦੁਰਗਤੀ; ਅਤੇ ਉਸ ਦੇ ਧਾਰਮਕ ਤੇ ਸਮਾਜਕ ਆਗੂਆਂ ਦਾ ਅਜਿਹਾ ਭ੍ਰਿਸ਼ਟਾਚਾਰ, ਸਮੁੱਚੇ ਭਾਰਤੀ ਸਾਹਿਤ ਵਿਚ ਕੇਵਲ ਇਸ 'ਸਚ ਕੀ ਬਾਣੀ ' ਵਿਚ ਹੀ ਇਉਂ ਅੰਕਿਤ ਤੇ ਵਰਣਿਤ ਹੈ। ਸੂਰਬੀਰਤਾ, ਨਿਰਭੈਤਾ, ਨਿਰਵੈਰਤਾ ਤੇ 'ਚੜ੍ਹਦੀ ਕਲਾ' ਦੇ ਪੁੰਜ, ਗੁਰੂ ਨਾਨਕ ਦੇਵ, ਹੀ ਇਸ ਨੂੰ, ਮਿਸਾਲ ਵਜੋਂ ਇਉਂ ਬਿਆਨ ਕਰ ਗਏ ਹਨ :

1. ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ ।
   ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ ।
   ਅੰਧੀ ਰਯਤਿ ਗਿਆਨ-ਵਿਹੂਣੀ, ਭਾਹਿ ਭਰੇ ਮੁਰਦਾਰੁ ।[45]
2. ਕਾਦੀ ਕੂੜੁ ਬੋਲਿ ਮਲੁ ਖਾਇ । ਬ੍ਰਾਹਮਣੁ ਨਾਵੈ ਜੀਆ ਘਾਇ ।
   ਜੋਗੀ ਜੁਗਤਿ ਨ ਜਾਣੈ ਅੰਧੁ । ਤੀਨੇ ਓਜਾੜੇ ਕਾ ਬੰਧੁ ।[46]

ਧਾਰਮਕ ਭਾਵਨਾ, ਸਮਾਜਕ ਸਦਾਚਾਰ ਅਤੇ ਰਾਜਨੀਤਕ ਸ਼ਿਸ਼ਟਾਚਾਰ ਨੂੰ ਇਕੋ ਲੜੀ ਵਿਚ ਪਰੋਣ ਵਾਲੇ ਗੁਰੂ ਨਾਨਕ ਦੇਵ ਨੇ ਬਦੇਸੀ ਜਰਵਾਣਿਆਂ ਦੇ ਜਬਰ, ਦੇਸੀ ਸ਼ਾਸ਼ਕਾਂ ਦੇ ਜ਼ੁਲਮ ਅਤੇ ਧਰਮ ਤੇ ਸਮਾਜ ਦੇ ਠੇਕੇਦਾਰਾਂ ਦੇ ਅਤਿਆਚਾਰ ਵਿਰੁੱਧ ਆਪਣੀ ਆਵਾਜ਼ ਨੂੰ ਜਿਸ ਭਰਪੂਰ 'ਚੜ੍ਹਦੀ ਕਲਾ' ਵਿਚ, ਜਿਸ ਨਿਧੜਕ ਲਹਿਜੇ ਅਤੇ ਜਿੰਨੇ ਜ਼ੋਰਦਾਰ ਸ਼ਬਦਾਂ ਵਿਚ ਬੁਲੰਦ ਕੀਤਾ ਅਤੇ ਇਹ 'ਸਚੁ ਕੀ ਬਾਣੀ ' ਇਉਂ ਏਲਾਨਿਆ ਆਖੀ, ਉਹ ਭਾਰਤੀ ਧਰਮ, ਸਾਹਿਤ ਤੇ ਸਭਿਆਚਾਰ ਦੇ ਇਤਿਹਾਸ ਵਿਚ , ਨਿਰਸੰਦੇਹ, ਆਪਣੀ ਮਿਸਾਲ ਆਪ ਹੈ; ਅਤੇ ਭਰਪੂਰ 'ਚੜ੍ਹਦੀ ਕਲਾ' ਦਾ ਇਕ ਅਦੁੱਤੀ ਚਮਤਕਾਰ ਹੈ।

ਗੁਰੂ ਨਾਨਕ ਦੇਵ ਜੀ ਦੀ ਇਸੇ ਬੇਮਿਸਾਲ ਦੇਣ ਨੂੰ ਸੋਲ੍ਹਵੀਂ ਸਦੀ ਦੇ ਹਿੰਦੁਸਤਾਨ ਵਿਚ ਚਲ ਰਹੀ ਭਗਤੀ ਲਹਿਰ ਦੇ ਪਰਸੰਗ ਵਿਚ ਵਿਚਾਰਦਿਆਂ ਅਤੇ ਉਸ ਨਾਲ ਸਬੰਧਿਤ ਸ੍ਰੀ ਚੇਤੰਨਯ,ਸ੍ਰੀ ਰਾਮਾਨੰਦ ਤੇ ਸ੍ਰੀ ਕਬੀਰ ਆਦਿ ਸਨਮਾਨਯੋਗ ਸੰਤਾਂ-ਭਗਤਾਂ ਦੇ ਕੀਤੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ, ਗੁਰੂਦੇਵ ਦੇ ਆਰੰਭੇ ਮੱਤ ਦੇ ਪਹਿਲੇ ਪੱਛਮੀ ਇਤਿਹਾਸਕਾਰ, ਕੈਪਟਨ ਜੇ. ਡੀ. ਕਨਿੰਘਮ, ਨੇ ਤਦੋਂ ਤਾਂ ਸੰਨ 1849 ਵਿਚ ਇਹ ਬੜੇ

44. ਗੁਰੂ ਨਾਨਕ ਦੇਵ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਤਿਲੰਗ, ਪੰਨਾ 723.
45. ਉਕਤ, ਰਾਗੁ ਆਸਾ, ਪੰਨਾ 468-69.
46. ਉਕਤ, ਰਾਗੁ ਧਨਾਸਰੀ, ਪੰ. 662.

ਸਪੱਸ਼ਟ ਲਫ਼ਜ਼ਾਂ ਵਿਚ ਆਖਿਆ ਸੀ : They formed pious associations of contented quietists, or they gave themselves up to the contemplation of futurity in the hope of approaching bliss, rather than called upon their fellow creatures to throw aside every social as well as religious trammel, and to arise a new people freed from the debasing corruption of ages. They perfected forms of dissent rather than planted the germs of nations, and their sects remain to this day as they left them. It was reserved for Nanak to perceive the true principles of reform, and to lay those broad foundations which enabled his successor, Govind, to fire the minds of his countrymen with a new nationality, and to give practical effect to the doctrine that the lowest is equal with the highest, in race as in creed, in political rights as in religious hopes.[47] ਅਰਥਾਤ, "ਉਨ੍ਹਾਂ (ਭਾਵ ਉਕਤ ਸੰਤਾਂ-ਭਗਤਾਂ) ਨੇ ਤਾਂ ਆਪਣੇ ਸਾਥੀ- ਮਨੁੱਖਾਂ ਨੂੰ ਸਾਰੇ ਸਮਾਜਕ ਤੇ ਧਾਰਮਕ ਬੰਧਨ ਤੋੜਨ ਅਤੇ ਜੁਗਾਂ-ਜੁਗਾਂਤਰਾਂ ਦੀ ਨਿਰਾਦਰੀ-ਪੂਰਤ ਭ੍ਰਿਸ਼ਟਤਾ ਤੋਂ ਖਹਿੜਾ ਛੁਡਾ ਕੇ, ਇਕ ਨਵੀਂ ਕੌਮ ਬਣ ਉਠਣ ਲਈ ਪਰੇਰਨ ਦੀ ਥਾਂ ਸੰਤੁਸ਼ਟ ਸਾਧਾਂ ਦੀਆਂ ਪਵਿੱਤਰ ਸਭਾਵਾਂ ਬਣਾ ਦਿੱਤੀਆਂ ਸਨ ਜਾਂ ਆਪਣੇ ਆਪ ਨੂੰ ਅਗਾਮੀ ਆਨੰਦ ਦੀ ਆਸ ਵਿਚ ਪਰਲੋਕੀ ਜੀਵਨ ਦੇ ਧਿਆਨ ਵਿਚ ਮਗਨ ਕਰ ਲਿਆ ਸੀ। ਉਨ੍ਹਾਂ ਨੇ ਕੌਮਾਂ ਦੇ ਅੰਕੁਰ ਲਾਉਣ ਦੀ ਥਾਂ, ਮੱਤਭੇਦ ਦੇ ਰੂਪ ਪਰਪੱਕ ਕਰ ਦਿੱਤੇ ਸਨ ; ਅਤੇ ਉਨ੍ਹਾਂ ਦੀਆਂ ਸੰਪ੍ਰਦਾਵਾਂ ਅਜੇ ਤਕ ਉਸੇ ਦਸ਼ਾ ਵਿਚ ਹਨ, ਜਿਸ ਵਿਚ ਉਹ ਉਨ੍ਹਾਂ ਨੂੰ ਛੱਡ ਗਏ ਸਨ। ਸੁਧਾਰ ਦੇ ਅਸਲ ਅਸੂਲ ਸਮਝਣ ਤੇ ਉਨ੍ਹਾਂ ਵਲ ਧਿਆਨ ਦੇਣ, ਅਤੇ ਅਜਿਹੀਆਂ ਮੋਕਲੀਆਂ ਨੀਂਹਾਂ ਰਖ ਦੇਣ ਦਾ ਕਾਰਜ ਤਾਂ (ਗੁਰੂ) ਨਾਨਕ (ਦੇਵ) ਲਈ ਛੱਡ ਦਿੱਤਾ ਗਿਆ ਸੀ, ਜਿਨ੍ਹਾਂ ਨੇ ਆਪਣੇ ਉਤਰ-ਅਧਿਕਾਰੀ, (ਗੁਰੂ) ਗੋਬਿੰਦ (ਸਿੰਘ), ਨੂੰ ਆਪਣੇ ਦੇਸ-ਵਾਸੀਆਂ ਦੇ ਮਨਾਂ ਨੂੰ ਇਕ ਨਵੀਂ ਕੌਮੀਅਤ ਦੇ ਖ਼ਿਆਲ ਨਾਲ ਉਤੇਜਿਤ ਕਰਨ ਅਤੇ ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਣ ਦੇ ਯੋਗ ਬਣਾ ਦਿੱਤਾ ਸੀ ਕਿ ਨਸਲ , ਧਰਮ, ਰਾਜਨੀਤਕ ਅਧਿਕਾਰਾਂ ਅਤੇ ਧਾਰਮਕ ਆਸਾਂ-ਉਮੰਗਾਂ ਦੇ ਸਬੰਧ ਵਿਚ ਨੀਚਤਮ ਮਨੁੱਖ ਉਚੱਤਮ ਮਨੁੱਖ ਦੇ ਸਮਾਨ ਹੈ"[47]। ਕਨਿੰਘਮ ਨੇ ਰਤਾ ਅਗੇਰੇ ਜਾ ਕੇ ਇਹ ਵੀ ਲਿਖ ਦਿੱਤਾ ਸੀ: Nanak extricated his followers from the accumulated errors of ages, and enjoined upon them devotion of thought and excellence of conduct as the first of duties. He left them, erect and free, unbiased in mind and unfettered by rules, to become an increasing body of truthful worshippers.[48] ਅਰਥਾਤ,

---

47. Cunningham, Cap. J.D., *A History of the Sikh from the Origin of the Nation to the Battles of the Sutlej*, London-1849; reprint, N.D.-1985, p.34.
48. Ibid., p.41.

ਭਾਈ ਗੁਰਦਾਸ ਜੀ ਨੇ ਆਪ ਦੀ ਇਸੇ ਦੇਣ ਵਲ ਧਿਆਨ ਦਿਵਾਂਦਿਆਂ ਲਿਖਿਆ ਸੀ :

ਚਾਰਿ ਵਰਨ ਇਕ ਵਰਨ ਹੋਇ, ਸਾਧ ਸੰਗਤਿ ਮਿਲਿ ਹੋਇ ਤਰਾਥਾ।
ਚੰਦਨ ਵਾਸੁ ਵਣਾਸਪਤਿ, ਅਵਲਿ, ਦੋਮ, ਨ ਸੋਮ ਖਰਾਬਾ।
(ਵਾਰਾਂ, ਉਹੀ, ਵਾਰ ਨੰ. 24, ਪਉੜੀ ਨੰ. 4; ਸੰਪਾਦਿਤ ਪਾਠ, ਉਹੀ, ਪੰ. 212.)

"(ਗੁਰੂ)ਨਾਨਕ (ਦੇਵ) ਨੇ ਆਪਣੇ ਅਨੁਯਾਈਆਂ ਨੂੰ ਜੁਗਾਂ-ਜੁਗਾਂਤਰਾਂ ਤੋਂ ਜੁੜਦੀਆਂ ਰਹੀਆਂ ਗ਼ਲਤੀਆਂ ਤੋਂ ਛੁਡਾ ਲਿਆ ਸੀ ਅਤੇ ਉਨ੍ਹਾਂ ਉਤੇ ਵਿਵੇਕ ਦੀ ਲਗਨ ਤੇ ਆਚਾਰ ਦੀ ਸ੍ਰੇਸ਼ਟਤਾ ਵੀ ਸਭ ਤੋਂ ਪਹਿਲੇ ਫ਼ਰਜ਼ਾਂ ਵਜੋਂ ਲਾਗੂ ਕਰ ਦਿੱਤੀ ਸੀ। ਉਹ ਉਨ੍ਹਾਂ ਨੂੰ ਸੱਚੇ ਉਪਾਸ਼ਕਾਂ ਦੀ ਇਕ ਨਿਤ-ਵਧਦੀ ਸੰਸਥਾ ਬਣਨ ਲਈ ਅੱਡੁੱਕ ਤੇ ਸੁਤੰਤਰ, ਅਤੇ ਮਾਨਸਕ ਤੌਰ ਤੇ ਨਿਰਪੱਖ ਤੇ ਰੀਤਾਂ-ਰਸਮਾਂ ਦੇ ਬੰਧਨਾਂ ਤੋਂ ਮੁਕਤ ਕਰ ਗਏ ਸਨ।[48] ਇਸ ਤਰ੍ਹਾਂ ਦੀ 'ਚੜ੍ਹਦੀ ਕਲਾ-ਪੂਰਤ' ਸਰਬਪੱਖੀ ਮੁਕਤੀ ਕੋਈ ਅਜਿਹੀ ਸਾਂਈਂ-ਰੰਗ-ਰੱਤੀ, ਚਮਤਕਾਰੀ ਅਤੇ ਉੱਚਤਮ ਦਰਜੇ ਦੀ 'ਚੜ੍ਹਦੀ ਕਲਾ' ਦੀ ਸਾਖਿਆਤ ਸਰੂਪ ਸ਼ਖਸੀਅਤ ਹੀ ਕਰਵਾ ਸਕਦੀ ਸੀ। ਇਸ ਦੇ ਨਾਲ ਹੀ, ਉਹ, ਸੀ.ਐਚ.ਪੇਨ ਦੇ ਲਫ਼ਜ਼ਾਂ ਵਿਚ, ਉਨ੍ਹਾਂ ਨੂੰ ਇਹ ਨਾ ਸਿਖਾਲ ਗਏ not how to escape from the world, but how to live worthily in it; not how evil is to be avoided, but how it is to be met and overcome.[49] ਕਿ "ਦੁਨੀਆਂ ਤੋਂ ਨੱਠਣਾ ਕਿਵੇਂ ਹੈ, ਸਗੋਂ ਇਹ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣਾ ਤੇ ਜੀਊਣਾ ਕਿਵੇਂ ਹੈ। ਉਹ ਕੇਵਲ ਇਹੋ ਸਿਖਾਲਣ ਦੀ ਥਾਂ ਕਿ ਬਦੀ-ਬੁਰਾਈ ਤੋਂ ਬਚਣਾ ਕਿਵੇਂ ਹੈ, ਇਹ ਵੀ ਸਿਖਾ ਗਏ ਕਿ ਬਦੀ ਦਾ ਟਾਕਰਾ ਕਰ ਕੇ ਉਸ ਉਤੇ ਕਾਬੂ ਕਿਵੇਂ ਪਾਉਣਾ ਹੈ।[49] ਉਹ ਤਾਂ ਇਹ ਵੀ ਬੜੇ ਸਾਫ ਸ਼ਬਦਾਂ ਵਿਚ ਸਮਝਾਅ ਗਏ ਸਨ :

.....ਜੇ ਜੀਵੈ ਪਤਿ ਲਥੀ ਜਾਇ।
ਸਭੁ ਹਰਾਮੁ ਜੇਤਾ ਕਿਛੁ ਖਾਇ।[50]

6

ਅਜਿਹੀ ਅਦੁੱਤੀ ਤੇ ਚਮਤਕਾਰੀ 'ਚੜ੍ਹਦੀ ਕਲਾ' ਪਿੱਛੇ ਕੰਮ ਕਰ ਰਿਹਾ ਅਸਲ ਕ੍ਰਿਸ਼ਮਾ ਜਾਂ ਕਰਾਮਾਤ ਉਹੀਓ 'ਨਾਮ' ਹੀ ਸੀ ਜਿਸ ਦਾ ਜ਼ਿਕਰ, ਅਚਲ ਬਟਾਲੇ ਦੇ ਸਿੱਧਾਂ ਦੀ ਪੁੱਛ ਦੇ ਜਵਾਬ ਵਿਚ, ਭਾਈ ਗੁਰਦਾਸ ਭੱਲਾ ਜੀ ਦੇ ਲਫ਼ਜ਼ਾਂ ਵਿਚ, ਉਨ੍ਹਾਂ ਨੇ ਆਪ ਇਉਂ ਕੀਤਾ ਸੀ :

ਸਿਧਿ ਬੋਲਨਿ, "ਸੁਣਿ ਨਾਨਕਾ ! ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇ ਅਸਾਂ ਨੋ, ਤੁਹਿ ਕਿਉ ਢਿਲ ਅਵੇਹੀ ਲਾਈ" ?.....
ਬਾਬਾ ਬੋਲੇ , "ਨਾਥ ਜੀ ! ਸਬਦੁ ਸੁਨਹੁ ਸਚ ਮੁਖਹੁ ਅਲਾਈ।
ਬਾਝੋ 'ਸਚੇ ਨਾਮ' ਦੇ, ਹੋਰ ਕਰਾਮਾਤਿ ਅਸਾ 'ਤੇ ਨਾਹੀ।.....
ਸਤਿ 'ਨਾਮ' ਬਿਨੁ ਬਾਦਰਿ ਛਾਈ"।[51]

ਇਉਂ ਹੀ, ਦੀਪਾਲਪੁਰ ਦੇ ਯੋਗੀਆਂ ਨੇ ਜਦੋਂ ਉਨ੍ਹਾਂ ਦੀ ਆਦਰਸ਼ਕ ਸਿੱਖਿਆ ਨੂੰ ਇਕ ਸਮੁੱਚੇ ਰੂਪ ਵਿਚ ਪੇਸ਼ ਕਰਨ ਵਾਲੇ ਅਦੁੱਤੀ ਫ਼ਾਰਮੂਲੇ :

ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ

ਦੇ ਤੀਜੇ ਅੰਗ, 'ਵੰਡ ਛਕਣਾ', ਦਾ ਮਖ਼ੌਲ ਉਡਾਂਦਿਆਂ, ਇਕ ਤਿਲ ਨੂੰ ਵੰਡ ਛਕਾਉਣ ਦੀ ਫ਼ੁਰਮਾਇਸ਼ ਕੀਤੀ ਸੀ, ਤਾਂ, ਬਾਵਾ ਸਰੂਪ ਦਾਸ ਭੱਲਾ ਦੇ ਸ਼ਬਦਾਂ ਵਿਚ, ਹਜ਼ੂਰ ਦੀ ਉਜਿਹੀ 'ਚੜ੍ਹਦੀ ਕਲਾ' ਦੇ ਸੁਚੇਤਵੇਂ ਤੇ

---

49. Payne, C.H., *A Short History of the Sikhs*, London--c.1876, p. 20.
50. ਗੁਰੂ ਨਾਨਕ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਰਾਗ ਮਾਝ, ਪੰ. 142.
51. ਭਾਈ ਗੁਰਦਾਸ, **ਵਾਰਾਂ**, ਉਹੀ, ਵਾਰ ਨੰ. 1, ਪਉੜੀ ਨੰ. 42-43. ਸੰਪਾਦਿਤ ਪਾਠ, ਪੰ: 74-75

ਮਿਲਵਰਤਣੇ ਪੱਖ ਦਾ ਇਕ ਹੋਰ ਚਮਤਕਾਰ ਇਉਂ ਵਿਦਤ ਹੋਇਆ ਸੀ :

ਤਬ ਦਿਆਲ ਵੈ ਤਿਲ ਕੋ ਲੀਉ,ਲੈ ਕੂੰਡੀ ਸੋਟਾ ਮੈਥਨ ਕੀਉ।
ਆਪਣੇ ਹਾਥ ਦੀਓ ਵਰਤਾਇ, ਸਭ ਨੇ ਪਤ੍ਰ ਭਰੇ ਲੀਲਾਇ।
ਸਭ ਦੇਖ ਚਰਿੱਤ੍ਰ, ਬਿਸਮ ਹੋਇ ਗਏ;ਸਤਿਗੁਰ ਕੋ ਪਰਸੰਸਤ ਭਏ।[52]

II
ਦੂਜੀ ਪਾਤਸ਼ਾਹੀ, ਸ੍ਰੀ ਗੁਰੂ ਅੰਗਦ ਦੇਵ ਜੀ, ਦੇ ਸਮੇਂ
(1539-1552 ਈ.)

ਅਜਿਹੀ ਅਨੂਠੀ ਤੇ ਸੁਚੇਤਵੀਂ 'ਚੜ੍ਹਦੀ ਕਲਾ' ਦਾ ਇਕ ਹੋਰ ਬਹੁਤ ਵੱਡਾ ਚਮਤਕਾਰ ਗੁਰੂ ਨਾਨਕ ਦੇਵ ਜੀ ਦੇ ਉਸ ਫ਼ੈਸਲੇ ਤੋਂ ਪਰਗਟ ਹੈ ਜਿਸ ਅਨੁਸਾਰ ਆਪ ਨੇ ਆਪਣੇ ਇਕ ਸਿਦਕੀ ਤੇ ਸ਼ਰਧਾਲੂ ਸਿੱਖ, ਭਾਈ ਲਹਿਣਾ ਜੀ[1], ਨੂੰ ਆਪਣਾ ਜਾਨਸ਼ੀਨ ਜਾਂ ਉਤਰਾਧਿਕਾਰੀ, ਜੀਉਂਦੇ-ਜੀਅ, ਨਿਯਤ ਕਰ ਦਿੱਤਾ ਸੀ।

ਇਹ ਨਿਯੁਕਤੀ 'ਚੜ੍ਹਦੀ ਕਲਾ' ਦੇ ਉਸ ਪੱਖ ਨਾਲ, ਖਾਸ ਤੌਰ ਤੇ, ਸਬੰਧਿਤ ਹੈ ਜੋ ਭਰਪੂਰ ਸੁਚੇਤਤਾ, ਸੁਬੁੱਧਿਤਾ, ਦੂਰਦਰਸ਼ਤਾ, ਸੁਆਰਥਹੀਨਤਾ ਅਤੇ ਪਰਉਪਕਾਰਤਾ ਆਦਿ ਦੀ ਸਾਖ਼ ਭਰਦਾ ਹੈ। ਗੁਰੂ ਸਾਹਿਬ, ਅਸਲੋਂ ਹੀ, ਇਕ ਅਜਿਹੀ ਨਵੀਂ, ਨਰੋਈ ਤੇ ਨਿਆਰੀ ਕੌਮ ਸਾਜਣੀ ਤੇ ਉਸਾਰਨੀ ਚਾਹੁੰਦੇ ਸਨ, ਜਿਸ ਦੀ ਸੰਪੂਰਨ ਉਸਾਰੀ ਮਨੁੱਖੀ ਜੀਵਨ ਦੇ ਕੇਵਲ ਇੱਕੋ ਜਾਮੇ ਵਿਚ ਕਰ ਲੈਣੀ ਅਸੰਭਵ ਸੀ। ਇਸ ਲਈ ਉਨ੍ਹਾਂ ਨੇ ਇਸ ਬੜੇ ਭਾਰੀ ਤੇ ਜ਼ਿੰਮੇਵਾਰੀ ਵਾਲੇ ਯਾਦਗਾਰੀ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ, ਕਈ ਜਾਮੇ ਧਾਰਨ ਦੀ ਵਿਉਂਤ ਬਣਾ ਲਈ ਸੀ ਅਤੇ ਜਾਨਸ਼ੀਨੀ ਦਾ ਆਧਾਰ ਵਿਰਾਸਤ ਦੀ ਥਾਂ ਕੇਵਲ ਸਿਦਕ ਤੇ ਸੁਯੋਗਤਾ ਨਿਯਤ ਕਰ ਦਿੱਤਾ ਸੀ।

ਇਸੇ ਆਦਰਸ਼ ਤੇ ਅਸੂਲ ਨੂੰ ਮੁੱਖ ਰਖਦਿਆਂ, ਉਨ੍ਹਾਂ ਨੇ ਇਹ ਪਾਵਨ ਪਦਵੀ ਤੇ ਮਹਾਨ ਜ਼ਿੰਮੇਵਾਰੀ ਆਪਣੇ ਸਪੁੱਤਰਾਂ ਦੀ ਥਾਂ, ਇਸ ਦੇ ਇਕ ਅਤੀ ਯੋਗ ਸੇਵਕ, ਭਾਈ ਲਹਿਣਾ ਜੀ, ਨੂੰ ਚੰਗੀ ਤਰ੍ਹਾਂ ਜੋਖ-ਪਰਖ ਕੇ ਅਤੇ 'ਗੁਰੂ ਅੰਗਦ ਦੇਵ' ਬਣਾ, ਕੇ ਆਪਣੇ ਜੀਉਂਦੇ ਜੀਅ ਹੀ ਇਹ ਕਹਿ ਕੇ ਸੌਂਪ ਦਿੱਤੀ ਸੀ :

ਅਬ ਤੂੰ ਮੇਰੇ ਅੰਗ ਤੇ ਭਇਆ,
ਤੂੰ ਲਹਨਾ ਮੈ ਦੇਨ ਦਇਆ।[52]

ਭਾਈ ਲਹਿਣਾ ਜੀ ਅਜਿਹੀ ਸੁਯੋਗਤਾ ਤੋਂ ਛੁੱਟ, ਗੁਰੂ ਨਾਨਕ ਸਾਹਿਬ ਦੇ ਉਪਰੋਕਤ ਸਿਧਾਂਤ ਤੇ ਸਿੱਖਿਆ ਦੇ ਅਨੁਸਾਰੀ ਅਤੇ 'ਨਾਮ', 'ਭਾਣੇ' ਤੇ 'ਲੋਕ-ਭਲਾਈ' ਵਾਲੀ 'ਚੜ੍ਹਦੀ ਕਲਾ' ਦੇ ਧਾਰਨੀ ਵੀ ਸਨ। ਉਨ੍ਹਾਂ ਦੇ ਸਮਕਾਲੀ ਰਬਾਬੀਆਂ, ਰਾਇ ਬਲਵੰਡ ਤੇ ਸੱਤਾ ਡੂਮ, ਅਨੁਸਾਰ :

---

52. ਭੱਲਾ, ਬਾਵਾ ਸਰੂਪ ਦਾਸ, **ਮਹਿਮਾ ਪ੍ਰਕਾਸ਼,** ਗੋਇੰਦਵਾਲ-1776, 'ਸਾਖੀਆਂ ਪਾਤਸ਼ਾਹੀ 1', ਅਰਥਾਤ **ਗੁਰੂ ਨਾਨਕ ਮਹਿਮਾ**', ਪਦ 7-8; ਸ. ਸ਼ਮਸ਼ੇਰ ਸਿੰਘ ਅਸ਼ੋਕ ਤੇ ਸ. ਗੋਬਿੰਦ ਸਿੰਘ ਲਾਂਬਾ ਵਲੋਂ ਸੰਪਾਦਿਤ ਛਾਪ, ਪਟਿਆਲਾ-1973, ਭਾਗ ਪਹਿਲਾ.

1. ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਦਾ ਜਨਮ 31 ਮਾਰਚ 1504 ਈ. ਨੂੰ ਮੱਤੇ ਦੀ ਸਰਾਂ (ਸਰਾਇ ਨਾਂਗਾ), ਜ਼ਿਲ੍ਹਾ ਫ਼ੀਰੋਜ਼ਪੁਰ, ਵਿਚ ਭਾਈ ਫੇਰੂ ਜੀ ਦੇ ਘਰ, ਮਾਤਾ ਸਭਰਾਈ ਜੀ ਦੀ ਕੁੱਖੋਂ ਹੋਇਆ ਸੀ। ਆਪ 29 ਮਾਰਚ 1552 ਈ. ਨੂੰ ਖਡੂਰ, ਜ਼ਿਲ੍ਹਾ ਅੰਮ੍ਰਿਤਸਰ, ਵਿਚ ਹੀ ਜੋਤੀ-ਜੋਤਿ ਸਮਾਏ ਸਨ।

1. ਜੋਤਿ ਸਮਾਣੀ, ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ।
ਸਿਖਾਂ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿਕਿਓਨੁ।
ਜਾਂ ਸੁਧੋਸੁ ਤਾ ਲਹਣਾ ਟਿਕਿਓਨੁ।[2]
2. ਨਾਨਕਿ ਰਾਜੁ ਚਲਾਇਆ,
ਸਚੁ ਕੋਟੁ ਸਤਾਣੀ ਨੀਵ ਦੈ;
ਲਹਣੇ ਧਰਿਓਨੁ ਛਤੁ ਸਿਰਿ,
ਕਰਿ ਸਿਫਤੀ ਅੰਮ੍ਰਿਤੁ ਪੀਵਦੈ।....
ਗੁਰਿ ਚੇਲੇ ਰਹਰਾਸਿ ਕੀਈ,
ਨਾਨਕਿ ਸਲਾਮਤਿ ਥੀਵਦੈ।
ਸਹਿ ਟਿਕਾ ਦਿਤੋਸੁ ਜੀਵਦੈ।[3]

ਇਸੇ ਵਿਲੱਖਣ, ਇਨਕਲਾਬੀ ਤੇ ਅਸਚਰਜ ਘਟਨਾ ਦੀ ਪੁਸ਼ਟੀ ਮਗਰੋਂ, ਸਤਾਰ੍ਹਵੀਂ ਸਦੀ ਵਿਚ, ਭਾਈ ਗੁਰਦਾਸ ਜੀ ਨੇ ਵੀ ਇਉਂ ਕੀਤੀ ਸੀ:

1. ਥਾਪਿਆ ਲਹਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ, ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ।[4]
2. ਗੁਰੁ ਅੰਗਦੁ ਗੁਰ ਅੰਗ ਤੇ,
ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ;
ਜੋਤੀ ਜੋਤਿ ਜਗਾਈਅਨੁ,
ਦੀਵੇ ਤੇ ਜਿਉ ਦੀਵਾ ਬਲਿਆ।[5]

ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ, ਸਾਂਈਂ ਰੰਗ-ਰੱਤੇ ਪ੍ਰੋ. ਪੂਰਨ ਸਿੰਘ (1881-1931ਈ.) ਨੇ ਵੀ ਇਸ ਕੌਤਕ ਨੂੰ, ਆਪਣੇ ਅਨੂਠੇ ਰੰਗ-ਢੰਗ ਵਿਚ, ਇਉਂ ਬਿਆਨਿਆ ਸੀ:

He gave Angad his own love,
his own face and name and soul.
He gave him his own throne
in the hearts of men.
He called him "Born of my loins",
and made another Nanak on this earth.

---

2. ਬਲਵੰਡ, ਰਾਇ ਤੇ ਸੱਤਾ ਡੂਮ, ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ, ਰਾਮਕਲੀ ਕੀ ਵਾਰ, ਰਾਗੁ ਰਾਮਕਲੀ, ਪਉੜੀ ਨੰ. 4, ਪੰ. 967.
3. ਉਕਤ, ਪਉੜੀ ਨੰ. 1, ਪੰ. 966.
4. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ. 1, ਪਉੜੀ ਨੰ. 45; ਸੰਪਾਦਿਤ ਪਾਠ, ਪੰ .75.
5. ਉਕਤ, ਵਾਰ ਨੰ. 24, ਪਉੜੀ ਨੰ. 8; ਉਕਤ, ਪਾਠ, ਪੰ .213.

This is Nanak, the Master, the Spirit of God
that fashions Himself for ever in the image of man.[6]

ਅਰਥਾਤ, "ਉਨ੍ਹਾਂ ਨੇ ਲਹਿਣਾ ਜੀ ਨੂੰ ਆਪਣੀ ਪ੍ਰੇਮਾ-ਭਗਤੀ, ਆਪਣਾ ਮੁੱਖ , ਨਾਂ ਤੇ ਆਤਮਾ ਬਖ਼ਸ਼ ਦਿੱਤੀ। ਲੋਕ-ਦਿਲਾਂ ਉੱਤੇ ਬਣਾਇਆ ਆਪਣਾ ਤਖ਼ਤ ਵੀ ਸੌਂਪ ਦਿੱਤਾ। ਉਨ੍ਹਾਂ ਨੂੰ ਆਪਣੇ ਅੰਗ ਦੀ ਉਪਜ ਦਸਦਿਆਂ, 'ਅੰਗਦ' ਆਖਿਆ ਅਤੇ ਇਸ ਧਰਤੀ ਉੱਤੇ ਇਕ ਹੋਰ 'ਨਾਨਕ' ਬਣਾ ਦਿੱਤਾ। ਇਹ ਹੈ ਪੀਰ-ਮੁਰਸ਼ਦ ਨਾਨਕ, ਰੱਬ ਦੀ ਰੂਹ ਜੋ ਆਪਣੇ ਆਪ ਨੂੰ ਹਮੇਸ਼ਾ ਮਨੁੱਖ ਦੇ ਰੂਪ ਵਿਚ ਸਾਕਾਰਦੀ ਰਹਿੰਦੀ ਹੈ"।[6]

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਯੋਰਪੀਨ ਅਨੁਵਾਦਕ, ਡਾ.ਅਰਨਸਟ ਟਰੰਪ (1828-1885 ਈ.), ਨੇ ਇਸੇ ਲਈ ਇਹ ਠੀਕ ਹੀ ਆਖਿਆ ਸੀ, The disciples of Guru Nanak would have no doubt soon dispersed and gradually disappeared, as well as the disciples of many other Gurus before Nanak, if he had not taken care to appoint a successor before his death.[7] ਅਰਥਾਤ, "ਗੁਰੂ ਨਾਨਕ ਦੇਵ ਜੀ ਦੇ ਚੇਲੇ ਨਿਰਸੰਦੇਹ ਛੇਤੀ ਹੀ ਬਿਖਰ ਜਾਂਦੇ ਅਤੇ ਹੌਲੇ ਹੌਲੇ ਅਲੋਪ ਵੀ ਹੋ ਜਾਂਦੇ ਜੇ ਉਹ, ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਬਹੁਤ ਸਾਰੇ ਹੋਰ ਗੁਰੂਆਂ ਦੇ ਚੇਲਿਆਂ ਵਾਂਗ, ਆਪਣੇ ਚਲਾਣੇ ਤੋਂ ਪਹਿਲਾਂ ਆਪਣਾ ਜਾਨਸ਼ੀਨ ਆਪੇ ਨ ਥਾਪ ਜਾਂਦੇ।"[7] ਗੁਰੂ ਨਾਨਕ ਦੇਵ ਜੀ ਦੀ ਇਸੇ ਸੂਝਬੂਝ ਵਾਲੀ ਤੇ ਦੂਰ-ਦ੍ਰਿਸ਼ਟਵੀ 'ਚੜ੍ਹਦੀ ਕਲਾ-ਪੂਰਤ' ਕਾਰਵਾਈ ਨੂੰ ਇਕ ਵਡਮੁੱਲਾ ਵਿਰਸਾ ਅਤੇ ਅਦੁੱਤੀ ਦੇਣ ਮੰਨਦਿਆਂ, ਪ੍ਰੋ.ਅਨਿਲ ਚੰਦਰ ਬੈਨਰਜੀ ਲਿਖਦੇ ਹਨ: The basic idea that Guruship was a continuing institution operating through a transformed human personality was evidently a precious legacy which the Sikh community received from Nanak himself. It was a uniqe contribution to the development of religious thought and organisation.[8] ਅਰਥਾਤ, "ਇਹ ਮੂਲ ਵਿਚਾਰ ਕਿ ਗੁਰਤਾ ਇਕ ਨਿਰੰਤਰ ਸੰਸਥਾ ਸੀ ਜੋ ਇਕ ਰੂਪ-ਪਰਵਰਤਿਤ ਸ਼ਖ਼ਸੀਅਤ ਰਾਹੀਂ ਉਸ ਦਾ ਕਾਰਜ ਨਿਭਾਉਂਦੀ ਰਹੇਗੀ, ਇਕ ਅਜਿਹਾ ਵਡਮੁੱਲਾ ਵਿਰਸਾ ਹੈ ਜੋ ਸਿੱਖ ਕੌਮ ਨੂੰ ਖ਼ੁਦ ਗੁਰੂ ਨਾਨਕ ਦੇਵ ਜੀ ਤੋਂ ਹੀ ਪਰਾਪਤ ਹੋ ਗਿਆ ਸੀ। ਇਹ (ਵਿਚਾਰ ਤੇ ਉਸ ਦੀ ਅਜਿਹੀ ਅਮਲੀ ਵਰਤੋਂ) ਧਾਰਮਕ ਚਿੰਤਨ ਤੇ ਸੰਗਠਨ ਦੇ ਵਿਕਾਸ ਲਈ ਉਨ੍ਹਾਂ ਦੀ ਇਕ ਅਦੁੱਤੀ ਦੇਣ ਸੀ।"[8]

2

ਜਿਥੋਂ ਤਕ ਪ੍ਰਭੂ-ਭਗਤੀ ਤੇ ਨਾਮ-ਸਿਮਰਨ ਦਾ ਸਬੰਧ ਹੈ, ਰਾਇ ਬਲਵੰਡ ਨੇ ਗੁਰੂ ਅੰਗਦ ਦੇਵ ਜੀ ਨੂੰ "ਜਪੁ, ਤਪੁ, ਸੰਜਮੁ"[9] ਦੀ ਸਾਕਾਰ ਮੂਰਤਿ ਦਸਿਆ ਸੀ। ਮਨੁੱਖ ਨੂੰ ਰੱਬ ਦੀ ਇੱਕਵਤਾ, ਸਦੀਵਤਾ ਤੇ ਸਰਬ-ਦਾਤਾਰਤਾ ਉੱਤੇ

---

6. Puran Singh, Prof., *The Book of the Ten Masters,* London-1926, p. 29.
7. Trumpp, Ernest, *The Adi Granth*, London-1877, Introduction, p. Lxxvii.
8. Banerjee, Anil Chandra, *The Sikh Gurus and the Sikh Religion*, New Delhi-1983, p. 151.
9. ਬਲਵੰਡ, **ਰਾਮਕਲੀ ਕੀ ਵਾਰ**, ਉਹੀ, ਪਉੜੀ ਨੰ. 5, ਪੰ. 967.

ਨਿਸਚਾ ਧਾਰਨ ਅਤੇ ਉਸ ਦੀ ਸੇਵਾ ਤੇ ਸਿਫ਼ਤ-ਸਾਲਾਹ ਉਚਾਰਨ ਲਈ ਪਰੇਰਦਿਆਂ, ਗੁਰੂ ਅੰਗਦ ਦੇਵ ਜੀ ਨੇ ਇਕ ਥਾਂ ਇਹ ਆਪ ਫ਼ੁਰਮਾਇਆ ਹੈ :

ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ ।
ਨਾਨਕ ਏਕੀ ਬਾਹਰਾ, ਦੂਜਾ ਦਾਤਾ ਨਾਹਿ ।....
ਨਾਨਕ ਆਪਿ ਸਦੀਵ ਹੈ, ਪੂਰਾ ਜਿਸੁ ਭੰਡਾਰੁ ।
ਵਡਾ ਕਰਿ ਸਾਲਾਹੀਐ, ਅੰਤੁ ਨ ਪਾਰਾਵਾਰੁ ।[10]

ਉਸੇ ਸਰਬ-ਦਾਤਾਰ ਦੇ ਹੁਕਮ ਦੀ ਪਾਲਣਾ ਕਰਦਿਆਂ ਅਤੇ ਉਸੇ ਦੇ ਭਾਣੇ ਉਤੇ ਸ਼ਾਕਰ ਰਹਿੰਦਿਆਂ,ਮਨੁੱਖ ਨੂੰ ਚਿੰਤਾ-ਪੂਰਤ 'ਢਹਿੰਦੀ ਕਲਾ' ਤੋਂ ਹੋੜਦਿਆਂ ਅਤੇ ਆਸ਼ਾਵਾਦੀ 'ਚੜ੍ਹਦੀ ਕਲਾ' ਵਿਚ ਵਿਚਰਨ ਲਈ ਉਤਸ਼ਾਹੁੰਦਿਆਂ, ਇਹ ਵੀ ਗੁਰੂ ਅੰਗਦ ਦੇਵ ਜੀ ਨੇ ਹੀ ਆਖਿਆ ਸੀ :

ਨਾਨਕ, ਚਿੰਤਾ ਮਤਿ ਕਰਹੁ, ਚਿੰਤਾ ਤਿਸ ਹੀ ਹੇਇ ।
ਜਲ ਮਹਿ ਜੰਤ ਉਪਾਇਅਨੁ, ਤਿਨਾ ਭਿ ਰੋਜੀ ਦੇਇ । ....[11]

3

ਜਿਵੇਂ ਕਿ ਪਹਿਲਾਂ ਦਸ ਆਏ ਹਾਂ, 'ਚੜ੍ਹਦੀ ਕਲਾ' ਵਿਚ ਵਿਚਰਦੇ ਰਹਿਣ ਲਈ ਨਿਰਭੈ ਤੇ ਨਿਰਵੈਰ ਹੋਣਾ ਵੀ ਅਤੀ ਜ਼ਰੂਰੀ ਹੈ । ਪਰ ਨਿਰਭੈ ਤੇ ਨਿਰਵੈਰ ਕੇਵਲ ਉਹ ਸੱਜਣ ਹੀ ਹੋ ਸਕਦਾ ਹੈ ਜੋ, ਗੁਰੂ ਅੰਗਦ ਦੇਵ ਜੀ ਦੇ ਹੇਠ-ਲਿਖੇ ਸਿਧਾਂਤ ਅਨੁਸਾਰ, ਹਰੀ ਪਰਮਾਤਮਾ ਦੇ ਭੈ, ਭਾਉ ਤੇ ਭਾਣੇ ਦਾ ਅਨੁਸਾਰੀ ਹੁੰਦਾ ਹੈ :

ਜਿਨਾ ਭਉ, ਤਿਨ ਨਾਹਿ ਭਉ ;
ਮੁਚੁ ਭਉ ਨਿਭਵਿਆਹ ।[12]

ਉਨ੍ਹਾਂ ਦੀ ਅਜਿਹੀ ਨਿਰਭੈਤਾ ਤੇ ਨਿਰਵੈਰਤਾ-ਸੂਚਕ 'ਚੜ੍ਹਦੀ ਕਲਾ' ਉਸ ਇਤਿਹਾਸਕ ਘਟਨਾ ਤੋਂ ਵੀ ਭਲੀ-ਭਾਂਤਿ ਵਿਦਿਤ ਹੈ ਜੋ ਮੁਗ਼ਲ ਬਾਦਸ਼ਾਹ ਬਾਬਰ ਦੇ ਜਾਨਸ਼ੀਨ, ਹੁਮਾਯੂੰ (1508-1556) ਦੇ ਸੰਨ 1540 ਦੇ ਮਹੀਨਾ ਮਈ ਦੌਰਾਨ, ਖਡੂਰ ਸਾਹਿਬ ਪਹੁੰਚਣ 'ਤੇ ਵਾਪਰੀ ਸੀ । ਉਹ ਉਦੋਂ ਸ਼ੇਰ ਸ਼ਾਹ ਸੂਰੀ ਪਾਸੋਂ ਕਰਾਰੀ ਹਾਰ ਖਾ ਕੇ, ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨ, ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਅਤੇ ਤਖ਼ਤ-ਬਹਾਲੀ ਲਈ ਅਸੀਸ ਲੈਣ ਵਾਸਤੇ ਉਨ੍ਹਾਂ ਦੇ ਦਰਬਾਰ ਹਾਜ਼ਰ ਹੋਇਆ ਸੀ । ਗੁਰੂਦੇਵ ਉਸ ਵੇਲੇ ਅਜਿਹੀ ਲੀਨ ਅਵਸਥਾ ਵਿਚ ਸਨ ਕਿ ਉਹ ਉਸ ਦੀ ਆਵੰਦ ਤੇ ਹਾਜ਼ਰੀ ਵੱਲ ਛੇਤੀ ਧਿਆਨ ਨ ਦੇ ਸਕੇ । ਹੁਮਾਯੂੰ ਨੂੰ ਇਸ ਵਿਚ ਆਪਣੀ ਨਿਰਾਦਰੀ ਮਹਿਸੂਸ ਹੋਈ ਅਤੇ ਉਹ ਗੁੱਸੇ ਵਿਚ ਆ ਕੇ, ਸਤਿਗੁਰੂ ਨੂੰ ਮਾਰਨ ਲਈ, ਮਿਆਨ ਵਿਚੋਂ ਤਲਵਾਰ ਖਿਚਦਿਆਂ, ਅੱਗੇ ਵਧਿਆ । ਗੁਰੂਦੇਵ ਨੇ ਉਸ ਦੇ ਗੁੱਸੇ ਤੇ ਧਮਕੀ ਦੀ ਕੋਈ ਪਰਵਾਹ ਨ ਕਰਦਿਆਂ, ਜਦੋਂ ਨਜ਼ਰ ਉਠਾ ਕੇ ਉਸ ਵੱਲ ਦੇਖਿਆ ਤਾਂ ਉਹ ਉਨ੍ਹਾਂ ਦੇ ਨੂਰੀ ਮੁੱਖੜੇ ਦੀ ਝਾਲ ਹੀ ਨਾ ਝਲ

---

10. ਗੁਰੂ ਅੰਗਦ ਦੇਵ, **ਗੁਰੂ ਗ੍ਰੰਥ ਸਾਹਿਬ**, ਰਾਗ ਸਾਰੰਗ, ਪੰ. 1238-39.
11. ਉਕਤ, ਰਾਗ ਰਾਮਕਲੀ, ਮ : 2, ਪੰ. 955.
12. ਗੁਰੂ ਅੰਗਦ ਦੇਵ, **ਗੁਰੂ ਗ੍ਰੰਥ ਸਾਹਿਬ**, ਰਾਗ ਸੂਹੀ, ਪੰ. 788.

ਸਕਿਆ। ਉਸ ਦਾ ਹੱਥ ਤਲਵਾਰ ਦੇ ਮੁੱਠੇ ਉਤੇ ਹੀ ਟਿਕ ਗਿਆ ਅਤੇ ਉਹ ਉਥੇ ਦਾ ਉਥੇ ਹੀ ਬੁੱਤ ਵਾਂਗ ਖੜਾ ਰਹਿ ਗਿਆ। ਸਤਿਗੁਰੂ ਜੀ ਨੇ ਬੜੀ ਰਮਜ਼-ਭਰੀ 'ਚੜ੍ਹਦੀ ਕਲਾ' ਵਿਚ ਮੁਸਕਾਂਦਿਆਂ ਆਖਿਆ, "ਜਿਹੜੀ ਤਲਵਾਰ ਹੁਣ ਤੂੰ ਪੀਰਾਂ ਫ਼ਕੀਰਾਂ ਉਤੇ ਸੂਤਣ ਲਗਾ ਏਂ, ਉਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿਥੇ ਸੀ? ਇਹ ਜਿਥੇ ਚਲਾਉਣੀ ਸੀ ਉਥੇ ਤਾਂ ਤੂੰ ਚਲਾਈ ਨਹੀਂ ਅਤੇ ਗੀਦੀਆਂ ਵਾਂਗ ਰਣਭੂਮੀ ਤੋਂ ਨੱਠ ਆਇਆ ਏਂ। ਹੁਣ ਏਥੇ ਇਸ ਨੂੰ ਦਰਵੇਸ਼ਾਂ ਉਤੇ ਸੂਤਣ ਨਾਲ ਕੀ ਤੈਨੂੰ ਤੇਰਾ ਰਾਜ-ਭਾਗ ਮੁੜ ਮਿਲ ਜਾਏਗਾ?" 'ਸੂਰਜ ਪ੍ਰਕਾਸ਼' ਦੇ ਕਰਤਾ, ਭਾਈ ਸੰਤੋਖ ਸਿੰਘ (1787-1843 ਈ.), ਦੇ ਸ਼ਬਦਾਂ ਵਿਚ:

ਕਾਇਰ ਭਯੋ, ਭਾਜ ਕਰਿ ਆਵਾ;
ਹਮਹਿ ਸੂਰਤਾ ਚਹੈਂ ਦਿਖਾਵਾ।[13]

ਹੁਮਾਯੂੰ ਇਹ ਸਤਿ-ਬਚਨ ਸੁਣ ਕੇ ਬੜਾ ਹੀ ਸ਼ਰਮਿੰਦਾ ਹੋਇਆ। ਉਸ ਨੇ ਗੁਰੂਦੇਵ ਨੂੰ ਨਮਸਕਾਰ ਕੀਤੀ, ਬੇਅਦਬੀ ਦੀ ਮਾਫ਼ੀ ਮੰਗੀ ਅਤੇ ਵਰ-ਅਸੀਸ ਦੇਣ ਲਈ ਜੋਦੜੀ ਕੀਤੀ। ਗੁਰੂ ਅੰਗਦ ਦੇਵ ਜੀ ਨੇ ਉਸ ਦੀ ਗੁਸਤਾਖ਼ੀ ਨੂੰ ਅਣਡਿੱਠ ਕਰਦਿਆਂ, ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਹੇਠ-ਲਿਖੀ ਭਵਿੱਖ-ਬਾਣੀ ਵਲ ਧਿਆਨ ਦੁਆਂਦਿਆਂ ਫ਼ਰਮਾਇਆ:

ਆਵਨਿ ਅਠਤਰੈ, ਜਾਨਿ ਸਤਾਨਵੈ,
ਹੋਰੁ ਭੀ ਉਠਸੀ ਮਰਦ ਕਾ ਚੇਲਾ।[14]

ਫਿਰ ਕੁਝ ਚਿਰ ਲਈ ਦੇਸੋਂ ਬਾਹਰ, ਈਰਾਨ, ਚਲੇ ਜਾਣ ਦੀ ਸਲਾਹ ਦਿੱਤੀ; ਧਰਮ-ਨਿਆਂ ਤੇ ਸਹਿਨ-ਸ਼ੀਲਤਾ ਦੇ ਉਪਦੇਸ਼ ਨਾਲ ਨਿਵਾਜਿਆ ਅਤੇ ਵਰ-ਅਸੀਸ ਦੇ ਕੇ ਵਿਦਾਅ ਕੀਤਾ। ਗੁਰ-ਇਤਿਹਾਸ ਦੀ ਸਭ ਤੋਂ ਪਹਿਲੀ ਪੁਸਤਕ, 'ਮਹਿਮਾ ਪ੍ਰਕਾਸ਼', ਦੇ ਲੇਖਕ, ਬਾਵਾ ਸਰੂਪ ਦਾਸ ਭੱਲਾ, ਨੇ ਇਹ ਵਾਰਤਾਲਾਪ ਇਉਂ ਬਿਆਨੀ ਹੋਈ ਹੈ:

ਤਬ ਹਾਥ ਤਲਵਾਰ ਮੂਠ ਪਰ ਰਾਖਾ,
ਬਝ ਗਯੋ ਹਾਥ, ਤਬ ਦੇਖ ਪ੍ਰਭ ਭਾਖਾ:
"ਸ਼ੇਰ ਸ਼ਾਹ ਸੇ ਕਛੁ ਨਹੀਂ ਕੀਨਾ,
ਈਹਾਂ ਤਲਵਾਰ ਮੂਠ ਗਹਿ ਲੀਨਾ"।
ਬਿਨਤੀ ਧਾਰ ਹੁਮਾਯੂੰ ਕਹਿਓ:
"ਬਡੀ ਚੂਕ ਹਮ ਤੇ ਇਹ ਭਇਓ।
ਅਬ ਮਾਫ਼ ਤਕਸੀਰ ਹੋਇ ਕਾਮਲ ਵਲੀ!
ਬਖਸ਼ ਨਾਨਕ ਕੇ ਸਕੇ ਟਲੀ।"
ਤਬ ਦਿਆਲ ਤਾਹਿ ਸੋਂ ਕਹਿਓ:
"ਕਛੂ ਅਦਲ ਮਾਹਿ ਬਿਅਦਲੀ ਭਇਓ।
ਜੋ ਅਬ ਤਲਵਾਰ ਪਰ ਹਾਥ ਨ ਧਰਤੇ,
ਤੋ ਅਬ ਹੀ ਤੁਮ ਬਾਦਸ਼ਾਹੀ ਕਰਤੇ।
ਜਾਇ ਵਲਾਇਤ ਫਿਰ ਤੁਰਤ ਆਵੇਂ,

13. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸਿ 1, ਅੰਸੂ 10; ਗ੍ਰੰਥਾਵਲੀ, ਪੰ.1351.
14. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਤਿਲੰਗ, ਪੰ. 723.

ਛਤ੍ਰ ਤਖ਼ਤ ਦਿੱਲੀ ਕਾ ਪਾਵੈਂ।"

ਕਰ ਤਸਲੀਅਤ ਵਿਲਾਇਤ ਗਇਆ,
ਪੁਨ ਆਇ ਤਖ਼ਤ ਦਿੱਲੀ ਕਾ ਲਇਆ।
ਸਤਿਗੁਰ ਬੇਪਰਵਾਹ, ਕਛੂ ਕਾਹੂ ਸੋਂ ਕਾਜ ਨਹ,
ਜੋ ਇੱਛੈ ਸੋ ਪਾਇ, ਹਰਖ ਸੋਗ ਪ੍ਰਭ ਕੋ ਨਹੀਂ।[15]

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਸਾਹਿਬ ਦੀ ਉਹ ਸਲਾਹ ਤੇ ਅਸੀਸ ਛੇਤੀ ਹੀ ਫਲੀਭੂਤ ਹੋਈ ਸੀ ਅਤੇ ਹੁਮਾਯੂੰ ਸੰਨ 1555 ਵਿਚ ਹਿੰਦੁਸਤਾਨ ਵਾਪਸ ਆ ਕੇ, ਇਸ ਦੇ ਤਖ਼ਤ-ਤਾਜ ਦਾ ਮੁੜ ਮਾਲਕ ਬਣ ਗਿਆ ਸੀ।[16]

ਸਲੀਮ ਸ਼ਾਹ ਸੂਰੀ ਦਾ ਵਜ਼ੀਰ, ਹੇਮੂੰ ਬਾਣੀਆ (ਜਿਸ ਨੇ ਆਪਣੇ ਸੰਖੇਪ ਜਹੇ ਰਾਜ-ਕਾਲ ਵਿਚ ਚੰਮ ਦਾ ਸਿੱਕਾ ਚਲਾਇਆ ਸੀ), ਵੀ ਜਦੋਂ ਲਾਹੌਰ ਵੱਲ ਆਇਆ ਸੀ ਤਾਂ ਉਹ ਵੀ ਗੁਰੂ ਅੰਗਦ ਦੇਵ ਜੀ ਦਾ ਜੱਸ ਸੁਣ ਕੇ, ਉਨ੍ਹਾਂ ਦੇ ਦਰਬਾਰ ਦਰਸ਼ਨ ਕਰਨ ਤੇ ਅਸੀਸ ਲੈਣ ਲਈ ਹਾਜ਼ਰ ਹੋਇਆ ਸੀ। ਗੁਰੂਦੇਵ ਉਦੋਂ ਬੱਚਿਆਂ ਦੀਆਂ ਖੇਡਾਂ ਵੇਖ ਰਹੇ ਸਨ, ਇਸ ਲਈ ਉਹ ਉਸ ਦੀ ਆਵੰਦ ਵੱਲ ਛੇਤੀ ਧਿਆਨ ਨ ਦੇ ਸਕੇ। ਹੇਮੂੰ ਨੇ ਇਸ ਬੇਧਿਆਨੀ ਨੂੰ ਆਪਣੀ ਨਿਰਾਦਰੀ ਸਮਝਿਆ ਅਤੇ ਬਹੁਤ ਬੁਰਾ ਮਨਾਇਆ। ਜਦੋਂ ਦਰਸ਼ਨ ਦਾ ਸੁਭਾਗ ਪਰਾਪਤ ਹੋਇਆ ਤਾਂ ਉਸ ਨੇ ਆਪਣੇ ਵਕਾਰ ਦੀਆਂ ਡੀਂਗਾਂ ਮਾਰਦਿਆਂ, ਆਪਣੇ ਬਾਦਸ਼ਾਹ ਦੇ ਰਾਜ-ਭਾਗ ਦੀ ਬਰਕਰਾਰੀ ਲਈ ਅਸੀਸ ਮੰਗੀ ਅਤੇ ਨਾਲ ਹੀ ਬੜੇ ਹੰਕਾਰਵੇਂ ਲਹਿਜੇ ਵਿਚ ਗੁਰੂ-ਘਰ ਨਾਲ ਕੋਈ ਜਾਗੀਰ ਲਾਉਣ ਦੀ ਪੇਸ਼ਕਸ਼ ਕੀਤੀ। ਸਹਿਜ, ਸੰਤੋਖ ਅਤੇ 'ਚੜ੍ਹਦੀ ਕਲਾ-ਪੂਰਤ' ਅਣਖ ਦੇ ਸੁਆਮੀ, ਗੁਰੂ ਅੰਗਦ ਦੇਵ ਜੀ ਨੇ ਉਸ ਦੀ ਪੇਸ਼ਕਸ਼, ਹੇਠ-ਲਿਖੇ ਅਨੁਸਾਰ, ਉਸੇ ਦਮ ਅਪਰਵਾਨ ਕਰਦਿਆਂ, ਆਖਿਆ, "ਤੁਸੀਂ ਦੋਵੇਂ ਆਪਣਾ ਆਪ ਸੰਭਾਲੋ, ਸਾਨੂੰ ਸਾਡੇ ਹਾਲ ਉਤੇ ਹੀ ਰਹਿਣ ਦਿਓ, ਅਤੇ ਇਹ ਜਾਗੀਰ ਆਪਣੇ ਪਾਸ ਹੀ ਰਖੋ ਰਖੋ।" ਗਿ. ਗਿਆਨ ਸਿੰਘ ਅਨੁਸਾਰ :

ਜਬ ਗੁਰ ਢਿਗ ਵਹਿ ਪਹੁੰਚਯੋ, ਗੁਰ ਲਰਕਨ ਸੰਗਾ।
ਖੇਲਤ ਥੇ ਨਿਜ ਮੌਜ ਸੌਂ, ਦਿਲ ਹਰਿ ਸੋਂ ਰੰਗਾ।
ਹੇਮੂੰ ਜਬ ਇਕ ਘੜੀ ਲੌ ਤਹਿ ਖੜਾ ਰਹਾਯੋ।

15. ਭੱਲਾ, ਬਾਵਾ ਸਰੂਪ ਦਾਸ, **ਮਹਿਮਾ ਪ੍ਰਕਾਸ਼**, ਗੋਇੰਦਵਾਲ-1776 ਈ., ਭਾਗ ਦੂਜਾ, 'ਸਾਖੀਆਂ ਪਾਤਸ਼ਾਹੀ 2', ਚੌਪਈ ਤੇ ਦੋਹਰਾ, ਪਦ ਨੰ. 12-16; ਲਾਂਬਾ, ਸ.ਗੋਬਿੰਦ ਸਿੰਘ ਤੇ ਸ. ਖਜ਼ਾਨ ਸਿੰਘ ਵਲੋਂ ਸੰਪਾਦਿਤ ਤੇ ਭਾਸ਼ਾ ਵਿਭਾਗ, ਪੰਜਾਬ, ਵਲੋਂ ਪਰਕਾਸ਼ਿਤ, ਪਟਿਆਲਾ-1971, ਪੰਨਾ 24-25.

ਮਹਿਮਾ ਪ੍ਰਕਾਸ਼ ਵਾਰਤਕ, ਕ੍ਰਿਤ ਬਾਵਾ ਕ੍ਰਿਪਾਲ ਦਾਸ, ਗੋਇੰਦਵਾਲ -1741 ਈ. ਅਨੁਸਾਰ :"ਭਾਈ ਮੁਗਲਾ! ਤਲਵਾਰ ਸ਼ੇਰ ਸ਼ਾਹ ਪਰ ਕਢਣੀ ਸੀ ਕਿ ਅਸਾਂ ਪਰ?"

16. ਗੁਲਬਦਨ, **ਹਿਮਾਇਯੂੰਨਾਮਾ**, ਉਰਦੂ ਅਨੁਵਾਦ ਵਲੋਂ ਰਸ਼ੀਦ ਅਖ਼ਤਰ ਨਕਵੀ, ਰਾਇਬਰੇਲੀ, ਪੰ. 74; ਕਨ੍ਹਈਆ ਲਾਲ, **ਤਾਰੀਖ਼ੇ ਪੰਜਾਬ**, ਲਾਹੌਰ-1881, ਪੰ.15; Macauliffe, M.A. *The Sikh Religion: Its Guru, Sacred Writings and Authors*, Oxford, Vol. II, pp. 19-20; Banerjee, *The Sikh Guru's and The Sikh Religion*, op.cit., p.153; Gupta, Dr. Hari Ram, *History of the Sikhs*, Vol. I, New Delhi-1984, p.115; ਕਾਹਨ ਸਿੰਘ ਨਾਭਾ, ਭਾ. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪਟਿਆਲਾ - 1930, ਪੰ. 834.

ਗੁਰ ਇਸ ਕੀ ਦਿਸ ਨ ਪਿਖਯੋ, ਇਨ ਰੋਸ ਬਢਾਯੋ।.....
ਅਰਜ਼ ਕਰੀ, "ਮਮ ਸ਼ਾਹੇ ਕੀ, ਰਹਿ ਸਦ ਪਤਸ਼ਾਹੀ।"
"ਜੋ ਹੋਨਾ ਥਾ ਹੋ ਚੁਕਾ", ਗੁਰ ਕਹਾ ਅਲਾਹੀ।
"ਜਿਨ ਕੀ ਸ਼ਾਹੀ ਚਹਿਤ ਤੂੰ, ਯਹਿ ਤੁਰਕ ਬਨੇ ਹੈਂ।
ਤੁਮ ਕੋ ਹਤ ਹੈਂ ਮੁਗ਼ਲ ਫਿਰ, ਕਹੁ ਤੂੰ ਕਯਾ ਕੈ ਹੈਂ?
ਦੇਨੀ ਚਹੀ ਜਗੀਰ ਉਨਿ, ਕੁਛ ਮਨ ਖੁਨਸੈ ਕੈ;
ਲਈ ਨ ਗੁਰ ਤਿਹ ਭੇਟ ਲੌਂ, ਵਹਿ ਗਯੋ ਰਿਸੈ ਕੈ।
ਕੀਨੋ ਤੁਰਕ ਸਲੀਮ ਨੇ, ਤਿਸ ਕੋ ਤਤਕਾਲੈ;
ਪੁਨ ਅਕਬਰ ਨੈ ਮਾਰਯੋ, ਵਹਿ ਕਰਿ ਦੁਰਹਾਲੈ।[17]

ਹੰਕਾਰ-ਗੜੁੱਚੇ ਹੇਮੂੰ ਨੇ, ਖਡੂਰ ਤੋਂ ਵਾਪਸੀ 'ਤੇ, ਸਲੀਮ ਸ਼ਾਹ ਦੇ ਕਹਿਣ 'ਤੇ, ਪਹਿਲਾਂ ਤਾਂ ਆਪਣਾ ਧਰਮ ਗੁਆ ਲਿਆ ਸੀ ਅਤੇ ਮੁਸਲਮਾਣ ਬਣ ਗਿਆ ਸੀ। ਫਿਰ ਪਾਨੀਪਤ ਦੇ ਮੈਦਾਨ ਵਿਚ ਬੜੀ ਬੇਦਰਦੀ ਨਾਲ, ਅਕਬਰ ਦੇ ਹੱਥੋਂ, ਮਾਰਿਆ ਗਿਆ ਸੀ।

ਲੋਕਾਂ ਨੇ ਗੁਰੂ ਅੰਗਦ ਦੇਵ ਜੀ ਦੀ ਅਜਿਹੇ ਧੀਰਜ, ਨਿਮਰਤਾ, ਨਿਰਭੈਤਾ ਤੇ ਨਿਰਵੈਰਤਾ ਨਾਲ ਓਤਪੋਤ 'ਚੜ੍ਹਦੀ ਕਲਾ' ਉਦੋਂ ਵੀ ਵੇਖੀ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣਾ ਜਾਨਸ਼ੀਨ ਥਾਪਦਿਆਂ, ਸਭ ਸਿੱਖਾਂ ਨੂੰ ਇਹ ਹੁਕਮ ਸੁਣਾਇਆ ਸੀ ਕਿ ਅਗੋਂ ਤੋਂ "ਅੰਗਦ ਜੀ ਨੂੰ ਮੇਰਾ ਸਰੂਪ ਸਮਝਣਾ। ਜੋ ਏਸ ਨੂੰ ਮੇਰਾ ਰੂਪ ਨਾ ਮੰਨੇਗਾ ਓਹ ਮੇਰਾ ਸਿੱਖ ਨਹੀਂ। ਮੈਂ ਆਪਨੀ ਕਮਾਈ, ਸ਼ਕਤੀ, ਅਕਾਲਪੁਰਖ ਦੀ ਬਖ਼ਸ਼ੀਸ਼ ਸਭ ਏਸ ਨੂੰ ਬਖ਼ਸ਼ੀ ਹੈ'। ਏਸ ਬਚਨ ਨੂੰ ਸਭ ਨੇ ਪਰਵਾਨ ਕੀਤਾ, ਪਰੰਤੂ ਸ੍ਰੀਚੰਦ ਤੇ ਲਖਮੀ ਦਾਸ ਜੀ ਮਨ ਵਿਚ ਬਹੁਤ ਖਿੱਝੇ ਤੇ ਵਧਘਟ ਬੋਲਦੇ ਹੋਏ ਬੜੇ ਕ੍ਰੋਧਵਾਨ ਹੋਏ। ਏਸੇ ਕ੍ਰੋਧ ਵਿਚ ਸ੍ਰੀਚੰਦ ਜੀ ਸਿਰ ਵਿਚ ਸੁਆਹ ਪਾ ਕੇ ਇਕ ਟਾਹਲੀ ਹੇਠ ਪਿੰਡੋਂ ਬਾਹਰ ਜਾ ਬੈਠੇ ਤੇ ਲਖਮੀ ਦਾਸ ਜੀ ਘਰ ਚਲੇ ਗਏ। ਬਾਬਾ ਜੀ ਨੇ ਪੁੱਤਰਾਂ ਦਾ ਵਿਰੋਧ ਵਧਦਾ ਦੇਖ ਕੇ ਅੰਗਦ ਜੀ ਨੂੰ ਆਖਿਆ, "ਪੁਰਖਾ! ਹੁਣ ਤੂੰ ਆਪਣੇ ਨਗਰ ਖਡੂਰ ਜਾਇ ਰਹੁ ਤੇ ਓਥੇ ਹੀ ਰਹਿਣਾ, ਏਥੇ ਨਹੀਂ ਆਉਣਾ।"[18] ਗੁਰੂ ਅੰਗਦ ਦੇਵ ਜੀ ਦਾ ਦਿਲ ਆਪਣੇ ਪੀਰ ਮੁਰਸ਼ਦ ਤੋਂ ਵਿਛੜਨ ਦਾ ਨਹੀਂ ਸੀ ਕਰਦਾ, ਪਰ ਉਨ੍ਹਾਂ ਦੇ ਹੁਕਮ ਦੇ ਬੱਧੇ ਹੋਏ ਉਹ ਉਦੋਂ ਹੀ ਕਰਤਾਰਪੁਰੋਂ ਖਡੂਰ ਚਲੇ ਗਏ ਸਨ:

ਗੁਰ ਨਾਨਕ ਹੰਦੀ ਮੁਹਰਿ ਹਥਿ,
ਗੁਰ ਅੰਗਦਿ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰਪੁਰੁ,
ਬੈਠਿ ਖਡੂਰੇ ਜੋਤਿ ਜਗਾਈ।[19]

---

17. ਗਿਆਨ ਸਿੰਘ, ਗਿਆਨੀ, ਸ੍ਰੀ ਗੁਰੂ ਪੰਥ ਪ੍ਰਕਾਸ਼, ਦਿੱਲੀ-1879; ਪੂਰਬਾਰਧ, ਬਿਸਰਾਮ 14, ਅੰਕ 80-83; ਗਿਆਨੀ ਕਿਰਪਾਲ ਸਿੰਘ ਜੀ ਵਲੋਂ ਸੰਪਾਦਿਤ ਤੇ ਸਟਿਪਿਤ ਛਾਪ, ਭਾਗ ਪਹਿਲਾ, ਅੰਮ੍ਰਿਤਸਰ-1977, ਪੰਨਾ 460-461.
18. ਗਿਆਨ ਸਿੰਘ, ਗਿਆਨੀ, ਤਵਾਰੀਖ਼ ਗੁਰੂ ਖ਼ਾਲਸਾ, ਡਾ. ਕਰਮ ਸਿੰਘ ਰਾਜੂ ਵਲੋਂ ਸੰਪਾਦਿਤ ਅਤੇ ਭਾਸ਼ਾ ਵਿਭਾਗ ਵਲੋਂ ਪਰਕਾਸ਼ਿਤ ਐਡੀਸ਼ਨ, ਪਟਿਆਲਾ-1993, ਭਾਗ ਪਹਿਲਾ, ਪੰ. 315.
19. ਭਾਈ ਗੁਰਦਾਸ, ਵਾਰਾਂ, ਵਾਰ ਨੰ. 1, ਪਉੜੀ ਨੰ. 46; ਸੰਪਾਦਿਤ ਪਾਠ, ਉਹੀ, ਪੰ. 75.

ਪਰ ਸ੍ਰੀਚੰਦ ਜੀ ਨੇ ਆਪਣਾ ਵਿਰੋਧ ਜਾਰੀ ਰਖਿਆ। ਉਨ੍ਹਾਂ ਉਤੇ "ਸਿਧੇ ਹਮਲੇ ਵੀ ਕੀਤੇ ਅਤੇ 'ਟਹਿਲੀਆਂ' ਤਕ ਵੀ ਕਿਹਾ।[20] ਗੁਰੂ ਅੰਗਦ ਦੇਵ ਜੀ ਇਹ ਸਭ ਕੁਝ ਅਣਡਿੱਠ ਕਰਦੇ ਤੇ ਜਰਦੇ ਰਹੇ। ਪਰ ਜਦੋਂ ਉਨ੍ਹਾਂ ਨੇ ਆਪਣੀ ਵੱਖਰੀ ਸੰਪ੍ਰਦਾਇ, 'ਉਦਾਸੀ', ਆਰੰਭ ਦਿੱਤੀ ; ਗੁਰੂ ਨਾਨਕ ਸਾਹਿਬ ਦੇ ਨਾਮਲੇਵਿਆਂ ਨੂੰ ਵੀ ਤਿਆਗੀ ਤੇ ਬ੍ਰਹਮਚਾਰੀ ਜੀਵਨ ਜੀਉਣ ਲਈ ਪਰੇਰਨ ਲਗ ਪਏ; ਅਤੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਹੋਣ ਕਰਕੇ ਆਪਣੇ ਅਨੁਜਾਈਆਂ ਸਮੇਤ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਚਲਾਏ ਹੋਏ ਸਿੱਖ ਧਰਮ ਦੇ ਹੀ ਪੈਰੋਕਾਰ ਹੋਣ ਦਾ ਦਾਅਵਾ ਕਰਨ ਲਗ ਪਏ ; ਤਾਂ ਗੁਰੂ ਅੰਗਦ ਸਾਹਿਬ ਇਹ ਕੁਝ ਸਹਾਰ ਨਾ ਸਕੇ। ਉਨ੍ਹਾਂ ਨੇ emphatically declared that there was no place for the passive recluses in (Guru) Nanak's teachings as his religion concerned with the active householders. He asserted that the followers of Sri Chand had no connection whatsoever with Sikhism. Thus he preserved the purity and originality of Sikh Religion.[21] ਅਰਥਾਤ, "ਉਨ੍ਹਾਂ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਤੱਥ ਦਾ ਐਲਾਨ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ-ਸੰਦੇਸ਼ ਵਿਚ ਸੰਨਿਆਸੀਆਂ, ਵੈਰਾਗੀਆਂ ਤੇ ਇਕਾਂਤਵਾਦੀਆਂ ਲਈ ਕੋਈ ਥਾਂ ਨਹੀਂ ਕਿਉਂਕਿ ਉਨ੍ਹਾਂ ਦਾ ਆਰੰਭਿਆ ਧਰਮ ਉੱਦਮੀ ਤੇ ਸਰਗਰਮ ਘਰਬਾਰੀਆਂ ਨਾਲ ਸਬੰਧ ਰਖਦਾ ਹੈ। ਗੁਰੂ ਅੰਗਦ ਦੇਵ ਜੀ ਨੇ ਇਸ ਗੱਲ ਦਾ ਵੀ ਬੜੇ ਜ਼ੋਰ ਤੇ ਜੋਸ਼ ਨਾਲ ਦਾਅਵਾ ਕੀਤਾ ਕਿ ਬਾਬਾ ਸ੍ਰੀ ਚੰਦ ਦੇ ਚੇਲਿਆਂ ਦਾ ਸਿੱਖ ਧਰਮ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਹੀਂ। ਇਉਂ ਉਨ੍ਹਾਂ ਨੇ ਸਿੱਖ ਧਰਮ ਦੀ ਸ਼ੁੱਧਤਾ, ਪਵਿੱਤਰਤਾ ਤੇ ਮੌਲਿਕਤਾ ਨੂੰ ਵਿਗੜਨ ਤੇ ਰਲਗੱਡ ਹੋਣ ਤੋਂ ਬਚਾਅ ਲਿਆ ਸੀ।"[21] ਅਤੇ ਇਹ ਇਕ ਹਕੀਕਤ ਹੈ ਕਿ ਜੇ ਗੁਰੂ ਅੰਗਦ ਦੇਵ ਉਦੋਂ, ਐਨ ਵੇਲੇ ਸਿਰ, ਅਜਿਹਾ ਏਲਾਨ ਨਾ ਕਰਦੇ ਅਤੇ ਉਸ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੇ ਉੱਦਮੀ ਉਪਾਅ ਨਾ ਆਰੰਭਦੇ ਤਾਂ ਸਿੱਖ ਧਰਮ ਨਾਂਗੇ, ਧੂਣੀਆਂ ਧੁਖਾਂਦੇ ਤੇ ਸਰੀਰ ਸੁਆਹੁੰਦੇ ਵਿਹਲੜ ਸਾਧਾਂ ਦੀ ਜਮਾਤ ਹੀ ਬਣ ਕੇ ਰਹਿ ਜਾਂਦਾ ਅਤੇ ਮਾਨਵ-ਕਲਿਆਣ ਲਈ ਜੋ ਇਨਕਲਾਬੀ ਲਹਿਰ ਗੁਰੂ ਨਾਨਕ ਸਾਹਿਬ ਨੇ ਉਭਾਰੀ ਸੀ, ਉਹ ਅਜਿਹਾ ਹਮਾਗੀਰ ਰੂਪ ਕਦੇ ਨਾ ਧਾਰ ਸਕਦੀ ਜੋ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ, ਉਨ੍ਹਾਂ ਦੇ ਦਸਵੇਂ ਜਾਮੇ ਵਿਚ, ਖ਼ਾਲਸਾ ਪੰਥ ਸਾਜ ਕੇ ਧੁਰ ਸਿਖਰਾਂ 'ਤੇ ਪਹੁੰਚਾ ਦਿੱਤਾ ਸੀ।

ਉਹ ਤਾਂ ਗੁਰੂ ਨਾਨਕ ਜੀ ਦੇ ਨਾਮ-ਲੇਵਿਆਂ ਨੂੰ ਸਦਾ ਹੀ ਕਿਰਤੀ ਤੇ ਘਰਬਾਰੀ ਰਹਿਣ ਲਈ ਤਾਕੀਦ ਕਰਦੇ ਰਹੇ। ਸਿੱਖਾਂ ਦੇ ਮਨ ਤੇ ਤਨ , ਦੋਵੇਂ ਤਕੜੇ ਤੇ ਨਰੋਏ ਰਖਣ ਲਈ ਖਡੂਰ ਸਾਹਿਬ ਵਿਖੇ ਉਨ੍ਹਾਂ ਨੇ 'ਮੱਲ ਅਖਾੜਾ' ਵੀ ਕਾਇਮ ਕੀਤਾ ਅਤੇ ਜੋਗੀਆਂ, ਸੰਨਿਆਸੀਆਂ ਤੇ ਅਜਿਹੇ ਹੋਰ ਤਿਆਗੀਆਂ ਦੇ ਇਸ ਵਿਚਾਰ ਨੂੰ ਰੱਦ ਦਿੱਤਾ ਕਿ ਕਠਨ ਤਪ-ਸਾਧਨਾਂ ਰਾਹੀਂ ਸਰੀਰ ਨੂੰ ਕਸ਼ਟਾਂ ਵਿਚ ਪਾਉਣ ਤੇ ਗਾਲਣ ਨਾਲ ਮਨ ਬਲਵਾਨ ਹੋ ਜਾਂਦਾ ਹੈ; ਅਤੇ ਇਹ ਵੀ ਸਿੱਧ ਕਰ ਦਿੱਤਾ ਕਿ ਨਰੋਏ ਤੇ ਬਲਵਾਨ ਮਨ ਦੇ ਵਾਸ ਲਈ ਤਨ ਦਾ ਨਰੋਆ ਤੇ ਬਲਵਾਨ ਹੋਣਾ ਵੀ ਅਤੀ ਜ਼ਰੂਰੀ ਹੈ। ਉਨ੍ਹਾਂ ਦੇ ਸ਼ੁਭ ਵਿਚਾਰ ਅਨੁਸਾਰ, ਜਿਵੇਂ ਮਨ ਹਰੀ-ਸਿਮਰਨ ਨਾਲ ਨਰੋਆ ਤੇ ਤਕੜਾ ਹੁੰਦਾ ਹੈ, ਤਿਵੇਂ ਸਰੀਰ ਕਸਰਤ ਤੇ ਕੁਸ਼ਤੀ ਆਦਿ ਕਰਨ ਨਾਲ ਬਲਵਾਨ ਤੇ ਸਿਹਤਮੰਦ ਬਣਦਾ ਹੈ। ਉਨ੍ਹਾਂ ਦੇ ਇਸ ਸਿਧਾਂਤ ਤੇ ਉੱਦਮ ਨੇ ਫਲੀਭੂਤ ਹੋ ਕੇ ਜੋ ਰੰਗ-ਰੂਪ ਵਿਖਾਇਆ, ਉਸ ਦਾ ਗਵਾਹ ਦੇਸ ਜਾਂ ਪਰਦੇਸਾਂ ਵਿਚ, ਅਮਨ ਜਾਂ ਜੰਗ ਸਮੇਂ,ਮੱਲਾਂ ਮਾਰਦੇ ਅਤੇ ਕਮਾਲ ਕਰ ਵਿਖਾਂਦੇ ਰਹੇ ਹਰ ਪੱਖੋਂ ਬਲਵਾਨ ਸਿੱਖਾਂ ਦਾ ਸੁਨਹਿਰੀ ਤੇ ਸੂਰਬੀਰਤਾ ਇਤਿਹਾਸ ਹੈ।

20. ਸਤਿਬੀਰ ਸਿੰਘ, ਪ੍ਰਿੰਸੀਪਲ, ਕੁਦਰਤੀ ਨੂਰ, ਜਲੰਧਰ-1981, ਪੰ. 123.

21. Gupta, *History of the Sikhs*, Vol. I, op. cit, p. 115.

ਉਨ੍ਹਾਂ ਦੇ ਅਜਿਹੇ ਕਾਰਨਾਮਿਆਂ ਪਿਛੇ, ਗੁਰੂ ਅੰਗਦ ਦੇਵ ਜੀ ਦੀ ਉਹ ਸਿੱਖਿਆ ਹੀ ਕੰਮ ਕਰ ਰਹੀ ਸੀ ਜੋ ਉਨ੍ਹਾਂ ਨੇ ਮੁਗ਼ਲ ਸੈਨਾ ਦੇ ਇਕ ਮੁਲਾਜ਼ਮ, ਭਾਈ ਮਾਲੂ ਮਲ ਸ਼ਾਹੀ, ਨੂੰ ਭਾਈ ਮਨੀ ਸਿੰਘ ਸ਼ਹੀਦ ਦੇ ਲਫ਼ਜ਼ਾਂ ਵਿਚ ਇਉਂ ਦਿੱਤੀ ਸੀ:

> ਮਾਲੂ ਸਾਹੀ ਗੁਰੂ ਅੰਗਦ ਜੀ ਦੇ ਪਾਸ ਆਇ ਕੈ ਅਰਦਾਸ ਕੀਤੀ:
> "ਜੀ ਅਸੀਂ ਨੌਕਰੀ ਮੁਗ਼ਲਾਂ ਦੀ ਕਰਦੇ ਹਾਂ, ਕੋਈ ਉਪਦੇਸ਼ ਕਰੋ ਜਿਸ
> ਕਰ ਅਸਾਡਾ ਏਥੇ ਭੀ ਮੁੱਖ ਉਜਲਾ ਹੋਵੈ ਤੇ ਅੱਗੇ ਭੀ ਮੁੱਖ ਉਜਲਾ ਹੋਵੈ।"
> ਤਾਂ ਗੁਰੂ ਅੰਗਦ ਜੀ ਬੋਲਿਆ," ਭਾਈ ਮਾਲੂ !ਦੇਹ ਅਨਿਤ...... ਤੇ
> ਆਤਮਾ ਸਤਿ ਹੈ। ਇਹ ਕਿਸੇ ਦਾ ਮਾਰਿਆਂ ਮਰਦਾ ਨਹੀਂ।....
> ਜੋ ਕੁਝ ਭੀ ਕਰੀਐ ਅਰ ਦਾਨ ਭੀ ਕਰੀਐ ਤੇ ਆਪਣੀ ਦੇਹ ਦੇ ਬਿਨਸਨ
> ਦਾ ਸਹਸਾ ਨਾ ਕਰੀਏ।..... ਪਰ ਆਪੋਂ ਉਪਾਧ ਕਿਸੇ ਨਾਲ ਨ ਕੀਚੈ।
> ਜੇ ਜੁਧ ਜ਼ਰੂਰ ਆਣ ਬਣੈ ਤਾਂ ਬਹੁਤਿਆਂ ਥੋੜ੍ਹਿਆਂ ਦੀ ਸੰਕ ਨ ਕੀਜੈ।
> ਵੈਰੀ ਨੂੰ ਪਿੱਠ ਕਦੇ ਨਾ ਦਿਖਾਉਣੀ। ਸਨਮੁਖ ਲੜਦੇ ਸ਼ਹੀਦੀ ਪਾਉਣੀ
> ਹੀ ਜੋਧੇ ਦਾ ਧਰਮ ਹੈ ਤੇ ਜੋ ਕੁਝ ਖਟਿ ਲਿਆਵੀਏ ਸੋ ਸਿਖਾਂ ਸਾਧਾਂ ਨਾਲ
> ਵੰਡ ਕੇ ਖਾਵੀਐ।" ਤਾਂ ਭਾਈ ਮਾਲੂ ਮਲ ਇਸੇ ਪ੍ਰਕਾਰ ਲਗਾ ਵਰਤਣ।
> ਤਾਂ ਭਾਈ ਮਾਲੂ ਦਾ ਵੰਡ ਖਾਵਣ ਕਰ ਕਲਿਆਣ ਹੋਇਆ।[22]

ਇਉਂ ਗੁਰੂ ਅੰਗਦ ਦੇਵ ਜੀ ਸਿੱਖਾਂ ਨੂੰ "ਜਿਥੇ ਇਖ਼ਲਾਕੀ ਜੁਰਅਤਿ, ਇਨਸਾਨੀ ਜੀਵਨ ਦੀ ਕਦਰ, ਕਿਰਤ ਦਾ ਸਤਿਕਾਰ ਤੇ ਗ੍ਰਿਹਸਤ ਦੀ ਉੱਚਤਾ ਦ੍ਰਿੜ੍ਹਾ ਰਹੇ ਸਨ, ਉਥੇ ਸਨਮੁਖ ਜੂਝਨ, ਵੈਰੀ ਨੂੰ ਪਿੱਠ ਨ ਵਿਖਾਉਣ ਤੇ ਹਾਰ ਜਿੱਤ ਤੋਂ ਬੇਨਿਆਜ਼ ਹੋ ਲੜਨ ਵਾਲੇ ਸੂਰਮੇ ਵੀ ਪੈਦਾ ਕਰ ਰਹੇ ਸਨ।"[23]

ਸਿੱਖਾਂ-ਸੇਵਕਾਂ ਵਿਚ ਅਜਿਹੀ ਸੂਰਮਤਾਈ ਉਪਜਾਉਣ ਲਈ ਦਿੱਤੀ ਇਹੋ ਜਹੀ ਸਿੱਖਿਆ ਤੇ ਸਿਖਲਾਈ, ਹੁਮਾਯੂੰ ਤੇ ਹੇਮੂੰ ਵਰਗੇ ਸਮੇਂ ਦੇ ਹਾਕਮਾਂ ਦੀ ਕੀਤੀ ਉਜਿਹੀ ਠਪਾਈ ਅਤੇ ਆਪਣੇ ਗੁਰੁਦੇਵ ਦੇ ਸਪੁੱਤਰਾਂ ਦੇ ਵਿਰੋਧ ਦੌਰਾਨ ਕੀਤੀ ਕਾਰਵਾਈ ਸਮੇਂ ਪਰਗਟ ਹੋਈ ਸਹਿਜਵੀਂ ਪਰ ਓਜਮਈ ਬਿਰਤੀ 'ਚੜ੍ਹਦੀ ਕਲਾ' ਵਾਲੀ ਉਪਰ-ਵਰਣਿਤ ਸਪਿਰਿਟ ਦੇ ਹੀ ਕੁਝ ਉੱਤਮ ਨਮੂਨੇ ਹਨ ਅਤੇ ਅਜਿਹੀ ਬਿਰਤੀ ਉਸ ਕਰੂਰ ਸਮੇਂ ਤੇ ਘੋਰ ਸਥਿਤੀ ਵਿਚ ਵੀ ਪ੍ਰਜਵੱਲਤ ਰਹੀ ਸੀ ਜਿਸ ਨੂੰ ਸਤਿਗੁਰੂ ਨੇ ਆਪੇ 'ਕਲਿਜੁਗ' ਆਖਿਆ ਸੀ ਅਤੇ ਜਿਸ ਨੂੰ ਉਨ੍ਹਾਂ ਨੇ ਹੇਠ-ਲਿਖੇ ਸਲੋਕ ਵਿਚ ਬੜੀ ਭਰਵੀਂ ਦਲੇਰੀ ਤੇ ਬੇਬਾਕੀ ਨਾਲ ਆਪੇ ਇਉਂ ਚਿਤਰਿਆ ਵੀ ਸੀ:

> ਨਾਉ ਫਕੀਰੈ ਪਾਤਿਸਾਹੁ, ਮੂਰਖ ਪੰਡਿਤੁ ਨਾਉ।
> ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ।
> ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ।
> ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਇਹੁ ਨਿਆਉ।[24]

---

22. ਮਨੀ ਸਿੰਘ ਸ਼ਹੀਦ, ਭਾਈ, **ਸਿੱਖਾਂ ਦੀ ਭਗਤਮਾਲਾ**, ਅੰਮ੍ਰਿਤਸਰ-1715 ਲਪ., ਸਾਖੀ 33; ਡਾ. ਤਰਲੋਚਨ ਸਿੰਘ ਬੇਦੀ ਵਲੋਂ ਸੰਪਾਦਿਤ, ਪਟਿਆਲਾ -1986, ਪੰਨੇ 79-80; ਭਾਈ ਵੀਰ ਸਿੰਘ ਵਲੋਂ ਸੰਪਾਦਿਤ, ਅੰਮ੍ਰਿਤਸਰ -1922, ਪੰਨਾ 60.
23. ਸਤਿਬੀਰ ਸਿੰਘ, ਪ੍ਰਿੰ., **ਕੁਦਰਤੀ ਨੂਰ**, ਉਹੀ, ਪੰ. 82.
24. ਗੁਰੂ ਅੰਗਦ ਦੇਵ, **ਗੁਰੂ ਗ੍ਰੰਥ ਸਾਹਿਬ**, ਉਹੀ, 'ਵਾਰ ਮਲਾਰ ਕੀ', ਸਲੋਕ, ਪਉੜੀ ਨੰ. 22, ਪੰਨਾ 1288.

III
ਤੀਜੀ ਪਾਤਸ਼ਾਹੀ, ਸ੍ਰੀ ਗੁਰੂ ਅਮਰ ਦਾਸ ਜੀ, ਦੇ ਸਮੇਂ
(1552-1574 ਈ.)

ਤੀਜੇ ਪਾਤਸ਼ਾਹ, ਗੁਰੂ ਅਮਰ ਦਾਸ ਜੀ [1], ਦਾ ਬੁੱਢੇਵਾਰੇ ਗੁਰਗੱਦੀ ਦੀ ਭਾਰੀ ਜ਼ਿੰਮੇਵਾਰੀ ਨੂੰ ਸੰਭਾਲਣਾ ਅਤੇ ਉਸ ਨੂੰ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ, ਗੁਰੂ-ਘਰ ਦੇ ਹੋਰ ਦੋਖੀਆਂ ਤੇ ਈਰਖਾਲੂਆਂ ਦੇ ਭਰਵੇਂ ਵਿਰੋਧ, ਸਾਜ਼ਸ਼ਾਂ ਤੇ ਸ਼ਰਾਰਤਾਂ ਦੇ ਹੁੰਦਿਆਂ-ਸੁੰਦਿਆਂ ਅਤੇ ਗੋਇੰਦਵਾਲ ਤੋਂ ਬੇਦਖ਼ਲੀ ਲਈ ਕੀਤੇ ਗਏ ਨਿਰੰਤਰ ਜਤਨਾਂ ਤੇ ਦਾਅਵਿਆਂ [2] ਦੇ ਬਾਵਜੂਦ ਬੜੀ ਕਾਮਯਾਬੀ ਨਾਲ ਨਜਿੱਠਣਾ; ਹੋਰ ਤਾਂ ਹੋਰ, ਇਕ ਪਾਸੇ ਸਿੱਖ-ਲਹਿਰ ਨੂੰ ਠੱਲ੍ਹਣ ਲਈ ਸਰਕਾਰੇ-ਦਰਬਾਰੇ ਹੁੰਦੀਆਂ ਰਹੀਆਂ ਸ਼ਿਕਾਇਤਾਂ ਤੇ ਜਵਾਬ-ਤਲਬੀਆਂ ਨੂੰ ਨਜਿੱਠਣਾ ਅਤੇ ਦੂਜੇ ਪਾਸੇ ਤੁਅੱਸਬੀ ਸਰਕਾਰੀ ਟੈਕਸ-ਨੀਤੀ ਨੂੰ ਵੀ ਵੰਗਾਰਨਾ - ਉਚੱਤਮ ਦਰਜੇ ਦੀ 'ਚੜ੍ਹਦੀ ਕਲਾ' ਦੀਆਂ ਹੀ ਕੁਝ ਵਿਸ਼ੇਸ਼ ਵੰਨਗੀਆਂ ਹਨ।

ਗੁਰੂ ਅਮਰ ਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ, ਉਨ੍ਹਾਂ ਵਲੋਂ ਹੀ ਨਿਯਤ ਉਪਰੋਕਤ ਨਿਯਮਾਂ ਤੇ ਪ੍ਰਥਾ ਅਨੁਸਾਰ, ਕੇਵਲ ਸੇਵਾ, ਸੁਯੋਗਤਾ ਤੇ ਪ੍ਰੇਮਾ-ਭਗਤੀ ਦੇ ਆਧਾਰ 'ਤੇ ਹੀ ਪਰਾਪਤ ਹੋਈ ਸੀ। ਸਾਧੂ ਸੇਵਾ ਦਾਸ ਉਦਾਸੀ ਦੇ ਲਫ਼ਜ਼ਾਂ ਵਿਚ —

ਗੁਰੂ ਅੰਗਦ ਅਮਰ ਨਿਵਾਜਿਆ, ਸੇਵਾ ਤੇ ਸੁਖ ਦੀਨ।
ਜਿਉਂ ਦੀਪਕ ਪ੍ਰਕਾਸੀਐ, ਦੋਨੋਂ ਸਮਸਰ ਕੀਨ।[3]

ਉਹ ਉਮਰ ਵਿਚ ਆਪਣੇ ਗੁਰੂਦੇਵ, ਗੁਰੂ ਅੰਗਦ ਦੇਵ ਜੀ ਤੋਂ 25 ਵਰ੍ਹੇ ਵੱਡੇ ਸਨ ਅਤੇ ਜਦੋਂ ਇਹ ਪਾਵਨ ਪਦਵੀ ਉਨ੍ਹਾਂ ਨੂੰ ਸੌਂਪੀ ਗਈ ਸੀ ਉਦੋਂ ਉਹ ਆਪਣੇ ਜੀਵਨ ਦੇ 73ਵੇਂ ਵਰ੍ਹੇ ਵਿਚ ਵਿਚਰ ਰਹੇ ਸਨ। ਅਜਿਹੀ ਬਿਰਧ ਅਵਸਥਾ ਵਿਚ ਵਿਚਰਦੇ ਰਹਿਣ ਦੇ ਬਾਵਜੂਦ, ਆਪ ਨੇ "ਸਿੱਖ ਧਰਮ ਦੇ ਪ੍ਰਸਾਰ ਵਿਚ ਅਦਭੁਤ ਯੋਗਦਾਨ ਦਿੱਤਾ ਹੈ ਜਿਸ ਵਜੋਂ ਸਿੱਖ ਧਰਮ ਦੀ ਨਵੇਕਲੀ ਹੋਂਦ ਸਥਾਪਿਤ ਹੋਈ। ਗੁਰੂ ਜੀ ਇਕ ਮਨੁੱਖ ਦੇ ਰੂਪ ਵਿਚ, ਗੁਰਸਿੱਖ ਦੇ ਰੂਪ ਵਿਚ , ਸੇਵਕ ਦੇ ਰੂਪ ਵਿਚ, ਗੁਰੂ ਦੇ ਰੂਪ ਵਿਚ, ਸਿੱਖ ਧਰਮ ਦੇ ਪਰਚਾਰਕ ਦੇ ਰੂਪ ਵਿਚ,

---

1. ਆਪ ਜੀ ਦਾ ਜਨਮ 5 ਮਈ 1479 ਈ. ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ, ਵਿਚ ਸ੍ਰੀ ਤੇਜ ਭਾਨ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ ਸੀ। ਆਪ ਜੀ 1 ਸਤੰਬਰ, 1574 ਈ. ਨੂੰ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜੋਤੀ-ਜੋਤਿ ਸਮਾ ਗਏ ਸਨ।
2. ਮਿਸਾਲ ਵਜੋਂ, ਸੰਨ 1566-67 ਲਾਗੇ, ਗੋਬਿੰਦੇ ਮਰਵਾਹੇ ਰਾਹੀਂ, ਲਾਹੌਰ ਦੇ ਨਵਾਬ, ਖ਼ਵਾਜਾ ਖ਼ਾਨ ਅਤੇ ਆਗਰੇ ਬਿਰਾਜਮਾਨ ਅਕਬਰ ਬਾਦਸ਼ਾਹ ਪਾਸ ਕੀਤੀਆਂ ਗਈਆਂ ਸ਼ਿਕਾਇਤਾਂ ਤੇ ਫ਼ਰਿਆਦਾਂ ਜਿਨ੍ਹਾਂ ਵਿਚ ਉਨ੍ਹਾਂ ਨੂੰ ਹੋਈ, ਨਿਰਾਸਤਾ ਤੇ ਨਿਰਾਦਰੀ ਦਾ ਭਰਵਾਂ ਜ਼ਿਕਰ ਕਰਦਿਆਂ, ਗੁਰੂ ਰਾਮਦਾਸ ਜੀ ਨੇ ਫ਼ਰਮਾਇਆ ਹੈ :

   ਮਲ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ,
   ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।.....
   ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖ ਕਰਿ ਕੈ ਭੇਜਿਆ,
   ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ। (ਗਉੜੀ, ਪੰ: 306)

3. ਸੇਵਾ ਦਾਸ ਉਦਾਸੀ, ਸਾਧੂ, **ਪਰਚੀਆਂ**, ਮਿਤੀ 1708, **ਦਸਾਂ ਮਹਲਾਂ ਕੀ ਉਸਤਤ**, ਸਲੋਕ ਨੰ. 6; ਡਾ. ਖੜਕ ਸਿੰਘ ਤੇ ਪ੍ਰੋ. ਗੁਰਤੇਜ ਸਿੰਘ ਵਲੋਂ ਸੰਪਾਦਿਤ ਪਾਠ, ਚੰਡੀਗੜ੍ਹ - 1955, ਪੰ.113.

ਕਵੀ ਅਤੇ ਬਾਣੀਕਾਰ ਦੇ ਰੂਪ ਵਿਚ, ਮਹਾਨ ਸ਼ਖ਼ਸੀਅਤ ਦੇ ਮਾਲਿਕ ਸਨ। ਉਨ੍ਹਾਂ ਦੀ ਅਧਿਆਤਮਕ ਅਨੁਭੂਤੀ ਉਨ੍ਹਾਂ ਦੀ ਬਾਣੀ ਵਿਚੋਂ ਸਪੱਸ਼ਟ ਪ੍ਰਗਟ ਹੁੰਦੀ ਹੈ। ਸੰਸਾਰ ਸਾਹਿਤ ਵਿਚ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਇਕ ਕਵੀ 84 ਸਾਲ ਦੀ ਅਵਸਥਾ ਵਿਚ ਉਚ ਕੋਟੀ ਦੀ ਬਾਣੀ ਦੀ ਰਚਨਾ ਕਰਨ ਵਿਚ ਸਮਰਥ ਹੋਇਆ ਹੋਵੇ। ਬਿਰਧ ਅਵਸਥਾ ਵਿਚ ਹੀ ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਉਜਾਗਰ ਹੋਈ ਸੀ। ਆਪ ਨੇ 17 ਰਾਗ-ਰਾਗਣੀਆਂ ਦਾ ਆਪਣੀ ਪਾਵਨ ਬਾਣੀ ਵਿਚ ਪ੍ਰਯੋਗ ਕੀਤਾ ਸੀ। ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਤੋਂ ਬਾਅਦ ਆਪ ਨੇ ਸਭ ਤੋਂ ਵਧ ਬਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ ਅਜੇਹੀ ਅਦੁੱਤੀ ਸ਼ਖ਼ਸੀਅਤ ਬਾਰੇ ਗੁਰੂਦੇਵ ਦੇ ਸ਼ਰਧਾਲੂ ਭੱਟਾਂ ਨੇ ਬਹੁਤ ਹੀ ਉੱਤਮ ਸ਼ਬਦਾਂ ਵਿਚ ਉਨ੍ਹਾਂ ਦੇ ਚਿੱਤਰ ਨੂੰ ਉਲੀਕਿਆ ਹੈ।"[4]

ਕਵਿ ਜਨ ਕਲ੍ਯ ਸਬੁਧੀ,
ਕੀਰਤਿ ਜਨ ਅਮਰਦਾਸ ਬਿਸ੍ਤ੍ਰੀਯਾ।....
ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ,
ਸਾਖ ਤਰੋਵਰ ਮਵਲਸਰਾ।।[5]

ਅਰਥਾਤ, "ਚੰਗੀ ਬੁੱਧੀ ਵਾਲੇ, ਅਮਰ ਦਾਸ ਜੀ ਦੀ ਕੀਰਤੀ ਲੋਕਾਂ ਵਿਚ ਖਿਲਰੀ। ਸਿਫ਼ਤ ਦੇ ਸੂਰਜ ਦੀ ਕਿਰਨ ਸੰਸਾਰ ਵਿਚ ਇਵੇਂ ਪ੍ਰਗਟ ਹੋਈ ਜਿਵੇਂ ਮੌਲਸਰੀ ਬ੍ਰਿਛ ਦੀਆਂ ਸ਼ਾਖ਼ਾਂ ਖਿਲਰ ਕੇ ਖ਼ੁਸ਼ਬੂ ਖਿਲਾਰਦੀਆਂ ਹਨ।"[6] ਸੱਯਦ ਮੁਹੰਮਦ ਲਤੀਫ਼ ਅਨੁਸਾਰ, "ਗੁਰਗੱਦੀ ਕੇਵਲ ਬੁੱਧੀ ਤੇ ਸਿਆਣਪ ਨੂੰ ਹੀ ਮੁੱਖ ਰੱਖ ਕੇ ਨਹੀਂ ਸੌਂਪੀ ਜਾਂਦੀ ਸੀ। ਇਹ ਵੀ ਨਿਰਖਿਆ-ਪਰਖਿਆ ਜਾਂਦਾ ਸੀ ਕਿ ਸਬੰਧਿਤ ਵਿਅਕਤੀ ਇਸ ਦੀ ਜ਼ਿੰਮੇਵਾਰੀ ਕਿਨੀ ਲਗਨ, ਦਲੇਰੀ ਤੇ ਬੇਗਰਜ਼ੀ ਨਾਲ ਨਿਭਾਅ ਸਕਣ ਦੇ ਯੋਗ ਸੀ। ਸ੍ਰੀ (ਗੁਰੂ) ਅਮਰ ਦਾਸ,ਇਕ ਲਗਨ ਵਾਲੇ ਨਿਰਭੈ ਤੇ ਨਿਰਸੁਆਰਥ ਸੇਵਕ ਸਿਧ ਹੋਏ ਸਨ। ਇਸ ਤੋਂ ਛੁਟ, ਉਹ ਬੜੇ ਉੱਦਮੀ, ਨਿਮਰ, ਸੰਤੋਖੀ ਤੇ ਪਰਉਪਕਾਰੀ ਜੀਊੜੇ ਵੀ ਸਨ"।[7]

ਗੁਰੂ ਅੰਗਦ ਦੇਵ ਜੀ ਨੇ, ਗੁਰੂ ਨਾਨਕ ਦੇਵ ਜੀ ਵਾਂਗ ਹੀ, ਗੁਰੂ ਅਮਰ ਦਾਸ ਜੀ ਦੀ ਗੁਰਗੱਦੀ ਉਤੇ ਸਥਾਪਨਾ ਆਪਣੇ ਜੀਉਂਦੇ-ਜੀਅ, ਸਮੂਹ ਸੰਗਤ ਦੀ ਹਾਜ਼ਰੀ ਵਿਚ, ਆਪਣੇ ਦੋ ਸਪੁੱਤਰਾਂ– ਦਾਸੂ ਤੇ ਦਾਤੂ ਜੀ-ਦੀ ਮੌਜੂਦਗੀ ਵਿਚ ਕਰਦਿਆਂ ਫ਼ਰਮਾਇਆ ਸੀ :

ਪੁਨ ਸੰਗਤਿ ਮਹਿ ਕਹਿਤ ਸੁਨਾਈ :
ਮਮ ਸਰੂਪ ਅਬ ਇਹੈ ਸੁਹਾਈ।
ਮੋ ਮੈ ਇਸ ਮੈ ਭੇਦ ਨ ਜਾਨਹੁ,
ਏਕ ਸਰੂਪ ਦੁਹੁਨ ਕਉ ਮਾਨਹੁ।[8]

---

4. ਵੋਹਰਾ, ਡਾ. ਆਸਾ ਨੰਦ, 'ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਸ਼ਖ਼ਸੀਅਤ' ਡਾ.ਰਤਨ ਸਿੰਘ ਜੱਗੀ ਵਲੋਂ ਸੰਪਾਦਿਤ **ਖੋਜ ਪੱਤ੍ਰਿਕਾ: ਗੁਰੂ ਅਮਰਦਾਸ ਵਿਸ਼ੇਸ਼ ਅੰਕ,** ਪਟਿਆਲਾ-ਸਤੰਬਰ, 1979, ਪੰ. 12.
5. ਭੱਟ ਕਲ੍ਯ, 'ਸਵੱਈਏ ਮਹਲੇ ਤੀਜੇ ਕੇ', ਨੰ. 1, **ਗੁਰੂ ਗ੍ਰੰਥ ਸਾਹਿਬ,** ਉਹੀ, ਪੰ. 1392.
6. ਤੇਜਾ ਸਿੰਘ, ਪ੍ਰੋ. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,** ਉਹੀ, ਅੰਮ੍ਰਿਤਸਰ-1936-41, ਪੋਥੀ ਚੌਥੀ, ਪੰ. 1392.
7. Latif, *History of the Panjab,* op. cit., p. 250.
8. ਬਾਵਾ ਸਰੂਪ ਦਾਸ ਭੱਲਾ ਅਨੁਸਾਰ, ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਵੀ ਆਪ ਨੇ ਆਪਣੇ ਆਖ਼ਰੀ ਉਪਦੇਸ਼ ਵਿਚ ਫ਼ਰਮਾਇਆ ਸੀ :

ਪਰ ਜਿਹੜੇ ਪੁੱਤਰ, ਆਮ ਰਿਵਾਜ ਅਨੁਸਾਰ ਆਪਣੇ ਆਪ ਨੂੰ ਇਸ ਮਹਾਨ ਗੱਦੀ ਦੇ ਅਸਲ ਵਾਰਿਸ ਤੇ ਹੱਕਦਾਰ ਸਮਝਦੇ ਸਨ , ਇਸ ਗੱਲੋਂ ਇੰਨੇ ਦੁਖੀ ਤੇ ਕ੍ਰੋਧਵਾਨ ਹੋਏ ਸਨ ਕਿ ਗੁਰੂ ਅਮਰਦਾਸ ਜੀ ਨੂੰ, ਗੁਰੂ ਅੰਗਦ ਦੇਵ ਜੀ ਵਾਂਗ ਹੀ, ਖਡੂਰ ਛੱਡ ਕੇ ਗੋਇੰਦਵਾਲ ਜਾ ਰਹਿਣਾ ਪਿਆ ਸੀ। ਪਰ ਉਨ੍ਹਾਂ ਦੀ ਅਜਿਹੀ ਮੁਖ਼ਾਲਫ਼ਤ ਦੇ ਬਾਵਜੂਦ, ਗੁਰੂ ਰਾਮ ਦਾਸ ਜੀ ਦੇ ਹੇਠ-ਲਿਖੇ ਪਾਵਨ ਬਚਨ ਅਨੁਸਾਰ, ਗੁਰੂ ਅਮਰਦਾਸ ਜੀ ਦੇ ਦਿਨੋ-ਦਿਨ ਵਧ ਰਹੇ ਤੇਜ-ਪਰਤਾਪ ਨੇ ਉਨ੍ਹਾਂ ਦੀ ਈਰਖਾ ਤੇ ਕ੍ਰੋਧ ਨੂੰ ਸਗੋਂ ਹੋਰ ਉਤੇਜਿਤ ਕਰ ਦਿੱਤਾ ਸੀ :[9]

ਜਿ ਹੋਂਦੈ ਗੁਰੂ ਬਹਿ ਟਿਕਿਆ,
ਤਿਸੁ ਜਨ ਕੀ ਵਡਿਆਈ ਵਡੀ ਹੋਈ।
ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ,
ਜਸੁ ਵਰਤਿਆ ਲੋਈ।[10]

ਇਥੋਂ ਤਕ ਕਿ ਦਾਤੂ ਜੀ ਨੇ ਇਕ ਦਿਨ ਉਚੇਚੇ ਗੋਇੰਦਵਾਲ ਜਾ ਕੇ, ਸਜੇ ਹੋਏ ਦੀਵਾਨ ਵਿਚ, ਸਿੰਘਾਸਨ ਉਤੇ ਬਿਰਾਜਮਾਨ ਤੇ ਕੀਰਤਨ ਵਿਚ ਲਿਵਲੀਨ ਗੁਰੂ ਅਮਰਦਾਸ ਜੀ ਨੂੰ ਜ਼ੋਰ ਦੀ ਲੱਤ ਕਢ ਮਾਰੀ ਸੀ ਅਤੇ ਮੰਦਾ-ਮਾੜਾ ਵੀ ਬੋਲਣ ਲਗ ਪਿਆ ਸੀ। ਪਰ ਸੇਵਾ, ਸਿਮਰਨ ਤੇ ਸਹਿਨਸ਼ੀਲਤਾ ਸੂਚਕ 'ਚੜ੍ਹਦੀ ਕਲਾ' ਦੇ ਮੁਜੱਸਮੇ, ਗੁਰੂ ਅਮਰ ਦਾਸ ਜੀ, ਕੋਈ ਰੋਸ ਜਾਂ ਕਰੋਧ ਕਰਨ ਦੀ ਥਾਂ, ਉਸ ਦਾ ਪੈਰ ਫੜ ਕੇ ਘੁਟਦੇ ਹੋਏ ਇਉਂ ਕਹਿਣ ਲਗ ਪਏ ਸਨ : "ਆਪ ਮੇਰੇ ਗੁਰਦੇਵ ਦੇ ਵੱਡੇ ਸਪੁੱਤਰ ਹੋ। ਆਪ ਨੇ ਇੰਨੀ ਖੇਚਲ ਕਿਉਂ ਕੀਤੀ ਹੈ ? ਬੁੱਢੇਪੇ ਕਾਰਨ ਮੇਰੇ ਹੱਡ ਕਰੜੇ ਤੇ ਕਠੋਰ ਹੋ ਚੁਕੇ ਹਨ। ਆਪ ਦੇ ਸੁਹਲ ਤੇ ਕੋਮਲ ਚਰਨਾਂ ਨੂੰ ਕਿਤੇ ਕੋਈ ਚੋਟ ਆ ਗਈ ਹੋਵੇਗੀ, ਸੋ ਖਿਮਾ ਕਰਨਾ ਜੀ" :

ਕਰ ਕਮਲਨ ਸੋਂ ਮਰਦਨ ਕਰੇ,
ਬਿਨਤੀ ਸਹਿਤ ਸੁ ਬਾਕ ਉਚਰੇ :
"ਇਕ ਤੋ ਸੇਵਾ ਕਰਤਿ ਰਹਯੋ ਹੌਂ
ਦੁਤੀਜੇ ਬਯ ਤੇ ਬ੍ਰਿਧ ਭਯੋ ਹੌਂ।
ਯਾਂ ਤੇ ਅਧਿਕ ਸਰੀਰ ਕਠੋਰਾ,
ਤੁਮਰੇ ਚਰਨ ਮ੍ਰਿਦੁਲ ਨਹਿ ਥੋਰਾ।

ਕਹਿਓ ਦਿਆਲ ਸੰਗਤਿ ਸਮਝਾਇ,
ਸਤਿ ਉਪਦੇਸ ਦਿੜੇ ਸਤ ਭਾਇ।
ਪ੍ਰਗਟ ਰੂਪ ਗੁਰ ਅਮਰ ਮਮ ਜਾਨੋ,
ਸੀਸਾ ਭੇਦ ਨ ਮਨ ਮੇ ਆਨੋ,
ਅਮਰ ਗੁਰੂ ਨਿਜ ਰੂਪ ਮਮ, ਯਾ ਮੋ ਨਾਹੀ ਭੇਦ;
ਜੋ ਅਭੇਦ ਜਾਨੇ ਗੁਰੂ, ਨਹੀਂ ਜਨਮ ਮਰਨ ਤਿਹ ਖੇਦ।

(ਮਹਿਮਾ ਪ੍ਰਕਾਸ਼, ਉਹੀ, ਸਾਖੀ16, ਪੰ. 89).

9. ਗੁਰੂ ਰਾਮ ਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਗਉੜੀ, ਪੰ. 307-308.
10. ਉਕਤ, ਰਾਗ ਗਉੜੀ, ਪੰ. 309.

ਹੁਯੋ ਹੋਇਗੀ ਕਸ਼ਟ ਮਹਾਨਾ।
ਛਿਮਹੁ ਭਯੋ ਅਪਰਾਧ ਅਜਾਨਾ।੩੫।
ਸ੍ਰੀ ਗੁਰ ਕੇ ਸੁਤ ਹੋ ਬਡਭਾਗੇ।
ਮਮ ਹਿਤ ਕਰਿ, ਇਤਨੋ ਦੁਖ ਲਾਗੇ।[11]

ਅਜਿਹੀ ਨਿਮਰਤਾ, ਸ਼ਾਂਤਚਿਤਤਾ, ਸੁਹਿਰਦਤਾ ਤੇ ਸਹਿਨਸ਼ੀਲਤਾ ਗੁਰੂ ਅਮਰ ਦਾਸ ਜੀ ਦੇ ਸੁਭਾਅ ਦੇ ਕੁਝ ਮੀਰੀ ਗੁਣ ਸਨ। ਉਨ੍ਹਾਂ ਦੀ ਨਿਰਵੈਰਤਾ-ਸੂਚਕ 'ਚੜ੍ਹਦੀ ਕਲਾ' ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੇ ਜਾਨਸ਼ੀਨ, ਗੁਰੂ ਰਾਮਦਾਸ ਜੀ ਨੇ ਦਸਿਆ ਹੈ ਕਿ ਜਿਨ੍ਹਾਂ ਦੁਸ਼ਟਾਂ-ਦੋਖੀਆਂ ਨੂੰ ਪਹਿਲੀ ਪਾਤਸ਼ਾਹੀ, ਗੁਰੂ ਨਾਨਕ ਦੇਵ ਜੀ, ਨੇ 'ਬੇਮੁਖ' ਕਰਾਰ ਦਿੱਤਾ ਸੀ ਤੇ ਦੂਜੀ ਪਾਤਸ਼ਾਹੀ, ਗੁਰੂ ਅੰਗਦ ਦੇਵ ਜੀ ਨੇ ਵੀ ਉਨ੍ਹਾਂ ਨੂੰ 'ਕੂੜੇ' ਕਹਿ ਫਿਟਕਾਰਿਆ ਸੀ, ਤੀਜੀ ਪਾਤਸ਼ਾਹੀ, ਗੁਰੂ ਅਮਰਦਾਸ ਜੀ ਨੇ ਤਰਸ ਵਿਚ ਆ ਕੇ ਸੋਚਿਆ ਕਿ ਇਨ੍ਹਾਂ ਵਿਚਾਰਿਆਂ ਦੇ ਹੱਥ ਇਖ਼ਤਿਆਰ ਕੀ ਹੈ ? ਸੋ, ਉਨ੍ਹਾਂ ਨੇ (ਜਿਨ੍ਹਾਂ ਨੇ ਮੈਨੂੰ ਚੌਥੀ ਪਾਤਸ਼ਾਹੀ ਦੀ ਪਦਵੀ ਨਾਲ ਨਿਵਾਜਿਆ ਹੈ) ਉਹ ਸਾਰੇ ਨਿੰਦਕ ਤੇ ਦੁਸ਼ਟ ਕੇਵਲ ਮਾਫ਼ ਹੀ ਨਹੀਂ ਕਰ ਦਿੱਤੇ, ਸਗੋਂ ਨਿਸਤਾਰ ਵੀ ਦਿੱਤੇ ਸਨ :

ਗੁਰਿ ਬਾਬੈ ਫਿਟਕੇ ਸੇ ਫਿਟੇ,
ਗੁਰਿ ਅੰਗਦਿ ਕੀਤੇ ਕੂੜਿਆਰੇ।
ਗੁਰਿ ਤੀਜੀ ਪੀੜੀ ਵੀਚਾਰਿਆ,
ਕਿਆ ਹਥਿ ਏਨਾ ਵੇਚਾਰੇ ?
ਗੁਰੁ ਚਉਥੀ ਪੀੜੀ ਟਿਕਿਆ,
ਤਿਨਿ ਨਿੰਦਕ ਦੁਸਟ ਸਭਿ ਤਾਰੇ।[12]

ਭੱਟ ਕਲਸਹਾਰ ਅਨੁਸਾਰ, ਉਹ ਸੱਚ ਦੇ ਸੂਰਮੇ, ਸ਼ੀਲ ਵਿਚ ਤਕੜੇ, ਨੇਕ-ਸੁਭਾਅ ਵਾਲੇ, ਸੰਘਣੀ ਸੰਗਤ ਵਾਲੇ, ਡੂੰਘੀ ਸਮਝ ਵਾਲੇ, ਨਿਰਭੈ ਤੇ ਨਿਰਵੈਰ, ਹਰੀ ਵਿਚ ਲੀਨ ਅਜਿਹੇ ਮਹਾਂਪੁਰਖ ਸਨ ਜਿਨ੍ਹਾਂ ਦਾ ਧੁਰ ਹਜ਼ੂਰੋਂ ਪਰਾਪਤ ਧੀਰਜ-ਰੂਪ ਸਫ਼ੈਦ ਝੰਡਾ ਲੋਕਾਂ ਦੀ ਅਗਵਾਈ ਕਰ ਰਿਹਾ ਸੀ ਅਤੇ ਬੈਕੁੰਠ ਦੇ ਰਸਤੇ ਪਾ ਰਿਹਾ ਸੀ :

ਸਤਿ ਸੂਰਉ, ਸੀਲਿ ਬਲਵੰਤੁ, ਸਤ ਭਾਇ ਸੰਗਤਿ ਸਘਨ,
ਗਰੂਅ ਮਤਿ, ਨਿਰਵੈਰਿ ਲੀਣਾ।
ਜਿਸੁ ਧੀਰਜੁ ਧੁਰਿ ਧਵਲੁ
ਧੁਜਾ ਸੇਤਿ ਬੈਕੁੰਠ ਬੀਣਾ ।[13]

ਪਰ ਜਿਥੋਂ ਤਕ ਵਿਰੋਧੀਆਂ ਦੀਆਂ ਵਧੀਕੀਆਂ ਨੂੰ ਠੱਲ੍ਹਣ, ਸਿੱਖ ਸਿਧਾਂਤਾਂ ਨੂੰ ਪਾਲਣ ਅਤੇ ਲੋਕ- ਹਿੱਤਾਂ ਨੂੰ ਸੁਰੱਖਿਅਤ ਰੱਖਣ ਦਾ ਸਬੰਧ ਹੈ, ਉਹ, ਸੱਤਾ ਡੂਮ ਅਨੁਸਾਰ, ਮੇਰੁ ਪਰਬਤ ਵਾਂਗ ਅਹਿੱਲ ਸਨ ਅਤੇ ਸਦਾ 'ਚੜ੍ਹਦੀ ਕਲਾ' ਵਿਚ ਵਿਚਰਦੇ ਹੋਏ ਅਡੋਲ ਤੇ ਅਚੱਲ ਰਹੇ ਸਨ :

---

11. ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ**, ਉਹੀ, ਰਾਸਿ 1, ਅੰਸੂ 34; **ਗ੍ਰੰਥਾਵਲੀ**,ਉਹੀ, ਪੰ.1462
12. ਗੁਰੂ ਰਾਮਦਾਸ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਗਉੜੀ, ਪੰ. 307.
13. ਕਲਸਹਾਰ ਭੱਟ, **ਗੁਰੂ ਗ੍ਰੰਥ ਸਾਹਿਬ**, ਉਹੀ, **'ਸਵਈਏ ਮਹਲੇ ਤੀਜੇ ਕੇ'**, ਨੰ. 7, ਪੰ. 1393.

ਸੋ ਟਿਕਾ, ਸੋ ਬੈਹਣਾ, ਸੋਈ ਦੀਬਾਣੁ।....
ਝਖੜਿ ਵਾਉ ਨ ਡੋਲਈ, ਪਰਬਤ ਮੇਰਾਣੁ।[14]

ਜਿਥੋਂ ਤਕ ਸਿੱਖ ਸਿਧਾਂਤ ਦੀ ਪਾਲਣਾ ਤੇ ਸੁਰੱਖਿਆ ਦਾ ਸਬੰਧ ਹੈ, ਉਹ ਆਪ ਜੀ ਦੀ ਉਸ 'ਚੜ੍ਹਦੀ ਕਲਾ-ਪੂਰਤ' ਦਰਿੜ੍ਹਤਾ ਤੇ ਦੂਰਦਰਸ਼ਤਾ ਤੋਂ ਵੀ ਵਿਦਿਤ ਹੈ ਜੋ ਆਪ ਨੇ ਆਦਿ ਗੁਰੂ, ਨਾਨਕ ਦੇਵ ਜੀ, ਵਲੋਂ ਸਥਾਪਿਤ 'ਨਿਰਮਲ ਪੰਥ' ਨੂੰ ਉਨ੍ਹਾਂ ਦੇ ਵੱਡੇ ਸਪੁੱਤਰ, ਬਾਬਾ ਸ੍ਰੀ ਚੰਦ ਜੀ, ਵਲੋਂ ਆਰੰਭੇ ਉਦਾਸੀ ਮੱਤ ਤੋਂ ਵਖਰਿਆਉਣ ਲਈ ਵਰਤੀ ਸੀ। ਗੁਰੂ-ਪੁੱਤਰ ਹੋਣ ਕਰਕੇ, ਕਈ ਗੁਰਸਿੱਖਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਚੋਖਾ ਸਤਿਕਾਰ ਸੀ। ਨਾਲੇ ਉਨ੍ਹਾਂ ਦਾ ਤਪ, ਤਿਆਗ ਤੇ ਬ੍ਰਹਮਚਾਰੀ ਜੀਵਨ ਵੀ ਕੁਝ ਸਿੱਖਾਂ ਨੂੰ ਉਨ੍ਹਾਂ ਦੇ ਮੱਤ ਵਲ ਪਰੇਰ ਰਿਹਾ ਸੀ। ਡਾ. ਗੋਕਲ ਚੰਦ ਨਾਰੰਗ ਅਨੁਸਾਰ, The tide was turning in his rival's favour and it required all the power and statesmanship of Guru Amar Das to save the infant Church from an early death.[15] ਅਰਥਾਤ, "ਸਮੇਂ ਦੀ ਚਾਲ ਹੁਣ ਸ੍ਰੀ ਚੰਦ ਜੀ ਦੇ ਹੱਕ ਵਿਚ ਚਲ ਰਹੀ ਸੀ। ਇਸ ਲਈ ਇਸ ਨਵ-ਜੰਮੇ ਧਰਮ ਨੂੰ ਅਗੇਤੀ ਮੌਤੋਂ ਬਚਾਉਣ ਲਈ ਗੁਰੂ ਅਮਰ ਦਾਸ ਜੀ ਦੀ ਸਾਰੀ ਸ਼ਕਤੀ ਤੇ ਸਿਆਣਪ ਦੀ ਫੌਰੀ ਲੋੜ ਸੀ।"[15] ਗੁਰੂ ਅਮਰ ਦਾਸ ਜੀ ਨੇ ਵਕਤ ਨੂੰ ਸੰਭਾਲਦਿਆਂ ਅਤੇ ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰਦਿਆਂ, ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਿਆਂ ਨੂੰ ਉਨ੍ਹਾਂ ਦੇ ਅਮਲੀ ਜੀਵਨ ਅਤੇ ਆਪਣੇ ਹੇਠ-ਲਿਖੇ ਬਚਨਾਂ ਅਨੁਸਾਰ 'ਗ੍ਰਿਹ ਹੀ ਮਾਹਿ ਉਦਾਸ' ਵਾਲੀ ਪਾਵਨ ਸਿੱਖਿਆ ਵਲ ਧਿਆਨ ਦੁਆਂਦਿਆਂ, ਉਸ ਨਿਰਜਿੰਦ ਤੇ ਸੰਸਾਰਕ ਫ਼ਰਜ਼ਾਂ ਤੋਂ ਭਜਾਊ ਵੇਗ ਨੂੰ ਠਲ੍ਹ ਪਾ ਕੇ ਅਤੇ ਸਿੱਖ ਲਹਿਰ ਨੂੰ ਉਸ ਤੋਂ ਵਖਰਿਆ ਕੇ[16], ਉਸ ਦੇ ਅਸਰ ਅਤੇ ਦਾਬੇ ਤੋਂ ਹਮੇਸ਼ਾ ਲਈ ਬਚਾਅ ਲਿਆ ਸੀ:

1. ਮਨ ਰੇ ਗ੍ਰਿਹ ਹੀ ਮਾਹਿ ਉਦਾਸੁ,
   ਸਚੁ ਸੰਜਮੁ ਕਰਣੀ ਸੋ ਕਰੇ, ਗੁਰਮੁਖਿ ਹੋਇ ਪਰਗਾਸੁ।[17]
2. ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ।
   ਸਤਗੁਰੁ ਸੇਵਿ ਮੋਹੁ ਪਰਜਲੈ, ਘਰ ਹੀ ਮਾਹਿ ਉਦਾਸਾ।[18]

ਜਿਥੋਂ ਤਕ ਆਮ ਲੋਕਾਂ ਦੀ ਭਲਾਈ ਦਾ ਸਬੰਧ ਹੈ, ਆਦਲ ਸ਼ਾਹ ਸੂਰੀ (1545-1553 ਈ.) ਵਲੋਂ ਉਨ੍ਹਾਂ ਉਤੇ ਲਗੇ ਹੋਏ ਪੱਖਪਾਤੀ ਯਾਤਰਾ-ਟੈਕਸ ਨੂੰ ਹਟਵਾਉਣ ਲਈ ਹੀ ਉਨ੍ਹਾਂ ਨੇ ਸੰਨ 1553 ਈ. ਦੇ ਅਭੀਚ ਪੁਰਬ (ਅਭਿਜਿਤ ਨਿਛੱਤਰ) ਸਮੇਂ ਕੁਝ ਤੀਰਥਾਂ ਦੀ ਉਚੇਚੀ ਯਾਤਰਾ ਕੀਤੀ ਸੀ:

ਤੀਰਥ ਉਦਮੁ, ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ;
ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ।[19]

---

14. ਸੱਤਾ ਡੂਮ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, **ਰਾਮਕਲੀ ਕੀ ਵਾਰ**, ਪਉੜੀ ਨੰ. 6, ਪੰ. 967-68.
15. Narang. Dr. Gokul Chand, *Transformation of Sikhism*, Lahore-1912; 2nd. ed.-1945, p. 54; ਹੋਰ ਵੇਖੋ: Teja Singh, Principal and Ganda Singh, Dr., *A Short History of the Sikhs*, Bombay-1950, pp. 20-21
16. Malcolm, *Sketch of the Sikhs*, London-1812; op.cit.; reprint in *The Sikh Religion: A Symposium*, Calcutta-1958, p. 91.
17. ਗੁਰੂ ਅਮਰਦਾਸ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਸਿਰੀ, ਪੰ. 26.
18. ਉਕਤ, ਰਾਗ ਸਿਰੀ, ਪੰਨਾ 29.
19. ਗੁਰੂ ਰਾਮ ਦਾਸ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਤੁਖਾਰੀ, ਪੰ. 1116-17.

ਉਨ੍ਹਾਂ ਨੇ ਉਸ ਵਿਭੇਦਕ ਤੇ ਨਾਜਾਇਜ਼ ਕਰ-ਕਾਨੂੰਨ ਨੂੰ ਖੁਲ੍ਹਮ-ਖੁਲ੍ਹੇ ਉਲਾਂਘਦਿਆਂ, ਸਮੂਹ ਸੰਗਤ ਸਮੇਤ ਜਮਨਾ ਤੇ ਗੰਗਾ ਨੂੰ ਨਿਸੰਗ ਪਾਰ ਕੀਤਾ ਸੀ। ਜਾਗਾਤੀ, ਭਾਵ ਮਸੂਲੀਏ, ਉਨ੍ਹਾਂ ਦੇ ਦੈਵੀ ਜਲੌ ਦੀ ਝਾਲ ਨਹੀਂ ਝਲ ਸਕੇ ਸਨ। ਉਹ ਅਜਿਹੇ ਮੋਹਿਤ ਜਾਂ ਪ੍ਰਭਾਵਿਤ ਹੋ ਗਏ ਸਨ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਤਿ-ਸੰਗੀਆਂ ਤੋਂ ਤਾਂ ਕਿਤੇ ਰਿਹਾ, ਉਨ੍ਹਾਂ ਦੀ ਨੂਰਾਨੀ 'ਚੜ੍ਹਦੀ ਕਲਾ' ਤੋਂ ਪਰੇਰਤ ਤੇ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਮਗਰ ਲਗ ਤੁਰੇ ਹੋਰ ਲੋਕਾਂ ਤੋਂ ਵੀ ਟੈਕਸ ਮੰਗਣ ਦੀ ਜੁਰੱਅਤ ਨਹੀਂ ਪਈ ਸੀ। ਉਹ ਤਾਂ ਸਗੋਂ ਆਪ ਉਨ੍ਹਾਂ ਨੂੰ ਪਾਰ ਕਰਨ ਲਗਿਆਂ, ਆਪਣੀ ਪ੍ਰੇਮ-ਭੇਟਾ ਵੀ ਦੇ ਕੇ ਮਿਲੇ ਸਨ। ਉਨ੍ਹਾਂ ਦੀ ਉਸ ਯਾਤਰਾ ਵਿਚ ਸ਼ਾਮਲ ਸ੍ਰੀ ਜੇਠਾ ਜੀ (ਮਗਰੋਂ ਗੁਰੂ ਰਾਮ ਦਾਸ ਜੀ) ਨੇ ਉਸ ਨਿਰਭੈਤਾ, ਪਰਉਪਕਾਰਤਾ ਤੇ 'ਚੜ੍ਹਦੀ ਕਲਾ-ਪੂਰਤ' ਘਟਨਾ ਨੂੰ ਵਰਣਨ ਕਰਦਿਆਂ ਇਸ ਤਰ੍ਹਾਂ ਲਿਖਿਆ ਹੈ :

> ਦੁਤੀਆ ਜਮੁਨ ਗਏ, ਗੁਰਿ ਹਰਿ ਹਰਿ ਜਪਨੁ ਕੀਆ।
> ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ।.....
> ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ,
> ਤਿਨ ਜਮੁ ਜਾਗਾਤੀ ਨੇੜਿ ਨ ਆਇਆ।
> ਸਭ ਗੁਰੂ ਗੁਰੂ ਜਗਤੁ ਬੋਲੈ,
> ਗੁਰ ਕੈ ਨਾਇ ਲਇਐ, ਸਭਿ ਛੁਟਕਿ ਗਇਆ।...
> ਤ੍ਰਿਤੀਆ ਆਏ ਸੁਰਸਰੀ,
> ਤਹ ਕਉਤਕੁ ਚਲਤੁ ਭਇਆ।
> ਸਭ ਮੋਹੀ ਦੇਖਿ ਦਰਸਨੁ ਗੁਰ ਸੰਤ,
> ਕਿਨੈ ਆਢੁ ਨ ਦਾਮੁ ਲਇਆ।
> ਆਢੁ ਦਾਮੁ ਕਿਛੁ ਪਇਆ ਨ ਬੋਲਕ,
> ਜਾਗਾਤੀਆ ਮੋਹਣ ਮੁੰਦਣਿ ਪਈ।
> ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਗਹ ?
> ਸਭ ਭਾਗਿ ਸਤਿਗੁਰ ਪਿਛੈ ਪਈ।
> ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ,
> ਭੰਨਿ ਬੋਲਕਾ ਸਭਿ ਉਠਿ ਗਇਆ।[20]

ਇਹ ਇਕ ਤਰ੍ਹਾਂ ਦੀ ਅਜਿਹੀ ਸਿਵਲ ਨਾਫਰਮਾਨੀ ਸੀ ਜਿਸ ਦੀ ਪਹਿਲ ਕਰਨ ਦੀ ਅਜਿਹੀ ਖੁਲ੍ਹਮ-ਖੁਲ੍ਹਾ ਦਲੇਰੀ ਗੁਰੂ ਅਮਰ ਦਾਸ ਜੀ ਨੇ ਹੀ ਕੀਤੀ ਸੀ। ਇਸ ਦੇ ਸਿੱਟੇ ਵਜੋਂ, ਹਾਕਮਾਂ ਨੂੰ ਮਜਬੂਰ ਹੋ ਕੇ, ਉਹ ਟੈਕਸ, ਭਾਵ ਤੀਰਥ-ਕਰ, ਛੱਡਣਾ ਪੈ ਗਿਆ ਸੀ। ਅਜਿਹੀ ਜਿੱਤ ਦਾ ਸੁਭਾਗ ਵੀ ਕਿਸੇ ਅਜਿਹੀ 'ਚੜ੍ਹਦੀ ਕਲਾ' ਵਾਲੇ ਯੋਧੇ ਨੂੰ ਹੀ ਪਰਾਪਤ ਹੋਇਆ ਸੀ ਜਿਸ ਬਾਰੇ ਸਮਕਾਲੀ ਭੱਟ ਭਲ ਨੇ ਲਿਖਿਆ ਹੈ :

> ਭੈ ਨਿਰਭਉ ਹਰਿ ਅਟਲੁ ਮਨਿ, ਸਬਦਿ ਗੁਰ ਨੇਜਾ ਗਡਿਓ।.....
> ਗੁਰ ਅਮਰਦਾਸ ਸਚੁ ਸਲ੍ਯ ਭਣਿ, ਤੈ ਦਲੁ ਜਿਤਉ ਇਵ ਜੁਧੁ ਕਰਿ।[21]

---

20. ਗੁਰੂ ਰਾਮ ਦਾਸ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਤੁਖਾਰੀ, ਪੰ. 1116-17.
21. ਭਲ, ਭੱਟ, 'ਸਵਈਏ ਮਹਲੇ ਤੀਜੇ ਕੇ', **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਪੰ. 1396.

ਸੰਨ 1566 [22] ਵਿਚ ਅਕਬਰ ਬਾਦਸ਼ਾਹ (1556-1605 ਈ.) ਦੀ ਗੋਇੰਦਵਾਲ ਵਿਚ ਆਵੰਦ ਸਮੇਂ ਵੀ, ਆਪ ਜੀ ਨੇ ਜਾਤ-ਪਾਤ ਦੇ ਭਰਮਾਂ, ਛੂਤ-ਛਾਤ ਦੇ ਵਹਿਮਾਂ ਤੇ ਊਚ-ਨੀਚ ਦੇ ਵਿਤਕਰਿਆਂ ਨੂੰ ਮੇਟਣ ਤੇ ਮੁਕਾਉਣ ਲਈ ਬਣਾਏ ਹੋਏ ਅਸੂਲ :

ਪਹਿਲੇ ਪੰਗਤ, ਪਾਛੈ ਸੰਗਤ [23]

ਨੂੰ ਜਿਵੇਂ ਕਾਇਮ ਰਖਿਆ, ਉਹ ਵੀ ਆਪ ਦੀ ਅਜਿਹੀ 'ਚੜ੍ਹਦੀ ਕਲਾ' ਦੀ ਇਕ ਹੋਰ ਸੁਨਹਿਰੀ ਮਿਸਾਲ ਹੈ। ਬਾਬਾ ਸਰੂਪ ਦਾਸ ਭੱਲਾ ਅਨੁਸਾਰ, ਅਕਬਰ, ਗੁਰੂ-ਦਰਬਾਰ ਲਾਗੇ ਪਹੁੰਚਦਿਆਂ ਹੀ, ਨੰਗੇ ਪੈਰੀ ਹੋ ਤੁਰਿਆ ਸੀ। ਅਹਿਲਕਾਰਾਂ ਨੇ ਉਸ ਦੇ ਸਨਮਾਨ ਤੇ ਸੁਖੱਲ ਵਜੋਂ ਜੋ ਰੇਸ਼ਮੀ ਵਿਛਾਈ ਕੀਤੀ ਸੀ, ਅਕਬਰ ਨੇ ਉਸ ਉਤੇ ਵੀ ਆਪਣੇ ਪੈਰ ਨਹੀਂ ਧਰੇ ਸਨ :

ਅਕਬਰ ਪਾਤਸ਼ਾਹ ਸੁਲਤਾਨ। ਦਿੱਲੀ-ਪਤ, ਆਦਲ ਪਰਮਾਨ।
ਤਿਨ ਸਤਿਗੁਰ ਸੇ ਪਰਤਗਿਆ ਪਾਇਆ। ਮਨ ਪਰਤੀਤ ਦਰਸ਼ਨ ਕੋ ਆਇਆ।.....
ਅਕਬਰ ਸੁਜਾਨ ਤਹਾਂ ਪਗ ਨਹੀਂ ਧਰਾ। ਨਿਜ ਹਾਥ ਉਠਾਇ ਕਿਨਾਰੇ ਕਰਾ।
ਪਰ ਪਿਆਦਾ ਚਲ ਆਇਆ ਗੁਰ ਪਾਸ। ਦੇਖਾ ਦਰਸ਼ਨ ਜੋਤ ਪਰਕਾਸ਼। [24]

ਉਸ ਨੇ, ਉਪਰੋਕਤ ਨਿਯਮ ਅਨੁਸਾਰ, ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ, ਉਨ੍ਹਾਂ ਦੇ ਲੰਗਰ ਦੀ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਿਆ ਸੀ। ਉਹ ਲੰਗਰ ਦਾ ਪ੍ਰਬੰਧ ਅਤੇ ਉਸ ਵਿਚ ਹੋ ਰਹੀ ਨਿਰਮਾਣ ਤੇ ਨਿਸ਼ਕਾਮ ਸੇਵਾ, ਪਿਆਰ-ਭਾਵ ਤੇ ਭਰਾਤਰੀ ਭਾਵਨਾ ਵੇਖ ਕੇ ਬਹੁਤ ਖ਼ੁਸ਼ ਹੋਇਆ ਸੀ। ਉਸ ਤੋਂ ਬਾਅਦ, ਜਦੋਂ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ-ਦੀਦਾਰ ਕੀਤੇ ਸਨ ਅਤੇ ਬੜੇ ਧਿਆਨ ਤੇ ਸਹਿਨਸ਼ੀਲਤਾ ਨਾਲ ਉਨ੍ਹਾਂ ਦੇ ਸ਼ੁਭ ਬਚਨ ਸੁਣੇ ਸਨ (He found an attentive listener in the tolerant Akbar.) ਤਾਂ ਹੋਰ ਨਿਹਾਲ ਹੋਇਆ

---

22. ਇਸ ਤਰੀਕ ਬਾਰੇ ਵਿਦਵਾਨਾਂ ਤੇ ਇਤਿਹਾਸਕਾਰਾਂ ਵਿਚ ਚੋਖਾ ਮੱਤਭੇਦ ਹੈ : ਜਿਵੇਂ ਪ੍ਰੋ. ਕਰਤਾਰ ਸਿੰਘ ਅਨੁਸਾਰ 1565 ਈ. (**ਸਿੱਖ ਇਤਿਹਾਸ,** ਭਾਗ ਪਹਿਲਾ, ਅੰਮ੍ਰਿਤਸਰ-1960, ਪੰ. 156.); ਡਾ. ਰਣਧੀਰ ਸਿੰਘ ਅਨੁਸਾਰ 1557 ਈ. (**ਪੰਜਾਬੀ ਦੁਨੀਆ,** 'ਗੁਰੂ ਅਰਜਨ ਦੇਵ ਅੰਕ', ਪਟਿਆਲਾ, ਜੂਨ-ਜੁਲਾਈ, 1953, ਪੰ. 8; ਡਾ. ਫ਼ੌਜਾ ਸਿੰਘ ਅਤੇ ਡਾ. ਸੰਗਤ ਸਿੰਘ ਅਨੁਸਾਰ 1571 ਈ. : (*Guru Amar Das*, Patiala-1979; *The Sikhs in History*, New York-1995 p. 22); ਪ੍ਰਿੰ. ਸਤਿਬੀਰ ਸਿੰਘ ਅਨੁਸਾਰ 1566 (**ਪਰਬਤ ਮੇਰਾਣ**, ਜਲੰਧਰ-1978, ਪੰ.146).

23. ਹੋਰ ਵੇਖੋ: ਭਾਈ ਸੰਤੋਖ ਸਿੰਘ, **ਸੂਰਜ ਪ੍ਰਕਾਸ਼ ਗ੍ਰੰਥਾਵਲੀ,** ਉਹੀ, ਜਿਲਦ 5, ਪੰ. 1442:

ਪ੍ਰਥਮ ਦੇਗ ਮਹਿ ਜਾਇ ਕੇ, ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ, ਚਲਿ ਕਰਿ ਢਿਗ ਜਾਵੈ।
ਜੋ ਨਹਿੰ ਅਚਹਿੰ ਅਹਾਰ ਕੋ, ਸੁੱਚ-ਸੰਜਮਵੰਤਾ।
ਤਿਸ ਕੋ ਦਰਸ਼ਨ ਹੋਤਿ ਨਹਿੰ, ਹਟਿ ਘਰ ਗਮਨੰਤਾ।
ਆਸ਼੍ਰਮ ਬਰਨ ਜਿ ਭੇਦ ਮਹਿੰ, ਨਹਿ ਮਿਲਹਿੰ ਹਦੂਰਾ।
ਖਾਵਹਿ ਕੁਨਕਾ ਦੇਗ ਕੋ, ਦਰਸਹਿੰ ਗੁਰ ਪੂਰਾ।

24. ਭੱਲਾ, ਸਰੂਪ ਦਾਸ, **ਮਹਿਮਾ ਪ੍ਰਕਾਸ਼,** ਉਹੀ, ਭਾਗ ਪਹਿਲਾ, **ਸਾਖੀਆਂ ਪਾਤਸ਼ਾਹੀ ਤੀਜੀ,** ਸਾਖੀ ਨੰ. 25, ਪੰ. 240-241.

ਸੀ।[25] ਗੁਰੂਦੇਵ ਦੀ ਅਸੀਸ ਪਰਾਪਤ ਕਰਦਿਆਂ, ਭਾਈ ਕੇਸਰ ਸਿੰਘ ਛਿੱਬਰ ਅਨੁਸਾਰ, ਜਦੋਂ ਉਸ ਨੇ ਉਨ੍ਹਾਂ ਦੀ ਕੋਈ ਇੱਛਾ ਪੁੱਛੀ ਸੀ ਤਾਂ ਹਜ਼ੂਰ ਨੇ ਆਖਿਆ ਸੀ, "ਚਾਹ ਕੁਛ ਨਹੀਂ ਹਮਾਰੇ":

ਤਿਸ ਸਮੇਂ ਸ਼ਾਹ ਅਕਬਰ ਆਇਆ।
ਦਿਲੀਉਂ ਚੜ੍ਹਿ ਲਾਹੌਰ ਨੂੰ ਧਾਇਆ।
ਡੇਰਾ ਆਇਆ ਗੋਇੰਦਵਾਲ।
ਅਕਬਰ ਸੁਣਿਆ ਫ਼ਕੀਰ ਹੈ ਇਥੇ ਮਸਤ ਹਵਾਲ।
ਗੁਰੂ ਅਮਰ ਦਾਸ ਕੋ ਦੇਖਣ ਆਇਆ।
ਕਹਿਆ, " ਜੀ ਫ਼ਕੀਰ ਸਾਂਈ! ਕੁਛ ਕਹੋ ਫ਼ੁਰਮਾਇਆ।"
ਬਚਨ ਕੀਤਾ, 'ਚਾਹ ਕੁਛ ਨਹੀ ਹਮਾਰੇ।[26]

ਫਿਰ ਜਦੋਂ ਉਸ ਨੇ ਲੰਗਰ ਵਾਸਤੇ ਜਾਗੀਰ ਲਾਉਣੀ ਚਾਹੀ ਤਾਂ ਵੀ ਗੁਰੂਦੇਵ ਨੇ ਆਖਿਆ, "ਇਹ ਗੁਰੂ ਦਾ ਲੰਗਰ ਅਕਾਲ-ਭਰੋਸੇ ਗੁਰਸਿੱਖਾਂ ਦੀ ਨਿਸ਼ਕਾਮ ਸੇਵਾ ਤੇ ਘਾਲ-ਕਮਾਈ ਦੇ ਸਿਰ ਤੇ ਚਲਦਾ ਰਹੇ ਤਾਂ ਹੀ ਠੀਕ ਰਹੇਗਾ।"[27] ਹਰੀਪੁਰ ਦੇ ਰਾਜੇ ਤੇ ਰਾਣੀ ਦੀ ਵੀ ਗੁਰ-ਦਰਸ਼ਨ ਲਈ ਆਵੰਦ 'ਤੇ, ਇਸੇ ਨੇਮ ਨੂੰ ਕਾਇਮ ਰਖਿਆ ਗਿਆ ਸੀ।[28] ਅਜਿਹੇ ਨੇਮ ਬਣਾਣੇ ਅਤੇ ਉਨ੍ਹਾਂ ਉਤੇ ਉਜਿਹੀ ਉੱਚਤਮ ਪੱਧਰ ਉਤੇ ਵੀ ਅਜਿਹੀ ਪੈਰਵੀ ਕਰਨੀ ਤੇ ਕਰਾਉਣੀ, ਗੁਰੂ ਅਮਰ ਦਾਸ ਜੀ ਦੀ ਸਿਦਕਦਿਲੀ, ਸਮਦ੍ਰਿਸ਼ਟੀ ਤੇ ਨਿਰਭੈਤਾ ਪੂਰਤ 'ਚੜ੍ਹਦੀ ਕਲਾ' ਦੀ ਹੀ ਸਾਖ ਭਰਦੀ ਹੈ। ਜਾਤ-ਪਾਤ ਦੀ ਤਮੀਜ਼ ਤੇ ਊਚ-ਨੀਚ ਦੇ ਵਹਿਮਾਂ-ਵਿਸ਼ਵਾਸਾਂ ਵਿਚ ਗੁੱਸੇ ਹੋਏ ਉਦੋਂਕੇ ਭਾਰਤੀਆਂ ਨੂੰ, ਗੁਰੂ ਅਮਰ ਦਾਸ ਹੀ ਇਉਂ ਦਸ-ਕਹਿ ਸਕੇ ਸਨ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ।
ਬ੍ਰਹਮੁ ਬਿੰਦੇ, ਸੋ ਬ੍ਰਾਹਮਣੁ ਹੋਈ।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ!
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ।[29]

ਅਤੇ ਹਰ ਕਿਸੇ ਨੂੰ ਮਾਨੋ ਗਜ-ਵਜ ਕੇ ਆਖਿਆ ਸੀ:

ਜਾਣਹੁ ਜੋਤਿ ਨ ਪੂਛਹੁ ਜਾਤੀ,
ਆਗੈ ਜਾਤਿ ਨ ਹੇ।[30]

---

25. ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ**, ਉਹੀ, ਰਾਸ 1, ਅੰਸੂ 63; **ਗ੍ਰੰਥਾਵਲੀ**,ਉਹੀ, ਪੰ.1604; Cunningham, *History of the Sikhs*, op. cit., p. 44.
26. ਛਿੱਬਰ, ਕੇਸਰ ਸਿੰਘ, **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ**, **ਮਿਤੀ** 1769, ਚਰਣ 3, ਪਦ 83-84; ਸੰਪਾਦਿਤ ਵਲੋਂ ਡਾ. ਰਤਨ ਸਿੰਘ ਜੱਗੀ, ਚੰਡੀਗੜ੍ਹ -1972, ਪੰ. 35.
27. Gopal Singh, Dr., *A History of the Sikh People*, New Delhi-1979; 2nd. ed.-1988, p. 164.
28. Harbans Singh, Prof., *The Hertiage of the Sikhs*, New Delhi-1983, p. 37.
29. ਗੁਰੂ ਅਮਰ ਦਾਸ, **ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਭੈਰਉ, ਪੰ. 1128.
30. ਗੁਰੂ ਨਾਨਕ ਦੇਵ, ਉਕਤ, ਰਾਗੁ ਆਸਾ, ਪੰ. 349.

ਸਤੀ ਤੇ ਪਰਦੇ ਆਦਿ ਦੀਆਂ ਪੁਰਾਤਨ ਰਸਮਾਂ ਰਾਹੀਂ ਇਸਤਰੀਜਾਤੀ ਦੇ ਹੋ ਰਹੇ ਅਨਾਦਰਾਂ ਤੇ ਅਤਿਆਚਾਰਾਂ ਵਿਰੁੱਧ [31] ਜੋ ਆਵਾਜ਼ ਗੁਰੂ ਅਮਰ ਦਾਸ ਜੀ ਨੇ ਉਦੋਂ ਉਠਾਈ ਸੀ ਅਤੇ ਅੰਤਰਜਾਤੀ ਤੇ ਵਿਧਵਾ-ਵਿਆਹਾਂ ਲਈ ਜੋ ਨਵੀਂ ਲੀਹ ਅਤੇ ਸਿਖ ਧਰਮ ਨੂੰ ਹੋਰ ਧਰਮਾਂ ਤੋਂ ਵਖਰਿਆਉਣ ਲਈ ਜੋ ਨਵੇਲੀ ਪਿਰਤ ਉਨ੍ਹਾਂ ਹਾਲਾਤ ਵਿਚ ਆਪ ਨੇ ਪਾਈ ਸੀ ਜਿਨ੍ਹਾਂ ਵਿਚ ਇਹੋ ਜਹੀ ਅਨੋਖੀ ਤੇ ਇਨਕਲਾਬੀ ਵਿਚਾਰ, ਹੇਠ-ਲਿਖੇ ਸ਼ਬਦਾਂ ਵਿਚ, ਕੋਈ ਸੁਣਨ ਲਈ ਵੀ ਤਿਆਰ ਨਹੀ ਸੀ, [32] ਗੁਰੂ ਅਮਰਦਾਸ ਜੀ ਦੇ ਡੁਲ੍ਹ ਡੁਲ੍ਹ ਪੈਂਦੇ ਮਾਨਵ-ਪਿਆਰ, ਭਰਵੀਂ ਜੁਰੱਅਤ ਤੇ 'ਚੜ੍ਹਦੀ ਕਲਾ' ਦੇ ਹੀ ਕੁਝ ਹੋਰ ਚਮਤਕਾਰ ਹਨ :

ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ । [33]

ਇਹ ਗੁਰੂ ਅਮਰ ਦਾਸ ਹੀ ਸਨ ਜਿਨ੍ਹਾਂ ਨੇ ਸਮੁੱਚੇ ਜਗਤ ਨੂੰ 'ਪ੍ਰਭੂ ਦੀ ਵਾੜੀ' ਅਤੇ ਉਸ ਨੂੰ ਇਸ ਦਾ 'ਮਾਲੀ' ਆਖਿਆ ਸੀ :

ਇਹੁ ਜਗੁ ਵਾੜੀ, ਮੇਰਾ ਪ੍ਰਭੁ ਮਾਲੀ;
ਸਦਾ ਸਮਾਲੇ, ਕੋ ਨਾਹੀ ਖਾਲੀ । [34]

ਤੇ ਜਦੋਂ ਇਸ 'ਵਾੜੀ' ਨੂੰ ਉਨ੍ਹਾਂ ਨੇ ਸੜਦਿਆਂ ਵੇਖਿਆ ਸੀ ਤਾਂ ਇਸ ਦੇ ਉਸੇ ਮਹਾਨ 'ਮਾਲੀ' ਨੂੰ ਪੁਕਾਰਦਿਆਂ, ਇਸ ਦੀ ਸੁਰੱਖਿਆ ਲਈ, ਸਰਬੱਤ ਦੇ ਭਲੇ ਵਾਸਤੇ, ਇਹੋ ਜਿਹੀ ਅਪੀਲ ਕਰਦਿਆਂ ਇਹ ਵੀ ਉਨ੍ਹਾਂ ਨੇ ਹੀ ਆਖਿਆ ਸੀ :

ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ।
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ । [35]

ਅਰਥਾਤ, "ਰੱਬ ਜੀ, ਮੈਂ ਇਹ ਨਹੀਂ ਕਹਿੰਦਾ ਕਿ ਇਹ ਅੱਗ ਕੇਵਲ ਮੇਰੇ ਫ਼ਾਇਰ-ਇੰਜਨ ਤੋਂ ਸੁੱਟੇ ਜਾਂਦੇ ਪਾਣੀ ਨਾਲ ਹੀ ਬੁਝਾਓ ; ਇਹ ਤਾਂ ਜਿਵੇਂ ਤੇ ਜਿਸ ਸਾਧਨ ਨਾਲ ਬੁਝਾਈ ਜਾ ਸਕਦੀ ਹੈ, ਇਸ ਨੂੰ ਬੁਝਾਉਣ ਦੀ ਮਿਹਰ ਕਰ ਕੇ ਜਗਤ ਵਿਚ ਸੁੱਖ, ਸ਼ਾਂਤੀ ਤੇ ਠੰਢ ਵਰਤਾਓ ।" [35] ਡਾ.ਤਾਰਨ ਸਿੰਘ ਅਨੁਸਾਰ, "ਸੱਚਮੁੱਚ ਜੋ ਧਾਰਮਕ ਤੇ ਸਮਾਜਕ ਘਾਲਣਾ ਪੂਰੇ 22 ਸਾਲ, ਤੇ ਇਸ ਤਰ੍ਹਾਂ 94 ਸਾਲ ਦੀ ਆਯੂ ਤੀਕ, ਆਪ ਨੇ ਘਾਲੀ ਸੀ, ਉਸ ਦੀ ਹੋਰ ਕਿਤੇ ਵੀ ਮਿਸਾਲ ਨਹੀਂ ਹੈ ।" [36]

---

31. Macauliffe, *The Sikh Religion*, op.cit., Vol. II, pp. 61-62. ਸਕਾਟ ਤੇ ਪੇਨ ਅਨੁਸਾਰ, He was the first reformer who condemned the prevailing Hindu pratice of Sati , ਅਰਥਾਤ, "ਸਤੀ ਦੀ ਹਿੰਦੂਈ ਰਸਮ ਨੂੰ ਨਿਖੇਧਣ ਤੇ ਉਸ ਵਿਰੁੱਧ ਆਵਾਜ਼ ਉਠਾਣ ਦੀ ਪਹਿਲ ਆਪ ਨੇ ਹੀ ਕੀਤੀ ਸੀ ।"(Payne, *A Short History of the Sikhs*, op.cit., p. 31).
32. Bannerji, Prof. Indu bhusan, *Evolution of the Khalsa*, Vol.1, Calcutta-1936, p.181.
33. ਗੁਰੂ ਅਮਰ ਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਪੰ. 787.
34. ਉਕਤ, ਰਾਗੁ ਮਾਝ, ਪੰ. 118.
35. ਉਕਤ, ਰਾਗੁ ਬਿਲਾਵਲ, ਪੰ. 853.
36. ਤਾਰਨ ਸਿੰਘ, ਡਾ., ਗੁਰੂ ਅਮਰ ਦਾਸ : ਜੀਵਨ, ਰਚਨਾ ਤੇ ਸਿੱਖਿਆ, ਪਟਿਆਲਾ-1980, ਪੰ. 12.

IV
ਚੌਥੀ ਪਾਤਸ਼ਾਹੀ, ਸ੍ਰੀ ਗੁਰੂ ਰਾਮ ਦਾਸ ਜੀ, ਦੇ ਸਮੇਂ
(1574-1581 ਈ.)

ਆਪ ਦੇ ਜਾਨਸ਼ੀਨ, ਗੁਰੂ ਰਾਮ ਦਾਸ ਜੀ [1], ਦੀ ਆਪ ਦੇ ਸਪੁੱਤਰਾਂ, ਮੋਹਨ ਤੇ ਮੋਹਰੀ ਜੀ, ਵਲੋਂ ਗੱਦੀ ਸੌਂਪਣ ਦੇ ਸਬੰਧ ਹੋਈ ਭਰਵੀਂ ਮੁਖ਼ਾਲਫ਼ਤ; ਖ਼ੁਦ ਆਪਣੇ ਵੱਡੇ ਪੁੱਤਰ, ਪ੍ਰਿਥੀ ਚੰਦ ਜੀ, ਵਲੋਂ ਹੁੰਦੀ ਰਹੀ ਘੋਰ ਮਦਾਖ਼ਲਤ ਅਤੇ ਕਈ ਹੋਰ ਦੋਖੀਆਂ ਦੀਆਂ ਸ਼ਰਾਰਤਾਂ ਤੇ ਸਾਜ਼ਸ਼ਾਂ ਦੇ ਬਾਵਜੂਦ, ਆਪਣੇ ਆਦਰਸ਼ ਤੋਂ ਨਾ ਥਿੜਕਣਾ ਅਤੇ ਆਪਣੇ ਟੀਚੇ ਉੱਤੇ ਕਾਇਮ ਰਹਿੰਦਿਆਂ ਇਹ ਏਲਾਨੀਆ ਆਖਣਾ, ਉਜਿਹੀ 'ਚੜ੍ਹਦੀ ਕਲਾ' ਦਾ ਹੀ ਇਕ ਪਰਤੱਖ ਸਬੂਤ ਹੈ :

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ,
ਓਨ੍ਹਾ ਪਰਾਇਆ ਭਲਾ ਨਾ ਸੁਖਾਈ ।
ਕਿਆ ਹੋਵੈ ਕਿਸ ਹੀ ਕੀ ਝਖ ਮਾਰੀ,
ਜਾ ਸਚੇ ਸਿਉ ਬਣਿ ਆਈ ? [2]

2

ਸੰਨ 1566-67 ਦੌਰਾਨ, ਲਾਹੌਰ ਵਿਖੇ, ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਹੋਈ ਪੇਸ਼ੀ ਸਮੇਂ, ਗੁਰੂ ਅਮਰਦਾਸ ਵਿਰੁੱਧ ਖੱਤਰੀਆਂ, ਬ੍ਰਾਹਮਣਾਂ ਤੇ ਬ੍ਰਹਮਚਾਰੀਆਂ ਆਦਿ ਵਲੋਂ ਦਾਇਰ 'ਮਹਜਰਨਾਮੇ' ਦੀ ਉਨ੍ਹਾਂ ਵਲੋਂ ਹਰ ਸ਼ਿਕਾਇਤ ਦਾ, ਹੇਠ-ਲਿਖੇ ਅਨੁਸਾਰ, ਜੋ ਦਲੀਲਪੂਰਤ ਜਵਾਬ, ਜਿਸ ਯੋਗਤਾ ਤੇ ਨਿਰਭੈਤਾ-ਪੂਰਤ 'ਚੜ੍ਹਦੀ ਕਲਾ' ਵਿਚ ਆਪ ਨੇ ਦਿੱਤਾ ਸੀ, ਉਸ ਨੇ ਨਾ ਕੇਵਲ ਪਖੰਡੀ ਤਪੇ ਤੇ ਸ਼ਿਕਾਇਤੀ ਪੰਡਤਾਂ ਨੂੰ ਹੀ ਨਿਰੁੱਤਰ ਤੇ ਲੱਜਿਤ ਕਰ ਦਿੱਤਾ ਸੀ, ਸਗੋਂ ਬਾਦਸ਼ਾਹ ਤੇ ਉਸ ਦੇ ਦਰਬਾਰੀਆਂ ਨੂੰ ਵੀ ਇੰਨਾ ਪਰਭਾਵਿਤ ਕਰ ਦਿੱਤਾ ਸੀ ਕਿ ਅਕਬਰ ਉਸ ਝੂਠੇ ਸ਼ਿਕਾਇਤਨਾਮੇ ਨੂੰ ਖ਼ਾਰਜ ਕਰਦਿਆਂ, ਗੁਰੂ ਸਾਹਿਬ ਦੇ ਸਾਖਿਆਤ ਦਰਸ਼ਨ-ਮੇਲੇ ਲਈ ਵੀ, ਬਾਵਾ ਸਰੂਪ ਦਾਸ ਭੱਲਾ ਦੀ ਦੱਸ ਅਨੁਸਾਰ, ਇਉਂ ਪਰੇਰਿਤ ਹੋ ਗਿਆ ਸੀ :

"ਆਰਫ਼, ਕਾਮਲ, ਵਲੀ ਅਲਾਹ; ਨਾਨਕ, ਸਮਾਨ, ਦੂਜਾ ਘਰ ਨਾਹ ।
ਹਿੰਦੂ ਮੁਸਲਮਾਨ ਸੇ ਨਿਆਰੇ, ਤਾਰਕ ਦੁਨੀ ਰਬ ਤਿਨ ਪਿਆਰੇ ।
ਫ਼ਜ਼ਲ ਕਰੇ ਜਬ ਪਾਕਿ ਖ਼ੁਦਾਇ, ਕਰੋਂ ਦੀਦਾਰ ਉਹਾ ਜਬ ਜਾਇ ।"
ਅਕਬਰ ਕੇ ਮਨ ਮੇ ਯਹ ਬਸੀ, ਸਤਿਗੁਰ ਪ੍ਰੀਤ ਚਿਤ ਮੋ ਰਸੀ । [3]

---

1. ਆਪ ਜੀ ਦਾ ਜਨਮ 24 ਸਤੰਬਰ 1534 ਈ. ਨੂੰ ਚੂਨਾ ਮੰਡੀ, ਲਾਹੌਰ ਵਿਚ ਸ੍ਰੀ ਹਰਿਦਾਸ ਸੋਢੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਹੋਇਆ ਸੀ । ਆਪ ਜੀ 1 ਸਤੰਬਰ 1581 ਈ. ਨੂੰ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ, ਵਿਖੇ ਜੋਤੀ-ਜੋਤਿ ਸਮਾ ਗਏ ਸਨ ।
2. ਗੁਰੂ ਰਾਮਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਬਿਲਾਵਲ, ਪੰ. 850.
3. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਮਿਤੀ 1776, ਉਹੀ, 'ਸਾਖੀਆਂ ਪਾਤਸ਼ਾਹੀ 3', ਸਾਖੀ ਨੰ. 12 ; ਸੰਪਾਦਿਤ ਪਾਠ, ਉਹੀ, ਭਾਗ ਦੂਜਾ, ਪੰਨਾ 176.

ਜਿਥੋਂ ਤਕ ਉਨ੍ਹਾਂ ਊਜਾਂ ਤੇ ਸ਼ਿਕਾਇਤਾਂ ਦਾ ਸਬੰਧ ਹੈ, ਉਹ ਭਾਈ ਸੰਤੋਖ ਸਿੰਘ ਦੇ ਲਫ਼ਜ਼ਾਂ ਵਿਚ, ਕੁਝ ਇਸ ਤਰ੍ਹਾਂ ਦੀਆਂ ਸਨ :

ਪੰਥ ਨਵੀਨ ਪ੍ਰਕਾਸ਼ਨ ਕਰਯੋ,
ਭੇਦ ਬਰਨ ਜਾਤੀ ਪਰਹਰਯੋ।
ਚਤੁਰ ਬਰਨ ਇਕ ਦੇਗ ਅਹਾਰਾ,
ਇਕ ਸਮ ਸੇਵਹਿ ਧਰਿ ਉਰ ਪਯਾਰਾ।
ਅਬਿ ਦਿਜ ਕੋ ਨਹਿ ਮਾਨਹਿ ਕੋਇ,
ਖੱਤ੍ਰੀ ਧਰਮ ਨਸ਼ਟ ਸਭਿ ਹੋਇ।....
ਸ਼੍ਰੁਤਿ ਸਿਮ੍ਰਿਤਿ ਕੇ ਰਾਹੁ ਨ ਚਾਲੇ,
ਮਨ ਕੋ ਮਤਿ ਕਰਿ ਭਏ ਨਿਰਾਲੇ।....[4]

ਅਰਥਾਤ, "ਗੁਰੂ ਸਾਹਿਬ ਨੇ ਆਪਣਾ ਨਵਾਂ ਪੰਥ ਚਲਾ ਲਿਆ ਹੈ, ਜਾਤ-ਪਾਤ ਦੀ ਤਮੀਜ਼ ਮਿਟਾ ਦਿੱਤੀ ਹੈ; ਅਤੇ ਹਰ ਕਿਸੇ ਨੂੰ ਇੱਕੋ ਲੰਗਰ ਵਿਚੋਂ ਇਕੋ ਪੰਗਤ ਵਿਚ ਬਿਠਾ ਕੇ ਖੁਆ-ਪਿਆ ਰਹੇ ਹਨ। ਬ੍ਰਾਹਮਣ ਦੀ ਉੱਚਤਾ ਕੋਈ ਨਹੀਂ ਮੰਨ ਰਿਹਾ; ਧਰਮ ਨਸ਼ਟ ਹੋ ਰਿਹਾ ਹੈ; ਪੁਰਾਤਨ ਰੀਤਾਂ, ਰਸਮਾਂ ਤੇ ਰਿਵਾਜਾਂ ਨੂੰ ਧਿਕਾਰਿਆ ਜਾ ਰਿਹਾ ਹੈ। ਗੰਗਾ, ਗਾਇਤ੍ਰੀ, ਤ੍ਰੈਕਾਲ ਸੰਧਿਆ, ਵੇਦ ਬਾਣੀ, ਸ਼ਾਸਤਰ, ਸਿਮ੍ਰਤੀਆ ਦੇ ਪਾਠ ਅਤੇ ਮੂਰਤੀ-ਪੂਜਾ ਤੇ ਤੀਰਥ-ਯਾਤਰਾ ਆਦਿ ਵੀ ਉਨ੍ਹਾਂ ਨੇ ਛੱਡ-ਛੁਡਾ ਦਿੱਤੀ ਹੈ। ਹਿੰਦੂ ਧਰਮ-ਕਰਮ ਉਤੇ ਇਉਂ ਬੜੀ ਕਰਾਰੀ ਸੱਟ ਮਾਰੀ ਜਾ ਰਹੀ ਹੈ। ਆਪ ਕਿਉਂਕਿ ਸਾਰੀ ਪਰਜਾ ਦੇ ਸ਼ਹਿਨਸ਼ਾਹ ਅਤੇ ਸਭ ਧਰਮਾਂ ਦੇ ਰਾਖੇ ਹੋ, ਇਸ ਲਈ ਸਾਡੇ ਧਰਮ-ਕਰਮ ਨੂੰ ਵੀ ਬਚਾਉਣ ਲਈ ਸਾਡੀ ਯਾਵਰੀ ਕਰੋ।"[4] ਇਤਿਆਦਿ।

ਉਨ੍ਹਾਂ ਦੀਆਂ ਅਜਿਹੀਆਂ ਊਜਾਂ ਦਾ ਜਵਾਬ ਦੇਂਦਿਆਂ ਅਤੇ ਗੁਰਮਤਿ ਦੀ ਵਿਆਖਿਆ ਕਰਦਿਆਂ, ਗੁਰੂ ਰਾਮਦਾਸ ਜੀ ਨੇ (ਜੋ ਉਦੋਂ ਅਜੇ ਸ੍ਰੀ 'ਜੇਠਾ' ਹੀ ਸਨ) ਨੇ ਭਰੇ-ਦਰਬਾਰ ਦਸਿਆ ਸੀ :

1. ਗੁਰੂ ਨਾਨਕ ਸਾਹਿਬ ਦਾ ਸਿੱਖ ਕੇਵਲ ਇਕ ਰੱਬ ਦੀ ਹੋਂਦ ਮੰਨਦਾ ਹੈ, ਸਿਰਫ਼ ਉਸੇ ਦੀ ਪੂਜਾ-ਪਾਠ ਕਰਦਾ ਹੈ ਅਤੇ ਉਸੇ ਨੂੰ '੧ਓ' ਆਖ ਕੇ ਧਿਆਉਂਦਾ ਹੈ। ਪਰ ਇਨ੍ਹਾਂ ਪੰਡਤਾਂ ਤੇ ਤਿਆਗੀਆਂ ਆਦਿ ਨੇ ਉਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਅਤੇ ਤਿੰਨ ਵਖੋ-ਵਖਰੇ ਦੇਵਤੇ ਬਣਾ ਕੇ, ਉਨ੍ਹਾਂ ਦੀ ਵਖੋ-ਵਖਰੀ ਪੂਜਾ ਕਰ-ਕਰਵਾ ਰਹੇ ਹਨ। ਅਸੀਂ ਕਿਸੇ ਬੁੱਤ ਜਾਂ ਮੂਰਤੀ ਦੀ ਪੂਜਾ ਨਹੀਂ ਕਰਦੇ; ਅਸੀਂ ਕਿਉਂਕਿ ਕੇਵਲ ਇਕੋ ਰੱਬ ਨੂੰ ਹੀ ਸਭ ਦਾ ਸਿਰਜਣਹਾਰ, ਪਾਲਣਹਾਰ ਤੇ ਬਿਨਾਸਣਹਾਰ; ਅਤੇ ਸਰਬ-ਥਾਂ-ਵਿਆਪਕ ਤੇ ਸਰਬ-ਸ਼ਕਤੀਮਾਨ ਮੰਨਦੇ ਤੇ ਸਿਮਰਦੇ ਹਾਂ, ਇਸ ਲਈ ਅਸੀਂ ਕਿਸੇ ਨਿਰਜਿੰਦ ਵਸਤੂ, ਪੱਥਰ ਦੇ ਬੁੱਤ ਜਾਂ ਮੂਰਤੀ, ਨੂੰ ਪੂਜਣ ਦੀ ਲੋੜ ਜਾਂ ਲਾਭ ਨਹੀਂ ਸਮਝਦੇ।

2. ਗਾਇਤ੍ਰੀ ਕੇਵਲ ਉੱਚੀਆਂ ਜਾਤਾਂ ਵਾਲੇ ਲੋਕ ਹੀ ਪੜ੍ਹ ਸਕਦੇ ਹਨ, ਪਰ ਗੁਰੂ ਨਾਨਕ ਸਾਹਿਬ ਨੇ ਸਾਨੂੰ 'ਵਾਹਿਗੁਰੂ' ਨਾਂ ਦਾ ਅਜਿਹਾ ਮਹਾਨ ਮੰਤਰ ਬਖ਼ਸ਼ਿਆ ਹੋਇਆ ਹੈ ਜੋ ਹਰ ਕੋਈ ਜਦੋਂ ਚਾਹੇ, ਜਿਥੇ ਚਾਹੇ ਪੜ੍ਹ ਤੇ ਜਪ ਸਕਦਾ ਹੈ।

---

4. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 1, ਅੰਸੂ 43; ਗ੍ਰੰਥਾਵਲੀ, ਉਹੀ, ਪੰ.1504; Macauliffe, *The Sikh Religion*, op. cit., Vol. II, pp. 106-108.

3. ਗੁਰੂ ਨਾਨਕ ਸਾਹਿਬ ਦਾ ਮੱਤ ਸਭ ਵਰਨਾਂ ਦੇ ਲੋਕਾਂ ਲਈ ਸਾਂਝਾ ਹੈ। ਗੁਰੂ ਸਾਹਿਬ ਨੇ ਸਭ ਮਨੁੱਖਾਂ ਨੂੰ ਇੱਕੋ ਰੱਬ ਦੀ ਸੰਤਾਨ ਮੰਨਦਿਆਂ ਦਸਿਆ ਹੈ ਕਿ ਸਭ ਲੋਕ ਇਕ ਦੂਜੇ ਦੇ ਭੈਣ-ਭਰਾ, ਸੰਗੀ-ਸਾਥੀ ਜਾਂ "ਸਗਲ ਜਮਾਤੀ" ਹਨ । ਇਸੇ ਲਈ ਉਨ੍ਹਾਂ ਨੇ ਜਾਤ-ਪਾਤ ਜਨਮ ਤੋਂ ਨਹੀਂ , ਕਰਮ ਤੋਂ ਮੰਨੀ ਹੈ ਅਤੇ ਹਰ ਕਿਸੇ ਨਾਲ ਪਿਆਰ-ਸਤਿਕਾਰ ਤੇ ਹੱਕ-ਨਿਆਂ ਕਰਨਾ ਸਿਖਾਇਆ ਹੈ।

4. ਸਾਡੇ ਧਰਮ ਵਿਚ ਰੱਬ ਨੂੰ ਹਰ ਥਾਂ, ਹਰ ਸਮੇਂ ਤੇ ਹਰ ਸਥਿਤੀ ਵਿਚ ਹਾਜ਼ਰ-ਨਾਜ਼ਰ ਸਮਝਣ ਤੇ ਮੰਨਣ ਦੀ ਸਿੱਖਿਆ ਦਿੱਤੀ ਗਈ ਹੈ। ਇਸ ਲਈ ਅਸੀਂ ਉਨ੍ਹਾਂ ਦੀ ਤ੍ਰੈਕਾਲ ਸੰਧਿਆ ਦੀ ਥਾਂ ਉਸ ਦੀ ਹਾਜ਼ਰੀ-ਹਜ਼ੂਰੀ ਤੇ ਯਾਦ-ਧੰਨਵਾਦ ਦਾ ਰੰਗ-ਰਸ ਹਰ ਵੇਲੇ ਮਾਣਦੇ ਅਤੇ ਉਸੇ ਦਾ ਟੇਕ-ਆਸਰਾ ਨਿਤ ਚਿਤਾਰਦੇ ਰਹਿੰਦੇ ਹਾਂ।

5. ਗੁਰੂ ਸਾਹਿਬਾਂ ਨੇ ਆਮ ਲੋਕਾਂ ਦੇ ਸੁਖ, ਸੁਖੱਲ ਤੇ ਲਾਭ ਨੂੰ ਮੁੱਖ ਰਖਦਿਆਂ, ਮਨੁੱਖੀ ਆਤਮਾ ਨੂੰ ਪਰਮਾਤਮਾ ਨਾਲ ਅਤੇ ਮਨੁੱਖ ਨੂੰ ਮਨੁੱਖ ਨਾਲ ਜੋੜਨ ਲਈ ਜੋ ਭਗਤੀ ਤੇ ਸਦਾਚਾਰ ਦੇ ਗਾਡੀ ਰਾਹ ਦਸੇ ਹਨ, ਉਨ੍ਹਾਂ ਨੂੰ ਉਨ੍ਹਾਂ ਨੇ ਸਰਬ-ਸਾਧਾਰਨ ਦੀ ਬੋਲੀ ਵਿਚ ਹੀ ਰਚਿਆ, ਗਾਇਆ ਤੇ ਸੁਣਾਇਆ ਹੈ। ਉਸ ਪਾਵਨ ਰਚਨਾ ਨੂੰ ਉਨ੍ਹਾਂ ਨੇ 'ਆਪਣੀ' ਨਹੀਂ, ਸਗੋਂ "ਖਸਮ ਕੀ ਬਾਣੀ" [5] ਆਖਿਆ ਹੈ। ਇਸ ਲਈ ਅਸੀਂ ਸਨਾਤਨੀ ਤੇ ਔਖੀਆਂ ਬੋਲੀਆਂ ਵਿਚ ਲਿਖੇ ਹੋਏ ਮੰਤਰਾਂ ਦੀ ਥਾਂ ਆਪਣੀ ਮਾਦਰੀ ਤੇ ਨਿਤ-ਵਰਤੀਂਦੀ ਬੋਲੀ ਵਿਚ ਰਚੀ ਹੋਈ ਇਹ ਪਵਿੱਤਰ ਬਾਣੀ ਸੁਣਦੇ, ਪੜ੍ਹਦੇ ਅਤੇ ਉਸ ਤੋਂ ਲਾਹੇਵੰਦ ਹੁੰਦੇ ਰਹਿੰਦੇ ਹਾਂ।

6. ਜਿਥੋਂ ਤਕ ਤੀਰਥ-ਯਾਤਰਾ ਦਾ ਸਬੰਧ ਹੈ, ਅਸੀਂ ਆਪਣੇ ਆਦਿ ਗੁਰੂ , ਗੁਰੂ ਨਾਨਕ ਸਾਹਿਬ, ਦੇ ਇਨ੍ਹਾਂ ਫ਼ਰਮਾਨਾਂ ਦੇ ਵਿਸ਼ਵਾਸੀ ਹਾਂ :

(1). ਤੀਰਥਿ ਨਾਵਾ ਜੇ ਤਿਸੁ ਭਾਵਾ,
ਵਿਣੁ ਭਾਣੇ ਕਿ ਨਾਇ ਕਰੀ ? [6]

(2). ਤੀਰਥ ਨਾਤਾ ਕਿਆ ਕਰੇ,
ਮਨ ਮਹਿ ਮੈਲੁ ਗੁਮਾਨੁ ? [7]

(3). ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ;
ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ। [8]

ਸੋ, ਉਨ੍ਹਾਂ ਦੀ ਉਕਤ ਸਿੱਖਿਆ ਅਨੁਸਾਰ, ਮਨ-ਤਨ ਅਤੇ ਸਮੇਂ -ਸਥਾਨ ਦੀ ਸੁੱਚਮ ਤੇ ਪਵਿੱਤਰਤਾ ਆਪਣੇ ਘਰ-ਪਰਵਾਰ ਤੇ ਕਾਰ-ਵਿਹਾਰ ਵਿਚ ਵਿਚਰਦਿਆਂ ਅਤੇ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ, ਹੀ ਕੀਤੇ "ਸ਼ੁਭ ਅਮਲਾਂ" ਤੇ ਨਾਮ-ਸਿਮਰਨ ਨਾਲ ਸਾਨੂੰ ਸੁਤੇ-ਸਿਧ ਹੀ ਪਰਾਪਤ ਹੁੰਦੀ ਰਹਿੰਦੀ ਹੈ।

7. ਗੁਰੂ-ਘਰ ਵਿਚ ਇਸਤਰੀਜਾਤੀ ਨੂੰ ਪੂਰੇ ਸਤਿਕਾਰ ਤੇ ਯੋਗ ਅਧਿਕਾਰ ਦਿੱਤੇ ਹੋਏ ਹਨ। ਵਿਧਵਾ-ਵਿਆਹ ਤੇ ਅੰਤਰ-ਜਾਤੀ ਵਿਆਹ ਦੀ ਕੋਈ ਮਨਾਹੀ ਨਹੀਂ। ਪਰ ਇਹ ਲੋਕ, ਹੋਰ ਤਾਂ ਹੋਰ, ਆਪਣੀਆਂ

5. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਤਿਲੰਗ, ਪੰ. 722.
6. ਉਕਤ, ਜਪੁ, ਪਉੜੀ ਨੰ. 6, ਪੰ. 2.
7. ਉਕਤ, ਸ੍ਰੀ ਰਾਗੁ, ਮ. 1, ਪੰ. 61.
8. ਉਕਤ, ਰਾਗੁ ਧਨਾਸਰੀ, ਮ.1, ਪੰ. 687.

ਨੌਜੁਆਨ ਨਵ-ਵਿਆਹੀਆਂ ਬੀਬੀਆਂ ਨੂੰ, ਦੁਰਭਾਗ-ਵੱਸ ਵਿਧਵਾ ਹੋ ਜਾਣ ਦੀ ਸੂਰਤ ਵਿਚ, ਪੁਨਰ-ਵਿਆਹ ਤਾਂ ਕਿਤੇ ਰਹੇ, ਜੀਉਂਦੇ ਰਹਿਣ ਦੀ ਵੀ ਖੁਲ੍ਹ ਨਹੀਂ ਦੇਂਦੇ। ਸਗੋਂ ਉਨ੍ਹਾਂ ਦੇ ਪਤੀਆਂ ਦੇ ਮਰਦਿਆਂ ਹੀ, ਉਨ੍ਹਾਂ ਨੂੰ ਉਨ੍ਹਾਂ ਦੇ ਨਾਲ ਹੀ 'ਸਤੀ' ਹੋਣ (ਭਾਵ ਸੜ ਮਰਨ) ਲਈ ਪਰੇਰਦੇ ਜਾਂ ਮਜਬੂਰਦੇ ਹਨ ਅਤੇ ਉਨ੍ਹਾਂ ਨੂੰ ਜੀਉਂਦੇ-ਜੀਅ ਉਨ੍ਹਾਂ ਨਾਲ ਹੀ ਸਾੜ ਦੇਂਦੇ ਹਨ। ਇਸ ਲਈ, ਇਸ ਪ੍ਰਤੀ ਸਾਡੇ ਸਤਿਗੁਰਾਂ ਨੇ ਇਉਂ ਫੁਰਮਾਇਆ ਹੋਇਆ ਹੈ :

ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨਿ।
ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ।[9]

ਅਕਬਰ ਅਤੇ ਉਸ ਦੇ ਦਰਬਾਰੀ ਤੇ ਕਰਮਚਾਰੀ (ਗੁਰੂ) ਰਾਮ ਦਾਸ ਜੀ ਦੀ ਅਜਿਹੀ ਸਿਆਣਪ, ਸੁਚੇਤਤਾ ਤੇ ਨਿਰਭੈਤਾ-ਪੂਰਵਕ ਜਵਾਬਦੇਹੀ ਅਤੇ ਗੁਰਮਤਿ ਦੀ ਵਿਆਖਿਆ ਸੁਣ ਕੇ ਅੱਸ਼-ਅੱਸ਼ ਕਰ ਉਠੇ ਸਨ।[10]

3

ਗੁਰੂ ਰਾਮ ਦਾਸ ਜੀ ਨੇ ਗੱਦੀਨਸ਼ੀਨੀ ਤੋਂ ਕੁਝ ਚਿਰ ਬਾਅਦ, ਜਦੋਂ ਉਪਰੋਕਤ ਈਰਖਾ ਤੇ ਵੈਰ-ਵਿਰੋਧ ਦਾ ਸਿਲਸਲਾ ਉਵੇਂ ਹੀ ਜਾਰੀ ਵੇਖਿਆ ਸੀ ਤਾਂ ਉਨ੍ਹਾਂ ਨੇ ਆਪਣੀਆਂ ਮਹਾਨ ਜ਼ਿੰਮੇਵਾਰੀਆਂ ਕਿਸੇ ਸ਼ਾਂਤ ਚੁਗਿਰਦੇ ਵਿਚ ਨਿਭਾਣ ਅਤੇ ਲੋਕ-ਭਲਾਈ ਹਿਤ ਨਿਗਰ ਤੇ ਉਸਾਰੂ ਕੰਮ ਨਜਿੱਠਣ ਲਈ, ਸਿੱਖੀ ਦਾ ਕੇਂਦਰੀ ਸਥਾਨ (Headquarters) ਬਦਲਣ ਦਾ ਫ਼ੈਸਲਾ ਕਰ ਲਿਆ ਸੀ। ਸੋ, ਜਿਵੇਂ ਕੁਝ ਇਸੇ ਤਰ੍ਹਾਂ ਦੀ ਸਥਿਤੀ ਨੂੰ ਮੁੱਖ ਰਖਦਿਆਂ, ਗੁਰੂ ਅੰਗਦ ਦੇਵ ਕਰਤਾਰਪੁਰ ਛੱਡ ਕੇ ਇਸ ਨੂੰ ਖਡੂਰ ਲੈ ਆਏ ਸਨ ਅਤੇ ਗੁਰੂ ਅਮਰ ਦਾਸ ਖਡੂਰੋਂ ਕੂਚ ਕਰ ਕੇ, ਗੋਇੰਦਵਾਲ ਲੈ ਗਏ ਸਨ; ਤਿਵੇਂ ਗੁਰੂ ਰਾਮ ਦਾਸ ਜੀ, ਉਸੇ ਪਰਕਾਰ ਦੀ 'ਚੜ੍ਹਦੀ ਕਲਾ' ਨੂੰ ਬਰਕਰਾਰ ਰਖਦਿਆਂ, ਇਸ ਨੂੰ ਗੋਇੰਦਵਾਲ ਤੋਂ ਉਠਾਲ ਕੇ, ਉਸ ਸੁਭਾਗੇ ਸਥਾਨ 'ਤੇ ਲੈ ਆਏ ਸਨ ਜਿਸ ਨੂੰ ਇਕ ਸੰਸਾਰ-ਪ੍ਰਸਿੱਧ ਸ਼ਹਿਰ, 'ਗੁਰੂ ਦੀ ਨਗਰੀ' ਅਤੇ ਸਿੱਖੀ ਦੀ ਰਾਜਧਾਨੀ, ਅੰਮ੍ਰਿਤਸਰ, ਅਖਵਾਉਣ ਦਾ ਮਾਣ ਪਰਾਪਤ ਹੈ।

ਆਪ ਨੇ ਉਥੇ ਬਿਰਾਜਦਿਆਂ ਹੀ, ਸੰਨ 1577 ਵਿਚ, ਹੇਠ-ਲਿਖੀ ਸਮਕਾਲੀ ਗਵਾਹੀ ਅਨੁਸਾਰ, 'ਗੁਰੂ ਕਾ ਚੱਕ' ਵਸਾਉਣਾ, ਅੰਮ੍ਰਿਤ ਸਰੋਵਰ ਖੁਦਵਾਉਣਾ, ਅਤੇ ਸਿੱਖ-ਸੰਗਤ ਨੂੰ ਜੱਥੇਬੰਦ ਕਰਨਾ ਆਰੰਭ ਦਿੱਤਾ ਸੀ :

ਬੈਠਾ ਸੋਢੀ ਪਾਤਿਸਾਹ, ਰਾਮ ਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ, ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।[11]

ਪ੍ਰਿੰ. ਸਤਿਬੀਰ ਸਿੰਘ ਅਨੁਸਾਰ, ਗੁਰੂ ਰਾਮਦਾਸ ਜੀ ਦਾ "ਸਭ ਤੋਂ ਵੱਡਾ ਪਰਉਪਕਾਰ ਮਾਝੇ ਦੇ ਐਨ ਵਿਚਕਾਰ ਨਵਾਂ ਸ਼ਹਿਰ ਵਸਾਉਣਾ ਹੈ।" ਜਾਦੂ ਨਾਥ ਸਰਕਾਰ ਕਹਿੰਦਾ ਹੈ ਕਿ "ਅੰਮ੍ਰਿਤਸਰ ਦੀ ਨੀਂਹ ਰਖਣ ਨਾਲ ਸਿੱਖਾਂ ਵਿਚ ਹਿੰਦੂ ਤੀਰਥਾਂ ਉਤੇ ਜਾਣ ਦਾ ਖ਼ਿਆਲ ਉਡ ਗਿਆ।" ਭਾਈ ਮਨੀ ਸਿੰਘ ਦੇ ਸ਼ਬਦਾਂ ਵਿਚ ਗੁਰੂ ਅਮਰ ਦਾਸ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਕਿਹਾ : "ਪੁਰਖਾ! ਕੋਈ ਤੀਰਥ ਮਦਰ ਦੇਸ ਵਿਚ ਕਰੀਏ ਜੋ ਤਰਲੋਕੀ ਦੇ

---

9. ਗੁਰੂ ਅਮਰਦਾਸ, **ਗੁਰੂ ਗ੍ਰੰਥ ਸਾਹਿਬ,** ਉਹੀ, ਰਾਗ ਸੂਹੀ, ਪੰ. 787.

10. ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ,** ਰਾਸ 1, ਅੰਸੂ 44; ਪੰ. 1508; Ishwari Prasad, *A Short History of the Muslim Rule in India,* Delhi-1970, Vol. II, pp. 366-68.

11. ਗੁਰਦਾਸ, ਭਾਈ, **ਵਾਰਾਂ,** ਵਾਰ ਨੰ. 1, ਪਉੜੀ ਨੰ. 47, ਸੰਪਾਦਿਤ ਪਾਠ, ਉਹੀ, ਪੰਨਾ 75-76.

ਸਭੁਨਾਂ ਤੀਰਥਾਂ ਦਾ ਫਲ ਹੋਵਹਿ, ਜਿਸ ਦੇ ਇਸ਼ਨਾਨ ਕਰਨ ਦੇ ਫਲ ਤੇ।" ਸਿੱਖਾਂ ਵਿਚ ਹੋਰ ਸ਼ਰਧਾ ਜਾਗੀ। ਲਤੀਫ਼ ਲਿਖਦਾ ਹੈ, "ਕੇਂਦਰੀ ਅਸਥਾਨ ਉਤੇ ਅੰਮ੍ਰਿਤਸਰ ਬਣਾ ਕੇ ਗੁਰੂ ਜੀ ਨੇ ਸਿੱਖ ਕੌਮ ਦੀ ਨੀਂਹ ਰਖ ਦਿੱਤੀ। ਇਸ ਤਰ੍ਹਾਂ ਐਸਾ ਧੁਰਾ ਬਣ ਗਿਆ ਜਿਸ ਦੇ ਆਲੇ ਦੁਆਲੇ ਆਸਾਨੀ ਨਾਲ ਸਿੱਖ ਇੱਕਠੇ ਹੋ ਸਕਦੇ ਸਨ। ਸਿੱਖ ਸ਼ਾਂਤ ਸੁਭਾ ਨਾਲ ਆਪਣੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਉਤੇ ਚਲ ਰਹੇ ਸਨ। ਸਿੱਖਾਂ ਨੇ ਇੱਕਠੇ ਬੈਠਣ ਦਾ ਵੱਲ ਸਿਖਿਆ ਅਤੇ ਆਪਣੇ ਵਿਚ ਭਗਤੀ-ਭਾਵ ਪੈਦਾ ਕਰ ਕੇ ਕੌਮੀ ਜਜ਼ਬੇ ਦੀ ਤਾਰ ਨੂੰ ਮਜ਼ਬੂਤ ਕੀਤਾ। ਇਸ ਤਰ੍ਹਾਂ 'ਇਕ ਭਾਂਡੇ ਵਿਚ ਛਕਣ ਦੇ ਰਾਹ ਤੁਰਨ ਲਈ ਉਹ ਤਿਆਰ ਹੋਏ।' ਆਉਣ ਵਾਲੇ ਇਤਿਹਾਸ ਵਿਚ ਇਸ ਅੰਮ੍ਰਿਤਸਰ ਨੇ ਸਿੱਖਾਂ ਦੀ ਚੜ੍ਹਤ ਵਿਚ ਬਹੁਤ ਹਿੱਸਾ ਪਾਇਆ ਹੈ। ਇਸ ਕੇਂਦਰ ਦੀ ਹੋਂਦ ਨੇ ਹੀ ਸਿੱਖਾਂ ਨੂੰ ਇਕ ਦੂਜੇ ਨਾਲ ਜੋੜੀ ਰਖਿਆ। ਹਕੂਮਤ ਨੇ ਐਲਾਨ ਕੀਤਾ ਕਿ ਅੰਮ੍ਰਿਤਸਰ ਕੋਈ ਇਸ਼ਨਾਨ ਨਹੀਂ ਕਰ ਸਕਦਾ, ਕੋਈ ਆ ਕੇ ਮੱਥਾ ਨਹੀਂ ਟੇਕ ਸਕਦਾ, ਤਾਂ ਸਿੱਖਾਂ ਨੇ ਆਪਣੀ ਅਰਦਾਸ ਦਾ ਹੀ ਹਿੱਸਾ ਬਣਾ ਲਿਆ : "ਸਿੱਖਾਂ ਨੂੰ ਸਿੱਖੀ ਦਾਨ, ਨਾਮ ਦਾਨ, ਬਿਬੇਕ ਦਾਨ, ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ।" ਇਸ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਦਾਨ, ਨੇ ਬਿਖੜੇ ਸਮੇਂ ਸਿੱਖਾਂ ਨੂੰ ਦੂਰ-ਦੁਰਾਡੇ ਵੱਖ-ਵੱਖ ਥਾਵਾਂ ਉਤੇ ਬੈਠਿਆਂ ਹੀ ਭਾਵੁਕ ਤੌਰ ਤੇ ਜੋੜੀ ਰਖਿਆ। ਗੁਰੂ ਰਾਮ ਦਾਸ ਜੀ ਦੀ ਇਹ ਦੇਣ ਸਿੱਖ ਕਦੇ ਨਹੀਂ ਭੁਲਾ ਸਕਦੇ।" ਇਸ ਦੀ ਸਦੀਵੀ ਮਹੱਤਤਾ ਤੇ ਮਹਾਨਤਾ ਦਾ ਜ਼ਿਕਰ ਕਰਦਿਆਂ ਅਗੇਰੇ ਜਾ ਕੇ ਲਿਖਿਆ ਹੈ, "ਕੀਟਸ ਕਿਹਾ ਕਰਦਾ ਸੀ 'ਜਦ ਕੇਂਦਰ ਢਿੱਲਾ ਹੋ ਜਾਏ ਤਾਂ ਸਭ ਕੁਝ ਆਪੇ ਡਿਗ ਜਾਂਦਾ ਹੈ'। ਗੁਰੂ ਜੀ ਨੇ ਇਹ ਸਚਾਈ ਕਈ ਸਦੀਆਂ ਪਹਿਲਾਂ ਹੀ ਜਾਣੀ ਹੋਈ ਸੀ। ਉਨ੍ਹਾਂ ਨੂੰ ਗਿਆਨ ਸੀ ਕਿ ਮੰਜੀ ਸੰਸਥਾ ਉਤਨਾ ਚਿਰ ਹੀ ਚੰਗਾ ਕੰਮ ਕਰੇਗੀ ਜਿੰਨਾ ਚਿਰ ਮੰਜੀ ਦਾ ਪਰਚਾਰਕ ਚੰਗਾ, ਮਹਾਤਮਾ ਤੇ ਸ਼ਰਧਾ ਵਾਲਾ ਹੈ। ਜਦ ਕੋਈ ਸੁਆਰਥੀ ਮੰਜੀ ਉਤੇ ਬੈਠ ਗਿਆ ਤਾਂ ਸਾਰੀ ਸਿੱਖ ਜੱਥੇਬੰਦੀ ਖੇਰੂੰ-ਖੇਰੂੰ ਕਰ ਦੇਵੇਗਾ। ਇਸ ਆਉਂਦੇ ਖ਼ਤਰੇ ਨੂੰ ਦੇਖ ਕੇ ਗੁਰੂ ਜੀ ਨੇ ਕੇਂਦਰ ਦੀ ਮਹੱਤਤਾ ਉਤੇ ਬਹੁਤ ਜ਼ੋਰ ਦਿੱਤਾ। ਇਸ ਮੰਤਵ ਲਈ ਆਪ ਜੀ ਨੇ 'ਗਉੜੀ ਦੀ ਵਾਰ' ਉਚਾਰੀ। ਗਉੜੀ ਦੀ ਵਾਰ ਵਿਚ ਇਸ 'ਇਕ ਨਾਲ ਜੁੜਨ' ਦੇ ਆਸ਼ੇ ਦੀ ਵਿਆਖਿਆ ਕੀਤੀ। ਇਸ ਬਾਣੀ ਵਿਚ ਗੁਰੂ ਰਾਮ ਦਾਸ ਜੀ ਉਸ ਨੂੰ ਸਮਝਾ ਰਹੇ ਲਗਦੇ ਹਨ ਜੋ ਗੁਰੂ ਘਰ ਦੇ ਵਿਰੁੱਧ ਕੋਈ ਧੜਾ ਖੜਾ ਕਰਨ ਦਾ ਯਤਨ ਕਰ ਰਿਹਾ ਸੀ। ਗੁਰੂ ਜੀ ਨੇ ਦਸਿਆ : "ਸਤਿਗੁਰ ਕੇਵਲ ਇਕ ਹੈ। ਜਿਸ ਨੂੰ 'ਹੋਂਦੇ ਗੁਰੂ ਬਹਿ ਟਿਕਿਆ' ਉਸ ਨੂੰ ਪ੍ਰਤੱਖ ਗੁਰੂ ਮੰਨੋ, ਉਸ ਦੀ ਬਾਣੀ ਨੂੰ ਪ੍ਰਮਾਣੀਕ ਕਰ ਕੇ ਪੜ੍ਹੋ ਤੇ ਕਿਸੇ ਨਵੀਂ ਗੱਦੀ ਲਾਉਣ ਵਾਲੇ ਦੇ ਦੁਆਲੇ ਇਕੱਠੇ ਨਾ ਹੋਵੋ। ਸਿੱਖੀ ਦਾ ਕੇਂਦਰ ਇਕ ਰਖੋ। ਦਰਖ਼ਤ ਨੂੰ ਮੁੱਢ ਤੋਂ ਕਟ ਦੇਈਏ ਤਾਂ ਡਾਲੀਆਂ ਆਪੇ ਹੀ ਸੁੱਕ ਜਾਂਦੀਆਂ ਹਨ 'ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ' (ਪੰਨਾ 306)। ਕੇਂਦਰ ਦੀ ਮਹਾਨਤਾ ਵਧਣ ਨਾਲ ਸਿੱਖੀ ਵਿਚ ਤਰੇੜ ਨਾ ਆਈ ਤੇ ਜੁੜੀ ਰਹੀ। ਕੌਮ ਉਹ ਹੀ ਕਹਿਲਾਂਦੀ ਹੈ ਜਿਸ ਪਾਸ ਦੋ ਗੁਣ ਹੋਣ। ਪਹਿਲੇ, ਇਕ ਥਾਂ ਇਕੱਠੇ ਹੋਣ ਦਾ ਚਾਅ (desire to live together) ਅਤੇ ਦੂਜੇ ਸਾਂਝਾ ਕੌਮੀ ਵਿਰਸਾ (rich common heritage)। ਇਹ ਦੋਵੇਂ ਲੁੜੀਂਦੀਆਂ ਚੀਜ਼ਾਂ ਗੁਰੂ ਰਾਮ ਦਾਸ ਜੀ ਨੇ ਸਿੱਖੀ ਨੂੰ ਬਖ਼ਸ਼ੀਆਂ।"[12] ਅਜਿਹੀਆਂ ਮਹਾਨ, ਯਾਦਗਾਰੀ ਤੇ ਪਰਉਪਕਾਰੀ ਬਖ਼ਸ਼ਸ਼ਾਂ ਇਕ ਅਜਿਹੀ ਵਿਸ਼ਾਲ ਦ੍ਰਿਸ਼ਟੀ, ਦੀਰਘ ਸੋਚ-ਸਮਝ ਅਤੇ ਅਨੂਪਮ 'ਚੜ੍ਹਦੀ ਕਲਾ' ਦੀ ਹੀ ਦੇਣ ਸਨ ਜਿਸ ਦੇ ਕਿ ਉਹ ਇਕ ਸਾਖਿਆਤ ਸਰੂਪ ਸਨ।

ਗੁਰਾਂ ਦੇ ਸਿੱਖ ਅਤੇ ਕਈ ਹੋਰ ਸ਼ਰਧਾਲੂ ਉਨ੍ਹਾਂ ਦੇ ਅਜਿਹੇ ਸੱਚਾਵੇਂ ਤੇ ਸਰਬ-ਹਿਤਕਾਰੀ ਕਾਰਜਾਂ, ਦੈਵੀ

---

12. ਸਤਿਬੀਰ ਸਿੰਘ, ਪ੍ਰਿੰ., **ਸਾਡਾ ਇਤਿਹਾਸ**, ਜਲੰਧਰ-1967; **ਛੇਵੀਂ ਐਡੀ.** -1988, ਪੰ. 200-203.

ਤੇ ਰਾਜਸੀ ਜਲੌ, ਅਤੇ ਅਨੇਕ ਬਖ਼ਸ਼ਿਸ਼ਾਂ ਨੂੰ ਮੁੱਖ ਰਖਦਿਆਂ, ਉਨ੍ਹਾਂ ਨੂੰ 'ਸੱਚਾ ਪਾਤਿਸ਼ਾਹ' ਆਖਣ ਤੇ ਦੱਸਣ ਲਗ ਪਏ ਸਨ। ਸਮਕਾਲੀ ਭੱਟ ਉਨ੍ਹਾਂ ਨੂੰ ਇਉਂ ਰਾਜ-ਜੋਗ ਦੇ ਸੁਆਮੀ ਤੇ ਰਸੀਏ ਕਹਿ ਕੇ ਨਮਸਕਾਰਾਂ ਕਰਦਿਆਂ ਕਹਿ ਰਹੇ ਸਨ :

ਇਹੁ ਰਾਜ ਜੋਗ ਗੁਰ ਰਾਮ ਦਾਸ,
ਤੁਮ ਹੂ ਰਸੁ ਜਾਣੇ। [13]

ਪਰ ਉਹ ਆਪ ਤਾਂ, ਆਪਣੇ ਹੇਠ-ਲਿਖੇ ਸ਼ੁਭ ਬਚਨ ਅਨੁਸਾਰ, ਸ਼ਾਂਤੀ ਤੇ ਸਹਿਜ, ਅਤੇ ਨਿਮਰਤਾ ਤੇ ਚੇਤਨਤਾ-ਪੂਰਤ 'ਚੜ੍ਹਦੀ ਕਲਾ' ਦੇ ਪੁੰਜ ਬਣ ਚੁਕੇ ਸਨ :

ਹਮ ਰੁਲਤੇ ਫਿਰਤੇ, ਕੋਈ ਬਾਤ ਨਾ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ। [14]

ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਅਤੇ ਉਦਾਸੀ ਸੰਪ੍ਰਦਾਇ ਦੇ ਉਕਤ ਮੋਢੀ, ਬਾਬਾ ਸ੍ਰੀ ਚੰਦ ਜੀ (1494-1629), ਜਦੋਂ ਆਪ ਜੀ ਦੇ ਦਰਸ਼ਨ-ਮੇਲੇ ਲਈ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਨੇ ਬੜੇ ਵਿਅੰਗਮਈ ਜਹੇ ਲਹਿਜੇ ਵਿਚ ਆਪ (ਗੁਰੂ ਰਾਮ ਦਾਸ ਜੀ) ਤੋਂ ਪੁੱਛਿਆ ਸੀ, "ਆਪ ਨੇ ਆਪਣੀ ਦਾਹੜੀ ਇਤਨੀ ਲੰਮੀ ਕਿਉਂ ਰਖੀ ਹੋਈ ਹੈ ?" ਤਾਂ ਗੁਰੂ ਰਾਮ ਦਾਸ ਜੀ ਨੇ ਉਸੇ ਦਮ, ਬੜੇ ਸਹਿਜ ਸਤਿਕਾਰ ਤੇ ਨਿਮਰਤਾ ਭਰੇ ਲਹਿਜੇ ਵਿਚ, ਦਸਿਆ ਸੀ: "ਆਪ ਵਰਗੇ ਮਹਾਂਪੁਰਸ਼ਾਂ ਦੇ ਪਾਵਨ ਚਰਨ ਝਾੜਨ ਲਈ।" ਇਹ ਕੁਝ ਆਖਦਿਆਂ ਹੀ, ਆਪ ਉਨ੍ਹਾਂ ਦੇ ਚਰਨ ਆਪਣੇ ਲੰਮੇ ਦਾਹੜੇ ਨਾਲ ਝਾੜਨ ਲਈ ਝੁਕੇ ਹੀ ਸਨ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪੈਰ ਪਰੇ ਹਟਾਂਦਿਆਂ ਆਖਿਆ ਸੀ : O great king, thou art senior, thou art in my father's place. It is magic like this which hath made thee a Guru... I cannot express thy greatness. The Sikhs who come to behold thee shall be saved [15] .ਅਰਥਾਤ, "ਓ ਮਹਾਨ ਪਾਤਸ਼ਾਹ, ਆਪ ਵੱਡੇ ਹੋ, ਮੇਰੇ ਪਿਤਾ ਜੀ ਦੀ ਗੱਦੀ ਉਤੇ ਬਿਰਾਜਮਾਨ ਹੋ। ਆਪ ਦੇ ਅਜਿਹੇ ਚਮਤਕਾਰੀ ਸੁਭਾਅ ਕਰਕੇ ਹੀ, ਆਪ ਨੂੰ ਗੁਰੂ-ਪਦਵੀ ਪਰਾਪਤ ਹੋਈ ਹੈ। ਮੈਂ ਆਪ ਦੀ ਮਹਾਨਤਾ ਬਿਆਨ ਨਹੀਂ ਕਰ ਸਕਦਾ। ਜੋ ਸਿੱਖ ਆਪ ਜੀ ਦੇ ਦਰਸ਼ਨ ਕਰਨ ਆਉਂਦੇ ਹਨ , ਉਹ ਮੁਕਤ ਹੋ ਜਾਣਗੇ।"[15]

ਤੁਮਰੀ ਮਹਿਮਾ ਅਧਿਕ ਹੈ, ਕਹੀਏ ਕਾਹਿ ਬਨਾਇ।
ਤੁਮਰੇ ਸਰ ਮੈਂ ਜੋ ਮਜਹਿ, ਪਾਪੀ ਵੀ ਗਤਿ ਪਾਇ।[15]

---

13. ਭੱਟ, ਨਲ, **ਗੁਰੂ ਗ੍ਰੰਥ ਸਾਹਿਬ**, ਉਹੀ, 'ਸਵਈਏ ਮਹਲੇ ਚਉਥੇ ਕੇ', ਨੰ. 12, ਪੰ. 1398.

14. ਗੁਰੂ ਰਾਮਦਾਸ, ਉਕਤ, ਰਾਗ ਗਉੜੀ, ਪੰ. 167.

15. ਸੇਵਾ ਦਾਸ, **ਪਰਚੀਆਂ**, ਉਹੀ, 'ਸਾਖੀ ਚਉਥੇ ਮਹਲ ਕੀ', ਨੰ. 4; ਸੰਪਾਦਿਤ ਪਾਠ, ਉਹੀ, ਪੰ. 120; ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ**, ਰਾਸ 2, ਅੰਸੂ 5; **ਗ੍ਰੰਥਾਵਲੀ, ਉਹੀ**, ਪੰ.1701; Macauliffe, *The Sikh Religion*, op. cit; Vol. II, pp. 257-58.

4

ਗੁਰੂ ਰਾਮਦਾਸ ਜੀ ਨੇ ਸੱਚਖੰਡ-ਵਾਪਸੀ ਦਾ ਸਮਾਂ ਨੇੜੇ ਆ ਰਿਹਾ ਜਾਣ ਕੇ, ਜਦੋਂ ਗੁਰੁਤਾ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ, ਸ੍ਰੀ ਅਰਜਨ ਦੇਵ, ਦੀ ਯੋਗਤਾ ਨੂੰ ਮੁੱਖ ਰਖ ਕੇ ਦੇਣ ਦਾ ਫ਼ੈਸਲਾ ਕੀਤਾ ਸੀ ਤਾਂ ਆਪ ਦੇ ਉਕਤ ਵੱਡੇ ਸਪੁੱਤਰ, ਸ੍ਰੀ ਪ੍ਰਿਥੀ ਚੰਦ, ਹੋਰ ਕ੍ਰੋਧਵਾਨ ਹੋ ਗਏ ਸਨ। ਉਹ ਗੁਰਗੱਦੀ ਨੂੰ ਕਿਉਂਕਿ ਆਪਣਾ ਵਿਰਾਸਤੀ ਹੱਕ ਸਮਝਦੇ ਸਨ, ਇਸ ਲਈ ਉਹ ਗੁਰੂ ਸਾਹਿਬ (ਆਪਣੇ ਪਿਤਾ ਜੀ) ਨਾਲ ਬਹੁਤ ਝਗੜਨ ਵੀ ਲਗ ਪਏ ਸਨ। ਗੁਰੂਦੇਵ ਨੇ ਉਸ ਨੂੰ, ਆਪਣੇ ਹੇਠ-ਲਿਖੇ ਸ਼ਬਦ ਅਨੁਸਾਰ, ਬੜਾ ਸਮਝਾਇਆ- ਬੁਝਾਇਆ ਕਿ ਗੁਰਗੱਦੀ ਕੋਈ ਦੁਨਿਆਵੀ ਵਿਰਸਾਤ ਨਹੀ ਅਤੇ ਕਿਸੇ ਦੁਨੀਆਂਦਾਰ ਦਾ ਕੋਈ ਜਗਤੀ ਮੁਰਾਤਬਾ ਨਹੀਂ। ਇਹ ਤਾਂ ਕਰਤਾਰ ਦੀ ਬਖ਼ਸ਼ਿਸ ਹੈ, ਜਿਸ ਨੂੰ ਉਹ ਇਸ ਦੇ ਯੋਗ ਬਣਾਂਦਾ ਤੇ ਸਮਰੱਥ ਕਰਦਾ ਹੈ ਉਸੇ ਨੂੰ ਬਖ਼ਸ਼ ਦੇਂਦਾ ਹੈ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ ?
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ।.....
ਜੋ ਤੁਮਰੇ ਪ੍ਰਭ ਹੋਤੇ ਸੁਆਮੀ,
ਹਰਿ ਤਿਨ ਕੇ ਜਾਪਹੁ ਜਾਪ।
ਉਪਦੇਸੁ ਕਰਤ ਨਾਨਕ ਜਨ ਤੁਮ ਕਉ,
ਜਉ ਸੁਨਹੁ ਤਉ ਜਾਇ ਸੰਤਾਪ। [16]

ਭਾਈ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ, ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪ ਜੀ ਨੇ ਉਸ ਨੂੰ ਫਿਰ ਇਉਂ ਦੱਸਿਆ ਤੇ ਸਮਝਾਇਆ ਸੀ :

ਅਰਜਨ ਹੈ ਨਿਕੜਾ, ਮੈਂ ਭੀ ਜਾਣਾ।
ਤੂੰ ਹੈ ਵਡਾ, ਬੁਧੀਮਾਨ ਸਿਆਣਾ।
ਇਹਨੂੰ ਮੈ ਨਹੀਂ ਦਿਤੀ ਗੁਰਿਆਈ।
ਇਹ ਥਾਪੀ ਇਸ ਨੂੰ ਨਾਨੇ ਹੈ ਲਾਈ।
ਉਸ ਦਾ ਕੀਤਾ ਮੇਟ ਨਹੀਂ ਸਕਿਆ।
ਇਸ ਵਾਸਤੇ ਮੈਂ ਹੈ ਟਿਕਿਆ।.. ..
ਜਿਉਂ ਵੱਡਿਆਂ ਦਾ ਕਹਿਆ।
ਮੋਹਨ ਮੋਹਰੀ ਹੈ ਮੰਨ ਲੀਆ।
ਤੁਸਾਨੂੰ ਭੀ ਚਾਹੀਏ ਤਿਉਂ ਹੀ ਕੀਆ। [17]

ਪਰੰਤੂ ਪ੍ਰਿਥੀ ਚੰਦ ਇਹ ਕੁਝ ਸਮਝਣ ਅਤੇ ਇਸ ਉਤੇ ਆਮਲ ਕਰਨ ਦੀ ਥਾਂ, ਵਧੇਰੇ ਗੁਸਤਾਖ਼ ਤੇ ਵਿਰੋਧੀ ਹੁੰਦੇ ਗਏ ਸਨ। ਪਰ ਗੁਰੂ ਰਾਮ ਦਾਸ ਜੀ ਆਪਣੇ ਆਦਰਸ਼ ਤੇ ਫ਼ੈਸਲੇ ਉਤੇ ਵੀ ਉਵੇਂ ਹੀ ਅਟੱਲ ਰਹੇ ਸਨ, ਅਤੇ ਭਰਪੂਰ 'ਚੜ੍ਹਦੀ ਕਲਾ' ਵਿਚ ਆਪ ਵੀ ਵਿਚਰਦੇ ਰਹੇ ਸਨ ਤੇ ਗੁਰਸਿੱਖਾਂ ਨੂੰ ਵੀ ਉਵੇਂ ਹੀ ਵਿਚਰਾਉਂਦੇ ਤੇ ਹੁਲਸਾਉਂਦੇ ਰਹੇ ਸਨ।

---

16. ਗੁਰੂ ਰਾਮਦਾਸ,**ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਸਾਰੰਗ, ਪੰ. 1200.

17. ਛਿੱਬਰ, **ਬੰਸਾਵਲੀਨਾਮਾ**, ਉਹੀ, ਚਰਨ ਚੌਥਾ, ਪਦ ਨੰ. 29-32; ਸੰਪਾਦਿਤ ਪਾਠ, ਉਹੀ, ਪੰਨਾ 40.

V

ਪੰਜਵੀਂ ਪਾਤਸ਼ਾਹੀ, ਸ੍ਰੀ ਗੁਰੂ ਅਰਜਨ ਦੇਵ ਜੀ, ਦੇ ਸਮੇਂ (1581-1606 ਈ.)

ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਜੀ [1], ਦਾ ਤਾਂ ਸਾਰਾ ਜੀਵਨ ਹੀ ਅਜਿਹੀ 'ਚੜ੍ਹਦੀ ਕਲਾ' ਦਾ ਇਕ ਅਜਬ ਤੇ ਅਦੁੱਤੀ ਪਰਗਟਾਉ ਹੈ। ਉਸ ਦੀ ਅੰਤਮ ਤੇ ਹਿਰਦਾਵੇਧਕ ਘਟਨਾ ਤਾਂ ਇਸ ਮਹਾਨ ਬਿਰਤੀ ਤੇ ਭਾਵਨਾ ਦੀ ਮਾਨੋ ਸਿਖਰ ਹੈ।

ਉਨ੍ਹਾਂ ਦੇ ਉਕਤ੍ਰ ਵੱਡੇ ਭਰਾ, ਸ੍ਰੀ ਪ੍ਰਿਥੀ ਚੰਦ, ਨੇ ਗੁਰਗੱਦੀ ਖੁੰਝ ਜਾਣ 'ਤੇ, ਉਨ੍ਹਾਂ ਨੂੰ ਜਿੱਚ ਕਰਨ ਤੇ ਹਾਨ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡੀ ਸੀ। ਇਸ ਗੱਲ ਦਾ ਅਰਮਾਨ ਕਿ

ਸਿਰੀ ਚੰਦ ਸਾਹਿਬ ਜੀ ਪਗ ਭਿਜਵਾਈ,
ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ,
ਗੁਰਿਆਈ ਪੱਗ ਅਰਜਨ ਲੱਧੀ।[2]

ਉਸ ਦੇ ਹਿਰਦੇ ਅੰਦਰ ਈਰਖਾ ਤੇ ਦ੍ਵੈਖ ਦਾ ਭਾਂਬੜ ਬਾਲ ਰਿਹਾ ਸੀ। ਨਾਲੇ ਜੋ ਸੱਜਣ ਆਪਣੇ ਗੁਰੂ-ਪਿਤਾ ਜੀ ਨੂੰ, ਉਨ੍ਹਾਂ ਦੇ ਜੀਉਂਦੇ-ਜੀਅ, ਇੰਨਾ ਤੰਗ ਕਰਦੇ ਰਹੇ ਸਨ ਕਿ , ਉਹ ਉਪਰ ਦੱਸੇ ਅਨੁਸਾਰ, ਆਖ਼ਰ ਇਥੋਂ ਤਕ ਆਖਣ ਤੇ ਸਮਝਾਉਣ ਲਈ ਮਾਨੋ ਮਜਬੂਰ ਹੋ ਗਏ ਸਨ : "ਕਾਹੇ ਪੂਤ ਝਗਰਤ ਹਉ ਸੰਗਿ ਬਾਪ ? ਜਿਨ ਕੇ ਜਣੇ ਬਡੀਰੇ ਤੁਮ ਹਉ, ਤਿਨ ਸਿਉ ਝਗਰਤ ਪਾਪ।", ਉਹ ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਪਿਛੋਂ ਭਲਾ, ਆਪਣੇ ਇਸ ਨਿੱਕੇ ਗੁਰੂ-ਭਰਾ ਜੀ ਦੇ ਕਿੰਨੇ ਕੁ ਹਮਦਰਦ ਤੇ ਮਦਦਗਾਰ ਹੋ ਸਕਦੇ ਸਨ! ਗੁਰੂ-ਪਿਤਾ ਦੇ ਆਪੇ ਨਿਯਤ ਕੀਤੇ ਮਸੰਦਾਂ, ਹੋਰ ਦੋਖੀਆਂ, ਈਰਖਾਲੂਆਂ ਤੇ ਸਰਕਾਰੀ ਕਰਮਚਾਰੀਆਂ ਨਾਲ ਰਲ-ਮਿਲ ਕੇ, ਉਹ ਜੋ ਜੋ ਸ਼ਰਾਰਤਾਂ, ਸਾਜ਼ਸ਼ਾਂ ਤੇ ਨਾਕਾਬੰਦੀਆਂ ਕਰਦੇ ਰਹੇ ਸਨ[3], ਉਨ੍ਹਾਂ ਦਾ ਬਿਆਨ ਤਾਂ ਕੀ, ਖ਼ਿਆਲ ਹੀ ਮਨੁੱਖੀ ਹਿਰਦੇ ਨੂੰ ਕੰਬਾਅ ਦੇਂਦਾ ਹੈ।

2

ਪਰ ਗੁਰੂ ਅਰਜਨ ਦੇਵ ਆਖੀਰ ਤਕ ਅਡੋਲ, ਨਿਰਭੈ, ਨਿਰਵੈਰ ਅਤੇ ਸ਼ਾਂਤ-ਚਿਤ ਰਹੇ ਸਨ। ਉਹ ਤਾਂ ਅਤੀ ਬਿਖੜੇ ਤੇ ਭਿਆਨਕ ਹਾਲਾਤ ਵਿਚ ਵੀ ਹਰੀ-ਸਿਮਰਨ ਤੇ ਲੋਕ-ਸੇਵਾ ਵਿਚ ਰੁੱਝੇ ਹੋਏ ਅਤੇ ਭਰਪੂਰ 'ਚੜ੍ਹਦੀ ਕਲਾ' ਨਾਲ ਮਘੇ ਹੋਏ, ਉੱਚੀ ਹੇਕ ਨਾਲ, ਮਾਨੋ, ਇਸ ਤਰ੍ਹਾਂ ਦੇ ਪਾਵਨ ਬਚਨ ਬੋਲਦੇ ਤੇ ਗਾਉਂਦੇ ਰਹੇ ਸਨ :

ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ।

---

1. ਆਪ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਵਿਖੇ ਪਿਤਾ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਗ੍ਰਹਿ ਹੋਇਆ ਸੀ। ਆਪ 30 ਮਈ 1606 ਈ. ਨੂੰ ਲਾਹੌਰ ਵਿਖੇ ਜੋਤੀ-ਜੋਤਿ ਸਮਾ ਗਏ ਸਨ।
2. ਛਿੱਬਰ, ਬੰਸਾਵਲੀਨਾਮਾ, ਉਹੀ, ਚਰਨ ਚੋਥਾ, ਪਦ 35, ਪੰ. 41.
3. ਉਨ੍ਹਾਂ ਦੇ ਕੁਝ ਵੇਰਵੇ ਲਈ ਵੇਖੋ : Teja Singh & Ganda Singh , *A Short History of the Sikhs*, op.cit., pp. 26,29 & 33.

ਜੋ ਪ੍ਰਭ ਕੀਨੋ ਸੋ ਭਲ ਮਾਨਿਓ,
ਏਹ ਸੁਮਤਿ ਸਾਧੂ ਤੇ ਪਾਈ।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ,
ਪੇਖਿ ਪੇਖਿ ਨਾਨਕ ਬਿਗਸਾਈ।[4]

ਉਨ੍ਹਾਂ ਦੀ ਇਉਂ ਨਿਰਭਉ ਤੇ ਨਿਰਵੈਰ ਹੋ ਵਿਚਰਨ; ਪ੍ਰਭੂ ਦੇ ਭਾਣੇ ਨੂੰ ਸਦਾ ਮਿੱਠਾ ਕਰ ਮੰਨਣ, ਉਸੇ ਦੇ ਹੱਕ-ਨਿਆਂ ਉੱਤੇ ਭਰੋਸਾ ਰੱਖਣ; ਉਸੇ ਦੀ ਸਰਬ-ਵਿਆਪਕਤਾ ਤੇ ਸ਼ਕਤੀਮਾਨਤਾ ਨੂੰ ਵੇਖ ਵੇਖ ਕੇ ਵਿਗਸਦੇ ਰਹਿਣ; ਅਤੇ ਉਸੇ ਦੀਆਂ ਮਿਹਰਾਂ ਲਈ ਬੇਨਤੀਆਂ ਤੇ ਸ਼ੁਕਰਾਨੇ ਕਰਦੇ ਰਹਿਣ ਸਬੰਧੀ ਅੱਗੇ-ਵਰਣਿਤ ਘਟਨਾ ਜੋ ਉਨ੍ਹਾਂ ਨੇ ਆਪ ਹੀ ਬੜੇ ਅਲੌਕਿਕ ਢੰਗ ਵਿਚ ਕਾਨੀਬੰਦ ਕੀਤੀ ਹੋਈ ਹੈ, ਇਸ ਸਭ ਕੁਝ ਦੀ ਭਰਪੂਰ ਸਾਖ ਭਰਦੀ ਹੈ।

ਸ੍ਰੀ ਪ੍ਰਿਥੀ ਚੰਦ ਦੀ ਹੀ ਚੁੱਕ 'ਤੇ, ਬਟਾਲੇ ਦਾ ਮੁਗ਼ਲ ਹਾਕਮ, ਸੁਲਹੀ ਖ਼ਾਨ, ਉਨ੍ਹਾਂ ਉੱਤੇ ਹੱਲਾ ਕਰਨ ਲਈ, ਬੜੇ ਦਮਗਜੇ ਮਾਰਦਾ, ਅੰਮ੍ਰਿਤਸਰ ਵਲ ਆ ਰਿਹਾ ਸੀ। ਇਧਰ ਪੰਜਵੇਂ ਪਾਤਸ਼ਾਹ ਉਸੇ ਓਜਮਈ 'ਚੜ੍ਹਦੀ ਕਲਾ' ਵਿਚ ਵਿਚਰਦੇ ਹੋਏ, ਅਕਾਲਪੁਰਖ ਦੀ ਹੀ ਕਿਰਪਾ ਤੇ ਰੱਖਿਆ ਉੱਤੇ ਭਰੋਸਾ ਰਖਦਿਆਂ, ਉਸ ਦੀ ਨਾਕਾਮੀ ਲਈ ਪ੍ਰਾਰਥਨਾ ਕਰਦਿਆਂ ਅਤੇ ਸੰਗਤਾਂ ਨੂੰ ਧੀਰਜ ਦੇਂਦਿਆਂ, ਰੱਬੀ ਮਿਹਰ ਦੇ ਸੋਹਿਲੇ ਗਾ ਰਹੇ ਸਨ। ਘੋੜੇ ਉੱਤੇ ਸਵਾਰ ਵਾਹੋਦਾਹੀ ਆ ਰਹੇ ਸੁਲਹੀ ਖ਼ਾਨ ਦਾ ਘੋੜਾ, ਕੋਠਾ ਸਾਹਿਬ ਲਾਗੇ, ਅਚਾਨਕ ਤਰਹਿਕ ਗਿਆ ਅਤੇ ਆਪਣੇ ਸਵਾਰ ਸਮੇਤ ਇੱਟਾਂ ਦੇ ਇਕ ਭਖਦੇ ਭੱਠੇ ਵਿਚ ਡਿਗਦਿਆਂ ਹੀ ਸੜ ਕੇ ਸੁਆਹ ਹੋ ਗਿਆ ਸੀ। ਗੁਰੂ ਸਾਹਿਬ ਨੂੰ ਜਦੋਂ ਉਸ ਦੀ ਇਸ ਅਚਾਨਕ ਤੇ ਨਾਪਾਕ ਮੌਤ ਬਾਰੇ ਪਤਾ ਲੱਗਾ ਸੀ ਤਾਂ ਉਨ੍ਹਾਂ ਨੇ ਕਿਸੇ ਦੋਖੀ ਤੇ ਅਤਿਆਚਾਰੀ ਵਿਰੁੱਧ ਕੋਈ ਸ਼ਿਕਵਾ-ਸ਼ਿਕਾਇਤ ਕਰਨ ਜਾਂ ਉਸ ਨਾਲ ਹੋਏ ਅਜਿਹੇ ਹਸ਼ਰ ਉੱਤੇ ਕੋਈ ਖ਼ੁਸ਼ੀ ਪਰਗਟ ਕਰਨ ਦੀ ਥਾਂ, ਅਕਾਲਪੁਰਖ ਦੀ ਉਸ ਅਪਾਰ ਕਿਰਪਾ ਦਾ ਇਉਂ ਧੰਨਵਾਦ ਕੀਤਾ ਸੀ ਜਿਸ ਸਦਕੇ ਉਨ੍ਹਾਂ ਨੇ ਆਪਣਾ ਪਾਵਨ ਹੱਥ ਦੇ ਕੇ, ਉਸ ਦੇ ਹੱਲੇ ਤੋਂ ਇਉਂ ਬਚਾਅ ਕੇ ਅਤੇ ਉਸ ਨੂੰ ਭਸਮਾਭੂਤ ਕਰ ਕੇ, ਬਿਰਦ-ਬਾਣੇ ਦੀ ਲਾਜ ਰੱਖ ਲਈ ਸੀ :

ਗਰੀਬਾ ਉਪਰਿ ਜਿ ਖਿੰਜੈ ਦਾੜੀ।
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।
ਪੂਰਾ ਨਿਆਉ ਕਰੇ ਕਰਤਾਰੁ।
ਅਪੁਨੇ ਦਾਸ ਕਉ ਰਾਖਨਹਾਰੁ।
ਆਦਿ ਜੁਗਾਦਿ ਪ੍ਰਗਟਿ ਪਰਤਾਪੁ।
ਨਿੰਦਕੁ ਮੁਆ ਉਪਜਿ ਵਡ ਤਾਪੁ।....
ਅਪੁਨੇ ਦਾਸ ਰਾਖੇ ਕੰਠਿ ਲਾਇ।
ਸਰਣਿ ਨਾਨਕ ਹਰਿ ਨਾਮੁ ਧਿਆਇ।[5]

ਭਾਵ ਇਹ ਕਿ ਸੁਲਹੀ ਖ਼ਾਨ ਆਪਣੀ ਦਾੜ੍ਹੀ ਉੱਤੇ ਹੱਥ ਫੇਰ ਕੇ ਬਟਾਲਿਓਂ ਤਾਂ ਇਹ ਧਾਰ ਕੇ ਚਲਿਆ ਸੀ ਕਿ ਉਹ ਗੁਰੂ ਅਰਜਨ ਦੇਵ ਨੂੰ ਗੱਦੀਓਂ ਉਤਾਰ ਕੇ ਤੇ ਉਨ੍ਹਾਂ ਦੀ ਥਾਂ ਸ੍ਰੀ ਪ੍ਰਿਥੀ ਚੰਦ ਨੂੰ ਗੁਰੂ ਬਣਾ ਕੇ ਹੀ ਅੰਮ੍ਰਿਤਸਰੋਂ ਮੁੜੇਗਾ

4. ਗੁਰੂ ਅਰਜਨ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਕਾਨੜਾ, ਪੰ. 1299.

5. ਉਕਤ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਗਉੜੀ, ਪੰ. 199.

ਪਰ, ਗੁਰੂਦੇਵ ਦੇ ਉਪਰੋਕਤ ਸ਼ਬਦ ਅਨੁਸਾਰ, ਗਰੀਬਾਂ ਉਤੇ ਇਉਂ 'ਖਿੰਜਣ' ਵਾਲੀ ਦਾੜ੍ਹੀ, ਪਿਆਰੇ ਪ੍ਰਭੂ ਦੀ ਬਖ਼ਸ਼ਸ਼ ਤੇ ਨਿਆਂਸ਼ੀਲਤਾ ਸਦਕੇ, ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਆਵੇ ਦੀ ਅੱਗ ਵਿਚ ਜਾ ਸੜੀ ਸੀ। ਵਾਹਿਗੁਰੂ ਜੀ ਦੀ ਇਸੇ ਮਹਾਨ ਯਾਵਰੀ ਦਾ ਜ਼ਿਕਰ ਤੇ ਸ਼ੁਕਰਾਨਾ ਕਰਦਿਆਂ ਅਤੇ ਸੁਲਹੀ ਦੀ ਮੰਦ-ਭਾਵਨਾ ਦਾ ਹਸ਼ਰ ਬਿਆਨ ਕਰਦਿਆਂ, ਆਪ ਨੇ ਇਕ ਹੋਰ ਸ਼ਬਦ ਰਾਹੀਂ ਉਦੋਂ ਇਹ ਵੀ ਫ਼ਰਮਾਅ ਕੇ ਇਉਂ ਕਾਨੀਬੰਦ ਕਰ ਦਿੱਤਾ ਸੀ :

ਸੁਲਹੀ ਤੇ ਨਾਰਾਇਣ ਰਾਖੁ।
ਸੁਲਹੀ ਕਾ ਹਾਥੁ ਕਹੀ ਨ ਪਹੁਚੈ;
ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ,
ਖਿਨ ਮਹਿ ਹੋਇ ਗਇਆ ਹੈ ਖਾਕੁ।
ਮੰਦਾ ਚਿਤਵਤ ਚਿਤਵਤ ਪਚਿਆ,
ਜਿਨਿ ਰਚਿਆ ਤਿਨਿ ਦੀਨਾ ਧਾਕੁ।
ਪੁਤ੍ਰ ਮੀਤ ਧਨੁ ਕਿਛੂ ਨਾ ਰਹਿਓਸੁ,
ਛੋਡਿ ਗਇਆ ਸਭ ਭਾਈ ਸਾਕੁ।
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ,
ਜਿਨਿ ਜਨ ਕਾ ਕੀਨੋ ਪੂਰਨ ਵਾਕੁ।[6]

3

ਮੈਕਾਲਿਫ਼ ਅਨੁਸਾਰ, ਗੁਰੂ ਅਰਜਨ ਦੇਵ ਜੀ ਦਾ ਦਿਨੋ-ਦਿਨ ਵਧ ਰਿਹਾ ਤੇਜ-ਪਰਤਾਪ [7]ਅਕਬਰ ਦੇ ਇਕ ਉਘੇ ਵਜ਼ੀਰ, ਰਾਜਾ ਬੀਰਬਲ, ਦੀ ਵੀ ਈਰਖਾ ਤੇ ਵਿਰੋਧ ਦਾ ਕਾਰਨ ਬਣ ਰਿਹਾ ਸੀ[8]। ਉਸ ਨੇ ਸੰਨ 1586 ਵਿਚ

---

6. ਉਕਤ,ਰਾਗ ਬਿਲਾਵਲ, ਪੰ. 825.

7. ਉਨ੍ਹਾਂ ਦੇ ਇਕ ਸਮਕਾਲੀ ਮੁਸਲਮਾਣ ਇਤਿਹਾਸਕਾਰ, ਮੁਹਸਿਨ ਫ਼ਾਨੀ (1615-1670) ਜਿਸ ਦਾ ਅਸਲ ਨਾਂ ਮੋਬਦ ਜ਼ੁਲਫ਼ਿਕਾਰ ਅਰਦਿਸਤਾਨੀ ਦਸਿਆ ਜਾਂਦਾ ਹੈ , ਅਨੁਸਾਰ :

در ہر محلے سکھاں افزوں می شدند تا در عہد گرو ارجن مل بسیار شدند و
اکثر شہر در آباد بوم نماند کہ چندے از سکھاں در آں جا نباشند

ਅਰਥਾਤ "ਹਰ ਗੁਰੂ ਸਾਹਿਬ ਦੀ ਗੁਰਿਆਈ ਸਮੇਂ ਸਿੱਖਾਂ ਦੀ ਗਿਣਤੀ ਵਧਦੀ ਹੀ ਗਈ ਹੈ। ਗੁਰੂ ਅਰਜਨ ਦੇਵ ਦੇ ਸਮੇਂ ਤਾਂ ਇਹ ਬਹੁਤ ਵਧ ਗਈ ਸੀ। ਉਹ ਅਕਸਰ ਸ਼ਹਿਰਾਂ ਵਿਚ ਰਹਿ ਰਹੇ ਸਨ ਅਤੇ ਕੋਈ ਵੀ ਅਜਿਹਾ ਸ਼ਹਿਰ ਨਹੀਂ ਸੀ ਜਿਸ ਵਿਚ ਕੁਝ-ਨਾ-ਕੁਝ ਸਿੱਖ ਨਹੀਂ ਵਸ-ਰਸ ਰਹੇ ਸਨ।"(ਮੁਹਸਿਨ ਫ਼ਾਨੀ, ਦਬਿਸਤਾਨੇ ਮਜ਼ਾਹਿਬ, ਮਿਤੀ 1645 ਈ., ਨਵਲਕਿਸ਼ੋਰ ਪ੍ਰੈਸ, ਕਾਨ੍ਹਪੁਰ-1904, ਪੰ. 233)

8. ਪਰ ਪ੍ਰੋ. ਸਮਿਥ ਅਨੁਸਾਰ Akbar did not agree with Birbal. To him, "the Sikh doctrines seemed deserving of high commendations".ਅਰਥਾਤ, "ਅਕਬਰ ਬੀਰਬਲ ਦੀ ਅਜਿਹੀ ਨੀਤ ਤੇ ਨੀਤੀ ਨਾਲ ਸਹਿਮਤ ਨਹੀਂ ਸੀ। ਉਸ ਨੂੰ ਤਾਂ ਸਿੱਖ ਸਿਧਾਂਤ ਭਰਵੀਂ ਸ਼ਲਾਘਾ ਦੇ ਹੱਕਦਾਰ ਜਾਪਦੇ ਸਨ।"(Smith , V.A., *Akbar*, London -19, p. 171).

ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ-ਸੇਵਕਾਂ ਨੂੰ ਦੁਖਾਨ ਲਈ ਅੰਮ੍ਰਿਤਸਰ ਦੇ ਕੇਵਲ ਖੱਤਰੀਆਂ ਉੱਤੇ ਹੀ ਇਕ ਨਾਜਾਇਜ਼ ਟੈਕਸ ਲਾਗੂ ਕਰਵਾ ਦਿੱਤਾ ਸੀ। ਗੁਰੂਦੇਵ ਨੇ ਉਸ ਦੀ ਇਸ ਪੱਖਪਾਤੀ ਤੇ ਅਨਿਆਂਈਂ ਕਾਰਵਾਈ ਵਿਰੁੱਧ ਰੋਸ ਪ੍ਰਗਟ ਕੀਤਾ ਸੀ ਅਤੇ ਲੋਕਾਂ ਦੀ ਫ਼ਰਿਆਦ ਸੁਣ ਕੇ, ਉਨ੍ਹਾਂ ਨੂੰ ਉਸ ਟੈਕਸ ਦੀ ਅਦਾਇਗੀ ਕਰਨ ਤੋਂ ਰੋਕ ਦਿੱਤਾ ਸੀ। ਬੀਰਬਲ ਨੇ ਉਸ ਦੀ ਅਦਾਇਗੀ ਲਈ ਇਕ ਦਿਨ ਦੀ ਮੁਹਲਤ ਦੇ ਕੇ, ਸਾਰੇ ਸ਼ਹਿਰ ਨੂੰ ਉਜਾੜ ਦੇਣ ਦੀ ਧਮਕੀ ਦਿੱਤੀ ਸੀ। ਲੋਕ-ਹਿੱਤਾਂ ਦੇ ਰਾਖੇ ਅਤੇ ਚੜ੍ਹਦੀ ਕਲਾ ਦੇ ਮੁਜੱਸਮੇ ਗੁਰੂ ਅਰਜਨ ਦੇਵ ਜੀ ਨੇ ਉਸ ਦੇ ਕੂਚ-ਏਲਾਨ ਦੇ ਜਵਾਬ ਵਿਚ, ਇਹ ਏਲਾਨੀਆ ਆਖਿਆ ਸੀ :

ਮੈ ਬਧੀ ਸਚੁ ਧਰਮਸਾਲ ਹੈ ....
ਠੋਕਿ ਵਜਾਇ ਸਭ ਡਿਠੀਆ,
ਤੁਸਿ ਆਪੇ ਲਇਅਨੁ ਛਡਾਇ ਜੀਉ ।... ..
ਹੁਣਿ ਹੁਕਮੁ ਹੋਆ ਮਿਹਰਵਾਣ ਦਾ।
ਪੈ ਕੋਇ ਨ ਕਿਸੈ ਰਞਾਣਦਾ।
ਸਭ ਸੁਖਾਲੀ ਵੁਠੀਆ,
ਇਹੁ ਹੋਆ ਹਲੇਮੀ ਰਾਜੁ ਜੀਉ ।....
ਹਉ ਗੋਸਾਈ ਦਾ ਪਹਿਲਵਾਨੜਾ।
ਮੈ ਗੁਰ ਮਿਲਿ ਉਚ ਦੁਮਾਲੜਾ।
ਸਭ ਹੋਈ ਛਿੰਝ ਇਕਠੀਆ,
ਦਯੁ ਬੈਠਾ ਵੇਖੈ ਆਪਿ ਜੀਉ ।.... .
ਨਿਹਤੇ ਪੰਜਿ ਜੁਆਨ ਮੈ,
ਗੁਰਿ ਥਾਪੀ ਦਿਤੀ ਕੰਡਿ ਜੀਉ ।[9]

ਰੱਬ ਦੀ ਨੇਤ, ਬੀਰਬਲ ਨੂੰ ਉਸੇ ਪੈਰ ਯੂਸਫਜ਼ਈਆਂ ਦੀ ਬਗ਼ਾਵਤ ਦਬਾਣ ਲਈ ਬਾਦਸ਼ਾਹ ਵਲੋਂ ਫੌਰੀ ਕੂਚ ਕਰਨ ਦਾ ਹੁਕਮ ਆ ਗਿਆ ਸੀ ; ਅਤੇ ਪੰਜਾਬ ਤੇ ਗੁਰੂ-ਘਰ ਉੱਤੇ ਮੰਡਲਾਅ ਰਹੀ ਇਹ ਬਿਪਤਾ ਵੀ, 'ਚੜ੍ਹਦੀ ਕਲਾ-ਪੂਰਤ' ਅਕਾਲ-ਭਰੋਸੇ ਅਤੇ ਰੱਬੀ ਭਾਣੇ ਅਨੁਸਾਰ, ਉਸੇ ਦਮ ਟਲ ਗਈ ਸੀ।[10]

ਸ਼ਹਿਨਸ਼ਾਹ ਅਕਬਰ ਦੇ ਹੀ ਪਰਧਾਨ ਮੰਤਰੀ, ਅਲਾਮਾ ਅਬੁਲ ਫ਼ਜ਼ਲ ਅਲਾਮੀ (1551-1602), ਅਤੇ ਮੁਨਸ਼ੀ ਸੁਜਾਨ ਰਾਏ ਭੰਡਾਰੀ ਦੇ ਲਿਖਤੀ ਬਿਆਨਾਂ ਅਨੁਸਾਰ, ਸ਼ਹਿਨਸ਼ਾਹ 24 ਨਵੰਬਰ 1598 ਨੂੰ ਖ਼ੁਦ ਆਪ ਉਨ੍ਹਾਂ ਦੇ ਦਰਸ਼ਨ-ਮੇਲੇ ਲਈ ਗੋਇੰਦਵਾਲ ਪਹੁੰਚਿਆ ਸੀ। ਗੁਰੂ ਅਰਜਨ ਦੇਵ ਉਦੋਂ 35 ਕੁ ਵਰ੍ਹਿਆਂ ਦੇ ਅਤੀ ਸੁੰਦਰ ਤੇ ਸਜੀਲੇ ਭਰ-ਜਵਾਨ ਸਨ। ਉਨ੍ਹਾਂ ਦੀ ਸੋਹਣੀ ਤੇ ਮਨਮੋਹਣੀ ਸੂਰਤ, ਮਿੱਠੀ ਤੇ ਸੁਰੀਲੀ ਆਵਾਜ਼, ਦਿਲ-ਖਿੱਚਵੇਂ ਤੇ ਅਨੰਦਦਾਇਕ ਹਾਵ-ਭਾਵ, ਸ਼ਾਹਾਨਾ ਰਹਿਣੀ-ਬਹਿਣੀ, ਨਿੱਘੇ-ਮਿੱਠੇ ਸੁਆਗਤ ਅਤੇ ਹਰੀ-ਜੱਸ ਗਾਇਨ ਨੇ ਅਕਬਰ ਨੂੰ ਬੜਾ ਪਰਭਾਵਿਤ ਕੀਤਾ ਸੀ ਅਤੇ ਸ਼ਹਿਨਸ਼ਾਹ ਨੇ ਆਪਣੀ ਖ਼ੁਸ਼ੀ ਤੇ ਧੰਨਵਾਦ ਪ੍ਰਗਟਾਉਂਦਿਆਂ ਜਦੋਂ ਗੁਰੂ-ਘਰ ਦੀ ਕੋਈ ਸੇਵਾ ਕਰਨੀ ਚਾਹੀ ਸੀ ਤਾਂ 'ਚੜ੍ਹਦੀ ਕਲਾ' ਦੀ ਮੂਰਤਿ ਤੇ 'ਸਰਬੱਤ ਦੇ ਭੱਲੇ' ਦੇ ਚਾਹਵਾਨ, ਗੁਰੂ ਅਰਜਨ ਦੇਵ ਜੀ, ਨੇ ਆਪਣੇ ਲਈ ਜਾਂ ਕੇਵਲ ਆਪਣੀ ਸੰਗਤ ਜਾਂ ਸਿੱਖਾਂ ਲਈ

---

9. ਗੁਰੂ ਅਰਜਨ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਸਿਰੀ, ਪੰ. 73-74.
10. Macauliffe, *The Sikh Religion*, op.cit, Vol.III, pp. 15-17.

ਕੁਝ ਮੰਗਣ ਦੀ ਥਾਂ, ਸਾਰੇ ਇਲਾਕੇ ਦੇ ਕਿਸਾਨਾਂ ਉੱਤੇ ਲਾਏ ਗਏ ਵਾਧੂ ਲਗਾਨ (ਮਾਮਲੇ) ਵਿਚ ਛੋਟ ਮੰਗੀ ਸੀ, ਜੋ ਅਕਬਰ ਬਾਦਸ਼ਾਹ ਨੇ ਉਸੇ ਵੇਲੇ ਪਰਵਾਨ ਕਰ ਕੇ ਲੁੜੀਂਦਾ ਹੁਕਮ ਜਾਰੀ ਕਰ ਦਿੱਤਾ ਸੀ।[11]

ਇਹੋ ਅਕਬਰ ਜਦੋਂ ਫਿਰ ਪੰਜਾਬ ਆਇਆ ਸੀ ਤਾਂ ਗੁਰੂ-ਦੋਖੀਆਂ ਨੇ ਇਕ 'ਮੇਜਰਨਾਮੇ' ਦੁਆਰਾ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਆਪਣੀ ਉੱਮਤ ਲਈ ਇਕ ਅਜਿਹੀ ਨਵੇਕਲੀ ਜਹੀ ਧਰਮ-ਪੁਸਤਕ ਤਿਆਰ ਕਰ ਲਈ ਹੈ ਜਿਸ ਵਿਚ ਇਸਲਾਮ ਬਾਰੇ ਨਿੰਦਾ ਤੇ ਬੇਅਦਬੀ-ਭਰੇ ਸ਼ਬਦ ਸੰਚਿਤ ਹਨ। ਪਰ ਅਕਬਰ ਨੇ ਜਦੋਂ ਉਸ ਪਾਵਨ ਪੁਸਤਕ, (ਗੁਰੂ) ਗ੍ਰੰਥ ਸਾਹਿਬ, ਦੇ ਕੁਝ ਵਿਕੋਲਿਤਰੇ ਸ਼ਬਦ ਥਾਉਂ ਥਾਂਈਓ ਸੁਣੇ ਸਨ ਤਾਂ ਉਸ ਦੀ ਖ਼ੁਸ਼ੀ ਤੇ ਤਸੱਲੀ ਦੀ ਕੋਈ ਹੱਦ ਨਹੀਂ ਰਹੀ ਸੀ ਅਤੇ ਉਸ ਨੇ ਝੂਠੀ ਸ਼ਿਕਾਇਤ ਨੂੰ ਉਸੇ ਵੇਲੇ ਖ਼ਾਰਜ ਕਰਦਿਆਂ ਅਤੇ ਸਤਿਕਾਰ ਤੇ ਧੰਨਵਾਦ ਵਜੋਂ 51 ਮੁਹਰਾਂ ਭੇਟਾ ਕਰਦਿਆਂ, ਗੁਰੂ ਸਾਹਿਬ ਦੇ ਸਰਬ-ਸਾਂਝੇ ਸੰਦੇਸ਼ ਤੇ ਪਰਉਪਕਾਰੀ ਕਾਰਜਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਸੀ।[12] ਗੁਰੂ ਅਰਜਨ ਦੇਵ ਜੀ ਨੇ ਆਪਣੀ ਹਸਬ- ਮਾਮੂਲ 'ਚੜ੍ਹਦੀ ਕਲਾ' ਵਿਚ ਹੀ ਵਿਚਰਦਿਆਂ, ਇਸ ਕ੍ਰਿਪਾਲਤਾ ਤੇ 'ਪੈਜ-ਰਖਾਈ' ਲਈ ਵੀ ਕੇਵਲ ਵਾਹਿਗੁਰੂ ਦਾ ਹੀ ਧੰਨਵਾਦ ਕਰਦਿਆਂ ਫ਼ਰਮਾਇਆ ਸੀ :

> ਮਹਜਰੁ ਝੂਠਾ ਕੀਤੋਨੁ ਆਪਿ,
> ਪਾਪੀ ਕਉ ਲਾਗਾ ਸੰਤਾਪੁ।....
> ਰੋਗ ਬਿਆਪੇ ਕਰਦੇ ਪਾਪ,
> ਅਦਲੀ ਹੋਇ ਬੈਠਾ ਪ੍ਰਭੁ ਆਪਿ।....
> ਨਾਨਕ ਸਰਨਿ ਪਰੇ ਦਰਬਾਰਿ,
> ਰਾਖੀ ਪੈਜ ਮੇਰੈ ਕਰਤਾਰਿ।[13]

4

ਉਸੇ ਸੁਲਹਕੁਲ ਤੇ ਸਹਿਨਸ਼ੀਲ ਸਮਰਾਟ ਅਕਬਰ ਦੇ ਹੀ ਪੁੱਤਰ ਤੇ ਜਾਨਸ਼ੀਨ, ਜਹਾਂਗੀਰ ਬਾਦਸ਼ਾਹ (1605-1627), ਨੇ ਆਪਣੇ ਆਪ ਨੂੰ 'ਰੱਬ ਦਾ ਨਾਇਬ' ਤੇ 'ਮੁਜੱਦਦ ਅਲਫ਼ ਸਾਨੀ' ਅਖਵਾਉਣ ਵਾਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮ-ਏ-ਕੁਫ਼ਰ'[14] ਆਖਣ ਵਾਲੇ ਸ਼ੇਖ ਅਹਿਮਦ ਸਰਹੰਦੀ (1569-1624) ਅਤੇ ਕੁਝ ਹੋਰ ਤੁਅੱਸਬੀ ਉਲਮਾਵਾਂ ਦੀ ਚੁੱਕ-ਚੁਕਾਅ 'ਤੇ, ਗੁਰੂ ਸਾਹਿਬ ਅਤੇ ਗੁਰਸਿੱਖੀ ਦੇ ਦਿਨੋ ਦਿਨ ਵਧ ਰਹੇ ਤੇਜ-ਪਰਤਾਪ ਤੇ ਅਸਰ-ਰਸੂਖ਼ ਨੂੰ ਸਹਾਰ ਨ ਸਕਦਿਆਂ, ਉਨ੍ਹਾਂ ਦੀ "ਦੁਕਾਨੇ-ਬਾਤਲ" (ਝੂਠ ਦੇ ਵਪਾਰ, ਭਾਵ ਗੁਰਸਿੱਖੀ) ਨੂੰ ਬੰਦ ਕਰਨ ਅਤੇ ਆਪ ਜੀ ਨੂੰ ਘੋਰ ਤਸੀਹੇ ਦੇ ਕੇ ਮਾਰ-ਮੁਕਾਉਣ ਦਾ ਹੁਕਮ ਵੀ ਜਾਰੀ ਕਰ ਦਿੱਤਾ

---

11. ਅਬੁਲ ਫ਼ਜ਼ਲ, ਅਲਾਮਾ, ਅਕਬਰਨਾਮਾ, ਮਤਬਾ ਨਵਲ ਕਿਸ਼ੋਰ ਪ੍ਰੈਸ, ਲੱਖਨਊ ਵਲੋਂ ਪਰਕਾਸ਼ਤ, ਦੂਜੀ ਛਾਪ, ਲਖਨਊ- 1883, ਪੰ. 514; ਭੰਡਾਰੀ, ਮੁਨਸ਼ੀ ਸੁਜਾਨ ਰਾਏ, ਖ਼ੁਲਾਸਤੁਤ ਤਵਾਰੀਖ਼, ਮਿਤੀ 1696; ਜੀ. ਐਂਡ ਸਨਜ਼, ਦਿੱਲੀ ਵਲੋਂ ਪਰਕਾਸ਼ਿਤ, ਦਿੱਲੀ-1918, ਪੰ. 425; ਪੰਜਾਬੀ ਵਿਚ ਅਨੁਵਾਦਿਤ ਵਲੋਂ ਸ. ਰਣਜੀਤ ਸਿੰਘ ਗਿਲ ਤੇ ਡਾ. ਫੌਜਾ ਸਿੰਘ, ਪਟਿਆਲਾ-1972, ਪੰ. 436.
12. Gupta, *History of the Sikhs,* ibid., pp.143- 44.
13. ਗੁਰੂ ਅਰਜਨ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਗਉੜੀ, ਪੰ. 199.
14. Ganda Singh, Dr., *The Martyrdom of Guru Arjan* in the *Punjab Past and Present* , Patiala, Vol. XII, April, 1978, p. 163.

ਸੀ।[15] ਪਰ ਗੁਰੂ ਅਰਜਨ ਦੇਵ ਮੰਗੋਲਾਂ ਦੇ ਵਿਧਾਨ, 'ਯਾਸਾ', ਅਨੁਸਾਰ, ਲਗਾਤਾਰ ਕਈ ਦਿਨ ਅਸਹਿ ਤੇ ਅਕਹਿ ਕਸ਼ਟ ਦਿੱਤੇ ਜਾਣ ਦੇ ਬਾਵਜੂਦ, ਰੱਬ ਦੀ ਰਜ਼ਾ ਉਤੇ ਰਾਜ਼ੀ ਰਹਿੰਦਿਆਂ

ਜੋ ਤੁਧੁ ਭਾਵੈ ਸੋ ਪਰਵਾਣੁ।
ਤੇਰੇ ਭਾਣੇ ਨੋ ਕੁਰਬਾਣੁ।[16]

ਦੀ ਧੁਨ ਉਚਾਰਦਿਆਂ, ਅਤੇ ਆਖ਼ਰੀ ਦਮ ਤਕ ਅਜਿਹੀ ਸਿਖਰੀ 'ਚੜ੍ਹਦੀ ਕਲਾ' ਵਿਚ ਵਿਚਰਦਿਆਂ, 30 ਮਈ 1606 ਨੂੰ ਸ਼ਹੀਦ ਹੋ ਗਏ ਸਨ।

ਮਨੁੱਖੀ ਅਧਿਕਾਰਾਂ ਅਤੇ ਧਰਮ-ਕਰਮ ਦੀ ਰੱਖਿਆ ਲਈ ਹੋਈ ਇਸ ਸ਼ਹਾਦਤ ਦੌਰਾਨ, 'ਚੜ੍ਹਦੀ ਕਲਾ' ਦੀ ਜੋ ਸਪਿਰਿਟ ਉਦੋਂ ਜਿਸ ਰੂਪ ਵਿਚ ਪਰਗਟ ਹੋਈ ਸੀ, ਉਸ ਨੂੰ ਉਨ੍ਹਾਂ ਦੇ ਸਮਕਾਲੀ ਮਹਾਂ ਵਿਦਵਾਨ, ਭਾਈ ਗੁਰਦਾਸ ਜੀ (1551-1629) ਨੇ ਇਉਂ ਤਰਜਮਾਨਿਆ ਤੇ ਬਿਆਨਿਆ ਸੀ:

ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉਂ, ਜੋਤੀ ਅੰਦਰਿ ਜੋਤਿ ਸਮਾਣੀ।
ਸਬਦ ਸੁਰਤਿ ਲਿਵ ਮਿਰਗ ਜਿਉਂ, ਭੀੜ ਪਈ ਚਿਤਿ ਅਵਰ ਨ ਆਣੀ।
ਚਰਣ ਕੰਵਲ ਮਿਲ ਭਵਰ ਜਿਉਂ, ਸੁਖ ਸੰਪਟ ਵਿਚ ਰੈਣਿ ਵਿਹਾਣੀ।
ਗੁਰਮੁਖਿ ਸੁਖ ਫਲ ਪਿਰਮ ਰਸੁ, ਸਹਜ ਸਮਾਧਿ ਸਾਧਸੰਗਿ ਜਾਣੀ।
ਗੁਰ-ਉਪਦੇਸੁ ਨਾ ਵਿਸਰੈ, ਬਾਬੀਹੇ ਜਿਉ ਆਖ ਵਖਾਣੀ।
ਗੁਰੂ ਅਰਜਨ ਵਿਟਹੁ ਕੁਰਬਾਣੀ।[17]

ਇਤਿਹਾਸ ਇਸ ਤੱਥ ਦਾ ਵੀ ਗਵਾਹ ਹੈ ਕਿ ਇਸ ਪਾਵਨ ਸ਼ਹੀਦੀ ਦਾ ਮੂਲ ਤੇ ਮੁੱਖ ਕਾਰਨ ਸਿੱਖ-ਸਿਧਾਂਤ ਤੇ ਆਚਾਰਵਿਹਾਰ ਦਾ ਨਿਆਰਾਪਨ ਸੀ; ਅਤੇ ਉਸ ਦਾ ਦਿਨੋ ਦਿਨ ਵਧ ਰਿਹਾ ਅਜਿਹਾ ਤੇਜ-ਪਰਤਾਪ ਸੀ ਜੋ ਸਮੇਂ ਦੀ ਇਸਲਾਮੀ ਸਰਕਾਰ, ਉਸ ਦੇ ਤੁਅੱਸਬੀ ਬਾਦਸ਼ਾਹ, ਕਰਮਕਾਂਡੀ ਧਰਮ ਤੇ ਉਸ ਦੇ ਕੱਟੜਪੰਥੀ 'ਠੇਕੇਦਾਰਾਂ' ਦੀ ਬਰਦਾਸ਼ਤ ਤੋਂ ਬਾਹਰ ਹੋ ਚੁਕਾ ਸੀ। ਗੁਰੂ ਅਰਜਨ ਦੇਵ ਜੀ ਦਾ ਹੇਠ-ਲਿਖਿਆ 'ਚੜ੍ਹਦੀ ਕਲਾ-ਪੂਰਤ' ਬੇਬਾਕ ਬਿਆਨ ਤੇ ਨਿਧੜਕ ਐਲਾਨ ਜਿਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦੀ ਨਿਆਰਤਾ, ਕਥਨੀ-ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ-ਲਹਿਰ ਦੀ ਅੱਗੇ-ਵਧਤਾ ਦਾ ਸੂਚਕ ਸੀ, ਉਥੇ ਉਪਰੋਕਤ ਤੁਅੱਸਬੀ ਸ਼ਕਤੀਆਂ ਨੂੰ ਇਕ ਭਾਰੀ ਚੈਲੰਜ ਵੀ ਪਰਤੀਤ ਹੋਇਆ ਸੀ:

ਵਰਤ ਨ ਰਹਉ, ਨ ਮਹ ਰਮਦਾਨਾ।
ਤਿਸੁ ਸੇਵੀ ਜੋ ਰਖੈ ਨਿਦਾਨਾ।
ਏਕੁ ਗੁਸਾਈ ਅਲਹੁ ਮੇਰਾ।
ਹਿੰਦੂ ਤੁਰਕ ਦੁਹਾਂ ਨੇਬੇਰਾ।
ਹਜ ਕਾਬੈ ਜਾਉ ਨ ਤੀਰਥ ਪੂਜਾ।

---

15. ਜਹਾਂਗੀਰ, ਮੁਗ਼ਲ ਬਾਦਸ਼ਾਹ ਨੂਰ-ਉਦ-ਦੀਨ, **ਤੁਜ਼ਕਿ ਜਹਾਂਗੀਰੀ**, ਨਵਲ ਕਿਸ਼ੋਰ ਪ੍ਰੈਸ, ਲਖਨਊ ਵਲੋਂ ਪਰਕਾਸ਼ਿਤ, ਪੰ. 35.
16. ਗੁਰੂ ਅਰਜਨ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗ ਧਨਾਸਰੀ, ਪੰ. 676.
17. ਭਾਈ ਗੁਰਦਾਸ, **ਵਾਰਾਂ**, ਉਹੀ, ਵਾਰ ਨੰ. 24, ਪਉੜੀ ਨੰ. 23; ਪੰਨੇ 216-17.

ਏਕੋ ਸੇਵੀ ਅਵਰੁ ਨ ਦੂਜਾ ।
ਪੂਜਾ ਕਰਉ ਨ ਨਿਵਾਜ ਗੁਜਾਰਉ,
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ।
ਨਾ ਹਮ ਹਿੰਦੂ, ਨ ਮੁਸਲਮਾਨ;
ਅਲਹ ਰਾਮ ਕੇ ਪਿੰਡੁ ਪਰਾਨ । [18]

ਮਜ਼੍ਹਬੀ ਤੁਅੱਸਬ ਨਾਲ ਭਰਿਆ-ਪੀਤਾ ਜਹਾਂਗੀਰ ਅਤੇ ਉਸ ਦੇ ਧਾਰਮਕ ਸਰਪ੍ਰਸਤ ਤੇ ਕੱਟੜਪੰਥੀ ਸਲਾਹਕਾਰ ਆਪਣੇ ਰਾਜ-ਭਾਗ ਤੇ ਧਰਮ-ਖੇਤਰ ਵਿਚ ਅਜਿਹੀ ਬੇਬਾਕ ਵੱਖਰਤ ਬਰਦਾਸ਼ਤ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਉਥੇ ਹੀ ਰੋਕ ਦੇਣ ਤੇ ਇਸ ਦੇ ਪਾਵਨ ਸੰਚਾਲਕ ਨੂੰ ਛੇਤੀ ਤੋਂ ਛੇਤੀ ਮਾਰ ਮੁਕਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ । ਸਿੱਖ-ਲਹਿਰ ਨੂੰ ਦਬਾਉਣ ਤੇ ਗੁਰੂ ਅਰਜਨ ਦੇਵ ਨੂੰ ਮਾਰ ਮੁਕਾਉਣ ਤੋਂ ਕੇਵਲ ਵੀਹ ਦਿਨ ਬਾਅਦ, ਜਹਾਂਗੀਰ ਨੇ ਆਪ ਆਪਣੀ ਸਵੈਜੀਵਨੀ, 'ਤੁਜ਼ਕੇ ਜਹਾਂਗੀਰੀ', ਵਿਚ 19 ਜੂਨ 1606 ਈ. ਨੂੰ ਲਿਖਿਆ ਸੀ । :

در گوبندوال که بر کنار دریاے بیاه واقع است هندوے بود ارجن نام درلباس پیری و شیخی چنانچه بسیارے از ساده لوحان هنود بلکه نادان سفیهان اسلام. رامقید اطوار و اوضاع خودساخته کوس پیری و ولایت را بلند آوازه گردانیده بود. اورا گرو میگفتند و از اطراف و جوانب گولال و گول پرستان بدو رجوع آورده اعتقاد تمام باو اظهاری کردند از سه چهار پشت او این دوکان را گرم میداشتند. مدتها بخاطر می گذشت که این دوکان باطل را برطرف باید ساخت. یا اورا در جرگه اہل اسلام در باید آورد...... امر کردم که اورا حاظر ساختند و مساکن و منازل و فرزندان اورا بمرتضے خان عنایت نمودم و اسباب و اموال اورا بقید ضبط در آورده فرمودم که اورا به سیاست و به یاسا رسانند.

(تزک جہانگیری)

ਅਰਥਾਤ, "ਗੋਇੰਦਵਾਲ ਵਿਚ, ਜੋ ਦਰਿਆ ਬਿਆਸ ਦੇ ਕੰਢੇ ਅਸਥਿਤ ਹੈ, ਅਰਜਨ ਨਾਂ ਦਾ ਇਕ ਹਿੰਦੂ ਪੀਰਾਂ -ਸ਼ੇਖਾਂ ਦੇ ਸਰੂਪ ਵਿਚ ਰਹਿ ਰਿਹਾ ਸੀ । ਉਸ ਨੇ ਬਹੁਤ ਸਾਰੇ ਸਿੱਧੇ-ਸਾਦੇ ਹਿੰਦੂਆਂ, ਸਗੋਂ ਮੂਰਖ ਅਤੇ ਨੀਚ ਮੁਸਲਮਾਣਾਂ ਨੂੰ ਵੀ ਆਪਣੇ ਧਰਮ-ਕਰਮ ਦਾ ਸ਼ਰਧਾਲੂ ਬਣਾ ਕੇ, ਆਪਣੀ ਪੀਰੀ ਤੇ ਪਦਵੀ ਦਾ ਢੋਲ ਉੱਚੀ ਆਵਾਜ਼ ਨਾਲ ਵਜਾਇਆ ਹੋਇਆ ਸੀ । ਲੋਕ ਉਸ ਨੂੰ 'ਗੁਰੂ' ਆਖਦੇ ਸਨ ਅਤੇ ਕਈ ਪਾਸਿਆਂ ਤੇ ਦਿਸ਼ਾਵਾਂ ਦੇ ਭੋਲੇ-ਭਾਲੇ ਤੇ ਪਾਖੰਡ-ਪੂਜ ਲੋਕ ਉਸ ਵਲ ਰੁਚਿਤ ਸਨ ਅਤੇ ਉਸ ਦੀ ਜ਼ਾਤ ਵਿਚ ਸੰਪੂਰਨ ਨਿਸ਼ਚਾ ਰਖਦੇ ਰਹਿੰਦੇ ਸਨ । ਉਨ੍ਹਾਂ ਨੇ ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ (ਭਾਵ ਸਿੱਖ ਲਹਿਰ) ਚਲਾਈ ਹੋਈ ਸੀ । ਮੇਰੇ ਦਿਲ ਵਿਚ ਇਹ ਖ਼ਿਆਲ ਚੋਖੇ ਚਿਰ ਤੋਂ ਆ- ਜਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ (ਭਾਵ ਸਿੱਖ ਧਰਮ) ਨੂੰ ਬੰਦ ਕਰ ਦਿੱਤਾ ਜਾਏ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਇਸਲਾਮ ਦੇ ਧਰਮ-ਮੰਡਲ ਵਿਚ ਦਾਖ਼ਲ ਕਰ ਲਿਆ ਜਾਏ । ...... ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਦਾਖ਼ਲ ਕਰ ਲਿਆ ਜਾਏ । ਉਸ ਦਾ ਘਰ-ਘਾਟ ਤੇ ਬੱਚੇ ਮੈਂ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤੇ ਅਤੇ ਉਸ ਦਾ ਮਾਲ-ਅਸਬਾਬ, ਕੈਦ

18. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਭੈਰਉ, ਪੰ. 1136.

ਸਹਿਤ, ਜ਼ਬਤ ਕਰ ਕੇ, ਮੈਂ ਹੁਕਮ ਦਿੱਤਾ ਕਿ ਉਸ ਨੂੰ ਸਿਆਸਤ (ਵਿਧਾਨ) ਅਤੇ ਯਾਸਾ ਦੀ ਰਾਜ-ਡੰਡਾਵਲੀ ਅਨੁਸਾਰ, ਮਾਰ-ਮੁਕਾ ਦਿੱਤਾ ਜਾਏ।"[19]

ਉਸੇ ਨਿਰਦਈ ਡੰਡਾਵਲੀ ਅਨੁਸਾਰ, ਦੈਵੀ ਤੇ ਮਹਾਨ ਆਤਮਾ ਦੇ ਸੁਆਮੀ, ਲੋਕ-ਹਿਤੈਸ਼ੀ ਉਸਰੱਈਏ ਤੇ 'ਚੜ੍ਹਦੀ ਕਲਾ ਦੇ ਪੁੰਜ', ਗੁਰੂ ਅਰਜਨ ਦੇਵ ਜੀ , ਨੂੰ ਲਗਾਤਾਰ ਕਈ ਦਿਨ ਤੱਤੀ ਤਵੀ ਉਤੇ ਤਾਇਆ ਗਿਆ, ਭਖਦੀ ਰੇਤ ਪਾ ਪਾ ਕੇ ਦੁਖਾਇਆ ਗਿਆ, ਖੌਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਅਖ਼ੀਰ ਰਾਵੀ ਦੇ ਠੰਢੇ ਪਾਣੀ ਵਿਚ ਡੁਬੋ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਕ ਬਦੇਸੀ ਯਸੂਈ ਮਿਸ਼ਨਰੀ, ਫ਼ਾਦਰ ਫ਼ਰਦੀਨੰਦ ਗੁਇਰੈਰੋ,'ਦੀ 25 ਸਤੰਬਰ 1606 ਈ. ਨੂੰ ਲਾਹੌਰ ਤੋਂ ਆਪਣੇ ਦੇਸ ਵਲ ਲਿਖ ਭੇਜੀ ਅਤੇ ਸੰਨ 1609 ਵਿਚ ਲਿਜ਼ਬਨ (ਪੁਰਤਗਾਲ) ਵਿਖੇ ਪਰਕਾਸ਼ਤ ਹੋਈ ਇਕ ਚਿੱਠੀ ਅਨੁਸਾਰ, When the King had the Prince in his hands, he sent for the said Guru..... The King handed him over to a rich gentile.... he gave every day new torments to the Saint. He ordered to give him much torture... . he took away his food, he did him thousand and one dishonours. In that way their good Pope died, overwhelmed by the sufferings, torments and dishonours.[20] ਅਰਥਾਤ, "ਜਦੋਂ ਬਾਦਸ਼ਾਹ ਜਹਾਂਗੀਰ ਨੇ ਸ਼ਹਿਜ਼ਾਦਾ ਖ਼ੁਸਰੋ ਨੂੰ ਫੜ ਲਿਆ ਸੀ ਤਾਂ ਉਸ ਨੇ ਗੁਰੂ (ਅਰਜਨ ਦੇਵ) ਨੂੰ ਬੁਲਵਾ ਕੇ, ਇਕ ਅਮੀਰ ਮੂਰਤੀਪੂਜ ਦੇ ਹਵਾਲੇ ਕਰ ਦਿੱਤਾ ਸੀ। ਉਹ ਉਨ੍ਹਾਂ ਨੂੰ ਨਿੱਤ ਨਵੇਂ ਕਸ਼ਟ ਦੇਂਦਾ ਰਿਹਾ ਸੀ। ਉਸ ਨੇ ਉਨ੍ਹਾਂ ਦਾ ਖਾਣ-ਪੀਣ ਬੰਦ ਕਰ ਦਿੱਤਾ ਸੀ, ਅਤੇ ਬੇਸ਼ੁਮਾਰ ਨਿਰਾਦਰੀਆਂ ਵੀ ਕਰਦਾ ਰਿਹਾ ਸੀ। ਇਸ ਤਰ੍ਹਾਂ, ਸਿੱਖਾਂ ਦੇ ਉਹ ਨੇਕ ਪੋਪ (ਗੁਰੂ ਅਰਜਨ ਦੇਵ) ਦੁੱਖ, ਤਸੀਹੇ ਤੇ ਨਿਰਾਦਰੀਆਂ ਸਹਾਰਦੇ ਹੋਏ ਸੁਰਗਵਾਸ ਹੋ ਗਏ ਸਨ।"[20] ਉਨ੍ਹਾਂ ਦੇ ਇਕ ਹੋਰ ਸਮਕਾਲੀ ਅਤੇ ਜਹਾਂਗੀਰ ਨੂੰ ਚੁੱਕਾਂ ਦੇਣ ਵਾਲੇ[21] ਤੁਅੱਸਬੀ ਉਲਮਾਵਾਂ ਦੇ ਮੁੱਖੀ, ਉਕਤ ਸ਼ੇਖ ਅਹਿਮਦ ਸਰਹਿੰਦੀ ਉਰਫ਼ ਮਜੱਦਦੇ ਅਲਫ਼ੇ ਸਾਨੀ, ਨੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਅਤੇ ਸ਼ੁਕਰਾਨਿਆਂ ਭਰੀ 'ਚੜ੍ਹਦੀ ਕਲਾ' ਵਿਚ ਵਿਗਸਦਿਆਂ, ਦਿੱਤੀ ਗਈ ਇਸ ਮਹਾਨ ਸ਼ਹਾਦਤ ਨੂੰ ਲਾਹੌਰ ਦੇ ਉਕਤ ਗਵਰਨਰ, ਮੁਰਤਜ਼ਾ ਖ਼ਾਨ, ਵਲ ਲਿਖੀ ਮੁਬਾਰਕੀ ਚਿੱਠੀ ਵਿਚ "ਗੋਇੰਦਵਾਲ ਦੇ ਫਿਟਕਾਰਯੋਗ ਕਾਫ਼ਰ ਦਾ ਕਤਲ ਇਸਲਾਮ ਦੇ ਸ਼ਰਧਾਲੂਆਂ ਲਈ ਉੱਤਮ ਸੋਭਾ ਵਾਲਾ ਕੰਮ"[22] ਦੱਸਿਆ ਸੀ।

---

19. ਜਹਾਂਗੀਰ, ਤੁਜ਼ਕਿ ਜਹਾਂਗੀਰੀ, ਉਹੀ, ਪੰਨਾ 35.

20. Guerreiro, Father Ferdinand, *Annual Relations,* 1606-1607, Part IV, Book III, Ch. V of 138-151 (r), Lisbon-1609; reprinted in Vol. II, pp. 366-70, Coimbra-1931; Gopal Singh, *A History of the Sikh People,* op. cit., pp. 194-95 ਅਨੁਸਾਰ। ਪ੍ਰੋ. ਹਰਬੰਸ ਸਿੰਘ ਨੇ ਉਕਤ ਮਿਸ਼ਨਰੀ ਦਾ ਨਾਂ (Father Jerome Xavier) ਫ਼ਾਦਰ ਜੇਰੋਮ ਜ਼ੇਵੀਅਰ ਦਸਿਆ ਹੋਇਆ ਹੈ। (Harbans Singh, Prof., *The Heritage of the Sikhs,* New Delhi-1983; 2nd ed.-1985, p. 50) ਹੋਰ ਵੇਖੋ: ਛਿੱਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਿਤੀ 1769, ਉਹੀ, ਚਰਨ ਪੰਜਵਾਂ, ਪਦ 141.

21. ਵੇਖੋ: Beni Prasad, *Jahangir,* Allahabad-1930, p. 150.

22. ਮਕਤੂਬਾਤੇ ਇਮਾਮੇ ਰੱਬਾਨੀ, ਜਿਲਦ 1, ਭਾਗ 3, ਚਿੱਠੀ ਨੰ. 193.

ਅਜਿਹੇ ਕੱਟੜਪੰਥੀਆਂ ਅਤੇ ਹਕੂਮਤ ਦਾ ਖ਼ਿਆਲ ਸੀ ਕਿ ਉਨ੍ਹਾਂ ਨੂੰ ਇਉਂ ਮਾਰ-ਮੁਕਾ ਦੇਣ ਨਾਲ, ਉਨ੍ਹਾਂ ਵਲੋਂ ਚਲਾਈ ਜਾ ਰਹੀ ਉਕਤ "ਦੁਕਾਨ" ਸਦਾ ਲਈ ਬੰਦ ਹੋ ਜਾਏਗੀ, ਸਿੱਖ-ਲਹਿਰ ਉਥੇ ਦੀ ਉਥੇ ਹੀ ਰੁਕ ਜਾਏਗੀ, ਅਤੇ ਸਿੱਖ ਧਰਮ ਦਾ ਖ਼ਾਤਮਾ ਵੀ ਹਮੇਸ਼ਾ ਲਈ ਹੋ ਜਾਏਗਾ। ਪਰ ਇਤਿਹਾਸ ਇਸ ਗੱਲ ਦਾ ਵੀ ਸ਼ਾਹਿਦ ਹੈ ਕਿ ਖ਼ਾਤਮਾ, ਇਸ ਸਭ ਕੁਝ ਦੇ ਉਲਟ, ਕੇਵਲ ਮੁਗ਼ਲ ਬਾਦਸ਼ਾਹ ਤੇ ਮੁਗ਼ਲੀਆ ਰਾਜ ਦਾ ਹੀ ਨਹੀਂ; ਮੁਗ਼ਲ ਖ਼ਾਨਦਾਨ ਤੇ ਮੁਗ਼ਲ ਕੌਮ ਦਾ ਵੀ ਸਦਾ ਲਈ ਹੋ ਗਿਆ ਸੀ ਅਤੇ ਇਸ ਦੇ ਐਨ ਉਲਟ, ਗੁਰੂ ਨਾਨਕ-ਗੁਰੂ ਅਰਜਨ ਦੇਵ ਜੀ ਦੀ ਚਲਾਈ ਤੇ ਵਿਗਸਾਈ ਹੋਈ ਸਿੱਖ-ਲਹਿਰ, ਉਨ੍ਹਾਂ ਦੀ ਉਕਤ ਸ਼ਹਾਦਤ ਤੋਂ ਬਾਅਦ, ਦਿਨੋ-ਦਿਨ ਸਗੋਂ ਹੋਰ ਵਧਦੀ-ਫੁਲਦੀ ਤੇ ਉਚੇਰੀ ਹੁੰਦੀ ਗਈ ਸੀ ਅਤੇ ਹੁਣ ਤਕ ਉਵੇਂ ਹੀ ਹੋ ਰਹੀ ਹੈ। ਉਹ ਤਾਂ ਹੁਣ ਕੇਵਲ ਆਪਣੀ ਉਪਜ-ਭੂਮੀ, ਹਿੰਦੁਸਤਾਨ, ਵਿਚ ਹੀ ਨਹੀਂ, ਸਗੋਂ ਲਗਪਗ ਸਾਰੇ ਮਹਾਂਦੀਪਾਂ ਵਿਚ, ਗੁਰੂ ਸਾਹਿਬਾਂ ਦੇ ਬਖ਼ਸ਼ੇ ਹੋਏ ਉਕਤ ਸਿਧਾਂਤ, ਸਰੂਪ ਤੇ ਸਪਿਰਟਿ ਸਦਕੇ, ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਦਿਆਂ, ਇਨ੍ਹਾਂ ਮਕੂਲਿਆਂ ਨੂੰ ਵੀ, ਸਦੀਵੀ ਤੌਰ ਤੇ, ਸੱਚਾ ਸਾਬਤ ਕਰ ਰਹੀ ਹੈ:

1. ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ;
   ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।
2. The blood of the martyr
   Is the seed of the church.

5

ਇਥੇ ਇਹ ਚਿਤਾਰਨਾ ਤੇ ਬਿਆਨਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸਿੱਖ ਧਰਮ ਨੂੰ 'ਅਹਿਲੇ-ਕਿਤਾਬ' ਬਣਾਉਣ ਲਈ 'ਗੁਰੂ ਗ੍ਰੰਥ ਸਾਹਿਬ' ਦੀ ਤਿਆਰੀ, 'ਅਹਿਲੇ ਮਕਾਮ' ਬਣਾਉਣ ਲਈ ਅੰਮ੍ਰਿਤਸਰ ਦੀ ਉਸਾਰੀ, 'ਅਹਿਲੇ ਸ਼ਮਸ਼ੀਰ' ਬਣਾਉਣ ਲਈ "ਮੂਰਤਿ ਹਰਿ ਗੋਬਿੰਦ (ਦੀ) ਸੰਵਾਰੀ"[23] ਅਤੇ ਸਿੱਖੀ ਦੇ ਸੰਗਠਨ ਤੇ ਆਰਥਕਤਾ ਦੇ ਵਿਕਾਸ ਆਦਿ ਲਈ ਕੀਤੇ ਭਾਰੀ ਤੇ ਯਾਦਗਾਰੀ ਕਾਰਜ ਵੀ ਗੁਰੂ ਅਰਜਨ ਦੇਵ ਜੀ ਵਲੋਂ ਹੀ, ਉਜਿਹੇ ਬਿਖੜੇ, ਅਣਸੁਖਾਵੇਂ ਤੇ ਜਾਨਲੇਵਾ ਹਾਲਾਤ ਵਿਚ ਹੀ ਹੁੰਦੇ ਰਹੇ ਸਨ। ਇਹ ਸਭ ਕੁਝ ਆਪ ਅਜਿਹੀ ਘੋਰ ਸਖਤੀ ਵਿਚ ਵੀ ਕਰਦੇ ਤੇ ਨਜਿੱਠਦੇ ਰਹੇ ਸਨ ਜਦੋਂ, ਹੋਰ ਤਾਂ ਹੋਰ, ਉਨ੍ਹਾਂ ਦੇ ਇਕਲੌਤੇ ਬੱਚੇ, ਹਰਿ ਗੋਬਿੰਦ ਜੀ, ਦੀ ਜਾਨ ਨੂੰ ਕਦੇ ਤਾਪ, ਕਦੇ ਸੀਤਲਾ[24] ਤੇ ਕਦੇ ਤਾਇਆ ਜੀ (ਸ੍ਰੀ ਪ੍ਰਿਥੀ ਚੰਦ) ਚੰਬੜੇ ਰਹੇ ਸਨ।

• ਇਹ ਕੁਝ ਆਪ ਉਦੋਂ ਵੀ ਕਰਦੇ ਤੇ ਕਰਾਉਂਦੇ ਰਹੇ ਸਨ ਜਦੋਂ ਗੁਰੂ-ਘਰ ਦੇ ਦੋਖੀ, ਵਿਰੋਧੀ ਤੇ ਈਰਖਾਲੂ ਹਰ ਤਰ੍ਹਾਂ ਦੇ ਅੜਿੱਕੇ ਡਾਹ ਰਹੇ ਸਨ; ਅਤੇ ਚੰਦੂ ਸ਼ਾਹ ਵਰਗੇ ਸਰਕਾਰੀ ਟੁਕੱੜਬੋਚ ਕਰਮਚਾਰੀ ਜ਼ਾਤੀ ਰੰਜਸ਼ਾਂ ਕਢਣ ਲਈ ਕਈ ਕਿਸਮ ਦੀਆਂ ਗੋਂਦਾਂ ਗੁੰਦ ਰਹੇ ਸਨ; ਜਦੋਂ ਸ਼ਰੀਕੇ ਦੀ ਨਾਕਾਬੰਦੀ ਕਾਰਨ ਲੰਗਰ ਮਸਤਾਨੇ ਤੇ ਕੀਰਤਨੀਏ ਬਮੁਕਰੇ ਰਹਿੰਦੇ ਸਨ; ਤੇ ਜਦੋਂ ਸਥਾਨਕ ਹਾਕਮ ਨਿਤ-ਨਵੀਆਂ ਰਿੱਕਤਾਂ ਛੇੜਦੇ ਤੇ ਮਾਰੂ ਹੱਲੇ

---

23. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ. 1, ਪਉੜੀ ਨੰ. 48.

24. ਜਿਵੇਂ - (1) ਸੀਤਲਾ ਤੇ ਰਖਿਆ ਬਿਹਾਰੀ,
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।
(2) ਤਾਪੁ ਲਾਹਿਆ ਗੁਰ ਸਿਰਜਨਹਾਰਿ......
ਕਰੁ ਮਸਤਕਿ ਧਾਰਿ, ਬਾਲਿਕੁ ਰਖਿ ਲੀਨੋ।

– ਗੁਰੂ ਅਰਜਨ ਦੇਵ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਉਹੀ, ਰਾਗੁ ਗਉੜੀ, ਪੰ.200 ਅਤੇ ਰਾਗੁ ਬਿਲਾਵਲ, ਪੰ. 821.

ਕਰਦੇ ਰਹਿੰਦੇ ਸਨ। ਅੰਮ੍ਰਿਤਸਰ ਤੋਂ ਇਲਾਵਾ ਛੇਹਰਟਾ, ਤਰਨਤਾਰਨ ਤੇ ਕਰਤਾਰਪੁਰ ਵਰਗੇ ਨਵੇਂ ਅਤੇ ਘੁੱਗ-ਵਸਦੇ ਨਗਰਾਂ ਦੀ ਉਤਪਤੀ ਤੇ ਉਸਾਰੀ ਵੀ ਉਸੇ ਸਥਿਤੀ ਦੀ ਉਪਜ ਤੇ ਇਸੇ ਸਥਿਰ ਬਿਰਤੀ ਦੇ ਅਹਿਮ ਤੇ ਯਾਦਗਾਰੀ ਚਮਤਕਾਰ ਹਨ। ਲੱਖਾਂ ਕਰੋੜਾਂ ਨੂੰ ਰਹਿੰਦੀ ਦੁਨੀਆਂ ਤਕ ਸੁਖ ਪਹੁੰਚਾਉਣ, 'ਚੜ੍ਹਦੀ ਕਲਾ' ਪਸਰਾਉਣ ਅਤੇ ਤਪੀਆਂ ਆਤਮਾਵਾਂ ਨੂੰ ਸਦਾ ਠਾਰਦੇ ਰਹਿਣ ਦੀ ਸਮਰੱਥਾ ਰਖਣ ਤੇ ਬਖ਼ਸ਼ਣ ਵਾਲੀ ਪਾਵਨ ਤੇ ਬੇਮਿਸਾਲ ਰਚਨਾ, "ਸੁਖਮਨੀ", ਵੀ ਉਸੇ ਦੁਖਦਾਈ ਸਮੇਂ ਤੇ ਸਥਿਤੀ ਦੀ ਉਪਜ ਅਤੇ ਉਸੇ ਪਾਵਨ ਸਪਿਰਿਟ ਦੀ ਹੀ ਦੇਣ ਹੈ ਜੋ ਇਨ੍ਹਾਂ ਸਭ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈਂਦੀ ਹੋਈ, ਆਪਣੇ ਆਦਰਸ਼ ਤੇ ਵਿਸ਼ਵਾਸ ਨੂੰ ਸ਼ਹਾਦਤ ਤੋਂ ਵੀ ਚੋਖਾ ਚਿਰ ਪਹਿਲਾਂ ਆਪਣੇ ਹਿਰਦੇ ਦੀਆਂ ਡੂੰਘਾਈਆਂ ਵਿਚੋਂ ਇਉਂ ਗਾਉਂਦੀ ਤੇ ਸੁਣਾਉਂਦੀ ਰਹੀ ਸੀ:

> ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ।
> ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ, ਉਠਿ ਉਆਹੂ ਕਉ ਦਉਰਿਓ।
> ਆਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ।
> ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੈ ਲੇ ਮਾਨਿਓ।[25]

ਗੁਰੂ ਅਰਜਨ ਦੇਵ ਉਸ ਸਦੀਵੀ 'ਸਾਹਿਬ' ਤੋਂ ਆਪਣੇ ਲਈ ਤਾਂ ਹਮੇਸ਼ਾਂ ਇਹੋ ਕੁਝ ਮੰਗਦੇ ਰਹੇ ਸਨ ਅਤੇ ਉਸ ਦੀ ਆਗਿਆ ਵਿਚ, ਹੇਠ-ਲਿਖੇ ਬਚਨ ਅਨੁਸਾਰ, ਇਉਂ ਹੀ ਵਿਚਰਦੇ ਰਹੇ ਸਨ :

> ਤੇਰਾ ਕੀਆ ਮੀਠਾ ਲਾਗੈ, ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।[26]

ਪਰ ਜਿਥੋਂ ਤਕ ਸਮੁੱਚੀ ਮਨੁੱਖਤਾ ਦਾ ਸਬੰਧ ਹੈ, ਉਸ ਦੀ ਸੰਭਾਲ, ਸਹਾਇਤਾ ਤੇ ਪਾਲਣ-ਪੋਸਣ ਆਦਿ ਲਈ ਉਸ ਮਾਲਕ ਨੂੰ ਅਜਿਹੀਆਂ ਸਰਬ-ਹਿਤਕਾਰੀ ਅਪੀਲਾਂ ਆਪ ਹੀ ਇਉਂ ਕਰਦੇ ਰਹੇ ਸਨ:

> ਸਭੇ ਜੀਅ ਸਮਾਲਿ, ਅਪਣੀ ਮਿਹਰ ਕਰੁ।
> ਅੰਨੁ ਪਾਣੀ ਮੁਚੁ ਉਪਾਇ, ਦੁਖ ਦਾਲਦੁ ਭੰਨਿ ਤਰੁ।[27]

ਅਜਿਹੇ ਔਖੇ ਤੇ ਆਜ਼ਮਾਇਸ਼ੀ ਹਾਲਾਤ ਵਿਚ ਵੀ ਅਜਿਹੀ ਸਰਬਸੁਖਦਾਇਕ ਰੁਚੀ, ਸਮਦਰਿਸ਼ਟੀ ਤੇ ਕਾਰਗੁਜ਼ਾਰੀ ਕੇਵਲ ਕੋਈ ਅਜਿਹਾ ਕਾਮਲ ਤੇ ਪਰਉਪਕਾਰੀ ਮਹਾਂ ਪੁਰਖ ਹੀ ਕਾਇਮ ਰਖ ਸਕਦਾ ਹੈ ਜਿਸ ਦੇ ਤਨ ਤੇ ਮਨ ਵਿਚ ਅਕਾਲਪੁਰਖ ਦੀ ਹੋਂਦ ਤੇ ਮਿਹਰ ਉਤੇ ਵੀਹ ਵਿਸਵੇ (ਸੌ ਫੀ ਸਦੀ) ਭਰੋਸਾ ਹੋਵੇ; ਜੋ ਉਸ ਦੇ ਭੈ, ਭਾਉ ਤੇ ਭਗਤੀ ਵਿਚ ਤਨੋਂ-ਮਨੋਂ ਲੀਨ ਹੋਵੇ ; ਜੋ ਉਸ ਦੀ ਰਜ਼ਾ ਉਤੇ ਰਾਜ਼ੀ ਰਹਿਣ ਲਈ ਦਰਿੜ੍ਹ ਹੋਵੇ; ਜੋ ਆਪਣੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਵਾਲੇ ਅਕੀਦੇ ਦਾ ਪੂਰਾ ਪਾਬੰਦ ਹੋਵੇ; ਜੋ "ਸਰਬੱਤ ਦੇ ਭਲੇ" ਦਾ ਖ਼ਾਹਿਸ਼ਮੰਦ ਹੋਵੇ; ਜੋ ਲੋਕ-ਹਿੱਤਾਂ ਦੀ ਰਾਖੀ ਤੇ ਬਰਕਰਾਰੀ ਲਈ ਮਰ-ਮਿਟਣ ਲਈ ਵੀ ਤਿਆਰ-ਬਰ-ਤਿਆਰ ਹੋਵੇ; ਅਤੇ ਨਿਸਚੇ ਤੇ ਬਿਰਤੀ ਸਦਕੇ ਆਲ੍ਹਾ ਦਰਜੇ ਦੀ 'ਚੜ੍ਹਦੀ ਕਲਾ' ਦੀ ਸਪਿਰਿਟ ਨਾਲ ਵੀ ਲਬਰੇਜ਼ ਹੋਵੇ। ਗੁਰੂ ਅਰਜਨ ਦੇਵ ਜੀ ਦੀ ਅਜਿਹੀ ਅਨੂਠੀ ਸਪਿਰਿਟ ਅਤੇ ਅਦੁੱਤੀ ਸ਼ਹੀਦੀ ਨੇ ਹੀ ਉਨ੍ਹਾਂ ਦੇ ਇਸ ਅਟੱਲ ਸਿਧਾਂਤ ਤੇ ਵਿਸ਼ਵਾਸ਼ ਅਤੇ ਉਸ ਦੇ ਫਲਦਾਇਕ ਨਤੀਜੇ :

---

25. ਗੁਰੂ ਅਰਜਨ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਮਾਰੂ, ਪੰ. 1000
26. ਉਕਤ, ਰਾਗ ਆਸਾ, ਪੰ. 394.
27. ਉਕਤ, ਰਾਗ ਸਾਰੰਗ, ਪੰ. 1251.

ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ;
ਚਉਗਿਰਦ ਹਮਾਰੈ ਰਾਮ ਕਾਰ, ਦੁਖੁ ਲਗੈ ਨ ਭਾਈ।[28]

ਨੂੰ ਅਮਲੀ ਤੌਰ ਤੇ, ਆਪਣੇ ਲਾ-ਮਿਸਾਲ ਬਲੀਦਾਨ ਰਾਹੀਂ, ਸੱਚ ਕਰ ਵਿਖਾਇਆ ਸੀ। ਨਾਲ ਹੀ ਇਹ ਵੀ ਸਾਬਤ ਕਰ ਦਿੱਤਾ ਸੀ ਕਿ ਅਜਿਹੇ ਪਾਵਨ ਤੇ ਲੋਕ-ਹਿਤੈਸ਼ੀ ਆਦਰਸ਼ਾਂ ਤੇ ਸਿਧਾਂਤਾਂ ਉਤੇ, ਭਰਵੀਂ 'ਚੜ੍ਹਦੀ ਕਲਾ' ਸਹਿਤ ਆਖ਼ਰੀ ਦਮ ਤਕ, ਪਹਿਰਾ ਦੇਣ ਲਈ ਕੇਵਲ ਜੀਵਿਆ ਹੀ ਨਹੀਂ,ਮਰਿਆ ਵੀ ਜਾ ਸਕਦਾ ਹੈ :

ਰਤੇ ਸੇਈ ਜਿ ਮੁਖੁ ਨ ਮੋੜੰਨਿ, ਜਿਨੀ ਸਿਞਾਤਾ ਸਾਈ।
ਝੜਿ ਝੜਿ ਪਵਦੇ ਕਚੇ ਬਿਰਹੀ, ਜਿਨਾ ਕਾਰਿ ਨ ਆਈ ।[29]

ਅਜਿਹੇ ਆਦਰਸ਼ਾਂ, ਸਿਧਾਂਤਾਂ ਤੇ ਸਪਿਰਿਟ ਨੇ ਹੀ ਸਿੱਖ ਫੁਲਵਾੜੀ ਦੀ ਪਰਫੁੱਲਤਾ ਤੇ ਸਦੀਵਤਾ ਉਤੇ ਪੱਕੀ-ਪੀਡੀ ਮੁਹਰ ਵੀ ਲਾ ਦਿੱਤੀ ਸੀ। ਉਨ੍ਹਾਂ ਦੀ ਇਹੋ ਸਪਿਰਿਟ ਮਗਰਲੀਆਂ ਗੁਰੂ-ਜੋਤਾਂ ਅਤੇ ਸਮੂਹ ਗੁਰਸਿੱਖੀ ਵਿਚ ਵੀ ਛੇਤੀ ਹੀ ਸਿੰਜਰ ਤੇ ਪਸਰ ਗਈ ਸੀ। ਇਸ ਦੇ ਫਲਸਰੂਪ, ਸਾਰਾ ਕੌਮੀ ਜੀਵਨ, ਕਰਤੱਵ ਤੇ ਆਚਰਣ ਹੀ ਉਸੇ ਵਿਚ ਢਲੀਣ ਲਗ ਪਿਆ ਸੀ।

VI
ਛੇਵੀਂ ਪਾਤਸ਼ਾਹੀ, ਸ੍ਰੀ ਗੁਰੂ ਹਰਿ ਗੋਬਿੰਦ ਜੀ, ਦੇ ਸਮੇਂ
(1606-1644 ਈ.)

ਇਸ ਦਾ ਸਭ ਤੋਂ ਪਹਿਲਾ ਤੇ ਪ੍ਰਮੁੱਖ ਚਮਤਕਾਰ ਉਨ੍ਹਾਂ ਦੇ ਆਪਣੇ ਸੂਰਬੀਰ ਸਪੁੱਤਰ ਅਤੇ ਜਾਨਸ਼ੀਨ, ਗੁਰੂ ਹਰਿ ਗੋਬਿੰਦ ਸਾਹਿਬ,[1] ਦੇ ਜੀਵਨ-ਚਰਿੱਤ੍ਰ ਤੇ ਫ਼ੌਰੀ ਕਰਤੱਵ ਤੋਂ ਹੀ ਭਲੀ-ਭਾਂਤ ਪਰਗਟ ਹੋ ਗਿਆ ਸੀ।

ਸਿੱਖ ਧਰਮ ਵਿਚ 'ਚੜ੍ਹਦੀ ਕਲਾ' ਦੇ ਸੰਕਲਪ ਤੇ ਸਿਧਾਂਤ ਦੀ ਇਕ ਮਹਾਨ ਅਮਲੀ ਤੇ ਇਨਕਲਾਬੀ ਪ੍ਰਥਾ, 'ਮੀਰੀ-ਪੀਰੀ' ਦੀ ਪਰੰਪਰਾ, ਦਾ ਆਰੰਭ ਉਨ੍ਹਾਂ ਦੀ ਹੀ ਹਿੰਮਤ, ਸੂਰਬੀਰਤਾ ਤੇ ਦੂਰ-ਦਰਿਸ਼ਟੀ ਨਾਲ ਸਬੰਧਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ-ਬੀੜ ਦੇ ਲਿਖਾਰੀ, ਆਪ ਦੇ ਵਿਦਵਾਨ ਸਮਕਾਲੀ ਅਤੇ ਅੱਖੀਂ ਡਿੱਠ ਗਵਾਹ, ਭਾਈ ਗੁਰਦਾਸ , ਨੇ ਉਨ੍ਹਾਂ ਦੇ ਗੁਰਗੱਦੀ-ਪਰਵੇਸ਼ ਦਾ ਜ਼ਿਕਰ ਕਰਦਿਆਂ ਇਉਂ ਫ਼ੁਰਮਾਇਆ ਸੀ:

ਪੰਜਿ ਪਿਆਲੇ ਪੰਜਿ ਪੀਰ,
ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ,
ਮੂਰਤਿ ਹਰਿਗੋਬਿੰਦ ਸਵਾਰੀ।....
ਦਲਿਭੰਜਨ ਗੁਰੁ ਸੂਰਮਾ,
ਵਡ ਜੋਧਾ ਬਹੁ ਪਰਉਪਕਾਰੀ।...[2]

---

28. ਉਕਤ, ਰਾਗੁ ਬਿਲਾਵਲ, ਪੰ. 819.
29. ਗੁਰੂ ਅਰਜਨ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਸਲੋਕ ਵਾਰਾਂ ਤੇ ਵਧੀਕ, ਪੰਨਾ. 1424.
1. ਆਪ ਜੀ ਦਾ ਜਨਮ 19 ਜੂਨ 1595 ਈ. ਨੂੰ ਪਿਤਾ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ, ਵਿਖੇ ਹੋਇਆ ਸੀ; ਅਤੇ ਆਪ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤਿ ਸਮਾ ਗਏ ਸਨ।
2. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ. 1, ਪਉੜੀ ਨੰ. 48.

ਛੇਵੇਂ ਪਾਤਸ਼ਾਹ ਦੇ ਅਜਿਹੇ ਜਮਾਲ ਤੇ ਜਲਾਲ; ਸੁਭਾਅ ਤੇ ਸ਼ਖ਼ਸੀਅਤ ਅਤੇ ਦੋ ਤਲਵਾਰਾਂ ਦੀ ਸੱਜ ਤੇ ਮਹੱਤਾ ਨੂੰ ਅਬਦੁੱਲਾ ਤੇ ਨੱਥ ਮੱਲ ਨਾਂ ਦੇ ਦੋ ਉੱਘੇ ਸਮਕਾਲੀ ਢਾਡੀਆਂ ਨੇ ਵੀ ਉਦੋਂ ਇਕ ਬੜੀ ਭਾਵ-ਪੂਰਤ ਵਾਰ ਗਾਉਂਦਿਆਂ, ਉਨ੍ਹਾਂ ਦੀ ਭਰਪੂਰ 'ਚੜ੍ਹਦੀ ਕਲਾ' ਦਰਸਾਉਂਦਿਆਂ ਅਤੇ ਉਨ੍ਹਾਂ ਦੀ ਦਸਤਾਰ ਦਾ ਟਾਕਰਾ ਸਮੇਂ ਦੇ ਮੁਗ਼ਲ ਬਾਦਸ਼ਾਹ, ਜਹਾਂਗੀਰ, ਨਾਲ ਕਰਦਿਆਂ, ਇਉਂ ਬਿਆਨ ਕੀਤਾ ਸੀ :

ਦੋ ਤਲਵਾਰਾਂ ਬਧੀਆ, ਇਕ 'ਮੀਰ' ਦੀ ਇਕ 'ਪੀਰ' ਦੀ।
ਇਕ 'ਅਜ਼ਮਤ' ਦੀ ਇਕ 'ਰਾਜ' ਦੀ , ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਦੀ।
ਕਟਕ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗ਼ੀਰ ਦੀ।
ਪੱਗ ਤੇਰੀ ਕੀ ਜਹਾਂਗੀਰ ਦੀ![3]

ਇਹ ਇਤਿਹਾਸਕ ਵਾਰ ਜਦੋਂ ਤੇ ਜਿਥੇ ਉਨ੍ਹਾਂ ਵਲੋਂ ਗਾਈ ਸੁਣਾਈ ਗਈ ਸੀ, ਉਸ ਦਾ ਜ਼ਿਕਰ ਕਰਦਿਆਂ ਕਵਿ ਸੋਹਨ ਨੇ ਸੰਨ 1718 ਵਿਚ ਲਿਖਿਆ ਸੀ :

ਸੱਚਾ ਤਖ਼ਤ ਸੁਹਾਯੋ ਸ੍ਰੀ ਗੁਰ ਪਾਇ ਕੈ।
ਛੱਬ ਬਰਨੀ ਨਹਿ ਜਾਇ, ਕਹੋ ਕਿਆਂ ਗਾਇ ਕੈ.....
ਸ੍ਰੀ ਗੁਰ ਤਖ਼ਤ ਬਿਰਾਜੇ, ਪ੍ਰਭੂ ਧਿਆਇ ਕੈ।
ਮੀਰ ਅਬਦੁਲ ਔ ਨੱਥਾ, ਜੱਸ ਕਹੈ ਬਨਾਇ ਕੈ।[4]

2

ਤੇ ਇਹ ਇਕ ਇਤਿਹਾਸਕ ਸਚਾਈ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ, ਗੁਰੂ ਨਾਨਕ ਦੇਵ ਜੀ ਦੀ ਪਾਵਨ ਗੱਦੀ ਉਤੇ ਬੈਠਣ ਲਗਿਆਂ, ਸਮੇਂ ਤੇ ਸਥਿਤੀ ਨੂੰ ਮੁੱਖ ਰਖਦਿਆਂ, ਪਰਚਲਤ ਪ੍ਰਥਾ ਅਨੁਸਾਰ ' ਮੰਜੀ ਸਾਹਿਬ' ਉਤੇ ਗੱਦੀ-ਨਸ਼ੀਨ ਹੋਣ ਦੀ ਥਾਂ, ਆਪੇ ਬਣਵਾਏ ਇਕ 'ਚਬੂਤਰੇ' ਉਤੇ ਬੀਰ-ਆਸਣ ਜਮਾਅ ਕੇ ਬਿਰਾਜਮਾਨ ਹੋਏ ਸਨ। ਇਸੇ ਚਬੂਤਰੇ ਦਾ ਸ਼ੁਭ ਨਾਂ ਉਨ੍ਹਾਂ ਨੇ ਫਿਰ 'ਅਕਾਲ ਤਖ਼ਤ' (Throne of The Timeless God) ਰਖ ਦਿੱਤਾ ਸੀ, ਜਿਸ ਨੂੰ ਬਾਅਦ ਵਿਚ ਸਿੱਖ ਧਰਮ ਦਾ 'ਪਹਿਲਾ ਤਖ਼ਤ ' ਅਖਵਾਣ ਦਾ ਸੁਭਾਗ ਪਰਾਪਤ ਹੋਇਆ ਸੀ; ਅਤੇ ਜੋ ਉਦੋਂ ਤੋਂ ਹੀ ਪੰਥਕ ਸ਼ਕਤੀ ਤੇ ਜੱਥੇਬੰਦੀ ਦਾ ਸਿਰਮੌਰ ਕੇਂਦਰ ਤੇ ਸਿੱਖੀ ਦੀ 'ਚੜ੍ਹਦੀ ਕਲਾ' ਦਾ ਨਿਰੰਤਰ ਜ਼ਾਮਨ ਬਣਿਆ ਹੋਇਆ ਹੈ। ਇਸੇ ਤਰ੍ਹਾਂ, ਗੁਰੂ- ਘਰ ਦੇ ਇਸ ਇਤਿਹਾਸਕ ਅਵਸਰ 'ਤੇ, ਇਕ ਹੋਰ 'ਨਵੀਂ ਪਿਰਤ' ਪਾਉਂਦਿਆਂ, ਉਨ੍ਹਾਂ ਨੇ ਪਿਤਾ-ਪੁਰਖੀ ਮਾਲਾ ਤੇ ਸੇਲੀ ਪਹਿਨਣ ਦੀ ਥਾਂ, ਸਿਰ ਉਤੇ ਦਸਤਾਰ ਤੇ ਕਲਗੀ ਅਤੇ ਸੱਜੇ-ਖੱਬੇ ਦੋ ਤਲਵਾਰਾਂ ਸਜਾ ਲਈਆਂ ਸਨ। ਆਪ ਨੇ ਉਦੋਂ ਹੀ ਇਨ੍ਹਾਂ ਵਿਚੋਂ ਇਕ ਦਾ ਨਾਂ 'ਪੀਰੀ' ਤੇ ਦੂਜੀ ਦਾ ਨਾਂ 'ਮੀਰੀ' ਰਖਿਆ ਤੇ ਦਸਿਆ ਸੀ।

---

3. ਇਹ ਦੋਵੇਂ ਢਾਡੀ, ਪਿੰਡ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਦੇ ਵਸਨੀਕ ਦੱਸੇ ਜਾਂਦੇ ਹਨ। ਵੇਖੋ, ਪਦਮ, ਪ੍ਰੋ. ਪਿਆਰਾ ਸਿੰਘ, ਵਲੋਂ ਸੰਪਾਦਿਤ, ਪੰਜਾਬੀ ਵਾਰਾਂ, ਪਟਿਆਲਾ -1951, ਮੁੱਖਬੰਧ, ਪੰਨਾ ਵ; Trilochan Singh, Guru *Tegh Bahadur: Prophet and Martyr*, New Delhi-1961, p.11.
4. ਸੋਹਨ, ਕਵਿ, **ਗੁਰ ਬਿਲਾਸ ਛੇਵੀਂ ਪਾਤਸ਼ਾਹੀ**, ਨਾਨਕਸਰ- 1718, ਧਿਆਇ ਅਸਟਮੋ, ਪਦ 47; ਭਾਸ਼ਾ ਵਿਭਾਗ ਦੀ ਛਾਪ, ਪਟਿਆਲਾ-1970, ਪੰ. 142.

ਇਤਿਹਾਸ ਇਸ ਤੱਥ ਦਾ ਵੀ ਗਵਾਹ ਹੈ ਕਿ ਜਿਥੇ 'ਪੀਰੀ' ਨੂੰ 'ਧਰਮ', 'ਗੁਰੁਤਾ' ਜਾਂ 'ਅਧਿਆਤਮਕ ਪ੍ਰਭੁਤਾ' ਦੇ ਚਿੰਨ੍ਹ ਵਜੋਂ ਧਾਰਿਆ ਗਿਆ ਸੀ, ਉਥੇ 'ਮੀਰੀ' ਨੂੰ 'ਰਾਜ', 'ਬਾਦਸ਼ਾਹੀ' ਜਾਂ 'ਸੰਸਾਰਕ ਪ੍ਰਭੁਤਾ' ਦੇ ਚਿੰਨ੍ਹ ਵਜੋਂ ਸਜਾਇਆ ਗਿਆ ਸੀ।

ਅਜਿਹੀ ਵੱਖਰੀ ਤੇ ਵਚਿੱਤਰ ਕਾਰਵਾਈ ਵੇਖ ਕੇ, ਮੌਕੇ 'ਤੇ ਮੌਜੂਦ ਗੁਰਸਿੱਖਾਂ ਦੀ ਉਤਸੁਕ ਪੁੱਛ ਦੇ ਜਵਾਬ ਨੂੰ ਕਾਨੀ ਬੰਦ ਕਰਦਿਆਂ, ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

1. ਧਰੇ ਤੇਜ ਸਤਿਗੁਰੂ ਬਚ ਕਹੇ:
"ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ 'ਮੀਰੀ',
ਦੂਸਰ ਤੇ ਪੀਰਨਿ ਕੀ 'ਪੀਰੀ'।
'ਮੀਰੀ-ਪੀਰੀ' ਦੋਨੋਂ ਧਰੈਂ।
ਬਚਹਿ ਸ਼ਰਨਿ ਨਤੁ ਜੁਗ ਪਰਹਰੈਂ"।[5]

2. "ਇਹੁ 'ਮੀਰੀ ਪੀਰੀ' ਕੀ ਪਛਾਨ।
ਹੈ ਰਾਜ-ਜੋਗ ਗੁਰ-ਘਰ ਮਹਾਨ"।[6]

ਅਤੇ ਇਹ ਕੁਝ ਉਨ੍ਹਾਂ ਨੇ ਉਦੋਂ ਆਖਿਆ ਤੇ ਕਰ ਵਿਖਾਇਆ ਸੀ ਜਦੋਂ ਉਹ ਮਸਾਂ 14 ਕੁ ਵਰ੍ਹਿਆਂ ਦੇ ਸਨ; ਅਤੇ ਜਦੋਂ ਮੁਗਲ ਸ਼ਹਿਨਸ਼ਾਹ ਤੋਂ ਸਿਵਾ, ਕਿਸੇ ਨੂੰ ਵੀ ਆਪਣਾ ਤਖ਼ਤ ਉਸਾਰਨ ਅਤੇ ਉਸ ਉਤੇ ਜਾਨਸ਼ੀਨ ਹੋਣ ਦੀ ਆਗਿਆ ਨਹੀਂ ਸੀ। ਛੇਵੇਂ ਪਾਤਸ਼ਾਹ ਨੇ ਤਾਂ 12 ਫ਼ੁੱਟ ਉਚਾ ਤਖ਼ਤ ਉਸਾਰ ਕੇ ਆਪਣਾ ਦਰਬਾਰ ਵੀ ਸਜਾ ਲਿਆ ਸੀ ਪਰ ਔਰੰਗਜ਼ੇਬ ਦੇ ਵੱਡੇ ਸ਼ਹਿਜ਼ਾਦੇ, ਮੁਅੱਜ਼ਮ, ਨੇ ਜਦੋਂ ਕੇਵਲ ਦੋ ਫ਼ੁਟ ਉੱਚਾ ਚਬੂਤਰਾ ਬਣਵਾ ਕੇ ਆਪਣਾ ਦਰਬਾਰ ਲਾਇਆ ਸੀ ਤਾਂ ਉਸ ਨੂੰ ਸ਼ਹਿਨਸ਼ਾਹ-ਪਿਓ ਦੀ ਸਖ਼ਤ ਕਰੋਪੀ ਤੇ ਸਜ਼ਾ ਵੀ ਭੁਗਤਣੀ ਪਈ ਸੀ।

ਅਜਿਹੀ ਅਨੂਠੀ 'ਚੜ੍ਹਦੀ ਕਲਾ' ਦੇ ਸੂਚਕ ਇਸ ਕੌਤਕ ਤੇ ਹਕੀਕਤ ਦੀ ਇਕ ਹੋਰ ਇਤਬਾਰੀ ਗਵਾਹੀ ਸਿੱਖ ਧਰਮ ਦੇ ਪਹਿਲੇ ਗ਼ੈਰ-ਸਿੱਖ ਇਤਿਹਾਸਕਾਰ, ਮੋਬਿਦ ਜ਼ੁਲਫ਼ਿਕਾਰ ਅਰਦਿਸਤਾਨੀ, ਉਰਫ਼ ਮੁਹਸਿਨ ਫ਼ਾਨੀ (1615-1670), ਦੀ ਸਮਕਾਲੀ ਮੱਤਾਂ-ਮੱਤਾਂਤਰਾਂ ਬਾਰੇ ਸੰਨ 1645 ਵਿਚ ਲਿਖੀ ਹੋਈ ਪੁਸਤਕ, 'ਦਬਿਸਤਾਨੇ ਮਜ਼ਾਹਿਬ', ਵਿਚ ਅੰਕਿਤ ਹੈ। ਉਹ ਚੋਖਾ ਚਿਰ ਸਿੱਖਾਂ ਅਤੇ ਸਿੱਖ ਸਤਿਗੁਰਾਂ, ਗੁਰੂ ਹਰਿ ਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ, ਦੇ ਦਰਸ਼ਨ-ਪਰਸ਼ਨ, ਮੇਲ-ਮਿਲਾਪ ਤੇ ਵਿਚਾਰ-ਵਟਾਂਦਰੇ ਦਾ ਭਾਗੀ ਵੀ ਬਣਿਆ ਰਿਹਾ ਸੀ। ਗੁਰੂ ਸਾਹਿਬ ਦੀ ਮੀਰੀ ਤੇ ਪੀਰੀ ਪ੍ਰਥਾ, ਅਤੇ ਦੀਨੀ ਤੇ ਦੁਨਿਆਵੀ ਸ਼ੌਕਤ ਦਾ ਜ਼ਿਕਰ ਕਰਦਿਆਂ ਇਹ ਉਸੇ ਨੇ ਲਿਖਿਆ ਹੈ:

---

5. ਸੰਤੋਖ ਸਿੰਘ, ਭਾਈ, **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ**, ਉਹੀ, ਰਾਸ 4, ਅੰਸੂ 43, ਪਦ 22-23.
6. ਗਿਆਨ ਸਿੰਘ, ਗਿਆਨੀ, **ਗੁਰੂ ਪੰਥ ਪ੍ਰਕਾਸ਼**, ਅੰਮ੍ਰਿਤਸਰ- ਮਿਤੀ 1878 ਈ., ਪਹਿਲੀ ਛਾਪ, ਦਿੱਲੀ-1879 ਈ., ਪੂਰਬਾਰਧ, ਬਿਸ੍ਰਾਮ 21; ਸੰਪਾਦਿਤ ਵਲੋਂ ਗਿਆਨੀ ਕ੍ਰਿਪਾਲ ਸਿੰਘ, ਭਾਗ, ਪਹਿਲਾ, ਅੰਮ੍ਰਿਤਸਰ-1984, ਪੰ. 524.

اورا دشوارنہا پیش آمد یکے از آنست کہ وضع سپاہیاں پیش گرفت.
و برخلاف پدر شمشیر بست و نوکران نگاہ داشت و شکار کردن گرفت.

(دبستان مذاہب)

وگرو ہفت صد (۷۰۰) اسپ در طویلہ داشت. و سہ صد (۳۰۰) سوار و شصت (۶۰)
توپچی ہمیشہ در بندگی او بودند (دبستان مذاہب)

ਅਰਥਾਤ, "ਉਨ੍ਹਾਂ ਨੂੰ ਗੁਰਗੱਦੀ ਉਤੇ ਬਿਰਾਜਣ ਤੋਂ ਬਾਅਦ ਕਈ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉਨ੍ਹਾਂ ਨੇ ਫ਼ੌਜੀ ਬਾਣਾ ਪਹਿਨ ਲਿਆ ਹੈ ਅਤੇ ਆਪਣੇ ਪਿਤਾ ਜੀ ਦੀ ਰਹੁ-ਰੀਤ ਧਾਰਨ[8] ਤੋਂ ਛੁੱਟ, ਤਲਵਾਰ ਸਜਾ ਲਈ ਹੈ, ਨੌਕਰ ਰਖ ਲਏ ਹਨ ਅਤੇ ਸ਼ਿਕਾਰ ਖੇਡਣਾ ਵੀ ਸ਼ੁਰੂ ਕਰ ਦਿੱਤਾ ਹੈ। .... ਉਨ੍ਹਾਂ ਦੇ ਤਬੇਲੇ ਵਿਚ 700 ਘੋੜੇ ਮੌਜੂਦ ਹਨ। 3 ਸੌ ਸਵਾਰ ਅਤੇ 60 ਤੋਪਚੀ ਤਾਂ ਹਮੇਸ਼ਾਂ ਉਨ੍ਹਾਂ ਦੀ ਤਾਬਿਆ ਵਿਚ ਮੌਜੂਦ ਰਹਿੰਦੇ ਹਨ।"[7] ਉਸ ਨੇ ਅਗੇਰੇ ਜਾ ਕੇ ਇਹ ਵੀ ਦੱਸਿਆ ਸੀ : "ਸਿੱਖ ਲੋਕ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਰੱਬੀ ਜੋਤਿ ਸਮਝ ਕੇ ਪੂਜਦੇ ਹਨ"।[7]

ਜ਼ੁਲਫ਼ਿਕਾਰ ਦੇ ਉਕਤ ਅੱਖੀਂ-ਡਿੱਠੇ ਸਮਾਚਾਰ ਵੀ ਇਸ ਗੱਲ ਦੇ ਗਵਾਹ ਹਨ ਕਿ ਗੁਰੂ ਹਰਿ ਗੋਬਿੰਦ ਸਾਹਿਬ ਗੁਰਤਾ ਤੇ ਬਾਦਸ਼ਾਹਿਤ , ਦੋਹਾਂ, ਦੇ ਵਾਲੀ ਸਨ; ਮੀਰੀ ਤੇ ਪੀਰੀ, ਦੋਹਾਂ, ਦੇ ਮਾਲਕ ਸਨ; ਅਤੇ ਸੰਪੂਰਨ 'ਚੜ੍ਹਦੀ ਕਲਾ' ਦੀ ਲਖਾਇਕ ਇਸ ਵਚਿੱਤਰ ਤੇ ਸੰਮਿਲਿਤ ਪਰੰਪਰਾ ਦੇ ਸੰਚਾਲਕ ਵੀ ਸਨ।

ਤਦੇ ਤਾਂ ਇਕ ਹੋਰ ਨਿਕਟਵਰਤੀ ਅਤੇ ਉਨ੍ਹਾਂ ਦੀ ਸਿੱਖਿਆ- ਸਿਧਾਂਤ ਦੇ ਪ੍ਰਮੁੱਖ ਜਾਣਕਾਰ ਤੇ ਵਿਆਖਿਆਕਾਰ, ਉਕਤ ਭਾਈ ਗੁਰਦਾਸ ਜੀ, ਨੇ ਇਸ ਅਧਿਆਤਮਿਕਤਾ ਤੇ ਸੂਰਬੀਰਤਾ ਦੇ ਵਿਲੱਖਣ ਸੁਮੇਲ ਵਲ ਸੰਕੇਤ ਕਰਦਿਆਂ, ਉਪਰ ਦਸੇ ਅਨੁਸਾਰ, ਉਦੋਂ ਹੀ ਇਹ ਸਾਫ਼ ਲਿਖ ਦਿਤਾ ਸੀ :

1. ਦਲਿਭੰਜਨ ਗੁਰੁ ਸੂਰਮਾ,
ਵਡ ਜੋਧਾ, ਬਹੁ ਪਰਉਪਕਾਰੀ।...[9]
2. ਗੁਰ ਗੋਬਿੰਦੁ, ਗੋਵਿੰਦੁ ਗੁਰੁ;
ਹਰਿ ਗੋਵਿੰਦੁ ਸਦਾ ਵਿਗਸੰਦਾ।....
ਗੁਰਮੁਖਿ ਮਾਰਗਿ ਚਲਣਾ,
ਖੰਡੇ ਧਾਰ ਕਾਰ ਨਿਬਹੰਦਾ।[10]

---

7. ਮੁਹਸਿਨ ਫ਼ਾਨੀ, ਦਬਿਸਤਾਨੇ ਮਜ਼ਾਹਿਬ, ਉਹੀ, ਪੰਨਾ. 234, 235, 236.

8. ਭਾਈ ਗੁਰਦਾਸ ਅਨੁਸਾਰ ਉਹ ਕੇਵਲ ਆਪਣੇ ਪਿਤਾ-ਗੁਰੂ ਦੀ ਹੀ ਨਹੀਂ, ਸਗੋਂ ਉਨ੍ਹਾਂ ਤੋਂ ਵੀ ਪਹਿਲੇ ਗੁਰੂ ਸਾਹਿਬਾਂ ਵਾਲੀ ਕਾਰ ਹੀ ਨਿਭਾਅ ਰਹੇ ਸਨ ਅਤੇ ਉਨ੍ਹਾਂ ਦੇ ਦਿਖਾਏ ਰਾਹ ਉਤੇ ਹੀ ਤੁਰ ਰਹੇ ਸਨ :

ਸਤਿਗੁਰ ਵੰਸੀ ਪਰਮ ਹੰਸੁ, ਗੁਰਸਿਖ ਹੰਸ ਵੰਸੁ ਨਿਬਹੰਦਾ;
ਪਿਅ ਦਾਦੇ ਦੇ ਰਾਹ ਚਲੰਦਾ।
(ਵਾਰਾਂ, ਵਾਰ ਨੰ. 26, ਪਉੜੀ ਨੰ. 29.)

9. ਗੁਰਦਾਸ ਭੱਲਾ, ਭਾਈ, ਵਾਰਾਂ, ਉਹੀ, ਵਾਰ ਨੰ. 1, ਪਉੜੀ ਨੰ. 48.

10. ਉਕਤ, ਵਾਰ ਨੰ. 24, ਪਉੜੀ ਨੰ. 21; ਪੰਨਾ. 216.

ਇਉਂ ਛੇਵੇਂ ਪਾਤਸ਼ਾਹ, ਗੁਰੂ ਹਰਿ ਗੋਬਿੰਦ ਸਾਹਿਬ, ਨੇ ਮੀਰੀ ਤੇ ਪੀਰੀ, ਦੋਹਾਂ, ਦਾ ਸਾਂਝਾ ਤੇ ਸ਼ਕਤੀਸ਼ਾਲੀ ਚਿੰਨ੍ਹ ਅਤੇ 'ਚੜ੍ਹਦੀ ਕਲਾ' ਦੀ ਬਿਰਤੀ ਦਾ ਇਕ ਵਿਸ਼ੇਸ਼ ਅੰਗ ਤੇ ਬਿੰਬ, 'ਤਲਵਾਰ', ਅਪਣਾਅ ਕੇ ਧਰਮ, ਰਾਜ ਤੇ ਸਮਾਜ ਆਦਿ ਦੇ ਇਤਿਹਾਸ ਵਿਚ ਇਕ ਨਵੀਂ ਪਿਰਤ ਪਾ ਦਿੱਤੀ ਸੀ।

3

ਪਰ ਇਹ 'ਨਵੀਂ ਪਿਰਤ' ਉਸੇ 'ਪੁਰਾਣੀ ਪਰੰਪਰਾ', 'ਰਾਜ-ਜੋਗ', ਦੀ ਹੀ ਦੇਣ ਸੀ ਅਤੇ ਇਸ ਪਿਛੇ ਕੰਮ ਕਰ ਰਹੀ ਸਪਿਰਿਟ ਉਸੇ ਸ੍ਰੇਸ਼ਟ ਭਾਵਨਾ ਦੀ ਹੀ ਉਪਜ ਸੀ ਜਿਸ ਦਾ ਬੀਜ ਸਿੱਖੀ ਦੇ ਸੰਚਾਲਕ ਅਤੇ ਪਹਿਲੇ ਪਾਤਸ਼ਾਹ, ਸ੍ਰੀ ਗੁਰੂ ਨਾਨਕ ਦੇਵ ਜੀ, ਨੇ ਆਪੇ ਬੋਅ ਦਿੱਤਾ ਸੀ; ਅਤੇ ਜਿਸ ਦਾ ਪਾਲਣ-ਪੋਸ਼ਣ ਵੀ ਉਨ੍ਹਾਂ ਦੇ ਚਾਰ ਜਾਨਸ਼ੀਨ, ਬਾਵਾ ਸਰੂਪ ਦਾਸ ਭੱਲਾ ਅਨੁਸਾਰ, ਆਪੋ-ਆਪਣੇ ਸਮੇਂ ਤੇ ਸਥਿਤੀ ਦੀ ਲੋੜ ਅਨੁਸਾਰ ਕਰ ਚੁਕੇ ਸਨ :

ਪਾਂਚ ਪਾਤਿਸ਼ਾਹੀ ਮੋ ਰਖਾ,
'ਰਾਜ-ਜੋਗ' ਸਮ ਭਾਇ।
ਅਬ ਰਾਜ ਸਾਜ ਬਾਹਰ ਪ੍ਰਗਟ ਧਰਿਓ,
ਅੰਤਰਿ ਜੋਗ ਦੁਰਾਇ। [11]

ਗੁਰੂ ਨਾਨਕ ਪਾਤਸ਼ਾਹ ਦੇ ਹੀ ਵਰੋਸਾਏ ਹੋਏ ਅਤੇ ਛੇਵੀਂ ਪਾਤਸ਼ਾਹੀ ਨੂੰ ਵੀ ਜਾਨਸ਼ੀਨੀ ਦਾ ਤਿਲਕ ਲਾਉਣ ਵਾਲੇ ਮਹਾਂਪੁਰਸ਼, ਬਾਬਾ ਬੁੱਢਾ ਜੀ (1506-1631), ਦੀ ਹੀ ਇਕ ਮਾਰਮਕ ਪੁੱਛ ਦੇ ਜਵਾਬ ਵਿਚ, ਤਦੋਂ ਤਾਂ ਆਪ ਜੀ ਨੇ ਉਦੋਂ ਹੀ ਸਪੱਸ਼ਟ ਕਰ ਦਿੱਤਾ ਸੀ :

ਸਾਂਤ ਰੂਪ ਹਵੈ ਮੈਂ ਰਹੋਂ, ਹਰਿਮੰਦਰ ਕੇ ਮਾਹਿਂ,
ਰਜੋ ਰੂਪ ਇਹ ਨ ਰਹੌਂ, ਅਕਾਲ ਤਖ਼ਤ ਸੁਖ ਪਾਇ। [12]

ਪਰੰਤੂ ਇਹ ਵੀ ਇਕ ਹਕੀਕਤ ਹੈ ਕਿ ਸਿੱਖ ਇਤਿਹਾਸ ਨੇ ਉਨ੍ਹਾਂ ਦੇ ਗੁਰੂ-ਪਿਤਾ ਦੀ ਸ਼ਹੀਦੀ ਤੋਂ ਬਾਅਦ, ਇਕ ਨਵੀਂ ਕਰਵਟ ਲੈ ਲਈ ਸੀ ਅਤੇ ਉਨ੍ਹਾਂ ਦੇ ਸਪੁੱਤਰ-ਗੁਰੂ ਦੇ ਪਰਵੇਸ਼ ਨਾਲ, ਇਸ ਨੇ ਇਕ ਨਵਾਂ ਪਲਟਾ ਵੀ ਲੈ ਲਿਆ ਸੀ। ਇਸੇ ਇਤਿਹਾਸਕ ਕਰਵਟ ਨੂੰ ਮੁੱਖ ਰਖਦਿਆਂ, ਡਾ.ਟਰੰਪ ਨੇ, ਅਜ ਤੋਂ ਸਵਾ ਕੁ ਸੌ ਵਰ੍ਹੇ ਪਹਿਲਾਂ ਲਿਖਿਆ ਸੀ : Whichever way he died, his death was ascribed to the bigotry and cruelty of the Muhamadan Government, and his disciples were burning to revenge it. The death of Guru Arjan is, therefore, the great turning-point in the development of the Sikh Community, as from that time the struggle commenced which changed the whole character of this reformatory religious movement.[13] ਅਰਥਾਤ, "ਜਿਵੇਂ ਕਿਵੇਂ ਵੀ ਉਹ ਮੋਏ (ਜੋਤੀ-ਜੋਤਿ ਸਮਾਏ) ਸਨ, ਉਨ੍ਹਾਂ ਦੀ ਮੌਤ ਦੀ ਜ਼ਿਮੇਵਾਰ ਮੁਹੰਮਦੀ ਸਰਕਾਰ ਦਾ ਤੁਅੱਸਬ (ਹੱਠ-ਧਰਮੀ) ਤੇ ਜ਼ੁਲਮ-ਸਿਤਮ ਹੀ ਮੰਨਿਆ ਗਿਆ ਸੀ; ਅਤੇ ਉਨ੍ਹਾਂ ਦੇ ਅਨੁਯਾਈ ਇਸ ਦਾ ਬਦਲਾ ਲੈਣ ਲਈ ਲੂਸ ਰਹੇ ਸਨ। ਉਨ੍ਹਾਂ ਦੀ ਸ਼ਹਾਦਤ, ਇਸੇ ਲਈ,

---

11. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, 'ਸਾਖੀਆਂ ਛੇਵੀਂ ਪਾਤਿਸ਼ਾਹੀ ਕੀ', ਸਾਖੀ ਨੰ. 1, ਦੋਹਰਾ 1, ਪੰ. 420.

12. ਸੋਹਨ, ਗੁਰ ਬਿਲਾਸ ਛੇਵੀਂ ਪਾਤਸ਼ਾਹੀ, ਉਹੀ, ਧਿਆਇ 8, ਪਦ 75; ਛਾਪ, ਪੰ. 145.

13. Trumpp, *The Adi Granth*, op.cit. *Introductory Essays*, no.2, p.Lxxx ii.

ਸਿੱਖੀ ਦੇ ਵਿਕਾਸ ਵਿਚ ਇਕ ਮਹਾਨ ਮੋੜ ਦੀ ਸੂਚਕ ਹੈ, ਕਿਉਂਕਿ ਇਸ ਦਾ ਉਹ ਸੰਘਰਸ਼ ਉਦੋਂ ਤੋਂ ਹੀ ਆਰੰਭ ਹੋ ਗਿਆ ਸੀ ਜਿਸ ਨੇ ਇਸ ਦਾ ਕੇਵਲ ਸੁਧਾਰਕ ਤੇ ਧਾਰਮਕ ਲਹਿਰ ਹੀ ਹੋਣ ਦਾ ਸਾਰਾ ਚਰਿੱਤਰ ਹੀ ਬਦਲ ਦਿੱਤਾ ਸੀ।[13] ਮਕਾਲਿਫ਼ ਅਨੁਸਾਰ ਵੀ Thus did Guru Arjan... fall a victim to the bigotry and inhumanity of a Muhammadan emperor.[14] "ਗੁਰੂ ਅਰਜਨ ਦੇਵ ਇਉਂ ਇਕ ਮੁਸਲਮਾਣ ਸ਼ਹਿਨਸ਼ਾਹ ਦੇ ਤੁਅੱਸਬ ਤੇ ਵਹਿਸ਼ਤ(ਅਣਮਨੁੱਖੀ ਅਤਿਆਚਾਰ) ਦਾ ਸ਼ਿਕਾਰ ਹੋ ਗਏ ਸਨ।... ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿਰਫ਼ ਇਕ ਧਾਰਮਕ ਆਗੂ ਵਾਲੇ ਚਰਿੱਤਰ ਤੇ ਸਰੂਪ ਨੂੰ, ਪਰਗਟ ਤੌਰ ਤੇ, ਅਧਿਆਤਮਕ ਅਤੇ ਸੈਨਕ ਨੇਤਾ ਵਾਲੀ ਹਸੀਅਤ ਵਿਚ ਬਦਲ ਦਿੱਤਾ ਸੀ।"[14]

ਅਸਲੀਅਤ ਇਹ ਹੈ ਕਿ ਆਪ ਜੀ ਨੇ ਇਹ ਕੁਝ ਭਗਤੀ ਤੇ ਸ਼ਕਤੀ ਦਾ ਯੋਗ ਤੇ ਅਤਿ ਲੁੜੀਂਦਾ ਸੰਤੁਲਨ ਕਾਇਮ ਰਖਣ ਲਈ ਕੀਤਾ ਸੀ। ਆਪ ਨੇ ਤਾਂ ਆਪਣੇ ਨਿਕਟਵਰਤੀ ਮਹਾਂ ਵਿਦਵਾਨ ਤੇ ਵਿਆਖਿਆਕਾਰ, ਭਾਈ ਗੁਰਦਾਸ ਜੀ, ਦੇ ਸ਼ਬਦਾਂ ਵਿਚ 'ਧਰਮ' ਰੂਪੀ ਹਰਿਆਵਲੇ ਖੇਤ ਦੀ ਰਾਖੀ ਲਈ ਢਿੰਗਰੀ ਵਾਲੀ ਵਾੜ ਲਾਉਣੀ ਅਤੇ 'ਸਿੱਖੀ' ਰੂਪੀ ਫਲਦਾਰ ਬਾਗ਼ ਦੀ ਸੁਰੱਖਿਆ ਵਾਸਤੇ ਉਸ ਦੇ ਆਲੇ-ਦੁਆਲੇ ਕਿੱਕਰ ਦੀ ਵਲਗਣ ਬਣਾਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਭਾਣੇ, ਘਰ ਦੀ ਰਾਖੀ ਲਈ ਜਿਵੇਂ ਜੰਦਰੇ, ਕੁੱਤੇ ਜਾਂ ਪਹਿਰੇਦਾਰ ਦੀ ਲੋੜ ਹੁੰਦੀ ਹੈ, ਤਿਵੇਂ 'ਪੀਰੀ' ਦੀ ਸੁਰੱਖਿਆ ਤੇ ਪਰਫੁੱਲਤਾ ਲਈ 'ਮੀਰੀ' ਦੀ ਲੋੜ ਅਵੱਸ਼ ਹੁੰਦੀ ਹੈ:

> ਖੇਤੀ ਵਾੜਿ ਸੁ ਢਿੰਗਰੀ,
> ਕਿਕਰ ਆਸ ਪਾਸ ਜਿਉ ਬਾਗ਼ੈ।
> ਸਪ ਪਲੇਟੇ ਚੰਨਣੈ,
> ਬੂਹੈ ਜੰਦਾ, ਕੁਤਾ, ਜਾਗੈ।[15]

ਅਜਿਹੀ 'ਮੀਰੀ' ਉਸ 'ਰਾਜ-ਜੋਗ' ਦੀ ਬਰਕਰਾਰੀ ਤੇ 'ਚੜ੍ਹਦੀ ਕਲਾ' ਲਈ ਵੀ ਅਤੀ ਜ਼ਰੂਰੀ ਸਮਝੀ ਗਈ ਸੀ ਜੋ, ਭੱਟ ਕਲ੍ਯ ਅਨੁਸਾਰ, ਸਿੱਖ ਧਰਮ ਦੇ ਆਦਿ ਗੁਰੂ ਜੀ ਨੇ ਸਥਾਪਿਆ ਅਤੇ ਮਾਣਿਆ ਸੀ:

> ਕਬਿ ਕਲ ਸੁਜਸੁ ਗਾਵਉ ਗੁਰ ਨਾਨਕ,
> ਰਾਜੁ ਜੋਗੁ ਜਿਨਿ ਮਾਣਿਓ।[16]

ਅਤੇ ਜੋ ਸਮਕਾਲੀ ਭੱਟ ਕਲ੍ਯ ਤੇ ਨਲ੍ਯ ਅਨੁਸਾਰ, ਆਪ ਜੀ ਦੇ ਦਾਦਾ-ਗੁਰੂ, ਗੁਰੂ ਰਾਮ ਦਾਸ ਜੀ, ਨੂੰ ਉਨ੍ਹਾਂ ਦੇ ਸਹੁਰਾ-ਗੁਰੂ, ਗੁਰੂ ਅਮਰਦਾਸ ਜੀ, ਤੋਂ ਸਿਲਸਲੇਵਾਰ ਪਰਾਪਤ ਹੋਇਆ ਸੀ:

> 1. ਗੁਰੁ ਨਾਨਕੁ ਅੰਗਦੁ ਅਮਰੁ, ਭਗਤ ਹਰਿ ਸੰਗਿ ਸਮਾਣੇ,
> ਇਹੁ 'ਰਾਜ ਜੋਗ' ਗੁਰ ਰਾਮ ਦਾਸ, ਤੁਮ ਹੂ ਰਸੁ ਜਾਣੇ।[17]

---

14. Macauliffe, *The Sikh Religion*, op cit., Vol. III, p. 100. ਹੋਰ ਵੇਖੋ Latif, *History of the Panjab*, op.cit; p. 254; Banerjee, Indu Bhusan, *The Evolution of the Khalsa*. Vol. 1, Calcutta-1936, p. 11; Narang, *Transformation of Sikhism*, op.cit; p. 73.
15. ਭਾਈ ਗੁਰਦਾਸ, ਵਾਰਾਂ, ਉਹੀ, ਵਾਰ ਨੰ. 26, ਪਉੜੀ ਨੰ. 25.
16. ਕਲ੍ਯ ਭੱਟ, 'ਸਵਈਏ ਮਹਲੇ ਪਹਿਲੇ ਕੇ', ਨੰ. 2, **ਗੁਰੂ ਗ੍ਰੰਥ ਸਾਹਿਬ**, ਪੰ. 1389.
17. ਉਕਤ, 'ਸਵਈਏ ਮਹਲੇ ਚਉਥੇ ਕੇ', ਨੰ. 12, ਉਕਤ, ਪੰ. 1398.

2. ਸਭ ਬਿਧਿ ਮਾਨਿਉ ਮਨੁ,
ਤਬ ਹੀ ਭਯਉ ਪ੍ਰਸੰਨੁ,
'ਰਾਜੁ ਜੋਗੁ' ਤਖਤੁ ਦੀਅਨੁ ਗੁਰ ਰਾਮਦਾਸ।[18]

ਅਤੇ ਇਹ ਸਭ ਕੁਝ ਉਸ ਹੁਕਮ ਤੇ ਹਦਾਇਤ ਮੁਤਾਬਕ ਹੀ ਸੀ ਜੋ, ਮਕਾਲਿਫ ਅਨੁਸਾਰ, ਗੁਰੂ-ਪਿਤਾ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ, ਉਨ੍ਹਾਂ ਨੂੰ ਲਾਹੌਰ, ਰਾਵੀ ਦੇ ਕੰਢਿਉਂ ਉਥੇ ਹਾਜ਼ਰ ਗੁਰਿਸਿੱਖਾਂ ਰਾਹੀਂ, ਆਪਣੇ ਅੰਤਮ ਸੁਨੇਹੇ ਦੇ ਰੂਪ ਵਿਚ ਭੇਜੀ ਸੀ : "ਮੇਰੇ ਬੇਟੇ, ਸ੍ਰੀ ਹਰਿ ਗੋਬਿੰਦ, ਪਾਸ ਜਾਓ ਅਤੇ ਉਨ੍ਹਾਂ ਨੂੰ ਮੇਰੇ ਵਲੋਂ ਧਰਵਾਸ ਤੇ ਦਿਲਾਸਾ ਦਿਓ। ਉਨ੍ਹਾਂ ਨੂੰ ਕਹੋ ਕਿ ਉਹ ਨਾ ਤਾਂ ਕੋਈ ਸੋਗ ਮਨਾਉਣ ਅਤੇ ਨਾ ਹੀ ਵਿਰਲਾਪ ਕਰਨ, ਸਗੋਂ ਪ੍ਰਭੂ ਦੀ ਉਸਤਤਿ ਗਾਉਣ ਅਤੇ ਮੇਰੇ ਪਰਵਾਰ ਦੇ ਹੋਰ ਜੀਆਂ ਨੂੰ ਵੀ ਗ਼ਮਗ਼ੀਨ ਹੋਣ ਤੋਂ ਰੋਕੇ ਰਖਣ। ਉਹ ਆਪਣੇ ਤਖ਼ਤ ਉਤੇ ਪੂਰੀ ਤਰ੍ਹਾਂ ਸ਼ਸਤਰਬਧ ਹੋ ਕੇ ਬਿਰਾਜਣ ਅਤੇ ਆਪਣੀ ਵਧ ਤੋਂ ਵਧ ਵਿਤ ਤੇ ਸਮਰੱਥਾ ਅਨੁਸਾਰ ਫ਼ੌਜ ਤਿਆਰ ਕਰਨ। ਉਹ ਆਪਣੇ ਮੱਥੇ ਉਤੇ ਗੁਰਤਾ ਦਾ ਤਿਲਕ ਲਗਾਉਣ... ਅਤੇ ਪਹਿਲੇ ਗੁਰੂ ਸਾਹਿਬਾਨ ਦੇ ਆਚਾਰ-ਵਿਹਾਰ ਤੇ ਰੀਤ-ਰਿਵਾਜ ਦੇ ਵੀ ਧਾਰਨੀ ਰਹਿਣ।"[19] ਪ੍ਰੋ. ਆਰਚਰ ਅਨੁਸਾਰ, "ਗੁਰੂ ਅਰਜਨ ਦੇਵ ਦੇ These last words began to pass through Indian bazars and along the pilgrim routes, and a change of mood prevailed among the Sikhs."[20] "ਇਨ੍ਹਾਂ ਆਖ਼ਰੀ ਸ਼ਬਦਾਂ ਦਾ ਚਰਚਾ ਹਿੰਦੁਸਤਾਨ ਦੇ ਬਜ਼ਾਰਾਂ ਤੇ ਯਾਤਰੀ-ਮਾਰਗਾਂ ਉਤੇ ਸ਼ੁਰੂ ਹੋ ਗਿਆ ਸੀ, ਅਤੇ ਸਿੱਖਾਂ ਦੀ ਮਨੋਦਸ਼ਾ ਵਿਚ ਇਕ ਤਬਦੀਲੀ ਜਹੀ ਪਸਰ ਗਈ ਸੀ।"[20]

ਉਨ੍ਹਾਂ ਦੀ ਸ਼ਹਾਦਤ ਨੇ ਗੁਰੂ ਨਾਨਕ ਦੇਵ ਜੀ ਦੇ ਉਸ ਸਿਧਾਂਤ ਤੇ ਹਦਾਇਤ ਦੀ ਪੂਰਤੀ ਵੀ ਆਪਣੇ ਅਜਿਹੇ ਸੰਪੂਰਨ ਆਤਮ-ਸਮਰਪਨ ਨਾਲ ਕਰ ਦਿੱਤੀ ਸੀ ਜੋ ਆਦਿ ਗੁਰੂ ਜੀ ਦੇ ਹੇਠ-ਲਿਖੇ ਬਚਨ ਵਿਚ ਇਉਂ ਸੁਰੱਖਿਅਤ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ, ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ,
ਸਿਰੁ ਦੀਜੈ, ਕਾਣਿ ਨ ਕੀਜੈ।[21]

ਗੁਰੂ-ਪਿਤਾ ਜੀ ਦੇ ਇਸ ਅਦੁੱਤੀ ਬਲੀਦਾਨ ਨੇ ਇਹ ਵੀ ਸਾਬਤ ਕਰ ਦਿੱਤਾ ਸੀ ਕਿ ਕਿਸੇ ਮਹਾਨ

---

18. ਨਲ੍ਹ ਭੱਟ, 'ਸਵਈਏ ਮਹਲੇ ਚਉਥੇ ਕੇ', ਨੰ. 4, ਉਕਤ, ਪੰ. 1399.
19. "Go to my son, the holy Har Gobind, and give him my ample consolation. Bid him not to mourn or indulge in commonly lamentations but sing God's praises. Let him restratin from grief the other members of my family. Let him sit fully armed on his throne and maintain an army to the best of his ability. Let him affix the patch of Guruship to his forehead....and adopt the practices of preceding Gurus. (Macauliffe, *The Sikh Religion*, op.cit, Vol. III, p. 99).
20. Archer, J.C., *The Sikhs, in Relation to Hindus, Moslems, Christians and Ahmadiyas,* Princeton-1946, p.
21. ਗੁਰੂ ਨਾਨਕ ਦੇਵ, 'ਸ੍ਰੀ ਗੁਰੂ ਗ੍ਰੰਥ ਸਾਹਿਬ, 'ਸਲੋਕ ਵਾਰਾਂ ਤੇ ਵਧੀਕ', ਪੰ. 1412.

ਆਤਮਾ ਲਈ ਪਾਵਨ ਅਤੇ ਨੇਕ ਹੋਣ ਦੇ ਨਾਲ ਨਾਲ, ਸਾਹਸੀ ਤੇ ਦਲੇਰ ਹੋਣਾ ਵੀ ਅਤੀ ਜ਼ਰੂਰੀ ਹੈ; ਅਤੇ ਆਪਣੇ ਵਿਸ਼ਵਾਸਾਂ ਦੀ ਪਰਖ ਤੇ ਪਰੀਖਿਆ ਵਾਸਤੇ ਮਰ-ਮਿਟਣ ਲਈ ਵੀ ਤਿਆਰ-ਬਰ-ਤਿਆਰ ਰਹਿਣਾ ਇਕ ਲਾਜ਼ਮੀ ਧਾਰਮਕ ਤੇ ਸਦਾਚਾਰਕ ਫ਼ਰਜ਼ ਹੈ। ਇਸ ਤੋਂ ਇਲਾਵਾ, ਉਨ੍ਹਾਂ ਦੇ ਆਪਣੇ ਹੀ ਹੇਠ-ਲਿਖੇ ਸ਼ੁਭ ਬਚਨ ਅਨੁਸਾਰ, ਉਸ ਦਾ ਨਿਰਮਾਣ, ਨਿਸ਼ਕਾਮ, ਸਮਰਪਿਤ ਅਤੇ ਰੱਬੀ ਭਾਣੇ ਦਾ ਸ਼ਾਕਰ ਹੋਣਾ ਵੀ ਜ਼ਰੂਰੀ ਹੈ:

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸਿ।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।[22]

4

ਸੋ, ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪਣੇ ਆਦਿ ਸਤਿਗੁਰਾਂ ਦੀ ਨਾਮ-ਸਿਮਰਨ, ਪ੍ਰਭੂ-ਭਗਤੀ ਤੇ ਪਰਉਪਕਾਰ ਆਦਿ ਵਾਲੀ ਪ੍ਰਥਾ ਨੂੰ ਉਸੇ ਤਰ੍ਹਾਂ ਜਾਰੀ ਰਖਿਆ ਅਤੇ "ਪਹਿਲਾ ਮਰਣੁ ਕਬੂਲਿ" ਵਾਲੀ ਮੰਗ ਦੀ ਪੂਰਤੀ ਵੀ ਸਾਕਾਰ ਕਰਦਿਆਂ ਜ਼ਾਲਮ ਰਾਜ ਨਾਲ ਸਿੱਧੀ ਟੱਕਰ ਲੈਣ ਤੇ ਉਸ ਦੀ ਅਨਿਆਂਈ ਪ੍ਰਣਾਲੀ ਨੂੰ ਵੰਗਾਰਨ ਦੀ ਬਾ-ਕਮਾਲ ਦਲੇਰੀ ਵੀ ਕਰ ਵਿਖਾਈ ਸੀ।

ਉਨ੍ਹਾਂ ਨੇ ਹਿੰਦੂ ਸਮਾਜ ਉਤੇ ਮੁਸਲਮ ਸਾਮਰਾਜ ਵਲੋਂ ਲਾਈਆਂ ਹੋਈਆਂ ਅਨੁਚਿਤ ਰੋਕਾਂ ਤੇ ਪੱਖਪਾਤੀ ਬੰਦਸ਼ਾਂ ਨੂੰ ਬਖ਼ੂਬੀ ਵੰਗਾਰਿਆ। ਉਨ੍ਹਾਂ ਬੰਦਸ਼ਾਂ ਤੇ ਬੰਧਨਾਂ ਦੀ ਖੁਲ੍ਹੇਆਮ ਉਲੰਘਣਾ ਕਰਦਿਆਂ, ਮੁਗ਼ਲ ਬਾਦਸ਼ਾਹਾਂ ਵਾਂਗ ਹੀ, ਘੋੜੇ ਦੀ ਅਸਵਾਰੀ ਕੀਤੀ ਤੇ ਕਰਵਾਈ, ਸ਼ਸਤਰ ਰੱਖੇ ਤੇ ਰਖਵਾਏ , ਜੰਗੀ ਕਰਤਬ ਕੀਤੇ ਤੇ ਕਰਵਾਏ, ਅਤੇ ਸ਼ਿਕਾਰ ਵੀ ਖੇਡੇ ਤੇ ਖਿਡਵਾਏ ਸਨ। ਇਸ ਤੋਂ ਛੁੱਟ, 'ਮੰਜੀ' ਜਾਂ 'ਗੱਦੀ' ਦੀ ਥਾਂ ਤਖ਼ਤ ਬਣਵਾਇਆ, ਆਪਣੀ ਅਦਾਲਤ ਲਾਈ, ਫ਼ੌਜ ਤਿਆਰ ਕੀਤੀ, ਜਲੂਸ ਕੱਢਵਾਏ, ਛਤਰ ਝੁਲਵਾਏ, ਨਗਾਰੇ ਵਜਵਾਏ, ਝੰਡੇ ਲਹਿਰਾਏ; ਅਤੇ ਆਪਣੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਕਰਨ ਲਈ ਮੱਲ-ਅਖਾੜੇ ਲੁਆਏ ਅਤੇ ਉਨ੍ਹਾਂ ਨੂੰ ਯੁੱਧ ਦੀ ਸਿੱਖਿਆ ਦੇਣੀ ਵੀ ਆਰੰਭ ਦਿੱਤੀ ਸੀ। ਸ਼ਰਧਾਲੂਆਂ ਵਲੋਂ, ਗੁਰੂ-ਭੇਟਾ ਵਜੋਂ, ਵਧੀਆ ਸ਼ਸਤਰ ਤੇ ਸੁੰਦਰ ਘੋੜੇ ਵੀ ਪਰਵਾਨ ਕਰਨ ਲੱਗ ਪਏ ਸਨ। ਆਪਣੇ ਨਾਮਲੇਵਿਆਂ ਦੇ ਹਿਰਦਿਆਂ ਵਿਚ ਇਕ ਅਜਿਹੀ ਰੂਹ ਫੂਕਣੀ ਵੀ ਸ਼ੁਰੂ ਕਰ ਦਿੱਤੀ ਸੀ ਜਿਸ ਸਦਕੇ ਉਹ ਹੋਰਨਾਂ ਨਾਲੋਂ ਨਿਆਰੇ ਜਾਪਣ ਲੱਗ ਪਏ ਸਨ। ਆਪ ਦੀ ਆਪਣੀ ਸ਼ਾਹਸਵਾਰੀ, ਸੂਰਬੀਰਤਾ, ਸ਼ਸਤਰੀ-ਸੱਤਾ ਤੇ ਸ਼ਾਹੀ ਠਾਠ-ਬਾਠ ਦੀ ਧਾਰਨੀ 'ਚੜ੍ਹਦੀ ਕਲਾ' ਨੇ ਤਾਂ ਸਮੇਂ ਦੇ ਸ਼ਹਿਨਸ਼ਾਹ ਅਤੇ ਆਪ ਦੇ ਗੁਰੂ-ਪਿਤਾ ਦੀ ਸ਼ਹੀਦੀ ਦੇ ਜ਼ਿੰਮੇਵਾਰ ਹਾਕਮ ਤੇ ਉਸ ਦੀ ਸਰਕਾਰ ਨੂੰ ਵੀ ਹਰਾਨ-ਪਰੇਸ਼ਾਨ ਕਰ ਦਿੱਤਾ ਸੀ, ਇੰਨਾ ਤੇ ਅਜਿਹਾ ਕਿ ਬਾਵਾ ਸਰੂਪ ਦਾਸ ਭੱਲਾ ਦੇ ਸ਼ਬਦਾਂ ਵਿਚ –

ਅਦਭੁਤ ਜਮਾਲ ਤੇਜ ਤਨ ਬਿਰਾਜੈ।
ਦੇਖਤ ਸ਼ਾਹ ਵਜ਼ੀਰ ਮਨ ਲਾਜੈ।
ਤੁਰੰਗ ਅਰਾਕੀ ਪਰ ਅਸਵਾਰ।
ਭੂਖਨ, ਰਤਨ, ਸ਼ਸਤ੍ਰ ਝਲਕਾਰ।
ਜਹਾਂਗੀਰ ਉਮਰਾਇ ਸਭ, ਦੇਖਤ ਭਏ ਬਿਸਮਾਦ।
ਕੋ ਸਮਸਰ ਤਾ ਕੇ ਜਗਤ, ਜਾ ਕੋ ਅੰਤ ਨ ਆਦਿ।[23]

22. ਗੁਰੂ ਅਰਜਨ ਦੇਵ, ਉਕਤ, ਰਾਗੁ ਮਾਰੂ, ਪੰ. 1102.
23. ਭੱਲਾ, ਸਰੂਪ ਦਾਸ, **ਮਹਿਮਾ ਪ੍ਰਕਾਸ਼**, ਉਹੀ, ਸਾਖੀ ਨੰ. 3, ਚੌਪਈ 5, ਦੋਹਰਾ 6, ਪੰ. 427.

ਗੁਰੂ ਹਰਿ ਗੋਬਿੰਦ ਸਾਹਿਬ ਦੇ ਅਜਿਹੇ 'ਚੜ੍ਹਦੀ -ਕਲਾ-ਪੂਰਤ' ਜਲੌ ਅਤੇ ਮੀਰੀ-ਪੀਰੀ ਵਾਲੇ ਠਾਨ-ਬਾਨ ਨੂੰ ਵੇਖ ਕੇ, ਗੁਜਰਾਤ (ਪਾਕਿਸਤਾਨ) ਦੇ ਪ੍ਰਸਿੱਧ ਫ਼ਕੀਰ, ਸ਼ਾਹ ਦੌਲਾ, ਦਾ ਇਕ 'ਕਰਾਮਾਤੀ' ਚੇਲਾ, ਜਹਾਂਗੀਰ, ਵੀ ਇਉਂ ਹੀ ਹਰਾਨ ਹੋ ਗਿਆ ਸੀ। ਉਹ ਤਾਂ ਇਹ ਸੋਚ ਹੀ ਨਹੀਂ ਸਕਦਾ ਸੀ ਕਿ ਅਜਿਹੇ ਲਾਉ-ਲਸ਼ਕਰ, ਸ਼ਾਨ-ਸ਼ੌਕਤ, ਇਸਤਰੀ, ਪੁੱਤਰ ਤੇ ਦੌਲਤ ਦਾ ਮਾਲਕ ਅਤੇ ਹਿੰਦੂ ਜਾਤੀ ਦਾ ਕੋਈ ਜੰਮ-ਪਲ ਕਦੇ ਵੀ ਕਿਤੇ ਕੋਈ ਪੀਰ ਫ਼ਕੀਰ ਬਣ ਕੇ, ਅਜਿਹੀ ਮਾਨਤਾ ਪਰਾਪਤ ਕਰ ਸਕਦਾ ਹੈ। ਇਸੇ ਲਈ ਉਸ ਨੇ, ਆਪਣੀ ਜਾਚੇ, ਬੜੇ ਵਿਅੰਗ ਨਾਲ ਪੁਛਿਆ ਸੀ :

ਪੁੱਤਰ ਕੀ ਤੇ ਵੈਰਾਗ ਕੀ ?
ਦੌਲਤ ਕੀ ਤੇ ਤਿਆਗ ਕੀ ?
ਔਰਤ ਕੀ ਤੇ ਫ਼ਕੀਰੀ ਕੀ ?
ਹਿੰਦੂ ਕੀ ਤੇ ਪੀਰੀ ਕੀ ?[24]

ਪਰ ਉਸ ਦੀਆਂ ਇਨ੍ਹਾਂ ਪੁੱਛਾਂ ਦਾ, ਭਰਵੀਂ 'ਚੜ੍ਹਦੀ ਕਲਾ' ਵਿਚ, ਦੋ-ਟੂਕ ਜਵਾਬ ਦੇਂਦਿਆਂ, 'ਸੱਚੇ ਪਾਤਸ਼ਾਹ' ਨੇ ਫ਼ਰਮਾਇਆ ਸੀ :

ਪੁੱਤਰ ਨਿਸ਼ਾਨ ਹੈ।
ਦੌਲਤ ਗੁਜ਼ਰਾਨ ਹੈ।
ਔਰਤ ਈਮਾਨ ਹੈ।
ਫ਼ਕੀਰ ਨਾ ਹਿੰਦੂ, ਨਾ ਮੁਸਲਮਾਨ ਹੈ।[24]

ਇਉਂ ਹੀ, ਉਨ੍ਹਾਂ ਦੀ ਗੜ੍ਹਵਾਲ-ਯਾਤਰਾ ਦੌਰਾਨ, ਉਨ੍ਹਾਂ ਦੇ ਅਜਿਹੇ ਵਚਿੱਤਰ ਤੇ ਸ਼ਸਤਰਧਾਰੀ ਜਾਹੋ-ਜਲਾਲ ਨੂੰ ਵੇਖਦਿਆਂ, ਉਦੋਂ ਉਧਰ ਵਿਚਰ ਰਹੇ ਸ਼ਿਵਾ ਜੀ ਮਰਹੱਟਾ ਦੇ ਧਰਮ-ਗੁਰੂ, ਸ੍ਰੀ ਸਮਰਥ ਰਾਮ ਦਾਸ ਜੀ, ਨੇ ਵੀ ਬੜੇ ਹੈਰਾਨੀ-ਭਰੇ ਲਹਿਜੇ ਵਿਚ ਆਖਿਆ ਸੀ:

"ਮੈਂ ਸੁਣਿਆ ਸੀ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਉਤੇ ਹੁਣ ਤੁਸੀਂ ਬਿਰਾਜੇ ਹੋਏ ਹੋ। ਗੁਰੂ ਨਾਨਕ ਤਾਂ ਤਿਆਗੀ ਸਾਧੂ ਸਨ। ਉਨ੍ਹਾਂ ਨੇ ਤਾਂ ਸੰਸਾਰ ਤਿਆਗਿਆ ਹੋਇਆ ਸੀ, ਪਰ ਤੁਸੀਂ ਤਾਂ ਤਲਵਾਰਾਂ ਪਹਿਨੀਆਂ ਹੋਈਆਂ ਹਨ, ਘੋੜੇ ਰੱਖੇ ਹੋਏ ਹਨ ਅਤੇ ਫ਼ੌਜ ਬਣਾਈ ਹੋਈ ਹੈ; ਨਾਲੇ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਣ ਦੀ ਆਗਿਆ ਦਿੱਤੀ ਹੋਈ ਹੈ। ਅਜਿਹੀ ਅਦਭੁਤ ਹਾਲਤ ਵਿਚ ਤੁਸੀਂ ਕਿਸ ਕਿਸਮ ਦੇ ਸਾਧੂ ਹੋ ? "[25]

ਪਰ 'ਚੜ੍ਹਦੀ ਕਲਾ' ਦੇ ਸੁੰਦਰ-ਸਰੂਪ, ਗੁਰੂ ਹਰਿ ਗੋਬਿੰਦ ਸਾਹਿਬ, ਨੇ ਉਨ੍ਹਾਂ ਨੂੰ ਵੀ ਉਸੇ ਦਮ ਬੜੇ ਹੁਲਾਸ ਤੇ ਵਿਸ਼ਵਾਸ ਨਾਲ ਇਉਂ ਦਸਿਆ ਸੀ :

"ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ (ਭਾਵ ਸੰਤਾਈ ਸਾਡੇ ਹਿਰਦੇ ਅੰਦਰ ਵਸ ਰਹੀ ਹੈ ਅਤੇ ਪ੍ਰਭੁਤਾ ਬਾਹਰਵਾਰ ਪਰਗਟ ਹੈ)। ਇਹ ਸ਼ਸਤਰ ਗ਼ਰੀਬੋਂ ਕੀ ਰੱਖਿਆ (ਔਰ) ਜਰਵਾਣੇਂ ਕੀ ਭੱਖਿਆ (ਕੇ

---

24. ਕਰਤਾਰ ਸਿੰਘ, ਪ੍ਰੋ., ਸਿੱਖ ਇਤਿਹਾਸ, ਉਹੀ, ਪੰ. 244- 45; Gandhi, Surjit Singh, *History of The Sikh Gurus,* New Delhi-1978, p. 98.

ਲਈ ਹੈ)। ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਾ ਥਾ (ਉਨ੍ਹਾਂ ਨੇ ਤਾਂ) ਮਾਇਆ ਤਿਆਗੀ ਥੀ।"[25] ਸਮਰਥ ਰਾਮ ਦਾਸ ਜੀ ਇਹ ਜਵਾਬ ਸੁਣ ਕੇ ਬਹੁਤ ਪ੍ਰਸੰਨ ਹੋਏ ਸਨ ਅਤੇ ਸਹਿਜ-ਸੁਭਾ ਬੋਲ ਉਠੇ ਸਨ : "ਯਿਹ ਹਮਾਰੇ ਮਨ ਭਾਵਤੀ ਹੈ।"[25] ਅਤੇ ਉਨ੍ਹਾਂ ਨੇ ਮਗਰੋਂ ਸ਼ਿਵਾ ਜੀ ਮਰਹੱਟਾ ਨੂੰ ਵੀ ਇਸੇ 'ਚੜ੍ਹਦੀ ਕਲਾ-ਪੂਰਤ' ਵਿਚਾਰ ਤੇ ਦ੍ਰਿਸ਼ਟੀ ਦੇ ਆਧਾਰ 'ਤੇ ਉਪਦੇਸ਼ਿਆ ਅਤੇ ਅਨਿਆਂਈ ਮੁਗ਼ਲ ਸਾਮਰਾਜ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਕਰ ਦਿੱਤਾ ਸੀ। ਡਾ. ਗੰਡਾ ਸਿੰਘ ਅਨੁਸਾਰ, The vision of Guru Har Gobind and Samrath Ramdas was fulfilled in the eighteenth century, when the disciples of these great teachers, the Sikhs in the north and the Marathas in the south, smashed to pieces the tyrannous empire of the great Mughals.[26] ਅਰਥਾਤ, "ਗੁਰੂ ਹਰਿ ਗੋਬਿੰਦ ਸਾਹਿਬ ਅਤੇ ਸਮਰਥ ਰਾਮਦਾਸ ਜੀ ਦੀ ਸੂਝ-ਵਿਚਾਰ ਅਗਲੀ, ਭਾਵ ਅਠ੍ਹਾਰਵੀਂ, ਸਦੀ ਵਿਚ ਉਦੋਂ ਫਲੀਭੂਤ ਵੀ ਹੋ ਗਈ ਸੀ ਜਦੋਂ ਇਨ੍ਹਾਂ ਦੋ ਮਹਾਨ ਉਪਦੇਸ਼ਕਾਂ ਦੇ ਅਨੁਯਾਈਆਂ—ਉੱਤਰ ਵਿਚ ਸਿੱਖਾਂ ਅਤੇ ਦੱਖਣ ਵਿਚ ਮਰਹੱਟਿਆਂ—ਨੇ ਮਹਾਨ ਮੁਗ਼ਲ ਬਾਦਸ਼ਾਹਾਂ ਦੇ ਜ਼ਾਲਮ ਸਾਮਰਾਜ ਨੂੰ ਭੰਨ-ਤੋੜ ਕੇ ਟੋਟੇ-ਟੋਟੇ ਕਰ ਦਿੱਤਾ ਸੀ"।[26]

5

ਸੋ, ਗੁਰੂ ਹਰਿ ਗੋਬਿੰਦ ਸਾਹਿਬ ਦੇ ਇਸ ਅਲੌਕਿਕ ਪਰੋਗਰਾਮ ਤੇ ਰੂਹ-ਪਰਵਰ ਪੈਗ਼ਾਮ ਨੇ ਆਪਣਾ ਧਰਮ-ਕਰਮ, ਹਿੰਮਤ-ਗ਼ੈਰਤ ਤੇ ਆਨ-ਅਣਖ ਗੁਆ ਚੁਕੇ ਨਿਤਾਣੇ ਤੇ ਨਿਮਾਣੇ ਹਿੰਦੁਸਤਾਨੀਆਂ ਵਿਚ ਭਗਤੀ ਤੇ ਸ਼ਕਤੀ, ਦੇਗ ਤੇ ਤੇਗ਼, ਅਤੇ ਰਾਜ ਤੇ ਜੋਗ ਦੇ ਅਜਿਹੇ ਸਾਵੇਂ ਤੇ ਸੁਚੱਜੇ ਸੁਮੇਲ ਰਾਹੀਂ, 'ਚੜ੍ਹਦੀ ਕਲਾ' ਦੇ ਅਜਿਹੇ ਨਵੇਂ ਨਾਅਰੇ ਤੇ ਹੁਲਾਰੇ ਨਾਲ, ਨਿਸਚੇ ਹੀ, ਇਕ ਨਵਾਂ ਚਾਅ ਤੇ ਉਤਸ਼ਾਹ, ਹਿੰਮਤ ਤੇ ਹੌਂਸਲਾ ਪੈਦਾ ਕਰ ਦਿੱਤਾ ਸੀ। ਸਤਿਗੁਰਾਂ ਦੇ ਨਾਮ-ਲੇਵਿਆਂ ਵਿਚ ਤਾਂ ਇਕ ਅਨੂਠੀ ਜਹੀ ਬੀਰ-ਭਾਵਨਾ ਵੀ ਉਮਕ ਪਈ ਸੀ ਅਤੇ 'ਚੜ੍ਹਦੀ ਕਲਾ' ਵਾਲੀ ਸਪਿਰਿਟ ਵੀ ਆਪਣੇ ਪਰਗਟ ਰੂਪ ਵਿਚ ਉਮਡ ਆਈ ਸੀ। ਪਰ ਇਹ ਕੁਝ ਵੀ ਐਨ ਉਸੇ ਸਿਧਾਂਤ ਅਤੇ ਉਸ ਦੀ ਹੋ ਰਹੀ ਪੈਰਵੀ ਦਾ ਹੀ ਹਿੱਸਾ ਸੀ ਜਿਸ ਦਾ ਸੰਖੇਪ ਜਿਹਾ ਜ਼ਿਕਰ ਉਪਰ ਹੋ ਚੁਕਾ ਹੈ। ਇਹ ਵੀ 'ਚੜ੍ਹਦੀ ਕਲਾ' ਦੀ ਉਸੇ ਮਹਾਨ ਬਿਰਤੀ ਨੂੰ ਪਰਸਾਰਣ ਲਈ ਆਰੰਭੇ ਗਏ ਪਰੋਗਰਾਮ ਦਾ ਹੀ ਇਕ ਹੋਰ, ਭਾਵੇਂ ਬੜਾ ਅਹਿਮ ਤੇ ਯਾਦਗਾਰੀ, ਪੜਾਅ ਸੀ।

ਫਿਰ ਕਮਾਲ ਇਹ ਕਿ ਆਪ ਦੇ ਗੁਰੂ-ਪਿਤਾ, ਗੁਰੂ ਅਰਜਨ ਦੇਵ ਜੀ, ਇਸ ਸਭ ਕੁਝ ਨੂੰ ਪਹਿਲਾਂ ਹੀ ਅਨੁਭਵ ਕਰ ਕੇ, ਲੁੜੀਂਦੀ ਤਿਆਰੀ ਵੀ ਸ਼ੁਰੂ ਕਰਵਾ ਚੁਕੇ ਸਨ। ਭਾਈ ਗੁਰਦਾਸ ਜੀ ਦੀ ਹੇਠ-ਲਿਖੀ ਤੁਕ :

ਸੰਗਾਰੂ ਜੈਤਾ ਭਲਾ, ਸੂਰਬੀਰ ਮਨਿ ਪਰਉਪਕਾਰਾ।[27]

ਦੀ ਵਿਆਖਿਆ ਕਰਦਿਆਂ, ਭਾਈ ਮਨੀ ਸਿੰਘ ਜੀ ਸ਼ਹੀਦ (1669-1737) ਨੇ ਦਸਿਆ ਹੈ ਕਿ ਜਦੋਂ ਭਾਈ

---

25. **ਪੋਥੀ ਪੰਜਾਹ ਸਾਖੀਆਂ**, ਡਾ. ਗੰਡਾ ਸਿੰਘ ਨੂੰ ਹਰਿਆਣਾ (ਹੁਸ਼ਿਆਰਪੁਰ) ਤੋਂ ਪਰਾਪਤ ਇਕ ਹੱਥ-ਲਿਖਤ ਅਨੁਸਾਰ। ਵੇਖੋ ਅਗਲਾ ਪੈਰੀ-ਨੋਟ।
26. Ganda Singh, Dr., *The Sikhs and their Religion*, Redwood City (U.S.A.) -1974, p. 11.
27. ਭਾਈ ਗੁਰਦਾਸ, **ਵਾਰਾਂ**, ਉਹੀ, ਵਾਰ ਨੰ. 11, ਪਉੜੀ ਨੰ. 28.

ਸਿਗਾਰੂ ਤੇ ਭਾਈ ਜੈਤਾ, ਜੋ ਆਪਣੀ ਸੂਰਬੀਰਤਾ ਤੇ ਪਰਉਪਕਾਰ ਸਦਕੇ ਬੜੇ ਪ੍ਰਸਿੱਧ ਸਨ, ਪੰਜਵੇਂ ਪਾਤਸ਼ਾਹ ਜੀ ਦੀ ਸ਼ਰਨ ਵਿਚ ਆਏ ਸਨ ਤਾਂ ਗੁਰੂਦੇਵ ਨੇ ਬਾਲ ਹਰਿ ਗੋਬਿੰਦ ਜੀ ਨੂੰ ਸ਼ਸਤ੍ਰ-ਸਿੱਖਿਆ ਲਈ ਉਨ੍ਹਾਂ ਦੇ ਸਪੁਰਦ ਕਰਦਿਆਂ ਫ਼ਰਮਾਇਆ ਸੀ :

ਅਸਾਂ ਜੋ ਸ਼ਸਤਰ ਪਕੜਨੇ ਹੈਨਿ,
ਸੋ ਗੁਰੂ ਹਰਿ ਗੋਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ।
ਸਮਾਂ ਕਲਿਜੁਗ ਦਾ ਵਰਤਣਾ ਹੈ;
ਸ਼ਸਤਰਾਂ ਦੀ ਵਿਦਿਆ ਕਰ,
ਮੀਰ ਦੀ ਮੀਰੀ ਖਿੱਚ ਲੈਣੀ ਹੈ
ਤੇ ਸ਼ਬਦ ਦੀ ਪ੍ਰੀਤ ਸਮਝ ਕਰ,
ਪੀਰ ਦੀ 'ਪੀਰੀ' ਲੈ ਲੈਣੀ ਹੈ।[28]

ਗੁਰੂ ਅਰਜਨ ਦੇਵ ਜੀ ਦੇ ਆਪਣੇ ਗੁਰੂ-ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰੂ-ਦਾਦਾ ਅਤੇ ਚੌਥੇ ਪਾਤਸ਼ਾਹ, ਗੁਰੂ ਰਾਮ ਦਾਸ ਜੀ, ਦੇ ਹੇਠ-ਲਿਖੇ ਪਾਵਨ ਬਚਨ ਵੀ ਅਜਿਹੀ ਬਦਲਦੀ ਸਥਿਤੀ ਤੇ ਉਸ ਦੇ ਫਲ-ਸਰੂਪ ਉਤੇਜਿਤ ਹੋਈ 'ਚੜ੍ਹਦੀ ਕਲਾ' ਦੇ ਸੰਕਲਪ ਤੇ ਪਿਛੋਕੜ ਨੂੰ ਜਾਣਨ ਅਤੇ ਸਮਝਣ ਵਿਚ ਕਾਫ਼ੀ ਸਹਾਈ ਹੁੰਦੇ ਹਨ :

ਜਿਨ ਕਉ ਆਪਿ ਦੇਇ ਵਡਿਆਈ,
ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ।
ਡਰੀਐ ਤਾ ਜੇ ਕਿਛੁ ਆਪਦੂ ਕੀਚੈ,
ਸਭੁ ਕਰਤਾ ਆਪਣੀ ਕਲਾ ਵਧਾਏ।
ਦੇਖਹੁ ਭਾਈ! ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ,
ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ।
ਆਪਣਿਆ ਭਗਤਾ ਦੀ ਰਖ ਕਰੇ ਹਰਿ ਸੁਆਮੀ ,
ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ।[29]

ਅਜਿਹੇ ਨਿਰਭੈਤਾ-ਪੂਰਵਕ ਕਥਨ ਦੇ ਧਨੀ ਦੇ ਮਹਾਨ ਸਪੁੱਤਰ, ਪੰਜਵੇਂ ਪਾਤਸ਼ਾਹ, ਨੇ ਹੀ ਅਜਿਹੇ ਪਿਛੋਕੜ ਤੇ ਉਕਤ ਅਗੋਕੜ ਨੂੰ ਹੀ ਮੁੱਖ ਰਖਦਿਆਂ, ਉਪਰ-ਵਰਣਿਤ, 'ਮਿਹਰਵਾਣ ਦੇ ਹੁਕਮ' ਅਤੇ 'ਹਲੇਮੀ ਰਾਜ' ਦੀ ਕਾਇਮੀ ਦਾ ਐਲਾਨ ਕੀਤਾ ਸੀ। ਇਸ ਹੋਣੀਆਂ-ਪੂਰਤ ਐਲਾਨ ਤੇ 'ਚੜ੍ਹਦੀ ਕਲਾ' ਦੀ ਸੂਚਕ ਪੇਸ਼ੀਨਗੋਈ ਨੇ ਸਿੱਖ ਹਿਰਦੇ ਨੂੰ ਜੋ ਹੁਲਾਰਾ ਦਿੱਤਾ ਸੀ, ਉਹ ਉਨ੍ਹਾਂ ਦੀ ਸ਼ਹੀਦੀ ਤੋਂ ਤੁਰਤ ਮਗਰੋਂ, ਉਨ੍ਹਾਂ ਦੇ ਆਪਣੇ ਸਪੁੱਤਰ, ਗੁਰੂ ਹਰਿ ਗੋਬਿੰਦ ਸਾਹਿਬ, ਦੀ ਹੋਈ ਮੀਰੀ-ਪੀਰੀ ਵਾਲੀ ਗੱਦੀ-ਨਸ਼ੀਨੀ ਦੀ ਉਕਤ ਰਸਮ ਤੋਂ ਵੀ ਵਿਦਿਤ ਹੈ।

ਇਹ ਉਨ੍ਹਾਂ 'ਚੜ੍ਹਦੀ ਕਲਾ-ਪੂਰਤ' ਉਪਦੇਸ਼ਾਂ ਤੋਂ ਵੀ ਪਰਗਟ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਆਭਿਤ ਸੁਇਨੀ ਤੇ ਭਾਈ ਪਰਤਾਪਾ ਨੂੰ ਦਿੱਤੇ ਸਨ। ਭਾਈ ਮਨੀ ਸਿੰਘ ਅਨੁਸਾਰ, "ਆਭਿਤ ਸੁਇਨੀ ਗੁਰੂ ਅਰਜਨ ਜੀ

28. ਮਨੀ ਸਿੰਘ ਸ਼ਹੀਦ, ਭਾ., ਸਿੱਖਾਂ ਦੀ ਭਗਤਮਾਲਾ (ਭਗਤ ਰਤਨਾਵਲੀ), ਅੰਮ੍ਰਿਤਸਰ-1736 ਦੇ ਲਾਗੇ - ਚਾਗੇ ; ਭਾਈ ਵੀਰ ਸਿੰਘ ਵਲੋਂ ਸੰਪਾਦਿਤ, ਅੰਮ੍ਰਿਤਸਰ-1922, ਪੰਨਾ 150-51.
29. ਗੁਰੂ ਰਾਮ ਦਾਸ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਗਉੜੀ, ਪੰ. 307.

ਦੀ ਸਰਨ ਆਇਆ। 'ਜੋ ਅਸੀਂ ਸ਼ਸਤ੍ਰ ਬੰਧਦੇ ਹਾਂ ਤੇ ਯੁੱਧ ਕਰਦੇ ਹਾਂ, ਸਾਡਾ ਉਧਾਰ ਕਿਉਂਕਰ ਹੋਵੇਗਾ?' ਤਾਂ ਬਚਨ ਹੋਇਆ,

''ਤੁਸਾਂ ਜੁਧ ਦੇ ਸਮੇਂ ਧਿਆਨ ਮਹਾਰਾਜ (ਪਰਮਾਤਮਾ) ਦਾ ਕਰਨਾ ਜੋ ਸਾਰੰਗ ਧਨਖ ਧਾਰ ਕੇ ਦੈਂਤਾਂ ਦਾ ਸੰਘਾਰ ਕਰਦੇ ਹੈਨ। ਤੇ ਧਰਮ ਦਾ ਜੁਧ ਕਰਨਾ ਜੋ ਗਰੀਬਾਂ ਨੂੰ ਰੰਞਾਵਣੇ ਉਸ ਨਾਲ ਜੁਧ ਕਰਨਾ।ਤੁਸਾਡੀ ਵਿਜੈ ਭੀ ਹੋਵੇਗੀ ਤੇ ਮੁੱਖ ਭੀ ਉੱਜਲ ਹੋਵੈਗਾ''।[30]

ਇਸ ਸਭ ਕੁਝ ਨੇ ਸਿੱਖ-ਸੰਗਤਾ ਨੂੰ ਇਸ ਗੱਲ ਦਾ ਯਕੀਨ ਦੁਆ ਦਿੱਤਾ ਸੀ ਕਿ ਉਨ੍ਹਾਂ ਦੇ ਜੀਉਂਦੇ ਤੇ ਥੀਉਂਦੇ ਰਹਿਣ ਲਈ ਹੁਣ ਜ਼ਰੂਰੀ ਹੋ ਗਿਆ ਸੀ ਕਿ ਉਹ, ਉਕਤ ਸਿਧਾਂਤ ਅਨੁਸਾਰ, ਸਦਾ 'ਚੜ੍ਹਦੀ ਕਲਾ' ਵਿਚ ਵਿਚਰਦੇ ਰਹਿਣ ਲਈ ਆਪਣੇ ਗੁਰੂ ਵਾਂਗ ਹੀ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦੇ ਨਾਲ ਨਾਲ, ਆਪਣੇ ਆਪ ਨੂੰ ਸੁਸਤਰਬਧ ਕਰਨ ਅਤੇ ਸਮਾਂ ਆਉਣ 'ਤੇ ਆਪਣੇ ਅੰਦਰਲੇ ਬਾਹਰਲੇ ਵੈਰੀਆਂ ਨਾਲ ਲੋਹਾ ਲੈਣ ਲਈ ਵੀ ਸਦਾ ਤਿਆਰ-ਬਰ-ਤਿਆਰ ਰਹਿਣ।[31]

6

ਅਤੇ ਉਹ ਨਾਜ਼ਕ ਸਮਾਂ ਆਉਣ ਵਿਚ ਮਸਾਂ ਵੀਹ ਸਾਲ ਹੀ ਗੁਜ਼ਰੇ ਸਨ। ਪ੍ਰੇਮ-ਪਿਆਰ, ਸੇਵਾ-ਸਿਮਰਨ, ਅਮਨ-ਸ਼ਾਂਤੀ, ਲੋਕ-ਭਲਾਈ ਅਤੇ ਏਕਤਾ-ਸੱਜਣਤਾ ਦਾ ਜੀਵਨ ਜੀਉਣ ਦੇ ਚਾਹਵਾਨ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਲੋਕ-ਹਿੱਤਾਂ ਦੀ ਰੱਖਿਆ ਤੇ ਹੋਰ ਕੌਮੀ ਫ਼ਰਜ ਨਿਭਾਉਣ ਲਈ; ਦੇਸ-ਵਾਸੀਆਂ ਨੂੰ ਮੁਗ਼ਲ ਸਰਕਾਰ ਦੇ ਤੁਅੱਸਬੀ ਜ਼ੁਲਮ-ਜਬਰ ਤੋਂ ਬਚਾਉਣ ਲਈ ; ਅਤੇ ਉਨ੍ਹਾਂ ਦੀ ਅਣਖ਼ ਤੇ ਸਵੈ-ਸਨਮਾਨ ਦੀ ਬਹਾਲੀ ਤੇ ਬਰਕਰਾਰੀ ਲਈ ਹਕੂਮਤੀ ਨਸ਼ੇ ਤੇ ਦੀਨਵੀ ਜੋਸ਼ ਵਿਚ ਭੂਤਰੀ ਹੋਈ ਬਦੇਸੀ ਸਰਕਾਰ ਅਤੇ ਉਸ ਦੇ ਹੰਕਾਰੇ ਤੇ ਆਪ-ਹੁਦਰੇ ਹਾਕਮਾਂ ਨਾਲ ਇਕ-ਇਕ ਕਰਕੇ ਚਾਰ ਲੜਾਈਆਂ ਲੜਨ ਲਈ ਮਜਬੂਰ ਹੋਣਾ ਪੈ ਗਿਆ ਸੀ।[32]

ਉਨ੍ਹਾਂ ਅਸਾਵੀਆਂ ਮੁੱਠ-ਭੇੜਾਂ ਦੌਰਾਨ ਆਪ ਜੀ ਨੂੰ ਕਈ ਵਾਰ ਥਾਂ-ਟਿਕਾਣੇ ਵੀ ਬਦਲਣੇ ਪਏ ਸਨ—ਪਹਿਲਾਂ ਅੰਮ੍ਰਿਤਸਰ ਤੋਂ ਝਬਾਲ, ਫਿਰ ਸ੍ਰੀ ਹਰਿਗੋਬਿੰਦਪੁਰ, ਉਪਰੰਤ ਕਰਤਾਰਪੁਰ, ਫਿਰ ਫਗਵਾੜੇ ਅਤੇ ਆਖ਼ਰ ਕੀਰਤਪੁਰ। ਪਰ ਉਨ੍ਹਾਂ ਨੇ ਕਦੇ ਵੀ, ਕਿਤੇ ਵੀ, ਕਿਸੇ ਦੀ ਵੀ ਈਨ ਨਹੀਂ ਮੰਨੀ ਸੀ; ਅਤੇ ਘੋਰ ਬਿਖੜੇ ਹਾਲਾਤ ਵਿਚ ਵੀ ਸਦਾ 'ਚੜ੍ਹਦੀ ਕਲਾ' ਵਿਚ ਵਿਚਰਦੇ ਤੇ ਜੂਝਦੇ ਰਹੇ ਸਨ।

ਸ਼ਾਹ ਜਹਾਨ ਬਾਦਸ਼ਾਹ ਦੀ ਮੁਗ਼ਲ ਸੈਨਾ ਨਾਲ ਪਹਿਲੀ ਲੜਾਈ[33] ਤਾਂ ਆਪ ਨੂੰ, ਸੰਨ 1628 ਵਿਚ, ਅੰਮ੍ਰਿਤਸਰ ਵਿਖੇ ਉਦੋਂ ਅਚਾਨਕ ਲੜਨੀ ਪੈ ਗਈ ਸੀ ਜਦੋਂ ਆਪ ਆਪਣੀ ਬੇਟੀ, ਬੀਬੀ ਵੀਰੋ ਜੀ, ਦੇ ਸ਼ੁਭ

---

30. ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ, ਉਹੀ, ਸਾਖੀ ਨੰ. 95, ਸੰਪਾਦਿਤ ਵਲੋਂ ਡਾ. ਤਰਲੋਚਨ ਸਿੰਘ ਬੇਦੀ, ਪਟਿਆਲਾ - 1986, ਪੰ. 114 ਅਤੇ 121.

31. ਵੇਖੋ :Banerjee, Indubhusan, *Evolution of the Khalsa,* Vol. II, Calcutta-1947, p. 32.

32. ਇਨ੍ਹਾਂ ਦੇ ਵੇਰਵੇ ਲਈ ਵੇਖੋ : Fauja Singh, Dr., *Chronology of the Battles of Guru Hargobind* in the *Punjab History Conference Proceedings,* Patiala-1971.

33. ਇਹ ਲੜਾਈ ਸਿੱਖ ਇਤਿਹਾਸ ਦਾ ਵੀ ਪਹਿਲਾ ਯੁੱਧ ਸੀ ਅਤੇ ਇਸ ਵਿਚ ਹੋਈ ਕਾਮਯਾਬੀ ਸਿੱਖ ਧਰਮ ਦੀ ਵੀ ਪਹਿਲੀ ਸੈਨਕ ਸਫ਼ਲਤਾ ਸੀ।

ਵਿਆਹ ਦੇ ਆਹਰ-ਪਾਹਰ ਵਿਚ ਰੁੱਝੇ ਹੋਏ ਸਨ। ਜਿਸ ਦਲੇਰੀ, ਭਰੋਸੇ ਅਤੇ 'ਚੜ੍ਹਦੀ ਕਲਾ' ਨਾਲ ਆਪ ਨੇ ਪਰਵਾਰ ਨੂੰ ਝਬਾਲ ਪਹੁੰਚਾਇਆ; ਮੁਗ਼ਲ ਸੈਨਾ ਦੇ ਜਰਨੈਲ, ਮੁਖ਼ਲਿਸ ਖ਼ਾਨ, ਨੂੰ ਆਪਣੇ ਖੰਡੇ ਨਾਲ ਹੀ ਪਾਰ ਬੁਲਾਇਆ; ਉਸ ਦੀ ਬਚੀ-ਖੁਚੀ ਫ਼ੌਜ ਨੂੰ ਹਰਾਇਆ ਤੇ ਨਠਾਇਆ ; ਅਤੇ ਬੇਟੀ ਦਾ ਕਾਰਜ ਵੀ ਐਨ ਮਿਥੇ ਹੋਏ ਦਿਨ ਜਾ ਭੁਗਤਾਇਆ, ਉਸ ਦਾ ਬਿਆਨ ਤਾਂ ਲਫ਼ਜ਼ਾਂ ਦਾ ਮੁਥਾਜ ਹੈ। ਇਸ ਵਿਚ ਹੋਈ ਅਜਿਹੀ ਜਿੱਤ ਨੇ ਜਿਥੇ ਮੁਗ਼ਲਾਂ ਦੀ ਅਜਿੱਤਤਾ ਦਾ ਜਾਦੂ ਚੂਰ ਚੂਰ ਕਰ ਦਿੱਤਾ ਸੀ, ਉਥੇ ਗੁਰੂ ਸਾਹਿਬ ਦੀ ਦਲੇਰੀ, ਸੂਰਬੀਰਤਾ ਤੇ 'ਚੜ੍ਹਦੀ ਕਲਾ' ਦਾ ਅਜਿਹਾ ਰੁਅਬ ਤੇ ਵਕਾਰ ਵੀ ਪੈਦਾ ਕਰ ਦਿੱਤਾ ਸੀ ਕਿ, ਸਰ ਜਾਦੂ ਨਾਥ ਸਰਕਾਰ ਦੇ ਲਫਜ਼ਾਂ ਵਿਚ, Many men came to enlist under the Guru's banner. They said that none else had power to contend with the Emperor.[33] ਅਰਥਾਤ, "ਬਹੁਤ ਸਾਰੇ ਮਰਦ ਗੁਰੂ ਸਾਹਿਬ ਦੇ ਝੰਡੇ ਹੇਠ ਭਰਤੀ ਹੋਣ ਲਈ ਆ ਗਏ ਸਨ। ਉਨ੍ਹਾਂ ਆਖਿਆ ਸੀ ਕਿ ਸ਼ਹਿਨਸ਼ਾਹ ਨਾਲ ਟੱਕਰ ਲੈਣ ਦੀ ਹੋਰ ਕਿਸੇ ਵਿਚ ਵੀ ਅਜਿਹੀ ਸ਼ਕਤੀ ਨਹੀਂ ਸੀ।"[34]

ਗੁਰੂ ਸਾਹਿਬ ਨੇ ਚਾਰੇ ਯੁੱਧ, ਇਉਂ ਹੀ, ਖ਼ੁਦ ਆਪ ਉਨ੍ਹਾਂ ਵਿਚ ਸ਼ਾਮਲ ਹੋ ਕੇ ਲੜੇ ਸਨ ਅਤੇ ਸਾਰਿਆਂ ਵਿਚ ਫ਼ਤਿਹ ਵੀ ਪਾਈ ਸੀ। ਪਰ ਉਨ੍ਹਾਂ ਆਪਣੇ ਵਲੋਂ ਪਹਿਲ ਕਦੇ ਵੀ, ਕਿਤੇ ਵੀ ਨਹੀਂ ਕੀਤੀ ਸੀ। ਅਤੇ ਉਪਰੋਕਤ ਸਮਕਾਲੀ ਇਤਿਹਾਸਕਾਰ, ਮੋਹਸਿਨ ਫ਼ਾਨੀ, ਅਨੁਸਾਰ ਸ਼ਾਨਦਾਰ ਜਿੱਤਾਂ ਪਰਾਪਤ ਕਰ ਕੇ ਵੀ ਆਪ ਨੇ ਇਕ ਇੰਚ ਤਕ ਦੀ ਧਰਤੀ ਵੀ ਨਹੀਂ ਮੱਲੀ ਸੀ ਅਤੇ ਨਾ ਹੀ ਕਿਤੇ ਕੋਈ ਲੁੱਟ-ਮਾਰ ਹੋਣ ਦਿੱਤੀ ਸੀ। ਕਾਰਨ ਇਹ ਕਿ ਉਹ ਚਾਰੇ ਲੜਾਈਆਂ ਉਨ੍ਹਾਂ ਵਲੋਂ ਕੋਈ ਸੋਚੇ-ਵਿਚਾਰੇ ਮੁਲਕਗੀਰੀ ਆਦਿ ਲਈ ਲੜੇ ਜਾਂਦੇ ਰਾਜਸੀ ਯੁੱਧ ਨਹੀਂ ਸਨ। ਉਨ੍ਹਾਂ ਵਲੋਂ ਤਾਂ ਇਹ ਲੋਕ-ਹਿੱਤਾਂ ਦੀ ਰੱਖਿਆ ਕਰਨ ਅਤੇ ਧਰਮ ਦੀ ਸ਼ਕਤੀ ਨੂੰ ਬਲਵਾਨ ਬਨਾਣ ਲਈ ਲੜੇ ਗਏ ਅਜਿਹੇ ਧਰਮ-ਯੁੱਧ ਸਨ ਜਿਨ੍ਹਾਂ ਨੇ ਕਿ ਦੇਸ-ਵਾਸੀਆਂ ਨੂੰ ਆਪਣੇ ਹੱਕਾਂ-ਅਧਿਕਾਰਾਂ ਅਤੇ ਇੱਜ਼ਤ-ਆਬਰੋ ਬਚਾਣ ਲਈ ਖ਼ਬਰਦਾਰ ਤੇ ਤਿਆਰ-ਬਰ-ਤਿਆਰ ਕਰਨ ਲਈ ਬੜਾ ਨਿਗਰ ਤੇ ਅਤਿ ਲੋੜੀਂਦਾ ਹਿੱਸਾ ਪਾ ਦਿੱਤਾ ਸੀ।

ਜਿਥੋਂ ਤਕ ਕੇਵਲ ਉਕਤ ਪਹਿਲੀ ਲੜਾਈ ਦਾ ਹੀ ਸਬੰਧ ਹੈ, ਉਸ ਦੇ ਨਤੀਜੇ ਤੇ ਅਸਰਾਂ ਦਾ ਜ਼ਿਕਰ ਕਰਦਿਆਂ, ਪ੍ਰੋ. ਅਨਿਲ ਚੰਦਰ ਬੈਨਰਜੀ ਨੇ ਬਿਲਕੁਲ ਠੀਕ ਲਿਖਿਆ ਹੈ: ...The battle of Amritsar is an important landmark in the history of the Sikhs. It marks the beginning of their armed resistance to the Mughal Empire, a process which reached its culmination in the early years of eighteenth century. The initiative in the confrontation was taken by the Mughal Government, which was then at its height in power and prestige, and the Sikhs had their baptism of fire in extremely adverse circumstances. But they were not demoralized not even discouraged.[35] ਅਰਥਾਤ, "ਅੰਮ੍ਰਿਤਸਰ ਦੀ ਲੜਾਈ ਸਿੱਖਾਂ ਦੇ ਇਤਿਹਾਸ-ਖੇਤਰ ਵਿਚ ਇਕ ਮਹੱਤਵਪੂਰਨ ਮੀਲ-ਪੱਥਰ ਹੈ। ਇਹ ਉਨ੍ਹਾਂ ਦੀ ਮੁਗ਼ਲ ਸਾਮਰਾਜ ਵਿਰੁੱਧ ਉਸ ਸ਼ਸਤਰਬਧ ਟੱਕਰ ਦੀ ਪ੍ਰਕਿਰਿਆ ਦੇ ਆਰੰਭ ਦੀ ਸੂਚਕ ਹੈ ਜੋ ਅਠ੍ਹਾਰਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਵਿਚ ਸਿਖਰ ਉਤੇ ਪਹੁੰਚ ਗਈ ਸੀ। ਇਸ ਟਾਕਰੇ ਦੀ

34. Sirkar, Sir Jadu Nath, *A Short History of Aurangzeb*, Calcutta- 1916, p. 156.

35. Banerjee, A.C., *The Sikh Gurus and The Sikh Religion, op. cit;* p. 229.

ਪਹਿਲ ਮੁਗ਼ਲ ਸਰਕਾਰ ਵਲੋਂ ਹੋਈ ਸੀ ਜੋ ਉਦੋਂ ਆਪਣੀ ਸ਼ਕਤੀ ਤੇ ਪਰਤਾਪ ਦੀ ਚੋਟੀ ਉਤੇ ਕਾਇਮ ਸੀ ; ਅਤੇ ਸਿੱਖਾਂ ਨੂੰ ਉਦੋਂ ਅਤਿਅੰਤ ਬਿਖੜੇ ਹਾਲਾਤ ਵਿਚ ਵਿਚਰਦਿਆਂ, ਜੋਸ਼- ਉਤਸ਼ਾਹ ਦੀ ਦੀਖਿਆ ਅਜੇ ਮਸਾਂ ਮਿਲੀ ਹੀ ਸੀ। ਪਰ ਇਸ ਦੇ ਬਾਵਜੂਦ, ਉਹ ਨਾ ਤਾਂ ਨਿਰਉਤਸ਼ਾਹ ਸਨ ਅਤੇ ਨਾ ਹੀ ਕਿਸੇ 'ਢਹਿੰਦੀ ਕਲਾ' ਵਿਚ ਗ੍ਰੱਸਿਤ ਸਨ।" [35]

7

ਉਜਿਹੀ ਉਤਸ਼ਾਹ-ਹੀਨਤਾ ਜਾਂ 'ਢਹਿੰਦੀ ਕਲਾ' ਨਾ ਤਾਂ ਉਨ੍ਹਾਂ ਵਿਚ ਅਤੇ ਨਾ ਹੀ ਉਨ੍ਹਾਂ ਦੇ ਸਤਿਗੁਰੂ ਵਿਚ ਉਦੋਂ ਵੀ ਕਿਤੇ ਨਜ਼ਰ ਆਈ ਸੀ ਜਦੋਂ ਉਸੇ ਮੁਗ਼ਲ ਬਾਦਸ਼ਾਹ, ਜਹਾਂਗੀਰ, ਦੇ ਹੁਕਮ ਅਧੀਨ, ਬਿਨਾਂ ਕਿਸੇ ਜੁਰਮ-ਕਸੂਰ ਜਾਂ ਉਸ ਦੀ ਜਵਾਬਦੇਹੀ ਦੇ, ਉਹ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਹੋਏ ਸਨ। ਮੁਹਸਿਨ ਫ਼ਾਨੀ ਅਨੁਸਾਰ ਉਨ੍ਹਾਂ ਦੇ ਮਸੰਦ ਅਤੇ ਸਿੱਖ ਬੜੇ ਜਫਰ ਜਾਲਦੇ ਉਚੇਚੇ ਗਵਾਲੀਅਰ ਜਾਂਦੇ ਅਤੇ (ਦਰਸ਼ਨ-ਮੇਲੇ ਦੀ ਆਗਿਆ ਨ ਮਿਲਣ ਕਰਕੇ) "ਕਿਲ੍ਹੇ ਦੀ ਕੰਧ ਨੂੰ ਹੀ ਚੁੰਮ ਕੇ ਤੇ ਮੱਥਾ ਟੇਕ ਕੇ ਵਾਪਸ ਮੁੜ ਆਉਂਦੇ ਸਨ।" [36]

در آن ہنگام مسندان و سکھان می رفتند و دیوار قلعہ را سجدہ می کردند
(دبستان مذاہب)

ਜਿਥੋਂ ਤਕ ਉਨ੍ਹਾਂ ਦੇ ਪਾਵਨ ਗੁਰੂ ਜੀ ਦੀ ਓਜਮਈ ਤੇ ਪਰਉਪਕਾਰੀ 'ਚੜ੍ਹਦੀ ਕਲਾ' ਦਾ ਸਬੰਧ ਹੈ, ਜਦੋਂ ਉਨ੍ਹਾਂ ਦੀ ਰਿਹਾਈ ਦਾ ਹੁਕਮ ਆਇਆ ਸੀ ਤਾਂ ਉਨ੍ਹਾਂ ਨੇ ਉਥੋਂ ਇਕੱਲਿਆਂ ਨਿਕਲਣ ਦੀ ਥਾਂ, ਉਨ੍ਹਾਂ 52 ਨਿਰਦੋਸ਼ ਕੈਦੀ ਰਾਜਿਆਂ ਨੂੰ ਵੀ ਆਪਣੇ ਨਾਲ ਹੀ ਰਿਹਾਅ ਕਰਨ ਦੀ ਸ਼ਰਤ ਲਾਈ ਸੀ ਜੋ ਉਨ੍ਹਾਂ ਦੇ ਉਸ ਕਿਲ੍ਹੇ ਵਿਚ ਪਹੁੰਚਣ ਤੋਂ ਪਹਿਲਾਂ ਦੇ ਹੀ ਉਥੇ ਕੈਦ ਸਨ ਅਤੇ ਜੋ ਉਨ੍ਹਾਂ ਦੀ ਰਿਹਾਈ ਬਾਰੇ ਸੁਣ ਕੇ ਬੜੇ ਹੀ ਨਿਰਾਸ ਤੇ ਦੁਖੀ ਹੋ ਕੇ ਪੁਕਾਰ ਉਠੇ ਸਨ : "ਆਪ ਦੇ ਇਥੋਂ ਚਲੇ ਜਾਣ 'ਤੇ ਸਾਡਾ ਫਿਰ ਉਹੋ ਹਾਲ ਹੋਵੇਗਾ ਜੋ ਆਪ ਦੇ ਇਥੇ ਆਉਣ ਤੋਂ ਪਹਿਲਾਂ ਸੀ।" ਪਰ 'ਚੜ੍ਹਦੀ ਕਲਾ' ਦੇ ਮੁਜੱਸਮੇ ਤੇ ਮਹਾਂ ਪਰਉਪਕਾਰੀ ਸਤਿਗੁਰੂ ਨੇ ਉਨ੍ਹਾਂ ਨੂੰ ਕੇਵਲ ਹੌਸਲਾ ਹੀ ਨਹੀਂ ਸੀ ਦਿਤਾ, ਸਗੋਂ ਉਕਤ ਸ਼ਰਤ ਮਨਜ਼ੂਰ ਹੁੰਦਿਆਂ ਹੀ, ਸਭ ਨੂੰ ਆਪਣੇ ਜਾਮੇ ਦੀਆਂ ਕਲੀਆਂ ਫੜਾ ਕੇ ਉਨ੍ਹਾਂ ਸਮੇਤ ਹੀ ਕਿਲ੍ਹੇ ਤੋਂ ਬਾਹਰ ਆਏ ਸਨ ਅਤੇ ਇਸੇ ਕਰਕੇ 'ਬੰਦੀਛੋੜ ਦਾਤਾ' ਅਖਵਾਏ ਸਨ। [37]

ਜਿਥੋਂ ਤਕ ਉਨ੍ਹਾਂ ਦੇ ਸਿੱਖਾਂ ਦੀ ਅਜਿਹੀ ਪਰਉਪਕਾਰੀ ਤੇ ਆਗਿਆਕਾਰੀ 'ਚੜ੍ਹਦੀ ਕਲਾ' ਦਾ ਸਬੰਧ ਹੈ, ਉਨ੍ਹਾਂ ਵਿਚੋਂ ਇਕ, ਸਾਧ ਨਾਂ ਦੇ ਗੁਰਸਿੱਖ, ਦਾ ਜ਼ਿਕਰ ਕਰਦਿਆਂ, ਮੁਹਸਿਨ ਫ਼ਾਨੀ ਨੇ ਲਿਖਿਆ ਹੈ ਕਿ ਉਹ ਕਾਬਲ ਤੋਂ ਲਾਹੌਰ ਤਕ ਉਸ ਨਾਲ ਆਇਆ ਸੀ। ਉਹ ਇਕ ਅਜਿਹਾ ਸਿਦਕੀ ਤੇ ਆਦਰਸ਼ਕ "ਮਨੁੱਖ ਹੈ ਜੋ ਖ਼ੁਸ਼ਕਿਸਮਤੀ ਉਤੇ ਤਾਂ ਖ਼ੁਸ਼ ਰਹਿੰਦਾ ਹੈ ਪਰ ਬਦਕਿਸਮਤੀ ਉਤੇ ਕਦੇ ਵੀ ਨਿਰਾਸ ਨਹੀਂ ਹੁੰਦਾ।"[36] ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਘੋੜੇ ਲਿਆਉਣ ਲਈ ਬਲਖ਼ ਤੇ ਬਗ਼ਦਾਦ ਵਲ ਭੇਜਿਆ ਸੀ। ਜਦੋਂ ਉਹ ਅੰਮ੍ਰਿਤਸਰ ਤੋਂ ਕੋਈ ਬਹੁਤੀ ਦੂਰ ਅਗੇ ਨਹੀਂ ਜਾ ਚੁਕਾ ਸੀ ਤਾਂ ਉਸ ਦੇ ਘਰੋਂ ਉਸ ਨੂੰ ਇਹ ਫ਼ੌਰੀ ਸੁਨੇਹਾ ਆਇਆ

---

36. ਮੁਹਸਿਨ ਫ਼ਾਨੀ, ਦਬਿਸਤਾਨੇ ਮਜ਼ਾਹਿਬ, ਉਹੀ, ਪੰਨਾ 234.

37. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 4, ਅੰਸੂ 63; ਗ੍ਰੰਥਾਵਲੀ, ਉਹੀ, ਪੰ. 234.2493-94

ਸੀ ਕਿ ਉਸ ਦਾ ਬੜਾ ਪਿਆਰਾ ਪੁੱਤਰ ਅਚਾਨਕ ਹੀ ਸਖ਼ਤ ਬੀਮਾਰ ਹੋ ਗਿਆ ਹੈ, ਇਸ ਲਈ ਉਹ ਉਥੋਂ ਹੀ ਛੇਤੀ ਘਰ ਮੁੜ ਆਏ। ਪਰ ਸਾਧ ਨੇ ਹਰਕਾਰੇ ਨੂੰ ਇਹ ਕਹਿ ਕੇ ਮੋੜ ਭੇਜਿਆ ਸੀ : "ਮੈਂ ਗੁਰੂ ਜੀ ਦੇ ਕੰਮ ਜਾ ਰਿਹਾ ਹਾਂ, ਇਸ ਲਈ ਉਹ ਨਜਿੱਠੇ ਬਿਨਾਂ ਮੈਂ ਘਰ ਵਾਪਸ ਨਹੀਂ ਜਾ ਸਕਦਾ। ਜੇ ਮੇਰਾ ਬੇਟਾ ਪ੍ਰਭੂ ਦੇ ਭਾਣੇ ਅਨੁਸਾਰ ਚਲਾਣਾ ਕਰ ਜਾਏ ਤਾਂ ਉਸ ਦੇ ਸਸਕਾਰ ਲਈ ਘਰ ਵਿਚ ਚੋਖੀ ਲੱਕੜ ਮੌਜੂਦ ਹੈ।" ਉਸ ਦਾ ਪੁੱਤਰ ਉਸ ਦੀ ਗੈਰਹਾਜ਼ਰੀ ਵਿਚ ਛੇਤੀ ਹੀ ਮਰ ਗਿਆ ਸੀ, ਪਰ ਉਹ, ਭਾਵ ਉਸ ਦਾ ਪਿਤਾ, ਗੁਰੂ ਦੇ ਹੁਕਮ ਮੁਤਾਬਕ ਘੋੜੇ ਖ਼ਰੀਦ ਕੇ ਹੀ ਘਰ ਵਾਪਸ ਆਇਆ ਸੀ।[38]

8

ਤਦੇ ਤਾਂ ਉਨ੍ਹਾਂ ਦੇ ਪਾਵਨ ਸਿਧਾਂਤ ਤੇ ਸੰਘਰਸ਼ ਦਾ ਜਾਇਜ਼ਾ ਲੈਂਦਿਆਂ, ਡਾ . ਹਰੀ ਰਾਮ ਗੁਪਤਾ ਨੇ ਉਨ੍ਹਾਂ ਨੂੰ He proved himself a saint, sportsman and soldier, and was the first national military hero of the people of Panjab in six hundred years since the conquest of Panjab by Muslims.[39] ਅਰਥਾਤ, "ਮੁਸਲਮਾਨਾਂ ਵਲੋਂ ਹੋਈ ਪੰਜਾਬ ਦੀ ਜਿੱਤ ਤੇ ਕਬਜ਼ੇ ਤੋਂ ਲੈ ਕੇ, ਅਗਲੇ ਛੇ ਸੌ ਵਰ੍ਹਿਆਂ ਦੇ ਸਮੇਂ ਵਿਚ ਪਹਿਲਾ ਰਾਸ਼ਟਰੀ ਫੌਜੀ ਨਾਇਕ ਮੰਨਦਿਆ[39] ਲਿਖਿਆ ਹੈ ਕਿ He knew that the Muslim sword had completely wiped out the remains of Buddhism from the land of its birth. Hinduism had survived because a section of it, called Rajputs, had put a tough fight against the foreigners. In Panjab, the spirit of resistance had been completely broken. After six hundred years of slavery, he was awakening his fellow-countrymen to the realisation that irrespective of consequences, which were quite obvious, the people should rise against a cruel government to get their wrongs redressed... He certainly inaugurated a policy which was to lead the most down-trodden people slowly but assuredly to political and military advancement. The Guru created a revolution in the life of the Sikhs. Alongwith the recitation of hymns, they were taught the practical lesson of ***dharam yudh*** or holy war. This factor his critics could not see or comprehend. The Guru thus remained much misunderstood and his work was misrepresented. In reality, Guru Hargobind rendered a unique service to the country in showing the true path of deliverence from political bondage.[40] ਅਰਥਾਤ, "ਗੁਰੂ ਹਰਿ ਗੋਬਿੰਦ ਸਾਹਿਬ ਨੂੰ ਪਤਾ ਸੀ ਕਿ ਇਸਲਾਮੀ ਤਲਵਾਰ ਨੇ ਬੁੱਧਮਤ ਦਾ ਨਾਂ-ਨਿਸ਼ਾਨ ਹੀ ਉਸ ਦੇ ਜਨਮ ਵਾਲੇ ਦੇਸ ਤੋਂ , ਸੰਪੂਰਨ ਤੌਰ ਤੇ, ਮਿਟਾਅ ਦਿੱਤਾ ਸੀ। ਹਿੰਦੂ ਧਰਮ ਇਸ ਲਈ ਬਚ ਗਿਆ ਸੀ ਕਿ ਇਸ ਦੇ ਇਕ ਵਰਗ, ਭਾਵ ਰਾਜਪੂਤਾਂ, ਨੇ ਬਦੇਸ਼ੀਆਂ ਵਿਰੁੱਧ ਸਖ਼ਤ ਘੋਲ ਘੁਲਿਆ ਸੀ। ਪੰਜਾਬ ਵਿਚ ਟਾਕਰੇ ਦੀ ਭਾਵਨਾ ਹੀ, ਸੰਪੂਰਨ ਤੌਰ ਤੇ, ਟੁਟ-ਮੁਕ ਚੁੱਕੀ ਸੀ। ਗੁਰੂ ਹਰਿ ਗੋਬਿੰਦ ਸਾਹਿਬ ਛੇ ਸੌ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ, ਆਪਣੇ ਦੇਸ-ਵਾਸੀਆਂ ਨੂੰ,

---

38. ਮੁਹਸਿਨ ਫ਼ਾਨੀ, ਦਬਿਸਤਾਨੇ ਮਜ਼ਾਹਿਬ, ਉਹੀ, ਪੰ. 239.

39. Gupta, *History of the Sikhs,* op.cit., Vol. I, p. 155.

40. Ibid., Vol. I, p. 176.

(ਨਤੀਜਿਆਂ ਦੀ ਪਰਵਾਹ ਨ ਕਰਦਿਆਂ ਜੋ ਬਿਲਕੁਲ ਪਰਤੱਖ ਸਨ) ਇਹ ਅਹਿਸਾਸ ਦੁਆਣ ਲਈ ਜਗਾ ਰਹੇ ਸਨ ਕਿ ਉਨ੍ਹਾਂ ਨੂੰ ਆਪਣੇ ਨਾਲ ਹੋ ਰਹੀਆਂ ਜ਼ਿਆਦਤੀਆਂ, ਨਿਰਾਦਰੀਆਂ ਤੇ ਬੇਇਨਸਾਫ਼ੀਆਂ ਨੂੰ ਸੋਧਣ-ਸੁਧਾਰਨ ਲਈ ਇਕ ਜ਼ਾਲਮ ਸਰਕਾਰ ਵਿਰੁੱਧ ਤਨੋਂ -ਮਨੋਂ ਡਟ ਜਾਣਾ ਚਾਹੀਦਾ ਹੈ।...... ਉਨ੍ਹਾਂ ਨੇ, ਨਿਸਚੇ ਹੀ, ਇਕ ਅਜਿਹੀ ਨੀਤੀ ਆਰੰਭ ਦਿੱਤੀ ਸੀ ਜਿਸ ਨੇ ਸਭ ਤੋਂ ਵਧ ਦਬੇ-ਕੁਚਲੇ ਹੋਏ ਲੋਕਾਂ ਨੂੰ ਧੀਰੇ ਧੀਰੇ, ਪਰ ਨਿਰਸੰਦੇਹ, ਰਾਜਨੀਤਕ ਤੇ ਸੈਨਕ ਉਨੰਤੀ ਤੇ 'ਚੜ੍ਹਦੀ ਕਲਾ' ਵਲ ਲੈ ਜਾਣਾ ਸੀ। ਉਨ੍ਹਾਂ ਨੇ ਤਾਂ ਸਿੱਖਾਂ ਦੇ ਜੀਵਨ ਵਿਚ ਇਕ ਇਨਕਲਾਬ ਪੈਦਾ ਕਰ ਦਿੱਤਾ ਸੀ। ਉਹਨਾਂ ਨੂੰ ਈਸ਼ਵਰ-ਭਗਤੀ ਦੇ ਭਜਨ ਗਾਉਣ ਦੇ ਨਾਲ ਨਾਲ, ਧਰਮ-ਯੁੱਧ ਦੇ ਅਮਲੀ ਸਬਕ ਵੀ ਸਿਖਾਏ ਗਏ ਸਨ। ਗੁਰੂ ਹਰਿ ਗੋਬਿੰਦ ਸਾਹਿਬ ਦੇ ਪੜਚੋਲੀਏ ਉਨ੍ਹਾਂ ਦੇ ਇਸ ਪੱਖ ਨੂੰ ਵੇਖ ਜਾਂ ਸਮਝ ਨਹੀਂ ਸਕੇ। ਇਸੇ ਕਰਕੇ, ਉਨ੍ਹਾਂ ਨੇ ਗੁਰੂ ਸਾਹਿਬ ਦੀ ਇਸ ਅਦੁੱਤੀ ਘਾਲ-ਕਮਾਈ ਤੇ ਯਾਦਗਾਰੀ ਦਿੱਤ-ਦੇਣ ਨੂੰ ਗ਼ਲਤ ਸਮਝਿਆ ਅਤੇ ਗ਼ਲਤ ਹੀ ਪੇਸ਼ ਕੀਤਾ ਹੈ। ਅਸਲੀਅਤ ਇਹ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਨੇ ਭਾਰਤ ਵਾਸੀਆਂ ਨੂੰ ਰਾਜਨੀਤਕ ਬੰਧਨ ਤੋਂ ਛੁੱਟਣ ਦਾ ਸਹੀ ਰਾਹ ਤੇ ਲੁੜੀਂਦਾ ਢੰਗ ਦਸ ਕੇ, ਇਸ ਦੇਸ ਦੀ ਬੇਮਿਸਾਲ ਸੇਵਾ ਕੀਤੀ ਹੈ"।[40]

VII
ਸਤਵੀਂ ਪਾਤਸ਼ਾਹੀ, ਸ੍ਰੀ ਗੁਰੂ ਹਰਿ ਰਾਇ ਜੀ, ਦੇ ਸਮੇਂ
(1644-1661 ਈ.)

ਮੀਰੀ ਪੀਰੀ ਦੇ ਮਾਲਕ, ਗੁਰੂ ਹਰਿ ਗੋਬਿੰਦ ਸਾਹਿਬ, ਨੇ ਗੁਰੂ ਨਾਨਕ ਸਾਹਿਬ ਦੀ ਪਾਵਨ ਗੱਦੀ ਆਪਣੇ ਸਪੁੱਤਰਾਂ ਅਤੇ ਵੱਡੇ ਪੋਤਰੇ ਦੀ ਥਾਂ, ਆਪਣੇ ਸੁਯੋਗ ਤੇ ਸੂਰਬੀਰ ਛੋਟੇ ਪੋਤੇ, ਸ੍ਰੀ ਹਰਿ ਰਾਇ ਜੀ,[1] ਨੂੰ ਸੌਂਪੀ ਸੀ। ਇਹ ਬਖ਼ਸ਼ਸ਼ ਕਰਨ ਲਗਿਆਂ, ਉਨ੍ਹਾਂ ਨੂੰ ਇਸ ਗੱਲ ਦੀ ਤਾਕੀਦ ਵੀ ਕਰ ਦਿੱਤੀ ਸੀ ਕਿ ਉਹ ਹਰੀ-ਸਿਮਰਨ, ਧਰਮ-ਪਰਚਾਰ, ਲੋਕ-ਸੇਵਾ ਤੇ ਸ਼ਾਂਤੀ-ਸਚਾਈ ਦਾ ਜੀਵਨ ਬਿਤਾਂਦਿਆਂ, ਹਮੇਸ਼ਾ 'ਚੜ੍ਹਦੀ ਕਲਾ' ਵਿਚ ਵਿਚਰਦੇ ਰਹਿਣ ਅਤੇ ਆਪਣੇ ਪਾਸ 2200 ਸੁਸਿਖਿਅਤ ਤੇ ਸ਼ਸਤਰਧਾਰੀ ਸਵਾਰ ਵੀ ਹਮੇਸ਼ਾ ਤਿਆਰ ਰਖਣ ਤਾਂ ਜੋ ਸਿੱਖਾਂ ਸੇਵਕਾਂ ਦੇ ਧਾਰਮਕ, ਸਭਿਆਚਾਰਕ ਅਤੇ ਰਾਜਨੀਤਕ ਹਿੱਤਾਂ ਤੇ ਹੱਕਾਂ ਦੀ ਸੁਰੱਖਿਆ ਲਈ, ਅਚਾਨਕ ਲੋੜ ਪੈਣ 'ਤੇ, ਉਨ੍ਹਾਂ ਨੂੰ ਵਰਤਿਆ ਜਾ ਸਕੇ।[2]

ਸਤਵੇਂ ਪਾਤਸ਼ਾਹ, ਗੁਰੂ ਹਰਿ ਰਾਇ ਜੀ, ਨੇ ਆਪਣੇ ਦਾਦਾ ਜੀ ਵਾਂਗ ਹੀ ਉਹ ਰਾਜ-ਯੋਗਵੀ ਸ਼ਾਹੀ ਠਾਠ-ਬਾਠ ਕਾਇਮ ਰਖਿਆ ਸੀ। ਪੰਜਾਬ ਬਾਰੇ ਬਹੁਤ ਕੁਝ ਜਾਣਨ ਤੇ ਛਾਪਣ ਵਾਲੇ ਇਕ ਅੰਗਰੇਜ਼ ਵਿਦਵਾਨ, ਐਚ.ਏ.ਰੋਜ਼, ਅਨੁਸਾਰ, ਉਨ੍ਹਾਂ ਦੇ ਦਰਬਾਰ ਤੋਂ pomp and circumstances of a semi-independent chiefton,[3] ਅਰਥਾਤ, "ਇਕ ਅਰਧ-ਸੁਤੰਤਰ ਮੁੱਖੀਏ ਦੀ ਸ਼ਾਨ ਤੇ ਸਜ-ਧਜ[3]" ਟਪਕਦੀ

1. ਆਪ ਦਾ ਜਨਮ 1630 ਈ. ਦੀ 16 ਜਨਵਰੀ ਨੂੰ ਗੁਰੂ ਹਰਿ ਗੋਬਿੰਦ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਗੁਰਦਿੱਤਾ ਜੀ, ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ, ਜ਼ਿਲ੍ਹਾ ਰੋਪੜ, ਵਿਚ ਹੋਇਆ ਸੀ; ਅਤੇ ਆਪ 6 ਅਕਤੂਬਰ 1661 ਨੂੰ ਉਥੇ ਹੀ ਜੋਤੀ-ਜੋਤਿ ਸਮਾ ਗਏ ਸਨ।

2. ਸੰਤੋਖ ਸਿੰਘ, ਭਾ., ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 8, ਅੰਸੂ 56, ਪਦ 41-44; ਗ੍ਰੰਥਾਵਲੀ, ਉਹੀ, ਪੰਨਾ 3518; Trilochan Singh, *Life of Guru Hari Krishan*, New Delhi -1981, p.1.

3. Rose, H.A. *A Glossary of the Tribes and Castes of the Panjab and the North-West Frontier Province*, Lahore- 1911-19, Vol. 1, p. 685.

ਸੀ। ਇਉਂ ਅਜਿਹੀ ਸ਼ਾਨ-ਸ਼ੌਭਾ ਅਤੇ ਫੌਜੀ ਦਸਤੇ ਨੇ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਰਾਪਤ ਹੋਈ ਮੀਰੀ-ਪੀਰੀ ਵਾਲੀ ਸਪਿਰਿਟ ਤੇ ਸ਼ਾਹੀ ਠਾਠ ਨੂੰ ਬਰਕਰਾਰ ਰਖਿਆ ਸੀ।

2

ਗੁਰੂ ਹਰਿ ਰਾਇ ਸਾਹਿਬ ਜਿਥੇ ਇਕ ਬੜੇ ਨਿਰਭੈ ਸੂਰਬੀਰ ਸਨ, ਉਥੇ ਉੱਚਤਮ ਦਰਜੇ ਦੇ ਨਿਰਵੈਰ ਪਰਉਪਕਾਰੀ ਵੀ ਸਨ। ਜਿਸ 'ਖ਼ਾਨਦਾਨੀ' ਦੁਸ਼ਮਣ, ਸ਼ਾਹ ਜਹਾਨ, ਨੇ ਉਨ੍ਹਾਂ ਦੇ ਗੁਰੂ-ਦਾਦਾ ਜੀ, ਗੁਰੂ ਹਰਿ ਗੋਬਿੰਦ ਸਾਹਿਬ, ਨੂੰ ਉਸ ਦੀ ਸੈਨਾ ਨਾਲ ਚਾਰ ਲੜਾਈਆਂ ਲੜਨ ਲਈ ਮਜਬੂਰ ਕਰ ਦਿੱਤਾ ਸੀ; ਜਿਸ ਦੇ ਪਿਤਾ, ਜਹਾਂਗੀਰ, ਨੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕਈ ਵਰ੍ਹੇ ਨਜ਼ਰਬੰਦ ਕਰੇ ਰਖਿਆ ਸੀ ਅਤੇ ਉਨ੍ਹਾਂ ਦੇ ਗੁਰੂ-ਪੜਦਾਦਾ, ਗੁਰੂ ਅਰਜਨ ਦੇਵ ਜੀ, ਨੂੰ ਘੋਰ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ ਸੀ, ਉਸ ਦਾ ਪਲੇਠਾ ਅਤੇ ਅਤੀ ਪਿਆਰਾ ਪੁੱਤਰ, ਦਾਰਾ ਸ਼ਿਕੋਹ, ਸੰਨ 1648 ਵਿਚ ਸਖ਼ਤ ਬੀਮਾਰ ਹੋ ਗਿਆ ਸੀ। ਉਸ ਦੀ ਸਿਹਤਯਾਬੀ ਲਈ ਜੋ ਦਵਾਈ ਅਤੀ ਜ਼ਰੂਰੀ ਚਾਹੀਦੀ ਸੀ, ਉਹ ਕੀਰਤਪੁਰ ਵਿਚ ਗੁਰੂ ਹਰਿ ਰਾਇ ਸਾਹਿਬ ਵਲੋਂ ਸਥਾਪਿਤ ਦਵਾਖ਼ਾਨੇ ਤੋਂ ਸਿਵਾ ਹੋਰ ਕਿਤੋਂ ਵੀ ਪਰਾਪਤ ਨਹੀਂ ਹੋ ਸਕੀ ਸੀ। ਇਸ ਲਈ ਸ਼ਾਹ ਜਹਾਨ ਨੇ ਉਹ ਦਵਾਈ ਉਥੋਂ ਲਿਆਉਣ ਲਈ ਆਪਣਾ ਬੇਨਤੀ-ਪੱਤਰ ਦੇ ਕੇ , ਆਪਣੇ ਇਕ ਵਜ਼ੀਰ ਨੂੰ ਉਚੇਚਾ ਕੀਰਤਪੁਰ ਭੇਜਿਆ ਸੀ। ਮਕਾਲਿਫ਼ ਅਨੁਸਾਰ, ਉਸ ਵਿਚ ਉਸ ਨੇ ਲਿਖਿਆ ਸੀ : My son, Dara Shukoh, is now very ill. His remedy is in thy hands. If thou give the myrobalan and the clove which are in thy store-house, and add to them thy prayers that will confer an abiding favour on me.[4] ਅਰਥਾਤ, "ਮੇਰਾ ਪੁੱਤਰ, ਦਾਰਾ ਸ਼ਿਕੋਹ, ਹੁਣ ਸਖ਼ਤ ਬਿਮਾਰ ਹੈ। ਉਸ ਦਾ ਇਲਾਜ ਆਪ ਦੇ ਹੱਥਾਂ ਵਿਚ ਹੈ। ਜੇ ਆਪ ਜੀ ਆਪਣੇ ਸ਼ਫ਼ਾਖ਼ਾਨੇ ਵਿਚੋਂ ਤ੍ਰਿਫੁਲਾ ਤੇ ਲੌਂਗ, ਆਪਣੀਆਂ ਅਸੀਸਾਂ ਸਹਿਤ, ਦੇ ਭੇਜੋਗੇ ਤਾਂ ਮੇਰੇ ਉਤੇ ਆਪ ਜੀ ਦਾ ਇਹ ਇਕ ਚਿਰਸਥਾਈ ਇਹਸਾਨ ਹੋਵੇਗਾ"[4]।

ਮੁਗ਼ਲ ਬਾਦਸ਼ਾਹ ਦੇ ਉਕਤ ਵੈਰ-ਭਾਵ ਤੇ ਜ਼ੁਲਮ-ਜਬਰ ਨੂੰ ਮੁੱਖ ਰਖਦਿਆਂ, ਗੁਰੂ-ਘਰ ਦਾ ਦੀਵਾਨ, ਬਾਵਾ ਸਰੂਪ ਦਾਸ ਦੇ ਹੇਠ-ਲਿਖੇ ਬਿਆਨ ਅਨੁਸਾਰ, ਉਸ ਨੂੰ ਕੁਝ ਵੀ ਦੇਣ ਤੇ ਭੇਜਣ ਲਈ ਰਜ਼ਾਮੰਦ ਨਹੀਂ ਸੀ :

ਤਿਨ ਜਾਇ ਲਿਖਾ ਸਤਿਗੁਰ ਕਉ ਦੀਆ ;
ਪੜ੍ਹ ਦੀਵਾਨ ਅਰਦਾਸ ਗੁਰਿ ਕੀਆ :
"ਇਕ ਗਜਮੋਤੀ ਅਰ ਲੌਂਗ ਹਰੀੜ,
ਮਾਂਗੀ ਬਾਦਸ਼ਾਹ ਕਾਰਜ ਹੈ ਭੀੜ।
ਜੋ ਦੇਵੇ ਦਿਆਲ ਦੇਖ ਤਿਸ ਚਾਹ,
ਉਚਿਤ ਨਾਹੀ ਦੇਨਾ ਬਾਦਸ਼ਾਹ।"[5]

ਪਰ 'ਚੜ੍ਹਦੀ ਕਲਾ' ਦੇ ਪੁੰਜ, ਨਿਰਵੈਰ ਤੇ ਪਰਉਪਕਾਰੀ ਸਤਿਗੁਰੂ ਨੇ ਕਿਸੇ ਵੀ ਗੱਲ ਦੀ ਕੋਈ ਪਰਵਾਹ ਨ ਕਰਦਿਆਂ, ਕਿਸੇ ਪਰਕਾਰ ਦੀ ਕੋਈ ਸ਼ਿਕਵਾ-ਸ਼ਿਕਾਇਤ ਜਾਂ ਵੈਰ-ਭਾਵ ਪਰਗਟ ਕਰਨ ਦੀ ਥਾਂ, ਦੀਵਾਨ ਨੂੰ

---

4. Macauliffe, *The Sikh Religion*, op. cit, Vol. IV. p. 279.

5. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, 'ਸਾਖੀਆਂ ਸਤਵੇਂ ਮਹਿਲ ਕੀਂ', ਸਾਖੀ ਨੰ. 3, ਪਦ 5-8; ਪੰਨਾ 548; ਸੰਤੋਖ ਸਿੰਘ, ਭਾ., ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 9, ਅੰਸੂ 2; ਗ੍ਰੰਥਾਵਲੀ, ਉਹੀ, ਪੰ. 3549.

ਮੁਸਕਰਾਂਉਂਦਿਆਂ ਆਖਿਆ : "ਬੰਦਾ ਇਕ ਹੱਥ ਨਾਲ ਫੁੱਲ ਤੋੜਦਾ ਹੈ ਅਤੇ ਦੂਜੇ ਰਾਹੀਂ ਪੇਸ਼ ਕਰਦਾ ਹੈ। ਪਰ ਫੁੱਲ ਦੋਹਾਂ ਹੱਥਾਂ ਨੂੰ ਇੱਕੋ ਜਿਹਾ ਸੁਗੰਧਿਤ ਕਰ ਦੇਂਦੇ ਹਨ। ਕੁਹਾੜਾ ਸੰਦਲ ਦੇ ਰੁੱਖ ਨੂੰ ਭਾਵੇਂ ਵਢ ਦੇਂਦਾ ਹੈ ਪਰ ਸੰਦਲ ਉਸ ਨੂੰ ਵੀ ਖ਼ੁਸ਼ਬੂਦਾਰ ਕਰ ਦੇਂਦਾ ਹੈ। ਇਸ ਲਈ ਗੁਰੂ ਨੂੰ ਵੀ ਬਦੀ ਦੇ ਬਦਲੇ ਨੇਕੀ ਹੀ ਦੇਣੀ ਬਣਦੀ ਹੈ।"[6]

ਸੁਨ ਅਰਦਾਸ ਦੀਵਾਨ ਦੀ,
ਮੁਸਕਾਇ ਕਹਾ ਗੁਰ ਦਿਆਲ :
"ਉਨ ਮਾਂਗੀ ਪ੍ਰੀਤ ਪਰਤੀਤ ਸੌਂ,
ਦੇ ਭੇਜੋ ਤਤਕਾਲ।"
ਪੁਨ ਤੀਨੋਂ ਵਸਤ ਪ੍ਰਭ ਲਈ ਮੰਗਾਇ।
ਸ਼ਾਹ ਜਹਾਨ ਕੋ ਦਈ ਪਠਾਇ।....[7]

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਤਿਗੁਰੂ ਦੀ ਭੇਜੀ ਹੋਈ ਉਹ ਦਵਾਈ ਖਾਂਦਿਆਂ ਹੀ, ਮੌਤ-ਕੰਢੇ ਪਹੁੰਚਿਆ ਹੋਇਆ ਸ਼ਹਿਜ਼ਾਦਾ ਦਾਰਾ ਛੇਤੀ ਹੀ ਨੌ-ਬਰ-ਨੌ ਹੋ ਗਿਆ ਸੀ।[8] ਦਾਰਾ ਧਾਰਮਕ ਕੱਟਰਤਾ ਤੋਂ ਰਹਿਤ, ਸੂਫ਼ੀ ਵਿਚਾਰਧਾਰਾ ਦਾ ਪ੍ਰਸੰਸਕ, ਇਕ ਉਦਾਰ-ਚਿਤ ਰਾਜਕੁਮਾਰ ਸੀ। ਸਿਹਤਮੰਦੀ ਤੋਂ ਬਾਅਦ, ਉਹ ਆਪਣੇ ਪੜਦਾਦੇ, ਅਕਬਰ, ਵਾਂਗ ਗੁਰੂ-ਘਰ ਦਾ ਧੰਨਵਾਦੀ ਤੇ ਪ੍ਰਸੰਸਕ ਵੀ ਬਣ ਗਿਆ ਸੀ। ਸਰ ਜਾਦੂਨਾਥ ਸਰਕਾਰ ਅਨੁਸਾਰ, "ਉਹ ਮਗਰੋਂ ਗੁਰੂਦੇਵ ਦੇ ਦਰਸ਼ਨ-ਮੇਲੇ ਦਾ ਸੁਭਾਗ ਵੀ ਪਰਾਪਤ ਕਰਦਾ ਰਿਹਾ ਸੀ।[9] ਕਨ੍ਹਈਆ ਲਾਲ ਦੀ ਦੱਸ ਮੁਤਾਬਕ, ਦਾਰਾ ਸ਼ੁਕੋਹ ਗੁਰੂ ਹਰਿ ਰਾਇ ਜੀ ਪਾਸ ਕੀਰਤਪੁਰ ਵਿਖੇ ਦੋ ਵਾਰ, ਬੜੀ ਸ਼ਰਧਾ ਤੇ ਸਿਦਕਦਿਲੀ ਸਹਿਤ, ਉਚੇਚਾ ਆਇਆ ਸੀ। ਉਸ ਨੇ ਗੁਰੂ ਸਾਹਿਬ ਨੂੰ, ਸਤਿਕਾਰ ਤੇ ਸ਼ੁਕਰਾਨੇ ਵਜੋਂ ਇਕ ਵੱਡੀ ਜਾਗੀਰ ਵੀ ਪੇਸ਼ ਕੀਤੀ ਸੀ ਜੋ ਉਨ੍ਹਾਂ ਨੇ ਪਰਵਾਨ ਨਹੀਂ ਕੀਤੀ ਸੀ।[10]

3

ਜਿਥੋਂ ਤਕ ਉਨ੍ਹਾਂ ਦੀ ਨਿਰਭੈਤਾ-ਪੂਰਵਕ 'ਚੜ੍ਹਦੀ ਕਲਾ' ਦਾ ਸਬੰਧ ਹੈ, ਉਹੀ ਸ਼ਹਿਜ਼ਾਦਾ, ਦਾਰਾ, ਜਦੋਂ ਆਪਣੇ ਪਿਤਾ, ਸ਼ਾਹ ਜਹਾਨ, ਦੇ ਤਖ਼ਤ ਉਤੇ ਬਿਰਾਜਣ ਲਈ ਸ਼ੁਰੂ ਹੋਈ ਘਰੋਗੀ ਲੜਾਈ ਦੌਰਾਨ, ਆਪਣੇ ਛੋਟੇ ਭਰਾ, ਔਰੰਗਜ਼ੇਬ, ਦੀ ਕਰੋਪੀ ਤੋਂ ਡਰਦਾ-ਭਜਦਾ ਸੰਨ 1658 ਵਿਚ ਲਾਹੌਰ ਵਲ ਜਾਂਦਿਆਂ, ਗੋਇੰਦਵਾਲ ਵਿਖੇ ਠਹਿਰੇ ਹੋਏ ਗੁਰੂਦੇਵ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ ਅਤੇ ਉਸ ਨੇ ਉਨ੍ਹਾਂ ਤੋਂ ਅਸੀਸ ਤੇ ਸਹਾਇਤਾ ਲਈ ਅਰਜ਼ ਕੀਤੀ ਸੀ, ਤਾਂ ਹਜ਼ੂਰ ਨੇ ਔਰੰਗਜ਼ੇਬ ਦੇ ਕੀਤੇ ਜ਼ੁਲਮ ਅਤੇ ਸੰਭਵ ਜਬਰ ਦੀ ਵੀ ਪਰਵਾਹ ਨ ਕਰਦਿਆਂ, ਸ਼ਰਨ ਆਏ ਦੀ ਯਥਾਸ਼ਕਤ ਲਾਜ ਰਖੀ ਸੀ।[11] ਔਰੰਗਜ਼ੇਬ ਨੂੰ ਇਹ ਮੁਲਾਕਾਤ ਤੇ ਗਲਬਾਤ ਬੜੀ ਹੀ ਵਧਾ-ਚੜ੍ਹਾ

---

6. Macauliffe, *The Sikh Religion*, op. cit., Vol. IV, p. 279.
7. ਭੱਲਾ, ਸਰੂਪ ਦਾਸ, **ਮਹਿਮਾ ਪ੍ਰਕਾਸ਼**, ਉਹੀ, ਪੰ. 548.
8. Narang, *Transformation of Sikhism*, op. cit., p.115.
9. Sarkar, Jadu Nath, *History of Aurangzeb*, Calcutta-1928, Vol. III, p. 311-12.
10. ਕਨ੍ਹਈਆ ਲਾਲ, **ਤਾਰੀਖ਼ੇ ਪੰਜਾਬ**, ਲਾਹੌਰ- 1881, ਪੰ. 32.
11. Latif, Sayyed Mohammed, *History of Lahore*, Calcutta -1892, p. 64;

ਕੇ ਦਸੀ ਗਈ ਸੀ। ਉਨ੍ਹਾਂ ਉਤੇ ਬਾਗ਼ੀ ਸ਼ਹਿਜ਼ਾਦੇ ਦੀ ਭਰਵੀਂ ਸਹਾਇਤਾ ਕਰਨ ਅਤੇ ਨਾਲ ਹੀ ਇਕ ਝੂਠੇ ਧਰਮ ਨੂੰ ਪਰਚਾਰਨ ਤੇ ਪਰਸਾਰਨ ਦਾ ਦੋਸ਼ ਵੀ ਲਾਇਆ ਗਿਆ ਸੀ। ਇਸੇ ਲਈ ਜਦੋਂ ਉਹ (ਔਰੰਗਜ਼ੇਬ) ਆਪਣੇ ਪਿਓ ਨੂੰ ਕੈਦ ਕਰ ਕੇ ਅਤੇ, ਦਾਰਾ ਸਮੇਤ, ਆਪਣੇ ਸਭ ਭਰਾਵਾਂ ਨੂੰ ਮਾਰ-ਮੁਕਾਅ ਕੇ, ਤਖ਼ਤਨਸ਼ੀਨ ਹੋ ਗਿਆ ਸੀ ਤਾਂ ਉਸ ਨੇ , ਸੰਨ 1661 ਵਿਚ, ਗੁਰੂ ਮਹਾਰਾਜ ਨੂੰ ਜਵਾਬਦੇਹੀ ਵਾਸਤੇ ਦਿੱਲੀ ਲਿਆਉਣ ਲਈ ਰਾਜਾ ਜੈ ਸਿੰਘ ਦਾ ਦੀਵਾਨ, ਹਰੀਚੰਦ, ਭੇਜਿਆ ਸੀ।[12] ਬਾਵਾ ਸਰੂਪ ਦਾਸ ਭੱਲਾ ਅਨੁਸਾਰ, ਸਤਵੇਂ ਪਾਤਸ਼ਾਹ ਉਸ ਦੀ ਚਾਲ-ਚਲਾਕੀ ਉਸੇ ਦਮ ਭਾਂਪ ਗਏ ਸਨ :

ਜਬ ਬਾਰ ਬਾਰ ਔਰੰਗਜ਼ੇਬ ਲਿਖਾ,
ਕਪਟ ਧਰ ਮੇਲ,
ਗੁਰ ਅੰਤਰਜਾਮੀ ਸਭ ਲਖਾ,
ਤਬ ਕੀਆ ਚਲਤ ਯਹ ਖੇਲੁ।[13]

ਇਸ ਲਈ ਨਿਰਭੈ ਤੇ ਨਿਰਵੈਰ ਸ੍ਰੀ ਗੁਰੂ ਹਰਿ ਰਾਇ ਜੀ ਨੇ ਖ਼ੁਦ ਆਪ ਉਸ ਨਾਲ ਉਥੇ ਜਾਣਾ ਤੇ ਪੇਸ਼ ਹੋਣਾ ਮੁਨਾਸਬ ਨਹੀਂ ਸਮਝਿਆ ਸੀ ਅਤੇ 'ਚੜ੍ਹਦੀ ਕਲਾ' ਵਿਚ ਵਿਗਸਦਿਆਂ ਆਖਿਆ ਸੀ :

ਤੇਰੇ ਦਾਮ ਨਹੀਂ ਹਮ ਦੇਨੇ,
ਅਰ ਨਹ ਖ਼ਾਹਿਸ਼ ਤੁਮ ਸੇ ਲੇਨੇ।[13]

ਸੋ, ਆਪਣੀ ਥਾਂ ਆਪਣੇ ਵਡੇ ਬੇਟੇ, ਰਾਮ ਰਾਇ ਜੀ, ਨੂੰ ਉਸ ਦੀਵਾਨ ਨਾਲ ਚਲੇ ਜਾਣ ਦੀ ਆਗਿਆ ਕਰ ਦਿੱਤੀ ਸੀ।[14] ਵਿਦਵਾਨ ਭੱਟ, ਭਾਈ ਸਰੂਪ ਸਿੰਘ ਕੌਸ਼ਿਸ਼, ਨੇ ਉਨ੍ਹਾਂ ਦੀ ਰਵਾਨਗੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ : "ਸਤਿਗੁਰਾਂ ਬੇਟਾ ਰਾਮ ਰਾਇ ਕੋ ਰਥ-ਬਹਿਲੀ ਮੇਂ ਬਿਠਾਇ ਕੇ ਥਾਪਨਾ ਦਈ, ਕਹਾ ਕਿ –

"ਹਮ ਆਪ ਕੇ ਅੰਗ ਸੰਗ ਹੈਂ।
ਕਿਸੀ ਬਾਤ ਕਾ ਭੈ ਨਹੀਂ ਮਾਨਨਾ।
ਨਿਸ਼ੰਕ ਹੋਇ ਕੇ ਆਗੇ ਸੇ ਉਤਰ ਦੇਨਾ।... ..
ਦਿੱਲੀ ਮੇਂ ਬਾਦਸ਼ਾਹ ਔਰੰਗਜ਼ੇਬ ਆਪ ਸੇ ਜੋ ਪੂਛੇ,
ਜਿਉਂ ਕਾ ਤਿਉਂ ਕਹਿ ਦੇਨਾ, ਢੀਲ ਨਹੀਂ ਖਾਨੀ।
ਆਪ ਦੇ ਕਹੇ ਬਚਨ ਸਤਿ ਸਭ ਹੋਇੰਗੇ। ਅਸਾਂ ਤੁਸਾਂ ਕੌ
ਗੁਰੂ ਨਾਨਕ ਜੀ ਕੇ ਦਰ ਸੇ ਸਭ ਰਿੱਧੀਆ ਸਿੱਧੀਆ ਬਖ਼ਸ਼ ਦਈ ਹੈਂ"।

ਪਾਂਸ ਖਲੇ ਭਾਈ ਬਹਿਲੋ ਕੇ ਗੁਰਦਾਸ ਸੇ ਬਚਨ ਹੋਆ, "ਆਪ ਜਾਇ ਸ੍ਰੀ ਗ੍ਰੰਥ ਜੀ ਕੋ ਲੇ ਆਈਏ। ਆਪ ਨੇ

ਕਨ੍ਹਈਆ ਲਾਲ, ਤਾਰੀਖ਼ੇ ਪੰਜਾਬ, ਉਹੀ, ਪੰ. 22-23.

12. ਬਖ਼ਤ ਮਲ, ਖਾਲਸਾ ਨਾਮਾ, ਹੱਥ ਲਿਖਿਤ, ਮਿਤੀ 1810-14, ਪੰ. 9; ਕਨ੍ਹਈਆ ਲਾਲ, ਤਾਰੀਖ਼ੇ ਪੰਜਾਬ, ਉਹੀ, ਪੰ. 33.

13. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, ਪੰ.602, 604-51; ਸਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 9, ਅੰਸੂ 36, ਪਦ 10; ਗ੍ਰੰਥਾਵਲੀ, ਉਹੀ, ਪੰ. 3679.

14. Greenlees, Duncan, *The Gospel of Guru-Granth Sahib,* Madras-1952, p. xc.

ਸਾਹਿਬਜ਼ਾਦੇ ਕੇ ਸਾਥ ਦਿਹਲੀ ਮੇਂ ਜਾਨਾ ਹੈ। ਜਹਾਂ ਮਾਰਗ ਮੇਂ ਡੇਰਾ ਕਰੇਂ, ਸ੍ਰੀ ਗ੍ਰੰਥ ਜੀ ਕਾ ਬੀਚਾਰ ਕਰਨਾ, ਗੁਰੂ ਹਰ ਥਾਂਇ ਸਹਾਈ ਹੋਇਗਾ, ਸਤਿ ਕਰ ਕੇ ਮਾਨਨਾ।"[15] ਇਸ ਦੇ ਨਾਲ ਹੀ, ਇਸ ਗੱਲ ਦੀ ਤਾਕੀਦ ਵੀ ਕਰ ਦਿੱਤੀ ਸੀ ਕਿ ਕਦੇ ਕਿਤੇ ਕੋਈ ਕਰਾਮਾਤ ਨਹੀਂ ਵਿਖਾਣੀ ਕਿਉਂਕਿ -

ਸਿੱਧ ਪ੍ਰਗਟ ਕਰਨੀ ਜਗਤ, ਨਹੀਂ ਸੰਤਨ ਕੋ ਕਾਮ;
ਨਿਹਕਾਮੀ, ਨਿਰਭਗਤ ਸਦਾ, ਸਾਂਤ ਸਹਜਿ ਸੁਖ ਧਾਮ।
ਜੋ ਪੂਛੇ ਸੋ ਸਤਿ ਕਹਿ ਦੀਜੇ,
ਕਛ ਕਰਾਮਾਤ ਪ੍ਰਗਟ ਨਹੀਂ ਕੀਜੇ।[16]

4

ਸ੍ਰੀ ਰਾਮ ਰਾਇ ਜੀ ਉਦੋਂ ਚੌਦਾਂ ਕੁ ਵਰ੍ਹਿਆਂ ਦੇ ਇਕ ਅਵਾਣ ਤੇ ਸਰਲ-ਚਿੱਤ ਬਾਲ ਹੀ ਸਨ। ਨਿਰਦਈ ਤੇ ਚਾਲਬਾਜ਼ ਔਰੰਗਜ਼ੇਬ ਨੇ ਉਨ੍ਹਾਂ ਦੀ ਖ਼ੂਬ ਆਉਭਗਤ ਕੀਤੀ ਸੀ ਅਤੇ ਗੁਰੂ-ਘਰ ਨੂੰ ਆਪਣੇ ਦਬਾਉ ਹੇਠ ਲਿਆਉਣ [17] ਤੇ ਪੰਜਾਬ ਵਿਚ ਅਮਨ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ, ਡਾ. ਗੋਕੁਲ ਚੰਦ ਨਾਰੰਗ ਦੇ ਲਫ਼ਜ਼ਾਂ ਵਿਚ, He was detained as a hostage at the Court to ensure the tranquility of the Panjab [18] "ਇਕ ਬੰਧੂ ਜਾਂ ਮਹਿਮਾਨ ਵਜੋਂ ਆਪਣੇ ਦਰਬਾਰ ਵਿਚ ਹੀ ਅਟਕਾਅ ਲਿਆ ਸੀ।"[18] ਖ਼ੁਸ਼ਵੰਤ ਸਿੰਘ ਦੇ ਵਿਚਾਰ ਮੁਤਾਬਕ, "ਔਰੰਗਜ਼ੇਬ ਨੇ ਰਾਮ ਰਾਇ ਨੂੰ ਇਸ ਭਰੋਸੇ ਤੇ ਦਿੱਲੀ ਰੋਕੇ ਰਖਣ ਦਾ ਫੈਸਲਾ ਕਰ ਲਿਆ ਸੀ ਕਿ ਗੁਰਗੱਦੀ ਦੇ ਅਗਲੇ ਪਦਧਾਰੀ ਨੂੰ ਆਪਣੇ ਕਾਬੂ ਵਿਚ ਰਖੇ ਰਖਣ ਨਾਲ, ਉਹ ਆਪ ਹੀ ਸਿੱਖ ਕੌਮ ਦੀ ਕਿਸਮਤ ਦਾ ਫ਼ੈਸਲਾ ਕਰਨ ਵਾਲਾ ਸਾਲਸ ਬਣ ਜਾਵੇਗਾ।"[19] (Aurangzeb decided to keep Ram Rai in Delhi in the belief that, with the future incumbant of the Guruship in his power, he would become the arbitrator of the destinies of the Sikh community.)[19] ਨਾਲੇ, ਡਾ. ਹਰੀ ਰਾਮ ਗੁਪਤਾ ਅਨੁਸਾਰ, "ਜੇ ਉਹ ਸਰਕਾਰੀ ਸਹਾਇਤਾ ਨਾਲ ਗੁਰਗੱਦੀ ਉਤੇ ਸਥਾਪਿਤ ਹੋ ਗਏ ਤਾਂ ਉਹ ਸ਼ਹਿਨਸ਼ਾਹੀ ਨੀਤੀ ਦੇ ਇਕ ਲਿਫ਼ਵੇਂ ਸੰਦ ਜਾਂ ਹੱਥ-ਠੋਕੇ ਵਜੋਂ ਵੀ ਵਰਤੇ ਜਾ ਸਕਣਗੇ"[20] (Ram Rai, as the Guru, would prove a pliant tool for the imperial policy if he got the Guruship through official support).[20]

ਔਰੰਗਜ਼ੇਬ ਨੇ ਰਾਮ ਰਾਇ ਜੀ ਦੀ ਕਰਾਮਾਤੀ ਸ਼ਕਤੀ ਪਰਖਣ ਲਈ ਉਨ੍ਹਾਂ ਤੋਂ ਕਈ ਕ੍ਰਿਸ਼ਮੇ ਵੀ

---

15. ਕੋਸ਼ਿਸ਼, ਭਾਈ ਸਰੂਪ ਸਿੰਘ, ਗੁਰੂ ਦੀਆਂ ਸਾਖੀਆਂ, ਭਾਦਸੋਂ (ਥਾਨੇਸਰ) -1790, ਸੰਪਾਦਿਤ ਵਲੋਂ ਗਿਆਨੀ ਗਰਜਾ ਸਿੰਘ ਤੇ ਪ੍ਰੋ. ਪਿਆਰਾ ਸਿੰਘ ਪਦਮ, ਪਟਿਆਲਾ-1986, ਪੰਨਾ 41; ਗਿਆਨ ਸਿੰਘ, ਗਿਆਨੀ, ਤਵਾਰੀਖ਼ ਗੁਰੂ ਖ਼ਾਲਸਾ, ਦਿੱਲੀ-1891, ਪੰ. 259.
16. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, ਸਾਖੀ 18, ਪੰ. 605, ਦੋਹਰਾ ਨੰ. 6.
17. Banerjee, *The Sikh Gurus and the Sikh Religion,* op.cit., pp. 248-250.
18. Narang, *Transformation of Sikhism,* op.cit., p. 116.
19. Khushwant Singh, *A History of the Sikhs,* op.cit., Vol. I, p. 69.
20. Gupta, Hari Ram, *A History of the Sikhs,* op. cit., Vol. I, p.181.

ਕਰਵਾਏ।[21] ਦਾਰਾ ਦੀ ਸਹਾਇਤਾ ਵਾਲੇ ਦੋਸ਼ ਬਾਰੇ ਕੋਈ ਗਿਲਾ-ਗੁੱਸਾ ਕਰਨ ਤੇ ਕਿਸੇ ਰਾਜਨੀਤਕ ਮਾਮਲੇ ਨੂੰ ਛੇੜਨ ਦੀ ਥਾਂ, ਸਿੱਖ ਧਰਮ ਵਲੋਂ ਇਸਲਾਮ ਦੀ ਹੋ ਰਹੀ ਕਥਿਤ ਨਿਰਾਦਰੀ ਤੇ ਦਖ਼ਲਅੰਦਾਜ਼ੀ ਆਦਿ ਦਾ ਜ਼ਿਕਰ ਕੀਤਾ। ਰਾਮ ਰਾਇ ਨਿਰਛਲ ਤੇ ਇਕੱਲੇ ਹੋਣ ਕਰਕੇ ਵੀ, ਬਾਦਸ਼ਾਹੀ ਰੋਅਬ-ਦਾਬ ਦੀ ਝਾਲ ਨ ਝਲ ਸਕੇ। ਉਹ ਬਾਦਸ਼ਾਹੀ ਅਸਰ ਤੇ ਦਾਬੇ ਹੇਠ, ਡਰ ਜਾਂ ਲਾਲਚ ਵਿਚ ਆ ਕੇ, ਬਾਦਸ਼ਾਹ ਦੇ ਹੁਕਮ ਮੰਨਦਿਆਂ ਜਾਂ ਉਸ ਦੀ ਚਾਪਲੂਸੀ ਕਰਦਿਆਂ, ਕਈ ਕਰਾਮਾਤਾਂ ਵਿਖਾਉਂਦੇ ਰਹੇ ਅਤੇ ਗੁਰੂ-ਪਿਤਾ ਦੀ ਆਗਿਆ ਵਿਸਾਰ ਕੇ ਗੁਰੂ-ਘਰ ਦੀ ਹੇਠੀ ਤੇ ਗੁਰਬਾਣੀ ਦੀ ਨਿਰਾਦਰੀ ਵੀ ਕਰ ਬੈਠੇ। ਔਰੰਗਜ਼ੇਬ ਤਾਂ ਇਹ ਸਭ ਕੁਝ ਤੱਕ-ਸੁਣ ਕੇ ਬੜਾ ਖੁਸ਼ ਹੋਇਆ ਸੀ ਅਤੇ ਉਸ ਨੇ ਰਾਮ ਰਾਇ ਜੀ ਨੂੰ ਦੂਨ ਦਾ ਇਲਾਕਾ ਵੀ ਜਾਗੀਰ ਵਜੋਂ ਦੇ ਦਿੱਤਾ ਸੀ।[22]

5

ਪਰ ਇਹ ਕੁਝ ਜਦੋਂ 'ਚੜ੍ਹਦੀ ਕਲਾ' ਦੇ ਮੁਜੱਸਮੇ, ਗੁਰੂ ਹਰਿ ਰਾਇ ਸਾਹਿਬ, ਨੂੰ ਮਾਲੂਮ ਹੋਇਆ ਤਾਂ ਉਨ੍ਹਾਂ ਨੇ ਬੜਾ ਦੁੱਖ ਮਹਿਸੂਸ ਕੀਤਾ। ਉਹ ਔਰੰਗਜ਼ੇਬ ਦੀ ਚਾਲ-ਚਲਾਕੀ ਨੂੰ ਫ਼ੌਰਨ ਤਾੜ ਗਏ ਅਤੇ ਉਸ ਦੀ ਸਾਰੀ ਸਾਜ਼ਸ਼ ਤੇ ਰੰਢ-ਰੂਪ ਨੂੰ ਅਸਫ਼ਲ ਕਰਨ ਲਈ ਉਨ੍ਹਾਂ ਨੇ, ਗਿਆਨੀ ਗਿਆਨ ਸਿੰਘ ਦੇ ਹੇਠ-ਲਿਖੇ ਬਿਆਨ ਅਨੁਸਾਰ, ਰਾਮ ਰਾਇ ਜੀ ਨੂੰ ਗੁਰਗੱਦੀ ਦੇ ਲਾਇਕ ਨ ਸਮਝ ਕੇ, ਉਸ ਨੂੰ ਇਸ ਤੋਂ ਵਿਰਵਾ ਰਖਣ ਦਾ ਕਤੱਈ ਫ਼ੈਸਲਾ ਕਰ ਲਿਆ ਅਤੇ ਹੁਕਮ ਜਾਰੀ ਕਰ ਦਿੱਤਾ ਕਿ ਉਹ (ਰਾਮ ਰਾਇ) ਅਗੋਂ ਕਦੇ ਵੀ, ਕਿਤੇ ਵੀ, ਉਨ੍ਹਾਂ ਦੇ ਮੂੰਹ-ਮੱਥੇ ਨਾ ਲਗਣ :

"ਤੁਰਕੇਸ਼ਵਰ ਦੀ ਖ਼ੁਸ਼ੀ ਹੇਤ ਤੁਮ,
ਕਰੀ ਬੇਅਦਬੀ ਗੁਰੂ-ਘਰ ਕੇਰ।
ਸਰਬਸ਼ਕਤਿ ਮਤ ਸਰਬਗ ਈਸ਼ਰ,
ਗੁਰੁ ਨਾਨਕ ਜੀ ਭਏ ਬਧੇਰ।...
ਅਬ ਬੇਸਿਦਕ ਭਯੋ ਤੂੰ ਗੁਰ ਤੇ,
ਹਮ ਕੋ ਮੁੱਖ ਨ ਦਿਖੱਈਓ ਆਇ।
ਬਖ਼ਸ਼ ਦਈ ਜੋ ਸ਼ਕਤੀ ਤੁਮ ਕੌ,
ਸੋ ਹਮ ਲੇਤ ਨਹੀਂ ਉਲਟਾਇ।"....
ਜਦਪਿ ਗੁਰੂ ਹੁਕਮ ਥਾ ਦੀਨਾ :
"ਰਾਮ ਰਾਇ ਕੋ ਮਾਨੇ ਸਿੱਖ ਨ ਕੋਇ।
ਸ਼ਕਤੀਯੁਤ ਅਰ ਗੁਰ-ਸੁਤ ਲਖ ਕਰਿ,
ਤੋ ਭੀ ਮਾਨਯੋ ਸਿਖਹਿੰ ਸੋਇ"।[23]

---

21. ਕਨ੍ਹਈਆ ਲਾਲ, ਤਵਾਰੀਖ਼ੇ ਪੰਜਾਬ, ਉਹੀ, ਪੰ. 33-34;ਭੱਲਾ, ਮਹਿਮਾ ਪ੍ਰਕਾਸ਼, ਉਹੀ, ਪੰ. 605-606; ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 9, ਅੰਸੂ 57. ਗੁਰੁਬਾਵਲੀ, ਉਹੀ, ਪੰ. 3752.
22. ਬਖ਼ਤ ਮਲ, ਖਾਲਸਾਨਾਮਾ, ਉਹੀ, ਪੰ. 10; Macauliffe, *The Sikh Religion*, op. cit., Vol. IV, p. 309; Trilochan Singh, *Life of Guru Hari Krishan*, New Delhi-1981, p. 65.
23. ਗਿਆਨ ਸਿੰਘ, ਗਿ., ਸ੍ਰੀ ਗੁਰ ਪੰਥ ਪ੍ਰਕਾਸ਼, ਉਹੀ, ਪੂਰਬਾਰਧ, ਬਿਸ੍ਰਾਮ 30, ਪਦ 137, 139, 144;

ਇਹ ਸੁਣ-ਜਾਣ ਕੇ, ਔਰੰਗਜ਼ੇਬ ਅਤੇ ਰਾਮ ਰਾਇ ਦੀ ਤਾਂ ਖ਼ਾਨਿਉਂ ਗਈ ਸੀ। ਉਨ੍ਹਾਂ ਨੇ ਧੀਰ ਮਲ ਵਰਗੇ ਗੁਰ-ਵਿਰੋਧੀਆਂ ਰਾਹੀਂ ਵੀ ਇਸ ਫ਼ੈਸਲੇ ਨੂੰ ਬਦਲਣ ਲਈ ਬੜਾ ਜ਼ੋਰ ਲਾਇਆ ਸੀ। ਰਾਮ ਰਾਇ ਨੂੰ ਵੀ ਮਿੰਨਤਾ ਤਰਲੇ ਕਰਨ ਲਈ ਉਚੇਚਾ ਕੀਰਤਪੁਰ ਭੇਜਿਆ ਸੀ। ਪਰੰਤੂ ਜਦੋਂ ਕੀਰਤਪੁਰ ਦਾਖ਼ਲ ਹੋਣ ਤੋਂ ਪਹਿਲਾਂ, ਉਸ ਨੇ ਦਰਸ਼ਨ ਕਰਨ ਤੇ ਮਾਫ਼ੀ ਮੰਗਣ ਵਜੋਂ ਜੋ ਬੇਨਤੀ-ਪੱਤਰ ਲਿਖ ਭੇਜਿਆ ਸੀ,ਤਾਂ ਸਤਿਗੁਰੂ ਨੇ ਉਸ ਦੇ ਜਵਾਬ ਵਿਚ ਇਹ ਕੁਝ ਸਾਫ਼ ਆਖ ਭੇਜਿਆ ਸੀ :

ਤਬ ਸਤਿਗੁਰ ਜੀ ਆਖ ਪਠਾਈ,
"ਤੁਮ ਸਿੱਧ ਪ੍ਰਗਟ ਕਰ ਕਿਉਂ ਦਿਖਲਾਈ ?
ਅਰ ਬਾਨੀ ਬਚਨ ਵਾਕ ਕਿਉਂ ਫੇਰਾ ?
ਹਮਰੀ ਰਹਿਨੀ ਜੁਗਤ ਨ ਹੇਰਾ।
ਅਰੁ ਜੋ ਕਰਾਮਾਤ ਪ੍ਰਗਟਾਈ,
ਮਾਟੀ ਤੁਰਕ ਜਲਤੀ ਨੇ ਦਿਖਲਾਈ।
ਤਾਂ ਤੇ ਹਮ ਕੋ ਮੁੱਖ ਨ ਦਿਖਲਾਵੇ,
ਜਿਹ ਦਿਸ ਖੜੇ, ਤਿਹ ਹੀ ਚਲ ਜਾਵੇ"।[24]

ਪਰ 'ਚੜ੍ਹਦੀ ਕਲਾ' ਦੇ ਸਵਾਮੀ, ਗੁਰੂ ਹਰਿ ਰਾਇ ਜੀ, ਆਪਣੇ ਫ਼ੈਸਲੇ ਉੱਤੇ ਅਟੱਲ ਰਹੇ ਸਨ, ਅਤੇ ਉਨ੍ਹਾਂ ਨੇ ਸਾਰੀ ਉਮਰ ਨਾ ਔਰੰਗਜ਼ੇਬ ਦੀ ਈਨ ਮੰਨੀ ਸੀ, ਨਾ ਆਪਣੇ ਜੇਠੇ ਪੁੱਤਰ ਨੂੰ ਮੁੜ ਮੂੰਹ ਲਾਇਆ ਸੀ, ਅਤੇ ਨਾ ਹੀ ਗੁਰਗੱਦੀ ਦੀ ਪਰਾਪਤੀ ਲਈ ਕੀਤੀਆਂ ਗਈਆਂ ਮਿੰਨਤਾਂ ਤੇ ਮੁਖ਼ਾਲਫ਼ਤਾਂ ਆਦਿ ਦੀ ਕੋਈ ਪਰਵਾਹ ਕੀਤੀ ਸੀ। ਅਤੇ ਇਉਂ ਬੜੀ ਨਿਰਭੈਤਾ, ਸੁਚੇਤਤਾ, ਦ੍ਰਿੜ੍ਹਤਾ ਤੇ ਦੂਰ-ਦਰਸਤਾ ਨਾਲ ਸਿੱਖ ਲਹਿਰ ਨੂੰ ਦਬੋਚਣ ਤੇ ਦਬਾਉਣ ਲਈ ਘੜੀ ਗਈ ਔਰੰਗਜ਼ੇਬੀ ਸਾਜ਼ਸ਼ ਨੂੰ ਨਾਕਾਮ ਕਰ ਕੇ, ਇਸ ਦੇ ਸੁਤੰਤਰ ਤੇ ਸ਼ਕਤੀਸ਼ਾਲੀ ਵੇਗ ਨੂੰ ਰੋਕੇ ਜਾਣ ਤੋਂ ਬਚਾਅ ਲਿਆ ਸੀ।

VIII
ਅੱਠਵੀਂ ਪਾਤਸ਼ਾਹੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਦੇ ਸਮੇਂ
(1661-1664 ਈ.)

ਇਸ ਇਨਕਲਾਬੀ ਤੇ ਲੋਕ-ਹਿਤੈਸ਼ੀ ਲਹਿਰ ਦੇ ਵੇਗ ਨੂੰ, ਆਪਣੇ ਮੂਲ ਸਰੂਪ ਤੇ ਸਪਿਰਿਟ ਵਿਚ ਚਲਦਾ ਤੇ ਵਿਗਸਦਾ ਰਖਣ ਲਈ, ਜੋ ਸੂਝ-ਸਿਆਣਪ, ਦਲੇਰੀ ਤੇ ਦੂਰ-ਅੰਦੇਸ਼ੀ ਇਸ ਦੇ ਅੱਠਵੇਂ ਉਸਰੱਈਏ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ[1] ਨੇ ਵਰਤੀ ਸੀ, ਉਹ ਵੀ ਸਿੱਖ ਧਰਮ ਵਿਚ 'ਚੜ੍ਹਦੀ ਕਲਾ' ਦੇ ਸੰਕਲਪ, ਸਿਧਾਂਤ ਤੇ ਪਰੰਪਰਾ

ਸੰਪਾਦਿਤ ਵਲੋਂ ਗਿ. ਕਿਰਪਾਲ ਸਿੰਘ, ਭਾਗ ਦੂਜਾ, ਅੰਮ੍ਰਿਤਸਰ-1972, ਪੰਨਾ 904-906.

24. ਭੱਲਾ, ਮਹਿਮਾ ਪ੍ਰਕਾਸ਼, ਉਹੀ, ਸਾਖੀ 18, ਪਦ 78-81, ਸੰਪਾਦਿਤ ਪਾਠ, ਪੰ. 616, ਹੋਰ ਵੇਖੋ : ਭੱਲਾ ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, ਪੰ. 613; ਸੰਤੋਖ ਸਿੰਘ, ਭਾ., ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 9, ਅੰਸੂ 58; ਗ੍ਰੰਥਾਵਲੀ, ਪੰ. 3758.

1. ਆਪ ਦਾ ਜਨਮ ਗੁਰੂ ਹਰਿ ਰਾਇ ਜੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ 7 ਜੁਲਾਈ 1656 ਈ. ਨੂੰ

ਦਾ ਇਕ ਅਦੁੱਤੀ ਚਮਤਕਾਰ ਹੈ।

7 ਅਕਤੂਬਰ 1661 ਈ. ਨੂੰ ਜਦੋਂ ਉਹ ਗੁਰਗੱਦੀ ਉੱਤੇ ਸੁਸ਼ੋਭਤ ਹੋਏ ਸਨ, ਉਦੋਂ ਉਨ੍ਹਾਂ ਦੀ ਸਰੀਰਕ ਉਮਰ ਸਵਾ ਪੰਜ ਕੁ ਸਾਲ ਦੀ ਸੀ। ਪਰ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਬਖਸ਼ਣ ਲਗਿਆਂ, ਉਨ੍ਹਾਂ ਦੇ ਗੁਰੂ ਪਿਤਾ, ਗੁਰੂ ਹਰਿ ਰਾਇ ਸਾਹਿਬ, ਨੇ ਸੰਗਤ ਨੂੰ ਸੰਬੋਧਨ ਕਰਦਿਆਂ ਇਹ ਜੋ ਉਦੋਂ ਹੀ ਫ਼ਰਮਾਅ ਦਿੱਤਾ ਸੀ, ਉਹ ਛੇਤੀ ਹੀ ਇੰਨ-ਬਿੰਨ ਸੱਚ ਸਿਧ ਹੋਇਆ ਸੀ :

ਤਬ ਸੰਗਤ ਪ੍ਰਤਿ ਬਚਨ ਬਖਾਨਾ :
"ਜਗਤ ਗੁਰੂ ਹਰਿ ਕ੍ਰਿਸ਼ਨ ਪ੍ਰਧਾਨਾ।
ਨਿਜ ਸਰੂਪ ਮੇਰਾ ਕਰ ਜਾਨੋ,
ਯਾ ਮੇਂ ਰੰਚਕ ਭੇਦ ਨ ਆਨੋ।"[2]

ਸੰਸਾਰ ਦੇ ਧਾਰਮਕ ਇਤਿਹਾਸ ਦੇ ਇਹ ਸਭ ਤੋਂ ਛੋਟੀ ਆਯੂ ਦੇ ਗੁਰੂ (ਧਾਰਮਕ ਤੇ ਅਧਿਆਤਮਕ ਨੇਤਾ) 30 ਮਾਰਚ1664 ਨੂੰ ਜੋਤੀ-ਜੋਤਿ ਸਮਾਉਣ ਤਕ, ਉਸੇ ਮਿਸ਼ਨ, ਨੀਤੀ ਤੇ ਸਪਿਰਿਟ ਦੇ ਧਾਰਨੀ ਰਹੇ ਜੋ ਗੁਰੂ ਨਾਨਕ ਦੇਵ ਜੀ ਨੇ ਆਰੰਭੀ ਸੀ ਅਤੇ ਜਿਸ ਉੱਤੇ ਗੁਰੂ ਹਰਿ ਰਾਇ ਜੀ ਨੇ ਆਖ਼ਰੀ ਦਮ ਤਕ ਪਹਿਰਾ ਦਿੱਤਾ ਸੀ। ਬਾਵਾ ਸੇਵਾ ਦਾਸ ਨੇ, ਸੰਨ1708 ਵਿਚ, ਉਨ੍ਹਾਂ ਦੇ ਅੰਤਮ ਸਮੇਂ ਦਾ ਵਰਣਨ ਕਰਦਿਆਂ ਲਿਖਿਆ ਹੈ :

ਗੁਰੂ ਜੀ ਸੀਤਲਾ ਕਾ ਅੰਗੀਕਾਰ ਕੀਆ,
ਸਰੀਰ ਛੋਡਨੇ ਕੀ ਤਿਆਰੀ ਕੀਨੀ।
ਫਿਰਿ ਮੁਖ ਵਾਕ ਤੇ ਇਹ ਬਚਨ ਉਚਾਰਿਆ :
"ਨਾ ਤੁਰਕ ਕੋ ਦਰਸਨ ਦੇਵਨਾ ਹੈ,
ਨਾ ਤੁਰਕ ਦਾ ਦਰਸਨ ਲੇਵਨਾ ਹੈ।"[3]

2

ਗੁਰੂ ਹਰਿ ਕ੍ਰਿਸ਼ਨ ਜੀ ਦੇ ਗੱਦੀ-ਨਸ਼ੀਨ ਹੁੰਦਿਆਂ ਹੀ, ਉਨ੍ਹਾਂ ਦੇ ਵੱਡੇ ਭਰਾ, ਉਕਤ ਸ੍ਰੀ ਰਾਮ ਰਾਇ ਜੀ, ਨੇ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਨੂੰ, ਉਸ ਦੇ ਵਜ਼ੀਰਾਂ ਜਾਂ ਅਹਿਲਕਾਰਾਂ ਦੇ ਚੁੱਕ-ਚੁਕਾਅ 'ਤੇ, ਲਿਖਤੀ ਰੂਪ ਵਿਚ ਇਹ ਬੇਨਤੀ ਕੀਤੀ ਕਿ "ਮੈਂ ਗੁਰੂ ਹਰਿ ਰਾਇ ਜੀ ਦਾ ਵੱਡਾ ਸਾਹਿਬਜ਼ਾਦਾ ਹੋਣ ਕਰਕੇ ਗੁਰਗੱਦੀ ਅਤੇ ਜਾਇਦਾਦ ਦਾ ਅਸਲ ਹੱਕਦਾਰ ਹਾਂ ; ਪਰ ਉਹ ਹੁਣ ਸਭ ਕੁਝ ਮੇਰੇ ਛੋਟੇ ਭਰਾ, ਹਰਿ ਕ੍ਰਿਸ਼ਨ, ਨੂੰ ਦੇ ਗਏ ਹਨ। ਮੇਰੇ ਨਾਲ ਇਹ ਅਨਿਆਂ ਤੇ ਹੱਕਤਲਫ਼ੀ ਇਸ ਲਈ ਕੀਤੀ ਗਈ ਹੈ ਕਿ ਮੇਰੇ ਪਿਤਾ ਆਪ ਦੇ ਵਿਰੋਧੀ ਸਨ ਅਤੇ ਆਪ ਪ੍ਰਤੀ ਮੇਰੀ ਆਗਿਆਕਾਰੀ ਅਤੇ ਵਫ਼ਾਦਾਰੀ ਉਨ੍ਹਾਂ ਨੂੰ ਕਦਾਚਿਤ ਪਰਵਾਨ ਨਹੀਂ ਸੀ। ਉਹ ਤਾਂ ਉਸ (ਮੇਰੇ ਛੋਟੇ ਭਰਾ) ਨੂੰ ਗੱਦੀ ਸੌਂਪਣ ਲਗਿਆਂ, ਇਹ ਹੁਕਮ ਵੀ ਕਰ ਗਏ ਹਨ ਕਿ ਉਹ ਆਪ ਦੇ ਕਦੇ ਵੀ, ਕਿਤੇ ਵੀ, ਮੱਥੇ ਵੀ ਨ

ਕੀਰਤਪੁਰ ਵਿਖੇ ਹੋਇਆ ਸੀ ਅਤੇ ਆਪ 30 ਮਾਰਚ 1664 ਨੂੰ ਦਿੱਲੀ ਵਿਖੇ ਜੋਤੀ-ਜੋਤਿ ਸਮਾਅ ਗਏ ਸਨ।

2. ਭੱਲਾ , ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, 'ਸਾਖੀਆਂ ਸਤਵੇਂ ਮਹਿਲ ਕੀ', ਸਾਖੀ ਨੰ . 21, ਪਦ 10; ਪੰ. 626.

3. ਸੇਵਾ ਦਾਸ, ਪਰਚੀਆਂ, ਉਹੀ, ਪਰਚੀ ਨੰ. 8 :'ਸਾਖੀ ਅਠਵੇਂ ਮਹਲ ਕੀ'; ਸੰਪਾਦਿਤ ਪਾਠ, ਉਹੀ, ਪੰ. 126; ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 10, ਅਂਸੂ 35; ਗ੍ਰੰਥਾਵਲੀ, ਉਹੀ, ਪੰ. 3897.

ਲਗੇ। ਇਸ ਲਈ ਮੇਰੇ ਨਾਲ ਨਿਆਂ ਕੀਤਾ ਜਾਵੇ ਅਤੇ ਮੇਰੇ ਛੋਟੇ ਭਰਾ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ, ਮੇਰਾ ਹੱਕ ਮੈਨੂੰ ਦੇ ਦੇਣ ਲਈ ਹੁਕਮ-ਹਦਾਇਤ ਕੀਤੀ ਜਾਵੇ।"[4]

ਡਾ. ਗੁਪਤਾ ਅਨੁਸਾਰ, Aurangzeb was a pastmaster in the art of diplomacy. He wanted to take full advantage of the rift which had developed between the two brothers. He was keen to use Ram Rai in weakening the Sikh movement.[5] ਅਰਥਾਤ, "ਔਰੰਗਜ਼ੇਬ ਕੂਟਿਲਨੀਤੀ ਦੇ ਹੁਨਰ ਦਾ ਉਸਤਾਦ ਸੀ। ਉਹ ਦੋਹਾਂ ਭਰਾਵਾਂ ਵਿਚ ਪੈਦਾ ਹੋਈ ਤੇੜ ਤੋਂ ਪੂਰਾ ਪੂਰਾ ਲਾਭ ਉਠਾਉਣਾ ਚਾਹੁੰਦਾ ਸੀ। ਨਾਲੇ ਉਹ ਸਿੱਖ ਲਹਿਰ ਨੂੰ ਕਮਜ਼ੋਰ ਕਰਨ ਲਈ ਰਾਮ ਰਾਇ ਨੂੰ ਵਰਤਣ ਵਾਸਤੇ ਬੜਾ ਹੀ ਚਾਹਵਾਨ ਸੀ।"[5] ਉਹ ਨ ਕੇਵਲ ਉਸ ਦਾ 'ਹਮਦਰਦ' ਤੇ 'ਸਰਪ੍ਰਸਤ' ਹੀ ਬਣ ਚੁਕਾ ਸੀ, ਸਗੋਂ ਉਸ ਦੀ ਸ਼ਿਕਾਇਤ ਤੇ ਗ਼ੁੱਸੇ ਨੂੰ ਉਤੇਜਿਤ ਵੀ ਕਰ ਰਿਹਾ ਸੀ। ਸ. ਖ਼ੁਸ਼ਵੰਤ ਸਿੰਘ ਮੁਤਾਬਕ, The investitive of Hari Krishan did not suit Aurangzeb, who wanted to play a decisive role in the affairs of the Sikhs.[6] "ਸਿੱਖਾਂ ਦੇ ਮਾਮਲਿਆਂ ਵਿਚ ਨਿਰਣੈਕਾਰੀ (ਫ਼ੈਸਲਾਕੁਨ) ਰੋਲ ਅਦਾਅ ਕਰਨ ਦੇ ਚਾਹਵਾਨ ਔਰੰਗਜ਼ੇਬ ਨੂੰ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਗੁਰ ਗੱਦੀ-ਸਥਾਪਨਾ ਰਾਸ ਨਹੀਂ ਆਈ ਸੀ।"[6] ਉਹ ਚਾਹੁੰਦਾ ਸੀ ਕਿ "ਇਹ ਦੋਵੇਂ ਭਰਾ ਆਪੋ ਵਿਚ ਝਗੜਦੇ ਰਹਿਣ ਤਾਂ ਜੋ ਸਿੱਖ ਜਨਤਾ ਵਿਚ ਇਨ੍ਹਾਂ ਦਾ ਪਰਭਾਵ ਘਟਦਾ ਜਾਏ ਅਤੇ ਉਹ ਇਸ ਨੂੰ ਇਸਲਾਮ ਦੀ ਬੁੱਕਲ ਵਿਚ ਸਮੇਟ ਲੈਣ ਲਈ ਪਰੇਰ ਲਵੇ।"[7] ਪ੍ਰੋ.ਕਰਤਾਰ ਸਿੰਘ ਅਨੁਸਾਰ ਵੀ, "ਔਰੰਗਜ਼ੇਬ ਬੜਾ ਚਾਲਬਾਜ਼ ਤੇ ਫ਼ਰੇਬੀ ਸੀ।.....ਉਸ ਨੇ ਸੋਚਿਆ 'ਜੇ ਗੁਰਗੱਦੀ ਮੇਰੇ ਵਫ਼ਾਦਾਰ ਜਾਗੀਰਦਾਰ ਦੇ ਹੱਥ ਆ ਜਾਵੇ ਤਾਂ ਇਧਰੋਂ ਹਕੂਮਤ ਨੂੰ ਕੋਈ ਖ਼ਤਰਾ ਨ ਰਹੇ, ਅਤੇ ਨਾਲੇ ਪੰਜਾਬ ਵਿਚ ਇਸਲਾਮ ਵੀ ਵਧੇਰੇ ਸੌਖੀ ਤਰ੍ਹਾਂ ਫੈਲ ਸਕੇ। ਵੱਡਾ ਭਰਾ ਤਾਂ ਪਹਿਲਾਂ ਹੀ ਮੇਰੀ ਮੁੱਠ ਵਿਚ ਹੈ ਤੇ ਛੋਟੇ ਨੂੰ ਸੱਦ ਕੇ, ਡਰਾ-ਧਮਕਾਅ ਕੇ ਜਾਂ ਲਾਲਚ ਦੇ ਕੇ ਅਧੀਨ ਕਰ ਲਿਆ ਜਾਵੇ, ਤਾਂ ਰੰਗ ਲਗ ਜਾਵੇ। ਜੇ ਉਹ ਨ ਮੰਨਿਆ ਤਾਂ ਦੋਹਾਂ ਭਰਾਵਾਂ ਨੂੰ ਆਪੋ ਵਿਚ ਡਾਹ ਦਿਆਂਗੇ, ਆਪੇ ਲੜ ਮਰਨਗੇ ਅਤੇ ਇਸਲਾਮ ਦੇ ਪਰਚਾਰ (ਤੇ ਪਰਸਾਰ) ਦਾ ਰਾਹ ਸਾਫ਼ ਹੋ ਜਾਵੇਗਾ।' ਇਹ ਸੋਚ ਕੇ ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਸੱਦਣ ਦਾ ਫ਼ੈਸਲਾ ਕਰ ਲਿਆ।"[8]

ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਔਰੰਗਜ਼ੇਬ ਬਾਰੇ ਇਹ ਨੀਤੀ ਅਪਨਾਈ ਰਖੀ ਸੀ: 'ਨਹਿ ਮਲੇਛ ਕੋ ਦਰਸ਼ਨ ਦੇ ਹੈਂ'। ਆਪ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਵੀ ਗੁਰਗੱਦੀ ਸੌਂਪਣ ਲਗਿਆਂ, ਉਪਰ ਦੱਸੇ ਅਨੁਸਾਰ, ਇਸੇ ਨੀਤੀ ਉਤੇ ਪਾਬੰਦ ਰਹਿਣ ਦੀ ਆਗਿਆ ਕੀਤੀ ਸੀ।

ਸ੍ਰੀ ਰਮ ਰਾਇ ਨੂੰ ਉਸ ਦੀ ਇਸ ਨੀਤੀ ਦਾ ਪਤਾ ਸੀ। ਉਸ ਦੀ ਆਪਣੀ ਚਾਲ-ਚਲਾਕੀ ਇਹ ਸੀ ਕਿ

---

4. M' Gregor, W.L., *The History of the Sikhs*, London-1846, Vol. I, p. 63.
5. Gupta, Hari Ram, *History of the Sikhs*, op. cit., Vol.I, p. 181.
6. Khushwant Singh, *A History of the Sikhs*, op. cit., p. 70.
7. Duggal, K.S., *The Sikh Gurus : Their Lives and Teachings*, New Delhi -1980, p. 166.
8. Macauliffe, *The Sikh Religion*, op.cit, Vol IV, p. 318; Khazan Singh, *The History and Philosophy of Sikh Religion*, Lahore-1914, Vol. I, p. 144; ਕਰਤਾਰ ਸਿੰਘ, ਪ੍ਰੋ., ਸਿੱਖ ਇਤਿਹਾਸ, ਉਹੀ, ਭਾਗ ਪਹਿਲਾ, ਪੰ. 291-93.

'ਜੇ ਸ੍ਰੀ ਹਰਿ ਕ੍ਰਿਸ਼ਨ ਦਿੱਲੀ ਪਹੁੰਚ ਕੇ ਔਰੰਗਜ਼ੇਬ ਨੂੰ ਮਿਲਣਗੇ, ਤਾਂ ਮੈਂ ਇਹ ਰੌਲਾ ਪਾ-ਪੁਆ ਦਿਆਂਗਾ ਕਿ ਉਨ੍ਹਾਂ ਨੇ ਪਿਤਾ-ਗੁਰੂ ਦੀ ਆਗਿਆ ਭੰਗ ਕੀਤੀ ਹੈ। ਇਸ ਤਰ੍ਹਾਂ ਸਿੱਖਾਂ ਵਿਚ ਉਨ੍ਹਾਂ ਦਾ ਸਤਿਕਾਰ ਘਟੇਗਾ ਅਤੇ ਮੇਰਾ ਦਾਉ ਲਗ ਸਕੇਗਾ। ਤੇ ਜੇ ਉਹ ਨ ਆਏ ਤਾਂ ਮੈਂ ਔਰੰਗਜ਼ੇਬ ਨੂੰ (ਇਹ ਕਹਿ ਕੇ) ਭੜਕਾਵਾਂਗਾ ਕਿ ਉਹ ਆਕੀ ਤੇ ਬਾਗ਼ੀ ਹਨ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੰਗਵਾਇਆ ਜਾਵੇ ਅਤੇ ਬਾਗ਼ੀਆਂ ਵਾਲੀ ਸਜ਼ਾ ਦਿੱਤੀ ਜਾਵੇ। ਫੇਰ ਮੇਰੇ ਵਾਸਤੇ ਰਾਹ ਸਾਫ਼ ਹੋ ਜਾਵੇਗਾ।[9] ਜੇ ਉਹ ਡਰ ਕੇ ਨੱਸ ਗਏ ਤਾਂ ਮੈਂ ਪੰਜਾਬ ਜਾ ਕੇ ਗੁਰੂ ਬਣ ਜਾਵਾਂਗਾ ਅਤੇ ਕੀਰਤਪੁਰ ਉੱਤੇ ਕਬਜ਼ਾ ਕਰ ਲਵਾਂਗਾ।'

ਉਧਰ ਔਰੰਗਜ਼ੇਬ ਨੂੰ ਵੀ ਗੁਰੂ ਹਰਿ ਰਾਇ ਸਾਹਿਬ ਦੀ ਉਪਰ-ਦਸੀ ਨੀਤੀ ਅਤੇ ਅੱਠਵੇਂ ਗੁਰੂ ਸਾਹਿਬ ਨੂੰ ਕੀਤੀ ਗਈ ਉਕਤ ਹਦਾਇਤ ਮਾਲੂਮ ਸੀ। ਸੋ, ਉਸ ਨੇ ਇਹ ਸੋਚਿਆ-ਵਿਚਾਰਿਆ ਕਿ ਗੁਰੂ ਜੀ ਸ਼ਾਹੀ ਸੱਦਾ ਮੰਨ ਕੇ ਤਾਂ ਦਿੱਲੀ ਨਹੀਂ ਆਉਣਗੇ, ਇਸ ਲਈ ਕੋਈ ਹੋਰ ਢੰਗ ਵਰਤਣਾ ਚਾਹੀਦਾ ਹੈ। ਸੋ, ਉਸ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਕਿਹਾ ਕਿ 'ਗੁਰੂ ਸਾਹਿਬ ਨੂੰ ਤੁਸੀਂ ਆਪਣੇ ਵਲੋਂ ਆਪਣੇ ਘਰ ਸੱਦੋ'। ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਵਲ ਸੱਦਾ- ਪੱਤਰ ਲਿਖਿਆ ਅਤੇ ਆਪਣੇ ਇਕ ਵੱਡੇ ਅਹਿਲਕਾਰ ਦੇ ਹੱਥ ਕੀਰਤਪੁਰ ਸਾਹਿਬ ਭੇਜਿਆ। ਇਸ ਦੇ ਨਾਲ ਹੀ ਦਿੱਲੀ ਦੀ ਸਿੱਖ ਸੰਗਤ ਨੇ ਵੀ ਉਨ੍ਹਾਂ ਵਲ ਆਪਣਾ ਬਿਨੈ-ਪੱਤਰ ਇਹ ਦਸਦਿਆਂ ਲਿਖ ਭੇਜਿਆ ਕਿ 'ਰਾਮ ਰਾਇ ਕਈ ਪਰਕਾਰ ਦੀਆਂ ਗੋਂਦਾਂ ਗੁੰਦ ਰਿਹਾ ਹੈ, ਇਨ੍ਹਾਂ ਦਾ ਭਾਂਡਾ ਭੰਨਣ ਲਈ ਆਪ ਜ਼ਰੂਰ ਦਿੱਲੀ ਆਓ'।

ਰਾਜਾ ਜੈ ਸਿੰਘ ਦੀ ਚਿੱਠੀ ਵਿਚਾਰਨ ਮਗਰੋਂ, ਗੁਰੂ ਸਾਹਿਬ ਨੇ ਪਹਿਲਾਂ ਤਾਂ ਦਿੱਲੀ ਜਾਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ "ਅਸੀ ਔਰੰਗਜ਼ੇਬ ਨੂੰ ਕਦਾਚਿਤ ਨਹੀਂ ਮਿਲਣਾ"। ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ:

ਸੁਨ ਕੇ ਸ੍ਰੀ ਹਰਿ ਕ੍ਰਿਸ਼ਨ ਸੁਜਾਨਾ,
ਸਭਨ ਸੁਨਾਵਤ ਬਾਕ ਬਖਾਨਾ:
"ਨਹਿ ਮਲੇਛ ਕੋ ਦਰਸਨ ਦੇ ਹੈਂ ;
ਹੋਇ ਸਮੀਪ ਤਿਸ ਕੇ ਨਹਿ ਲੈ ਹੈਂ।
ਇਹੀ ਨੇਮ ਪਿਤ ਕੀਨ ਹਮਾਰੇ,
ਤਿਸ ਪਰਕਾਰ ਹਮ ਭੀ ਉਰਧਾਰੇ।
ਨਿਜ ਬਚ ਪਿਤ ਜਿਮ ਕੀਯ ਪ੍ਰਿਤਪਾਰਨ,
ਤਿਮ ਹਮ ਕਰਹਿ, ਹੋਇ ਨ ਟਾਰਨ।
ਅਟਲ ਸੁਮੇਰ ਟਲੈ ਨਹਿ ਜੈਸੇ,
ਸਤਿਗੁਰ ਬਾਕ ਅਚਲ ਨਿਤ ਤੈਸੇ।"[10]

ਗਿਆਨੀ ਪ੍ਰਤਾਪ ਸਿੰਘ ਅਨੁਸਾਰ, "ਇਹ ਸੁਣ ਕੇ ਫ਼ੈਸਲਾ ਹੋਇਆ ਕਿ ਗੁਰੂ ਜੀ ਉੱਤਰ ਲਿਖਣ। ਦੂਜੇ ਦਿਨ ਗੁਰੂ ਮਹਾਰਾਜ ਨੇ ਸ਼ਾਹੀ ਕਾਸਦ ਨੂੰ ਉੱਤਰ ਦਿੱਤਾ, "ਜੇ ਬਾਦਸ਼ਾਹ ਨੇ ਕੋਈ ਗੱਲ ਸਮਝਣੀ ਹੈ ਤਾਂ ਸਾਡਾ

---

9. Narang, *Transformation of Sikhism*, op. cit., 73; Banerjee, Prof. Indubhusan, *Evolution of the Khalsa,* Calcutta-1912, op.cit., Vol. I.
10. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 10, ਅੰਸੂ 40; ਗ੍ਰੰਥਾਵਲੀ, ਉਹੀ, ਪੰ. 3915-16

ਵੱਡਾ ਭਰਾ, ਸ੍ਰੀ ਰਾਮ ਰਾਇ, ਉਸ ਦੇ ਪਾਸ ਹੀ ਹੈ, ਉਸ ਤੋਂ ਸਮਝ ਲਵੇ; ਕੋਈ ਕਰਾਮਾਤ ਦੇਖਣੀ ਹੈ ਤਾ ਉਸ ਤੋਂ ਵੇਖ ਲਵੇ। ਪਿਤਾ ਜੀ ਦੀ ਨੀਤੀ ਹੈ ਕਿ ਬਾਦਸ਼ਾਹ ਨੂੰ ਨਹੀਂ ਮਿਲਣਾ। ਇਸ ਪਰ ਅਸੀਂ ਦ੍ਰਿੜ੍ਹ ਹਾਂ।" ਰਾਜਾ ਜੈ ਸਿੰਘ ਦੇ ਆਦਮੀ ਨੇ ਕਿਹਾ, "ਜੇ ਆਪ ਜੀ ਬਾਦਸ਼ਾਹ ਨੂੰ ਨਹੀਂ ਮਿਲਣਾ ਚਾਹੁੰਦੇ ਤਾਂ ਆਪ ਨੂੰ ਮਜਬੂਰ ਨਹੀਂ ਕੀਤਾ ਜਾਵੇਗਾ। ਰਾਜਾ ਜੈ ਸਿੰਘ ਅਤੇ ਦਿੱਲੀ ਦੀ ਸੰਗਤ ਬੇਨਤੀ ਕਰਦੀ ਹੈ ਕਿ ਆਪ ਦਰਸ਼ਨ ਦੇਵੋ।" ਗੁਰੂ ਮਹਾਰਾਜ ਨੇ ਉੱਤਰ ਦਿੱਤਾ, "ਜਿੱਥੇ ਸੰਗਤ ਯਾਦ ਕਰੇਗੀ ਉਥੇ ਤਾਂ ਜ਼ਰੂਰ ਜਾਵਾਂਗੇ।" [11]

3

ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਦਿੱਲੀ ਪਹੁੰਚ ਕੇ, ਰਾਜਾ ਜੈ ਸਿੰਘ ਦੇ ਬੰਗਲੇ ਵਿਚ ਨਿਵਾਸ ਕੀਤਾ ਸੀ।[12] ਉਥੇ ਹੀ ਸਤਿਸੰਗ ਲਗਦਾ ਰਿਹਾ ਅਤੇ ਦਿੱਲੀ ਦੀ ਸੰਗਤ ਤੇ ਹੋਰ ਆਮ ਜਨਤਾ ਨੂੰ ਆਪ ਖੁਲ੍ਹੇ ਦਰਸ਼ਨ ਤੇ ਉਪਦੇਸ਼ ਦੁਆਰਾ ਨਿਹਾਲ ਕਰਦੇ ਰਹੇ ਸਨ। ਪਰ ਰਾਜਾ ਜੈ ਸਿੰਘ ਰਾਹੀਂ ਹੁੰਦੀ ਰਹੀ ਚੋਖੀ ਪਰੇਰਨਾ ਦੇ ਬਾਵਜੂਦ, ਆਪ ਨੇ ਔਰੰਗਜ਼ੇਬ ਨਾਲ ਨਾ ਹੀ ਕੋਈ ਮੁਲਾਕਾਤ ਅਤੇ ਨਾ ਹੀ ਕੋਈ ਵਾਰਤਾਲਾਪ ਕੀਤੀ, ਸਗੋਂ ਉਸ ਦੀ ਇੱਛਾ ਤੇ ਬੁਲਾਵੇ ਦੇ ਜਵਾਬ ਵਿਚ ਆਖਿਆ, "ਮੇਰਾ ਵੱਡਾ ਭਰਾ ਤੁਹਾਡੇ ਪਾਸ ਮੌਜੂਦ ਹੈ ਅਤੇ ਆਪ ਜੋ ਕਹੋ ਉਹ ਕਰਨ ਲਈ ਤਿਆਰ ਹੈ। ਮੇਰੇ ਪਿਤਾ-ਗੁਰੂ ਜੀ ਦੀ ਅੰਤਮ ਆਗਿਆ ਇਹ ਸੀ ਕਿ ਰਾਜਸੀ ਮਾਮਲਿਆ ਸਬੰਧੀ ਤੁਹਾਡੇ ਨਾਲ ਮੇਰਾ ਵੱਡਾ ਭਰਾ ਹੀ ਗੱਲਬਾਤ ਕਰੇ, ਮੈਨੂੰ ਦਖ਼ਲ ਦੇਣ ਦੀ ਉਹ ਮਨਾਹੀ ਕਰ ਗਏ ਸਨ। ਮੇਰਾ ਕੰਮ ਤਾਂ ਸਤਿਨਾਮੁ ਦਾ ਉਪਦੇਸ਼ ਦੇਣਾ ਤੇ ਪਰਚਾਰ ਕਰਨਾ ਹੈ। ਬਾਦਸ਼ਾਹ ਨੇ ਮੇਰੇ ਪਾਸੋਂ ਤੇ ਮੈਂ ਬਾਦਸ਼ਾਹ ਪਾਸੋਂ ਕੀ ਲੈਣਾ ਹੈ ?" [13]

'ਗੁਰਬਿਲਾਸ' ਕ੍ਰਿਤ ਭਾਈ ਸੁੱਖਾ ਸਿੰਘ ਅਨੁਸਾਰ, :

ਸ੍ਰੀ ਮੁੱਖ ਬਚਨ ਕਹੇ ਇਹ ਭਾਇ,
"ਹਮ ਨਹੀ ਮਸਤਕ ਲਗਨਾ ਜਾਇ।
ਨਾ ਮਲੇਛ ਕੋ ਦਰਸਨ ਦੇਨਾ,
ਆਪ ਜਾਇ ਤਾਕੋ ਨਹੀਂ ਲੇਨਾ।" [14]

History and Philosophy of the Sikh Religion ਦੇ ਕਰਤਾ ਦੀ ਦੱਸ ਮੁਤਾਬਕ, "ਗੁਰੂ ਸਾਹਿਬ ਨਾਲ ਵਰਤ-ਵਰਤਾਰਾ ਬੜੇ ਆਦਰ-ਭਾਅ ਨਾਲ ਕੀਤਾ ਗਿਆ। ਔਰੰਗਜ਼ੇਬ ਦਾ ਵੱਡਾ ਸ਼ਹਿਜ਼ਾਦਾ,

---

11. ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ**, ਉਹੀ, ਰਾਸ 10, ਅੰਸੂ 35; **ਗ੍ਰੰਥਾਵਲੀ**, ਉਹੀ, ਪੰ. 3898; ਗਿਆਨ ਸਿੰਘ, ਗਿਆਨੀ, ਤਵਾਰੀਖ਼ ਗੁਰੂ ਖ਼ਾਲਸਾ, ਦਿੱਲੀ-1883,ਪਰਤਾਪ ਸਿੰਘ, ਗਿ., **ਸਿੱਖ ਇਤਿਹਾਸਕ ਲੈਕਚਰ**,ਅੰਮ੍ਰਿਤਸਰ-1945,ਪੰ. 279; Greenlees, Duncan, *The Gospel of Guru Granth Sahib*, Madras-1960, p.xci.
12. ਜਿਥੇ ਹੁਣ, ਹਿੰਦੁਸਤਾਨ ਦੇ ਕੇਂਦਰੀ ਸਕੱਤਰੇਤ ਤੇ ਸੰਸਦ ਭਵਨ ਲਾਗੇ, ਸੰਸਾਰ-ਪ੍ਰਸਿੱਧ ਗੁਰਦਵਾਰਾ ਬੰਗਲਾ ਸਾਹਿਬ ਸੁਭਾਇਮਾਨ ਹਨ।
13. **ਸਿੱਖ ਇਤਿਹਾਸ**, ਉਹੀ, ਭਾਗ ਪਹਿਲਾ, ਪੰ. 295.
14. ਸੁੱਖਾ ਸਿੰਘ ਭਾਈ, **ਗੁਰ ਬਿਲਾਸ ਪਾਤਸ਼ਾਹੀ 10**, ਆਨੰਦਪੁਰ -1797, ਅਧਿਆਇ 1, ਪਦ 75; ਸੰਪਾਦਿਤ ਵਲੋਂ ਡਾ.ਗੁਰਸ਼ਰਨ ਕੌਰ ਜੱਗੀ, ਪਟਿਆਲਾ -1989 , ਪੰ. 6.

ਮੁਅੱਜ਼ਮ, ਉਨ੍ਹਾਂ ਦੇ ਮਾਣ ਤੇ ਮਹੱਤਾ ਨੂੰ ਮੁੱਖ ਰਖਦਿਆਂ, ਉਨ੍ਹਾਂ ਨੂੰ ਮਿਲਣ ਲਈ ਆਪ ਉਥੇ ਆਇਆ ਸੀ। ਉਹ ਗੁਰੂਦੇਵ ਦੇ ਹਾਵ-ਭਾਵ ਅਤੇ ਦੈਵੀ-ਜਲੌ ਵੇਖ ਕੇ ਬਹੁਤ ਹੀ ਖ਼ੁਸ਼ ਤੇ ਪਰਭਾਵਿਤ ਹੋਇਆ ਸੀ ਅਤੇ ਉਸ ਨੇ ਬਾਦਸ਼ਾਹ ਪਾਸ ਜਾ ਕੇ ਉਨ੍ਹਾਂ ਦੀ ਭਰਵੀਂ ਸੁਲਾਘਾ ਵੀ ਕੀਤੀ ਸੀ।"[15] ਪਰ *The Sikh Gurus : Their Lives and Teachings* ਦੇ ਕਰਤਾ ਦੇ ਲਫ਼ਜ਼ਾਂ ਵਿਚ "ਕਿਉਂਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਪਹੁੰਚ ਕੇ ਵੀ, ਔਰੰਗਜ਼ੇਬ ਪਾਸ ਜਾਣ ਤੇ ਉਸ ਨੂੰ ਮਿਲਣ ਤੋਂ ਨਾਂਹ ਕੀਤੀ ਹੋਈ ਸੀ, ਇਸ ਲਈ ਬਾਦਸ਼ਾਹ ਨੇ ਆਪਣੀ "ਮੂੰਹ-ਰਖਣੀ ਵਜੋਂ ਆਪਣੇ ਬੇਟੇ ਨੂੰ ਹੀ ਉਨ੍ਹਾਂ (ਗੁਰੂ ਜੀ) ਨੂੰ ਮਿਲਣ ਲਈ ਉਨ੍ਹਾਂ ਪਾਸ ਭੇਜ ਦਿੱਤਾ ਸੀ। ਉਹ ਗੁਰੂਦੇਵ ਦੀ ਪਰਿਪੱਕਤਾ ਤੇ ਪ੍ਰਭੁਤਾ ਤੋਂ ਬਹੁਤ ਪਰਭਾਵਿਤ ਹੋਇਆ ਸੀ ਅਤੇ ਉਸੇ ਦਮ ਉਨ੍ਹਾਂ ਦਾ ਇਕ ਭਾਰੀ ਪ੍ਰਸ਼ੰਸਕ ਵੀ ਬਣ ਗਿਆ ਸੀ।"[16] ਗੁਰੂ ਜੀ ਨੇ ਉਸ ਨੂੰ ਆਤਮਕ ਉਪਦੇਸ਼ ਦੇ ਕੇ ਨਿਹਾਲ ਕਰ ਦਿੱਤਾ ਸੀ।

ਸ਼ਹਿਜ਼ਾਦੇ ਨੇ ਉਦੋਂ ਜਦ ਗੁਰਗੱਦੀ ਬਾਰੇ ਰਾਮ ਰਾਇ ਦੇ ਦਾਅਵੇ ਦੀ ਗੱਲ ਕੀਤੀ ਸੀ, ਤਾਂ ਗੁਰੂਦੇਵ ਨੇ ਬਾਦਸ਼ਾਹ ਨੂੰ ਇਹ ਕਹਿ ਭੇਜਿਆ ਸੀ : "ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਦੀ ਸ਼ੈ ਨਹੀਂ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਇਕ ਸੇਵਕ ਸਿੱਖ ਨੂੰ ਗੱਦੀ ਸੌਂਪੀ ਸੀ। ਗੁਰੂ ਅੰਗਦ ਦੇਵ ਜੀ ਨੇ ਅਤੇ ਗੁਰੂ ਅਮਰਦਾਸ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਗੱਦੀ ਨਹੀਂ ਸੀ ਦਿੱਤੀ। ਗੁਰੂ ਰਾਮਦਾਸ ਜੀ ਨੇ ਆਪਣੇ ਦੋ ਵੱਡੇ ਪੁੱਤਰਾਂ ਨੂੰ ਛੱਡ ਕੇ, ਛੋਟੇ ਪੁੱਤਰ ਨੂੰ ਗੁਰਿਆਈ ਦਿੱਤੀ ਸੀ। ਫੇਰ, ਗੁਰੂ ਹਰਿ ਗੋਬਿੰਦ ਜੀ ਨੇ ਆਪਣੇ ਪੁੱਤਰਾਂ ਤੇ ਵੱਡੇ ਪੋਤਰੇ ਨੂੰ ਛੱਡ ਕੇ ਛੋਟੇ ਪੋਤਰੇ ਨੂੰ ਗੁਰਗੱਦੀ ਲਈ ਚੁਣਿਆ ਸੀ। ਇਸ ਪਰਕਾਰ, ਜਿਸ ਜਿਸ ਨੂੰ ਗੁਰੂ ਸਾਹਿਬ ਨੇ ਵਧੇਰੇ ਯੋਗ ਤੇ ਧੁਰੋਂ ਥਾਪਿਆ ਹੋਇਆ ਸਮਝਿਆ, ਉਸ ਨੂੰ ਹੀ ਉਨ੍ਹਾਂ ਨੇ ਗੁਰਗੱਦੀ ਦਿੱਤੀ ਸੀ। ਇਸ ਲਈ ਪਿਤਾ-ਗੁਰੂ ਜੀ ਵਾਸਤੇ ਇਹ ਜ਼ਰੂਰੀ ਨਹੀਂ ਸੀ ਕਿ ਉਹ ਜ਼ਰੂਰ ਵੱਡੇ ਪੁੱਤਰ, ਸ੍ਰੀ ਰਾਮ ਰਾਇ, ਨੂੰ ਹੀ ਗੁਰਗੱਦੀ ਦੇਂਦੇ। ਉਨ੍ਹਾਂ ਨੇ ਵੱਡੇ ਪੁੱਤਰ ਨੂੰ ਛੱਡ ਕੇ ਛੋਟੇ ਨੂੰ ਗੱਦੀ ਦੇ ਯੋਗ ਸਮਝ ਕੇ ਚੁਣਿਆ, ਇਹ ਕੋਈ ਅਨੋਖੀ ਜਾਂ ਅਲੋਕਾਰੀ ਗੱਲ ਨਹੀਂ ਸੀ। ਨਾਲੇ ਗੁਰਬਾਣੀ ਵਿਚ 'ਮਿਟੀ ਮੁਸਲਮਾਨ ਕੀ' ਲਿਖਿਆ ਹੈ, 'ਮਿਟੀ ਬੇਈਮਾਨ ਕੀ' ਨਹੀਂ। ਸ੍ਰੀ ਰਾਮ ਰਾਇ ਨੇ ਗੁਰਬਾਣੀ ਦੀ ਤੁਕ ਬਦਲ ਕੇ, ਅਜਿਹਾ ਅਨੁਚਿਤ ਕੰਮ ਕੀਤਾ ਹੈ ਜੋ ਕੋਈ ਵੀ ਸਿੱਖ ਨਹੀਂ ਕਰ ਜਾਂ ਜਰ ਸਕਦਾ। ਅਜਿਹੀਆਂ ਗੱਲਾਂ ਕਰਕੇ, ਪਿਤਾ ਜੀ ਨੇ ਉਸ ਨੂੰ ਤਿਆਗ ਦਿੱਤਾ ਸੀ। ਇਸ ਵਿਚ ਕੋਈ ਵਧੀਕੀ ਜਾਂ ਧੱਕਾ ਨਹੀਂ; ਕੋਈ ਬੇਇਨਸਾਫ਼ੀ ਨਹੀਂ। ਇਸ ਲਈ ਰਾਮ ਰਾਇ ਦਾ ਦਾਅਵਾ ਝੂਠਾ ਤੇ ਬੇਬੁਨਿਆਦ ਹੈ।"[17]

ਗੁਰੂ ਜੀ ਦੇ ਇਹ ਬਚਨ ਸੁਣ ਕੇ, ਔਰੰਗਜ਼ੇਬ ਨੂੰ ਯਕੀਨ ਹੋ ਗਿਆ ਸੀ ਕਿ ਰਾਮ ਰਾਇ ਨਾਲ ਕੋਈ ਬੇਇਨਸਾਫ਼ੀ ਨਹੀਂ ਹੋਈ ਅਤੇ ਗੁਰੂ ਹਰਿ ਰਾਇ ਜੀ ਨੇ ਚੋਣ ਠੀਕ ਹੀ ਕੀਤੀ ਸੀ। ਸੋ, ਉਸ ਨੇ ਰਾਮ ਰਾਇ ਦੀ

---

15. Khazan Singh, *History and Philosophy of the Sikh Religion*, op.cit., Vol .1, p. 144.

16. Trilochan Singh, Dr., *Life of Guru Hari Krishan*, op. cit., pp. 154-55; Duggal, *The Sikh Gurus : Their Lives and Teachings*, op. cit., p. 169.

17. ਸਿੱਖ ਇਤਿਹਾਸ, ਉਹੀ, ਭਾਗ ਪਹਿਲਾ , ਪੰ. 295-97. ਹੋਰ ਵੇਖੋ : Forster. G., *A Journey from Bengal to England* (1783-84), London-1798, Vol. 1, p. 260; Malcolm, John, *Sketch of the Sikhs*,London-1812, p. 19; Teja Singh & Ganda Singh, *A Short History of the Sikhs*, op. cit., p. 50.

ਅਰਜ਼ੀ ਖ਼ਾਰਜ ਕਰ ਦਿੱਤੀ ਅਤੇ ਕਿਹਾ, "ਹਕੂਮਤ ਕਿਸੇ ਵੀ ਵਿਅਕਤੀ ਨੂੰ ਗੁਰਿਆਈ ਦੇ-ਦਿਵਾ ਨਹੀਂ ਸਕਦੀ। ਜੋ ਚੋਣ ਸਤਵੇਂ ਗੁਰੂ ਜੀ ਕਰ ਗਏ ਹਨ, ਉਸ ਨੂੰ ਬਦਲਣਾ ਸਾਡੇ ਵੱਸ ਦੀ ਗੱਲ ਨਹੀਂ।"[17] ਉਸ ਤੋਂ ਬਾਅਦ, ਉਸ ਨੇ ਰਾਮ ਰਾਇ ਨੂੰ ਸਿੱਖ ਭਾਈਚਾਰੇ ਉਤੇ ਠੋਸਣ ਲਈ ਕੋਈ ਹੋਰ ਕੋਸ਼ਿਸ਼ ਨਹੀਂ ਕੀਤੀ ਜਾਪਦੀ।[18]

ਪੌਣੇ ਅੱਠ ਕੁ ਵਰ੍ਹਿਆਂ ਦੇ ਬਾਲ-ਗੁਰੂ ਜੀ ਨੇ ਸਮੇਂ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਸਲਤਨੱਤ ਦੀ ਰਾਜਧਾਨੀ ਵਿਚ ਪਹੁੰਚ ਕੇ ਵੀ, ਉਜਿਹੀ ਨਾਜ਼ਕ ਤੇ ਭਿਆਨਕ ਸਥਿਤੀ ਵਿਚ ਵਿਚਰਦਿਆਂ ਵੀ, ਗੁਰੂ-ਘਰ ਦੇ ਸਿਧਾਂਤ ਤੇ ਪ੍ਰਥਾ, ਗੁਰਗੱਦੀ ਦੀ ਪਵਿੱਤਰਤਾ ਤੇ ਪਰੰਪਰਾ, ਸਿੱਖੀ ਦੀ ਅਣਖ਼ ਤੇ ਆਜ਼ਾਦੀ ਅਤੇ ਸਿੱਖ ਲਹਿਰ ਦੀ ਰਵਾਨੀ ਦੀ ਬਰਕਰਾਰੀ ਲਈ ਜਿਸ ਓਜਮਈ 'ਚੜ੍ਹਦੀ ਕਲਾ' ਵਿਚ ਅਤੇ ਜਿਸ ਸੂੱਘੜਤਾ, ਸੁਚੇਤਤਾ, ਦਰਿੜ੍ਹਤਾ ਤੇ ਨਿਰਭੈਤਾ ਨਾਲ ਇਹ ਬਾਕਮਾਲ ਕਾਰਵਾਈ ਕਰ ਕੇ, ਸਾਰੇ ਗੁਰ-ਦੋਖੀਆਂ ਤੇ ਵਿਰੋਧੀਆਂ ਦੇ ਡਰਾਂ-ਡਰਾਵਿਆਂ ਦੀ ਪਰਵਾਹ ਨ ਕਰਦਿਆਂ ਅਤੇ ਉਨ੍ਹਾਂ ਦੀਆਂ ਸਭ ਸਾਜ਼ਸ਼ਾਂ ਤੇ ਆਸਾਂ -ਉਮੀਦਾਂ ਉਤੇ ਪਾਣੀ ਫੇਰਦਿਆਂ, ਇਹ ਜੋ ਸ਼ਾਨਦਾਰ ਸਫਲਤਾ ਪਰਾਪਤ ਕੀਤੀ ਸੀ, ਉਸ ਦਾ ਬਿਆਨ ਵੀ ਲਫ਼ਜ਼ਾਂ ਦਾ ਮੁਥਾਜ ਹੈ।

4

ਫਿਰ ਕੇਵਲ ਇਥੇ ਹੀ ਬਸ ਨਹੀਂ। ਚੀਚਕ ਦੇ ਹੱਲੇ ਕਾਰਨ ਸਰੀਰਕ ਤੌਰ ਤੇ ਨਿਢਾਲ ਪਏ ਹੋਏ ਬਾਲਾ ਪ੍ਰੀਤਮ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਉਸੇ 'ਚੜ੍ਹਦੀ ਕਲਾ' ਵਿਚ ਉਚਾਰਨ ਕੀਤੇ ਦੋ ਹੋਰ ਬਚਨਾਂ ਰਾਹੀ ਉਦੋਂ ਤੇ ਉਥੇ ਹੀ ਜੋ ਦੋਟੂਕ ਫ਼ੈਸਲੇ ਵਿਦਤ ਕੀਤੇ ਸਨ, ਉਹ ਵੀ ਕੋਈ ਘਟ ਵਚਿੱਤਰ, ਦੂਰਦਰਸ਼ੀ ਤੇ ਮਹਾਨ ਨਹੀਂ।

ਆਪ ਦੀ ਨਿਘਰ ਰਹੀ ਸਰੀਰਕ ਹਾਲਤ ਨੂੰ ਵੇਖਦਿਆਂ, ਜਦੋਂ ਮਾਤਾ ਜੀ ਤੇ ਸਿੱਖ ਸੰਗਤ ਨੇ ਚਿੰਤਾ ਪਰਗਟ ਕੀਤੀ ਤਾਂ ਬਾਲ-ਗੁਰੂ ਜੀ ਨੇ ਸਭ ਨੂੰ ਧੀਰਜ ਦੇਂਦਿਆਂ, ਅਕਾਲਪੁਰਖ ਦੇ ਭਾਣੇ ਨੂੰ ਸੱਤਿ ਕਰ ਮੰਨਣ ਦਾ ਉਪਦੇਸ਼ ਕਰਦਿਆਂ, ਅਤੇ ਗੁਰਬਾਣੀ ਦਾ ਪਾਠ ਕਰਨ ਤੇ ਨਾਮ ਜਪਣ ਲਈ ਪਰੇਰਦਿਆਂ, ਫ਼ਰਮਾਇਆ ਸੀ : "ਜਿਸ ਸਰੀਰ ਨੇ ਨਾਸ਼ ਹੋ ਜਾਣਾ ਹੈ ਉਸ ਬਾਰੇ ਚਿੰਤਾ ਤੇ ਰੰਜ ਕਰਨ ਦੀ ਕੋਈ ਲੋੜ ਨਹੀਂ।" ਫਿਰ ਜਦੋਂ "ਸੰਗਤਿ ਨੇ ਅਰਦਾਸ ਕੀਤੀ, 'ਜੋ ਸਚੇ ਪਾਤਸ਼ਾਹ! ਤੂੰ ਗੁਰੂ ਹਹਿ, ਕਰਣ-ਕਾਰਣ ਸਮਰਥ; ਤੇ ਸਰੀਰ ਤੇਰਾ ਬਾਲਕੁ ਹੈ, ਤੁਮਹ ਨੇ ਜਗਤ ਦਾ ਤਮਾਸ਼ਾ ਕਛੁ ਨਹੀਂ ਦੇਖਿਆ। ਦਇਆ ਕਰਕੇ ਸਰੀਰ ਕਉ ਰਾਖੀਐ ਅਰੁ ਜਗਤ-ਤਮਾਸ਼ਾ ਦੇਖੀਐ ਤੇ ਸੰਗਤਿ ਕਉ ਭੀ ਗੁਰੂ ਹਰਿ ਰਾਇ ਜੀ ਨੇ ਤੇਰਾ ਅੰਚਲੁ ਪਕੜਾਇਆ ਸੀ, ਤਾਂ ਤੇ ਸੰਗਤ ਕਉ ਭੀ ਉਧਾਰੀਐ।[19]" ਜੋਤੀ-ਜੋਤਿ ਸਮਾਉਣ-ਸਮੇਂ ਦੇ ਨੇੜੇ ਪਹੁੰਚੇ ਹੋਏ ਬਾਲਾ ਪ੍ਰੀਤਮ ਨੇ ਜਗਤ-ਤਮਾਸ਼ੇ ਨਾਲ ਕੋਈ ਮੋਹ ਪਰਗਟਾਉਣ, ਆਪਣੀ ਬੇਵੱਸੀ ਦਸਣ ਜਾਂ ਮੌਤ ਤੋਂ ਘਬਰਾਉਣ ਦੀ ਥਾਂ, ਉਸ ਨੂੰ ਇਕ ਅਨੰਦਦਾਇਕ ਘਟਨਾ ਦਸਦਿਆਂ ਤੇ ਖਿੜੇ ਮੱਥੇ ਪਰਵਾਨ ਕਰਦਿਆਂ, ਭਰਪੂਰ 'ਚੜ੍ਹਦੀ ਕਲਾ' ਵਿਚ, ਬਾਵਾ ਸੇਵਾ ਦਾਸ ਦੇ ਸ਼ਬਦਾਂ ਵਿਚ, ਆਖਿਆ:

> ਹੁਕਮੁ ਹੋਆ, "ਸੰਗਤ ਜੀ! ਜਹਾਂ ਹਮ ਜਾਵਨਾ ਹੈ,
> ਤਹਾਂ ਪਰਮ ਬਿਲਾਸ ਹੈ ਅਰੁ ਬਡਾ ਰੰਗ ਹੈ।
> ਜਗਤ ਕਾ ਤਮਾਸ਼ਾ ਉਸ ਕੇ ਤੁਲਿ ਕਛੂ ਨਹੀ।"

---

18. Banerjee, *The Sikh Gurus and the Sikh Religion*, op. cit., p. 252.

19. ਸੇਵਾ ਦਾਸ, ਪਰਚੀਆਂ, 'ਸਾਖੀ ਆਠਵੇਂ ਮਹਲ ਕੀ', ਉਹੀ , ਪੰ .80. ਤੇ 126. ਹੋਰ ਵੇਖੋ : ਭੱਲਾ, ਬਾਵਾ ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, ਪੰ.647.

ਫੇਰ ਹੁਕਮੁ ਹੋਆ, "ਪਾਂਚ ਪੈਸੇ ਅਰੁ ਨਾਲੀਏਰ ਲਿਆਵਹੁ,
ਜੋ ਸੰਗਤਿ ਕਉ ਫੇਰਿ ਗੁਰੂ ਜੀ ਕਾ ਅੰਚਲ ਪਕੜਾਈਐ "... [20]

5

ਅੱਠਵੇਂ ਪਾਤਸ਼ਾਹ ਦੀ ਸਰੀਰਕ ਦਸ਼ਾ ਜਦੋਂ ਵਧੇਰੇ ਨਾਜ਼ੁਕ ਹੁੰਦੀ ਗਈ ਦਿਸੀ, ਤਾਂ ਮਸੰਦਾਂ ਅਤੇ ਸੰਗਤ ਦੇ ਪੁੱਛਣ 'ਤੇ ਕਿ "ਆਪ ਪਿਛੋਂ ਸਿੱਖੀ ਦੀ ਅਗਵਾਈ ਕੌਣ ਕਰੇਗਾ", ਤਾਂ ਆਪ ਨੇ ਲੰਮੇ ਪਿਆਂ ਹੀ "ਗੁਰਿਆਈ ਦੀ ਸਮੱਗਰੀ ਸੇ ਹਾਥ ਛੁਹਾਇ, ਤੀਨ ਦਫ਼ਾ ਦਾਈਂ ਭੁਜਾ (ਸੱਜੀ ਬਾਂਹ ਗੋਲ ਚੱਕਰ ਵਿਚ) ਹਿਲਾਇ ਕੇ ਕਹਾ, "ਬਾਬਾ ਬਕਾਲੇ", ਜਿਸ ਦਾ ਭਾਵ ਇਹ ਸੀ ਕਿ "ਹਮਾਰੇ ਪੀਛੇ ਸਿੱਖ ਸੰਗਤਾਂ ਕਾ ਗੁਰੂ ਮੇਰਾ ਬਾਬਾ ਬਕਾਲਾ ਨਗਰੀ ਮੇਂ ਹੈ, ਉਨ ਕਾ ਦਰਸੁਨ ਪਾਈਏ।" [20] ਉਨ੍ਹਾਂ ਦੇ ਇਸ ਅਤੀ ਸੰਖੇਪ ਪਰ ਬੜੇ ਭਾਵਪੂਰਤ ਸੰਕੇਤ ਨੇ ਇਹ ਗੱਲ ਸਾਫ਼ ਤੌਰ ਤੇ ਵਿਦਤ ਕਰ ਦਿੱਤੀ ਸੀ ਕਿ ਗੁਰਸਿੱਖਾਂ ਦੇ ਅਗਲੇ , ਭਾਵ ਨੌਵੇਂ ਗੁਰੂ, ਚਿਰਾਂ ਤੋਂ ਗੁਰਗੱਦੀ ਦੇ ਦਾਅਵੇਦਾਰ ਬਣੇ ਹੋਏ ਅਤੇ ਉਸ ਦੀ ਪਰਾਪਤੀ ਲਈ ਹਰ ਤਰ੍ਹਾਂ ਦੀਆਂ ਗੋਂਦਾਂ ਗੁੰਦਦੇ ਤੇ ਵਿਘਨ ਪਾਉਂਦੇ ਰਹੇ ਸ੍ਰੀ ਧੀਰ ਮੱਲ ਜਾਂ ਸ੍ਰੀ ਰਾਮ ਰਾਇ ਕਦਾਚਿਤ ਨਹੀਂ ਹੋਣਗੇ। ਇਸ ਪਾਵਨ ਗੱਦੀ ਉਤੇ ਹੁਣ ਬਕਾਲੇ ਵਿਚ ਚਿਰਾਂ ਤੋਂ ਟਿਕੇ ਹੋਏ ਉਨ੍ਹਾਂ ਦੇ ਪਾਵਨ ਬਾਬੇ, ਪਿਤਾ-ਗੁਰੂ ਹਰਿ ਰਾਇ ਸਾਹਿਬ ਦੇ ਚਾਚਾ ਜੀ (ਸ੍ਰੀ ਤੇਗ਼ ਬਹਾਦਰ), ਸੁਭਾਇਮਾਨ ਹੋਣਗੇ ਜੋ ਉਦੋਂ ਇਸ ਪਵਿੱਤਰ ਤੇ ਮਹਾਨ ਪਦਵੀ ਲਈ ਸਭ ਤੋਂ ਵਧ ਯੋਗ ਤੇ ਸਮਰੱਥ ਪੁਰਖ ਸਨ।

ਇੰਨੀ ਛੋਟੀ ਉਮਰ ਅਤੇ ਅਜਿਹੀ ਨਾਜ਼ੁਕ ਘੜੀ ਵਿਚ ਆਪਣੇ ਪਿਛੇ ਅਜਿਹਾ ਯੋਗ ਜਾਨਸ਼ੀਨ ਸੋਚਣਾ ਤੇ ਸਥਾਪਣਾ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਭਾਰੀ ਸੂਝ-ਸਿਆਣਪ, ਦੂਰਦਰਸ਼ੀ 'ਚੜ੍ਹਦੀ ਕਲਾ' ਅਤੇ 'ਗੁਰ-ਜਯੋਤੀ' ਦੇ ਮੁਜੱਸਮਾ ਹੋਣ ਦਾ ਇਕ ਅਜਿਹਾ ਚਮਤਕਾਰ ਹੈ ਜਿਸ ਨੇ ਸਿੱਖੀ ਨੂੰ ਅਯੋਗ ਤੇ ਅਸਮਰੱਥ ਗੁਰ-ਦੋਖੀਆਂ ਤੇ ਸਰਕਾਰੀ ਹੱਥ-ਠੋਕਿਆਂ ਦੇ ਹੱਥੀਂ ਚੜ੍ਹਨ ਤੋਂ ਸਦਾ ਲਈ ਬਚਾਅ ਲਿਆ ਸੀ। ਉਨ੍ਹਾਂ ਵਲੋਂ ਉਸੇ ਦਮ ਹੋਈ ਇਸ ਨਿਯੁਕਤੀ ਨੇ ਜਿਥੇ ਗੁਰਗੱਦੀ ਲਈ ਉਪਜ ਖੜੀ ਅਤੀ ਘਿਰਣਿਤ ਤੇ ਹਾਨੀਕਾਰਕ ਘਰੋਗੀ ਦਾਅਵੇ-ਦਾਰੀ ਅਤੇ ਉਸ ਨਾਲ ਸਬੰਧਿਤ ਆਸਾਂ-ਉਮੀਦਾਂ ਉਤੇ ਹੂੰਝਾ ਫੇਰ ਦਿੱਤਾ ਸੀ, ਉਥੇ ਸਭ ਸਿੱਖ-ਵਿਰੋਧੀ ਚਾਲਾਂ ਤੇ ਸਰਕਾਰੀ ਸਾਜ਼ਸ਼ਾਂ ਨੂੰ ਵੀ ਇਕੋ ਦਮ ਛਾਈਂ-ਮਾਈਂ ਕਰ ਦਿੱਤਾ ਸੀ। [21]

ਇਸ ਤੋਂ ਛੁੱਟ, ਉਨ੍ਹਾਂ ਦੇ ਇਸ ਅਤੀ ਸਿਆਣੇ, ਫ਼ੌਰੀ ਪਰ ਦੂਰ-ਰਸ ਫ਼ੈਸਲੇ ਨੇ ਜਿਥੇ ਸਿੱਖ ਲਹਿਰ ਦੇ ਵੇਗ ਨੂੰ ਇਉਂ ਸੁਕਣ-ਮੁਕਣ ਤੋਂ ਵੀ ਹਮੇਸ਼ਾ ਲਈ ਸੁਰੱਖਿਤ ਕਰ ਦਿੱਤਾ ਸੀ, ਉਥੇ ਇਸ ਦੀ ਫੁਲਵਾੜੀ ਨੂੰ ਅਗਲੇ ਸ਼ਹੀਦ-ਗੁਰੂ ਤੇ ਉਨ੍ਹਾਂ ਦੇ ਸਾਰੇ ਵੰਸ਼ ਵਲੋਂ ਵੀਟੇ ਗਏ ਪਾਵਨ ਖ਼ੂਨ ਦੇ ਭਰਵੇਂ ਛਿੜਕਾਉ ਨਾਲ ਹਮੇਸ਼ਾ ਲਈ ਸਰਸਬਜ਼ ਤੇ ਸ਼ਾਦਾਬ ਵੀ ਕਰ ਦਿੱਤਾ ਸੀ। ਤਦੇ ਤਾਂ ਡਾ. ਗੋਕਲ ਚੰਦ ਨਾਰੰਗ ਨੇ ਲਿਖਿਆ ਹੈ : It is remarkable that even when succession became hereditary, the best available men were appointed to the *Masnad* of Guruship. Even this child of eight made the best choice, passing over his own brother and uncle." [22] ਅਰਥਾਤ,

---

20. ਕੋਸ਼ਿਸ਼, **ਗੁਰੂ ਕੀਆਂ ਸਾਖੀਆਂ**, ਉਹੀ, ਪੰ. 59; ਸੇਵਾ ਦਾਸ, **ਪਰਚੀਆਂ**, ਉਹੀ, ਪੰ. 126; ਸੰਤੋਖ ਸਿੰਘ, **ਗੁਰ ਪ੍ਰਤਾਪ ਸੂਰਜ ਗ੍ਰੰਥ** , ਉਹੀ, ਰਾਸ 10, ਅੰਸੂ 52; **ਗ੍ਰੰਥਾਵਲੀ**, ਉਹੀ, ਪੰ. 3959.
21. Puran Singh, Prof, *The Book of Ten Masters*, London-1926, p. 84.
22. Narang, Gokul Chand, *Transformation of Sikhism*, op. cit., p. 119.

"ਇਹ ਬੜੀ ਵਚਿੱਤਰ ਤੇ ਧਿਆਨ-ਦੇਣਯੋਗ ਗੱਲ ਹੈ ਕਿ ਉਦੋਂ ਜਦੋਂ ਜਾਨਸ਼ੀਨੀ ਜੱਦੀ-ਪਿਤਰੀ ਵੀ ਬਣ ਗਈ ਸੀ, ਤਦੋਂ ਵੀ ਸਭ ਤੋਂ ਵਧੀਆ ਪਰਾਪਤ ਪੁਰਸ਼ਾਂ ਨੂੰ ਹੀ ਗੁਰਿਆਈ ਦੀ ਗੱਦੀ ਉਤੇ ਨਿਯੁਕਤ ਕੀਤਾ ਜਾਂਦਾ ਰਿਹਾ ਸੀ। ਇਹ ਅੱਠਾਂ ਵਰ੍ਹਿਆਂ ਦਾ ਬਾਲ ਵੀ, ਜਿਸ ਨੂੰ ਉਸ ਦੇ ਵੱਡੇ ਭਰਾ ਤੇ ਤਾਏ ਦੇ ਉਜਿਹੇ ਪੈਤਰਿਕ ਹੱਕਾਂ ਨੂੰ ਉਲਾਂਘ ਕੇ ਗੁਰੂ ਥਾਪਿਆ ਗਿਆ ਸੀ, ਸਭ ਤੋਂ ਯੋਗ ਚੋਣ ਸਿਧ ਹੋਇਆ ਸੀ।"[22] ਤੇ ਇਸ 'ਯੋਗ ਚੋਣ' ਨੇ ਫਿਰ ਆਪਣਾ ਅਗਲਾ, ਜਾਨਸ਼ੀਨ ਥਾਪਣ ਲਈ , ਉਜਿਹੀ ਬਿਖਮ ਸਥਿਤੀ ਵਿਚ ਵੀ, ਜੋ 'ਚੋਣ' ਕੀਤੀ ਸੀ, ਉਸ ਨੇ ਤਾਂ ਗੁਰਿਆਈ ਦੇ ਇਸ ਵਚਿੱਤਰ ਪੱਖ ਦੀ ਵਚਿੱਤਰਤਾ ਤੇ ਮਹਾਨਤਾ ਨੂੰ ਹੋਰ ਵੀ ਪਰਜਵੱਲਤ ਕਰ ਦਿੱਤਾ ਸੀ।

6

ਸੋ, ਅੱਠ ਕੁ ਵਰ੍ਹਿਆਂ ਦੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ , ਆਪਣੀ ਢਾਈ ਕੁ ਸਾਲ ਦੀ ਗੁਰਿਆਈ ਦੌਰਾਨ, ਕੀਤੇ ਅਜਿਹੇ ਮਹਾਨ ਤੇ ਮਹੱਤਪੂਰਨ ਫ਼ੈਸਲੇ ਅਤੇ ਕਾਰਜ ਉਨ੍ਹਾਂ ਦੀ ਸੁਚੇਤਤਾ, ਦੂਰਦਰਸ਼ਤਾ, ਨਿਰਭੈਤਾ ਤੇ ਸੂਰਬੀਰਤਾ ਪੂਰਵਕ 'ਚੜ੍ਹਦੀ ਕਲਾ' ਦੇ ਅਜਿਹੇ ਚਮਤਕਾਰ ਹਨ ਜਿਨ੍ਹਾਂ ਨੂੰ ਮੁੱਖ ਰਖਦਿਆਂ, ਭਾਈ ਗੁਰਦਾਸ ਸਿੰਘ ਨੇ ਉਨ੍ਹਾਂ ਨੂੰ "ਅਸ਼ਟਮ ਬਲਬੀਰਾ" ਆਖਣ-ਦੱਸਣ ਦਾ ਸੁਭਾਗ ਪਰਾਪਤ ਕਰਦਿਆਂ, ਲਿਖਿਆ ਹੈ :

ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ,
ਜਿਨ ਪਹੁੰਚ ਦਿੱਲੀ, ਭਜਿਓ ਸਰੀਰਾ।
ਬਾਲ ਰੂਪ ਧਰਿਓ ਸਵਾਂਗ ਰਚਾਇ,
ਤਬ ਸਹਿਜੇ ਤਨ ਕੋ ਛੋਡਿ ਸਿਧਾਇ।
ਇਉਂ ਮੁਗ਼ਲਨ ਸੀਸ ਪਰੀ ਬਹੁ ਛਾਰਾ,
ਵੈ ਖ਼ੁਦ ਪਤਿ ਸੌ ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ,
ਤਿਨ ਆਪਣਾ ਕੁਲ ਸਭ ਨਾਸ ਕਰਾਇਓ।[23]

ਜਿਥੋਂ ਤਕ ਆਪ ਦੀ 'ਨਾਮ-ਆਧਾਰਿਤ ਚੜ੍ਹਦੀ ਕਲਾ' ਦਾ ਸਬੰਧ ਹੈ, ਉਹ ਉਸ ਨਿੱਕੀ ਜਹੀ 'ਸਾਖੀ' ਤੋਂ ਵੀ ਵਿਦਿਤ ਹੈ ਜੋ ਬਾਵਾ ਸੇਵਾ ਦਾਸ ਨੇ ਉਨ੍ਹਾਂ ਦੇ ਆਖ਼ਰੀ ਪਲਾਂ ਨੂੰ ਬਿਆਨ ਕਰਦਿਆਂ ਇਉਂ ਕਲਮਬੰਦ ਕੀਤੀ ਹੋਈ ਹੈ ;

...ਸੰਗਤਿ ਚੁਪ ਕਰ ਗਈ। ਫੇਰਿ (ਔਰੰਗਜ਼ੇਬ ਦੇ) ਦੀਵਾਨ ਕਹਿਆ, "ਜੋ ਸੱਚੇ ਪਾਤਸਾਹ! ਬਾਦਸਾਹ ਕਹਿੰਦਾ ਸੀ, 'ਜਬ ਰਮਦਾਸ (ਗੁਰੂ ਹਰਿ ਕ੍ਰਿਸ਼ਨ) ਕਉ ਮਿਲਹਿਗੇ ਤਬ ਕੋਈ ਬਾਬੇ ਨਾਨਕ ਕਾ ਸੁਖ਼ਨ ਪੂਛਹਿਗੇ।' ਕੋਈ ਬਚਨ ਦਇਆ ਕਰਕੇ ਕਹਿ ਦੇਵਹੁ, ਮੈਂ ਹੀ ਉਨ ਕਉ ਸੁਨਾਇ ਦੇਵਊਗਾ।" ਹੁਕਮ ਹੋਆ, "ਭਲੀ ਬਾਤ"। ਹੁਕਮ ਹੋਆ, "ਇਹ ਬਚਨ ਬਾਬੇ ਨਾਨਕ ਕਾ ਬਦਾਸਾਹੁ ਕਉ ਸੁਨਾਇ ਦੇਵਣਾ :"

---

23. ਗੁਰਦਾਸ ਸਿੰਘ, ਭਾਈ, ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ, ਪਉੜੀ ਨੰ. 22.
ਇਸ ਦੇ ਆਖ਼ਰੀ ਵਾਕ ਵਿਚ ਅੰਕਿਤ ਸੱਚਾਈ ਦੇ ਸਬੂਤ ਲਈ ਵੇਖੋ : Sarkar, Sir Jadu Nath, *History of Aurangzeb*, Vol. II, Calcutta-1930, p. 341.

ਕਿਆ ਖਾਧੈ, ਕਿਆ ਪੈਧੈ ਹੋਇ।
ਜਾ ਮਨਿ ਨਾਹੀ ਸਚਾ ਸੋਇ ?
ਕਿਆ ਮੇਵਾ, ਕਿਆ ਘਿਉ ਗੁੜੁ ਮਿਠਾ,
ਕਿਆ ਮੈਦਾ, ਕਿਆ ਮਾਸੁ ?
ਕਿਆ ਕਪੜੁ, ਕਿਆ ਸੇਜ ਸੁਖਾਲੀ,
ਕੀਜਹਿ ਭੋਗ ਬਿਲਾਸ ?
ਕਿਆ ਲਸਕਰ, ਕਿਆ ਨੇਬ ਖਵਾਸੀ,
ਆਵੈ ਮਹਲੀ ਵਾਸੁ ?
ਨਾਨਕ ਸਚੇ ਨਾਮ ਵਿਣੁ,
ਸਭੇ ਟੋਲ ਵਿਣਾਸੁ।[24]

ਇਹ ਸਲੋਕ ਉਚਰਿ ਕਰਿ ਮਾਤਾ ਜੀ ਕੀ ਗੋਦ ਮਹਿ ਪੌਢੇ ਅਰੁ ਜੋਤੀ ਮਹਿ ਜੋਤਿ ਸਮਾਣੇ।"[25]

IX
ਨੌਵੀਂ ਪਾਤਸ਼ਾਹੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਦੇ ਸਮੇਂ
(1664-1675 ਈ.)

ਮੀਰੀ-ਪੀਰੀ ਦੇ ਮਾਲਕ, ਗੁਰੂ ਹਰਿ ਗੋਬਿੰਦ ਸਾਹਿਬ, ਦੇ ਸੰਤ-ਸਿਪਾਹੀ ਸਪੁੱਤਰ ਅਤੇ ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ, ਦੇ ਸ਼ਹੀਦ ਪੋਤੇ, ਗੁਰੂ ਤੇਗ਼ ਬਹਾਦਰ ਸਾਹਿਬ,[1] ਦੇ ਹੋਨ-ਲਿਖੇ 'ਨਾਅਰੇ' ਤੇ 'ਨੀਤੀਵਾਕ' ਨੇ ਸਿੱਖੀ ਵਿਚ 'ਚੜ੍ਹਦੀ ਕਲਾ' ਦੇ ਸੰਕਲਪ ਤੇ ਸਿਧਾਂਤ, ਪ੍ਰਥਾ ਤੇ ਪਰੰਪਰਾ ਨੂੰ ਹੋਰ ਬਲਵਾਨ ਬਣਾ ਦਿੱਤਾ ਸੀ :

ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ।[2]

ਪਰ ਇਸ ਮਹਾਂਵਾਕ ਵਿਚ ਸੰਚਿਤ ਆਦਰਸ਼ ਨੂੰ ਅਮਲੀ ਤੌਰ ਤੇ ਨਿਭਾਉਣ ਤੇ ਸਚ ਕਰ ਵਿਖਾਉਣ ਲਈ ਜੋ ਬਿਖਮ ਘਾਲ ਉਨ੍ਹਾਂ ਨੂੰ ਘਾਲਣੀ ਪਈ ਸੀ, ਜੋ ਨਿਰੰਤਰ ਵੈਰ-ਵਿਰੋਧ ਸਹਿਣੇ ਅਤੇ ਜੋ ਘੋਰ ਤਸੀਹੇ ਝਲਣੇ ਪਏ ਸਨ, ਉਨ੍ਹਾਂ ਦਾ ਕੇਵਲ ਖ਼ਿਆਲ ਹੀ ਕਾਂਬਾ ਛੇੜ ਦੇਂਦਾ ਹੈ।

---

24. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਮਾਝ, ਪੰਨਾ 142.
25. ਸੇਵਾ ਦਾਸ, ਪਰਚੀਆਂ, ਉਹੀ, 'ਸਾਖੀ ਅਠਵੇਂ ਮਹਲ ਕੀ', ਪੰ. 80-81 ਅਤੇ 126-27. ਹੋਰ ਵੇਖੋ : ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 10, ਅੰਸੂ 43; ਗ੍ਰੰਥਾਵਲੀ, ਉਹੀ, ਪੰ. 3962; Greenlees, *The Gospel of Guru- Granth Sahib*, op.cit, p. xcii.
1. ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪਰੈਲ 1621 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ ਸੀ; ਅਤੇ ਆਪ 11 ਨਵੰਬਰ 1675 ਈ. ਨੂੰ ਦਿੱਲੀ ਵਿਖੇ ਜੋਤੀ-ਜੋਤਿ ਸਮਾਅ ਗਏ ਸਨ।
2. ਗੁਰੂ ਤੇਗ਼ ਬਹਾਦਰ, ਸ੍ਰੀ ਗੁਰੂ ਗ੍ਰੰਥ ਸਾਹਿਬ, 'ਸਲੋਕ ਮਹਲੇ ਨੌਵੇਂ ਕੇ', ਸਲੋਕ ਨੰ. 16, ਪੰ.1427.

2

ਗੁਰੂ ਨਾਨਕ ਸਾਹਿਬ ਦੀ ਪਾਵਨ ਗੱਦੀ ਲਈ ਚੁਣੇ ਤੇ ਥਾਪੇ ਜਾਣ ਵੇਲੇ, ਉਹ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਵਾਂਗ, ਉਸ ਸਮੇਂ ਤੇ ਸਥਾਨ ਵਿਖੇ ਖ਼ੁਦ ਆਪ ਮੌਜੂਦ ਨਹੀਂ ਸਨ। ਨਾਲੇ, ਅੱਠਵੇਂ ਪਾਤਸ਼ਾਹ ਦੇ ਮੁੱਖੋਂ ਜੋਤੀ-ਜੋਤਿ ਸਮਾਉਣ ਲਗਿਆਂ, ਉਚਰਿਆ ਸੰਕੇਤਕ ਬਚਨ, 'ਬਾਬਾ ਬਕਾਲੇ',ਦਾ ਭਾਵ ਚੋਖਾ ਸਪੱਸ਼ਟ ਹੋਣ ਦੇ ਬਾਵਜੂਦ, [3] ਗੁਰਗੱਦੀ ਉਤੇ ਚਿਰ ਤੋਂ ਕਬਜ਼ਾ ਕਰਨ ਲਈ ਉਤਾਵਲੇ ਗੁਰ-ਦੋਖੀਆਂ ਤੇ ਵਿਰੋਧੀਆਂ ਵਾਸਤੇ, ਇਸ ਨੂੰ ਅਨਿਸ਼ਚਿਤ ਦਸਦਿਆਂ, ਆਪਣੇ ਹੱਕ ਜਮਾਉਣ ਤੇ ਗੁਰਗੱਦੀ ਹੱਥਿਆਉਣ ਲਈ, ਇਕ ਬਹਾਨਾ ਬਣ ਗਿਆ ਸੀ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਇਹ ਅੰਤਮ ਬੋਲ ਪਤਾ ਲਗਦਿਆਂ ਹੀ, ਉਥੇ ਇਸ ਦੇ 22 ਦਾਅਵੇਦਾਰ, ਆਪੋ ਆਪਣੀਆਂ 'ਮੰਜੀਆਂ' ਲਾ ਕੇ, ਆਪਣੇ ਆਪ ਨੂੰ 'ਗੁਰੂ' ਵਿਦਤ ਕਰਨ ਲਗ ਪਏ ਸਨ :

> ਬਾਲ ਸਰੂਪ ਗੁਰੂ ਕੀ ਕਥਾ,
> 'ਬਾਬਾ ਸਹੀ ਬਕਾਲੇ ਜਥਾ'।
> ਯੌਂ ਸੁਨ ਕਰ ਸੋਢੀ ਸਭ ਸਾਰੇ,
> ਆਇ ਮਧਿ ਸੁ ਨਗਰ ਨਿਹਾਰੇ।
> ਸਰਬ ਗੁਰੂ ਨਿਜ ਕੋ ਕਹਿਵਾਈ,
> ਬਾਈ ਬੈਠ ਮੰਜੀਅਨ ਲਾਈ।
> ਸਿਖ ਸਖਾ ਜੇ ਕੋ ਚਲ ਆਵੈ,
> ਬਾਈ ਠਵਰ ਸੁ ਭੇਟ ਚੜਾਵੈ। [4].

ਉਨ੍ਹਾਂ ਦਾ ਮੁਹਰੀ, ਸੋਢੀ ਧੀਰ ਮੱਲ, ਤਾਂ, ਭਾਈ ਕੇਸਰ ਸਿੰਘ ਛਿੱਬਰ ਦੇ ਸ਼ਬਦਾਂ ਵਿਚ, ਇਉਂ ਕਹਿ ਰਿਹਾ ਸੀ :

> "ਧੀਰਮਲ ਕਹਿਆ, ਗੁਰਿਆਈ ਹੈ ਅਸਾਡੀ,
> ਹਰਿ ਕ੍ਰਿਸ਼ਨ ਜੋ ਕਹਿਆ : 'ਬਾਬਾ ਬਕਾਲੇ'।
> ਅਸੀਂ 'ਬਾਬੇ' ਹਾਂ ਆਦੀ
> ਬਾਬੇ ਗੁਰਦਿੱਤੇ ਦੀ ਅਸੀਂ ਅਉਲਾਦਿ
> ਤੇਗ ਬਹਾਦਰ ਹੈ ਪੰਜਵੀਂ ਜਾਗਾ
> ਅਸੀਂ 'ਬਾਬੇ' ਆਦਿ [5]....

---

3. ਭੱਟ ਵਹੀ ਤਲੌਂਢਾ ਪਰਗਨਾ ਜੀਂਦ ਅਨੁਸਾਰ; ਕੋਸ਼ਿਸ਼, ਭਾ . ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ,ਭਾਦਸੋਂ-1790 ਈ., ਸਾਖੀ ਨੰ. 18; ਸੰਪਾਦਿਤ ਪਾਠ , ਪੰ. 59

4. ਸੁੱਖਾ ਸਿੰਘ, ਗੁਰ ਬਿਲਾਸ ਦਸਵੀਂ ਪਾਤਸ਼ਾਹੀ, ਆਨੰਦਪੁਰ-1797 ਈ., ਅਧਿਆਇ ਪਹਿਲਾ, ਚੌਪਈ, ਪਦ ਨੰ.87-88; ਸੰਪਾਦਿਤ ਪਾਠ , ਉਹੀ, ਪੰ. 7. ਹੋਰ ਵੇਖੋ : ਕੁਇਰ ਸਿੰਘ, **ਗੁਰ ਬਿਲਾਸ ਪਾਤਸ਼ਾਹੀ 10**, ਮਿਤੀ 1751 ਈ., ਅਧਿਆਇ 1, ਪਦ 60; ਸੰਪਾਦਿਤ ਵਲੋਂ ਸ. ਸ਼ਮਸ਼ੇਰ ਸਿੰਘ ਅਸ਼ੋਕ, ਪਟਿਆਲਾ-1968, ਪੰ. 22.

5. ਛਿੱਬਰ, ਕੇਸਰ ਸਿੰਘ, ਭਾਈ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਅੰਮ੍ਰਿਤਸਰ -1769 ਈ., ਨੌਂਵਾਂ ਚਰਣ, ਛੰਦ 20; ਸੰਪਾਦਿਤ ਵਲੋਂ ਡਾ.ਰਤਨ ਸਿੰਘ ਜੱਗੀ, ਚੰਡੀਗੜ੍ਹ-1972 ਈ.,ਪੰ. 83.

ਉਸੇ 'ਬਕਾਲੇ' ਵਿਚ, ਡੰਮੀ ਗੁਰੂਆਂ ਦੇ ਅਜਿਹੇ ਪ੍ਰਾਪੇਗੰਡੇ ਤੇ ਖਿੱਚਾ-ਧੂਹੀ ਦੌਰਾਨ, ਅੱਠਵੇਂ ਪਾਤਸ਼ਾਹ ਦੇ ਅਸਲ 'ਬਾਬਾ', ਧਰਮ-ਮੂਰਤਿ ਸ੍ਰੀ ਗੁਰੂ ਤੇਗ ਬਹਾਦਰ, ਆਪਣੇ ਨਾਨਕੇ ਘਰ ਹੀ, ਹਸਬ ਮਾਮੂਲ, ਭਜਨ-ਬੰਦਗੀ ਵਿਚ ਪ੍ਰਵਿਰਤ ਸਨ ਅਤੇ ਉਨ੍ਹਾਂ ਨੇ ਆਪਣਾ 'ਆਪਾ' ਜਣਾਉਣ ਤੇ ਹੱਕ ਜਤਾਉਣ ਤੋਂ ਖਿਲਕੁਲ ਚੁੱਪ ਸਾਧੀ ਹੋਈ ਸੀ।

ਅਖ਼ੀਰ ਕੁਝ ਮਹੀਨਿਆਂ ਬਾਅਦ, ਅੰਮ੍ਰਿਤਸਰ, ਗੋਇੰਦਵਾਲ ਤੇ ਦਿੱਲੀ ਤੋਂ ਆਈਆਂ ਸੰਗਤਾਂ ਅਤੇ ਭਾਈ ਗੜ੍ਹੀਆ, ਭਾਈ ਦਵਾਰਕਾ ਦਾਸ ਤੇ ਭਾਈ ਮੱਖਣ ਸ਼ਾਹ ਵਰਗੇ ਮੁੱਖੀ ਸਿੱਖਾਂ ਦੇ ਬਕਾਲੇ ਆਉਣ 'ਤੇ, ਆਪ ਨੂੰ ਗੁਰੂ-ਰੂਪ ਵਿਚ ਪਰਗਟ ਹੋਣ ਅਤੇ ਸਿੱਖੀ ਦੀ ਵਾਗ ਸੰਭਾਲਣ ਲਈ, ਬਾਵਾ ਸੇਵਾ ਦਾਸ ਉਦਾਸੀ ਦੇ ਲਫ਼ਜ਼ਾਂ ਵਿਚ, ਮਾਤਾ ਨਾਨਕੀ ਜੀ ਸਮੇਤ ਸਭ ਵਲੋਂ ਇਉਂ ਪਰੇਰਨ 'ਤੇ ਹੀ, ਆਪ ਗੁਰਗੱਦੀ ਉਤੇ ਬਿਰਾਜਮਾਨ ਹੋਏ ਸਨ :

> ...ਪਰਮੇਸਰ ਕੇ ਭਜਨ ਮਹਿ ਲੀਨ ਥੇ। ਊਹਾ ਗੁਰੂ ਜੀ ਕਉ ਸੰਗਤਿ ਜਾਇ ਲਧਾ।
> ਸੰਗਤ ਕਹਿਆ, "ਸਚੇ ਪਾਤਸ਼ਾਹ! ਤੇਰੇ ਛਪਿਆਂ ਤਾਂ ਅੰਧੇਰ ਪੜਿ ਗਇਆ ਹੈ,
> ਤੂੰ ਬਾਹਰ ਆਇ ਕੇ ਦਰਸਨ ਦੇਹਿ ਜੋ ਸਭ ਅੰਧੇਰ ਮਿਟ ਜਾਵੈ।"
> ਫੇਰ ਮਾਤਾ ਨਾਨਕੀ ਕਹਿਆ, "ਬੇਟਾ! ਆਠਵੇਂ ਮਹਲ ਗੁਰੂ ਹਰਿ ਕ੍ਰਿਸ਼ਨ ਰਾਇ
> ਸੰਗਤਿ ਕਉ ਤੇਰਾ ਅੰਚਲ ਪਕੜਾਇ ਹੈਂ। ਤਾਂ ਤੇ ਤੂੰ ਮੰਜੀ ਉਪਰਿ ਬੈਠ ਅਰ
> ਸੰਗਤਿ ਕਾ ਉਧਾਰ ਕਰੁ।" ....[6]

ਸ੍ਰੀ ਧੀਰ ਮੱਲ, ਜੋ ਮੁਗ਼ਲ ਸਰਕਾਰ ਦੀ ਸ਼ਹਿ ਤੇ ਸਹਾਇਤਾ ਆਸਰੇ, ਚੋਖੇ ਚਿਰ ਤੋਂ, ਗੁਰੂ ਬਣਨਾ ਚਾਹੁੰਦਾ ਸੀ, ਇਹ ਕੁਝ ਵੇਖ-ਸੁਣ ਕੇ ਬੜਾ ਤਲਮਲਾਅ ਉਠਿਆ ਸੀ। ਹੋਰ ਗੁਰ-ਨਿੰਦਕਾਂ ਤੇ ਕੁਝ ਲੋਭੀ ਮਸੰਦਾਂ; ਜਿਨ੍ਹਾਂ ਦੀ ਪੂਜਾ-ਭੇਟਾ ਸ੍ਰੀ ਤੇਗ਼ ਬਹਾਦਰ ਜੀ ਦੇ ਗੱਦੀ-ਨਸ਼ੀਨ ਹੋਣ ਨਾਲ ਹੀ ਖ਼ਤਮ ਹੋ ਰਹੀ ਸੀ, ਨੇ ਉਸ (ਧੀਰ ਮੱਲ) ਦੀ ਅਗਵਾਈ ਹੇਠ ਇਕੱਠੇ ਹੋ ਕੇ, ਗੁਰੂ ਤੇਗ ਬਹਾਦਰ ਜੀ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕਰਕੇ, ਉਨ੍ਹਾਂ ਉਤੇ ਬਾਕਾਇਦਾ ਹਮਲਾ ਕਰ ਦਿੱਤਾ ਸੀ। ਸ਼ੀਹੇਂ ਮਸੰਦ ਨੇ ਤਾਂ ਗੁਰੂ ਜੀ ਉਤੇ ਇਕ ਗੋਲੀ ਵੀ ਦਾਗ ਦਿੱਤੀ ਸੀ ਜੋ ਉਨ੍ਹਾਂ ਦੇ ਮਸਤਕ ਨੂੰ ਛੂਹੰਦੀ ਤੇ ਕੁਝ ਕੁ ਲਹੂ ਵਗਾਉਂਦੀ ਅਗੇ ਲੰਘ ਗਈ ਸੀ। ਉਸੇ ਦਮ, ਹੰਕਾਰੀ ਤੇ ਕ੍ਰੋਧਵਾਨ ਧੀਰ ਮੱਲ ਅਤੇ ਉਸ ਦੇ ਉਜਿਹੇ ਸਾਥੀ, ਸੰਗਤਾਂ ਦੀ ਭੇਟਾ ਅਤੇ ਗੁਰੂ-ਘਰ ਦਾ ਕੀਮਤੀ ਸਾਮਾਨ ਵੀ ਲੁਟ-ਪੁਟ ਕੇ ਲੈ ਗਏ ਸਨ।[7] ਪਰ ਗੁਰੂ ਤੇਗ਼ ਬਹਾਦਰ ਸਾਹਿਬ ਇਸ ਸਭ ਕੁਝ ਦੇ ਬਾਵਜੂਦ, ਬਿਲਕੁਲ ਅਡੋਲ ਤੇ ਸ਼ਾਂਤ-ਚਿਤ ਰਹੇ ਸਨ। ਪਰੰਤੂ ਭਾਈ ਲੱਖੀ ਸ਼ਾਹ ਤੇ ਉਸ ਦੇ ਸਾਥੀਆਂ ਨੇ ਇਹ ਦੁਰਘਟਨਾ ਸੁਣਦਿਆਂ ਹੀ, ਧੀਰ ਮੱਲ ਦੇ ਡੇਰੇ ਉਤੇ ਹੱਲਾ ਬੋਲ ਦਿੱਤਾ ਸੀ। ਉਹ ਸ਼ੀਹੇਂ ਮਸੰਦ ਦੀਆਂ ਮੁਸ਼ਕਾਂ ਬੰਨ੍ਹ ਕੇ ਅਤੇ ਸਾਰਾ ਸਾਮਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਲ 'ਆਦਿ' ਬੀੜ ਵੀ ਉਸ ਦੇ ਸਾਥੀਆਂ ਦੇ ਸਿਰਾਂ ਉਤੇ ਚੁਕਵਾ ਕੇ ਗੁਰੂ-ਘਰ ਮੋੜ ਲਿਆਏ ਸਨ।

ਇਹ ਸਭ ਕੁਝ ਜਦੋਂ ਗੁਰੂ ਸਾਹਿਬ ਨੂੰ ਮਾਲੂਮ ਹੋਇਆ ਸੀ ਤਾਂ ਬਦਲਾ ਨਾ ਲੈਣ ਵਾਲੀ 'ਚੜ੍ਹਦੀ ਕਲਾ'

---

6. ਉਦਾਸੀ, ਬਾਵਾ ਸੇਵਾ ਦਾਸ, ਪਰਚੀਆਂ, ਮਿਤੀ 1708 ਈ.; 'ਸਾਖੀ ਨਾਵੇਂ ਮਹਲ ਕੀ',ਸਾਖੀ ਨੰ. 9; *Episodes from the Lives of the Gurus*, op.cit., p. 128.
7. ਸੰਤੋਖ ਸਿੰਘ, ਭਾਈ, ਗੁਰ ਪ੍ਰਤਾਪ ਸੂਰਜ ਗ੍ਰੰਥ , ਕੈਥਲ-1843 ਈ., ਰਾਸ 11, ਅੰਸੂ 13; ਗ੍ਰੰਥਾਵਲੀ, ਉਹੀ, ਪੰ. 4023-24; Trilochan Singh, *Guru Tegh Bahadur : Prophet and Martyr*, Delhi-1967, pp. 152-53.

ਦੇ ਸਵਾਮੀ ਗੁਰੂਦੇਵ ਨੇ ਸਭ ਦੋਸ਼ੀਆਂ ਨੂੰ ਫ਼ੌਰਨ ਛੱਡ ਦੇਣ ਅਤੇ ਸਾਰਾ ਮਾਲ-ਮੱਤਾ ਧੀਰ ਮੱਲ ਨੂੰ ਵਾਪਿਸ ਕਰ ਆਉਣ ਦਾ ਹੁਕਮ ਦੇਂਦਿਆਂ —

ਜੋ ਹਮਰੇ ਢਿਗ ਧਨ ਘਰ ਪਾਯੋ,
ਸਭ ਦੇਵਹੁ ਤਿਸ ਢਿਗ ਪਹੁੰਚਾਯੋ।[8]

ਫ਼ਰਮਾਇਆ ਸੀ ਕਿ ਉਨ੍ਹਾਂ ਨੇ ਇਹ ਸਾਰੇ ਅਪਰਾਧ ਤ੍ਰਿਸ਼ਨਾ-ਵੱਸ ਕੀਤੇ ਸਨ। ਇਸ ਲਈ ਉਨ੍ਹਾਂ ਉੱਤੇ ਕ੍ਰੋਧ ਕਰਨ ਜਾਂ ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਥਾਂ, ਉਨ੍ਹਾਂ ਨੂੰ ਖਿਮਾ ਕਰ ਦੇਣ ਵਿਚ ਹੀ ਸਭ ਦਾ ਭਲਾ ਹੈ ; ਕਿਉਂਕਿ

ਛਿਮਾ ਸਮਾਨ ਆਨ ਗੁਨ ਨਾਹੀ,
ਯਾਹ ਤੇ ਛਿਮਾ ਧਰਹੁ ਮਨ ਮਾਹੀਂ।[8]

ਅਜਿਹੀ ਘਾਤਕ ਸਥਿਤੀ ਵਿਚ ਵੀ ਇਉਂ ਅਡੋਲ ਰਹਿਣਾ, ਕਾਤਲਾਂ ਤੇ ਲੁਟੇਰਿਆਂ ਨੂੰ ਵੀ ਇਉਂ ਬਖ਼ਸ਼ ਦੇਣਾ, ਉਨ੍ਹਾਂ ਤੋਂ ਲੁਟ-ਲਿਜਾਇਆ ਹੋਇਆ ਆਪਣਾ ਨਿਜੀ ਮਾਲ-ਮੱਤਾ ਵੀ ਉਨ੍ਹਾਂ ਵਲ ਮੋੜ ਭੇਜਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਅਸਲ ਬੀੜ (ਜਿਸ ਕਰਕੇ ਉਹ ਆਪਣੇ ਆਪ ਨੂੰ ਗੁਰੂ ਬਣਾਈ ਬੈਠੇ ਸਨ) ਵੀ ਵਾਪਿਸ ਭਿਜਵਾ ਦੇਣੀ, ਉੱਚਤਮ ਦਰਜੇ ਦੀ 'ਚੜ੍ਹਦੀ ਕਲਾ' ਦੇ ਹੀ ਕੁਝ ਹੋਰ ਚਮਤਕਾਰ ਹਨ।

3

ਪਰ ਇਤਨਾ ਤੇ ਅਜਿਹਾ ਕੁਝ ਕਰਨ ਦੇ ਬਾਵਜੂਦ, ਅਜਿਹੇ ਦੋਖੀਆਂ ਤੇ ਈਰਖਾਲੂ ਸ਼ਰੀਕਾਂ ਨੇ ਫਿਰ ਵੀ ਆਪ ਜੀ ਨਾਲ ਨਾ ਤਾਂ ਵੈਰ-ਵਿਰੋਧ ਕਰਨਾ ਛੱਡਿਆ ਅਤੇ ਨਾ ਹੀ ਕਦੇ ਕਿਤੇ ਸੁਖ ਨਾਲ ਟਿਕਣ ਹੀ ਦਿੱਤਾ ਸੀ। ਮਿਸਾਲ ਵਜੋਂ, 22 ਨਵੰਬਰ 1664 ਨੂੰ ਜਦੋਂ ਆਪ 'ਗੁਰੂ ਕੀ ਨਗਰੀ' ਅਤੇ ਆਪਣੀ ਜਨਮ-ਭੂਮੀ ਦੇ ਦਰਸ਼ਨ-ਇਸ਼ਨਾਨ ਲਈ ਅੰਮ੍ਰਿਤਸਰ ਪੁਜੇ ਸਨ ਤਾਂ ਸ੍ਰੀ ਪ੍ਰਿਥੀ ਚੰਦ ਦੇ ਪੋਤੇ, ਹਰਿ ਜੀ ਮੀਣੇ, ਨੇ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਹੀ ਬੰਦ ਕਰਵਾ ਦਿੱਤਾ ਸੀ। ਪਰ ਸ਼ਾਂਤ-ਸੁਭਾਅ ਗੁਰੂਦੇਵ ਨੇ ਇਸ ਬੇਰੁਖ਼ੀ ਤੇ ਨਿਰਾਦਰੀ ਦਾ ਨਾ ਤਾਂ ਆਪ ਕੋਈ ਗੁੱਸਾ-ਗਿਲਾ ਕੀਤਾ ਸੀ ਅਤੇ ਨਾ ਹੀ ਆਪਣੇ ਨਾਲ ਆਈ ਸੰਗਤ ਨੂੰ ਕਿਸੇ ਤਰ੍ਹਾਂ ਦੀ ਧੀਂਗਾਜ਼ੋਰੀ ਕਰਨ ਦੀ ਆਗਿਆ ਦਿੱਤੀ ਸੀ। ਸਗੋਂ ਪੂਰਨ ਸ਼ਾਂਤੀ ਤੇ ਸਤਿਕਾਰ ਸਹਿਤ, ਪਾਵਨ ਸਰੋਵਰ ਵਿਚ ਇਸ਼ਨਾਨ ਕਰ ਕੇ, ਹਰਿਮੰਦਰ ਸਾਹਿਬ ਦੇ ਦਰਸ਼ਨ ਬਾਹਰੋਂ ਹੀ ਪਾ ਕੇ ਅਤੇ ਅਕਾਲ ਤਖ਼ਤ ਸਾਹਿਬ ਲਾਗੇ ਇਕ ਥੜ੍ਹੇ ਉੱਤੇ ਹੀ ਦੀਵਾਨ ਸਜਾ ਕੇ, ਆਪ ਨੇ ਵੱਲਾ ਨਾਂ ਦੇ ਇਕ ਲਾਗਲੇ ਪਿੰਡ ਦੀ ਪ੍ਰੇਮਣ ਮਾਈ, ਹਰਿਹਾਂ, ਦੇ ਘਰ ਜਾ ਨਿਵਾਸ ਕੀਤਾ ਸੀ।

ਉਪਰੰਤ, ਮਾਝੇ ਤੇ ਮਾਲਵੇ ਦੀ ਪਰਚਾਰ-ਯਾਤਰਾ ਤੋਂ ਬਾਅਦ, ਜਦੋਂ ਆਪ ਉਪਰੋਕਤ ਦੋਖੀ ਸ਼ਰੀਕੇ ਤੇ ਈਰਖਾਲੂ ਸਥਿਤੀ ਤੋਂ ਪਰੇਡੇ ਰਹਿ ਕੇ, ਆਪਣੇ ਕਰਤੱਵ ਤੇ ਆਦਰਸ਼ ਪਾਲਣ ਲਈ, ਆਪਣੇ ਪਾਵਨ ਪਿਤਾ, ਗੁਰੂ ਹਰਿ ਗੋਬਿੰਦ ਜੀ, ਦੇ ਵਸਾਏ ਹੋਏ ਨਗਰ, ਕੀਰਤਪੁਰ, ਜਾ ਟਿਕੇ ਸਨ ਤਾਂ ਉਥੋਂ ਦਾ ਸੋਢੀ ਸ਼ਰੀਕਾ ਵੀ ਆਪ ਦਾ ਤੇਜ-ਪਰਤਾਪ ਵੇਖ ਕੇ, ਸਾਬਤ ਨਹੀਂ ਸੀ ਰਿਹਾ। ਸੋ, ਉਥੇ ਵੀ ਕੋਈ ਹੱਕ-ਅਧਿਕਾਰ ਜਤਲਾਉਣ ਜਾਂ ਕਿਸੇ ਨਾਲ ਕੋਈ ਆਢਾ ਲਾਉਣ ਦੀ ਥਾਂ, ਆਪ ਨੇ ਦੇਸ-ਕੌਮ ਦੇ ਬਦਲ ਰਹੇ ਹਾਲਾਤ ਨੂੰ ਮੁੱਖ ਰਖਦਿਆਂ, ਉਸ ਤੋਂ ਵੀ ਅਗੇਰੇ ਕਿਸੇ ਅਜਿਹੀ ਨਵੇਕਲੀ ਖ਼ੁਦ-ਖ਼ਰੀਦੀ ਥਾਂਇ ਆਪਣਾ ਨਿਵਾਸ ਰਖਣ ਅਤੇ ਸਿੱਖੀ ਦਾ ਨਵਾਂ ਕੇਂਦਰ ਸਾਜਣ ਦਾ ਇਰਾਦਾ ਬਣਾ ਲਿਆ ਸੀ ਜੋ ਉਨ੍ਹਾਂ ਭਾਣੇ, ਉਪਰ-ਵਰਣਿਤ ਈਰਖਾ, ਦ੍ਵੈਖ ਤੇ ਸ਼ਰੀਕਵੀ ਦਾਅਵੇਦਾਰੀ

---

8. ਸੰਤੋਖ ਸਿੰਘ, ਭਾਈ, ਗੁਰ ਪਰਤਾਪ ਸੂਰਜ ਗ੍ਰੰਥ, ਉਹੀ, ਰਾਸ ਗਿਆਰ੍ਹਵੀਂ, ਅੰਸੂ 27.

ਆਦਿ ਤੋਂ ਪਰੇ-ਪਰੇਡੇ ਹੋਣ ਦੀ ਸੰਭਾਵਨਾ ਰਖਦਾ ਸੀ :

ਸੁਖ ਸੇ ਬਾਸ ਕਰਹਿ ਨਿਜ ਪੁਰ ਮੈਂ
ਮਤਸਰ ਤੇ ਨ ਤਪੈ ਕੋ ਉਰ ਮੈਂ।

ਇਸ ਲਈ ਆਪ ਨੇ ਕਹਿਲੂਰ ਦੇ ਰਾਜੇ ਤੋਂ ਮਾਖੋਵਾਲ ਨਾਂ ਦੇ ਪਿੰਡ ਦੀ ਜ਼ਮੀਨ ਮੁੱਲ ਲੈ ਕੇ, ਉਸ ਉਤੇ 19 ਜੂਨ 1665 ਨੂੰ ਇਕ ਨਵਾਂ ਨਗਰ ਵਸਾਣਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਨਾਂ ਆਪ ਨੇ, ਭਾਈ ਸੁੱਖਾ ਸਿੰਘ (1768- 1838 ਈ.)ਅਨੁਸਾਰ, ਪਹਿਲਾਂ ਆਪਣੀ ਸੂਰਬੀਰ ਤੇ ਪੂਜਨੀਕ ਮਾਤਾ ਜੀ ਦੇ ਸ਼ੁਭ ਨਾਂ 'ਤੇ 'ਚੱਕ ਨਾਨਕੀ' ਰਖਿਆ ਸੀ :

ਉਨ ਬਾਕਨ ਪਰਮਾਨ ਕਰ, ਮਾਤਾ ਆਇਸ ਪਾਇ।
ਆਨ ਬਸਾਯੋ 'ਚੱਕ' ਤਬ, ਆਨੰਦਪੁਰ ਕੀ ਜਾਇ।
ਜ਼ਰਖ਼ਰੀਦ ਜਾਗਾ ਲੈ ਆਨਾ, ਨਗਰ ਰਚਿਓ ਆਛੋ ਸੁਖਦਾਨਾ।
ਮਾਤ ਜੀ ਕੇ ਇਸਮ ਨਿਧਾਨ,ਸਬ ਕਾਰਜ ਕੀਨੇ ਨਿਜ ਜਾਨ।[9]

ਪਿਛੋਂ ਜਦੋਂ ਬਾਲ ਗੋਬਿੰਦ ਜੀ 'ਅਨੰਦ ਭਇਆ ਮੇਰੀ ਮਾਇ' ਨਾਲ ਆਰੰਭ ਹੁੰਦੀਆਂ 'ਅਨੰਦ ਸਾਹਿਬ' ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਕਰ ਕੇ ਇਸ ਨਗਰ ਵਿਚ ਦਾਖ਼ਲ ਹੋਏ ਸਨ, ਤਾਂ ਆਪ ਜੀ ਨੇ ਆਪਣੇ ਬੇਟੇ ਦੇ ਅਜਿਹੇ ਸ਼ਰਧਾ-ਪੂਰਵਕ ਪਰਵੇਸ਼ ਦੀ ਯਾਦ ਤੇ ਧੰਨਵਾਦ ਵਜੋਂ, ਬਾਵਾ ਸਰੂਪ ਦਾਸ ਭੱਲਾ ਦੇ ਹੇਠ-ਲਿਖੇ ਕਥਨ ਅਨੁਸਾਰ, ਇਸ ਦਾ ਨਾਂ 'ਆਨੰਦਪੁਰ' ਰਖ ਦਿੱਤਾ ਸੀ ਜੋ ਉਦੋਂ ਤੋਂ ਹੀ ਇਸੇ ਨਾਂ ਕਰਕੇ ਪ੍ਰਸਿੱਧ ਹੈ:

ਤਹਾ ਡੇਰਾ ਸਤਿਗੁਰ ਜੀ ਕਰਾ,
ਪੋੜੀ ਪਾਂਚ 'ਅਨੰਦ' ਕੀ ਪੜ੍ਹਾ।
'ਆਨੰਦਪੁਰ' ਨਾਂਵ ਤਹਾ ਕਾ ਰਾਖਾ,
ਸ੍ਰੀ ਮੁਖ ਸਿਉਂ ਸਤਿਗੁਰ ਜੀ ਭਾਖਾ।[10]

ਗੁਰੂ ਤੇਗ਼ ਬਹਾਦਰ ਸਾਹਿਬ ਆਪੇ-ਵਸਾਏ ਜਾ ਰਹੇ ਇਸ ਨਗਰ ਵਿਚ ਵੀ ਬਹੁਤ ਸਮਾਂ ਸੁਖ-ਚੈਨ ਨਾਲ ਰਹਿ ਨਹੀ ਸਕੇ ਸਨ। ਜਦੋਂ ਇਸ ਨਗਰ ਦੀ ਉਸਾਰੀ ਹੋ ਹੀ ਰਹੀ ਸੀ ਤਾਂ ਸੋਢੀਆਂ ਨੇ ਰਲ-ਮਿਲ ਕੇ ਇਸ ਨੂੰ ਵੀ ਉਜਾੜਨ ਦਾ ਜਤਨ ਕੀਤਾ, ਪਰ ਉਨ੍ਹਾਂ ਦੀ ਕੋਈ ਚਾਲ ਜਾਂ ਕੋਸ਼ਿਸ਼ ਸਫ਼ਲ ਨਹੀ ਹੋ ਸਕੀ ਸੀ। ਇਸ ਇਸਨਾਅ ਵਿਚ, ਧੀਰ ਮੱਲ ਤੇ ਰਾਮ ਰਾਇ ਨੇ ਰਲ-ਮਿਲ ਕੇ ਅਤੇ ਦਿੱਲੀ ਜਾ ਕੇ, ਬਾਦਸ਼ਾਹ ਪਾਸ ਕਈ ਤਰ੍ਹਾਂ ਦੀਆਂ ਲੂਤੀਆਂ ਲਾਈਆਂ, ਪਰ ਉਹ ਉਥੇ ਵੀ ਸਫਲ ਨ ਹੋ ਸਕੇ। ਦਿੱਲੀ ਦੀ ਸੰਗਤ ਨੇ ਸ਼ਾਹੀ ਦਰਬਾਰ ਵਿਚ ਹੋ ਰਹੀਆਂ ਅਜਿਹੀਆਂ ਸਾਜ਼ਸ਼ਾਂ ਦੀ ਖ਼ਬਰ ਜਦੋਂ ਆਨੰਦਪੁਰ ਭੇਜੀ ਸੀ ਤਾਂ ਗੁਰੂਦੇਵ ਨੇ ਉਸ ਦੇ ਉਤਰ ਵਿਚ ਫ਼ਰਮਾਇਆ ਸੀ : "ਵਾਹਿਗੁਰੂ ਉਤੇ ਭਰੋਸਾ ਰਖੋ। ਜੋ ਕੁਝ ਉਹ ਕਰਦਾ ਹੈ ਠੀਕ ਕਰਦਾ ਹੈ। ਕਿਸੇ ਪਾਸੋਂ ਡਰਨ -ਝੁਕਣ ਦੀ

---

9. ਸੁੱਖਾ ਸਿੰਘ, ਗੁਰ ਬਿਲਾਸ ਦਸਵੀਂ ਪਾਤਸ਼ਾਹੀ, ਉਹੀ, ਅਧਿਆਇ ਪਹਿਲਾ, ਦੋਹਰਾ, ਪਦ ਨੰ. 160, ਤੇ ਚੌਪਈ ਪਦ ਨੰ.161; District Gazeteer of Hoshiarpur District, Calcutta-1883-84, p. 135.

10. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਗੋਇੰਦਵਾਲ-1776 ਈ., 'ਸਾਖੀਆਂ ਪਾਤਸ਼ਾਹੀ 10', ਸਾਖੀ ਨੰ. 3: 'ਪੰਚਾਲ ਦੇਸ ਜਾਣੇ ਕੀ', ਪਦ 13, ਸੰਪਾਦਿਤ ਪਾਠ, ਪਟਿਆਲਾ-1970; ਪੰਨਾ 761.

ਲੋੜ ਨਹੀਂ "।[11]

ਦੂਜੇ ਪਾਸੇ, ਆਨੰਦਪੁਰ ਦੀ ਉਸਾਰੀ ਅਜੇ ਹੋ ਹੀ ਰਹੀ ਸੀ ਕਿ ਆਪ ਨੂੰ ਉਸ ਦੇ ਆਰੰਭ ਤੋਂ ਸਾਢੇ ਤਿੰਨ ਕੁ ਮਹੀਨੇ ਬਾਅਦ, 3 ਅਕਤੂਬਰ 1665 ਨੂੰ ਹੀ, ਪੂਰਬੀ ਹਿੰਦ ਦੀ ਯਾਤਰਾ ਲਈ ਜਾਣਾ ਪੈ ਗਿਆ ਸੀ।

4

ਆਪ ਦੇ ਵਿਰੁੱਧ ਦੋਖੀਆਂ ਤੇ ਵਿਰੋਧੀਆਂ ਦੀਆਂ ਸਾਜ਼ਸ਼ਾਂ ਤੇ ਸ਼ਰਾਰਤਾਂ ਦਾ ਸਿਲਸਿਲਾ ਫਿਰ ਵੀ ਜਾਰੀ ਰਿਹਾ ਸੀ। ਜਦੋਂ ਅਜੇ ਉਹ ਬਾਂਗਰ ਦੇਸ ਵਿਚ ਹੀ ਵਿਚਰ ਰਹੇ ਸਨ ਤਾਂ ਆਪ ਨੂੰ ਧਮਧਾਣ ਦੇ ਕਿਆਮ ਦੌਰਾਨ, 8 ਨਵੰਬਰ 1665 ਨੂੰ, ਬਾਦਸ਼ਾਹ ਔਰੰਗਜ਼ੇਬ ਵਲੋਂ ਦਿੱਲੀ ਹਾਜ਼ਰ ਹੋਣ ਲਈ ਬੁਲਾਵਾ ਆ ਗਿਆ ਸੀ। ਇਕ ਪਾਸੇ ਤਾਂ ਉਹ ਉਨ੍ਹਾਂ ਦੀ ਦਿਨੋ-ਦਿਨ ਵਧ ਰਹੀ ਮਹਿਮਾ ਤੇ ਮਾਨਤਾ ਸੁਣ ਕੇ ਚਿੜ੍ਹ ਰਿਹਾ ਸੀ ਅਤੇ ਦੂਜੇ ਪਾਸੇ ਦੋਖੀ ਤੇ ਵਿਰੋਧੀ ਧਿਰ ਉਸ ਦੇ ਕੰਨ ਉਵੇਂ ਹੀ ਭਰੀ ਜਾ ਰਹੀ ਸੀ। ਕਨ੍ਹਈਆ ਲਾਲ ਅਨੁਸਾਰ, ਰਾਮ ਰਾਇ "ਹਕੂਮਤ ਕੇ ਜ਼ੋਰ ਸੇ ਗੁਰੂ ਬਨਨੇ ਕੇ ਲੀਏ" ਉਸੇ ਤਰ੍ਹਾਂ ਨੱਠ-ਭੱਜ ਕਰ ਰਿਹਾ ਸੀ।[12] ਕਨਿੰਘਮ ਨੇ, ਫੌਰਸਟਰ ਤੇ ਮੈਲਕਮ ਦੇ ਬਿਆਨਾਂ ਦੇ ਆਧਾਰ 'ਤੇ, ਲਿਖਿਆ ਹੈ : Ram Rai continued to assert his claim... and Tegh Bahadur was generally regarded as the leader of the Sikhs....but his supremacy and life were both endangered by the machinations of Ram Rai.[13] ਅਰਥਾਤ, "ਰਾਮ ਰਾਇ ਨੇ ਆਪਣੇ ਹੱਕਾਂ ਦੀ ਦਾਅਵੇਦਾਰੀ ਉਵੇਂ ਹੀ ਜਾਰੀ ਰਖੀ ਹੋਈ ਸੀ... ਪਰ ਸਿੱਖਾਂ ਦੇ ਨੇਤਾ (ਗੁਰੂ), ਆਮ ਤੌਰ ਤੇ, (ਗੁਰੂ) ਤੇਗ਼ ਬਹਾਦਰ ਹੀ ਮੰਨੇ ਜਾ ਰਹੇ ਸਨ।... ਪਰੰਤੂ ਰਾਮ ਰਾਇ ਦੀਆਂ ਚਾਲਾਂ ਤੇ ਸਾਜ਼ਸ਼ਾਂ ਕਾਰਨ ਉਨ੍ਹਾਂ ਦੀ ਪ੍ਰਮੁੱਖਤਾ ਤੇ ਜਿੰਦ-ਜਾਨ ਦੋਵੇਂ ਖ਼ਤਰੇ ਵਿਚ ਪਈਆਂ ਹੋਈਆਂ ਸਨ"।[13]

ਜਦੋਂ ਉਹ ਸ਼ਾਹੀ ਅਹਿਲਕਾਰ, ਆਲਮ ਖ਼ਾਨ ਰੁਹੇਲੇ, ਨਾਲ ਦਿੱਲੀ ਪਹੁੰਚੇ ਸਨ ਤਾਂ ਔਰੰਗਜ਼ੇਬ ਨੇ ਮੁਲਾਕਾਤ ਸਮੇਂ, ਉਨ੍ਹਾਂ ਦੀ ਪੀਰੀ ਅਤੇ ਗੁਰਗੱਦੀ ਲਈ ਯੋਗਤਾ ਪਰਖਣ ਵਾਸਤੇ , ਬਾਵਾ ਸਰੂਪ ਦਾਸ ਭੱਲਾ ਦੇ ਹੇਠ-ਲਿਖੇ ਬਿਆਨ ਅਨੁਸਾਰ, ਕੋਈ ਕਰਾਮਾਤ ਵਿਖਾਣ ਲਈ ਆਖਿਆ ਸੀ :

ਹੋਇ ਸਵਾਰ ਤਿਨ ਸੰਗ ਗੁਰ ਗਏ, ਜਾਇ ਦਿੱਲੀ ਮੇਂ ਦਾਖ਼ਲ ਭਏ।
ਔਰੰਗਜ਼ਬ ਇਹ ਖ਼ਬਰ ਸੁਨ, ਦਿਲ ਮੇਂ ਖ਼ੁਸ਼ੀ ਬਹੁ ਕੀਨ।
"ਹਿੰਦੂਪਤ ਕਾਬੂ ਪੜਾ, ਅਬ ਬੜ੍ਹੇ ਹਮਾਰਾ ਦੀਨ[14]"।
ਤਹਾਂ ਬਹੁਤ ਲੋਕ ਦਰਸਨ ਗੁਰ ਆਵੈ ,
ਦੇਖ ਦਰਸ ਜੀਵਨ-ਜਲ ਪਾਵੈ।
ਸੁਨਿ ਮਹਿਮਾ ਆਲਮਗੀਰ ਰਿਸਾਏ, [15]
ਸ੍ਰੀ ਸਤਿਗੁਰ ਜੀ ਕਹ ਪਠਵਾਏ :

---

11. ਪਰਤਾਪ ਸਿੰਘ, ਗਿ., ਗੁਰਮਤ ਲੈਕਚਰ, ਉਹੀ - ਪੰ . 292.
12. ਕਨ੍ਹਈਆ ਲਾਲ, ਤਾਰੀਖ਼-ਏ-ਪੰਜਾਬ, ਲਾਹੌਰ- 1881.
13. Forster, G., *A Journey from Bengal to England* (1783-84), Vol. I, London-1798, p. 260; Malcolm, J., *Sketch of The Sikhs,* London-1812, p. 39; Cunningham. J.D., *History of the Sikhs, London*-1849, p. 56.
14. ਧਰਮ, ਮਜ਼੍ਹਬ।
15. ਗੁੱਸੇ ਹੋਵੇ, ਸਾੜ੍ਹਾ ਕਰੇ।

"ਤੁਮ ਹਿੰਦ ਕੇ ਗੁਰੂ ਕਹਾਵੋ,
ਕੁਝ ਹਮ ਕੋ ਕਰਾਮਾਤ ਦਿਖਲਾਵੋ।" ...

ਗੁਰੂਦੇਵ ਨੇ ਕੋਈ ਕਰਾਮਾਤ ਕਰਨੀ ਜਾਂ ਵਿਖਾਣੀ ਨਾਵਾਜਬ ਦੱਸਦਿਆਂ ਅਤੇ ਉਸ ਬਾਰੇ ਆਪਣਾ ਮੱਤ ਪੇਸ਼ ਕਰਦਿਆਂ, ਕਿਹਾ ਸੀ :

"ਨ ਲਾਇਕ ਫ਼ਕਰ ਕੇ ਕਰਾਮਾਤ ਕਰਨਾ,
ਹੈ ਨਿਸ ਦਿਨ ਸਦਾ ਖੌਫ਼ ਮੌਲਾ [16] ਕੇ ਰਹਨਾ।
ਕਰਾਮਾਤ ਕਰਨਾ ਦੂਈ [17] ਕਾ ਨਿਸ਼ਾਨ ;
ਤੁਮਾਰੇ ਦਿਲੋਂ ਮੇਂ ਯਹੀ ਹੈ ਗੁਮਾਨ।
ਜਿਨ੍ਹੋਂ ਰੱਬ ਕੇ ਜ਼ਿਕਰ ਸੋਂ ਕਾਮ ਹੈ,
ਤਿਨ੍ਹੋਂ ਕੋ ਦੂਈ ਮੇਂ ਨਾ ਆਰਾਮ ਹੈ।
ਕਰ ਜੋ ਕਰਾਮਾਤ , ਮੁਸ਼ਰਕ ਕਹਾਵੈ, [18]
ਜੋ ਮੁਸ਼ਰਕ ਭਇਆ, ਲਾਸ਼ਰੀਕਹਿ [19] ਨ ਭਾਵੈ। [20]

ਫਿਰ ਉਸ ਨੂੰ ਸੰਬੋਧਨ ਕਰਦਿਆਂ, ਆਪ ਨੇ ਫ਼ਰਮਾਇਆ ਸੀ :

"ਤੁਮ ਕੋ ਬਾਦਸ਼ਾਹੀ ਰੱਬ ਦੀਨੀ,
ਦੋਨੋਂ ਚਸ਼ਮ ਬਰਾਬਰ ਕੀਨੀ।
ਹਿੰਦੂ ਤੁਰਕ ਕਾ ਮੌਲਾ ਏਕ,
ਕਰੋ ਮਿਹਰ ਮਨ ਧਰੋ ਬਿਬੇਕ।...
ਹਮ ਦਾਅਵਾ ਕਾਹੂ ਸੋਂ ਨਾਹੀ,
ਨਹੀ ਲੇਨ ਦੇਨ ਕਾਹੂ ਸੇ ਆਹੀ।
ਅਦਲ ਸ਼ਰੀਅਤ ਮੇਂ ਪ੍ਰਮਾਨ
ਜੋ ਕਰੇ ਅਦਲ ਸੋਈ ਪ੍ਰਧਾਨ"। .... [21]

ਗੁਰਗੱਦੀ ਨੂੰ ਟਾਕਰੇ ਦੀ ਤਾਕਤ ਅਤੇ ਗੁਰਸਿੱਖੀ ਨੂੰ ਇਕ ਇਨਕਲਾਬੀ ਲਹਿਰ ਸਮਝ ਰਿਹਾ ਨਾਦਾਨ,

---

16. ਰੱਬ ਦਾ ਡਰ। 17. ਦਵੈਤ। 18. ਰੱਬ ਦਾ ਸ਼ਰੀਕ। 19. ਰੱਬ, ਪਰਮਾਤਮਾ।

20. ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੇ ਇਸ ਸਿਧਾਂਤ ਨੂੰ ਆਪਣੀ ਸਵੈ-ਜੀਵਨੀ ਵਿਚ ਇਉਂ ਕਲਮਬੰਦ ਕੀਤਾ ਸੀ : ਨਾਟਕ ਚੇਟਕ ਕੀਏ ਕੁਕਾਜਾ, ਪ੍ਰਭ ਲੋਗਨ ਕਹ ਆਵਤ ਲਾਜਾ।
(ਦਸਮ ਗ੍ਰੰਥ ਸਾਹਿਬ ਵਿਚ ਸੰਹਿਤ ਬਚਿੱਤਰ ਨਾਟਕ, ਆਨੰਦਪੁਰ- 1698 ਈ., ਧਿਆਇ 5, ਚਉਪਈ, ਪਦ 14; ਸੰਪਾਦਿਤ ਪਾਠ , ਪੰ.70.)
ਮਗਰੋਂ ਭਾ . ਕੇਸਰ ਸਿੰਘ ਛਿੱਬਰ ਨੇ ਇਸ ਮੱਤ ਨੂੰ ਆਪਣੇ ਲਫਜ਼ਾਂ ਵਿਚ ਇਉਂ ਬਿਆਨਿਆ ਸੀ :
ਔਰੰਗੇ ਕਹਿਆ , "ਕੁਛ ਅਜ਼ਮਤ ਦਿਖਾਈਐ,"
ਬਚਨ ਕੀਤਾ, "ਅਜ਼ਮਤ ਹੈ ਕਹਿਰ, ਨ ਅਜ਼ਮਾਈਐ।"
(ਬੰਸਾਵਲੀਨਾਮਾ, ਉਹੀ, ਨੌਵਾਂ ਚਰਣ, ਪਦ 120; ਸੰਪਾਦਿਤ ਪਾਠ, ਉਹੀ, ਪੰ. 93.)

21. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, 'ਸਾਖੀਆਂ ਪਾਤਸ਼ਾਹੀ 9', ਸਾਖੀ ਨੰ.5, ਚੌਪਈ, ਪਦ ਨੰ.15;

ਸ਼ੱਕੀ ਤੇ ਤੁਅੱਸਬੀ ਔਰੰਗਜ਼ੇਬ ਇਹ 'ਚੜ੍ਹਦੀ ਕਲਾ-ਪੂਰਤ' ਬਚਨ ਸੁਣ ਕੇ, ਬਿਲਕੁਲ ਚੁੱਪ ਹੋ ਗਿਆ ਸੀ। ਇਹ ਚੁੱਪ, ਬਾਵਾ ਸਰੂਪ ਦਾਸ ਅਨੁਸਾਰ, ਭਾਵੇਂ ਕਪਟ-ਭਰੀ ਸੀ ਪਰ ਉਸ ਨੇ ਗੁਰਗੱਦੀ ਬਾਰੇ ਨਾ ਕੋਈ ਗੱਲ ਪੁੱਛੀ ਅਤੇ ਨਾ ਹੀ ਕੋਈ ਪੜਤਾਲੀ ਸੀ:

ਆਲਮਗੀਰ[22] ਜਵਾਬ ਸੁਨਿ, ਕਛੁ ਨ ਉਤਰ ਦੀਨ।
ਨਾ ਨੀਤ ਅਦਾਲਤ[23] ਦ੍ਰਿੜ੍ਹ ਕਰੇ, ਮਨ ਕਪਟ ਖ਼ਾਮੋਸ਼ੀ[24] ਕੀਨ।[25]

ਇਸ ਲਈ ਸਤਿਗੁਰੂ ਆਪਣੇ ਸਿੱਖਾਂ-ਸੇਵਕਾਂ ਸਮੇਤ ਪੂਰਬ ਦੀ ਯਾਤਰਾ ਲਈ ਉਵੇਂ ਹੀ ਚਾਲੇ ਪੈ ਗਏ ਸਨ।

5

ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਜਿਹੀ ਸਿਆਣਪ, ਸੁਚੇਤਤਾ ਤੇ ਨਿਰਭੈਤਾ-ਪੂਰਤ 'ਚੜ੍ਹਦੀ ਕਲਾ' ਉਨ੍ਹਾਂ ਦੇ ਉਸ 'ਹੁਕਮਨਾਮੇ' ਤੋਂ ਵੀ ਵਿਦਿਤ ਹੈ ਜੋ ਆਪ ਨੇ ਆਪਣੇ ਬਾਲ,(ਗੁਰੂ) ਗੋਬਿੰਦ ਦਾਸ ਜੀ, ਦੇ ਸਰਕਾਰ-ਵਿਰੋਧੀ ਹਾਵ-ਭਾਵ ਬਾਰੇ ਆਨੰਦਪੁਰ ਤੋਂ ਆਈ ਫ਼ਿਕਰਮੰਦ 'ਸ਼ਿਕਾਇਤ' ਦੇ ਜਵਾਬ ਵਿਚ, ਪਟਨੇ ਦੀ ਸੰਗਤ ਨੂੰ ਲਿਖ ਭੇਜਿਆ ਸੀ। ਇਸ ਦਾ ਜ਼ਿਕਰ ਕਰਦਿਆਂ, ਪ੍ਰਿੰ. ਸਤਿਬੀਰ ਸਿੰਘ ਨੇ ਲਿਖਿਆ ਹੈ: "(ਗੁਰੂ) ਗੋਬਿੰਦ (ਸਿੰਘ) ਜੀ ਨਾਲ ਪਟਨਾ ਸਾਹਿਬ ਦੀ ਸੰਗਤ ਜਿਵੇਂ ਲਾਡ ਲਡਾ ਰਹੀ ਸੀ, ਸੰਭਾਲ ਕਰ ਰਹੀ ਸੀ, ਰੱਖਿਆ ਕਰ ਰਹੀ ਸੀ, ਉਸ ਤੋਂ ਉਨ੍ਹਾਂ ਦਾ ਜਿਥੇ ਪਿਆਰ ਤੇ ਸ਼ਰਧਾ ਪ੍ਰਗਟ ਹੁੰਦੀ ਹੈ ਉਥੇ ਫ਼ਿਕਰ ਵੀ। (ਗੁਰੂ) ਗੋਬਿੰਦ (ਸਿੰਘ) ਜੀ ਜਦ ਰਤਾ ਕੁ ਵੱਡੇ ਹੋਏ ਤਾਂ ਸਾਥੀ ਹਾਣੀਆਂ ਦੀਆਂ ਢਾਣੀਆਂ ਬਣਾ ਕੇ ਜੰਗੀ ਖੇਡਾਂ ਖੇਡਣ ਲਗ ਪਏ। ਆਪਣੇ ਹਾਣੀਆਂ ਵਿਚ ਆਤਮ ਗੌਰਵ ਭਰਨ ਲਈ ਉਨ੍ਹਾਂ ਨੂੰ ਹਰ ਰੋਜ਼ ਸ਼ਾਹਾਂ, ਨਵਾਬਾਂ, ਕਾਜ਼ੀਆਂ ਅਤੇ ਫੌਜਦਾਰਾਂ ਸਾਹਮਣੇ ਡਟ ਖਲੋਣ ਦਾ ਉਪਦੇਸ਼ ਦਿੰਦੇ। ਰਾਹ ਜਾਂਦੇ ਨਵਾਬ ਦੀ ਸਵਾਰੀ ਲੰਘਣ ਵੇਲੇ ਤਣ ਕੇ ਖਲੋਣ ਦਾ ਵੱਲ ਸਿਖਾਂਦੇ।

ਪਟਨਾ ਸਾਹਿਬ ਦੀ ਸੰਗਤ ਕੁਝ ਫ਼ਿਕਰਮੰਦ ਹੋ ਗਈ ਸੀ ਕਿਉਂਕਿ ਐਸੀਆਂ ਖ਼ਬਰਾਂ ਆ ਚੁਕੀਆਂ ਸਨ ਕਿ ਬਾਦਸ਼ਾਹ ਔਰੰਗਜ਼ੇਬ ਨੇ 'ਰਾਜਾ ਚੋਰ' ਦੀ ਝੂਠੀ ਖੇਡ ਖੇਡਣ ਵਾਲੇ ਸੋਨੀਪਤ ਦੇ ਚਾਰ ਬੱਚਿਆਂ ਨੂੰ ਜਾਨੋਂ ਮਾਰ ਦਿੱਤਾ ਸੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਕਰੜੀਆਂ ਸਜ਼ਾਵਾਂ ਦਿੱਤੀਆ ਸਨ। ਇਹ ਘਟਨਾ, 'ਮੁਆਸਰੇ ਆਲਮਗੀਰੀ' ਦੇ ਲਿਖਣ ਅਨੁਸਾਰ, 1662 ਈ. ਵਿਚ ਹੋਈ ਸੀ। ਸੋ, ਪਟਨਾ ਸਾਹਿਬ ਦੀ ਸੰਗਤ ਦਾ ਚਿੰਤਾਤੁਰ ਹੋਣਾ ਕੁਦਰਤੀ ਸੀ ਕਿ ਬਾਲਕ-ਗੁਰੂ ਉਤੇ ਵੀ ਕੋਈ ਹੱਥ ਨਾ ਉਠਾ ਦੇਵੇ। ਸੋ, ਸਿੱਖਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਆਨੰਦਪੁਰ ਸਾਹਿਬ ਚਿੱਠੀ ਲਿਖੀ ਕਿ ਬਾਲਕ ਨੂੰ ਸਮਝਾਓ ਕਿ ਐਸੀਆਂ ਖੇਡਾਂ ਨਾ ਖੇਡੇ। ਪਰ ਧੰਨ ਗੁਰੂ ਤੇਗ਼ ਬਹਾਦਰ ਜੀ, 'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ' ਦਾ ਉਪਦੇਸ਼ ਦੇਣ ਵਾਲੇ ਨੌਂਵੇ ਪਾਤਸ਼ਾਹ ਨੇ ਜੋ ਹੁਕਮਨਾਮਾ ਪਟਨਾ ਸਾਹਿਬ ਦੀ ਸੰਗਤ ਦੇ ਨਾਂ ਲਿਖਿਆ, ਉਹ ਉਨ੍ਹਾਂ ਦੀ ਸ਼ਖ਼ਸੀਅਤ ਦੀ ਦ੍ਰਿੜ੍ਹਤਾ ਅਤੇ ਗੁਰੂ ਦਾ ਕਾਰਜ ਪ੍ਰਗਟਾਉਂਦਾ ਹੈ। ਗੁਰੂ ਸਾਹਿਬ ਨੇ ਲਿਖਿਆ ਸੀ:

ਜੋ ਗੋਬਿੰਦ ਕੀਆ ਭਲਾ ਕੀਆ।
ਅੱਵਲ ਤੇ ਸਰਕਾਰੀ ਅਹਿਲਕਾਰ ਕੋ
ਸਲਾਮ ਨਹੀਂ ਕਹਿਣਾ।

ਦੋਹਰਾ, ਪਦ ਨੰ.16, ਚੌਪਈ, ਪਦ ਨੰ. 18-19, ਬੈਂਤ 22; ਚੌਪਈ, ਪਦ ਨੰ. 24 ਤੇ 26.

22. ਔਰੰਗਜ਼ੇਬ ਬਾਦਸ਼ਾਹ।

23. ਨਿਆਂ। 24. ਚੁੱਪ।

25. ਮਹਿਮਾ ਪ੍ਰਕਾਸ਼, ਉਹੀ, ਦੋਹਰਾ, ਪਦ ਨੰ. 28, ਪੰ. 675.

ਗਰ ਆਏ ਹੀ ਬੈਠੇ ਤਾਂ ਪਵਾਂਦੀ ਦੇਣੀ,
ਸਿਰ੍ਹਾਂਦੀ ਨਹੀਂ"।[26]

6

ਉਪਰੋਕਤ ਪਰਚਾਰ-ਯਾਤਰਾ ਦੌਰਾਨ ਜਦੋਂ ਆਪ ਅਜੋਕੇ ਬੰਗਲਾ ਦੇਸ਼ ਵਿਚ ਵਿਚਰ ਰਹੇ ਸਨ ਤਾਂ ਗੁਰੂ-ਘਰ ਦਾ ਇਕ ਅਨਿੰਨ ਸ੍ਰਧਾਲੂ, ਜੈਪੁਰ ਦਾ ਰਾਜਾ ਰਾਮ ਸਿੰਘ, ਆਸਾਮ ਦੀ ਮੁਹਿੰਮ ਉਤੇ ਜਾਂਦਿਆਂ ਆਪ ਜੀ ਨੂੰ ਉਥੇ ਜਾ ਮਿਲਿਆ ਸੀ। ਔਰੰਗਜ਼ੇਬ ਉਸ ਨਾਲ ਅੰਦਰੋਂ ਬਹੁਤ ਹੀ ਨਾਰਾਜ਼ ਸੀ। ਇਸੇ ਲਈ ਉਸੇ ਨੇ ਰਾਜਾ ਰਾਮ ਸਿੰਘ ਨੂੰ ਉਧਰ, ਆਸਾਮ ਵਲ, ਜਾਣ-ਬੁਝ ਕੇ ਇਸ ਕਰਕੇ ਭੇਜਿਆ ਸੀ ਕਿ ਜੇ ਉਹ ਉਧਰ ਲੜਦਿਆਂ ਮਾਰਿਆ ਗਿਆ ਤਾਂ ਜੈਪੁਰ ਦਾ ਰਾਜ ਉਸ ਦੇ ਹੱਥ ਆ ਜਾਵੇਗਾ ਅਤੇ ਜੇ ਉਹ ਜਿੱਤ ਕੇ ਆ ਗਿਆ ਤਾਂ ਸਾਰੇ ਕਾਮਰੂਪ ਦੇਸ ਉਤੇ ਵੀ ਉਸ ਦਾ ਕਬਜ਼ਾ ਹੋ ਜਾਵੇਗਾ।

ਆਸਾਮ ਉਦੋਂ ਇਕ ਤਾਂ ਜਾਦੂ-ਟੂਣਿਆਂ ਵਿਚ ਮਹਾਰਤ ਕਰਕੇ ਅਤੇ ਦੂਜੇ ਅਹੋਮੀਆਂ ਦੀ ਜਾਨ-ਹੂਲਵੀਂ ਯੁੱਧ-ਕਲਾ, ਕਰਕੇ ਪ੍ਰਸਿਧ ਸੀ। ਨਾਲੇ ਉਸ ਇਲਾਕੇ ਨੂੰ ਉਦੋਂ ਮਾਰੂ ਮਲੇਰੀਏ ਨੇ ਵੀ ਘੇਰਿਆ ਹੋਇਆ ਸੀ ਜਿਸ ਕਰਕੇ ਮੀਰ ਜੁਮਲਾ ਵਰਗੇ ਮੁਗ਼ਲ ਜਰਨੈਲ ਦੇ ਉਥੇ ਮਾਰੇ ਜਾਣ ਤੋਂ ਬਾਅਦ, ਸਾਰੇ ਮੁਗ਼ਲ ਜਰਨੈਲ ਉਧਰ ਜਾਣ ਤੋਂ ਡਰੇ ਹੋਏ ਸਨ। ਰਾਜਾ ਰਾਮ ਸਿੰਘ ਵੀ ਇਸੇ ਕਰਕੇ ਬੜਾ ਭੈਭੀਤ ਸੀ। ਇਸੇ ਲਈ ਉਹ ਬੜੀ ਭਾਰੀ ਫ਼ੌਜ ਤੋਂ ਇਲਾਵਾ, ਪੰਜ ਮੁਸਲਮਾਨ ਪੀਰ ਵੀ ਆਪਣੇ ਨਾਲ ਲੈ ਗਿਆ ਸੀ। ਪਰ ਉਸ ਨੂੰ ਇਸ ਗੱਲ ਦਾ ਪੱਕਾ ਵਿਸ਼ਵਾਸ਼ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਅੰਗ-ਸੰਗ ਹੋਣ ਨਾਲ, ਇਕ ਤਾਂ ਉਹ ਕਾਮਰੂਪੀਆਂ ਦੇ ਜਾਦੂ-ਜਾਲ ਤੋਂ ਬਚਿਆ ਰਹੇਗਾ; ਦੂਜੇ, ਅਹੋਮੀਆਂ ਵਿਰੁੱਧ ਲੜਨ ਲਈ ਉਸ ਦੀ ਫ਼ੌਜ ਦਾ ਹੌਸਲਾ ਬਣਿਆ ਰਹੇਗਾ ; ਅਤੇ ਤੀਜੇ, ਉਹ ਇਹ ਮੁਹਿੰਮ ਜਿੱਤ ਕੇ ਜੀਉਂਦਾ-ਜਾਗਦਾ ਖ਼ੁਸ਼ੀ-ਖ਼ੁਸ਼ਾਲੀ ਵਾਪਿਸ ਦਿੱਲੀ / ਜੈਪੁਰ ਪਰਤ ਸਕੇਗਾ।

ਸੋ, ਗੁਰੂ-ਘਰ ਦੇ ਉਸ ਅਨਿੰਨ ਸ਼ਰਧਾਲੂ ਨੇ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਰਨ ਤੇ ਸਹਾਇਤਾ ਲਈ ਬੇਨਤੀ ਕੀਤੀ ਸੀ ਤਾਂ 'ਚੜ੍ਹਦੀ ਕਲਾ' ਦੇ ਸਰੂਪ ਸਤਿਗੁਰੂ ਨੇ ਪਰਵਾਨ ਕਰ ਲਈ ਸੀ ਅਤੇ ਉਸ ਨੂੰ ਭਰਵੇਂ ਹੌਸਲੇ ਤੇ ਅਸੀਸ ਨਾਲ ਨਿਵਾਜਦਿਆਂ, ਉਸ ਮੁਹਿੰਮ ਵਿਚ ਉਸ ਨਾਲ ਸ਼ਾਮਲ ਹੋ ਗਏ ਸਨ। ਇਉਂ ਰਾਜਾ ਰਾਮ ਸਿੰਘ ਨਾ ਕੇਵਲ ਜਾਦੂ ਟੂਣਿਆਂ ਤੋਂ ਹੀ ਬਚਿਆ ਰਿਹਾ ਸੀ, ਸਗੋਂ ਮੁਹਿੰਮ ਦੀ ਸਫ਼ਲਤਾ ਦਾ ਵੀ ਭਾਗੀ ਬਣ ਕੇ ਦਿੱਲੀ ਵਾਪਸ ਆਇਆ ਸੀ।

ਗੁਰੂ ਸਾਹਿਬ ਨੇ ਦੋਹਾਂ ਧਿਰਾਂ, ਭਾਵ ਰਾਜਾ ਰਾਮ ਸਿੰਘ ਅਤੇ ਰਾਜਾ ਚਕ੍ਰਧਵਜ ਸਿੰਘ, ਦੇ ਵਿਚਾਲੇ ਪੈ ਕੇ ਉਨ੍ਹਾਂ ਦੀ ਸੁਲ੍ਹਾ ਕਰਵਾ ਦਿੱਤੀ ਸੀ ਜਿਸ ਦੀ ਖ਼ੁਸ਼ੀ-ਭਰੀ ਯਾਦ ਤੇ ਧੰਨਵਾਦ ਵਜੋਂ ਆਹੋਮੀ ਤੇ ਮੁਗ਼ਲਈ ਫ਼ੌਜਾਂ ਨੇ ਰਲ ਕੇ ਉਥੇ, 'ਧੁਬੜੀ' ਨਾਂ ਦੇ ਗੁਰ-ਅਸਥਾਨ ਵਿਚ, ਇਕ ਚਬੂਤਰਾ ਉਸਾਰ ਦਿੱਤਾ ਸੀ ਜਿਸ ਉਤੇ ਬਾਅਦ ਵਿਚ ਸਤਿਗੁਰੂ ਜੀ ਬਿਰਾਜ ਕੇ ਕੀਰਤਨ ਕਰਦੇ, ਸ਼ੁਭ ਉਪਦੇਸ਼ ਸੁਣਾਂਦੇ ਅਤੇ ਸਭ ਨੂੰ ਖ਼ੁਸ਼ੀਆਂ ਤੇ ਅਸੀਸਾਂ ਨਾਲ ਨਿਵਾਜਦੇ ਰਹੇ ਸਨ।[27] ਇਉਂ, ਅਜਿਹੇ ਖ਼ੂੰਖ਼ਾਰ ਹਾਲਾਤ ਵਿਚ ਵੀ ਆਪਣੀ ਜਾਨ ਤਕ ਵੀ ਜੋਖੋਂ ਵਿਚ ਪਾ ਕੇ, ਸ਼ਰਨ ਆਏ ਦੀ ਲਾਜ ਰਖਣੀ, ਉਸ ਦੀ ਵਿਜੈ ਕਰਾਉਣੀ; ਅਤੇ ਚਿਰਾਂ ਤੋਂ ਵੈਰ-ਵਿਰੋਧ ਵਿਚ ਗਲਤਾਨ ਵਿਰੋਧੀ

---

26. ਸਤਿਬੀਰ ਸਿੰਘ, ਪ੍ਰਿੰ., ਇਤਿ ਜਿਨਿ ਕਰੀ, ਜਲੰਧਰ-1975, ਪੰ .95.

27. ਲੁੜੀਂਦੀ ਇਤਿਹਾਸਕ ਜਾਣਕਾਰੀ ਲਈ ਵੇਖੋ : ਜੈਪੁਰ ਸਟੇਟ ਆਰਕਾਈਵਜ਼ ਵਿਖੇ ਸੁਰੱਖਿਅਤ ਫ਼ਰਮਾਨ ਨੰ. 102, ਮਿਤੀ 29 ਜੁਲਾਈ 1669; ਖ਼ਾਫ਼ੀ ਖ਼ਾਨ, ਮੁਹੰਮਦ ਹਾਸ਼ਮ, ਮੁਨਤਖ਼ਬ-ਉਲ-ਲੁਬਾਬ, ਕਲਕੱਤਾ-1874, ਜਿਲਦ 2, ਪੰ. 651-52; ਗੰਡਾ ਸਿੰਘ, ਡਾ., ਮਾਖ਼ਿਜ਼ੇ ਤਵਾਰੀਖ਼ੇ ਸਿੱਖਾਂ, ਅੰਮ੍ਰਿਤਸਰ-1949,ਪੰ. 83;

ਧਿਰਾਂ ਵਿਚੋਂ ਘਿਰਣਾ ਤੇ ਕ੍ਰੋਧ ਮਿਟਾ ਕੇ, ਮੇਲ-ਮਿਲਾਪ ਤੇ ਸੁੱਖ-ਸ਼ਾਂਤੀ ਵਰਤਾਉਣੀ ਉਸ ਨਿਹਾਲੀ ਨਦਰ ਤੇ ਪਰਉਪਕਾਰੀ 'ਚੜ੍ਹਦੀ ਕਲਾ' ਦਾ ਹੀ ਇਕ ਹੋਰ 'ਕ੍ਰਿਸ਼ਮਾ' ਹੈ।

7

ਗੁਰੂ ਤੇਗ਼ ਬਹਾਦਰ ਜੀ ਦੀ ਅਜਿਹੀ 'ਚੜ੍ਹਦੀ ਕਲਾ' ਦੀ ਸਿਖਰ ਉਨ੍ਹਾਂ ਦੀ ਉਸ ਪਾਵਨ ਸ਼ਹਾਦਤ ਤੋਂ ਭਲੀ-ਭਾਂਤ ਪ੍ਰਗਟ ਹੈ ਜੋ ਸੰਸਾਰ ਦੇ ਧਾਰਮਕ ਇਤਿਹਾਸ ਵਿਚ, ਅਜੇ ਤਕ, ਆਪਣੀ ਮਿਸਾਲ ਆਪ ਮੰਨੀ ਗਈ ਹੈ। ਉਨ੍ਹਾਂ ਦੇ ਸਮਕਾਲੀਆਂ ਤੇ ਇਤਿਹਾਸਕਾਰਾਂ ਨੇ ਇਸੇ ਲਈ ਉਨ੍ਹਾਂ ਨੂੰ 'ਹਿੰਦ ਦੀ ਚਾਦਰ', 'ਧਰਮ ਦੀ ਚਾਦਰ' ਅਤੇ 'ਸ੍ਰਿਸ਼ਟੀ ਦੀ ਚਾਦਰ' ਵਰਗੇ ਬੜੇ ਮਹੱਤਪੂਰਤ ਵਿਸ਼ੇਸ਼ਣੀ ਨਾਂਵਾਂ ਨਾਲ ਚਿਤਾਰਿਆ ਹੋਇਆ ਹੈ।

'ਹਿੰਦ ਦੀ ਚਾਦਰ' ਇਸ ਲਈ ਕਿ ਉਨ੍ਹਾਂ ਦੀ ਪਰਉਪਕਾਰੀ ਸ਼ਹਾਦਤ ਉਤੇ, ਲੋਕ-ਦਿਲਾਂ ਦੀ ਧਾਪ ਤੇ ਧੰਨਵਾਦ ਨੂੰ ਜ਼ਬਾਨ ਦੇਂਦਿਆਂ, ਸਮਕਾਲੀ ਭੱਟ 'ਚਾਂਦ' ਨੇ ਆਖਿਆ ਸੀ :

ਬਾਂਹਿ ਜਿਨ੍ਹਾਂ ਦੀ ਪਕੜੀਏ,
ਸਿਰ ਦੀਜੇ ਬਾਂਹ ਨ ਛੋੜੀਐ।
ਗੁਰ ਤੇਗ਼ ਬਹਾਦਰ ਬੋਲਿਆ,
ਸੱਚਾ 'ਹਿੰਦ ਦੀ ਚਾਦਰ' ਬੋਲਿਆ :
"ਧਰ ਪਈਐ ਧਰਮ ਨ ਛੋੜੀਐ।"[28]

ਇਉਂ ਇਹ ਸ਼ਹਾਦਤ ਕਿਸੇ ਨਿਜੀ ਮਾਮਲੇ ਜਾਂ ਆਪਣੇ ਮੱਤ ਦੀ ਸੁਰੱਖਿਆ ਦੀ ਥਾਂ, ਸਮੁੱਚੇ ਹਿੰਦੁਸਤਾਨ ਦੇ ਧਰਮ-ਕਰਮ ਅਤੇ ਸੱਭਿਅਤਾ ਤੇ ਸਭਿਆਚਾਰ ਦੀ ਰੱਖਿਆ ਲਈ ਸੋਚ-ਸਮਝ ਕੇ ਦਿੱਤੀ ਗਈ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਨੇ ਜਿਥੇ ਹਿੰਦੂ ਧਰਮ ਨੂੰ ਮਿਟਣ ਤੋਂ ਅਤੇ ਸਮੁੱਚੇ ਉਪ-ਮਹਾਂਦੀਪ ਦੀ ਪੱਤ ਨੂੰ ਰੁਲਣ ਤੋਂ ਬਚਾਅ ਲਿਆ ਸੀ, ਉਥੇ ਉਸ ਨੂੰ ਕੇਵਲ ਹਿੰਦੁਸਤਾਨ ਤੇ ਸਿਰਫ਼ ਸਤ੍ਹਾਰਵੀਂ ਸਦੀ ਦਾ ਹੀ ਨਹੀਂ, ਸਗੋਂ ਸਾਰੇ ਕਲਯੁਗ ਦਾ ਇਕ ਮਹਾਨ ਤੇ ਬੇਮਿਸਾਲ ਕਾਰਨਾਮਾ ਵੀ ਵਿਦਤ ਕੀਤਾ ਗਿਆ ਸੀ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ,
ਕੀਨੋ ਬਡੋ ਕਲੂ ਮਹਿ ਸਾਕਾ।[29]

ਉਨ੍ਹੀਵੀਂ ਸਦੀ ਵਿਚ ਸਿੱਖ ਧਰਮ ਦਾ ਇਤਿਹਾਸ ਜਾਣਨ ਤੇ ਲਿਖਣ ਦਾ ਭਰਵਾਂ ਜਤਨ ਕਰ ਰਹੇ ਈਸਟ ਇੰਡੀਆਂ ਕੰਪਨੀ ਦੇ ਇਕ ਵਿਦਵਾਨ ਅਫ਼ਸਰ, ਕੈਪਟਨ ਮਰੇ, ਦੀ ਇਕ ਉਤਸੁਕ ਪੁੱਛ ਦਾ ਜਵਾਬ ਦੇਂਦਿਆਂ, ਤਦੇ ਤਾਂ ਭਾਈ ਰਤਨ ਸਿੰਘ ਭੰਗੂ ਨੇ ਦਸਿਆ ਸੀ :

ਤੇਗ਼ ਬਹਾਦਰ ਫਿਰ ਗੁਰ ਭਯੋ,

Sarkar, Jadu Nath, *A Short History of Aurangzeb*.Calcutta-1954, p. 204.

28. ਚਾਂਦ ਭੱਟ, ਬੋਲਨਾ ਗੁਰੂ ਤੇਗ਼ ਬਹਾਦਰ ਜੀ ਕਾ ਜ਼ਬਾਨੀ ਭੱਟ ਕੀ (ਵੇਖੋ ,ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾ.ਵੀਰ ਸਿੰਘ ਵਲੋਂ ਸਟਿਪਿਤ ਪਾਠ, ਪੋਥੀ ਸਤਵੀਂ , ਅੰਮ੍ਰਿਤਸਰ-1962, ਪੰ . 3421)।

29. ਗੁਰੂ ਗੋਬਿੰਦ ਸਿੰਘ ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਮਨੀ ਸਿੰਘ ਸ਼ਹੀਦ ਵਲੋਂ ਸੰਕਲਿਤ ਬੀੜ, ਅੰਮ੍ਰਿਤਸਰ -1734, ਵਿਚ ਸੰਚਿਤ ਬਚਿੱਤਰ ਨਾਟਕ, ਆਨੰਦਪੁਰ-1698 ਈ., ਅਧਿਆਇ 5, ਪਦ 13 ; ਭਾ. ਰਨਧੀਰ ਸਿੰਘ ਵਲੋਂ ਸੰਪਾਦਿਤ ਪਾਠ, ਪਟਿਆਲਾ-1973, ਦੂਜੀ ਛਾਪ-1985 ਈ., ਪੰ. 70.

ਪਰਸਵਾਰਥ [30]ਹਿਤ ਜਿਨਿ ਸਿਰ ਦਯੋ।
ਕਲਜੁਗ ਮੈਂ ਬਡ ਸਾਕਾ ਕੀਯੋ,
ਧਰਮ-ਕਰਮ ਰਖ ਹਿੰਦੂਅਨ ਲੀਯੋ।........
ਸੀਸ ਦਯੋ ਪਰ ਸਿਰਰ [31] ਨ ਦੀਓ।
ਅਪਨੋ ਧਰਮ-ਕਰਮ ਰਖ ਲੀਓ।
ਚਰਮ[32] ਕਚੈ ਤੇ ਸ੍ਰੀਰ ਬਚਾਯੋ ,
ਤੁਰਕਨ ਕੈ ਸਿਰ ਸੀਸ ਲਗਾਯੋ।
ਉਨ ਮੂੜ੍ਹਨ [33] ਯਹਿ ਕਲਾ ਨ ਜਾਨੀ,
ਹਮ ਸਿਰ, ਸਿਰ ਲਾਵਨ ਗਲ ਠਾਨੀ।
ਯੌਂ ਸਤਿਗੁਰ ਬਡ ਸਾਕਾ ਕੀਯੋ,
ਪਰਸ੍ਵਾਰਥ [34] ਹਿਤ ਨਿਜ ਸਿਰ ਦੀਯੋ।[35]

ਗੁਰੂ ਤੇਗ਼ ਬਹਾਦਰ 'ਧਰਮ ਦੀ ਚਾਦਰ' ਵੀ ਇਸ ਕਰਕੇ ਮੰਨੇ ਗਏ ਸਨ ਕਿ ਉਨ੍ਹਾਂ ਦਾ ਇਹ ਲਾਸਾਨੀ ਕਾਰਨਾਮਾ ਸਿਰਫ਼ ਹਿੰਦੂ ਧਰਮ ਅਤੇ ਕੇਵਲ ਕਿਸੇ ਖ਼ਾਸ ਧਾਰਮਕ ਸਿਧਾਂਤ ਦੀ ਰੱਖਿਆ ਲਈ ਹੀ ਨਹੀਂ ਸੀ ਵਾਪਰਿਆ। ਇਹ ਮਹਾਨ ਬਲੀ ਤਾਂ ਸਭ ਧਰਮਾਂ ਦੀ ਪੂਜਾ ਤੇ ਪੈਰਵੀ ਲਈ ਪੂਰਨ ਸੁਤੰਤਰਤਾ, ਉਨ੍ਹਾਂ ਦੀ ਬੇਰੋਕ ਪਰਫੁੱਲਤਾ ਲਈ ਪੂਰਨ ਸਵੈਧੀਨਤਾ ਅਤੇ ਇਕ ਵਿਸ਼ਵ- ਵਿਆਪੀ ਮਾਨਵੀ ਸਿਧਾਂਤ ਦੀ ਸੁਰੱਖਿਆ ਲਈ, ਜਾਣ-ਬੁਝ ਕੇ ਤੇ ਸੋਚ-ਵਿਚਾਰ ਕੇ, ਦਿੱਤੀ ਗਈ ਸੀ। ਤਦੇ ਤਾਂ ਇਸ ਦੀ ਇਸ ਮਹੱਤਤਾ ਤੇ ਵਿਸ਼ੇਸ਼ਤਾ ਵਲ ਧਿਆਨ ਦੁਆਂਦਿਆਂ, ਗੁਰੂ ਗੋਬਿੰਦ ਸਿੰਘ ਜੀ, ਨੇ ਉਦੋਂ ਹੀ ਇਹ ਏਲਾਨੀਆਂ ਫ਼ਰਮਾਅ ਦਿੱਤਾ ਸੀ :

ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰਰੁ ਨ ਦੀਆ।[36]

ਵਰਤਮਾਨ ਸਮੇਂ ਦੇ ਇਕ ਪ੍ਰਸਿੱਧ ਇਤਿਹਾਸਕਾਰ, ਡਾ. ਅਨਿਲ ਚੰਦਰ ਬੈਨਰਜੀ, ਨੇ ਇਸੇ ਸਚਾਈ ਨੂੰ ਵਿਆਖਦਿਆਂ ਬੜੇ ਸਪੱਸ਼ਟ ਲਫ਼ਜ਼ਾਂ ਵਿਚ ਲਿਖਿਆ ਹੈ : No Sikh—far less a Guru—attached any importance to 'sacred thread' or 'frontal marks' which symbolise the primacy of the Brahmins in the caste-system. These distinctive marks of caste were categorically condemned by (Guru) Nanak. But (Guru) Tegh Bahadur approached the issue from an entirely different and much wider point of

---

30. ਪਰਉਪਕਾਰ ਤੇ ਲੋਕ-ਭਲਾਈ ਲਈ। 31. ਸਿਰੜ, ਹੱਠ ; ਸਿੱਰਰ : ਭੇਤ, ਰਾਜ਼, ਰਮਜ਼।
32. ਚੰਮ, ਚਮੜੀ। 33. ਮੂਰਖਾਂ ਨੇ।
34. ਅਸੀਂ ਤਾਂ ਆਪਣਾ ਸਿਰ ਦੇਣ ਦਾ ਨਿਸਚਾ ਧਾਰਿਆ ਹੋਇਆ ਸੀ।
35. ਰਤਨ ਸਿੰਘ ਭੰਗੂ, ਸ਼ਹੀਦ, ਭਾ., ਸ੍ਰੀ ਗੁਰ ਪੰਥ ਪ੍ਰਕਾਸ਼, ਅੰਮ੍ਰਿਤਸਰ-1841, ਸਾਖੀ ਨੰ.11 ਤੇ 12; ਸੰਪਾਦਿਤ ਵਲੋਂ ਭਾਈ ਵੀਰ ਸਿੰਘ, ਅੰਮ੍ਰਿਤਸਰ-1914, ਪੰਨਾ 34 ਤੇ 38 ; ਵਲੋਂ ਡਾ. ਜੀਤ ਸਿੰਘ ਸੀਤਲ, ਅੰਮ੍ਰਿਤਸਰ -1984, ਪੰ. 61 ਤੇ 68.
36. ਗੁਰੂ ਗੋਬਿੰਦ ਸਿੰਘ, ਬਚਿਤਰ ਨਾਟਕ, ਉਹੀ, ਅਧਿਆਇ 5, ਪਦ ਨੰ. 14; ਪੰ.70.

view : he chose to sacrifice his life 'for the sake of *dharma*'. The word *dharma* used in the text of the *Bachittar Natak*, in connection with (Guru) Tegh Bahadur's martyrdom, should not be equated with 'religion' in the narrow sense; it should be given a wider meaning and translated as 'righteousness'. The great sacrifice was really a fight for the preservation of freedom of worship for all men, irrespective of the 'Kashmiri Brahmins' right to retain their own religion. In fact, it was a fight for the principle of freedom of conscience which is essential to the survival of civilisation.[37] ਅਰਥਾਤ, "ਕਿਸੇ ਵੀ ਸਿੱਖ ਨੇ, ਗੁਰੂ ਤਾਂ ਕਿਤੇ ਰਹੇ, ਜਾਤ-ਪ੍ਰਣਾਲੀ ਵਿਚ ਬ੍ਰਾਹਮਣਾਂ ਦੀ ਪ੍ਰਮੁੱਖਤਾ ਦੇ ਸੰਕੇਤਾਂ, 'ਜੰਞੂ' ਜਾਂ 'ਤਿਲਕ', ਨੂੰ ਕਦੇ ਵੀ ਕੋਈ ਮਹੱਤਾ ਨਹੀਂ ਦਿੱਤੀ। ਜਾਤ-ਪਾਤ ਦੇ ਇਹ ਵਿਸ਼ੇਸ਼ ਚਿੰਨ੍ਹ ਗੁਰੂ ਨਾਨਕ ਸਾਹਿਬ ਨੇ ਕਤਈ ਤੌਰ ਤੇ ਨਿਖੇਧੇ ਹੋਏ ਸਨ। ਪਰ ਗੁਰੂ ਤੇਗ਼ ਬਹਾਦਰ ਨੇ ਇਸ ਮੁੱਦੇ ਨੂੰ ਇਕ ਬਿਲਕੁਲ ਹੀ ਵਖਰੇ ਤੇ ਵਿਸ਼ਾਲ ਦਰਿਸ਼ਟੀਕੋਣ ਤੋਂ ਚੁਕਿਆ ਸੀ; ਅਤੇ ਉਹ ਇਹ ਸੀ ਕਿ ਉਨ੍ਹਾਂ ਨੇ ਤਾਂ 'ਧਰਮ ਦੀ ਰੱਖਿਆ ਖ਼ਾਤਰ' ਆਪਣਾ ਜੀਵਨ ਕੁਰਬਾਨ ਕਰਨ ਦਾ ਫ਼ੈਸਲਾ ਕੀਤਾ ਸੀ। 'ਬਚਿੱਤਰ ਨਾਟਕ' ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਸਬੰਧ ਵਰਤੇ ਹੋਏ ਸ਼ਬਦ 'ਧਰਮ' ਨੂੰ ਉਸ ਦੇ ਸੌੜੇ ਜਾਂ ਸੀਮਿਤ ਅਰਥਾਂ ਵਿਚ ਮੱਤ ਜਾਂ ਮਜ਼ਹਬ ਨਾਲ ਮੇਲਣਾ ਜਾਂ ਮੇਚਣਾ ਨਹੀਂ ਚਾਹੀਦਾ। ਇਸ ਨੂੰ ਤਾਂ ਵਿਸ਼ਾਲ ਅਰਥਾਂ ਵਿਚ ਵਿਚਾਰਨ ਅਤੇ ਅਨੁਵਾਦਣ ਲਗਿਆਂ ਅੰਗਰੇਜ਼ੀ ਦੇ ਸ਼ਬਦ, righteousness (ਨੇਕੀ, ਨਿਆਂ, ਸੱਚਿਆਈ, ਸਤਵਾਦਤਾ ਆਦਿ), ਨਾਲ ਤਰਜਮਾਉਣਾ ਚਾਹੀਦਾ ਹੈ। ਇਹ ਮਹਾਨ ਬਲੀਦਾਨ ਕੇਵਲ ਕਸ਼ਮੀਰੀ ਬ੍ਰਾਹਮਣਾਂ ਦੇ ਧਰਮ-ਅਧਿਕਾਰ ਦੀ ਬਰਕਰਾਰੀ ਲਈ ਨਹੀਂ ਸੀ। ਇਹ ਤਾਂ, ਸੱਚ-ਮੁੱਚ, ਸਾਰੇ ਮਨੁੱਖਾਂ ਦੇ ਆਪੋ-ਆਪਣੇ ਪੂਜਾ-ਪਾਠ ਦੀ ਆਜ਼ਾਦੀ ਦੀ ਸੁਰੱਖਿਆ ਲਈ ਕੀਤਾ ਗਿਆ ਇਕ ਅਦੁੱਤੀ ਘੋਲ ਸੀ। ਅਸਲ ਵਿਚ, ਇਹ ਤਾਂ ਜ਼ਮੀਰ ਦੀ ਆਜ਼ਾਦੀ ਦੇ ਉਸ ਅਸੂਲ ਦੀ ਪੈਰਵੀ ਲਈ ਇਕ ਸੰਘਰਸ਼ ਸੀ ਜੋ ਮਾਨਵੀ ਸੱਭਿਅਤਾ ਦੇ ਬਚਾਉ ਤੇ ਉਤਰਜੀਵਤਾ ਲਈ ਅਤੀ ਜ਼ਰੂਰੀ ਹੈ।"[37]

ਆਪਣੇ ਇਸ ਵਿਚਾਰ ਨੂੰ ਹੋਰ ਸਪੱਸ਼ਟ ਕਰਦਿਆਂ ਅਤੇ ਇਸ ਸੰਘਰਸ਼ ਤੇ ਸ਼ਹੀਦੀ ਦੀ ਸਦੀਵੀ ਤੇ ਵਿਸ਼ਵਵਿਆਪੀ ਮਹੱਤਾ ਵਲ ਝਾਤ ਪੁਆਂਦਿਆਂ, ਪ੍ਰੋ. ਬੈਨਰਜੀ ਨੇ ਇਹ ਵੀ ਦਸਿਆ ਹੈ ਕਿ The Guru wanted every man—Hindu, Muslim, Sikh–to live his life in the manner sanctioned by the religion which he professed. This was the system upheld by Akbar through his policy of *Sulh- i- kul*. That wise policy was completely reversed by Aurangzeb. Dedicated fully to Sunni orthodoxy, he launched the irrational policy of imposing his own faith upon all non-believers through persuasion, temptaion and coercion. Tegh Bahadur's protest was directed against this violation of *dharma*. What he aimed at was not the protection of his own religion which, though threatenend, was not yet in grave danger. He sacrificed himself to prevent the encroachment upon *dharma* which

37. Banerjee, Dr. Anil Chandra, *The Sikh Gurus and the Sikh Religion*, New Delhi-1987, p. 272.

threatened the Kashmiri Hindus[38] and which, if acquiesced in, would swallow freedom of conscience in all parts of the country. ਇਸ ਤੋਂ ਇਲਾਵਾ, While the Hindu Rajas— some of them holding influential positions at the imperial court—maintained silence, the Guru who regarded himself as a *darvesh*, realised the far-reaching implications of the ruthless crusade in Kashmir and offered resistance. It is easier to be a martyr for one's own faith than to offer one's head in protest against onslaught on a different faith. Martyrdom is generally sectarian and sometimes parochial in its objective. The martyrdom of 1675 rose above sectarianism and parochialism. It had few precedents in the history of the world."[39] ਅਰਥਾਤ, "ਗੁਰੂ ਤੇਗ਼ ਬਹਾਦਰ ਤਾਂ ਕੇਵਲ ਇਹ ਚਾਹੁੰਦੇ ਸਨ ਕਿ ਹਰ ਮਨੁੱਖ – ਹਿੰਦੂ, ਮੁਸਲਮਾਨ, ਸਿੱਖ – ਆਪਣਾ ਜੀਵਨ ਉਸੇ ਤੌਰ-ਤਰੀਕੇ ਨਾਲ ਜੀਉਂਦਾ ਜਾਏ ਜੋ ਉਸ ਦੇ ਆਪਣੇ ਧਰਮ ਨੇ ਪਰਵਾਨਿਆ ਹੋਇਆ ਹੈ। ਇਹ ਇਕ ਅਜਿਹੀ ਪ੍ਰਥਾ ਸੀ ਜੋ ਸ਼ਹਿਨਸ਼ਾਹ ਅਕਬਰ ਨੇ ਆਪਣੀ 'ਸੁਲ੍ਹਾ-ਇ-ਕੁਲ' ਨੀਤੀ ਰਾਹੀਂ ਅਪਣਾਈ ਹੋਈ ਸੀ। ਔਰੰਗਜ਼ੇਬ ਨੇ ਉਸ ਸਿਆਣੀ ਨੀਤੀ ਨੂੰ ਪੂਰੇ ਤੌਰ ਤੇ ਉਲਟਾਅ ਦਿੱਤਾ ਸੀ। ਇਸਲਾਮ ਦੀ ਸੁੰਨੀ ਪਰੰਪਰਾ ਨੂੰ ਸੰਪੂਰਨ ਤੌਰ ਤੇ ਸਮਰਪਿਤ ਹੋਣ ਕਰਕੇ, ਉਸ ਨੇ ਸਾਰੇ ਗ਼ੈਰ-ਮੁਸਲਮਾਣਾਂ ਉਪਰ ਪਰੇਰਨਾ, ਲਾਲਚ ਅਤੇ ਜਬਰ ਰਾਹੀਂ ਆਪਣਾ ਧਰਮ ਜ਼ਬਰਦਸਤੀ ਠੋਸਣ ਦੀ ਬੇਥੱਵੀ ਨੀਤੀ ਜਾਰੀ ਕਰ ਦਿੱਤੀ ਸੀ। ਗੁਰੂ ਸਾਹਿਬ ਦਾ ਰੋਸ ਧਰਮ ਦੇ ਇਸ ਜਬਰੀ ਖੰਡਨ ਤੇ ਦਖ਼ਲਅੰਦਾਜ਼ੀ ਦੇ ਵਿਰੁੱਧ ਸੀ। ਉਨ੍ਹਾਂ ਦਾ ਮੰਤਵ ਉਨ੍ਹਾਂ ਦੇ ਆਪਣੇ ਮੱਤ ਦੀ ਸੁਰੱਖਿਆ ਨਹੀਂ ਸੀ ਜੋ ਧਮਕਾਇਆ ਤਾਂ ਜਾ ਰਿਹਾ ਸੀ ਪਰ ਅਜੇ ਅਜਿਹੇ ਭਾਰੀ ਖ਼ਤਰੇ ਦਾ ਸ਼ਿਕਾਰ ਨਹੀਂ ਸੀ। ਉਨ੍ਹਾਂ ਨੇ ਤਾਂ ਧਰਮ ਦੇ ਖੇਤਰ ਵਿਚ ਉਸ ਅਯੋਗ ਦਖ਼ਲ ਤੇ ਨਾਜਾਇਜ਼ ਕਬਜ਼ੇ ਨੂੰ ਰੋਕਣ ਲਈ ਆਪਣੀ ਕੁਰਬਾਨੀ ਦੇ ਦਿੱਤੀ ਸੀ ਜੋ ਕਸ਼ਮੀਰੀ ਹਿੰਦੂਆਂ [38] ਨੂੰ ਡਰਾਅ-ਧਮਕਾਅ ਰਿਹਾ ਸੀ; ਅਤੇ ਜੇ ਉਹ ਦੜ ਵਟ ਕੇ ਸਵੀਕਾਰ ਕਰ ਲਿਆ ਜਾਂਦਾ ਤਾਂ ਉਸ ਨੇ ਦੇਸ ਦੇ ਸਾਰੇ ਭਾਗਾਂ ਵਿਚ ਜ਼ਮੀਰ ਦੀ ਆਜ਼ਾਦੀ ਨੂੰ ਹੜੱਪ ਲੈਣਾ ਸੀ। ਜਦੋਂ ਹਿੰਦੂ ਰਾਜਿਆਂ, ਜਿਨ੍ਹਾਂ ਵਿੱਚੋਂ ਕਈ ਮੁਗ਼ਲੀਆ ਦਰਬਾਰ ਵਿਚ ਅਸਰ-ਰਸੂਖ਼ ਵਾਲੀਆਂ ਪਦਵੀਆਂ ਉਤੇ ਸਥਾਪਿਤ ਸਨ, ਨੇ ਇਸ ਪੱਖੋਂ ਮੋਨ ਧਾਰਿਆ ਹੋਇਆ ਸੀ ਤਾਂ ਗੁਰੂ ਤੇਗ਼ ਬਹਾਦਰ, ਜੋ ਆਪਣੇ-ਆਪ ਨੂੰ ਇਕ 'ਦਰਵੇਸ਼' ਸਮਝਦੇ ਸਨ, ਨੇ ਕਸ਼ਮੀਰ ਵਿਚ ਚਾਲੂ ਉਸ ਅਤਿਆਚਾਰੀ ਜਹਾਦ ਦੀਆਂ ਦੂਰ-ਰਸ ਉਲਝਣਾਂ ਤੇ ਭਾਵਾਂ-ਸੰਭਾਵਨਾਵਾਂ ਨੂੰ ਅਨੁਭਵ

---

38. ਇਸ ਸਬੰਧ ਤੇ ਪਰਸੰਗ ਵਿਚ, ਕਸ਼ਮੀਰੀ ਪੰਡਤਾਂ ਦੇ ਪ੍ਰਤਿਨਿਧ-ਮੰਡਲ ਦੀ ਕੂਕ-ਪੁਕਾਰ ਦਾ ਜ਼ਿਕਰ ਕਰਦਿਆਂ, ਭਾਈ ਸੰਤੋਖ ਸਿਘ ਨੇ ਲਿਖਿਆ ਹੈ:

ਰਾਖਹੁ ਅਬਿ ਹਿੰਦੁਨ ਕੀ ਟੇਕ,
ਨਾਂਹਿਤ ਜਗ ਮਹਿਂ ਰਹੈ ਨ ਏਕ।......
ਯਾਂ ਤੇ ਅਬਿ ਹੀ ਬਨਹੁ ਸਹਾਇ,
ਹਿੰਦੂ ਧਰਮ ਕੋ ਲੇਹੁ ਬਚਾਇ।...

(ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸ 12, ਅੰਸੂ 29; ਗ੍ਰੰਥਾਵਲੀ, ਉਹੀ, ਪੰ. 4339; ਹੋਰ ਵੇਖੋ: Bamzai,P.N. Kaul, *A History of Kashmir*, p. 544.

ਕਰ ਲਿਆ ਸੀ ਤੇ ਉਨ੍ਹਾਂ ਨੂੰ ਰੋਕਣ-ਠੱਲ੍ਹਣ ਲਈ ਉਹ ਤਨੋ-ਮਨੋ ਡਟ ਗਏ ਸਨ। ਕਿਸੇ ਹੋਰ ਦੇ ਧਰਮ ਉਤੇ ਹੋ ਰਹੇ ਹਮਲੇ ਵਿਰੁੱਧ ਰੋਸ ਤੇ ਰੋਕ ਵਜੋਂ, ਆਪਣੀ ਬਲੀ ਦੇਣ ਨਾਲੋਂ ਖ਼ੁਦ ਆਪਣੇ ਧਰਮ ਲਈ ਸ਼ਹੀਦ ਹੋ ਜਾਣਾ ਸੁਖਾਲਾ ਹੈ। ਸ਼ਹਾਦਤ ਆਪਣੇ ਮੰਤਵ-ਮਨੋਰਥ ਵਿਚ, ਆਮ ਤੌਰ ਤੇ, ਫ਼ਿਰਕੂ ਜਾਂ ਸੰਪਰਦਾਇਕ; ਅਤੇ ਕਈ ਵਾਰ ਸੀਮਿਤ ਜਾਂ ਸੰਕੀਰਣ ਹੁੰਦੀ ਹੈ। ਪਰੰਤੂ ਸੰਨ 1675 ਵਿਚ ਹੋਈ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਕਿਸੇ ਅਜਿਹੀ ਸੰਪਰਦਾਇਕਤਾ ਜਾਂ ਫ਼ਿਰਕਾਬੰਦੀ, ਸੰਕੀਰਣਤਾ ਜਾਂ ਸਥਾਨਕਤਾ, ਤੰਗਦਿਲੀ ਜਾਂ ਤੰਗ-ਨਜ਼ਰੀ ਆਦਿ ਤੋਂ ਉਪਰ ਤੇ ਬਹੁਤ ਉਚੀ ਸੀ। ਸੰਸਾਰ ਦੇ ਇਤਿਹਾਸ ਵਿਚ ਇਸ ਦੇ ਪੂਰਵ-ਪ੍ਰਮਾਣ ਘਟ ਹੀ ਨਜ਼ਰ ਆਉਂਦੇ ਹਨ।"[39]

ਇਹ ਸ਼ਹਾਦਤ, ਨਿਰਸੰਦੇਹ, ਇਕ ਅਜਿਹੀ ਬੇਮਿਸਾਲ ਮਨੁੱਖਤਾਵਾਦੀ ਤੇ ਲੋਕ- ਉਪਕਾਰੀ ਕਾਰਜ ਸੀ ਜਿਸ ਨੂੰ ਮੁੱਖ ਰਖਦਿਆਂ, ਭਾਈ ਸੰਤੋਖ ਸਿੰਘ ਜੀ ਨੇ ਠੀਕ ਹੀ ਆਖਿਆ ਹੈ:

ਐਸਾ ਕੋ ਨਾ ਜਨਮਿਓ,
ਜੋ ਅਪਨੇ ਘਰ ਕੋ ਲਾਵੈ ਆਗ।[40]

ਗੁਰੂ ਤੇਗ਼ ਬਹਾਦਰ 'ਸ੍ਰਿਸ਼ਟਿ ਦੀ ਚਾਦਰ' ਵੀ ਇਸ ਲਈ ਦਸੇ ਗਏ ਹਨ ਕਿ ਆਪ ਜੀ ਦੇ ਇਕ ਸਮਕਾਲੀ ਵਿਦਵਾਨ, ਸ੍ਰੀ ਚੰਦਰ ਸੈਨ ਸੈਨਾਪਤਿ, ਦੇ ਲਫ਼ਜ਼ਾਂ ਵਿਚ ਆਪ ਨੇ ਸਮੂਹ ਮਨੁੱਖਤਾ ਦੀ ਹੋ ਰਹੀ ਬੇਪੱਤੀ, ਮਾਨਵਤਾ ਦੇ ਨੰਗੇਜ ਅਤੇ ਸਾਰੇ ਜਗਤ ਦੇ ਨੱਕ-ਨਮੂਜ ਨੂੰ ਆਪਣੀ ਸਰੀਰ ਰੂਪੀ ਚਾਦਰ ਵਿਛਾ ਕੇ ਢਕ ਦਿੱਤਾ ਸੀ:

ਪ੍ਰਗਟ ਭਏ ਗੁਰੂ ਤੇਗ਼ ਬਹਾਦਰ,
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।
'ਕਰਮੁ ਧਰਮ' ਕੀ ਜਿਨਿ ਪਤਿ ਰਾਖੀ,
ਅਟੱਲ ਕਰੀ ਕਲਜੁਗ ਮੇਂ ਸਾਖੀ।
ਸਗਲ ਸ੍ਰਿਸ਼ਟਿ ਜਾ ਕਾ ਜੱਸ ਭਯੋ,
ਜਿਹ ਤੇ 'ਸਰਬ ਧਰਮ' ਬਚ ਗਯੋ।
ਤੀਨ ਲੋਕ ਮੈਂ ਜੈ ਜੈ ਭਈ,
ਸਤਿਗੁਰਿ ਪੈਜ ਰਾਖਿ ਇਮ ਲਈ।
ਤਿਲਕ ਜਨੇਊ ਅਰਿ ਧਰਮਸਾਲਾ,
ਅਟੱਲ ਕਰੀ ਗੁਰ ਭਏ ਦਿਆਲਾ।
ਧਰਮ ਹੇਤਿ ਪ੍ਰਭਪੁਰਹਿ ਸਿਧਾਏ,
ਗੁਰੂ, ਗੋਬਿੰਦ ਸਿੰਘ ਕਹਿਲਾਏ।[41]

ਸਭ ਤੋਂ ਵਧ ਇਹ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦਾ ਮੁੱਖ ਮੰਤਵ ਤੇ ਆਦਰਸ਼, ਇਉਂ ਜਿਥੇ ਮਾਨਵ ਧਰਮ ਦੀ ਸੰਭਾਲ ਤੇ ਸੁਰੱਖਿਆ ਸੀ, ਉਥੇ ਸਮੂਹ ਮਨੁੱਖਜਾਤੀ ਦੇ ਵਿਚਾਰ-ਵਿਸ਼ਵਾਸ ਦੀ ਸੁਤੰਤਰਤਾ ਦੀ ਬਰਕਰਾਰੀ ਅਤੇ

39. Banerjee, *The Sikh Gurus and the Sikh Religion*, op. cit., p. 273.
40. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਾਸਿ 12; ਗ੍ਰੰਥਾਵਲੀ, ਉਹੀ, ਪੰ. 2174.
41. ਸੈਨਾਪਤਿ, ਚੰਦਰ ਸੈਨ, ਸ੍ਰੀ ਗੁਰ ਸੋਭਾ, ਵਜ਼ੀਰਾਬਾਦ- 1711 ਈ., ਪ੍ਰਿਥਮ ਧਿਆਉ, ਪਦ ਨੰ.14-16;

ਉਸ ਦੀ ਜ਼ਮੀਰ ਦੀ ਆਜ਼ਾਦੀ ਨਾਲ ਸਬੰਧਿਤ ਬੁਨਿਆਦੀ ਹੱਕਾਂ (fundamental rights) ਦੀ ਅਲਮਬਰਦਾਰੀ ਵੀ ਸੀ। ਇਹ ਸਮੇਂ ਦੇ ਸਭ ਤੋਂ ਵੱਡੇ ਸਾਮਰਾਜ, ਭਾਵ ਮੁਗ਼ਲ ਸਲਤਨੱਤ, ਦੀ ਬੇਪਨਾਹ ਤੇ ਬੇਲਗਾਮ ਰਾਜ-ਸ਼ਕਤੀ ਲਈ ਇਕ ਭਾਰੀ ਚੈਲੰਜ ਵੀ ਸੀ। ਇਹ ਉਸ ਦੇ ਬੜੇ ਕੱਟੜਪੰਥੀ ਤੇ ਨਿਰਦਈ ਸਮਰਾਟ, ਔਰੰਗਜ਼ੇਬ ਆਲਮਗੀਰ, ਦੇ ਜਬਰ ਤੇ ਜ਼ੁਲਮ ਵਿਰੁੱਧ ਇਕ ਉੱਚੀ ਤੇ ਨਿਰਭੈ ਆਵਾਜ਼ ਵੀ ਸੀ। ਇਸ ਤੋਂ ਛੁੱਟ, ਇਹ ਉਸ ਦੇ ਸਾਰੇ ਹਿੰਦੁਸਤਾਨ ਨੂੰ 'ਦਾਰੁਲਸਲਾਮ' ਬਣਾਉਣ, ਭਾਵ ਇਸਲਾਮਿਆਉਣ, ਲਈ ਜਬਰੀ ਤੇ ਸਮੂਹਕ ਧਰਮ-ਬਦਲੀ ਵਾਸਤੇ ਅਪਣਾਈ ਹੋਈ ਤੁਅੱਸਬੀ ਤੇ ਹਿਸੰਕ ਨੀਤੀ [42] ਨੂੰ ਇਕ ਭਰਵੀਂ ਵੰਗਾਰ ਵੀ ਸੀ।

ਗੁਰੂ ਤੇਗ਼ ਬਹਾਦਰ ਜੀ ਨੇ ਜਿਸ ਪਰਉਪਕਾਰੀ ਮੰਤਵ ਤੇ ਭਾਵਨਾ, ਅਤੇ ਜਿਸ ਨਿਰਭੈਤਾ ਤੇ ਦ੍ਰਿੜ੍ਹਤਾ-ਪੂਰਤ 'ਚੜ੍ਹਦੀ ਕਲਾ' ਨਾਲ ਉਸ ਦੀ ਰਾਜਧਾਨੀ ਅਤੇ ਸ਼ਕਤੀਗੜ੍ਹ, ਦਿੱਲੀ, ਵਿਖੇ ਖ਼ੁਦ ਆਪ ਜਾ ਕੇ ਇਹ ਇਨਕਲਾਬੀ ਵੰਗਾਰ ਪਾਈ ਸੀ; ਉਸ ਦੀ ਧਾਰਮਕ ਨੀਤੀ ਨੂੰ ਖੰਡਿਆ ਸੀ; ਉਸ ਦੀ ਇਸਲਾਮ ਕਬੂਲਣ ਲਈ ਕੀਤੀ ਮੰਗ ਨੂੰ ਠੁਕਰਾਇਆ ਸੀ [43] ਅਤੇ ਸਾਰੇ ਹਿੰਦੂਆਂ ਨੂੰ ਇਸ ਵਲ ਪਰੇਰਨ ਦੀ ਖ਼ਾਹਿਸ਼ ਨੂੰ ਅਪਰਵਾਨਿਆ ਸੀ[44], ਉਹ ਸਭ ਕੁਝ ਆਪਣੀ ਮਿਸਾਲ ਆਪ ਹੀ ਹੈ। ਇਸ ਤੋਂ ਇਲਾਵਾ, ਉਸ ਦੀ ਕਰਾਮਾਤ ਵਿਖਾਉਣ ਵਾਲੀ ਸ਼ਰਤ ਨੂੰ ਵੀ ਠੁਕਰਾਂਦਿਆਂ; ਉਸ ਦੇ ਸਭ ਲੋਭਾਂ, ਲਾਲਚਾਂ ਤੇ ਡਰਾਂ-ਡਰਾਵਿਆਂ ਨੂੰ ਵੀ ਟਿੱਚ ਕਰ ਸਮਝਦਿਆਂ;

ਸੰਪਾਦਿਤ ਵਲੋਂ ਡਾ. ਗੰਡਾ ਸਿੰਘ, ਪਟਿਆਲਾ -1967, ਪੰ. 3.

42. ਇਸ ਬਾਰੇ ਲੁੜੀਂਦੀ ਜਾਣਕਾਰੀ ਲਈ ਵੇਖੋ : ਸਾਕੀ, ਮੁਹੰਮਦ ਮੁਸਤਾਇਦ ਖ਼ਾਨ, **ਮਾਅਸਿਰੇ ਆਲਮਗੀਰੀ**, ਦਿੱਲੀ-1710 ਈ., ਸੰਪਾਦਿਤ ਤੇ ਅਨੁਵਾਦਿਤ ਵਲੋਂ ਸਰ ਜਾਦੂ ਨਾਥ ਸਰਕਾਰ, ਕਲਕੱਤਾ-1947, ਪੰ. 81, 150-152; Sharma, Prof. Siri Ram, *The Religious Policy of the Mughal Emperors*, Bombay-1962, p. 130; Habib, Dr. Irfan, *The Agrarian System of Mughal India* (1526-1707), Bombay-1963, pp.119-20 & 322; Latif, Syed Muhammad, *The History of Panjab*, Calcutta-1891, p. 176; Elliot, Sir H.M & Dowson, Prof. J., *History of India as Told by Its Own Historians*, London, 1867-77, Vol. VII, pp. 183-84.

43. ਪ੍ਰੋਫ਼ੈਸਰ ਸਮਿਥ ਦੇ ਲਫ਼ਜ਼ਾਂ ਵਿਚ Tegh Bahadur, the ninth Sikh Guru, was executed because he refused to accept Islam. ਅਰਥਾਤ, "ਸਿੱਖਾਂ ਦੇ ਨੌਵੇਂ ਗੁਰੂ, ਤੇਗ਼ ਬਹਾਦਰ, ਨੇ ਕਿਉਂਕਿ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਇਸ ਲਈ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ ਸੀ।" (Smith, Vincent A., *Oxford History of India*, Oxford-1958, p. 409.)

44. ਭਾਈ ਕੇਸਰ ਸਿੰਘ ਛਿੱਬਰ ਅਨੁਸਾਰ, ਗੁਰੂਦੇਵ ਨੇ ਫ਼ੁਰਮਾਇਆ ਸੀ :

ਬਚਨ ਕੀਤਾ ਜੋ ਅਪਨੇ ਘਰਿ ਰਹੇ, ਸੋ ਦੀਨ ਕਹਾਵੈ,
ਦੂਜੇ ਘਰਿ ਜਾਵੈ ਬੇਦੀਨ ਅਖਾਵੈ।
ਅਜ਼ਮਤ ਹੈ ਕਹਰਿ ਫਕੀਰ ਨਹੀਂ ਦਸੈ;
ਸਾਂਈ ਖੜਾ ਸਿਰ ਉਪਰਿ ਹਸੈ।
ਸੀਸ ਹੈ ਸੁਫਨਾ, ਇਸ ਅੰਤ ਹੈ ਜਾਣਾ;
ਰਜਾਇ ਸਾਂਈ ਦੀ, ਸੀਸ ਪਰ ਜੋ ਹੋਵੈ, ਉਸ ਦਾ ਭਾਣਾ।

ਅਤੇ ਪੰਜ ਦਿਨ ਦੇ ਲਗਾਤਾਰ ਅਕਹਿ ਤੇ ਅਸਹਿ ਕਸ਼ਟਾਂ [45] ਦੀ ਵੀ ਕੋਈ ਪਰਵਾਹ ਨ ਕਰਦਿਆਂ [46]; ਆਪ ਨੇ ਮਾਨਵੀ ਹਿੱਤਾਂ, ਧਰਮ-ਨਿਆਂ ਅਤੇ ਜ਼ਮੀਰ ਦੀ ਅਜ਼ਾਦੀ ਦੀ ਦਰਵੱਟੜੀ ਉਤੇ ਆਪਣੇ ਆਪ ਨੂੰ ਜਿਵੇਂ ਨਿਸ਼ਕਾਮ, ਨਿਸੰਗ ਤੇ ਨਿਡਰ ਹੋ ਕੇ ਨਿਛਾਵਰ ਕਰ ਦਿੱਤਾ ਸੀ, ਉਹ ਵੀ ਵਿਸ਼ਵ-ਇਤਿਹਾਸ ਦੀ, ਨਿਰਸੰਦੇਹ, ਇਕ ਅਦੁੱਤੀ ਤੇ ਯੁਗ-ਪਲਟਾਊ ਘਟਨਾ ਸੀ। ਉਹ ਤਾਂ ਸਭ ਸਮਿਆਂ, ਸਥਿਤੀਆਂ ਤੇ ਸਥਾਨਾਂ ਲਈ ਇਕ ਅਜਿਹਾ ਬੇਮਿਸਾਲ 'ਸਾਕਾ' ਸੀ ਜਿਸ ਦੀ ਵਿਲੱਖਣਤਾ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੇ ਸਰਬੰਸਦਾਨੀ ਜਾਨਸ਼ੀਨ ਨੇ ਉਦੋਂ ਹੀ ਇਹ ਮਾਨੋ ਹਿੱਕ ਥਾਪੜ ਕੇ, ਕਹਿ ਦਿੱਤਾ ਸੀ ਕਿ ਗੁਰੂ ਤੇਗ਼ ਬਹਾਦਰ ਜੀ ਨੇ ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰਦਿਆਂ ਦਿੱਲੀ ਦੇ ਬਾਦਸ਼ਾਹ, ਔਰੰਗਜ਼ੇਬ, ਦੇ ਸਿਰ ਉਤੇ ਆਪਣੇ ਪਾਵਨ ਸਰੀਰ ਦਾ ਠੀਕਰਾ ਭੰਨ ਕੇ, ਉਸ ਦੀਆਂ ਸਭ ਉਮੀਦਾਂ ਤੇ ਸਕੀਮਾਂ ਉਤੇ ਪਾਣੀ ਫੇਰ ਦਿੱਤਾ ਸੀ ਅਤੇ ਇਕ ਅਜਿਹਾ ਕਾਰਨਾਮਾ ਕਰ ਵਿਖਾਇਆ ਸੀ ਜੋ ਆਪਣਾ ਪ੍ਰਮਾਣ ਆਪ ਹੀ ਸੀ :

— ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ , ਉਹੀ, ਚਰਨ 9, ਪਦ 84; ਸੰਪਾਦਿਤ ਪਾਠ, ਪੰ . 89.

45. ਸਮਕਾਲੀ ਭੱਟ-ਵਹੀਆਂ ਵਿਚ ਦਰਜ ਜਾਣਕਾਰੀ ਉਤੇ ਆਧਾਰਿਤ ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸਰੂਪ ਸਿੰਘ ਕੋਸ਼ਿਸ਼, ਮਿਤੀ 1790, ਦੀ ਸਾਖੀ ਨੰ. 30 ਵਿਚ ਅੰਕਿਤ ਹੇਠ-ਲਿਖੇ ਬਿਆਨ ਅਨੁਸਾਰ : "ਸੂਬਾ ਦਿਹਲੀ ਨੇ ਕੋਤਵਾਲ ਕੇ ਨਾਂਉਂ ਹੁਕਮ ਜਾਰੀ ਕੀਆ ਕਿ 'ਇਸੇ ਇਸਲਾਮ ਮੇਂ ਲਾਨੇ ਕੇ ਲੀਏ ਕਾਈ ਦਕੀਕਾ ਬਾਕੀ ਨ ਛੋਰੈਂ'। ਗੁਰੂ ਜੀ ਨੇ ਸੂਬੇ ਕਾ ਯਿਹ ਹੁਕਮ ਸੁਨ ਕੇ ਕਹਾ, 'ਯਾਦ ਰਖੋ ਰੱਬ ਸਭ ਕਾ ਸਾਂਝਾ ਹੈ, ਕਿਆ ਰਾਣਾ ਕਿਆ ਰੰਕ। ਉਹ ਕਿਸੇ ਏਕ ਫਿਰਕੇ ਕਾ ਨਹੀ। ਉਸ ਸਾਚੇ ਸਾਹਿਬ ਕੋ ਕਾਈ ਐਸਾ ਦੀਨ ਹਰਗਿਜ ਮਨਜ਼ੂਰ ਨਹੀਂ ਹੋਤਾ ਜੋ ਤਲਵਾਰ ਕੇ ਜੋਰ ਫੈਲਾਇਆ ਜਾਏ। ਯਾਦ ਰਖੋ ਆਖਰ ਸੱਚ ਕੀ ਜੈ ਹੋਏਗੀ, ਕੁਫ਼ਰ ਕਾ ਭਾਂਡਾ ਚੁਰਸਤੇ ਮੇਂ ਫੂਟੇਗਾ'। ਹਾਕਮ ਦਿਹਲੀ ਨੇ ਇਨ੍ਹੈਂ ਕੋਤਵਾਲੀ ਮੇਂ ਭੇਜ ਦੀਆ। ਅਗਲੇ ਦਿਵਸ ਮਗਹਰ ਸੁਦੀ ਪਹਿਲੀ ਐਤਵਾਰ ਕੇ ਦਿਹੁੰ ਸਖਤੀ ਕਾ ਦਉਰ ਸੁਰੂ ਹੂਆ। ਸਾਹੀ ਕਾਜੀ ਕੋਤਵਾਲੀ ਮੇਂ ਆਇ ਕੋਤਵਾਲ ਸੇ ਬੋਲਾ, 'ਇਸੇ ਇਸਲਾਮ ਮੇਂ ਲਾਨੇ ਕੇ ਲੀਏ ਕਾਈ ਕਸਰ ਬਾਕੀ ਨਾ ਛੋਰੈਂ। ਅਗਰ ਇਸੇ ਪਿਆਸ ਲਾਗੇ ਤਾਂ ਪਾਨੀ ਪੀਨੇ ਕੇ ਲੀਏ ਨਹੀਂ ਦੇਨਾ'। ਕੋਤਵਾਲ ਨੇ ਸਾਹੀ ਕਾਜੀ ਕਾ ਫੁਰਮਾਨ ਸੁਨ ਕੇ ਇਸ 'ਤੇ ਪੂਰਾ ਅਮਲ ਕੀਆ। ਦਰੋਗਾ ਜੇਲ੍ਹ ਨੇ ਤੀਨ ਦਿਵਸ ਗੁਰੂ ਜੀ ਕੋ ਘਣਾ ਕਸਟ ਦੀਆ। ਇਨ ਕੇ ਬਦਨ ਔਰ ਸੀਸ ਤੇ ਗਰਮ ਰੇਤ ਪਾਈ ਗਈ। ਜਿਸਮ ਸਾਰਾ ਛਾਲੇ ਛਾਲੇ ਹੋਇ ਗਿਆ। ਸਤਿਗੁਰਾਂ ਭਾਣੇ ਕੋ ਮਾਨਾ। ਸ਼ਾਹੀ ਕਾਜ਼ੀ ਤੀਨ ਦਿਵਸ ਆਤਾ ਰਹਾ। ਇਸੇ ਗੁਰੂ ਜੀ ਕੋ ਬੁਲਾਨਾ ਚਾਹਾ। ਆਗੇ ਸੇ ਗੁਰੂ ਜੀ ਨਹੀਂ ਬੋਲੇ। ਚੌਥੇ ਦਿਵਸ ਏਕ ਥੰਮ ਤਪਾਇ ਕੇ ਇਨ੍ਹੇ ਪੁਠਾ ਕਰਕੇ ਇਸ ਕੇ ਸਾਥ ਲਾਇਆ ਗਿਆ। ਗੁਰੂ ਜੀ ਨੇ ਮੁਖ ਥੀਂ ਕਾਈ ਬਚਨ ਨਹੀਂ ਕਹਾ। ਪਾਂਚਮੇ ਦਿਹੁੰ ਮਗਹਰ ਸੁਦੀ ਪੰਚਮੀ ਤੀਜੇ ਪਹਿਰ ਵੀਰਵਾਰ ਕੇ ਦਿਨ ਗੁਰੂ ਜੀ ਕੋ ਕੋਤਵਾਲੀ ਸੇ ਬਾਹਰ ਬਰੋਟੇ ਕੇ ਨੀਚੇ ਲਿਆਂਦਾ ਗਿਆ, ਤੀਨੋ ਸਿਖ ਇਨ ਕੇ ਗੈਲ ਆਏ।"
(ਸੰਪਾਦਿਤ ਪਾਠ ਵਲੋਂ ਗਿਆਨੀ ਗਰਜਾ ਸਿੰਘ ਤੇ ਪ੍ਰੋ. ਪਿਆਰਾ ਸਿੰਘ ਪਦਮ, ਪਟਿਆਲਾ-1986, ਪੰ. 75).

46. ਸੱਯਦ ਮੁਹੰਮਦ ਲਤੀਫ਼ ਮੁਤਾਬਿਕ ਵੀ The Guru was.. by the king's order, thrown into prison and on the persistently refusing to become a convert, was subjected to bodily tortures. ਅਰਥਾਤ, "ਬਾਦਸ਼ਾਹ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਜੇਲ੍ਹ ਭੇਜ ਦਿਤਾ ਗਿਆ ਸੀ ਅਤੇ ਇਸਲਾਮ ਕਬੂਲਣ ਤੋਂ ਘੜੀ-ਮੁੜੀ ਇਨਕਾਰ ਕਰਨ ਕਰਕੇ, ਉਨ੍ਹਾਂ ਨੂੰ ਸਰੀਰਕ ਤਸੀਹੇ ਦਿੱਤੇ ਜਾਣ ਲਗ ਪਏ ਸਨ।"(Latif, *History of the Panjab*, Calcutta -1891, p. 260).

ਠੀਕਰਿ[47] ਫੋਰਿ[48] ਦਿਲੀਸ[49] ਸਿਰਿ,
ਪ੍ਰਭਪੁਰ[50] ਕੀਆ ਪਯਾਨ[51]।
ਤੇਗ ਬਹਾਦਰ ਸੀ ਕ੍ਰਿਆ[52]
ਕਰੀ ਨ ਕਿਨਹੂੰ ਆਨਿ।[53]

ਇਹ ਇਸ ਲਈ ਕਿ ਦਿੱਲੀ ਦੇ ਉਸੇ ਸ਼ਹਿਨਸ਼ਾਹ, ਔਰੰਗਜ਼ੇਬ, ਦੇ ਹੀ ਇਕ ਵਿਦਵਾਨ ਮੁਨਸ਼ੀ, ਸੁਜਾਨ ਰਾਏ ਭੰਡਾਰੀ, ਅਨੁਸਾਰ ਵੀ ਗੁਰੂ "ਤੇਗ਼ ਬਹਾਦਰ ਜੀ ਨੂੰ. ... ਆਲਮਗੀਰ ਬਾਦਸ਼ਾਹ ਦੇ ਹੁਕਮ ਅਧੀਨ ਹੀ ਸ਼ਾਹਜਹਾਨ ਆਬਾਦ, ਭਾਵ ਦਿੱਲੀ, ਵਿਖੇ ਕਤਲ ਕੀਤਾ ਗਿਆ ਸੀ"[54].

تیغ بہادر..... حسب الحکم عالمگیر بادشاہ در شاہجہان آباد کشتہ شد

8

11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਖੁਲ੍ਹੇਆਮ ਹੋਈ ਉਨ੍ਹਾਂ ਦੀ ਇਸ ਪਾਵਨ ਤੇ ਬੇਜੋੜ ਸ਼ਹੀਦੀ ਵਿੱਚੋਂ ਛੇਤੀ ਹੀ ਇਕ ਅਜਿਹੀ ਅਮੁੱਕ ਸ਼ਕਤੀ ਪੈਦਾ ਹੋ ਗਈ ਸੀ ਜਿਸ ਨੇ ਉਹ ਸਦੀ ਮੁਕੱਣ ਤੋਂ ਪਹਿਲਾਂ ਹੀ, ਉਨ੍ਹਾਂ ਦੇ ਸੂਰਬੀਰ ਸਪੁੱਤਰ, ਗੁਰੂ ਗੋਬਿੰਦ ਸਿੰਘ, ਰਾਹੀਂ, 'ਖ਼ਾਲਸਾ ਪੰਥ' ਨੂੰ ਸਾਜ-ਸੰਵਾਰ ਦਿੱਤਾ ਸੀ, ਲਾਜਵਾਬ ਸ਼ਹੀਦੀਆਂ ਦਾ ਸਿਲਸਿਲਾ ਜਾਰੀ ਕਰ ਦਿੱਤਾ ਸੀ ਅਤੇ ਕੁਝ ਦਹਾਕਿਆਂ ਵਿਚ ਹੀ, ਹੋਰ ਤਾਂ ਹੋਰ, ਪੰਜਾਬ ਵਿਚੋਂ ਵੀ ਜ਼ਾਲਮ ਬਦੇਸ਼ੀ ਰਾਜ ਦਾ ਅਜਿਹਾ ਸਫ਼ਾਇਆ ਕਰ ਦਿੱਤਾ ਸੀ ਕਿ ਜਿਸ ਨੂੰ ਵੇਖ-ਵਿਚਾਰ ਕੇ, ਇਸ ਦੇ ਇਕ ਸਮਕਾਲੀ ਸੂਫ਼ੀ ਫ਼ਕੀਰ, ਸੱਯਦ ਬੁੱਲ੍ਹੇ ਸ਼ਾਹ (1680-1757), ਨੇ ਬੜੀ ਮਰਮਵੀਂ ਹੈਰਾਨੀ ਵਿਚ ਖੁਲ੍ਹੇਬੰਦ ਆਖਿਆ ਸੀ :

ਭੂਰਿਆਂ ਵਾਲੇ ਰਾਜੇ ਕੀਤੇ,
ਮੁਗਲਾਂ ਜ਼ਹਿਰ ਪਿਆਲੇ ਪੀਤੇ।[55]

ਅਤੇ ਭੰਗੂ ਰਤਨ ਸਿੰਘ ਸ਼ਹੀਦ ਨੇ ਮਗਰੋਂ, ਸੰਨ 1841ਵਿਚ, ਈਸਟ ਇੰਡੀਆ ਕੰਪਨੀ ਦੇ ਉਪਰੋਕਤ ਅਫ਼ਸਰ, ਕੈਪਟਨ ਮਰੇ, ਦੀ ਇਕ ਹੋਰ ਪੁੱਛ ਦੇ ਜਵਾਬ ਵਿਚ, ਇਹ ਖ਼ਰਮਲਾਅ ਲਿਖਿਆ ਸੀ :

ਐਸ ਚਰਿਤ[56] ਸਤਿਗੁਰ ਕੀਯੋ,
ਤਉ ਭਯੋ ਤੁਰਕ ਪਸ਼ੇਮਾਨ[57]।
ਨੌਰੰਗ[58] ਤਬ ਝੂਰਿਓ,
ਹਮ ਸਕੇ ਨ ਚਰਿਤ ਪਛਾਨ।

---

47. ਸਰੀਰ ਦਾ ਠੀਕਰਾ। 48. ਤੋੜ ਕੇ 49. ਦਿੱਲੀ ਦੇ ਮਾਲਕ, ਬਾਦਸ਼ਾਹ।
50. ਪ੍ਰਭਪੁਰੀ, ਸੱਚਖੰਡ। 51. ਚੜ੍ਹਾਈ, ਚਲਾਣਾ। 52. ਵਰਗਾ ਕਾਰਨਾਮਾ।
53. ਗੁਰੂ ਗੋਬਿੰਦ ਸਿੰਘ, ਬਚਿੱਤਰ ਨਾਟਕ, ਉਹੀ, ਅਧਿ. 5, ਪਦ 15, ਪੰ .70.
54. ਭੰਡਾਰੀ, ਸੁਜਾਨ ਰਾਏ, ਖ਼ੁਲਾਸੱਤੁਤ ਤਵਾਰੀਖ਼, ਉਹੀ, ਮਿਤੀ 1696 ਈ., ਪੰ.69.
55. ਬੁੱਲੇ ਸ਼ਾਹ, ਸੱਯਦ, ਕਾਫ਼ੀਆਂ। 56. ਕੌਤਕ, ਚਰਿੱਤ੍ਰ। 57. ਮੁਗ਼ਲ ਪਛਤਾਣ ਲਗੇ।
58. ਔਰੰਗਜ਼ੇਬ।

ਨੌਰੰਗੀ ਦਿਲ ਖ਼ੌਫ਼ [59] ਬਹੁ ਠਟਿਓ [60],
ਹਿੰਦੂਅਨ ਜ਼ੁਲਮ ਕਰਨ ਤੇ ਹਟਿਓ।....
ਤਬ ਤੇ ਘਟੀ ਪਾਤਿਸ਼ਾਹੀ ਦਿੱਲੀ,
ਤਬ ਤੇ ਤੁਰਕ ਕਲਾ [61] ਭਈ ਢਿੱਲੀ [62]। [63]

'ਪਾਤਸ਼ਾਹੀ ਦਿੱਲੀ' ਦੀ ਅਜਿਹੀ ਢਹਿੰਦੀ ਕਲਾ ਤੇ ਵਿਨਾਸ਼ ਬਾਰੇ ਜੋ ਪੇਸ਼ੀਨਗੋਈ (ਭਵਿੱਖਬਾਣੀ) ਇਕ ਰਾਹ-ਜਾਂਦੇ ਸੂਫ਼ੀ ਫ਼ਕੀਰ ਨੇ ਉਦੋਂ ਹੀ, ਭਾਵ ਉਕਤ ਬਲੀਦਾਨ ਤੋਂ ਫ਼ੌਰਨ ਬਾਅਦ, ਕਰ ਦਿੱਤੀ ਸੀ, ਮੁਨਸ਼ੀ ਖੁਸ਼ਵਕਤ ਰਾਇ ਨੇ ਉਸ ਨੂੰ ਬਿਆਨ ਕਰਦਿਆਂ ਇਹ ਜੋ ਦਸਿਆ ਲਿਖਿਆ ਹੈ, ਹਿੰਦੁਸਤਾਨ ਦੇ ਮਗਰਲੇ ਇਤਿਹਾਸ ਨੇ ਉਸ ਨੂੰ ਵੀ ਸੱਚ ਕਰ ਵਿਖਾਇਆ ਹੈ :

فقیر آزادانه راگزر بر نعش گرو افتاد و گفت که سلطان خوب نکرد از شومی این
قباحت عالی بغاوت خواهد رفت و دلی سراسر ویران خواهد گردید
(تواریخ سکھان)

ਅਰਥਾਤ, "ਇਕ ਆਜ਼ਾਦ ਤਬੀਅਤ ਫ਼ਕੀਰ ਜੋ ਉਦੋਂ ਉਥੋਂ ਲੰਘ ਰਿਹਾ ਸੀ ਜਿਥੇ ਗੁਰੂ ਜੀ (ਤੇਗ਼ ਬਹਾਦਰ ਸਾਹਿਬ) ਦੀ ਲਾਸ਼ ਪਈ ਹੋਈ ਸੀ, ਨੇ ਆਖਿਆ, "ਬਾਦਸ਼ਾਹ (ਔਰੰਗਜ਼ੇਬ) ਨੇ ਇਹ ਕੁਝ ਠੀਕ ਨਹੀਂ ਕੀਤਾ। ਇਸ ਘਿਰਣਿਤ ਬੁਰਾਈ ਤੋਂ ਇਕ ਵਿਆਪਕ ਬਗ਼ਾਵਤ ਉਠੇਗੀ ਅਤੇ ਦਿੱਲੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਵੀਰਾਨ ਹੋ ਜਾਏਗੀ"। [64]

9

ਇਸ ਅਦੁੱਤੀ ਸ਼ਹਾਦਤ ਨਾਲ ਸਬੰਧਿਤ 'ਚੜ੍ਹਦੀ ਕਲਾ' ਦੇ ਜੋ ਚਮਤਕਾਰ ਇਸ ਤੋਂ ਫ਼ੌਰਨ ਪਹਿਲਾਂ ਅਤੇ ਤੁਰੰਤ ਬਾਅਦ ਉਥੇ, ਦਿੱਲੀ ਵਿਖੇ ਹੀ, ਵੇਖਣ ਵਿਚ ਆਏ ਸਨ, ਉਹ ਵੀ ਕੋਈ ਘਟ ਅਨੂਠੇ ਤੇ ਅਦੁੱਤੀ ਨਹੀਂ ਸਨ; ਅਤੇ ਉਹ ਕੇਵਲ ਸ਼ਹੀਦ-ਗੁਰੂ ਜੀ ਦੀ ਪਾਵਨ ਜ਼ਾਤ ਤੋਂ ਹੀ ਨਹੀਂ, ਉਨ੍ਹਾਂ ਦੇ ਅਤੀ ਪਿਆਰੇ ਤੇ ਨਿਕਟਵਰਤੀ ਸਿੱਖਾਂ ਦੀ ਅਮੁੱਕ ਸ਼ਰਧਾ, ਬੇਪਨਾਹ ਸਿਦਕ ਅਤੇ ਆਖ਼ਰਾਂ ਦੀ ਦਲੇਰੀ, ਸਾਬਤਕਦਮੀ ਤੇ ਨਿਸ਼ਕਾਮ ਕੁਰਬਾਨੀ ਤੋਂ ਵੀ ਵਿਦਤ ਹੋਏ ਸਨ।

ਕਈ ਦਿਨਾਂ ਤੋਂ ਘੋਰ ਤਸੀਹੇ[65] ਸਹਿੰਦੇ ਰਹੇ ਤੇ ਜ਼ੰਜੀਰਾਂ ਵਿਚ ਜਕੜ ਕੇ ਚਾਂਦਨੀ ਚੌਕ ਵਿਖੇ ਲਿਆਂਦੇ ਗਏ ਗੁਰੂ ਤੇਗ਼ ਬਹਾਦਰ ਜੀ ਨੂੰ ਹੋਰ ਡਰਾਉਣ, ਧਮਕਾਉਣ, ਦੀਨ ਮੰਨਾਉਣ ਅਤੇ ਇਉਂ ਆਪਣੇ ਮੰਤਵ ਤੇ

---

59. ਡਰ, 60. ਹੋ ਗਿਆ।
61. ਸ਼ਕਤੀ 62. ਮੱਠੀ ਪੈ ਗਈ, ਜਾਣ ਲਗੀ।
63. ਭੰਗੂ, ਰਤਨ ਸਿੰਘ, ਪੰਥ ਪ੍ਰਕਾਸ਼, ਉਹੀ, ਸਾਖੀ 12, ਪਦ ਨੰ. 55-56 ਤੇ 58; ਪੰ. 68-69.
64. ਖ਼ੁਸ਼ਵਕਤ ਰਾਇ, ਮੁਨਸ਼ੀ, ਤਵਾਰੀਖ਼ੇ ਸਿੱਖਾਂ, ਬਟਾਲਾ - 1811, ਸਿੱਖ ਇਤਿਹਾਸ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਸੁਰੱਖਿਅਤ ਹੱਥ-ਲਿਖਤ ਨੰ. ਐਸ.ਐਚ.ਆਰ. /1659, ਪੰ. 13.
65. ਭਾਈ ਕੁਇਰ ਸਿੰਘ ਦੀ ਹੇਠ-ਅੰਕਿਤ ਦੱਸ ਅਨੁਸਾਰ :

ਥੰਭ ਤਪਾਵਤ ਲੋਹ ਕੇ, ਨੀਰ ਦੇਤ ਨਹਿ ਰੰਚਤ,
ਤਪਤ ਅਧੋ ਮੁਖ ਕਰਤ ਹੈਂ, ਰੇਤ ਤਪਤ ਅਤਯੰਤ।

ਆਦਰਸ਼ ਤੋਂ ਡੋਲਾਉਣ ਲਈ ਜੋ ਆਖ਼ਰੀ ਤਰੀਕਾ ਤੇ ਹਥਿਆਰ ਵਰਤਿਆ ਗਿਆ ਸੀ, ਉਸ ਦਾ ਬਿਆਨ ਵੀ ਲਫ਼ਜ਼ਾਂ ਦਾ ਮੁਥਾਜ ਹੈ। ਉਨ੍ਹਾਂ ਦੀਆਂ ਅੱਖਾਂ ਸਾਹਵੇਂ ਉਨ੍ਹਾਂ ਦੇ ਸਾਥੀ ਕੈਦੀਆਂ ਵਿੱਚੋਂ ਉਨ੍ਹਾਂ ਦੇ ਪ੍ਰਮੁੱਖ ਸਿੱਖ-ਸੇਵਕ, ਦੀਵਾਨ ਭਾਈ ਮਤੀ ਦਾਸ ਜੀ, ਨੂੰ ਦੋ ਥੰਮੀਆਂ ਵਿਚ ਨੂੜ ਕੇ ਆਰੇ ਨਾਲ ਇਉਂ ਚੀਰ ਕੇ ਦੋਫਾੜ ਕਰ ਦਿੱਤਾ ਗਿਆ ਸੀ ਜਿਵੇਂ ਲੱਕੜ ਦੀ ਸ਼ਤੀਰੀ ਚੀਰੀ ਜਾਂਦੀ ਹੈ। ਦੂਜੇ ਅਜਿਹੇ ਮਰਜੀਵੜੇ, ਭਾਈ ਦਿਆਲ ਦਾਸ ਜੀ, ਨੂੰ ਖੌਲਦੇ ਪਾਣੀ ਦੇ ਕੜਾਹੇ ਵਿਚ ਸੁੱਟ ਕੇ, ਉਨ੍ਹਾਂ ਦੇ ਸਰੀਰ ਦਾ ਮਾਨੋ ਭੜਥਾ ਕਰ ਦਿੱਤਾ ਗਿਆ ਸੀ। ਤੀਜੇ ਗੁਰਸਿੱਖ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਚੰਗੀ ਤਰ੍ਹਾਂ ਲਪੇਟ ਕੇ ਜੀਉਂਦੇ-ਜੀਅ ਸਾੜ ਦਿੱਤਾ ਗਿਆ ਸੀ। ਪਰ ਤਿੰਨਾਂ ਵਿਚੋਂ ਕਿਸੇ ਇਕ ਨੇ ਵੀ ਈਨ ਨਾ ਮੰਨੀ ਤੇ ਨਾ ਹੀ ਆਪਣਾ ਧਰਮ ਤਿਆਗਿਆ ਸੀ ; ਅਤੇ ਸੰਪੂਰਨ 'ਚੜ੍ਹਦੀ ਕਲਾ' ਵਿਚ ਵਿਚਰਦਿਆਂ, ਆਪਣੇ ਸਤਿਗੁਰੂ ਦੇ ਸਨਮੁਖ ਆਪਣੇ ਤਨ ਨਿਛਾਵਰ ਕਰਦਿਆਂ ਮੂਹੋਂ 'ਉਫ਼' ਤਕ ਨਹੀਂ ਸੀ ਉਚਾਰੀ।[66] 'ਗੁਰੂ ਕੀਆ ਸਾਖੀਆਂ' ਦੇ ਲੇਖਕ, ਭਾਈ ਸਰੂਪ ਸਿੰਘ ਕੌਸ਼ਿਸ਼, ਅਨੁਸਾਰ —

> ਇਨ ਤੀਨ ਸਿੱਖੋਂ ਕੀ ਸ਼ਹਾਦਤ ਗੁਰੂ ਜੀ ਨੇ ਆਂਖੋਂ ਸੇ ਦੇਖੀ। ਬਚਨ ਹੋਆ, "ਧੰਨ ਸਿਖੀ, ਧੰਨ ਸਿੱਖੀ' ਕਹਿ ਕੇ ਬੋਲੇ, 'ਇਨ ਸਿੱਖੋਂ ਕੀ ਸ਼ਹਾਦਤ ਨੇ ਤੁਰਕ ਰਾਜ ਕੀਆਂ ਜੜ੍ਹਾਂ ਖੋਖਲੀਆਂ ਕਰ ਦਈ ਹੈਂ। ਇਹ ਰਾਜ ਜ਼ਿਆਦਾ ਸਮਾਂ ਨਹੀ ਰਹੇਗਾ। ਜਬ ਤੀਕ ਜ਼ਿਮੀਂ ਤੇ ਅਸਮਾਨ ਖਲਾ ਹੈ ਅਤੇ ਚਾਂਦ ਤੇ ਸੂਰਜ ਕਾਇਮ ਹੈਂ, ਇਨ ਕਾ ਨਾਂਉ ਦੁਨੀਆਂ ਮੇਂ ਰੌਸ਼ਨ ਰਹੇਗਾ"। ਇਨ ਤੀਨ ਸਿੱਖੋਂ ਕੀ ਸ਼ਹਾਦਤ ਦੇਖ ਸਾਰੇ ਹਾਹਾਕਾਰ ਮੱਚ ਗਈ। ਸਭ ਕੇ ਮੁਖ ਥੀਂ ਨਿਕਲ ਰਹਾ ਥਾ ਕਿ ਜ਼ੁਲਮੀ ਰਾਜ ਸਦਾ ਇਸਸਥਿਤ ਨਹੀਂ ਰਹੇਗਾ। ਸ਼ਾਹੀ ਕਾਜ਼ੀ ਨੇ ਇਨ ਕੀ ਸ਼ਹਾਦਤੇਂ ਦੇਖਤੇ ਗੁਰੂ ਜੀ ਕਾ ਵਾਕ ਸੁਨ ਕੇ ਸਿਰ ਮਾਰਾ ਕਿ ਇਤਨਾ ਹੱਠ, ਇਸੇ ਜ਼ਰਾ ਮਾਤਰ ਘਬਰਾਹਟ ਨਹੀਂ ਹੋਈ ਸਗੋਂ ਉਨ੍ਹੇ ਸ਼ਾਬਾਸ਼ ਦਈ ਹੈ'।[67]

ਉਵੇਂ ਹੀ, ਉਨ੍ਹਾਂ ਦੇ ਪਾਵਨ ਇਸ਼ਟ, ਗੁਰੂ ਤੇਗ਼ ਬਹਾਦਰ ਸਾਹਿਬ, ਨੇ ਜਿਸ ਧੀਰਜ, ਸਥਿਰਤਾ ਅਤੇ 'ਚੜ੍ਹਦੀ ਕਲਾ-ਪੂਰਤ' ਮਾਨਸਕ ਸੰਤੁਲਨ ਵਿਚ ਆਪਣੇ ਆਪ ਨੂੰ ਆਖ਼ਰੀ ਦਮ ਤਕ ਕਾਇਮ ਰਖਿਆ ਸੀ, ਉਹ ਤਾਂ ਉਨ੍ਹਾਂ ਦਾ ਪਵਿੱਤਰ ਸੀਸ ਉਨ੍ਹਾਂ ਦੇ ਪਾਵਨ ਧੜ ਤੋਂ ਜੁਦਾ ਕਰਨ ਵਾਲੇ ਜੱਲਾਦ, ਜਲਾਲ-ਉਦ-ਦੀਨ, ਅਤੇ ਆਲੇ-ਦੁਆਲੇ ਜੁੜੀ ਹੋਈ ਭੀੜ ਲਈ ਵੀ ਇਕ ਅਸਚਰਜ ਤੇ ਵਿਲੱਖਣ ਦ੍ਰਿਸ਼ ਪਰਤੀਤ ਹੋਇਆ ਸੀ।

ਜਿਸ ਅਥਾਹ ਸ਼ਰਧਾ, ਸਿਦਕ, ਹੱਠ ਤੇ ਦਲੇਰੀ ਸਹਿਤ ਪਛੜੀਆਂ ਸ਼ਰੇਣੀਆਂ ਦੇ ਕੁਝ ਦਿੱਲੀ-ਨਿਵਾਸੀ ਗੁਰਸਿੱਖਾਂ ਨੇ ਸਖ਼ਤ ਫ਼ੌਜੀ ਪਹਿਰੇ ਤੇ ਜਾਨਲੇਵਾ ਖ਼ਤਰੇ ਦੀ ਪਰਵਾਹ ਨਾ ਕਰਦਿਆਂ, ਆਪਣੇ ਸਿਰਾਂ ਨੂੰ

ਯਾ ਬਿਧ ਕਰਤ ਸਾਸਨਾ ਨਾਨਾ,
ਕੌਨ ਕਹੈ ਤਾਕਾ ਵਖਿਆਨਾ ?

— (ਗੁਰ ਬਿਲਾਸ ਪਾਤਸ਼ਾਹੀ 10, ਮਿਤੀ 1751, ਅਧਿਆਇ 4, ਪਦ 61-62; ਸੰਪਾਦਿਤ ਵਲੋਂ ਸ. ਸ਼ਮਸ਼ੇਰ ਸਿੰਘ ਅਸ਼ੋਕ, ਪਟਿਆਲਾ -1968, ਪੰ. 54).

66. Lakshman Singh, Bhagat, *Sikh Martyrs,* Madras, 1928, p. 58; Daljit Singh, Raja Sir, *Guru Tegh Bahadur*, 1932 (c); reprint, Patiala-1971, p.155.

67. ਕੋਸ਼ਿਸ਼, ਗੁਰੂ ਕੀਆ ਸਾਖੀਆਂ, ਉਹੀ, ਸਾਖੀ ਨੰ .30; ਸੰਪਾਦਿਤ ਪਾਠ, ਉਹੀ, ਪੰ.76.

ਮਾਨੋ ਤਲੀਆਂ ਉਤੇ ਧਰ ਕੇ, ਸ਼ਹੀਦ ਕੀਤੇ ਜਾ ਚੁਕੇ ਸਤਿਗੁਰੂ ਜੀ ਦੇ ਪਾਵਨ ਸੀਸ ਤੇ ਧੜ ਨੂੰ ਚਾਂਦਨੀ ਚੌਕ ਤੋਂ ਚੁਕ ਲਿਆਂਦਾ ਸੀ; ਭਾਈ ਜੈਤੇ ਰੰਘਰੇਟੇ ਨੇ ਘੋਰ ਜਫਰ ਜਾਲਦਿਆਂ ਸੀਸ ਨੂੰ ਜਿਵੇਂ ਆਨੰਦਪੁਰ ਪਹੁੰਚਾਇਆ ਸੀ ਅਤੇ ਭਾਈ ਲੱਖੀ ਸ਼ਾਹ ਲੁਬਾਣੇ ਨੇ ਸਾਰੇ ਖ਼ਤਰੇ ਸਹੇੜਦਿਆਂ ਜਿਵੇਂ ਆਪਣੇ ਘਰ ਨੂੰ ਹੀ ਅੱਗ ਲਾ ਕੇ ਉਨ੍ਹਾਂ ਦੇ ਪਾਵਨ ਧੜ ਨੂੰ ਸੰਸਕਾਰਿਆ ਸੀ, ਉਹ ਵੀ ਉਸੇ ਅਨੂਠੀ ਸਪਿਰਿਟ, 'ਚੜ੍ਹਦੀ ਕਲਾ', ਦੇ ਹੀ ਕੁਝ ਹੋਰ ਬੇਜੋੜ ਚਮਤਕਾਰ ਹਨ ਜੋ ਉਨ੍ਹਾਂ ਦੇ ਸਤਿਗੁਰੂ ਨੇ ਉਨ੍ਹਾਂ ਦੇ ਤਨ ਤੇ ਮਨ ਵਿਚ ਚਿਰਾਂ ਤੋਂ ਸੰਚਾਰੀ ਹੋਈ ਸੀ ਅਤੇ ਜਿਸ ਦਾ ਕੇਵਲ ਅਨੁਭਵ ਹੀ ਲੂੰ-ਕੰਡੇ ਖੜੇ ਕਰ ਦੇਂਦਾ ਹੈ।

ਇਉਂ ਹੀ, ਅਜਿਹੇ ਜਬਰ ਦੇ ਜ਼ਿੰਮੇਵਾਰ, ਸ਼ਹਿਨਸ਼ਾਹ ਔਰੰਗਜ਼ੇਬ, ਦੇ ਜ਼ੁਲਮ ਤੇ ਸਿਤਮ ਵਿਰੁੱਧ ਆਪਣਾ ਤੀਖਣ ਰੋਸ ਪਰਗਟ ਕਰਨ ਲਈ ਜਿਸ ਗੁਰਸਿੱਖ ਨੇ ਉਪਰੋਕਤ ਸਾਕੇ ਤੋਂ ਕੁਝ ਮਹੀਨੇ ਹੀ ਬਾਅਦ (ਜੂਨ 1676 ਦੌਰਾਨ),ਲਾਲ ਕਿਲ੍ਹੇ ਦੇ ਦੀਵਾਨੇ ਆਮ ਦੇ ਚੌਕ ਵਿਚ ਘੋੜੇ ਉਤੇ ਸਵਾਰ ਹੋ ਰਹੇ ਔਰੰਗਜ਼ੇਬ ਉਤੇ ਇਕ ਸੋਟੀ ਸੁਟੀ ਸੀ ਅਤੇ ਸੰਨ 1676 ਦੀ ਹੀ 27 ਅਕਤੂਬਰ ਨੂੰ ਕਿਸੇ ਹੋਰ ਸਿੱਖ ਨੇ ਜਾਮਾ ਮਸਜਿਦ ਤੋਂ ਵਾਪਸ ਆਉਂਦਿਆਂ, ਤਖ਼ਤੇ ਰਵਾਂ ਉਤੇ ਸਵਾਰ ਹੋ ਰਹੇ ਔਰੰਗਜ਼ੇਬ ਵਲ ਦੋ ਇੱਟਾਂ ਸੁਟ ਕੇ ਉਸ ਨੂੰ ਮਾਰਨ ਦਾ ਬੇਖ਼ੌਫ਼ ਉਪਰਾਲਾ ਕੀਤਾ ਸੀ [68], ਉਹ ਵੀ ਤਾਂ "ਦੁਸਟ ਸਭਨ ਕੋ ਮੂਲ ਉਪਾਰਨਿ"[69] ਵਾਲੇ ਏਲਾਨ ਰਾਹੀਂ ਵਿਦਿਤ 'ਚੜ੍ਹਦੀ ਕਲਾ' ਵਾਲੀ ਸਥਿਤੀ ਦਾ ਹੀ ਇਕ ਹੋਰ ਪੱਖ ਸੀ।

10

ਦਿੱਲੀ ਦੇ ਸੁਪ੍ਰਸਿੱਧ ਚੌਰਾਹੇ, ਚਾਂਦਨੀ ਚੌਕ, ਦੀ ਜਿਸ ਥਾਂ ਗੁਰੂ ਤੇਗ਼ ਬਹਾਦਰ ਸਾਹਿਬ ਦਾ ਮੁਬਾਰਕ ਸੀਸ ਉਤਾਰਿਆ ਗਿਆ ਸੀ, ਆਨੰਦਪੁਰ ਦੀ ਜਿਸ ਥਾਂ ਉਹ ਸਸਕਾਰਿਆ ਗਿਆ ਸੀ, ਉਥੇ ਉਨ੍ਹਾਂ ਦੇ ਅਣਗਿਣਤ ਸ਼ਰਧਾਲੂਆਂ ਵਲੋਂ ਬੜੇ ਸ਼ਾਨਦਾਰ 'ਸੀਸ ਗੰਜ' ਉਸਾਰੇ ਹੋਏ ਹਨ। ਦਿੱਲੀ ਤੇ ਆਨੰਦਪੁਰ ਵਿਚਾਲੇ ਜਿਨ੍ਹਾਂ ਪੜਾਵਾਂ ਵਿਚ (ਤਰਾਵੜੀ, ਅੰਬਾਲਾ, ਨਾਭਾ ਸਾਹਿਬ ਇਤਿਆਦਿ) ਇਸ ਸੀਸ ਦਾ ਚੁਪ-ਚੁਪਾਤਾ ਨਿਵਾਸ ਰਿਹਾ ਸੀ, ਉਥੇ ਵੀ ਆਲੀਸ਼ਾਨ ਯਾਦਗਾਰੀ ਗੁਰਦੁਆਰੇ ਕਾਇਮ ਹਨ। ਇਉਂ ਹੀ ਹਿੰਦੁਸਤਾਨ ਦੇ ਪਾਰਲੀਮੈਂਟ ਹਾਊਸ (ਸੰਸਦ ਭਵਨ), ਸੈਂਟਰਲ ਸੈਕਟੇਰੀਅਟ (ਕੇਂਦਰੀ ਸਕੱਤਰੇਤ) ਤੇ ਪ੍ਰੈਜ਼ੀਡੈਂਟਸ ਹਾਊਸ (ਰਾਸ਼ਟਰਪਤੀ ਭਵਨ) ਦੇ ਗੁਆਂਢ ਜਿਸ ਪਵਿੱਤਰ ਥਾਂ ਉਨ੍ਹਾਂ ਦਾ ਪਾਵਨ ਧੜ ਸਸਕਾਰਿਆ ਗਿਆ ਸੀ, ਉਥੇ ਵੀ 'ਰਕਾਬ ਗੰਜ' ਨਾਂ ਦੀ ਇਕ ਮਹਾਨ ਸੰਗਮਰਮਰੀ ਯਾਦਗਾਰ ਸਥਾਪਿਤ ਹੈ। ਇਨ੍ਹਾਂ ਨੂੰ ਇਉਂ ਉਸਾਰਨ, ਸੰਵਾਰਨ, ਸਤਿਕਾਰਨ ਤੇ ਸੰਭਾਲਣ ਵਾਲਿਆਂ ਦੀ 'ਚੜ੍ਹਦੀ ਕਲਾ-ਪੂਰਤ' ਸ਼ਰਧਾ, ਸਿਦਕ ਤੇ ਧਿਆਨ ਦਾ ਅਨੁਮਾਨ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਇਹ ਤਾਂ ਦੂਰ-ਦੁਰਾਡਿਉਂ ਆਉਂਦੇ-ਜਾਂਦੇ ਹਜ਼ਾਰਾਂ ਯਾਤਰੀਆਂ ਲਈ ਅਜੇ ਤਕ ਬੜੇ ਪਵਿੱਤਰ ਤੇ ਹਰ-ਮਨ-ਪਿਆਰੇ ਤੀਰਥ-ਸਥਾਨ ਬਣੇ ਹੋਏ ਹਨ; ਅਤੇ ਉਹ ਇਨ੍ਹਾਂ ਵਿਚ ਨਿਤ ਹਾਜ਼ਰੀ ਭਰਦੇ, ਸੀਸ ਝੁਕਾਂਦੇ ਅਤੇ ਗੁਰੂ ਦੀਆਂ ਦਾਤਾਂ, ਅਸੀਸਾਂ ਤੇ ਰਹਿਮਤਾਂ ਨਾਲ ਸਰਸ਼ਾਰ ਹੁੰਦੇ ਰਹਿੰਦੇ ਹਨ। ਉਨ੍ਹਾਂ ਵਿਚ ਹੀ ਸ਼ਾਮਲ ਰਹੇ ਹਨ ਆਜ਼ਾਦ ਹਿੰਦੁਸਤਾਨ ਦੇ ਪਹਿਲੇ ਰਾਸ਼ਟਰੀ ਪਰੋਫੈਸਰ, ਇਸ ਦੀ ਰਾਸ਼ਟਰੀ ਸਾਹਿਤ ਅਕਾਡਮੀ ਦੇ ਪਰਧਾਨ ਅਤੇ ਸੁਪ੍ਰਸਿੱਧ ਵਿਦਵਾਨ, ਸੁਰਗਵਾਸੀ ਡਾ. ਸੁਨੀਤੀ ਕੁਮਾਰ ਚੈਟਰਜੀ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਇਤਿਹਾਸਕ ਅਵਸਰ ਦੌਰਾਨ ਲਿਖੇ ਇਕ ਖੋਜ-ਨਿਬੰਧ ਵਿਚ ਦਸਿਆ ਸੀ : Sis Ganj

---

68. ਸਾਕੀ, ਮਾਅਸਿਰੇ ਆਲਮਗੀਰੀ, ਉਹੀ ; ਸੰਪਾਦਿਤ ਤੇ ਅਨੁਵਾਦਿਤ, ਉਹੀ , ਪੰ . 94.
69. ਗੁਰੂ ਗੋਬਿੰਦ ਸਿੰਘ, ਬਚਿੱਤਰ ਨਾਟਕ, ਉਹੀ, ਧਿਆਇ 6, ਪਦ 43; ਪੰ.74.

commemorates the final triumph of the great life and a living faith, and the truth that a man lives in God when he gives up his life for the benefit and service of Man. It also reminds us of the silent soul-elevating message of the Gurus...

Whenever I have occasion to go to Delhi, and spare a little time for it, I never feel happy unless I can visit Gurdwara Sis-Ganj at Chandni Chowk and spend half-an-hour there. For me this Gurdwara is a holy place and a historical place, and it is a symbol of the highest ideals and achievements of the Sikhs and consequently of the Hindus and of all other people whose minds are attuned to the spirit of understanding and toleration, and of dedication to the love and service of Man and God.

Here took place, exactly 300 years ago, the greatest and the most glorious martyrdom of history.[70] ਅਰਥਾਤ, "ਗੁਰਦੁਆਰਾ ਸੀਸ ਗੰਜ ਉਸ ਮਹਾਨ ਪੁਰਸ਼ ਤੇ ਇਕ ਜੀਉਂਦੇ ਧਰਮ ਦੀ ਅੰਤਮ ਜਿੱਤ ਅਤੇ ਇਸ ਸਚਾਈ ਦੀ ਯਾਦ ਨੂੰ ਸੰਭਾਲੇ ਹੋਇਆ ਹੈ ਕਿ ਜੋ ਮਨੁੱਖ ਮਾਨਵਤਾ ਦੇ ਲਾਭ ਤੇ ਸੇਵਾ ਲਈ ਆਪਣਾ ਜੀਵਨ ਨਿਛਾਵਰ ਕਰ ਦੇਂਦਾ ਹੈ, ਉਹ ਸਦਾ ਪ੍ਰਭੂ ਦੇ ਦਰ-ਘਰ ਵਿਚ ਰਹਿ ਰਿਹਾ ਹੁੰਦਾ ਹੈ। ਇਹ ਪਾਵਨ ਸਥਾਨ ਸਿੱਖ ਸਤਿਗੁਰਾਂ ਦਾ ਸ਼ਾਂਤ ਤੇ ਰੂਹ-ਖੇੜਵਾਂ ਸੰਦੇਸ਼ ਵੀ ਚੇਤੇ ਕਰਾਉਂਦਾ ਹੈ।...

ਜਦੋਂ ਕਦੇ ਵੀ ਮੇਰਾ ਦਿੱਲੀ ਜਾਣ ਦਾ ਸਬੱਬ ਬਣਦਾ ਹੈ ਅਤੇ ਮੈਂ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕਢ ਸਕਦਾ ਹਾਂ ਤਾਂ ਮੈਂ ਜਦੋਂ ਤਕ ਚਾਂਦਨੀ ਚੌਕ ਵਿਚ ਕਾਇਮ 'ਗੁਰਦੁਆਰਾ ਸੀਸ ਗੰਜ' ਦੀ ਹਾਜ਼ਰੀ ਭਰਦਿਆਂ, ਅਧਾ ਘੰਟਾ ਉਥੇ ਬੈਠ ਕੇ ਗੁਜ਼ਾਰ ਨਹੀਂ ਲੈਂਦਾ, ਮੈਂ ਕਦੇ ਵੀ ਪ੍ਰਸੰਨ-ਚਿੱਤ ਹੋ ਕੇ ਕਲਕੱਤੇ ਨਹੀਂ ਮੁੜਦਾ। ਮੇਰੇ ਲਈ ਇਹ ਗੁਰਦੁਆਰਾ ਇਕ ਪਵਿੱਤਰ ਸਥਾਨ ਹੈ, ਇਕ ਇਤਿਹਾਸਕ ਮਕਾਮ ਹੈ। ਇਹ ਸਿੱਖਾਂ ਤੇ ਉਨ੍ਹਾਂ ਦੇ ਫਲਸਰੂਪ ਹਿੰਦੂਆਂ ਅਤੇ ਉਨ੍ਹਾਂ ਸਭ ਲੋਕਾਂ ਦੇ ਉੱਚਤਮ ਆਦਰਸ਼ਾਂ ਤੇ ਪਰਾਪਤੀਆ ਦਾ ਚਿੰਨ੍ਹ ਹੈ ਜਿਨ੍ਹਾਂ ਦੇ ਮਨ ਪਰਸਪਰ ਸਮਝਦਾਰੀ ਤੇ ਸਹਿਣਸ਼ੀਲਤਾ ਦੀ ਭਾਵਨਾ ਨਾਲ ਜੁੜੇ ਹੋਏ ਹਨ ਅਤੇ ਜੋ ਜੀਵ-ਆਤਮਾ ਤੇ ਪਰਮਾਤਮਾ ਦੇ ਆਪਸੀ ਪਿਆਰ ਤੇ ਸੇਵਾ-ਭਾਵ ਲਈ ਸਮਰਪਿਤ ਹੋਏ ਹੁੰਦੇ ਹਨ।

ਇਹ ਉਹ ਸਥਾਨ ਹੈ ਜਿਥੇ ਅਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਇਤਿਹਾਸ ਦੀ ਸਭ ਤੋਂ ਮਹਾਨ ਤੇ ਸਭ ਤੋਂ ਸ਼ਾਨਦਾਰ ਸ਼ਹਾਦਤ ਵਾਪਰੀ ਸੀ। "[70]

X

ਦਸਵੀਂ ਪਾਤਸ਼ਾਹੀ, ਗੁਰੂ ਗੋਬਿੰਦ ਸਿੰਘ ਜੀ, ਦੇ ਸਮੇਂ (1675-1708 ਈ.)

ਡਾ. ਸੁਨੀਤੀ ਕੁਮਾਰ ਚੈਟਰਜੀ ਦੇ ਉਕਤ ਨਿਰੀਖਣ ਅਨੁਸਾਰ, "ਵਿਸ਼ਵ-ਇਤਿਹਾਸ ਦੀ ਉਹ ਸਭ ਤੋਂ ਮਹਾਨ ਤੇ ਸਭ ਤੋਂ ਸ਼ਾਨਦਾਰ ਸ਼ਹਾਦਤ", ਸਿੱਖ ਇਤਿਹਾਸ ਦੀ ਵੀ ਸਭ ਤੋਂ ਮਹਾਨ ਤੇ ਸਭ ਤੋਂ ਸ਼ਾਨਦਾਰ ਸ਼ਹਾਦਤ

---

70. Chatterji, Prof. Dr. Suniti Kumar, in his article published in *The Sikh Review*, Calcutta, December - 1975, pp. 108-109.

ਸੀ। ਇਸ ਤੋਂ ਇਲਾਵਾ, ਉਹ ਇਸ ਲਈ ਸਭ ਤੋਂ ਵਧ ਹੋਣੀਆਂ-ਭਰਪੂਰ ਅਤੇ ਸਭ ਤੋਂ ਵਧ ਫਲਦਾਇਕ ਵੀ ਸਿੱਧ ਹੋਈ ਸੀ।

ਹੋਰ ਤਾਂ ਹੋਰ, ਇਸੇ ਸ਼ਹਾਦਤ ਦੇ ਫਲਸਰੂਪ, ਸਿੱਖ ਧਰਮ, ਸਾਹਿਤ, ਇਤਿਹਾਸ ਤੇ ਪਰੰਪਰਾ ਦੀ 'ਚੜ੍ਹਦੀ ਕਲਾ' ਵਾਲੀ ਸਪਿਰਿਟ ਵੀ ਛੇਤੀ ਹੀ ਆਪਣੀ ਧੁਰ ਸਿਖਰ ਉੱਤੇ ਪਹੁੰਚ ਗਈ ਸੀ।

ਕਾਰਨ ਇਹ ਕਿ ਉਸ ਬੇਮਿਸਾਲ ਸ਼ਹਾਦਤ ਤੇ ਉਸ ਦੇ ਬੇਮਿਸਾਲ ਨਾਇਕ, ਗੁਰੂ ਤੇਗ਼ ਬਹਾਦਰ ਜੀ, ਦੇ ਬੇਮਿਸਾਲ ਸਪੁੱਤਰ ਤੇ ਜਾਨਸ਼ੀਨ, ਗੁਰੂ ਗੋਬਿੰਦ ਸਿੰਘ ਜੀ[1], ਉਸੇ ਬੇਮਿਸਾਲ ਸਪਿਰਿਟ ਦੇ ਪੁੰਜ ਸਨ; ਉਸ ਦੇ ਸੰਕਲਪ, ਸਿਧਾਂਤ ਤੇ ਪਰੰਪਰਾ ਦੀ ਮਾਨੋ ਸਾਕਾਰ ਸੂਰਤ ਸਨ।

---

1. ਆਪ ਜੀ ਦਾ ਸ਼ੁਭ ਜਨਮ 22 ਦਸੰਬਰ 1666 ਈ. ਨੂੰ, ਪਿਤਾ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ, ਬਿਹਾਰ ਦੀ ਰਾਜਧਾਨੀ, ਪਟਨਾ ਸ਼ਹਿਰ, ਵਿਖੇ ਹੋਇਆ ਸੀ; ਅਤੇ ਆਪ 7 ਅਕਤੂਬਰ 1708 ਈ. ਨੂੰ ਨਾਂਦੇੜ (ਮਹਾਰਾਸ਼ਟਰ) ਵਿਖੇ ਜੋਤੀ-ਜੋਤਿ ਸਮਾ ਗਏ ਸਨ।

ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ

ਭਾਗ ਦੂਜਾ

4. ਚੜ੍ਹਦੀ ਕਲਾ ਦੀ ਸਿਖਰ :

    1. ਮਰਦ ਅਗੰਮੜਾ, ਵਰਿਆਮ ਇਕੇਲਾ
    2. ਧਰਮ-ਹੇਤ ਸਾਕਾ
    3. ਮੁਸ਼ਕਲਾਂ, ਮੁਸੀਬਤਾਂ ਅਤੇ ਮਸਲੇ
    4. ਇਰਾਦਾ, ਇਕਰਾਰ ਤੇ ਏਲਾਨ
    5. ਬੇਨਤੀ, ਵਰ ਤੇ ਪ੍ਰਤੱਗਿਆ
    6. ਸਥਿਤੀ ਦਾ ਸਰਵੇਖਣ, ਉਪਾਅ ਅਤੇ ਯੋਜਨਾ
    7. ਜੀਵਨ-ਆਦਰਸ਼ ਅਤੇ ਸੰਘਰਸ਼ ਲਈ ਤਿਆਰੀ
    8. ਰੋਕਾਂ, ਵਿਰੋਧ ਤੇ ਧਮਕੀਆਂ
    9. ਧਰਮ-ਯੁੱਧ ਦਾ ਆਰੰਭ ਅਤੇ ਪਹਿਲੀ ਜਿੱਤ
    10. ਸੰਨ 1699 ਦੀ ਵਿਸਾਖੀ ਵਾਲੇ ਦਿਨ
    11. ਮੁਗ਼ਲ ਸਾਮਰਾਜ ਨਾਲ ਟੱਕਰ
    12. ਜੋੜਾ ਇਸ ਪਾਸੇ, ਜੋੜਾ ਉਸ ਪਾਸੇ
    13. ਚਮਕੌਰ ਵਿਖੇ ਜੂਝਦਿਆਂ ਤੇ ਮਾਛੀਵਾੜੇ ਵਿਚ ਵਿਚਰਦਿਆਂ
    14. ਧਰਮ-ਭਾਵਨਾ ਅਤੇ ਯੁੱਧ-ਭਾਵਨਾ ਦਾ ਸੁਮੇਲ ਵਿਦਤ ਕਰਦਿਆਂ
    15. ਖ਼ਾਲਸੇ ਨੂੰ ਆਪਣਾ 'ਖ਼ਾਸ ਰੂਪ' ਅਤੇ ਚੜ੍ਹਦੀ ਕਲਾ ਦਾ ਸਰੂਪ ਦਸਦਿਆਂ
    16. ਔਰੰਗਜ਼ੇਬ ਨੂੰ ਫ਼ਤੇ-ਪੱਤਰ ਲਿਖਦਿਆਂ ਤੇ ਭੇਜਦਿਆਂ
    17. ਆਖ਼ਰੀ ਨਸੀਹਤ ਦੇਂਦਿਆਂ ਤੇ ਵਸੀਅਤ ਕਰਦਿਆਂ

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ

ਅਤੇ

ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਭਾਗ ਦੂਜਾ
ਕਾਂਡ 4
ਚੜ੍ਹਦੀ ਕਲਾ ਦੀ ਸਿਖਰ

1
ਮਰਦ ਅਗੰਮੜਾ, ਵਰਿਆਮ ਇਕੇਲਾ

ਗੁਰੂ ਗੋਬਿੰਦ ਸਿੰਘ, ਨਿਰਸੰਦੇਹ, ਸਵੈ-ਮਾਨ, ਸਵੈ-ਵਿਸ਼ਵਾਸ਼, ਸਵੈ-ਤਿਆਗ ਤੇ ਸਵੈ-ਸਮਰਪਨ ਦੇ ਮੁਜੱਸਮਾ ਸਨ। ਇਸੇ ਲਈ ਉਨ੍ਹਾਂ ਦਾ ਸਾਰਾ ਜੀਵਨ ਤੇ ਉਨ੍ਹਾਂ ਦੀ ਹਰ ਗੱਲ, ਹਰ ਕਿਰਿਆ ਅਤੇ ਹਰ ਕਰਤੱਵ 'ਚੜ੍ਹਦੀ ਕਲਾ' ਦਾ ਸਾਕਾਰ ਸਰੂਪ ਸੀ।

ਉਹ ਜਿਥੇ ਸਹਿਜ ਤੇ ਸਚਾਈ, ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ ; ਉਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ, ਅਤੇ ਕਲਮ ਤੇ ਤਲਵਾਰ ਦੇ ਧਨੀ ਵੀ ਸਨ। ''ਦੇਗ-ਤੇਗ-ਫ਼ਤਿਹ'' ਉਨ੍ਹਾਂ ਦਾ ਨਾਅਰਾ ਅਤੇ ''ਸਤਿ-ਸ੍ਰੀ-ਅਕਾਲ'' ਜੈਕਾਰਾ ਸੀ। ਹੱਥ ਉਤੇ ਬਾਜ਼ ਅਤੇ ਸਿਰ ਉਤੇ ਕਲਗ਼ੀ ਸਜਾਉਣ ਕਰਕੇ ਕੋਈ ਉਨ੍ਹਾਂ ਨੂੰ ''ਬਾਜ਼ਾਂ ਵਾਲੇ'' ਅਤੇ ਕੋਈ ''ਕਲਗ਼ੀਆਂਵਾਲੇ'' ਗੁਰੂ ਆਖਣ ਵਿਚ ਮਾਣ ਤੇ ਖ਼ੁਸ਼ੀ ਮਹਿਸੂਸ ਕਰਦਾ ਹੈ। ਪਰ ਅਸੀਂ ਤਾਂ ਉਨ੍ਹਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖ਼ਸੀਅਤ, ਬਹੁ-ਪੱਖੀ ਤੇ ਕਲਾਧਾਰੀ ਪ੍ਰਤਿਭਾ, ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁੱਖ ਰਖਦਿਆਂ, ਉਨ੍ਹਾਂ ਨੂੰ ''ਚੜ੍ਹਦੀ ਕਲਾ ਵਾਲੇ ਗੁਰੂ'' ਕਹਿਣ ਤੇ ਮੰਨਣ ਵਿਚ ਹੀ ਉਨ੍ਹਾਂ ਦੀ ਉੱਮਤ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ।

ਮਨੁੱਖੀ ਜਾਮੇ ਵਿਚ ਕੁਦਰਤ ਦੀਆਂ ਜਿੰਨੀਆਂ ਅਪੂਰਵ ਤੇ ਭਰਪੂਰ ਬਖ਼ਸ਼ਸ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਾਪਤ ਹੋਈਆਂ ਸਨ, ਉਨੀਆਂ ਤੇ ਉਜਿਹੀਆਂ ਸ਼ਾਇਦ ਹੀ ਕਿਸੇ ਹੋਰ ਪ੍ਰਾਣੀ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਬੇਗ਼ਰਜ਼ੀ ਤੇ ਉਦਾਰਤਾ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਲੋਕਾਂ ਵਿਚ ਵੰਡਿਆ ਤੇ ਉਨ੍ਹਾਂ ਲਈ ਹੀ ਵਰਤਿਆ ਸੀ, ਉਸ ਦਾ ਸੁਭਾਗ ਵੀ, ਸਾਡੀ ਜਾਚੇ, ਸ਼ਾਇਦ ਹੀ ਕਿਸੇ ਹੋਰ ਨੂੰ ਹਾਸਲ ਹੋਇਆ ਹੋਵੇ।

ਇਉਂ ਹੀ, ਸੰਖੇਪ ਜਹੀ ਜੀਵਨ-ਯਾਤਰਾ ਦੌਰਾਨ, ਜਿੰਨੀਆਂ ਮੁਸ਼ਕਲਾਂ ਤੇ ਮੁਸੀਬਤਾਂ ਨੇ ਉਨ੍ਹਾਂ ਨੂੰ ਘੇਰੇ ਰਖਿਆ ਸੀ, ਉਨੀਆਂ ਤੇ ਉਜਿਹੀਆਂ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਤੇ ਫਿਰ ਜਿਸ ਸਬਰ ਤੇ ਸਿਦਕ; ਅਤੇ ਸੂਰਬੀਰਤਾ, ਸਹਿਨਸ਼ੀਲਤਾ ਤੇ ਸੁਆਰਥਹੀਨਤਾ ਨਾਲ ਉਨ੍ਹਾਂ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪਰਾਪਤ ਕੀਤੀ ਸੀ, ਉਸ ਦਾ ਵੀ ਉਨੌਂ ਤੇ ਉਜਿਹਾ ਮਾਣ ਦੁਨੀਆ ਵਿਚ ਸ਼ਾਇਦ ਹੀ ਕਿਸੇ ਹੋਰ ਨੂੰ ਨਸੀਬ ਹੋਇਆ ਹੋਵੇ।

2
ਧਰਮ-ਹੇਤ ਸਾਕਾ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਸੰਨ 1666 ਵਿਚ, ਉਦੋਂ ਹੋਇਆ ਸੀ ਜਦੋਂ ਉਨ੍ਹਾਂ ਦੀ ਪੂਜਯ ਜਨਨੀ, ਮਾਤਾ ਗੁਜਰੀ ਜੀ, ਆਪਣੇ ਘਰ-ਪਰਵਾਰ, ਆਨੰਦਪੁਰ ਸਾਹਿਬ, ਤੋਂ ਸੈਂਕੜੇ ਮੀਲ ਦੂਰ ਪਟਨੇ ਬਿਰਾਜੇ ਹੋਏ ਸਨ; ਅਤੇ ਉਨ੍ਹਾਂ ਦੇ ਪਾਵਨ ਪਿਤਾ, ਗੁਰੂ ਤੇਗ ਬਹਾਦਰ ਜੀ, ਉਨ੍ਹਾਂ ਤੋਂ ਵੀ ਸੈਂਕੜੇ ਮੀਲ ਪਰ੍ਹੇ, ਉਤਰ-ਪੂਰਬੀ ਹਿੰਦ ਦੀ ਲੋਕ-

ਸੇਵਾ ਤੇ ਪਰਚਾਰ-ਫੇਰੀ ਦੇ ਸਬੰਧ, ਬੰਗਾਲ-ਆਸਾਮ ਵਲ ਵਿਚਰ ਰਹੇ ਸਨ। ਸਮੇਂ ਦੇ ਇਕ ਪ੍ਰਸਿੱਧ ਪੀਰ, ਘੁੜਾਮ-ਨਿਵਾਸੀ, ਸੱਯਦ ਭੀਖਣ ਸ਼ਾਹ, ਤਾਂ ਇਸ "ਬਾਲ-ਬ੍ਰਹਮ" ਦੇ ਦਰਸ਼ਨਾਂ ਲਈ, ਸੱਦੇ-ਪਤੇ ਬਿਨਾਂ ਹੀ, ਪੰਜਾਬੋਂ ਤੁਰ ਪਟਨੇ ਪੁਜ ਗਏ ਸਨ, ਪਰ ਉਨ੍ਹਾਂ ਦੇ ਆਪਣੇ ਪਿਤਾ, ਆਪਣੀ ਉਮਰ ਦੇ ਛੇਤਾਲੀਵੇਂ ਵਰ੍ਹੇ ਵਿਚ ਪਰਾਪਤ ਹੋਏ [1] ਇਸ ਇਕਲੌਤੇ ਤੇ ਸਹਿਕ-ਸਕੀਵੇਂ ਬੱਚੇ ਨੂੰ ਆਪਣਾ ਪਿਆਰ ਤੇ ਦੀਦਾਰ ਦੇਣ ਲਈ ਵੀ ਉਦੋਂ ਪਟਨੇ ਪਹੁੰਚ ਨਹੀਂ ਸਕੇ ਸਨ।

ਇਸ ਸੁਭਾਗੇ ਸਪੁੱਤਰ, ਗੋਬਿੰਦ ਦਾਸ ਜੀ [2], ਨੂੰ ਆਪਣੇ ਗੁਰੂ-ਪਿਤਾ ਜੀ ਦਾ ਪਾਵਨ ਮੁੱਖੜਾ ਮਸਾਂ ਕਿਤੇ ਪੰਜ ਕੁ ਵਰ੍ਹਿਆਂ ਬਾਅਦ ਹੀ ਵੇਖਣਾ ਨਸੀਬ ਹੋਇਆ ਸੀ। ਤੇ ਉਹ ਵੀ ਆਨੰਦਪੁਰ ਪਹੁੰਚ ਕੇ, ਅਤੇ ਉਥੇ ਵੀ ਬੜੇ ਥੋੜ੍ਹੇ ਚਿਰ ਲਈ, ਕਿਉਂਕਿ ਜਿਵੇਂ ਕਿ ਉਨ੍ਹਾਂ ਨੇ ਆਪ ਦਸਿਆ ਹੈ:

ਜਬ ਹਮ ਧਰਮ ਕਰਮ ਮੋ ਆਏ,
ਦੇਵਲੋਕਿ ਤਬ ਪਿਤਾ ਸਿਧਾਏ। [3]

---

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਭ ਜਨਮ 1723 ਬਿ. (ਮੁਤਾਬਕ 1666 ਈ.) ਵਿਚ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਮੁਬਾਰਕ ਜਨਮ ਸੰਮਤ 1678 (ਮੁਤਾਬਕ 1621 ਈ.) ਵਿਚ ਹੋਇਆ ਦਸਿਆ ਜਾਂਦਾ ਹੈ। ਇਸ ਹਿਸਾਬ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਆਪ ਆਪਣੀ ਉਮਰ ਦੇ ਛੇਤਾਲੀਵੇਂ ਵਰ੍ਹੇ ਵਿਚ ਵਿਚਰ ਰਹੇ ਸਨ।

2. ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ, ਵਿਚ ਸੁਰੱਖਿਅਤ 'ਹੁਕਮਨਾਮਿਆਂ' (ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਆਸਾਮ-ਬੰਗਾਲ ਤੋਂ ਆਉਂਦੀਆਂ ਰਹੀਆਂ ਚਿੱਠੀਆਂ) ਵਿਚ ਉਨ੍ਹਾਂ ਦਾ ਸ਼ੁਭ ਨਾਂ 'ਗੋਬਿੰਦ ਦਾਸ' ਹੀ ਅੰਕਿਤ ਹੈ। ਮਿਸਾਲ ਵਜੋਂ, ਉਨ੍ਹਾਂ ਦੇ ਜਨਮ ਦੀ ਖ਼ਬਰ ਮਿਲਣ ਤੋਂ ਛੇਤੀ ਬਾਅਦ, ਪਟਨਾ ਸਾਹਿਬ ਦੀ ਸੰਗਤ ਨੂੰ ਢਾਕਾ ਤੋਂ ਲਿਖ ਭੇਜੇ ਹੁਕਮਨਾਮਿਆਂ ਦੀ ਹੇਠ-ਲਿਖੀ ਇਬਾਰਤ ਵਿਚ:

i.) ਸਰਬਤ ਸੰਗਤਿ ਪਟਨੇ ਕੀ ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ। ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਾਹ ਥਾਇ ਪਯਾ।...

ii.) ਪਟਣਾ ਗੁਰੂ ਕਾ ਘਰ ਹੈ, ਸੰਗਤਿ ਕੀ ਬਾਹੁੜੀ ਹੋਗੁ। ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ। ਤੁਮਾਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਾਹ ਥਾਂਇ ਪੜੇਗੀ।...

(ਵੇਖੋ: Trilochan Singh, Dr., *Guru Tegh Bahadur : Prophet and Martyr*, Delhi-1967, pp. 227-229; ਡਾ. ਫੌਜਾ ਸਿੰਘ ਵਲੋਂ ਸੰਪਾਦਿਤ ਤੇ ਅਨੁਵਾਦਿਤ *Hukamnamas : Shri Guru Tegh Bahadur*, Patiala-1976, 2, 4 ਤੇ 6, ਪੰਨੇ 53 ਤੇ 61).

ਆਪਣੀ 12 ਮਾਰਚ 1998 ਵਾਲੀ ਯਾਤਰਾ ਦੌਰਾਨ ਵੀ, ਮੈਂ ਆਪ ਇਨ੍ਹਾਂ ਦੇ ਦਰਸ਼ਨ ਇਸੇ ਸਰੂਪ ਵਿਚ ਕੀਤੇ ਹੋਏ ਹਨ। ਪਰੰਤੂ ਬਹੁਤ ਸਾਰੇ ਇਤਿਹਾਸਕਾਰਾਂ ਨੈਂ ਆਪ ਜੀ ਦਾ ਪਹਿਲਾ ਨਾਂਉਂ 'ਗੋਬਿੰਦ ਰਾਏ' ਲਿਖਿਆ ਹੈ ਜੋ ਕਿ ਠੀਕ ਨਹੀਂ। ਜਿਵੇਂ; (1) Kartar Singh, Prof. , *Life of Guru Gobind Singh*, Amritsar- 1932; 3rd ed. Ludhiana-1968, p. 142; Sangat Singh, Dr., *The Sikhs in History*, New York-1995, p. 50; Ganda Singh, Dr. in *The Encyclopaedia of Sikhism*, Vol.2, Patiala-1996, p. 90.

3. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ ਵਿਚ ਸੰਚਿਤ ਬਚਿੱਤਰ ਨਾਟਕ, ਧਿਆ.7, ਚੌਪਈ, ਪਦ 3, ਪੰ. 76.

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੰਨ 1675 ਵਿਚ, ਮਾਪਿਆਂ ਦੀ ਪਵਿੱਤਰ ਧਰਤੀ ਉੱਤੇ ਪੈਰ ਪਸਾਰਦਿਆਂ ਹੀ, ਸਮੇਂ ਦੀ ਪੁਕਾਰ ਨੇ ਬਾਲ-ਵਰੇਸ ਵਿਚ ਵਿਚਰਦੇ ਇਸ ਦੈਵੀ ਸਪੁੱਤਰ ਨੂੰ ਆਪਣੇ ਪਾਵਨ ਪਿਤਾ ਦੀ ਬਲੀ ਦੇਣ ਲਈ ਵੰਗਾਰ ਪਾਈ ਸੀ। ਇਹ ਉਹ ਭਿਆਨਕ ਸਮਾਂ ਸੀ ਜਦੋਂ ਮੁਗ਼ਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ-ਕਰਮ ਅਤੇ ਭਾਰਤੀ ਸਭਿਅਤਾ ਤੇ ਸਭਿਆਚਾਰ ਦਾ ਮਲੀਆਮੇਟ ਕਰ ਰਿਹਾ ਸੀ। ਇਥੋਂ ਤਕ ਕਿ, 'ਮਾਅਸਿਰੇ ਆਲਮਗੀਰੀ' ਦੇ ਲੇਖਕ ਅਨੁਸਾਰ, ਸੰਨ 1669 ਵਿਚ ਤਾਂ ਉਸ ਨੇ ਗ਼ੈਰ-ਮੁਸਲਮਾਨਾਂ ਦੇ ਸਭ ਮੰਦਰ ਤੇ ਪਾਠਸ਼ਾਲਾਵਾਂ ਢਾਹ ਦੇਣ ਦਾ ਹੁਕਮ ਵੀ ਜਾਰੀ ਕਰ ਦਿੱਤਾ ਸੀ; ਅਤੇ ਉਨ੍ਹਾਂ ਦਾ ਧਰਮ-ਪਰਚਾਰ, ਖੁਲ੍ਹੇ-ਆਮ ਪਾਠ-ਪੂਜਾ ਤੇ ਮੇਲੇ-ਤਿਉਹਾਰ ਵੀ ਬੰਦ ਕਰਵਾ ਦਿੱਤੇ ਸਨ।[4] ਉਸ ਘੋਰ ਸਥਿਤੀ ਤੇ ਗੰਭੀਰ ਸੰਕਟ ਸਮੇਂ, ਧਰਮ-ਕਰਮ ਦੀ ਰੱਖਿਆ ਅਤੇ ਆਪਣੀ ਸਭਿਅਤਾ ਤੇ ਸਭਿਆਚਾਰ ਦੀ ਬਰਕਰਾਰੀ ਲਈ ਤਰਲੇ ਲੈਂਦੇ; ਅਤੇ ਕੋਈ ਟੇਕ-ਤਕੀਆ ਭਾਲਦੇ ਬ੍ਰਾਹਮਣ-ਆਗੂਆਂ ਨੇ ਆਨੰਦਪੁਰ ਪਹੁੰਚ ਕੇ, ਅਖੀਰ ਗੁਰੂ ਤੇਗ ਬਹਾਦਰ ਜੀ ਦੀ ਹੀ ਸ੍ਰਨ ਆ ਲਈ ਸੀ।[5] ਉਹ ਜਾਣਦੇ ਸਨ ਕਿ ਨੌਵੇਂ ਪਾਤਸ਼ਾਹ ਕੇਵਲ 'ਸੰਤ' ਤੇ 'ਸੂਰਬੀਰ' ਹੀ ਨਹੀਂ, 'ਬਚਨ ਕੇ ਬਲੀ' ਵੀ ਹਨ।[6] ਉਹ ਤਾਂ ਚਾਂਦ ਭੱਟ ਅਨੁਸਾਰ :

ਬਾਂਹ ਜਿਨ੍ਹਾਂ ਦੀ ਪਕੜੀਐ,
ਸਿਰ ਦੀਜੈ ਬਾਂਹ ਨ ਛੋੜੀਐ।
ਗੁਰੁ ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨ ਛੋੜੀਐ।[7]

ਤਦੇ ਤਾਂ ਉਨ੍ਹਾਂ ਦੀ ਆਵੰਦ, ਪੁਕਾਰ, ਹਾਹਾਕਾਰ ਅਤੇ ਉਸ ਦੇ ਹੋਏ ਪਰਭਾਵ ਦਾ ਜ਼ਿਕਰ ਕਰਦਿਆਂ, 'ਸ਼ਹੀਦ ਬਿਲਾਸ ਭਾਈ ਮਨੀ ਸਿੰਘ'[8] ਦੇ ਕਰਤਾ, ਕਵੀ ਸੇਵਾ ਸਿੰਘ ਭੱਟ, ਨੇ ਲਿਖਿਆ ਹੈ :

---

4. ਸਾਕੀ, ਮੁਹੰਮਦ ਮੁਸਤਇਦ ਖ਼ਾਨ, ਮਾਅਸਿਰੇ ਆਲਮਗੀਰੀ, ਉਹੀ, ਸਰ ਜਾਦੂਨਾਥ ਸਰਕਾਰ ਵਲੋਂ ਸੰਪਾਦਿਤ ਤੇ ਅੰਗਰੇਜ਼ੀ ਵਿਚ ਅਨੁਵਾਦਿਤ, *Maasir-e-Alamgiri,* Calcutta-1947, pp. 51-52; Sharma, Prof. S.R., *The Crescent in India,* Bombay-1937, pp. 599, 661; Latif, *History of Punjab,* op.cit., pp. 175-76.

5. ਭੱਟ ਵਹੀ ਤਲੌਂਦਾ ਅਤੇ ਬਾਮਜ਼ਈ ਅਨੁਸਾਰ 25 ਮਈ 1675 ਨੂੰ ਮਟਨ-ਨਿਵਾਸੀ ਪੰਡਤ ਕਿਰਪਾ ਰਾਮ ਦੱਤ ਜੀ ਦੀ ਅਗਵਾਈ ਹੇਠ। (ਵੇਖੋ: Bamzai, P.N.Kaul, *A History of Kashmir,* Delhi-1962, p. 371).

6. ਸੂਰਬੀਰ ਬਚਨ ਕੇ ਬਲੀ,
ਕਉਲਾ ਬਪੁਰੀ ਸੰਤੀ ਛਲੀ।
(ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਅੰਮ੍ਰਿਤਸਰ-1604, ਰਾਗੁ ਆਸਾ, ਪੰ. 392.)

7. ਬੋਲਨਾ ਗੁਰੂ ਤੇਗ ਬਹਾਦਰ ਜੀ ਕਾ ਜ਼ਬਾਨੀ ਭੱਟ ਕੀ (ਡਾ. ਭਾਈ ਵੀਰ ਸਿੰਘ ਕ੍ਰਿਤ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ, ਅੰਮ੍ਰਿਤਸਰ-1962, ਪੰ. 3421, ਅਨੁਸਾਰ)।

8. ਸੇਵਾ ਸਿੰਘ, ਭੱਟ ਕਵੀ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਲਾਡਵਾ ਤੇ ਭਾਦਸੋਂ-1820 ਲਪ. ਭੱਟਖਰੀ ਵਿਚ ਲਿਖਿਤ; ਪੰਜਾਬੀ ਵਿਚ ਅਨੁਵਾਦਿਤ ਵਲੋਂ ਛੱਜੂ ਸਿੰਘ ਭੱਟ, ਭਾਦਸੋਂ-1870, ਪਦ 32-38; ਸੰਪਾਦਿਤ ਵਲੋਂ ਗਿ. ਗਰਜਾ ਸਿੰਘ, ਲੁਧਿਆਣਾ-1961, ਪੰ. 59-60.

ਹਿੰਦ ਵਿਖੈ ਅੰਧਘੋਰ ਮਚਿਯੋ ਜਬ, ਸਾਧੂ ਸੰਤ ਨ ਦੇਖਤ ਪਾਵਤ।
ਧਰਮ ਦੇ ਥਾਂ ਅਧਰਮ ਹੋਵੈ, ਨਹਿ ਰਛਿਕ ਗਊ ਗਰੀਬ ਦਿਖਾਵਤ।
ਤਬ ਤੇਗ਼ ਬਹਾਦਰ, ਹਿੰਦ ਕੀ ਚਾਦਰ, ਥੇ ਚਕ ਨਾਨਕ ਬੀਚ ਬਤਾਵਤ।
ਸੇਵਾ ਹਰੀ ਇਸ ਘੋਰ ਕਲੂ ਮਹਿ, ਗੁਰੂ ਜੰਝੂ ਟਿੱਕੇ ਕੀ ਲਾਜ ਰਖਾਵਤ।

ਦੁਖੀਏ ਬਿਪ੍ਰ ਜੁ ਚਲ ਕੇ, ਆਏ ਪੁਰੀ ਅਨੰਦ :
"ਬਾਂਹਿ ਅਸਾਡੀ ਪਕੜੀਏ, ਗੁਰ ਹਰਿ ਗੋਬਿੰਦ ਕੇ ਚੰਦ।...
ਹਮਰੋ ਬਲ ਅਬ ਭਯੋ ਨਹਿ ਕਾਈ,
ਹੇ ਗੁਰ ਤੇਗ਼ ਬਹਾਦਰ ਰਾਈ।...
ਫਿਰਤ ਫਿਰਤ ਪ੍ਰਭ ਆਏ ਥਾਰੈ,
ਥਾਕ ਪਰੈ ਹਊ ਤਊ ਦਰਬਾਰੈ।"
ਤਬ ਸਤਿਗੁਰ ਇਵ ਮਨ ਠਹਿਰਾਈ :
'ਬਿਨ ਸਿਰ ਦੀਏ ਜਗਤ ਦੁਖ ਪਾਈ।'
ਸੇਵਾ ਹਰੀ ਇਮ ਅਰਜ਼ ਗੁਜ਼ਾਰੀ,
'ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ'।[8]

ਖ਼ਾਨਦਾਨੀ ਭੱਟ ਵਹੀਆਂ ਉੱਤੇ ਆਧਾਰਿਤ, ਸੰਨ 1790 ਵਿਚ ਕਲਮਬੰਦ ਹੋਈਆਂ 'ਗੁਰੂ ਕੀਆਂ ਸਾਖੀਆਂ', ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਸ਼, ਵਿਚ ਉਸ ਘਟਨਾ ਨੂੰ ਇਉਂ ਬਿਆਨਿਆ ਹੋਇਆ ਹੈ :

> ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁੰ, ਸੰਗਤਾਂ ਹਮ ਹੁਮਾਇ ਕੇ ਦਰਸ਼ਨ ਪਾਨੇ ਆਈਆਂ। ਇਸੀ ਦਿਵਸ ਭਾਈ ਅੜੂ ਰਾਮ ਦੱਤ ਮਟਨ ਨਿਵਾਸੀ ਕਾ ਬੇਟਾ ਕ੍ਰਿਪਾ ਰਾਮ ਖੋੜਸ ਬ੍ਰਾਹਮਣੋਂ ਕੋ ਸਾਥ ਲੈ ਕੇ ਕਸ਼ਮੀਰ ਦੇਸ ਸੇ ਗੁਰੂ ਜੀ ਕੇ ਦਰਬਾਰ ਮੇਂ ਆਇ ਫਰਿਆਦੀ ਹੂਆ।[9] ਇਸੇ ਹਾਥ ਬਾਂਧ ਬੇਨਤੀ ਕੀ, "ਜੀ ਗਰੀਬਨਿਵਾਜ! ਕਸਮੀਰ ਦੇਸ ਕਾ ਹਾਕਮ ਹਮੇ ਜਬਰੀ ਮੁਸਲਮਾਨ ਬਨਾਏ ਰਿਹਾ ਹੈ, ਸਹਾਈ ਹੋਨਾ। ਸੱਚੇ ਪਾਤਸਾਹ, ਅਸੀ ਦੁਖੀਏ ਆਪ ਕੇ ਦਰਬਾਰ ਮੇਂ ਆਏ ਹਾਂ, ਹੋਰ ਸਾਡੀ ਫਰਿਆਦ ਸੁਣਨੇ ਵਾਲਾ ਕਾਈ ਨਹੀਂ।" ਗੁਰੂ ਜੀ ਨੇ ਇਨੈ ਧੀਰਜ ਦਈ, ਕਹਾ "ਤੁਸਾਂ ਦੀ ਸਹਾਇਤਾ ਬਾਬਾ ਨਾਨਕ ਜੀ ਕਰੇਗਾ, ਦੇਖੋ ਕਿਆ ਹੋਤਾ ਹੈ"। ਇਤਨਾ ਕਹਿ ਕੇ ਅਕਾਸ਼ ਕੀ ਤਰਫ ਦੇਖਾ। ਏਕ ਘਰੀ ਬਾਦ ਸੰਗਤ ਕੀ ਤਰਫ ਦੇਖ ਬਚਨ ਹੋਆ":ਸੀਸ ਦੀਏ ਬਿਨਾਂ ਏਹ ਕਾਰਜ ਸਫ਼ਲ ਨਹੀਂ ਹੋਏਗਾ, ਆਗੇ ਸੀਸ ਗੁਰੂ ਅਰਜਨ ਦੀਆ ਥਾ, ਅਬ ਹਮੇ ਦੇਨਾ ਪਏਗਾ"।[10]

---

9. ਹਾਥ ਜੋਰ ਕਹਯੋ ਕ੍ਰਿਪਾ ਰਾਮ, ਦੱਤ ਬ੍ਰਾਹਮਨ ਮਟਨ ਗ੍ਰਾਮ :.....
"ਗਜ ਕੇ ਬੰਧਨ ਕਾਟਨਹਾਰੇ, ਤੁਮ ਗੁਰ ਨਾਨਕ ਹੈਂ ਅਵਤਾਰੇ।
ਜਿਮ ਦ੍ਰੋਪਤੀ ਰਾਖੀ ਲਾਜ, ਦੀਯੋ ਸਵਾਰ ਸੁਦਾਮੇ ਕਾਜ"।......
ਸੇਵਾ ਹਰੀ ਇਮ ਅਰਜ ਗੁਜ਼ਾਰੀ, "ਤੁਮ ਕਲਿਜੁਗ ਕੇ ਕ੍ਰਿਸ਼ਨ ਮੁਰਾਰੀ"।35।
(ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ, ਉਹੀ, ਪੰ. 60).
10. ਕੋਸ਼ਿਸ਼, ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਭਾਦਸੋਂ-1790; ਸੰਪਾਦਿਤ ਪਾਠ, ਪੰ. 71-72.

ਅਜਿਹੀ ਘੋਰ ਸਥਿਤੀ ਨੂੰ ਵਿਚਾਰਦਿਆਂ ਅਤੇ ਉਨ੍ਹਾਂ ਦੇ ਦੁੱਖਾਂ-ਦਰਦਾਂ ਦੀ ਕਹਾਣੀ ਸੁਣ ਕੇ ਪੀੜਿਤ ਤੇ ਚਿੰਤਾਤੁਰ ਹੋਏ ਗੁਰੂ-ਪਿਤਾ ਨੇ ਉਦੋਂ ਉਥੇ ਅਚਾਨਕ ਆ ਪਹੁੰਚੇ ਆਪਣੇ ਲਾਡਲੇ ਪੁੱਤਰ ਦੀ ਉਤਸੁਕ ਪੁੱਛ ਦਾ ਜੁਆਬ ਦੇਂਦਿਆਂ, ਬੜੇ ਹਿੱਤ ਤੇ ਹੌਸਲੇ ਨਾਲ ਦਸਿਆ ਸੀ :

"ਬੇਟਾ ! ਭਾਰਤੀ ਸਭਿਅਤਾ ਤੇ ਸਭਿਆਚਾਰ, ਧਰਮ ਤੇ ਕਰਮ, ਨਿਆਂ ਤੇ ਨੇਕੀ ਖ਼ਤਰੇ ਵਿਚ ਹਨ।"

" ਇਹ ਬਚਾਏ ਕਿਵੇਂ ਜਾ ਸਕਦੇ ਹਨ, ਗੁਰੂਦੇਵ ?"

"ਇਹੋ ਤਾਂ ਸੋਚ ਰਹੇ ਹਾਂ।"

"ਤਾਂ ਫਿਰ ਕੀ ਸੋਚਿਆ ਜੇ ?"

"ਧਰਮ-ਕਰਮ ਤੇ ਅੰਤਹਕਰਣ ਦੀ ਆਜ਼ਾਦੀ, ਸਭਿਅਤਾ ਤੇ ਸਭਿਆਚਾਰ ਦੀ ਕਾਇਮੀ, ਅਤੇ ਕੌਮੀ ਆਨ ਤੇ ਅਣਖ ਦੀ ਬਰਕਰਾਰੀ ਇਕ ਮਹਾਨ ਤੇ ਪਵਿੱਤਰ ਆਤਮਾ ਦੀ ਬਲੀ ਮੰਗਦੀ ਹੈ–ਇਕ ਅਜਿਹੇ ਪਰਉਪਕਾਰੀ ਮਹਾਂਪੁਰਖ ਦਾ ਬਲੀਦਾਨ ਜੋ ਬੜੀ ਸੁਹਿਰਦਤਾ ਤੇ ਦਰਿੜ੍ਹਤਾ ਨਾਲ ਮੁਗ਼ਲ ਸ਼ਹਿਨਸ਼ਾਹ, ਔਰੰਗਜ਼ੇਬ, ਨੂੰ ਦਿੱਲੀ ਜਾ ਮਿਲੇ, ਅਤੇ ਉਹਨੂੰ ਆਪਣੀ ਜਾਬਰ ਤੇ ਤੁਅੱਸਬੀ ਨੀਤੀ ਬਦਲਣ ਲਈ ਪਰੇਰ ਕੇ, ਹਰ ਪ੍ਰਾਣੀ ਨੂੰ ਆਪਣੀ ਜ਼ਮੀਰ, ਈਮਾਨ ਤੇ ਰੀਤ-ਰਿਵਾਜ ਦੀ ਆਜ਼ਾਦੀ ਦੇਣ ਲਈ ਮੰਨਾਅ ਲਵੇ। ਜੇ ਉਹ ਸ਼ਹਿਨਸ਼ਾਹ ਇਹ ਕੁਝ ਨਾ ਮੰਨੇ ਤਾਂ ਇਹ ਮਹਾਂਪੁਰਖ ਆਪਣੇ ਨਿਸ਼ਚੇ ਤੇ ਉਦੇਸ਼ ਦੀ ਪੂਰਤੀ ਲਈ ਆਪਣਾ ਆਪ ਤਕ ਨਿਛਾਵਰ ਕਰਨ ਲਈ ਡਟ ਜਾਏ।"

ਨੌਂ ਵਰ੍ਹਿਆਂ ਦੇ ਬਾਲ, ਗੋਬਿੰਦ ਦਾਸ, ਨੇ ਆਖਰਾਂ ਦੇ ਹੱਠ ਤੇ 'ਚੜ੍ਹਦੀ ਕਲਾ' ਦਾ ਸਬੂਤ ਦੇਂਦਿਆਂ, ਉਸੇ ਦਮ ਨਿਡਰ ਤੇ ਨਿਝੱਕ ਹੋ ਕੇ, ਬੜੇ ਮਾਣ ਤੇ ਵਿਸ਼ਵਾਸ ਨਾਲ ਆਖਿਆ ਸੀ :

"ਗੁਰੂਦੇਵ ! ਇਸ ਵੇਲੇ, ਅਜਿਹੇ ਘੋਰ ਸੰਕਟ ਸਮੇਂ ਆਪ ਤੋਂ ਵਧੇਰੇ ਮਹਾਨ, ਪਵਿੱਤਰ ਤੇ ਪਰਉਪਕਾਰੀ ਪੁਰਖ ਹੋਰ ਕੌਣ ਹੈ ? ਜੇ ਇਸ ਦੀਰਘ ਸਮੱਸਿਆ ਦਾ ਹਲ ਕੇਵਲ ਇਹੋ ਹੈ, ਜੇ ਇਹ ਮਹਾਨ ਖ਼ਤਰਾ ਕੇਵਲ ਇਉਂ ਹੀ ਟਾਲਿਆ ਜਾ ਸਕਦਾ ਹੈ, ਜੇ ਦੇਸ਼-ਕੌਮ ਤੇ ਧਰਮ-ਕਰਮ ਦੀ ਆਜ਼ਾਦੀ ਆਪ ਦੇ ਬਲੀਦਾਨ ਨਾਲ ਬਰਕਰਾਰ ਰਹਿ ਸਕਦੀ ਹੈ, ਅਤੇ ਹਰ ਮਨੁੱਖ ਦੇ ਵਿਚਾਰ ਤੇ ਵਿਸ਼ਵਾਸ ਦਾ ਜਮਾਂਦਰੂ ਤੇ ਬੁਨਿਆਦੀ ਹੱਕ ਆਪ ਦੇ ਅਜਿਹੇ ਉੱਦਮ, ਉਪਕਾਰ ਤੇ ਕੁਰਬਾਨੀ ਨਾਲ ਬਹਾਲ ਹੋ ਸਕਦਾ ਹੈ ਤਾਂ ਫਿਰ .....।[11]

---

11. ਭਾਈ ਕੁਇਰ ਸਿੰਘ ਨੇ ਇਸ ਮਹੱਤਪੂਰਤ ਵਾਰਤਾਲਾਪ ਨੂੰ ਸੰਨ 1751 ਵਿਚ ਸਮਾਪਤ ਕੀਤੀ ਆਪਣੀ ਰਚਨਾ ਵਿਚ ਇਉਂ ਕਾਨੀਬੰਦ ਕੀਤਾ ਸੀ :

ਕਹਯੋ ਤਾਤ ਕੋ ਸ੍ਰੀ ਗੁਰ ਨੇ, "ਕਿਮ ਸੋਚਤ"?
ਤਾਹਿ ਕਹਯੋ, "ਧਰ ਭਾਰ ਅਪਾਰੀ।
ਸੋਢਨ ਮੈ ਸਿਰਤਾਜ ਕੋਈ,
ਦੇਤ ਸੀਸ ਮਿਟੈ ਦੁਖ ਸੁਖਨ ਧਾਰੀ।"
ਬੋਲਤ ਭੇ ਤਬ ਸ੍ਰੀ ਗੁਰ ਜੀ,
"ਸਿਰਤਾਜ ਤੁਮੈ, ਸਮੁ ਕੋ ਬਪ ਧਾਰੀ ?"
ਯੇ ਸੁਨ ਮੋਨ ਧਰੀ ਤਬ ਹੀ ਮਨ,
ਜਾਨੀ ਹੈ ਆਇਸ ਭੀ ਕਰਤਾਰੀ "।.....

(ਗੁਰ ਬਿਲਾਸ ਪਾਤਸ਼ਾਹੀ 10, ਉਹੀ, ਅਧਿਆਇ 4, ਪਦ 8/17; ਸੰਪਾਦਿਤ ਪਾਠ ਪੰ. 49); ਹੋਰ

ਜਿਸ ਮਹਾਨ ਪਿਤਾ, ਜਿਸ ਮਹਾਨ ਗੁਰੂ, ਜਿਸ ਮਹਾਨ ਮਾਨਵਵਾਦੀ ਤੇ ਦੂਰਦਰਸ਼ੀ ਦੇਸ਼-ਭਗਤ ਨੂੰ ਮਾਨਵਤਾ ਤੇ ਦੇਸ਼-ਕੌਮ ਦੀ ਬੇਬਸੀ ਤੇ ਢਹਿੰਦੀ ਕਲਾ ਨੂੰ ਵੇਖ-ਵਿਚਾਰ ਕੇ, ਕਦੇ ਇਹ ਅਹਿਸਾਸ ਹੋਇਆ ਸੀ :

ਬਲੁ ਛੁਟਕਿਓ ਬੰਧਨ ਪਰੇ
ਕਛੂ ਨ ਹੋਤ ਉਪਾਇ ।[12]

ਉਨ੍ਹਾਂ ਨੂੰ ਆਪਣੇ ਹੋਣਹਾਰ ਤੇ ਪਰਉਪਕਾਰੀ ਬਾਲ ਦੇ ਮੂੰਹੋਂ ਅਜਿਹੇ ਨਿਰਭੈ, ਉਭਾਰੂ ਅਤੇ 'ਚੜ੍ਹਦੀ ਕਲਾ- ਪੂਰਤ' ਵਾਕ ਸੁਣਦਿਆਂ ਹੀ, ਦੇਸ਼-ਕੌਮ ਦੀ ਕਿਸਮਤ ਬਦਲਦੀ ਤੇ 'ਚੜ੍ਹਦੀ ਕਲਾ' ਧਾਰਦੀ ਨਜ਼ਰ ਆ ਗਈ ਸੀ। ਤਦੇ ਤਾਂ ਉਨ੍ਹਾਂ ਨੇ, ਮਾਨੋ ਹਿੱਕ ਫੁਲਾ ਕੇ, ਬੜੀ ਦਲੇਰੀ, ਦੂਰਅੰਦੇਸ਼ੀ ਤੇ ਫ਼ਖ਼ਰ ਨਾਲ ਆਖਿਆ ਸੀ : "ਹੁਣ ਡਰ ਕਾਹਦਾ; ਹੁਣ ਮਾਯੂਸੀ ਕਾਹਨੂੰ; ਹੁਣ ਢਹਿੰਦੀ ਕਲਾ ਕਿਉਂ ? ਹੁਣ ਤਾਂ -

ਬਲੁ ਹੋਆ ਬੰਧਨ ਛੁਟੇ
ਸਭੁ ਕਿਛੁ ਹੋਤ ਉਪਾਇ। [13]

ਬਸ, ਫਿਰ ਕਿਹੜੀ ਸੋਚ, ਫਿਰ ਕਿਹੜੀ ਸਲਾਹ, ਫਿਰ ਕਾਹਦੀ ਢਿੱਲ ਸੀ ? ਮਨੁੱਖਤਾ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ 'ਮਕਤੂਲ' ਆਪ ਆਪਣੇ 'ਕਾਤਲ' ਵਲ 'ਕਤਲ' ਹੋਣ ਲਈ ਉਸ ਦੀ 'ਕਤਲਗਾਹ' ਵਲ ਨਿਸੰਗ ਤੁਰ ਪਿਆ ਸੀ। ਤੇ ਤੁਰਦਾ ਵੀ ਕਿਉਂ ਨਾ, ਜਦ ਕਿ ਉਸ ਦਾ ਉਦੇਸ਼ ਤੇ ਵਿਸ਼ਵਾਸ ਹੀ, ਹੇਠ-ਲਿਖੇ ਮਕੂਲੇ ਅਨੁਸਾਰ, ਇਹ ਸੀ :

جب سے پتہ چلا ہے، مرنے میں زندگی ہے
سر پہ کفن کو اوڑھ کر قاتل کو ڈھونڈتے ہیں

(ਜਬ ਸੇ ਪਤਾ ਚਲਾ ਹੈ, ਮਰਨੇ ਮੇਂ ਜ਼ਿੰਦਗੀ ਹੈ,
ਸਰ ਪਰ ਕਫ਼ਨ ਕੋ ਓੜ੍ਹ ਕਰ, ਕਾਤਲ ਕੋ ਢੂੰਢਤੇ ਹੈਂ।)

ਤੇ ਤੁਰਿਆ ਵੀ ਕਿਸੇ ਨਿੱਜੀ ਜਾਂ ਖ਼ਾਨਦਾਨੀ ਹਿੱਤ ਲਈ ਨਹੀਂ ਸੀ; ਆਪਣੇ ਸਿੱਖਾਂ, ਸੇਵਕਾਂ ਜਾਂ ਸ਼ਰਧਾਲੂਆਂ ਦੇ ਸੁਆਰਥ ਲਈ ਨਹੀਂ ਸੀ। ਉਹ ਤਾਂ , ਜਿਵੇਂ ਕਿ ਪਿੱਛੇ ਦਸ ਆਏ ਹਾਂ, ਸਮੁੱਚੇ ਹਿੰਦ ਦੀ ਪੱਤ-ਪਰਤੀਤ, ਅਤੇ ਸਭਿਅਤਾ ਤੇ ਸਭਿਆਚਾਰ ਦੀ ਰੱਖਿਆ, ਧਰਮ-ਕਰਮ ਦੀ ਆਜ਼ਾਦੀ ਅਤੇ ਮਾਨਵੀ ਹੱਕਾਂ ਦੀ ਬਰਕਰਾਰੀ ਆਦਿ

ਵੇਖੋ: Bamzai, *A History of Kashmir*, op.cit., p. 555; ਗਿਆਨ ਸਿੰਘ, ਗਿਆਨੀ, ਤਵਾਰੀਖ਼ ਗੁਰੂ ਖ਼ਾਲਸਾ, ਸਿਆਲਕੋਟ-1892, ਭਾਗ ਪਹਿਲਾ , ਪੰ. 278.

12. ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਸਲੋਕ ਮਹਲਾ 9, ਨੰ. 53, ਪੰ. 1429.

13. ਉਕਤ, ਸਲੋਕ ਮਹਲਾ 9, ਨੰ. 54, ਪੰ. 1429.

ਇਸ ਦੋਹਰੇ ਦੇ ਕਰਤਿਤਵ ਬਾਰੇ ਚੋਖਾ ਵਿਚਾਰ-ਵਖੇਵਾਂ ਹੈ। ਦਾਸ ਵਲੋਂ ਦੇਸ-ਪਰਦੇਸ ਵੇਖੀਆਂ ਬਹੁਤ ਸਾਰੀਆਂ ਹੱਥ-ਲਿਖਤ ਬੀੜਾਂ ਵਿਚ ਇਹ 'ਮਹਲਾ 10' ਕਰਕੇ ਵਿਦਿਤ ਅਤੇ ਅੰਕਿਤ ਹੈ।

ਵੰਨਗੀਆਂ ਲਈ ਵੇਖੋ: Tarlochan Singh, *Guru Tegh Bahadur : Prophet and Martyr*, op.cit., ਦੇ ਪੰਨਾ 331 ਸਾਹਵੇਂ ਸੰਚਿਤ ਦੋ ਤਸਵੀਰੀ ਉਤਾਰੇ ਜੋ ਸੰਨ 1705 ਤੇ 1707 ਵਿਚ ਤਿਆਰ ਹੋਈਆਂ ਬੀੜਾਂ ਵਿੱਚੋਂ ਲਏ ਹੋਏ ਹਨ।

ਲਈ, ਬੜੀ ਦਲੇਰੀ ਤੇ ਦ੍ਰਿੜ੍ਹਤਾ ਨਾਲ, ਭਰਪੂਰ 'ਚੜ੍ਹਦੀ ਕਲਾ' ਵਿਚ ਵਿਗਸਦੇ, ਸਿਰ ਤਲੀ ਉੱਤੇ ਰਖ ਕੇ ਨਿਸੰਗ ਤੁਰ ਪਏ ਸਨ। ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਜੇ ਉਹ ਦਿੱਲੀ ਪਹੁੰਚ ਕੇ, ਉਦੋਂ ਦੇ ਮੁਗ਼ਲ ਬਾਦਸ਼ਾਹ ਨੂੰ ਆਪਣੀ ਨੀਤ ਤੇ ਨੀਤੀ ਬਦਲਣ ਲਈ ਪਰੇਰ ਨਾ ਸਕੇ ; ਅਤੇ, ਇਸ ਦੇ ਉਲਟ, ਜੇ ਉਹ ਖ਼ੁਦ ਉਸ ਦੇ ਜਬਰ ਤੇ ਜ਼ੁਲਮ ਦਾ ਸ਼ਿਕਾਰ ਹੋ ਗਏ, ਤਾਂ ਬਾਲ-ਗੋਬਿੰਦ ਜੀ ਦੀ ਮੌਜੂਦਗੀ ਇਸ ਗੱਲ ਦੀ ਗਰੰਟੀ ਹੈ ਕਿ ਹਿੰਦੁਸਤਾਨ ਵਿਚ ਧਰਮ ਤੇ ਧਰਮੀਆਂ ਦੀ ਹੀ ਜੈ ਹੋਵੇਗੀ, ਅਤੇ ਇਸ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਉਨ੍ਹਾਂ ਦੀ ਹਿੰਮਤ, ਸਿਦਕ ਤੇ ਅਗਵਾਈ ਸਦਕੇ ਛੇਤੀ ਹੀ ਟੁਟ ਜਾਣਗੀਆਂ। ਤਦੇ ਤਾਂ, ਉਨ੍ਹਾਂ ਨੇ ਬੜੇ ਮਾਣ ਤੇ ਵਿਸ਼ਵਾਸ਼ ਨਾਲ ਇਹ ਵੀ ਫ਼ੁਰਮਾਅ ਦਿੱਤਾ ਸੀ :

> ਨਾਮੁ ਰਹਿਓ, ਸਾਧੂ ਰਹਿਓ,
> ਰਹਿਓ ਗੁਰੁ ਗੋਬਿੰਦੁ।[14]

ਤੇ ਜੇ ਗੁਰੂ-ਪਿਤਾ ਨੇ ਆਪਣੇ ਨਿੱਕੇ ਜਹੇ ਪਰ ਹੋਣਹਾਰ ਤੇ ਸੂਰਬੀਰ ਸਪੁੱਤਰ ਦੀ 'ਚੜ੍ਹਦੀ ਕਲਾ' ਅਤੇ ਅੰਤਮ ਜਿੱਤ ਬਾਰੇ ਅਜਿਹੇ ਭਵਿੱਖ-ਵਾਕ ਕਹਿ ਕੇ, ਆਉਂਦੇ ਸਮੇਂ ਤੇ ਸਥਿਤੀ ਦੀ ਅਗਵਾਨੀ ਕੀਤੀ ਸੀ, ਤਾਂ ਨੂਰਾਨੀ ਪੁੱਤਰ ਨੇ ਉਨ੍ਹਾਂ ਦੇ ਹਿਰਦਾ-ਵੇਧਕ 'ਕਤਲ' ਨੂੰ ਕਲਜੁਗ ਦਾ ਇਕ ਮਹਾਨ ਤੇ ਬੇਮਿਸਾਲ ਕਾਰਨਾਮਾ ਦਸਦਿਆਂ, ਉਸ ਦੀ ਇਕ ਅਜਿਹੀ 'ਦਾਸਤਾਨ' ਲਿਖੀ ਸੀ ਜੋ ਮਾਨਵ-ਇਤਿਹਾਸ ਦੀ ਇਕ ਸੁਨਹਿਰੀ, ਯਾਦਗਾਰੀ ਤੇ ਉਭਾਰੂ ਲਿਖਤ ਹੈ। ਇਹ ਕਿਸੇ ਅਨਾਥ ਬਾਲ ਦੀਆਂ ਦੁੱਖ-ਰੋਣੀਆਂ ਜਾਂ ਉਸ ਦੀ ਵਿਧਵਾ ਮਾਂ ਦੀਆਂ ਅਲਾਹੁਣੀਆਂ ਦਾ ਬਿਆਨ ਹੋਣ ਦੀ ਥਾਂ, ਇਕ ''ਮਰਦ-ਅਗੰਮੜੇ'' ਦੇ ਹੱਠ, ਸਿਦਕ, ਫ਼ਖ਼ਰ ; ਦਲੇਰੀ ਤੇ 'ਚੜ੍ਹਦੀ ਕਲਾ' ਦਾ ਬੇਬਾਕ ਤੇ ਹੋਣੀਆਂ-ਭਰਪੂਰ ਐਲਾਨ ਹੈ :

> ਤਿਲਕ ਜੰਞੂ[15] ਰਾਖਾ ਪ੍ਰਭ ਤਾਕਾ,[16]
> ਕੀਨੋ ਬਡੋ ਕਲੂ[17] ਮਹਿ ਸਾਕਾ[18]।
> ਸਾਧਨ ਹੇਤਿ[19], ਇਤੀ[20] ਜਿਨਿ ਕਰੀ ;
> ਸੀਸੁ ਦੀਆ, ਪਰ ਸੀ ਨ ਉਚਰੀ।
> ਧਰਮ ਹੇਤ ਸਾਕਾ ਜਿਨਿ ਕੀਆ,
> ਸੀਸੁ ਦੀਆ ਪਰੁ ਸਿਰਰੁ[21] ਨਾ ਦੀਆ। ....

---

14. ਗੁਰੂ ਗ੍ਰੰਥ ਸਾਹਿਬ, ਉਹੀ, ਸਲੋਕ ਨੰ. 56, ਪੰ. 1429.

15. ਹਿੰਦੂਆਂ ਦੇ ਪਵਿੱਤਰ ਧਾਰਮਕ ਚਿੰਨ, ਟਿੱਕਾ ਤੇ ਜਨੇਊ; ਭਾਵ ਧਰਮ-ਕਰਮ, ਅਰਥਾਤ ਹਿੰਦੂ ਸਭਿਅਤਾ ਤੇ ਸਭਿਆਚਾਰ, ਇਤਿਆਦਿ।

16. ਉਨ੍ਹਾਂ ਦਾ, ਅਰਥਾਤ ਕਸ਼ਮੀਰੀ ਪੰਡਤਾਂ ਅਤੇ ਸਮੂਹ ਹਿੰਦੂ ਜਾਤੀ ਤੇ ਸਭਿਅਤਾ ਦਾ।

17. ਕਲਯੁਗ।

18. ਮਹਾਨ ਯਾਦਗਾਰੀ ਕੰਮ, ਕਾਰਨਾਮਾ ; ਭਾਵ ਧਰਮ-ਹੇਤ ਬਲੀਦਾਨ।

19. ਸੰਤਾਂ, ਭਾਵ ਧਰਮੀਆਂ ਲਈ।

20. ਹੱਦ (ਕੁਰਬਾਨੀ ਦੀ)।

21. ਮਰਮ; ਭੇਦ; ਰਾਜ਼; ਰਹੱਸ; ਸਿਦਕ, ਧਰਮ ਹੱਠ; ਪਰਤੱਗਿਆ (ਸੱਚ-ਧਰਮ ਦਾ ਦ੍ਰਿੜ੍ਹ ਇਰਾਦਾ)।

ਠੀਕਰ [22] ਫੋਰਿ [23], ਦਿਲੀਸ ਸਿਰਿ [24],
ਪ੍ਰਭ ਪੁਰ [25] ਕੀਯਾ ਪਯਾਨ [26];
ਤੇਗ਼ ਬਹਾਦਰ ਸੀ ਕ੍ਰਿਆ [27],
ਕਰੀ ਨਾ ਕਿਨਹੂੰ [28] ਆਨਿ ।[29]

ਉਹ ''ਧਰਮ-ਹੇਤ ਸਾਕਾ'' 11 ਨਵੰਬਰ 1675 ਨੂੰ ਹਿੰਦੁਸਤਾਨ ਦੀ ਰਾਜਧਾਨੀ, ਦਿੱਲੀ, ਦੇ ਪ੍ਰਸਿੱਧ ਚੌਰਾਹੇ, ਚਾਂਦਨੀ ਚੌਕ, ਵਿਚ ਵਾਪਰਿਆ ਸੀ । ਇਸ ਨੇ ਮਗਰੋਂ ਤਾਂ ਭਾਵੇਂ ਸਦੀਆਂ ਤੋਂ ਠੰਢੇ ਪੈ ਚੁਕੇ ਖ਼ੂਨ ਨੂੰ ਗਰਮਾਅ ਦਿੱਤਾ ਸੀ ਅਤੇ ਇਕ ਅਜਿਹੀ ਅੰਨ੍ਹੇਰੀ ਝੁਲਾਅ ਦਿੱਤੀ ਸੀ ਜਿਸ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਤਕ ਉਖੇੜ ਦਿੱਤੀਆਂ ਸਨ । ਪਰ ਉਦੋਂ, ਜਦੋਂ ਇਹ ਵਾਪਰਿਆ ਸੀ, ਤਾਂ ਜਿਸ ਜੰਞੂ ਤੇ ਤਿਲਕ ਦੇ ਧਾਰਨੀ ਹਿੰਦੂਆਂ ਦੇ ਧਰਮ ਤੇ ਕਰਮ ਅਤੇ ਸਭਿਅਤਾ ਤੇ ਸਭਿਆਚਾਰ ਦੀ ਰੱਖਿਆ ਲਈ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦਿੱਤਾ ਸੀ, ਉਨ੍ਹਾਂ ਵਿਚੋਂ ਕਿਸੇ ਨੇ ਵੀ ਕੋਈ ਰੋਸ ਜਾਂ ਵਿਰੋਧ ਕਰਨਾ ਤਾ ਕਿਤੇ ਰਿਹਾ, ਖੁਲ੍ਹੇਆਮ ਹਾਅ ਦਾ ਹਉਕਾ ਭਰਨ ਦਾ ਵੀ ਹੀਆ ਨਹੀਂ ਕੀਤਾ ਸੀ ।

ਹੋਰ ਤਾਂ ਹੋਰ, ਦਿੱਲੀ ਦੇ ਬਹੁਤ ਸਾਰੇ ਸਿੱਖ ਵੀ ਇੰਨੇ ਭੈਭੀਤ ਹੋ ਗਏ ਸਨ ਕਿ ਉਹ ਦੇਸ-ਧਰਮ ਦੀ ਦਰਵੱਟੜੀ ਤੋਂ ਆਪਣੇ ਆਪ ਨੂੰ ਇਉਂ ਘੋਲ-ਘੁਮਾਉਣ ਵਾਲੇ ਅੱਦੁਤੀ ਸ਼ਹੀਦ ਦੇ ਮਿਰਤਕ ਸਰੀਰ ਨੂੰ ਸੰਭਾਲਣਾ ਤੇ ਸਸਕਾਰਨਾ ਤਾਂ ਕਿਤੇ ਰਿਹਾ, ਉਨ੍ਹਾਂ ਦੇ ਨਾਮਲੇਵਾ ਤਕ ਅਖਵਾਉਣ ਤੋਂ ਵੀ ਕੰਨੀ ਕਤਰਾਅ ਰਹੇ ਸਨ । ਉੱਚੇਰੀ ਸ਼੍ਰੇਣੀ ਜਾਂ ਸਥਾਨ ਦਾ ਸੁਆਮੀ ਕੋਈ ਵੀ ਸਿੱਖ ਉਨ੍ਹਾਂ ਦੀ ਵੱਢੀ ਹੋਈ ਪਾਵਨ ਦੇਹ ਨੂੰ ਚੁਕਣ ਤੇ ਸੰਭਾਲਣ ਲਈ ਅਗੇ ਨਹੀਂ ਵਧਿਆ ਸੀ । ਜਿਵੇਂ ਕਿ ਪਿਛੇ ਦਸ ਆਏ ਹਾਂ, ਕੇਵਲ ਇਕ ਲੁਬਾਣੇ ਸਿੱਖ ਨੇ ਹੀ, ਸਖ਼ਤ ਸਰਕਾਰੀ ਪਹਿਰੇ ਤੋਂ ਨਜ਼ਰ ਬਚਾਅ ਕੇ, ਉਨ੍ਹਾਂ ਦੇ ਮੁਬਾਰਕ ਧੜ ਨੂੰ ਚੁਕ ਲਿਆਉਣ ਤੇ ਆਪਣੇ ਕੁੱਲੀ-ਕੋਠੇ ਨੂੰ ਅੱਗ ਲਾ ਕੇ ਸਸਕਾਰਨ ਦਾ ਭਾਰੀ ਹੌਸਲਾ ਤੇ ਯਾਦਗਾਰੀ ਉੱਦਮ ਕੀਤਾ ਸੀ । ਉਨ੍ਹਾਂ ਦਾ ਪਾਵਨ ਸੀਸ ਵੀ ਇਕ ਰੰਘਰੇਟਾ ਸਿੱਖ ਆਪਣਾ ਸਿਰ [30] ਤਲੀ ਉਤੇ ਧਰ ਕੇ, ਉਸ ਭਿਆਨਕ 'ਕਤਲਗਾਹ' ਤੋਂ ਕੇਵਲ ਚੁਕ ਹੀ ਨਹੀਂ ਲਿਆਇਆ ਸੀ, ਸਗੋਂ ਤੋੜ ਆਨੰਦਪੁਰ ਪਹੁੰਚ ਕੇ, ਉਨ੍ਹਾਂ ਦੇ ਸਪੁੱਤਰ ਤੇ ਸੁਪਤਨੀ ਦੇ ਹਵਾਲੇ ਵੀ ਕਰ ਆਇਆ ਸੀ ।[31] ਭਾਈ ਸੰਤੋਖ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਤੇ ਡਾ.ਗੰਡਾ ਸਿੰਘ ਅਨੁਸਾਰ, He (Guru Gobind Singh) was very sorry to learn that at the time of trial very few Sikhs, with the exception of the immediate followers, had shown the courage of their convictions. When questioned by the officials as to whether they were Sikhs, they had the weakness to deny their religion.[32] ਅਰਥਾਤ, "ਗੁਰੂ ਗੋਬਿੰਦ ਸਿੰਘ ਨੂੰ ਇਹ ਜਾਣ ਕੇ ਬੜਾ

---

22. ਠੀਕਰਾ (ਸਰੀਰ ਦਾ) । 23. ਭੰਨ ਤੋੜ ਕੇ ।
24. ਦਿੱਲੀ ਦੇ ਮਾਲਕ, ਅਰਥਾਤ ਔਰੰਗਜ਼ੇਬ ਬਾਦਸ਼ਾਹ ਦੇ ਸਿਰ ਉਤੇ ।
25. ਵਾਹਿਗੁਰੂ ਦੇ ਦੇਸ । 26. ਚਲਾਣਾ, ਚੜ੍ਹਾਈ ।
27. ਵਰਗੀ ਕਰਨੀ, ਕਾਰਨਾਮਾ । 28. ਹੋਰ ਕਿਸੇ ਨੇ ਵੀ ।
29. ਸ੍ਰੀ ਦਸਮ ਗ੍ਰੰਥ ਸਾਹਿਬ, ਉਹੀ, ਪੰ.70, ਬਚਿੱਤ੍ਰ ਨਾਟਕ, ਧਿਆਇ ਨੰ. 4,ਚੌਪਈ, ਪਦ ਨੰ.13-15.
30. ਭੱਟ ਵਹੀ ਜਾਦੋ ਬੰਸੀ ਬੜ੍ਹਤੀਆਂ ਕੀ ਅਨੁਸਾਰ; ਸੇਵਾ ਸਿੰਘ, ਸ਼ਹੀਦ ਬਿਲਾਸ, ਉਹੀ, ਪੰਨਾ 23.
31. ਸੇਵਾ ਦਾਸ ਉਦਾਸੀ, ਪਰਚੀਆਂ, ਮਿਤੀ 1708, ਉਹੀ, ਪਰਚੀ ਨੰ. 12; ਸੰਪਾਦਿਤ ਪਾਠ, ਪੰ. 132;
32. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ , ਉਹੀ, ਰੁਤ 1, ਅੰਸੂ 7, ਪਦ 8; ਸੰਪਾਦਿਤ ਗ੍ਰੰਥਾਵਲੀ,

ਅਫ਼ਸੋਸ ਹੋਇਆ ਸੀ ਕਿ ਉਸ ਪਰਖ ਤੇ ਪਰੀਖਿਆ ਸਮੇਂ, ਉਨ੍ਹਾਂ ਦੇ ਨਿਕਟਤਮ ਸ਼ਰਧਾਲੂਆਂ ਤੋਂ ਛੁਟ, ਬਹੁਤ ਥੋੜੇ ਸਿੱਖਾਂ ਨੇ ਹੀ ਆਪਣਾ ਵਿਸ਼ਵਾਸ ਪਰਗਟ ਕਰਨ ਦੀ ਦਲੇਰੀ ਕੀਤੀ ਸੀ। ਸਰਕਾਰੀ ਅਫ਼ਸਰਾਂ ਨੇ ਜਦੋਂ ਉਨ੍ਹਾਂ ਤੋਂ ਇਹ ਪੁਛਿਆ ਸੀ ਕਿ ਕੀ ਉਹ ਸਿੱਖ ਸਨ ਤਾਂ ਉਨ੍ਹਾਂ ਨੇ ਆਪਣੇ ਧਰਮ ਤੋਂ ਨਾਬਰ ਹੋਣ ਦੀ ਕਮਜ਼ੋਰੀ ਵੀ ਪ੍ਰਗਟ ਕਰ ਦਿੱਤੀ ਸੀ।"[32]

ਕਾਰਨ ਇਹ ਕਿ ਉਦੋਂ ਉਥੇ, ਚਾਰੇ ਪਾਸੇ, ਇਕ ਗੰਭੀਰ ਅਤੇ ਘਾਤਕ ਦਹਿਸ਼ਤ ਫੈਲ ਗਈ ਸੀ ; ਅਤੇ ਇਕ ਖ਼ੌਫ਼ਨਾਕ ਮੁਰਦਿਹਾਣ ਜਹੀ ਛਾ ਗਈ ਸੀ ਜੋ ਕਾਫ਼ੀ ਹੱਦ ਤਕ ਸੁਭਾਵਕ ਵੀ ਸੀ। ਸਤਿਗੁਰੂ ਦੇ ਜੀਊਂਦੇ-ਜੀ, ਉਨ੍ਹਾਂ ਦੇ ਤਿੰਨ ਪ੍ਰਮੁੱਖ ਸਿਦਕੀ ਸਿੱਖਾਂ-ਸਾਥੀਆਂ ਨੂੰ ਜਿਸ ਬੇਦਰਦੀ ਨਾਲ 'ਕਤਲ' ਕੀਤਾ ਗਿਆ ਸੀ;[33] ਅਤੇ ਜੋ ਕੁਝ ਸਤਿਗੁਰੂ ਦੇ ਆਪਣੇ ਸਿਰ ਦਿਨ-ਦਿਹਾੜੇ, ਸਰੇ ਬਜ਼ਾਰ, ਚਾਂਦਨੀ ਚੌਕ ਵਿਚ ਬੀਤਿਆ ਸੀ, ਉਸ ਨੇ ਸੈਂਕੜੇ ਸਾਲਾਂ ਦੀ ਗ਼ੁਲਾਮੀ ਤੇ ਮੁਥਾਜੀ ਦੇ ਭਾਰ ਹੇਠ ਦਬੇ-ਕੁਚਲੇ ਹੋਏ ਹਿੰਦੁਸਤਾਨੀਆਂ ਨੂੰ ਠਠੰਬਰਾਅ ਦਿੱਤਾ ਸੀ, ਸਾਹ-ਸਤਹੀਨ ਕਰ ਦਿੱਤਾ ਸੀ।

3
ਮੁਸ਼ਕਲਾਂ, ਮੁਸੀਬਤਾਂ ਅਤੇ ਮਸਲੇ

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ-ਸਤ-ਹੀਨ ਹਾਲਾਤ ਵਿਚ ਲਗਪਗ ਨੌਂ ਵਰ੍ਹੇ ਦੇ ਬਾਲ, ਸ੍ਰੀ ਗੋਬਿੰਦ ਦਾਸ ਜੀ, ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੁਰਗੱਦੀ ਅਤੇ ਉਸ ਦੀ ਬੜੀ ਭਾਰੀ ਜ਼ਿੰਮੇਵਾਰੀ ਸੰਭਾਲਣੀ ਪੈ ਗਈ ਸੀ।

ਉਮਰ ਬਾਲਾਂ ਜਿੰਨੀ ਨਿੱਕੀ ਤੇ ਜ਼ਿੰਮੇਵਾਰੀ ਪਹਾੜਾਂ ਜਿੰਨੀ ਵੱਡੀ ਸੀ! ਮੁਸੀਬਤਾਂ ਚਾਰੇ ਪਾਸੇ ਮੂੰਹ ਅੱਡੇ ਖੜੀਆਂ ਸਨ, ਅਤੇ ਮੁਸ਼ਕਲਾਂ ਸਾਰੇ ਰਾਹ ਰੋਕੇ ਬੈਠੀਆਂ ਸਨ।

ਸਿਰ ਪਿਓ ਨਹੀਂ, ਕੋਈ ਭੈਣ ਨਹੀਂ, ਕੋਈ ਭਰਾ ਨਹੀਂ। ਜਿਥੋਂ ਤਕ ਸ਼ਰੀਕੇ ਦਾ ਸਬੰਧ ਸੀ, ਉਹ ਤਾਂ ਪਹਿਲਾਂ ਹੀ ਖਾਣ ਨੂੰ ਪੈਂਦਾ ਸੀ। ਜਿਨ੍ਹਾਂ 'ਮੀਣਿਆਂ' ਤੇ 'ਧੀਰਮਲੀਆਂ' ਨੇ ਸੁਰਗਵਾਸੀ ਪਿਤਾ ਜੀ ਲਈ ਗੁਰ-ਗੱਦੀ ਪਰਾਪਤੀ ਦੀ ਸੋਅ ਸੁਣਦਿਆਂ ਹੀ, ਉਨ੍ਹਾਂ ਨੂੰ ਇਸ ਤੋਂ ਵਾਂਝਿਆਂ ਕਰਨ ਲਈ ਰੱਜ ਕੇ ਨਿੰਦਿਆ ਤੇ ਭੰਡਿਆ ਸੀ ; ਜਿਨ੍ਹਾਂ ਲੋਭੀਆਂ ਤੇ ਪਾਖੰਡੀਆਂ ਨੇ ਅੱਠਵੇਂ ਪਾਤਸ਼ਾਹ, ਗੁਰੂ ਹਰਿਕ੍ਰਿਸ਼ਨ ਜੀ, ਦੇ ਮੁਖਾਰਬਿੰਦ ਤੋਂ ਅੰਤਮ ਸਮੇਂ ਉਚਰੇ ਪਾਵਨ ਬਚਨ, ''ਬਾਬਾ ਬਕਾਲੇ'', ਦੀ ਸੇਧ ਤੇ ਸੰਕੇਤ ਨੂੰ ਮੁਖ ਰਖਦਿਆਂ, ਉਨ੍ਹਾਂ ਦਾ ਹੱਕ ਮਾਰਨ ਲਈ, 'ਬਾਈ ਮੰਜੀਆਂ' ਲਾ ਕੇ ਗੁਰੂ-ਡੰਮ ਦਾ ਮੱਕੜੀ-ਜਾਲ ਵੀ ਤਣ ਦਿੱਤਾ ਸੀ, ਉਹ ਹੁਣ ਉਨ੍ਹਾਂ ਦੇ ਨਿਆਣੇ ਤੇ ਇਕੱਲੇ ਬੱਚੇ ਦੇ ਗੁਰੂ ਬਣ ਜਾਣ ਨਾਲ ਕਿੰਨੇ ਕੁ ਰਾਜ਼ੀ ਜਾਂ ਸੰਤੁਸ਼ਟ ਹੋਏ ਹੋਣੇ ਸਨ!

ਉਹੀ, ਜਿਲਦ 11, ਪੰ. 4523; Teja Singh & Ganda Singh, *A Short History of the Sikhs*, op.cit., p. 59.

33. ਮਤੀ ਦਾਸ ਚਿਰਾਇਆ ਫਾੜਿਆ,
ਦਿਆਲਾ ਦੇਗ ਵਿਚ ਸਾੜਿਆ।

ਉਨ੍ਹਾਂ, ਦੀਆਂ ਪਾਵਨ ਸ਼ਹੀਦੀਆਂ ਦੇ ਵੇਰਵੇ ਲਈ ਵੇਖੋ : ਗੁਰੂ ਤੇਗ਼ ਬਹਾਦਰ : ਹਿੰਦ ਦੀ ਚਾਦਰ, ਸੰਪਾਦਿਤ ਵਲੋਂ ਪ੍ਰੋ.ਐਮ.ਜੀ. ਗੁਪਤਾ, ਫਰੀਦਕੋਟ -1993 ਵਿਚ ਸੰਚਿਤ ਖੋਜ-ਪੱਤਰ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਨਮੁੱਖ ਸ਼ਹੀਦ ਹੋਏ ਗੁਰਸਿੱਖ ਕ੍ਰਿਤ ਡਾ.ਹਰਨਾਮ ਸਿੰਘ ਸ਼ਾਨ, ਪੰਨੇ 52-68.

ਜਿਸ ਸ਼ਰੀਕੇ ਨੇ ਕੇਵਲ ਯਾਰ੍ਹਾਂ ਵਰ੍ਹੇ ਪਹਿਲਾਂ, ਮਸੰਦਾਂ ਨਾਲ ਰਲ ਕੇ, ਇਸ ਮੁਬਾਰਕ ਬਾਲ ਦੇ ਗੁਰੂ-ਪਿਤਾ ਉਤੇ ਹੱਲਾ ਕਰਵਾਇਆ, ਗੋਲੀ ਚਲਵਾਈ ਤੇ ਮਾਲ-ਮੱਤਾ ਵੀ ਲੁਟ-ਲੁਟਵਾ ਲਿਆ ਸੀ, ਉਹ ਹੁਣ ਉਨ੍ਹਾਂ ਦੇ ਅਕਾਲਚਲਾਣੇ ਪਿੱਛੋਂ, ਉਸ ਦੇ ਜਾਂ ਉਸ ਦੀ ਪਾਵਨ 'ਵਿਧਵਾ' ਮਾਂ ਦਾ ਕਿੰਨਾ ਕੁ ਹਿਤੈਸ਼ੀ ਜਾਂ ਹਮਦਰਦ ਬਣ ਗਿਆ ਹੋਵੇਗਾ !! ਉਸ ਦੇ ਲੋਭ, ਈਰਖਾ ਤੇ ਬਦਲੇ ਦੀ ਅੱਗ ਇਸ 'ਨਿਆਣੇ ਤੇ ਅਨਾਥ ਬਾਲ' ਨੂੰ ਗੁਰ-ਗੱਦੀ ਦਾ, ਜਿਸ ਨੂੰ ਕਿ ਉਹ ਆਪਣਾ ਖ਼ਾਨਦਾਨੀ ਹੱਕ ਸਮਝ ਰਹੇ ਸਨ, ਮਾਲਕ ਜਾਂ ਵਾਰਿਸ ਬਣਿਆ ਵੇਖ ਕੇ ਤਾਂ ਸਗੋਂ ਹੋਰ ਭੜਕੀ ਹੀ ਹੋਣੀ ਹੈ।

ਤੇ ਜੇ ਉਮਰ ਛੋਟੀ, ਸਮਾਂ ਬਿਖੜਾ, ਜਨਤਾ ਸਾਹਸਤਹੀਨ, ਸਿੱਖੀ ਭੈਭੀਤ ਤੇ ਸਰੀਕਾ ਵਿਰੋਧੀ ਸੀ ; ਤਾਂ ਸਮਾਜ ਕਿੰਨਾ ਕੁ ਸੁਖਾਵਾਂ, ਸੁਹਿਰਦ ਤੇ ਹਮਦਰਦ ਸੀ ! ਬੁੱਢ-ਪੁਰਾਣੇ ਬੰਧਨਾਂ ਤੇ ਰੀਤਾਂ-ਰਸਮਾਂ ਨਾਲ ਜਕੜੇ ਹੋਏ ਲੋਕ, ਸਦੀਆਂ ਦੀ ਰਾਜਨੀਤਕ, ਸਮਾਜਕ ਤੇ ਮਾਨਸਕ ਗ਼ੁਲਾਮੀ ਕਾਰਨ, ਖੀਣ, ਕਾਇਰ ਤੇ ਪਿਛਾਂਹ-ਖਿੱਚੂ ਬਣ ਚੁਕੇ ਸਨ। ਜਾਤ-ਪਾਤ ਦੀ ਤਮੀਜ਼, ਊਚ-ਨੀਚ ਦੇ ਵਿਤਕਰੇ ਤੇ ਸੰਪ੍ਰਦਾਇਕ ਮਤ-ਭੇਦ ਨੇ ਦੇਸ਼ ਦੇ ਸਮਾਜਕ ਜੀਵਨ ਨੂੰ ਨਿਰਜਿੰਦ ਤੇ ਖੇਰੂੰ-ਖੇਰੂੰ ਕਰ ਦਿੱਤਾ ਸੀ। ਜਾਤ-ਅਭਿਮਾਨ ਤੇ ਇਹਦੀ ਮਨਾਪਲੀ ਇਥੋਂ ਤਕ ਵਧ ਚੁਕੀ ਸੀ ਕਿ ਆਪ ਦੀ ਗੱਦੀ-ਨਸ਼ੀਨੀ ਤੋਂ ਵਰ੍ਹਾ ਕੁ ਪਹਿਲਾਂ, ਸੰਨ 1674 ਵਿਚ, ਛੱਤਰਪਤੀ ਸ਼ਿਵਾ ਜੀ ਨੂੰ ਆਪਣੀ ਤਾਜਪੋਸ਼ੀ ਸਮੇਂ ਅਜਿਹੀ ਖੇਚਲ, ਖ਼ਰਚ ਤੇ ਨਮੋਸ਼ੀ ਵੇਖਣੀ ਪਈ ਸੀ ਕਿ ਜਿਸ ਦਾ ਬਿਆਨ ਪੜ੍ਹ-ਸੁਣ ਕੇ ਅਕਲ ਹੈਰਾਨ ਤੇ ਸ਼ਰਮਸਾਰ ਹੋ ਜਾਂਦੀ ਹੈ। ਆਪਣੀ ਬਹਾਦਰੀ ਤੇ ਜਾਂਬਾਜ਼ੀ ਦੁਆਰਾ ਪਰਾਪਤ ਕੀਤੇ ਰਾਜ-ਸਿੰਘਾਸਨ ਲਈ 'ਯੋਗ' ਮੰਨੇ ਜਾਣ ਵਾਸਤੇ, ਉਨ੍ਹਾਂ ਨੂੰ ਸਮਾਜਕ ਤੌਰ ਤੇ ''ਨੀਚੋਂ-ਊਚ-ਕਰਨ'' ਲਈ, ਦੇਸ਼ ਭਰ ਦੇ ਯਾਰ੍ਹਾਂ ਹਜ਼ਾਰ ਪੰਡਤ, ਬਾਲ-ਬੱਚੇ ਸਮੇਤ, ਪੂਨਾ ਵਿਖੇ ਚਾਰ ਮਹੀਨੇ ਉਨ੍ਹਾਂ ਦੇ 'ਮਹਿਮਾਨ' ਬਣੇ ਰਹੇ ਸਨ। ਤੇ ਅਖ਼ੀਰ ਲੱਖਾਂ ਰੁਪਏ ਖ਼ਰਚ ਕੇ, ਉਹ ਮਸਾਂ ਕਿਤੇ ''ਕਸ਼ੱਤਰੀ'' ਅਖਵਾਉਣ ਤੇ ਰਾਜ-ਤਿਲਕ ਲੁਆਉਣ ਦਾ 'ਹੱਕ', 'ਯੋਗਤਾ' ਤੇ 'ਪਰਵਾਨਗੀ' ਪਰਾਪਤ ਕਰ ਸਕੇ ਸਨ ! [1]

ਗੁਰੂ ਗੋਬਿੰਦ ਸਿੰਘ ਵੀ ਤਾਂ ਉਸੇ ਸਮਾਜਕ ਢਾਂਚੇ ਤੇ ਚੁਗਿਰਦੇ ਦੇ ਜੰਮ-ਪਲ ਸਨ। ਆਪ ਨੇ ਉਨ੍ਹਾਂ ਧਰਮ ਤੇ ਸਮਾਜ ਦੇ ਅਜਿਹੇ ਅਖੌਤੀ ਠੇਕੇਦਾਰਾਂ ਨੂੰ ਜਦੋਂ ਆਪਣੇ ਕੌਮੀ, ਉਸਾਰੂ ਤੇ ਬੰਧਨ-ਛੁਡਾਊ ਪਰੋਗਰਾਮ ਵਿਚ ਸ਼ਾਮਲ ਹੋਣ ਲਈ ਸੱਦਿਆ ਸੀ ਤਾਂ ਉਨ੍ਹਾਂ ਨੇ ਨੱਕ ਚੜ੍ਹਾਉਂਦਿਆਂ, ਸਾਫ਼ ਆਖ ਦਿੱਤਾ ਸੀ : ''ਜਿਸ ਪਰੋਗਰਾਮ ਦੇ ਅਧੀਨ ਸਾਨੂੰ ਨੀਚਾਂ ਤੇ ਅਛੂਤਾਂ ਨਾਲ ਇੱਕੋ 'ਪੰਗਤ' ਵਿਚ ਬਹਿਣਾ-ਖਾਣਾ ਅਤੇ ਇੱਕੋ 'ਸੰਗਤ' ਵਿਚ ਧਰਮ-ਕਰਮ ਕਰਨਾ ਲਾਜ਼ਮੀ ਹੋਣਾ ਹੈ, ਉਸ ਵਿਚ ਸ਼ਾਮਲ ਹੋਣਾ ਤਾਂ ਕਿਤੇ ਰਿਹਾ, ਉਸ ਬਾਰੇ ਤਾਂ ਅਸੀਂ ਕੁਝ ਸੁਣਨ-ਸੋਚਣ ਲਈ ਵੀ ਤਿਆਰ ਨਹੀਂ''। ਇਸੇ ਅਭਿਮਾਨ-ਪੂਰਤ ਤਾਅਨੇ ਦਾ ਜਵਾਬ ਦੇਂਦਿਆਂ, ਨੀਚਾਂ ਨੂੰ ਊਚ ਕਰਨ ਵਾਲੇ ਦਸਮੇਸ਼ ਜੀ ਨੇ ਮਾਨੋ ਹਿੱਕ ਥਾਪੜ ਕੇ ਆਖਿਆ ਸੀ : ''ਜਦੋਂ ਤਕ ਮੈਂ ਇਨ੍ਹਾਂ ਅਖੌਤੀ ਨੀਚਾਂ ਤੇ ਨਿਰਧਨਾਂ ਨੂੰ ਇਸੇ ਦੇਸ਼ ਦੇ 'ਸਰਦਾਰ' (chief) ਨਹੀਂ ਬਣਾ ਦਿਆਂਗਾ, ਉਦੋਂ ਤਕ ਮੈਂ ਆਪਣਾ ਨਾ 'ਗੋਬਿੰਦ ਸਿੰਘ' ਧਰਾਉਣ ਦਾ ਵੀ ਹੱਕਦਾਰ ਨਹੀਂ ਹੋਵਾਂਗਾ''।

ਨਾਮ ਗ਼ਰੀਬ-ਨਿਵਾਜ਼ ਹਮਾਰਾ,
ਹੈ ਜਗ ਮੇਂ ਪਰਸਿੱਧ ਅਪਾਰਾ।
ਸੋ ਸਫ਼ਲਾ ਜਗ ਮੈਂ ਤਬ ਥੈ ਹੈ,
ਲਘੁ[2] ਜਾਤਿਨ ਕੋ ਬਡਪਨ ਦੈ ਹੈ।

---

1. ਵੇਖੋ: Swami, D.T., *The Menace of Hindu Imperialism*, Lahore-1941, p.166.
2. ਛੋਟੀ ; ਨੀਚ।

ਜਿਨ ਕੀ ਜਾਤਿ ਔਰ ਕੁਲ ਮਾਹੀਂ,
ਸਰਦਾਰੀ ਨਹਿ ਭਈ ਕਦਾਹੀਂ।
ਕੀਟਨ[3] ਤੈ ਇਨ ਕੋ ਮ੍ਰਿਗਿੰਦ੍ਰ[4],
ਕਰੋਂ ਹਰਨ[5] ਹਿਤ ਤੁਰਕ ਗਜਿੰਦ੍ਰ।[6]
ਇਨ ਹੀ ਕੋ ਸਰਦਾਰ ਬਨਾਵੇਂ,
ਤਬੈ ਗੋਬਿੰਦ ਸਿੰਘ ਨਾਮ ਕਹਾਵੇਂ।[7]

ਆਪ ਨੇ ਤਾਂ ਕੇਵਲ '' ਸਰਦਾਰੀ'' (chiefship) ਹੀ ਨਹੀਂ, ''ਪਾਤਸ਼ਾਹੀ'' (kingship) ਦੇਣ ਦਾ ਐਲਾਨ ਵੀ ਇਉਂ ਕਰ ਦਿੱਤਾ ਸੀ :

ਇਨ ਗ਼ੀਬ ਸਿੱਖਨ ਕੋ ਦਯੈ ਪਤਿਸ਼ਾਹੀ;
ਯੇ ਯਾਦ ਰਖੈਂ ਹਮਰੀ ਗੁਰਿਆਈ[8]।

ਦਸਵੇਂ ਪਾਤਸ਼ਾਹ ਦੀ ਇਸ ਖੁਲ੍ਹੀ ਵੰਗਾਰ ਤੇ ਐਲਾਨ, ਜਾਤ-ਵਰਨ ਦੇ ਵਿਰੋਧ ਅਤੇ ਸੰਗਤ-ਪੰਗਤ ਦੀ ਇਨਕਲਾਬੀ ਨੀਤੀ ਨੇ, ਉਨ੍ਹਾਂ ਨੂੰ ਧਰਮ ਤੇ ਸਮਾਜ ਦੇ ਅਜਿਹੇ ਇਜਾਰੇਦਾਰਾਂ ਦੀ ਈਰਖਾ, ਵੈਰ-ਭਾਵ ਤੇ ਫ਼ਤਵਿਆਂ ਦਾ, ਨਿਰਸੰਦੇਹ, ਨਿਸ਼ਾਨਾ ਹੀ ਬਣਾਇਆ ਹੋਵੇਗਾ। ਉਨ੍ਹਾਂ ਤੋਂ, ਘਟੋ-ਘਟ, ਕਿਸੇ ਤਰ੍ਹਾਂ ਦੇ ਪਿਆਰ-ਸਤਿਕਾਰ ਅਤੇ ਮਦਦ-ਮਿਲਵਰਤਨ ਦੀ ਆਸ ਰਖਣੀ ਤਾਂ ਹਵਾ ਨਾਲ ਗੱਲਾਂ ਕਰਨ ਵਾਲੀ ਹੀ ਗੱਲ ਸੀ।

ਅਤੇ ਜੇ ਧਰਮ ਤੇ ਸਮਾਜ ਦੇ ਠੇਕੇਦਾਰ ਮਗਰ ਪੈ ਗਏ ਸਨ ਤਾਂ ਗੁਆਂਢ-ਵਸਦੇ ਦੇਸੀ ਰਜਵਾੜੇ ਵੀ ਉਨ੍ਹਾਂ ਤੋਂ ਕਿਹੜੇ ਪਿਛੇ ਸਨ ? ਉਹ ਤਾਂ ਮੁੱਢੋਂ ਹੀ ਡਰਾਕਲ, ਸੁਆਰਥੀ ਤੇ ਈਰਖਾਲੂ ਸਨ। ਨਾਲੇ ਉਹ, ਠੀਕ ਅਰਥਾਂ ਵਿਚ, ਸਰਕਾਰੀ ਪਿੱਠੂ ਤੇ ਲੋਕ-ਦੁਸ਼ਮਣ ਵੀ ਸਨ। ਗੁਰੂ ਗੋਬਿੰਦ ਸਿੰਘ ਨੇ ਜਦੋਂ ਉਨ੍ਹਾਂ ਨੂੰ ਵੀ ਆਪਣੇ ਪਰੋਗਰਾਮ ਵਿਚ ਸ਼ਾਮਲ ਹੋਣ ਅਤੇ ਰਲ-ਮਿਲ ਕੇ ਦੇਸ਼-ਕੌਮ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸੱਦਾ ਦਿੱਤਾ ਸੀ, ਤਾਂ ਉਨ੍ਹਾਂ ਨੇ ਵੀ ਪੈਂਦੀ-ਸੱਟੇ ਇਸ ਤਰ੍ਹਾ ਦੇ ਪਜ ਪਾ ਕੇ ਟਾਲ ਦਿੱਤਾ ਸੀ; ਅਤੇ ਡਰਾਉਣ, ਸਹਿਮਾਉਣ ਤੇ ਹੌਸਲਾ ਢਾਹੁਣ ਦਾ ਭਰਵਾਂ ਜਤਨ ਵੀ ਕੀਤਾ ਸੀ :

ਅਸੀਂ ਚਿਰੀਆਂ[9], ਵੈ ਸਾਨੀ[10] ਬਾਜ,
ਹਮ ਛੈਲੇ[11], ਵੈ ਬਘਯਾੜਨ ਸਾਜ।[12]

---

3. ਕੀੜੇ, ਤੁੱਛ। 4. ਮਿਰਗਾਂ ਦੇ ਸਵਾਮੀ, ਸ਼ੇਰ, ਸਿੰਘ। 5. ਨਾਸ਼ ਕਰਨਾ।
6. ਹਾਥੀਆਂ ਦੇ ਸਰਦਾਰ ; ਸ਼੍ਰੋਮਣੀ ਹਾਥੀ।
7. ਗਿਆਨ ਸਿੰਘ, ਗਿਆਨੀ, **ਸ੍ਰੀ ਗੁਰੂ ਪੰਥ ਪ੍ਰਕਾਸ਼** ਮਿਤੀ 1874 ਈ.; ਛੇਵੀਂ ਛਾਪ, ਅੰਮ੍ਰਿਤਸਰ–1923, ਛਬੀਸਮੇ ਨਿਵਾਸ, ਪਦ 7, ਪੰ. 199; ਗਿ. ਕਿਰਪਾਲ ਸਿੰਘ ਵਲੋਂ ਸੰਪਾਦਿਤ ਛਾਪ, ਭਾਗ ਤੀਜਾ -49 ਅੰਮ੍ਰਿਤਸਰ-1973
8. ਭੰਗੂ, ਭਾਈ ਰਤਨ ਸਿੰਘ ਸ਼ਹੀਦ, **ਸ੍ਰੀ ਗੁਰੂ ਪੰਥ ਪ੍ਰਕਾਸ਼**, ਅੰਮ੍ਰਿਤਸਰ-1841, 'ਸਾਖੀ ਦਸਮੇ ਪਾਤਸਾਹਿ ਕੀ ਲਿਖਯਤੇ, ਹੋਰ ਪ੍ਰਸੰਗ,' ਚੌਪਈ, ਪਦ ਨੰ. 23; ਭਾਈ ਵੀਰ ਸਿੰਘ ਵਲੋਂ ਸੰਪਾਦਿਤ ਛਾਪ, ਅੰਮ੍ਰਿਤਸਰ-1919, ਚੌਥੀ ਛਾਪ -1962, ਪੰ .41.
9. ਚਿਰੀਆਂ : ਚਿੜੀਆਂ। 10. ਸਾਨੀ :ਸ਼ਾਹੀਨ, ਸ਼ਿਕਾਰੀ ਬਾਜ਼, ਕੁਹੀ। 11. ਛੈਲੇ : ਬਕਰੀਆਂ।
12. ਭੰਗੂ, **ਸ੍ਰੀ ਗੁਰੂ ਪੰਥ ਪ੍ਰਕਾਸ਼**, ਉਹੀ,ਚੌਪਈ, ਪਦ ਨੰ. 25; ਪੰ. 41.

ਅਰਥਾਤ, ''ਜਿਨ੍ਹਾਂ ਮੁਗ਼ਲ ਹਾਕਮਾਂ ਨਾਲ ਟੱਕਰ ਲੈਣ ਦੀ ਸੋਚ ਰਹੇ ਹੋ, ਉਹ ਤਾਂ ਸ਼ਿਕਾਰੀ ਬਾਜ਼ਾਂ ਤੇ ਬਘਿਆੜਾਂ ਵਾਂਗ ਤਕੜੇ ਤੇ ਸਤਾਣੇ ਹਨ ; ਅਤੇ ਅਸੀਂ ਹਿੰਦੁਸਤਾਨੀ, ਉਨ੍ਹਾਂ ਦੇ ਟਾਕਰੇ ਤੇ, ਚਿੜੀਆਂ ਤੇ ਬੱਕਰੀਆਂ ਵਾਂਗ ਨਿਸੱਤੇ ਤੇ ਨਿਤਾਣੇ ਹਾਂ'' ।[12]

ਗੁਰੂ ਗੋਬਿੰਦ ਸਿੰਘ ਨੇ ਤਦੇ ਤਾਂ ਲਲਕਾਰ ਕੇ ਆਖਿਆ ਸੀ : ''ਮੈਂ ਤਾਂ 'ਗੋਬਿੰਦ ਸਿੰਘ' ਅਖਵਾਉਣ ਦਾ ਹੱਕਦਾਰ ਹੀ ਉਦੋਂ ਹੋਵਾਂਗਾ, ਜਦੋਂ ਇਨ੍ਹਾਂ 'ਚਿੜੀਆਂ' ਵਿਚ ਅਜਿਹੀ ਹਿੰਮਤ, ਜੁਰੱਅਤ ਤੇ 'ਚੜ੍ਹਦੀ ਕਲਾ' ਭਰ ਦਿਆਂਗਾ ਕਿ ਇਹ ਬਾਜ਼ਾਂ ਨਾਲ ਟਕਰਾਉਣਾ ਤਾਂ ਕਿਤੇ ਰਿਹਾ, ਉਨ੍ਹਾਂ ਨੂੰ ਹਰਾਉਣ, ਦਬੋਚਣ ਤੇ ਮਾਰ ਮੁਕਾਉਣ ਦੇ ਸਮਰੱਥ ਵੀ ਹੋ ਜਾਣਗੀਆਂ'' :

ਚਿੜੀਅਨ ਸੇ ਜਬ ਬਾਜ਼ ਤੁੜਾਊਂ,
ਤਬੈ 'ਗੋਬਿੰਦ ਸਿੰਘ' ਨਾਮ ਕਹਾਊਂ ।

ਅਜਿਹੀ ਲਲਕਾਰ ਤੇ ਇਕਰਾਰ ਤੋਂ ਉਤਸ਼ਾਹਿਤ ਹੋ ਕੇ, ਉਸ 'ਸੱਚੇ ਤੇ ਸੂਰਬੀਰ ਪਾਤਸ਼ਾਹ' ਦੇ ਮੋਢੇ ਨਾਲ ਮੋਢਾ ਲਾਉਣਾ ਤਾਂ ਕਿਤੇ ਰਿਹਾ, ਉਹ ਤਾਂ ਸਗੋਂ ਉਨ੍ਹਾਂ ਦੇ ਵਿਰੁੱਧ ਸਮੇਂ ਦੇ 'ਕੂੜੇ ਤੇ ਨਿਰਦਈ ਪਾਤਸ਼ਾਹ' ਨਾਲ ਉਨ੍ਹਾਂ ਨੂੰ ਦਬਾਉਣ ਤੇ ਮਾਰ-ਮੁਕਾਉਣ ਲਈ ਗੰਢ-ਤੁਪ ਵੀ ਕਰਨ ਲਗ ਪਏ ਸਨ। ਤੇ ਸਤਿਗੁਰੂ ਨੇ ਜਦੋਂ ਉਸ ਪਰੋਗਰਾਮ ਦੀ ਪੈਰਵੀ ਤੇ ਪੂਰਤੀ ਲਈ, ਇਕੱਲਿਆਂ ਹੀ ਲੱਕ ਬੰਨ੍ਹ ਲਿਆ ਸੀ ਤਾਂ ਉਨ੍ਹਾਂ ਦੀ 'ਚੜ੍ਹਦੀ ਕਲਾ', ਸ਼ਾਹੀ ਠਾਠ ਤੇ ਸੈਨਕ ਤਿਆਰੀ ਨੇ ਜਿਥੇ ਉਨ੍ਹਾਂ ਨੂੰ ਚਿੰਤਾਤੁਰ ਕਰ ਦਿੱਤਾ ਸੀ, ਉਥੇ ਈਰਖਾ ਤੇ ਦਵੈਖ ਦੇ ਲਾਂਬੂ ਵੀ ਲਾ ਦਿੱਤੇ ਸਨ। ਇਸ ਦਾ ਇਕ ਫੌਰੀ ਤੇ ਮਾਰੂ ਨਤੀਜਾ ਇਹ ਨਿਕਲਿਆ ਸੀ ਕਿ ਉਹ ਸਾਰੇ-ਦੇ-ਸਾਰੇ ਦਸਮੇਸ਼ ਜੀ ਦੀ ਜਾਨ ਦੇ ਵੀ ਵੈਰੀ ਬਣ ਗਏ ਸਨ, ਅਤੇ ਉਨ੍ਹਾਂ ਦੇ ਪਰੋਗਰਾਮ ਲਈ ਸਭ ਤੋਂ ਪਹਿਲੀ ਤੇ ਵੱਡੀ ਰੁਕਾਵਟ ਵੀ ਉਹੀਓ ਸਿੱਧ ਹੋਏ ਸਨ। ਇਸੇ ਲਈ, ਗੁਰੂ ਗੋਬਿੰਦ ਸਿੰਘ ਨੂੰ ਆਪਣੀ ਚੜ੍ਹਦੀ ਜਵਾਨੀ ਵਿਚ, ਸਭ ਤੋਂ ਪਹਿਲਾਂ ਉਨ੍ਹਾਂ ਨਾਲ ਹੀ ਲੋਹਾ ਲੈਣ ਅਤੇ ਕਈ ਝੜਪਾਂ ਤੇ ਲੜਾਈਆਂ ਵਿਚ, ਉਨ੍ਹਾਂ ਦੇ ਹੀ'ਹੇਠ-ਲਿਖੇ ਬਿਆਨ ਅਨੁਸਾਰ, ਜੂਝਣ ਲਈ ਮਜਬੂਰ ਹੋਣਾ ਪਿਆ ਸੀ :

ਫਤੇ ਸ਼ਾਹ ਕੋਪਾ ਤਬਿ ਰਾਜਾ,
ਲੋਹ ਪਰਾ ਹਮ ਸੋ ਬਿਨੁ ਕਾਜਾ ।[13]

ਤੇ ਜੇ ਦੇਸੀ ਰਜਵਾੜੇ ਖ਼ੂਨ ਦੇ ਪਿਆਸੇ ਸਨ ਤਾਂ ਬਦੇਸ਼ੀ ਸਰਕਾਰ ਕਿੰਨੀ ਕੁ ਮਿੱਤਰ, ਹਮਦਰਦ ਤੇ ਸਹਿ-ਹੋਂਦ (co-existence) ਦੀ ਕਾਇਲ ਸੀ ? ਮੁਗ਼ਲਾਂ ਦੀ ਰਾਜਨੀਤਕ ਤਾਕਤ ਤੇ ਧਾਰਮਕ ਤੁਅੱਸਬ ਉਦੋਂ ਆਪਣੇ ਸਿਖਰ 'ਤੇ ਪਹੁੰਚ ਚੁਕਾ ਸੀ। ''ਬਾਬੇਕਿਆਂ'' ਤੇ ''ਬਾਬਰਕਿਆਂ'' ਦੇ ਰਾਜ-ਭਾਗ ਹਿੰਦੁਸਤਾਨ ਵਿਚ ਇੱਕੋ ਸਮੇਂ ਸ਼ੁਰੂ ਹੋਏ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ ਸੀ, ''ਬਾਬੇ ਕੇ'' ਆਤਮਕ ਤੌਰ 'ਤੇ ਤਕੜੇ ਤੇ ਪਰਭਾਵਸ਼ਾਲੀ; ਅਤੇ ''ਬਾਬਰ ਕੇ'' ਸੰਸਾਰਕ ਤੌਰ 'ਤੇ ਜਾਬਰ ਤੇ ਸ਼ਕਤੀਸ਼ਾਲੀ ਹੁੰਦੇ ਗਏ ਸਨ। ਫਿਰ ਇਕ ਅਜਿਹਾ ਸਮਾਂ ਵੀ ਆ ਗਿਆ ਸੀ ਜਦੋਂ ''ਬਾਬਰ ਕਿਆਂ'' ਨੇ ''ਬਾਬੇ ਕਿਆਂ'' ਦੀ ਵਧ ਰਹੀ ਸ਼ਕਤੀ, ਪ੍ਰਭੁਤਾ ਤੇ ਸਮਰੱਥਾ ਨੂੰ ਕੁਚਲਣ ਅਤੇ ਉਨ੍ਹਾਂ ਦੀ ''ਦੁਕਾਨ''(ਭਾਵ ਸਿੱਖ ਧਰਮ) ਨੂੰ "ਬੰਦ" (ਭਾਵ ਖ਼ਤਮ) ਕਰ ਦੇਣ ਦਾ ਫੈਸਲਾ ਵੀ ਕਰ ਲਿਆ ਸੀ।

ਇਸ ਨਿਰਦਈ ਫੈਸਲੇ ਨੇ ਫਿਰ ਇਕ ਅਜਿਹੀ ਭਿਆਨਕ ਸ਼ਕਲ ਇਖ਼ਤਿਆਰ ਕਰ ਲਈ ਸੀ ਕਿ

13. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਵਿਚ ਸੰਚਿਤ ਬਚਿਤ੍ਰ ਨਾਟਕ : 'ਅਪਨੀ ਕਥਾ', ਆਨੰਦਪੁਰ-1698, ਧਿਆਇ 8; ਚੌਪਈ, ਪਦ 3; ਸੰਪਾਦਿਤ ਪਾਠ, ਉਹੀ, ਪੰ. 77.

ਬਾਬਰ ਦੇ ਪੜਪੋਤੇ, ਜਹਾਂਗੀਰ (1569-1627), ਨੇ ਗੁਰੂ ਗੋਬਿੰਦ ਸਿੰਘ ਦੇ ਪੜਦਾਦਾ, ਗੁਰੂ ਅਰਜਨ ਦੇਵ ਜੀ (1563-1606)[14], ਨੂੰ ਅਸਹਿ ਤੇ ਅਕਹਿ ਕਸ਼ਟ ਦੁਆ ਕੇ ਸ਼ਹੀਦ ਕਰਵਾ ਦਿੱਤਾ ਸੀ। ਫਿਰ ਉਨ੍ਹਾਂ ਦੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ (1595-1644), ਨੂੰ ਜਹਾਂਗੀਰ ਦੀ ਕੈਦ ਭੁਗਤਣੀ ਪਈ ਸੀ ਅਤੇ ਉਸ ਦੇ ਪੁੱਤਰ, ਸ਼ਾਹਜਹਾਨ (1592-1658), ਨਾਲ ਜੂਝਣਾ ਵੀ ਪਿਆ ਸੀ। ਹੋਰ ਤਾਂ ਹੋਰ, ਉਨ੍ਹਾਂ ਦੇ ਆਪਣੇ ਪਿਤਾ, ਗੁਰੂ ਤੇਗ ਬਹਾਦਰ ਜੀ (1621-1675), ਨੂੰ ਸ਼ਾਹ ਜਹਾਨ ਦੇ ਪੁੱਤਰ, ਔਰੰਗਜ਼ੇਬ (1618-1707), ਨੇ ਤਹਿ-ਤੇਗ ਕਰਵਾ ਦਿੱਤਾ ਸੀ। ਸੋ, ਜਿਹੜਾ ਹਾਕਮ ਖ਼ਾਨਦਾਨ ਤੇ ਉਸ ਦੀ ਅਜਿਹੀ ਹਕੂਮਤ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਿਓ, ਦਾਦੇ ਤੇ ਪੜਦਾਦੇ ਨਾਲ ਵੀ, ਕਈ ਪੀੜ੍ਹੀਆਂ ਤੋਂ ਅਜਿਹਾ ਨਿਰੰਤਰ ਅਨਿਆਂਈ ਤੇ ਨਿਰਦਈ ਸਲੂਕ ਕਰਦੀ ਆ ਰਹੀ ਸੀ, ਉਸ ਨੇ ਉਨ੍ਹਾਂ ਦੇ ਇਸ ਨਿੱਕੇ ਜਹੇ 'ਇਕੱਲੇ' ਤੇ 'ਅਨਾਥ' (ਸੰਸਾਰਕ ਸ਼ਬਦਾਵਲੀ ਵਿਚ) ਬੱਚੇ ਨਾਲ ਵੀ ਕਿੰਨੀ ਕੁ ਮਿਹਰ, ਲਾਡ ਜਾਂ ਲਿਹਾਜ਼ ਕਰਨਾ ਸੀ?

ਤੇ ਉਹ ਹਾਕਮ ਖ਼ਾਨਦਾਨ ਵੀ ਤਾਂ ਕੋਈ ਸੁਦੇਸ਼ੀ ਤੇ ਸੁਹਿਰਦ ਘਰਾਣਾ ਨਹੀਂ ਸੀ। ਉਸ ਦੀ ਹਕੂਮਤ ਵੀ ਕੋਈ ਅਜ ਵਾਂਗ ਆਮਾਂ ਵਿੱਚੋਂ ਉਠਿਆ ਜਾਂ ਬਣਿਆ ਹੋਇਆ ਸਾਂਝਾ ਤੇ ਸੁਤੰਤਰ ਲੋਕ-ਰਾਜ ਨਹੀਂ ਸੀ। ਉਹ ਤਾਂ ਬਦੇਸ਼ੋਂ ਆਇਆ ਇਕ ਅਜਿਹਾ ਇਕ-ਪੁਰਖਾ ਰਾਜ ਸੀ ਜਿਸ ਵਿਚ ਕਿਸੇ ਸ਼ਹਿਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਖੁਲ੍ਹ, ਹੱਕ ਜਾਂ ਆਜ਼ਾਦੀ ਪਰਾਪਤ ਨਹੀਂ ਸੀ।

ਫਿਰ, ਮੰਦੇ-ਭਾਗੀਂ, ਉਸ ਰਾਜ ਦੀ ਵਾਗ-ਡੋਰ ਵੀ ਉਦੋਂ ਇਕ ਅਜਿਹੇ ਰਾਜੇ ਦੇ ਹੱਥ ਸੀ ਜਿਸ ਵਰਗਾ ਤੁਅੱਸਬੀ ਤੇ ਨਿਰਦਈ ਬਾਦਸ਼ਾਹ ਹਿੰਦੁਸਤਾਨ ਨੇ ਸ਼ਾਇਦ ਹੀ ਕਦੇ ਸੁਣਿਆ ਜਾਂ ਵੇਖਿਆ ਹੋਵੇ। ਉਹ ਤਾਂ ਇੰਨਾ ਫਰੇਬੀ, ਬੇਦਰਦ ਤੇ ਜਨੂਨੀ ਸੀ ਕਿ ਦਸਮੇਸ਼ ਨੂੰ ਮਗਰੋਂ ਉਸੇ ਨੂੰ ਸੰਬੋਧਨ ਕਰਦਿਆਂ, ਬੜੀ ਬੇਬਾਕੀ ਨਾਲ, ਲਿਖਤੀ ਤੇ ਦਸਤੀ ਭੇਜੀ ਚਿੱਠੀ ਰਾਹੀਂ, ਇਹ ਕੁਝ ਆਖਣਾ ਪਿਆ ਸੀ:

ترا ترکتازی به مکر و ریا
مرا چاره سازی به صدق و صفا
نه زیبد ترا نام اورنگ زیب
ز اورنگ زیبان نه زیبد فریب
تو خاک پدر را به کردار زشت
به خون برادر بدادی سرشت
وزان خانهٔ خام کردی بنا. (فتح نامه)

ਅਰਥਾਤ: ''ਤੇਰਾ ਮੁੱਖ-ਮੰਤਵ ਮੱਕਰ ਤੇ ਫ਼ਰੇਬ ਰਾਹੀਂ ਲੁੱਟ-ਮਾਰ ਕਰਨਾ ਹੈ, ਅਤੇ ਮੇਰਾ ਉਦੇਸ਼ ਸਚਾਈ ਤੇ ਨੇਕਨੀਤੀ ਨਾਲ ਇਸ ਦਾ ਬਾਨ੍ਹਣੂੰ ਬੰਨ੍ਹਣਾ ਹੈ। ਤੈਨੂੰ ਤਾਂ ਤੇਰਾ ਨਾਂ, ''ਔਰੰਗਜ਼ੇਬ'', ਹੀ ਢੁੱਕਦਾ-ਫੱਬਦਾ ਨਹੀਂ; ਕਿਉਂਕਿ ਇਸ ਦਾ ਭਾਵ 'ਤਖ਼ਤ ਨੂੰ ਸਜਾਵਟ' ਦੇਣ ਵਾਲੇ ਅਜਿਹੇ ਬੰਦੇ ਤੋਂ ਹੈ ਕਿ ਜਿਸ ਨੂੰ ਧੋਖਾ ਤੇ ਫਰੇਬ ਕਰਨਾ ਸੋਭਦਾ ਹੀ ਨਹੀਂ....ਤੂੰ ਤਾਂ ਆਪਣੇ ਭੈੜੇ ਕਿਰਦਾਰ ਕਰ ਕੇ ਆਪਣੇ ਪਿਓ ਦੀ ਮਿੱਟੀ ਨੂੰ ਆਪਣੇ ਭਰਾਵਾਂ ਦੇ ਖ਼ੂਨ

14. ਜਿਵੇਂ ਕਿ ਪਿਛੇ ਦਸ ਆਏ ਹਾਂ, ਜਹਾਂਗੀਰ ਬਾਦਸ਼ਾਹ ਨੇ ਆਪਣੀ ਸਵੈ-ਜੀਵਨੀ ਵਿਚ ਗੁਰਸਿੱਖੀ ਨੂੰ ''ਦੁਕਾਨੇ ਬਾਤਲ'' (ਝੂਠ ਦੀ ਦੁਕਾਨ) ਲਿਖਿਆ ਹੈ। ਵੇਖੋ: ਤੁਜ਼ਕੇ ਜਹਾਂਗੀਰੀ, ਨਵਲ ਕਿਸ਼ੋਰ ਪ੍ਰੈਸ, ਲੱਖਨਊ ਵਲੋਂ ਪਰਕਾਸ਼ਿਤ ਛਾਪ, ਉਹੀ, ਪੰਨਾ 35.

ਨਾਲ ਗੁੰਨ੍ਹ ਕੇ, ਇਹ ਕੱਚਾ ਕੋਠਾ ਆਪਣੇ ਰਾਜ-ਮਹਿਲ ਵਜੋਂ ਉਸਾਰਿਆ ਹੋਇਆ ਹੈ....''।[15]

ਜਿਸ ਬਾਦਸ਼ਾਹ ਨੇ ਕੇਵਲ ਗੁਰੂ ਗੋਬਿੰਦ ਸਿੰਘ ਦੇ ਪਿਤਾ ਦੀ ਹੀ ਨਹੀਂ, ਸਗੋਂ ਖ਼ੁਦ ਆਪਣੇ ਪਿਤਾ ਨੂੰ ਕੈਦ ਕਰ ਕੇ ਉਸ ਦੀ ਘੋਰ ਨਿਰਾਦਰੀ ਕੀਤੀ ਹੋਵੇ ਅਤੇ ਸੱਕੇ ਭਰਾਵਾਂ ਦੇ ਖ਼ੂਨ ਦੀ ਵੀ ਹੋਲੀ ਖੇਡੀ ਹੋਵੇ ; ਜਿਸ ਨੇ ਸਰਮਦ ਜਹੇ ਰੱਬ ਦੇ ਪਿਆਰੇ ਸੂਫ਼ੀ ਦਰਵੇਸ਼ ਨੂੰ ਨਾਹੱਕ ਮਰਵਾ ਦਿੱਤਾ ਹੋਵੇ ; ਅਤੇ ਜਿਸ ਨਾਲ ਜ਼ਿੰਦਗੀ-ਮੌਤ ਦੀ ਬਾਜ਼ੀ ਲਾ ਦੇਣ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਨੇ ਆਪ ਉਸ ਦੇ ਸੁਭਾਅ ਤੇ ਕਰਤੂਤਾਂ ਨੂੰ ਇਉਂ ਉਲੀਕਿਆ ਹੋਵੇ, ਉਸ ਦੀ ਜਾਤ, ਹਕੂਮਤ ਤੇ ਖ਼ਾਨਦਾਨ ਦਾ ਬਾਲ-ਗੁਰੂ ਜੀ ਦੀ ਗੱਦੀ ਅਤੇ ਜਾਨ ਦਾ ਵੈਰੀ ਤੇ ਵਿਰੋਧੀ ਹੋਣਾ ਸੁਭਾਵਕ ਹੀ ਸੀ।

4
ਇਰਾਦਾ, ਇਕਰਾਰ ਤੇ ਐਲਾਨ

ਕਿਸੇ ਸਿਆਣੇ ਤੇ ਸਰਦੇ-ਪੁਜਦੇ ਬੰਦੇ ਦੇ ਸਿਰ ਵੀ, ਇਨ੍ਹਾਂ ਵਿੱਚੋਂ ਜੇ ਕੋਈ ਇਕ ਵੀ ਮੁਸ਼ਕਲ ਜਾਂ ਮੁਸੀਬਤ ਆ ਬਣੇ ਤਾਂ ਉਹ ਘਬਰਾਅ ਜਾਂਦਾ ਹੈ, ਦਿਲ ਹਾਰ ਬਹਿੰਦਾ ਹੈ। ਪਰ ਬਾਲ- ਗੁਰੂ ਗੋਬਿੰਦ ਜੀ ਦੇ ਸਾਹਮਣੇ ਤਾਂ ਇਕ ਨਹੀਂ, ਅਨੇਕ ਮੁਸ਼ਕਲਾਂ ਤੇ ਮੁਸੀਬਤਾਂ ਮਾਨੋ ਹਾਠਾਂ ਬੰਨ੍ਹ ਕੇ ਆ ਚੜ੍ਹੀਆਂ ਸਨ।

ਫਿਰ ਇਨ੍ਹਾਂ ਨੂੰ ਠਲ੍ਹਣ ਲਈ, ਇਨ੍ਹਾਂ ਨਾਲ ਜੂਝਣ ਲਈ, ਉਨ੍ਹਾਂ ਕੋਲ ਨਾ ਉਮਰ ਸੀ, ਨਾ ਤਜਰਬਾ ; ਨਾ ਸਾਥੀ ਸਨ, ਨਾ ਸਾਧਨ ; ਨਾ ਸੈਨਾ ਸੀ, ਨਾ ਸ਼ਸਤਰ ; ਨਾ ਕਿਲ੍ਹਾ ਸੀ, ਨਾ ਛਾਉਣੀ ; ਨਾ ਰਾਜ ਸੀ ਨਾ ਭਾਗ ; ਨਾ ਸਾਜ਼ ਸੀ ਨਾ ਬਾਜ਼!

ਇਕ 'ਨਿਹੱਥੇ ਤੇ ਕਲ-ਮੁਕੱਲੇ ਬਾਲ' ਨੂੰ ਸਮੇਂ ਦੀਆਂ ਸਭ ਵਿਰੋਧੀ ਸ਼ਕਤੀਆਂ ਨਾਲ ਚਾਰੇ-ਪਾਸਿਓਂ ਇਉਂ ਘਿਰਿਆ ਵੇਖ ਕੇ, ਹੈਰਾਨ-ਪਰੇਸ਼ਾਨ ਅਕਲ ਪੁਛਦੀ ਹੈ : ''ਉਹ ਇਨ੍ਹਾਂ ਨੂੰ ਵੇਖਦਿਆਂ ਸਾਰ, ਘਬਰਾ ਕਿਉਂ ਨਾ ਗਿਆ ? ਇਨ੍ਹਾਂ ਦੀ 'ਚੜ੍ਹਤਲ' ਨੂੰ ਮਹਿਸੂਸ ਕਰਦਿਆਂ ਹੀ, ਉਹਨੇ ਈਨ ਕਿਉਂ ਨਾ ਮੰਨ ਲਈ ? ਇਨ੍ਹਾਂ ਦੇ ਅਮੁੱਕ ਭਾਰ ਹੇਠ ਉਹ ਲਿਫ਼ ਕਿਉਂ ਨਾ ਗਿਆ ?''

ਬਾਲ-ਗੁਰੂ ਗੋਬਿੰਦ ਜੀ ਦਾ ਖ਼ੁਦ ਆਪ ਘਾਬਰਨਾ ਜਾਂ ਲਿਫ਼ਣਾ ਤਾਂ ਕਿਤੇ ਰਿਹਾ, ਉਨ੍ਹਾਂ ਨੇ ਤਾਂ ਆਪਣੇ ਸਿੱਖਾਂ-ਸੇਵਕਾਂ ਨੂੰ ਵੀ ਕਦੇ ਰੋਣ, ਘਾਬਰਨ ਜਾਂ ਲਿਫ਼ਣ ਨਹੀਂ ਦਿੱਤਾ ਸੀ। ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਵਾਲੇ ਸਾਲ, ਭਾਵ ਸੰਨ 1708, ਵਿਚ ਸਮਾਪਤ ਹੋਈ ਪੁਸਤਕ, 'ਪਰਚੀਆਂ' ਕ੍ਰਿਤ ਸਾਧੂ ਸੇਵਾ ਦਾਸ ਉਦਾਸੀ, ਵਿਚ ਲਿਖਿਆ ਹੈ ਕਿ ਉਨ੍ਹਾਂ ਦੇ ਪਾਵਨ ਗੁਰੂ-ਪਿਤਾ ਜੀ ਦੇ ਹਿਰਦਾਵੇਧਕ 'ਦੇਹਾਂਤ' ਨੂੰ ਤੱਕ-ਸੁਣ ਕੇ ਰੋ ਰਹੇ ਸਿੱਖਾਂ ਨੂੰ ਸ਼ਾਂਤ ਤੇ ਸੁਚੇਤ ਕਰਦਿਆਂ, ਆਪ ਨੇ ਹੀ ਬੜੀ ਅਨੂਠੀ 'ਚੜ੍ਹਦੀ ਕਲਾ' ਨਾਲ ਓਤਪੋਤ ਸ਼ਬਦਾਂ ਵਿਚ ਇਹ ਸਾਫ਼ ਆਖਿਆ ਸੀ :

> ਗੁਰੂ ਤੇਗ਼ ਬਹਾਦਰ ਜੀ ਕਾ ਕਾਰਨ ਹੋਆ ਦੇਖਿ ਕਰ,
> ਸਿੱਖ ਲਗੇ ਰੁਦਨ ਕਰਣ।
> ਹੁਕਮ ਹੋਆ, "ਭਾਈ ਸਿੱਖੋ!
> ਗੁਰੂ ਜੀ ਕਉ ਤਉ ਸੰਸਾਰ ਕਾ ਜੀਵਣ ਮਰਣ ਸਮਾਨ ਥਾ;

15. ਫ਼ਤਹਨਾਮਾ, ਗੁਰੂ ਗੋਬਿੰਦ ਸਿੰਘ ਜੀ ਦੀ ਔਰੰਗਜ਼ੇਬ ਨੂੰ ਸੰਨ 1705 ਵਿਚ ਮਾਛੀਵਾੜੇ ਤੋਂ ਲਿਖੀ ਪਹਿਲੀ ਚਿੱਠੀ, ਬੈਂਤ ਨੰ.5-8 ; ਬਹੁ ਵਿਸਤਾਰ ਕ੍ਰਿਤ ਸ. ਕਪੂਰ ਸਿੰਘ, ਅੰਮ੍ਰਿਤਸਰ-1952, ਪੰ. 71-72.

ਜੀਵਦਿਆਂ ਵੀ ਉਹ ਨਿਰੰਕਾਰ ਸਰੂਪ ਥੇ
ਅਰ ਸਰੀਰ ਕੇ ਛੁਟਿਆਂ ਭੀ ਉਹ ਨਿਰੰਕਾਰ ਸਰੂਪ ਹਹਿਂ।
ਉਨ ਕਉ ਮੂਆ ਜਾਨ ਕਰਿ ਜੋ ਰੋਵੈਗਾ ਸੋ ਭੂਲੈਗਾ।"
ਤਾਂ ਸਿੱਖਾਂ ਗੁਰੂ ਕੇ ਬਚਨ ਪਾਇ ਰੁਦਨ ਛਡਿ ਦਿੱਤਾ।
ਫਿਰਿ ਹੁਕਮੁ ਹੋਆ,
"ਤੁਰਕਾਂ ਕਉ ਕੂੜਾ ਕਰਿ ਮਾਰਣਾ ਥਾ;
ਸੋ ਅਬ ਤੁਰਕ ਕੂੜੇ ਹੋਇ ਚੁਕੇ ਹਹਿਂ;
ਤੁਰਕੋਂ ਕੋ ਮਾਰਨੇ ਕੀ ਵਾਰੀ ਹਮਾਰੀ ਆਈ ਹੈ।
ਗੁਰੂ ਤੇਗ਼ ਬਹਾਦਰ ਸਾਥ ਜੋ ਉਨਹੁ ਨੇ ਤਾਦੀ ਕੀਨੀ ਹੈ,
ਗੁਰੂ ਉਨਹੁ ਕਾ ਕੋਈ ਦੋਸੁ ਨ ਮਾਰਿਆ ਥਾ,
ਕੋਊ ਉਨ ਕਾ ਖ਼ੂਨ ਨਹੀਂ ਕੀਆ ਥਾ;
ਅਪਨੇ ਪੰਥ ਕਾ ਪੱਖ ਕਰ ਕੇ ਉਨਹੁ ਨੇ ਤਾਦੀ ਕੀਨੀ ਹੈ,
ਸੋ ਉਨਹੁ ਨੇ ਇਹ ਅਨੀਤ ਕੀਨੀ ਹੈ।
ਇਸ ਤੇ ਤੁਰਕ ਕੂੜੇ ਹੋਇ ਚੁਕੇ ਹੈਨਿ।
ਐਸੇ ਗਿਆਨੀਅਹੁ ਪੁਰਖਹੁ ਸਾਥ ਤਾਦੀ ਕਰਨੀ,
ਉਨਹੁ ਨੇ ਆਪਣਾ ਹੀ ਘਾਤ ਕੀਨਾ ਹੈ
ਤੁਰਕਾਂ ਕਉ ਕੂੜਾ ਗੁਰੂ ਤੇਗ਼ ਬਹਾਦਰ ਕੀਆ ਹੈ
ਅਰ ਮਾਰਊਂਗਾ ਮੈਂ ਇਨ ਕਉ"।[1]

ਗੁਰੂ ਗੋਬਿੰਦ ਸਿੰਘ ਜੀ ਦੀ ਬੜੀ ਸੰਖੇਪ ਜੀਵਨ-ਕਥਾ ਅਤੇ ਅਨੂਠੀ ਬੀਰ-ਗਾਥਾ ਦੇ ਅਗਲੇ 32 ਵਰ੍ਹਿਆਂ ਦਾ ਬਿਰਤਾਂਤ ਇਸ ਗੱਲ ਦਾ ਗਵਾਹ ਹੈ ਕਿ ਉਹ ਜ਼ਰਾ ਵੀ ਨਹੀਂ ਲਿਫ਼ੇ, ਭੋਰਾ ਵੀ ਨਹੀ ਡੋਲੇ, ਰਤਾ ਵੀ ਨਹੀ ਘਾਬਰੇ ਸਨ। ਉਨ੍ਹਾਂ ਨੇ ਕਿਸੇ ਦੀ ਵੀ ਕੋਈ ਈਨ ਨਹੀਂ ਮੰਨੀ ; ਉਨ੍ਹਾਂ ਨੇ ਕਿਸੇ ਦੀ ਵੀ ਮਿੰਨਤ ਨਹੀਂ ਕੀਤੀ; ਉਨ੍ਹਾਂ ਨੇ ਕਦੇ ਵੀ ਦਿਲ ਨਹੀਂ ਹਾਰਿਆ ਸੀ। ਸਗੋਂ, ਇੰਨੀ ਬੇਬਸੀ ਤੇ ਬੇਸਰੋਸਾਮਾਨੀ ਦੇ ਬਾਵਜੂਦ, ਉਹ ਸਮੇਂ, ਸ਼ਰੀਕੇ, ਰਾਜ, ਸਮਾਜ–ਸਭ ਅਧਰਮੀ ਤੇ ਅਨਿਆਈ ਸ਼ਕਤੀਆਂ ਨਾਲ ਖੁਲ੍ਹੇ-ਹੱਥੀਂ ਟੱਕਰ ਲੈਣ ਲਈ ਡਟ ਗਏ ਸਨ। ਫਿਰ ਲਿਫ਼ਣਾ ਤਾਂ ਕੀ, ਸਿੱਧੇ ਸ਼ਤੀਰ ਤਣੇ ਰਹੇ ; ਅਤੇ ਆਖ਼ਰੀ ਦਮ ਤਕ 'ਚੜ੍ਹਦੀ ਕਲਾ' ਵਿਚ ਵਿਚਰਦੇ ਤੇ ਵਿਗਸਦੇ ਰਹੇ ਸਨ।

ਮਨੁੱਖੀ ਇਤਿਹਾਸ ਦੀ ਇਹ ਕਹਾਣੀ ਜਿੰਨੀ ਨਿਰਾਲੀ ਤੇ ਦਰਦਨਾਕ ਹੈ, ਉਨੀ ਹੀ ਹੁਲਾਰਾਜਨਕ ਤੇ ਮਾਣਕਰਨਯੋਗ ਹੈ। ਇਸ ਦੀ ਹਰ ਘਟਨਾ ਨੂੰ ਪੜ੍ਹਿਆਂ, ਬੁੱਧੀ ਹੈਰਾਨ ਹੁੰਦੀ ਹੈ ; ਇਸ ਦੀ ਹਰ ਸਥਿਤੀ ਨੂੰ ਸੋਚਿਆਂ, ਸੋਚ ਜੁਆਬ ਦੇ ਜਾਂਦੀ ਹੈ ; ਇਸ ਦੀ ਹਰ ਪਰਾਪਤੀ ਨੂੰ ਸੁਣਿਆਂ, ਜੀਭ ਗੁਣਗੁਣਾਉਣ ਲਗ ਪੈਂਦੀ ਹੈ :

---

1. ਸੇਵਾ ਦਾਸ ਸਾਧੂ, ਪਰਚੀਆਂ, 'ਦਸਵੇਂ ਮਹਲ ਕੀਂ', ਮਿਤੀ 1708 ਈ., ਪਰਚੀ ਨੰ.13; ਸੰਪਾਦਿਤ ਪਾਠ ਉਹੀ, ਪੰ.133.

ਐਸੀ ਲਾਲ ! ਤੁਝ ਬਿਨੁ ਕਉਨੁ ਕਰੈ ? [2]

ਫਿਰ ਇਸ ਦੇ ਦੈਵੀ ਤੇ ਨਿਆਰੇ ਨਾਇਕ ਦੀ ਹਰ ਸੋਚ ਇਨਕਲਾਬ ਦੀ ਸੂਚਕ ; ਹਰ ਤੱਕਣੀ ਪਰੇਰਨਾ ਦਾ ਸੋਮਾ ; ਹਰ ਕਥਨੀ ਹੁਲਾਰੇ ਦੀ ਸਿਰਜਕ ਅਤੇ ਹਰ ਕਰਨੀ 'ਚੜ੍ਹਦੀ ਕਲਾ' ਦੀ ਲਖਾਇਕ ਜਾਪਣ ਲਗ ਪੈਂਦੀ ਹੈ।

ਦੁਨੀਆ ਦਾ ਇਹ ਅਦੁੱਤੀ ਬਾਲਕ ਤਰਲਿਆਂ, ਝੋਰਿਆਂ ਜਾਂ ਸਲਾਹਾਂ ਵਿਚ ਪੈਣ ਦੀ ਥਾਂ, ਸਾਰੀ ਸਥਿਤੀ ਦਾ ਤੁਰਤ ਜਾਇਜ਼ਾ ਲੈ ਕੇ, ਨਿਝੱਕ ਆਖਦਾ ਹੈ : ''ਲੋਕੋ ! ਮੇਰਾ ਤਾਂ ਜਨਮ ਹੀ ਦੁਸ਼ਟ-ਦੋਖੀਆਂ ਦਾ ਨਾਸ਼ ਤੇ ਧਰਮ ਦਾ ਪਰਕਾਸ਼ ਕਰਨ ਲਈ ਹੋਇਆ ਹੈ। ਮੈਂ ਤਾਂ ਲੋਕ-ਵੈਰੀਆਂ ਨੂੰ ਪਛਾੜਨ ਤੇ ਲੋਕ-ਹਿਤੈਸ਼ੀਆਂ ਨੂੰ ਉਬਾਰਨ ਲਈ ਹੀ ਭੇਜਿਆ ਗਿਆ ਹਾਂ'' :

ਹਮ ਇਹ ਕਾਜ ਜਗਤ ਮੋ ਆਏ,
ਧਰਮ ਹੇਤ ਗੁਰਦੇਵਿ ਪਠਾਏ [3] ।
ਜਹਾਂ ਤਹਾਂ ਤੁਮ ਧਰਮ ਬਿਥਾਰੋ [4],
ਦੁਸ਼ਟ ਦੋਖੀਯਨਿ [5] ਪਕਰਿ ਪਛਾਰੋ ।
ਯਾਹੀ ਕਾਜ ਧਰਾ ਹਮ ਜਨਮੰ,
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ, ਸੰਤ ਉਬਾਰਨ [6],
ਦੁਸ਼ਟ ਸਭਨ ਕੋ ਮੂਲ ਉਪਾਰਨ [7]। [8]

ਮੈਨੂੰ ਸਾਜਣ ਤੇ ਭੇਜਣ ਵਾਲੇ ਅਕਾਲਪੁਰਖ ਦਾ ਤਾਂ ਮੇਰੇ ਲਈ ਹੁਕਮ ਤੇ ਹਦਾਇਤ ਹੀ ਇਹੋ ਹੈ ;

ਮੈ ਅਪਨਾ ਸੁਤ [9] ਤੋਹਿ ਨਿਵਾਜਾ,
ਪੰਥੁ ਪ੍ਰਚੁਰ [10] ਕਰਬੇ ਕਹ ਸਾਜਾ ।
ਜਾਹਿ ਤਹਾਂ ਤੈ ਧਰਮੁ ਚਲਾਇ,
ਕਬੁਧਿ [11] ਕਰਨ ਤੇ ਲੋਕ ਹਟਾਇ। [12]

ਇਹ ਕਥਨ ਕੋਈ ਰਸਮੀ ਏਲਾਨ ਜਾਂ ਵਕਤੀ ਦਮਗੱਜਾ ਨਹੀਂ ਸੀ। ਇਹ ਤਾਂ ਆਪਣੇ ਆਪ ਵਿਚ ਇਕ

---

2. ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਮਾਰੂ, 'ਬਾਣੀ ਰਵਿਦਾਸ ਜੀਉ ਕੀ', ਪੰ .1106
3. ਭੇਜੇ । 4. ਪਰਸਾਰੋ।
5. ਸੱਚ-ਧਰਮ ਦੇ ਵਿਰੋਧੀਆਂ ਨੂੰ।
6. ਬਚਾਉਣ ਲਈ।
7. ਜੜ੍ਹੋਂ ਉਖਾੜਨ ਲਈ।
8. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ .74. ਬਚਿੱਤਰ ਨਾਟਕ, ਉਹੀ, ਧਿਆਇ 6, ਪਦ ਨੰ. 42-43.
9. ਪੁੱਤਰ। 10. ਪਰਚਾਰਨ, ਪਰਸਾਰਨ। 11. ਖੋਟੀ ਮਤਿ।
12. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ .73. ਬਚਿੱਤਰ ਨਾਟਕ, ਉਹੀ, ਧਿਆਇ 6, ਪਦ ਨੰ. 29.

ਸੰਪੂਰਨ ਮਨੋਰਥ-ਪੱਤਰ (manifesto) ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ-ਆਦਰਸ਼ ਅਤੇ ਆ ਰਹੇ ਸੰਘਰਸ਼ ਨੂੰ ਸਪੱਸ਼ਟ ਤੌਰ ਤੇ ਵਿਦਤ ਕਰ ਦਿੱਤਾ ਸੀ।

ਇਸ ਦੀ ਪੂਰਤੀ ਲਈ, ਉਨ੍ਹਾਂ ਨੇ ਕਿਸੇ ਧਾਰਮਕ ਜਾਂ ਸਮਾਜਕ ਆਗੂ ਦਾ ਪੱਲਾ ਫੜਨ; ਕਿਸੇ ਰਾਜਨੀਤਕ ਨੇਤਾ ਜਾਂ ਸਰਕਾਰੀ ਖੜਪੈਂਚ ਉਤੇ ਆਸ ਟਿਕਾਣ ਦੀ ਥਾਂ; ਕੇਵਲ ਇੱਕੋ ਅਕਾਲ ਦੀ ਟੇਕ ਲਈ ਸੀ ਅਤੇ ਸਿਰਫ ਉਸੇ ਦੀ ਹੀ ਓਟ ਮੰਗੀ ਸੀ :

ਠਾਢ ਭਯੋ [13] ਮੈ ਜੋਰਿ ਕਰਿ [14],
ਬਚਨ ਕਹਾ ਸਿਰ ਨਿਯਾਇ :
"ਪੰਥ ਚਲੈ ਤਬ ਜਗਤ ਮੈ,
ਜਬ ਤੁਮ ਕਰਹੁ ਸਹਾਇ"। [15]

ਉਨ੍ਹਾਂ ਨੇ ਸਮੇਂ ਤੇ ਸਮਾਜ ਦੀਆਂ ਪਿਛਾਂਹ-ਖਿੱਚੂ ਸ਼ਕਤੀਆਂ ਨੂੰ ਝੰਜੋੜਿਆ; ਇਤਿਹਾਸ ਤੇ ਮਿਥਿਹਾਸ ਦੀਆਂ ਪੁਰਾਤਨ ਕੀਮਤਾਂ ਨੂੰ ਟਕੋਰਿਆ; ਮਰਯਾਦਾ ਤੇ ਪਰੰਪਰਾ ਦੀਆਂ ਜਿਲ੍ਹਣਾਂ ਨੂੰ ਹਲੂਣਿਆ; ਅਤੇ ਮਨੁੱਖ ਦੁਆਲੇ ਤਣੇ ਹੋਏ ਭਰਮ-ਜਾਲ ਨੂੰ ਵੰਗਾਰਿਆ। ਉਨ੍ਹਾਂ ਨੇ ਤਾਂ ਭਰਵੀਂ ਦਲੇਰੀ ਤੇ ਚੜ੍ਹਦੀ ਕਲਾ ਨਾਲ ਏਲਾਨੀਆ ਆਖਿਆ: ''ਮੈਨੂੰ ਤਾਂ ਇਨ੍ਹਾਂ ਵਿੱਚੋਂ ਕਿਸੇ ਦੀ ਵੀ ਕੋਈ ਪਰਵਾਹ ਨਹੀਂ। ਮੈਂ ਤਾਂ ਜਦ ਤੋਂ ਪ੍ਰਭੂ ਦੇ ਚਰਨ ਫੜੇ ਹਨ, ਕਿਸੇ ਹੋਰ ਨੂੰ ਕਦੇ ਆਪਣੀ ਅੱਖ ਥੱਲੇ ਵੀ ਨਹੀਂ ਲਿਆਂਦਾ। ਰਾਮ ਤੇ ਰਹੀਮ, ਪੁਰਾਨ ਤੇ ਕੁਰਾਨ ਜੋ ਮਰਜ਼ੀ ਪਏ ਕਹਿਣ, ਮੈਂ ਤਾਂ ਇੱਕ ਰੱਬ ਤੋਂ ਸਿਵਾ ਕਿਸੇ ਹੋਰ ਦੀ, ਕਦੇ ਵੀ, ਇਕ ਵੀ ਨਹੀਂ ਮੰਨੀ ਅਤੇ ਨਾ ਹੀ ਕਦੇ ਮੰਨਣੀ ਹੈ'':

ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ, ਰਹੀਮ, ਪੁਰਾਨ, ਕੁਰਾਨ;
ਅਨੇਕ ਕਹੈਂ ਮਤਿ, ਏਕ ਨ ਮਾਨਯੋ।
ਸਿੰਮ੍ਰਿਤ, ਸਾਸਤ੍ਰ, ਬੇਦ ਸਬੈ,
ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨਿ [16] ਕ੍ਰਿਪਾ ਤੁਮਰੀ ਕਰਿ,
ਮੈਂ ਨ ਕਹਯੋ, ਸਬ ਤੋਹਿ ਬਖਾਨਯੋ [17]। [18]

---

13. ਖੜਾ ਹੋ ਕੇ, ਖਲੋ ਗਿਆ।

14. ਹੱਥ।

15. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ .73. ਬਚਿੱਤਰ ਨਾਟਕ, ਉਹੀ, ਧਿਆਇ 6, ਪਦ ਨੰ.30

16. ਹੇ, ਸ਼ੋਭਾ ਵਾਲੀ ਕਿਰਪਾਨ ਹੱਥ ਵਿਚ ਧਾਰਨ ਕਰਨ ਵਾਲੇ, ਭਾਵ ਅਕਾਲਪੁਰਖ।

17. ਬਿਆਨ ਕੀਤਾ ਹੈ, ਰਚਿਆ ਹੈ।

18. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ. 304 ਵਿਚ ਸੰਚਿਤ ਰਾਮਾਵਤਾਰ, ਮਿਤੀ 1698 ਈ., ਸਵੱਯਾ, ਪਦ ਨੰ . 863.

5
ਬੇਨਤੀ, ਵਰ-ਜਾਚਨਾ ਤੇ ਪਰਤੱਗਿਆ

ਗੁਰੂ ਗੋਬਿੰਦ ਦਾਸ (ਸਿੰਘ) ਜੀ ਨੇ ਫਿਰ ਅਜਿਹੇ ਸਮਰੱਥ ਤੇ ਵਿਆਪਕ ਪ੍ਰਭੂ ਨੂੰ ਦੋਵੇਂ ਹੱਥ ਜੋੜ ਕੇ, ਬੜੇ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ : ''ਰੱਬ ਜੀ ! ਆਪਣਾ ਪਾਵਨ ਹੱਥ ਦੇ ਕੇ ਮੇਰੀ ਰੱਖਿਆ ਕਰੋ। ਮੇਰੇ ਮਨ ਦੀ ਮੁਰਾਦ ਪੂਰੀ ਹੋਵੇ ! ਮੇਰਾ ਚਿੱਤ ਤੁਹਾਡੇ ਚਰਨਾਂ ਨਾਲ ਸਦਾ ਜੁੜਿਆ ਰਹੇ, ਤੇ ਤੁਸੀਂ ਮੈਨੂੰ ਆਪਣਾ ਜਾਣ ਕੇ ਮੇਰੀ ਪਾਲਣਾ ਆਪੇ ਕਰੋ। ਮੇਰੇ ਸਭ ਵੈਰੀਆਂ ਦਾ ਨਾਸ਼ ਕਰੋ, ਅਤੇ ਮੇਰੇ ਸਿਰ ਉੱਤੇ ਆਪਣਾ ਪਾਵਨ ਹੱਥ ਰਖ ਕੇ ਇਨ੍ਹਾਂ ਦੇ ਵੈਰ-ਵਿਰੋਧ ਤੋਂ ਮੈਨੂੰ ਅਤੇ ਮੇਰੇ ਸਿੱਖਾਂ, ਸੇਵਕਾਂ ਨੂੰ ਬਚਾਅ ਲਵੋ। ਮੇਰਾ ਸਾਰਾ ਪਰਵਾਰ ਤੇ ਸਿੱਖ-ਸੇਵਕ ਵੀ ਸੁਖੀ ਵੱਸਣ'' :

ਹਮਰੀ ਕਰੋ, ਹਾਥ ਦੈ ਰਛਾ,
ਪੂਰਨ ਹੋਇ, ਚਿਤ ਕੀ ਇਛਾ।
ਤਵ ਚਰਨਨ, ਮਨ ਰਹੈ ਹਮਾਰਾ,
ਅਪਨਾ ਜਾਨ, ਕਰੋ ਪ੍ਰਤਿਪਾਰਾ।
ਹਮਰੇ ਦੁਸਟ, ਸਭੈ ਤੁਮ ਘਾਵਹੁ,
ਆਪੁ ਹਾਥ ਦੈ, ਮੋਹਿ ਬਚਾਵਹੁ।
ਸੁਖੀ ਬਸੈ, ਮੋਰੋ ਪਰਿਵਾਰਾ,
ਸੇਵਕ ਸਿਖ, ਸਭੈ ਕਰਤਾਰਾ।[1]

ਰਤਾ ਅਗੇਰੇ ਹੋ ਕੇ ਬੜੇ ਮਾਣ ਤੇ ਜੋਰੇ ਨਾਲ ਇਹ ਵੀ ਆਖਿਆ : ''ਪ੍ਰਭੂ ਜੀ ! ਮੇਰੇ ਇਸ ਇਰਾਦੇ ਨੂੰ ਦ੍ਰਿੜ੍ਹ ਕਰੋ ਕਿ ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਮੈਂ ਕਦੇ ਨਾ ਧਿਆਵਾਂ। ਜੀਵਨ ਦੀ ਹਰ ਇੱਛਾ ਤੇ ਅਸੀਸ ਤੁਹਾਥੋਂ ਹੀ ਮੰਗਾਂ। ਤੁਸੀਂ ਸਦਾ ਮੇਰੇ ਅੰਗ-ਸੰਗ ਰਹੋ ਅਤੇ ਮੇਰੇ ਮਨੋਂ ਮੌਤ ਦਾ ਡਰ ਹਮੇਸ਼ਾ ਲਈ ਹਟਾ ਦਿਓ'' :

ਤੁਮਹਿ ਛਾਡਿ,ਕੋਈ ਅਵਰ ਨ ਧਿਯਾਊਂ,
ਜੋ ਬਰ ਚਹੋਂ, ਸੁ ਤੁਮ ਤੇ ਪਾਊਂ।......
ਆਪੁ ਹਾਥ ਦੈ, ਮੁਝੈ ਉਬਰਿਯੈ,
ਮਰਨ ਕਾਲ ਕਾ, ਤ੍ਰਾਸ[2] ਨਿਵਰਿਯੈ।[3]

ਫਿਰ ਇਸ ਅਨੂਠੀ 'ਬੇਨਤੀ' ਨੂੰ, ਜੋ ਹੁਣ ਸਮੂਹ ਸਿੱਖ-ਸੰਸਾਰ ਦੇ ਨਿੱਤਨੇਮ ਤੇ ਅੰਮ੍ਰਿਤ-ਸੰਚਾਰ ਦਾ ਇਕ ਅਨਿੱਖੜ ਅੰਗ ਹੈ, ਅੰਤਾਉਂਦਿਆਂ ਆਖਿਆ : ''ਹੇ ਆਪਣੇ ਝੰਡੇ ਵਿਚ ਤਲਵਾਰ ਦਾ ਚਿੰਨ੍ਹ ਰਖਣ ਵਾਲੇ ਵਾਹਿਗੁਰੂ ! ਮੈਂ ਆਪ ਦੀ ਸ਼ਰਨ ਆ ਪਿਆ ਹਾਂ। ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ। ਹਰ ਥਾਂ, ਹਰ ਸਥਿਤੀ

1. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ , ਪੰਨਾ 1386, ਪੱਖਯਾਨ ਚਰਿੱਤ੍ਰ, ਮਿਤੀ 1693 ਈ., ਕਬਯੋ ਬਾਚ ਬੇਨਤੀ, ਚੌਪਈ, ਚਰਿੱਤ੍ਰ ਨੰ. 405, ਪਦ 377-78.

2. ਡਰ, ਭੈ।

3. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ. 1386, ਬੇਨਤੀ ਚੌਪਈ, ਉਹੀ, ਪਦ ਨੰ. 380-381.

ਵਿਚ ਮੇਰੀ ਸਹਾਇਤਾ ਕਰੋ, ਅਤੇ ਸਭ ਦੁਸ਼ਟਾਂ ਦੋਖੀਆਂ ਤੋਂ ਬਚਾਅ ਲਵੋ'' :

ਖੜਗਕੇਤ [4]! ਮੈਂ ਸਰਣਿ ਤਿਹਾਰੀ,
ਆਪ ਹਾਥ ਦੈ ਲੇਹੁ ਉਬਾਰੀ।
ਸਰਬ ਠੌਰ ਮੋ ਹੋਹੁ ਸਹਾਈ,
ਦੁਸਟ ਦੋਖ ਤੇ ਲੇਹੁ ਬਚਾਈ [5]।

ਬਾਲ-ਗੁਰੂਦੇਵ ਨੇ ਉਸ ਨਿਆਰੇ, ਅਤੀ ਔਖੇ ਤੇ ਲਗਪਗ ਅਸੰਭਵ ਪਰੋਗਰਾਮ ਦੀ ਪੂਰਤੀ ਲਈ ਇਸ 'ਬੇਨਤੀ' ਉਪਰੰਤ ਜੋ ਵਰ ਮੰਗਿਆ ; ਅਤੇ ਉਸ ਮੰਗ ਵਿਚ ਜਿਸ ਨਿਰਭੈਤਾ ਤੇ ਦ੍ਰਿੜ੍ਹਤਾ, ਨੇਕਨੀਤੀ ਤੇ ਸਵੈ-ਤਿਆਗ ਦੀ ਪਰਤੱਗਿਆ ਕੀਤੀ, ਉਹ ਵੀ ਆਪਣੀ ਮਿਸਾਲ ਆਪ ਹੈ। ਇਹ ਵਰ ਕਿਸੇ ਨਿੱਜੀ ਸੁੱਖ ਜਾਂ ਲਾਭ ਲਈ ਨਹੀਂ ਸੀ। ਇਸ ਵਿਚ ਗੁਰੂ ਗੋਬਿੰਦ ਦਾਸ ਨੇ ਬੜੇ ਭਰਵੇਂ ਸਿਦਕ ਤੇ ਭਰਪੂਰ ਸ਼ਰਧਾ ਨਾਲ ਅਕਾਲਪੁਰਖ ਨੂੰ ਸੰਬੋਧਨ ਕਰਦਿਆਂ ਆਖਿਆ : ''ਰੱਬ ਜੀ ! ਮੈਨੂੰ ਇਹ ਵਰ ਦਿਓ ਕਿ ਮੈਂ ਸ਼ੁਭ ਕੰਮ ਕਰਨ ਤੋਂ ਕਦੇ ਵੀ ਨਾ ਟਲਾਂ, ਕਿਤੇ ਵੀ ਨਾ ਝਿਜਕਾਂ। ਜਦੋਂ ਮੈਂ ਵੈਰੀਆਂ ਨਾਲ ਜੂਝਣ ਲਈ ਰਣਭੂਮੀ ਵਿਚ ਜਾਵਾਂ ਤਾਂ ਮੈਂ ਉਨ੍ਹਾਂ ਤੋਂ ਜ਼ਰਾ ਵੀ ਨਾ ਡਰਾਂ, ਅਤੇ ਆਪਣੀ ਜਿੱਤ ਉਤੇ ਪੂਰਨ ਵਿਸ਼ਵਾਸ ਰਖਾਂ। ਮੇਰੀ ਅਗਵਾਈ ਮੇਰੇ ਮਨ ਵਿਚ ਵਸੇ ਹੋਏ ਤੁਸੀਂ ਹੀ ਕਰ ਰਹੇ ਹੋਵੋ। ਅਤੇ ਲਾਲਚ ਮੈਨੂੰ ਕੇਵਲ ਇਸ ਗੱਲ ਦਾ ਹੋਵੇ ਕਿ ਮੈਂ ਸਦਾ ਆਪ ਦੇ ਹੀ ਗੁਣ ਗਾਉਂਦਾ ਰਹਾਂ। ਤੇ ਜਦੋਂ ਉਮਰ ਦੀ ਮਿਆਦ ਮੁਕਣ ਤੇ ਆ ਜਾਏ, ਤਾਂ ਮੈਂ ਧਰਮ-ਯੁੱਧ ਵਿਚ ਜੂਝਦਿਆਂ ਹੀ, ਆਪਣਾ ਆਪ ਨਿਛਾਵਰ ਕਰ ਦਿਆਂ'':

ਦੇਹ ਸਿਵਾ [6]! ਬਰੁ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨ ਡਰੋਂ ਅਰਿ [7] ਸੋਂ ਜਬ ਜਾਇ ਲਰੋਂ,
ਨਿਸਚੈ ਕਰਿ ਅਪਨੀ ਜੀਤ ਕਰੋਂ।
ਅਰੁ ਸਿੱਖ [8] ਹੌਂ ਅਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ!
ਜਬ ਆਵ [9] ਕੀ ਅਉਧ [10] ਨਿਦਾਨ ਬਨੈ [11],
ਅਤਿ ਹੀ ਰਨ ਮੈ ਤਬ ਜੂਝ ਮਰੋਂ [12]।

ਅਜਿਹਾ ਮਹਾਨ ਕੌਮੀ ਗੀਤ, ਨਹੀਂ ਸੱਚ ਕੌਮਾਂਤਰੀ ਭਾਵ ਅੰਤਰ-ਰਾਸ਼ਟਰੀ ਗੀਤ, ਘਟੋ-ਘਟ ਹਿੰਦੁਸਤਾਨ ਨੇ ਤਾਂ ਪਹਿਲਾਂ ਕਦੇ ਨਹੀਂ ਸੀ ਸੁਣਿਆ। ਅਜਿਹਾ ਦ੍ਰਿੜ੍ਹ ਪ੍ਰਣ ਤੇ ਵਿਸ਼ਾਲ ਪਰਤੱਗਿਆ ਉਨ੍ਹਾਂ ਤੋਂ ਬਾਅਦ ਵੀ,

---

4. ਹੇ ਆਪਣੇ ਝੰਡੇ ਉਤੇ ਕਿਰਪਾਨ ਦਾ ਨਿਸ਼ਾਨ ਰਖਣ ਵਾਲੇ ਅਕਾਲਪੁਰਖ !
5. ਗੁਰੂ ਗੋਬਿੰਦ ਸਿੰਘ, **ਦਸਮ ਗ੍ਰੰਥ ਸਾਹਿਬ**, ਉਹੀ, ਪੰ. 1388, **ਬੇਨਤੀ ਚੌਪਈ**, ਉਹੀ, ਪਦ ਨੰ. 401.
6. ਕਲਯਾਣ ਕਰਨ ਵਾਲੀ ਪਾਰਬ੍ਰਹਮ ਦੀ ਸ਼ਕਤੀ, ਅਕਾਲਪੁਰਖ।
7. ਵੈਰੀ, ਦੁਸ਼ਮਣ। 8. ਸਿੱਖਿਆ, ਉਪਦੇਸ਼। 9. ਉਮਰ।
10. ਹੱਦ, ਸੀਮਾ। 11. ਮੁਕਣ ਤੇ ਆਏ ; ਅਖ਼ੀਰ, ਓੜਕ।
12. ਗੁਰੂ ਗੋਬਿੰਦ ਸਿੰਘ, **ਦਸਮ ਗ੍ਰੰਥ ਸਾਹਿਬ**, ਉਹੀ, ਪੰ. 127, ਵਿਚ ਅੰਕਿਤ **ਚੰਡੀ ਚਰਿੱਤ੍ਰ ਪਹਿਲਾ**, ਮਿਤੀ 1685 ਈ., ਸਵੱਯਾ, ਪਦ ਨੰ. 233.

ਅਜੇ ਤਕ, ਸ਼ਾਇਦ ਹੀ ਕਿਸੇ ਹੋਰ ਨੇ ਇਉਂ ਲਈ ਹੋਵੇ। ਤੇ ਜੇ ਲਈ ਵੀ ਹੈ ਤਾਂ ਇੰਨ-ਬਿੰਨ ਇਉਂ ਐਲਾਨ ਕਰ ਕੇ, ਆਪਣਾ ਆਪਾ ਤੇ ਸਰਬੰਸ ਵਾਰ ਕੇ, ਉਵੇਂ ਨਿਭਾਈ ਨਹੀਂ ਹੋਣੀ।

ਅਸਲ ਵਿਚ, ਜਿਤਨੀ ਦੀਰਘ ਸਮੱਸਿਆ ਸੀ, ਉਤਨੀ ਹੀ ਵੱਡੀ ਪਰਤੱਗਿਆ ; ਜਿਤਨੀ ਭਾਰੀ ਜ਼ਿੰਮੇਵਾਰੀ ਸੀ, ਉਤਨਾ ਹੀ ਵਿਸ਼ਾਲ ਹੌਸਲਾ ; ਜਿਤਨੀ ਕਰੜੀ ਮੁਸੀਬਤ ਸੀ, ਉਤਨੀ ਹੀ ਤਕੜੀ ਹਿੰਮਤ ; ਜਿਤਨੀ ਖਿਖੜੀ ਹਾਲਤ ਸੀ, ਉਤਨੀ ਹੀ ਸਿਆਣੀ ਨੀਤੀ ; ਅਤੇ ਜਿਤਨੀ ਹੀ ਸ਼ੋਕਮਈ ਢਹਿੰਦੀ ਕਲਾ ਸੀ, ਉਤਨੀ ਹੀ ਓਜਮਈ 'ਚੜ੍ਹਦੀ ਕਲਾ' ਨਾਲ ਇਹ ਅਨੋਖਾ ਉਦੇਸ਼, ਕਠਨ ਯੋਜਨਾ ਤੇ ਵਿਸ਼ਾਲ ਪਰੋਗਰਾਮ ਲੈ-ਬਣਾ ਕੇ, ਬਾਲ-ਗੁਰੂ ਮੈਦਾਨ ਵਿਚ ਉਵੇਂ ਹੀ ਨਿਤਰ ਆਏ ਸਨ। ਗੁਰੂ-ਪਿਤਾ ਦੀ ਪਾਵਨ ਤੇ ਅਦੁੱਤੀ ਸ਼ਹੀਦੀ ਇਸ ਦੀ ਸੰਚਾਲਕ ਸ਼ਕਤੀ (motivating force) ਬਣ ਗਈ ਸੀ ਅਤੇ ਉਨ੍ਹਾਂ ਦਾ ਇਹ ਅੱਟਲ ਬਚਨ – 'ਨਾ ਕਿਸੇ ਤੋਂ ਡਰਨਾ, ਨਾ ਕਿਸੇ ਨੂੰ ਡਰਾਣਾ' – ਇਸ ਦਾ ਧੁਰਾ ਬਣ ਚੁਕਾ ਸੀ :

ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ [13]।

ਇਸ ਅਹਿੱਲ ਧੁਰੇ ਦੀ ਨੀਂਹ ਵਿਚ ਗੁਰੂ ਗੋਬਿੰਦ ਦਾਸ ਜੀ ਦੇ ਵੱਡਕੇ ਸਤਿਗੁਰਾਂ, ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਜੀ, ਦਾ ਉਹ ਅਸੂਲ ਵੀ ਸਿੰਜਰਿਤ ਸੀ ਜੋ ਉਨ੍ਹਾਂ ਦੇ ਇਸ ਅਟੱਲ ਬਚਨ :

ਨ ਮਲੇਛ ਕੋ ਦਰਸਨ ਦੇ ਹੈਂ [14]

ਰਾਹੀਂ ਵਿਦਿਤ ਸੀ ਅਤੇ ਜੋ ਉਨ੍ਹਾਂ ਨੇ ਕੇਵਲ ਐਲਾਨਿਆ ਹੀ ਨਹੀਂ ਸੀ, ਸਗੋਂ ਆਖ਼ਰੀ ਦਮ ਤਕ, ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰਦਿਆਂ, ਅਮਲੀ ਤੌਰ ਤੇ ਨਿਭਾਇਆ ਵੀ ਸੀ।

ਜਿਵੇਂ ਕਿ ਪਿਛੇ ਦਸ ਆਏ ਹਾਂ, ਸਤ੍ਹਾਰਵੀਂ ਸਦੀ ਦੀ ਦਿੱਲੀ ਵਿਚ ਰਾਜ ਤੇ ਧਰਮ, ਜਬਰ ਤੇ ਸਬਰ, ਹਿੰਸਾ ਤੇ ਅਹਿੰਸਾ, ਹੁਕਮ ਤੇ ਅਣਖ ਦੀ ਟੱਕਰ ਉਦੋਂ ਤਕ ਤਿੰਨ ਵਾਰੀ ਹੋ ਚੁਕੀ ਸੀ; ਅਤੇ ਤਿੰਨੇ ਵਾਰ ਇਹ ਇੱਕੋ ਮੁਗ਼ਲ ਬਾਦਸ਼ਾਹ, ਮੁਹੱਈ-ਉਦ-ਦੀਨ ਔਰੰਗਜ਼ੇਬ, ਦੇ ਰਾਜ-ਕਾਲ (1658-1707) ਵਿਚ ਵਾਪਰੀ ਸੀ। ਸੱਤਵੇਂ ਪਾਤਸ਼ਾਹ, ਗੁਰੂ ਹਰਿ ਰਾਇ ਸਾਹਿਬ, ਦੀ ਗੁਰਿਆਈ ਸਮੇਂ (1644 -1661), ਇਹ ਉਨ੍ਹਾਂ ਦੀ ਸੂਰਬੀਰਤਾ, ਦਰਿੜ੍ਹਤਾ ਅਤੇ 'ਚੜ੍ਹਦੀ ਕਲਾ-ਪੂਰਤ' ਦੂਰਦਰਸ਼ਤਾ ਸਦਕੇ ਟਲ ਗਈ ਸੀ। ਦਿੱਲੀ ਵਲੋਂ ਆਏ ਔਰੰਗਜ਼ੇਬੀ ਬੁਲਾਵੇ ਦੇ ਜਵਾਬ ਵਿਚ, ਉਨ੍ਹਾਂ ਨੇ ਆਪਣੀ ਉਪਰੋਕਤ ਨੀਤੀ ਨੂੰ ਮੁੱਖ ਰਖਦਿਆਂ ਦਿੱਲੀ ਖ਼ੁਦ ਆਪ ਜਾਣ ਦੀ ਥਾਂ, ਆਪਣੇ ਵੱਡੇ ਸਪੁੱਤਰ, ਸ੍ਰੀ ਰਾਮਰਾਇ ਜੀ, ਨੂੰ ਭੇਜ ਦਿੱਤਾ ਸੀ।

ਅੱਠਵੇਂ ਪਾਤਸ਼ਾਹ, ਗੁਰੂ ਹਰਿ ਕ੍ਰਿਸ਼ਨ ਜੀ, ਦੇ ਗੁਰਿਆਈ-ਕਾਲ (1661-1664) ਵਿਚ ਵੀ ਦਿੱਲੀਉਂ ਉਵੇਂ ਹੀ, ਉਸੇ ਤਰ੍ਹਾਂ ਦਾ, ਸਰਕਾਰੀ ਸੱਦਾ ਆਇਆ ਸੀ। ਆਪ ਜੀ ਨੇ ਵੀ ਦਿੱਲੀ ਜਾਣ ਤੋਂ ਪਹਿਲਾਂ ਤਾਂ ਇਨਕਾਰ ਹੀ ਕਰ ਦਿੱਤਾ ਸੀ; ਪਰ ਪਿਛੋਂ ਦਿੱਲੀ ਦੀ ਸੰਗਤ ਦੀ ਪਰੇਰਨਾ ਅਤੇ ਰਾਜਾ ਜੈ ਸਿੰਘ ਦੀ ਜ਼ਿੰਮੇਵਾਰੀ 'ਤੇ, ਆਪ ਜੀ ਦਿੱਲੀ ਚਲੇ ਤਾਂ ਗਏ ਸਨ ਪਰ ਅੰਤਮ ਸਮੇਂ ਤਕ ਉਪਰੋਕਤ ਪਿਤਾ-ਪੁਰਖੀ ਅਸੂਲ ਉਤੇ ਇਹ ਕਹਿੰਦਿਆਂ ਨਿੱਡਰ

13. ਗੁਰੂ ਤੇਗ ਬਹਾਦਰ, ਗੁਰੂ ਗ੍ਰੰਥ ਸਾਹਿਬ, ਉਹੀ, ਪੰ. 1427 ਵਿਚ ਸੰਚਿਤ ਸਲੋਕ ਮਹਲਾ 9, ਮਿਤੀ 1675 ਈ. ਲਪ.,ਸਲੋਕ ਨੰ. 16.

14. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਉਹੀ, ਸਾਖੀਆਂ ਪਾਤਸ਼ਾਹੀ 7, ਸਾਖੀ ਨੰ. 17; ਸੰਪਾਦਿਤ ਛਾਪ, ਉਹੀ, ਪੰ. 601-02.

ਤੇ ਨਿਰੰਤਰ ਕਾਇਮ ਰਹੇ ਸਨ :

ਨਾ ਤੁਰਕ ਕਉ ਦਰਸਨ ਦੇਵਨਾ ਹੈ,
ਨ ਤੁਰਕ ਕਾ ਦਰਸਨ ਲੇਵਨਾ ਹੈ।[15]

ਅਤੇ ਔਰੰਗਜ਼ੇਬ ਦੇ ਹੁਕਮ-ਹਦਾਇਤ ਤੇ ਤੀਬਰ ਇੱਛਾ ਦੇ ਬਾਵਜੂਦ, ਦਿੱਲੀ ਰਹਿੰਦਿਆਂ ਵੀ ਨਾ ਤਾਂ ਉਸ ਨੂੰ ਮਿਲਣ ਗਏ ਸਨ ਅਤੇ ਨਾ ਹੀ ਕਿਸੇ ਵਕਤ ਉਸ ਦੇ ਸਾਹਮਣੇ ਹੀ ਹੋਏ ਸਨ। 'ਬੰਸਾਵਲੀਨਾਮੇ' ਦੇ ਹੇਠ-ਲਿਖੇ ਬਿਆਨ ਅਨੁਸਾਰ, ਜਦੋਂ ਔਰੰਗਜ਼ੇਬ ਉਨ੍ਹਾਂ ਦੇ ਦਰਸ਼ਨ-ਮੇਲੇ ਲਈ ਉਨ੍ਹਾਂ ਦੇ ਨਿਵਾਸ-ਅਸਥਾਨ, ਬੰਗਲਾ ਸਾਹਿਬ, ਵਿਖੇ ਖ਼ੁਦ ਆਪ ਆ ਗਿਆ ਸੀ, ਤਦੋਂ ਵੀ ਆਪ ਜੀ ਆਪਣੇ ਉਕਤ ਅਸੂਲ ਦੇ, ਉਸੇ ਦ੍ਰਿੜ੍ਹਤਾ-ਪੂਰਤ 'ਚੜ੍ਹਦੀ ਕਲਾ' ਸਹਿਤ, ਪਾਬੰਦ ਰਹੇ ਸਨ :

ਅਸਾਂ ਵਾਕ ਭਾਈ ਜੀ ਦਾ ਪੂਰਾ ਕਰਨਾ;
ਸੀਸ ਹੈ ਦੇਣਾ,
ਹੁਣ ਕਿਹਾ ਕੂਚ ਅਤੇ ਕਿਹਾ ਡਰਨਾ।
ਏਹਾ ਚਰਚਾ ਹੋਂਦਿਆਂ, ਜੋ ਅਉਰੰਗਾ ਚੜ੍ਹਿ ਆਇਆ,
ਸਾਹਿਬ ਸੁਣਦੇ ਹੀ, ਬੂਹਾ ਬੰਦ ਕਰਵਾਇਆ।
ਜਵਾਬ-ਸੁਆਲ ਵਿਚ ਦਰਘਾ ਮਲ ਪਇਆ,
ਅਧੀ ਘੜੀ ਬੂਹੇ 'ਤੇ, ਅਉਰੰਗਾ ਖੜਾ ਰਹਿਆ।[16]......

'ਬਾਬੇ ਕਿਆਂ' ਤੇ 'ਬਾਬਰ ਕਿਆਂ' ਦੀ ਇਹ ਟੱਕਰ ਨੌਵੇਂ ਪਾਤਸ਼ਾਹ, ਗੁਰੂ ਤੇਗ਼ ਬਹਾਦਰ ਜੀ, ਦੀ ਗੁਰਿਆਈ ਦੌਰਾਨ (1664-1675) ਵੀ ਉਵੇਂ ਹੀ ਜਾਰੀ ਰਹੀ ਸੀ। ਸਗੋਂ ਉਸੇ ਦਿੱਲੀ ਵਿਚ, ਉਸੇ ਸ਼ਹਿਨਸ਼ਾਹ ਦੇ ਹੁਕਮ ਅਧੀਨ, ਉਨ੍ਹਾਂ ਦੇ ਹੋਏ ਅਦੁੱਤੀ ਬਲੀਦਾਨ ਸਦਕੇ, ਇਸ ਦਾ ਹੋਰ ਤੇਜ਼ ਹੋ ਜਾਣਾ ਸੁਭਾਵਕ ਹੀ ਸੀ।

ਜਿਵੇਂ ਕਿ ਅਗਲੇ ਕੁਝ ਪੰਨਿਆਂ ਵਿਚ ਵਰਣਿਤ ਹੈ, ਇਹ ਭਾਰੀ ਟੱਕਰ ਤਾਂ 'ਬਾਬੇ ਕਿਆਂ' ਦੇ ਆਖ਼ਰੀ ਦੇਹਧਾਰੀ ਇਸ਼ਟ, ਗੁਰੂ ਗੋਬਿੰਦ ਸਿੰਘ ਜੀ, ਦੀ ਗੁਰਿਆਈ ਸਮੇਂ (1675-1708) ਉਨ੍ਹਾਂ ਦੇ ਸਰਬੰਸ ਦਾਨ ਅਤੇ ਉਸ ਤੋਂ ਛੇਤੀ ਬਾਅਦ 'ਬਾਬਰ ਕਿਆਂ' ਦੇ ਹੋਏ ਕੇਵਲ ਰਾਜ-ਭਾਗ ਹੀ ਨਹੀਂ, ਸਗੋਂ ਉਨ੍ਹਾਂ ਦੀ ਨਸਲ ਤੇ ਖ਼ਾਨਦਾਨ ਦੇ ਵੀ ਸਰਵਨਾਸ਼ ਨਾਲ ਹੀ ਮੁਕੀ ਸੀ।

ਪਰ ਕਮਾਲ ਇਹ ਕਿ ਗੁਰੂ ਗੋਬਿੰਦ ਸਿੰਘ ਆਪਣੇ ਸਾਰੇ ਪਰਵਾਰ ਸਹਿਤ ਸ਼ਹੀਦ ਹੋ ਗਏ ਹੋਣ ਦੇ ਬਾਵਜੂਦ, ਜਿਥੇ ਉਨ੍ਹਾਂ ਦੀ ਸੰਤਾਨ, 'ਖ਼ਾਲਸਾ', ਅਤੇ ਉਸ ਨੂੰ ਬਖਸ਼ਿਆ ਹੋਇਆ ਲਕਬ, ਸਰੂਪ ਤੇ ਸਪਿਰਿਟ ਅਜੇ ਤਕ ਕੇਵਲ ਜੀਵਿਤ ਹੀ ਨਹੀਂ ਸਗੋਂ ਦੇਸ-ਪਰਦੇਸ ਦੇ ਲਗਪਗ ਹਰ ਇਲਾਕੇ ਵਿਚ ਪਰਫੁੱਲਤ ਵੀ ਹੈ, ਉਥੇ ਔਰੰਗਜ਼ੇਬ ਅਤੇ ਉਸ ਦੀ ਸੰਤਾਨ ਤੇ ਸਲਤਨੱਤ ਤਾਂ ਕਿਤੇ ਰਹੀ, ਉਸ ਦੀ ਨਸਲ ਤੇ ਖ਼ਾਨਦਾਨ ਦਾ ਨਾਂ-ਨਿਸ਼ਾਨ ਵੀ ਕਿਤੇ ਮੌਜੂਦ ਨਹੀਂ ਜਾਪਦਾ।

---

15. ਸੇਵਾ ਦਾਸ, ਪਰਚੀਆਂ, ਉਹੀ, ਸਾਖੀ ਆਠਵੇਂ ਮਹਿਲ ਕੀ, ਪਰਚੀ ਨੰ .4; ਸੰਪਾਦਿਤ ਛਾਪ, ਉਹੀ, ਪੰਨਾ 126.

16. ਕੇਸਰ ਸਿੰਘ, ਬੰਸਾਵਲੀਨਾਮਾ, ਉਹੀ, ਚਰਨ ਅੱਠਵਾਂ, ਪਦ 31-32; ਸੰਪਾਦਿਤ ਛਾਪ, ਉਹੀ,ਪੰਨਾ 79.

6
ਸਥਿਤੀ ਦਾ ਸਰਵੇਖਣ, ਉਪਾਅ ਅਤੇ ਯੋਜਨਾ

ਪਿਛਲੇ ਡੇਢ ਸੌ ਵਰ੍ਹੇ ਤੋਂ ਪੱਕੀ ਤਰ੍ਹਾਂ ਸਥਾਪਿਤ ਉਸ ਬਦੇਸ਼ੀ, ਤੁਅੱਸਬੀ ਤੇ ਨਿਰਦਈ ਰਾਜ-ਭਾਗ ਦਾ ਨਾਂ-ਨਿਸ਼ਾਨ ਤਕ ਮਿਟਾ ਦੇਣ ਲਈ ਬਾਲ-ਗੁਰੂ, ਗੋਬਿੰਦ ਦਾਸ ਜੀ, ਨੂੰ ਆਪਣੀ ਸੰਖੇਪ ਜਹੀ ਜੀਵਨ-ਯਾਤਰਾ ਦੇ ਅਗਲੇ ਕੁਝ ਵਰ੍ਹਿਆਂ ਵਿਚ ਜੋ ਦੀਰਘ ਸੋਚ-ਵਿਚਾਰ ਕਰਨੀ ਪਈ ਅਤੇ ਜਿਹੜੀ ਕਠਨ ਘਾਲ ਘਾਲਣੀ ਪਈ ਸੀ, ਉਸ ਦਾ ਤਾਂ ਜ਼ਿਕਰ ਹੀ ਕਲਮ ਦੀ ਸਮਰੱਥਾ ਤੋਂ ਬਾਹਰ ਹੈ।

ਉਨ੍ਹਾਂ ਨੇ ਉਸ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਅਤੇ ਉਸ ਨੂੰ ਸੁਲਝਾਉਣ ਤੇ ਸੰਵਾਰਨ ਲਈ, ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਲਾਈ ਹੋਈ ਫੁਲਵਾੜੀ ਵਲ ਨਜ਼ਰ ਮਾਰੀ। ਭਾਈ ਲੱਖੀ ਸ਼ਾਹ ਦੀ ਸੁਣਾਈ ਵਾਰਤਾ ਤੋਂ, ਉਸ ਦਾ ਭਵਿੱਖ ਕੁਝ ਧੁੰਧਲਾ ਤੇ ਨਿਰਾਸਾਜਨਕ ਜਾਪਿਆ। ਦੇਸ਼-ਵਾਸੀਆਂ ਦੀ ਦਾਸ-ਭਾਵਨਾ, ਕਾਇਰਤਾ ਤੇ ਕ੍ਰਿਤਘਣਤਾ; ਅਤੇ ਸਿੱਖਾਂ-ਸੇਵਕਾਂ ਦੀ ਭੈਭੀਤਤਾ ਤੇ ਨਿਰਾਸਤਾ ਨੇ ਸਾਫ਼ ਪਰਗਟ ਕਰ ਦਿੱਤਾ ਕਿ ਉਸ ਨੂੰ ਹੁਣ ਤਾਂ ਅਜਿਹੀ "ਢਾਹ" ਲਗ ਗਈ ਹੈ ਜੋ ਕੋਈ ਭਾਰੀ ਤੇ ਕਲਾਧਾਰੀ ਇਨਕਲਾਬ ਲਿਆਉਣ ਨਾਲ ਹੀ ਠਲ੍ਹੀ ਤੇ ਮੁੜ 'ਉਸਾਰੀ' ਜਾ ਸਕਦੀ ਹੈ।

ਇਹ ਇਨਕਲਾਬ, ਇਕ ਪਾਸੇ ਤਾਂ, ਬਦੇਸ਼ੀ ਰਾਜ ਨੂੰ ਜੜ੍ਹੋਂ ਉਖੇੜ ਦੇਵੇ ਤਾਂ ਜੋ ਫਿਰ ਕੋਈ ਹੋਰ ਜਾਬਰ ਬਾਦਸ਼ਾਹ ਇਸ ਦੇਸ਼ ਦੀਆਂ ਪਰਮੁੱਖ ਤੇ ਪਵਿੱਤਰ ਆਤਮਾਵਾਂ ਨੂੰ ਆਪਣੀ ਤੁਅੱਸਬੀ ਨੀਤੀ, ਤੰਗਦਿਲੀ ਤੇ ਬੇਰਹਿਮੀ ਦਾ ਨਿਸ਼ਾਨਾ ਬਣਾਉਣ ਦੀ ਜੁਰੱਅਤ ਹੀ ਨਾ ਕਰ ਸਕੇ ; ਤਾਂ ਜੋ ਇਸ ਦੇਸ਼ ਦੀ ਧਾਰਮਕਤਾ, ਸੱਭਿਅਤਾ ਤੇ ਸਭਿਆਚਾਰ ਨੂੰ ਮਲੀਆਮੇਟ ਕਰਨ ਦਾ ਮੁੜ ਕਿਸੇ ਦਾ ਹੀਆ ਹੀ ਨਾ ਪੈ ਸਕੇ ; ਤਾਂ ਜੋ ਦੇਸ਼-ਵਾਸੀਆਂ ਦੀ ਦਾਸ-ਭਾਵਨਾ ਤੇ ਢਹਿੰਦੀ ਕਲਾ ਦੀ ਮੂਲੋਂ ਹੀ ਕਾਇਆਂ-ਕਲਪ ਹੋ ਸਕੇ ; ਤਾਂ ਜੋ ਹਿੰਦੁਸਤਾਨੀ ''ਗਊਆਂ ਦੇ ਵੱਗ'' ਨੂੰ ਫਿਰ ਕਿਸੇ ਬਦੇਸ਼ੀ ''ਸਕਤੇ ਸ਼ੀਂਹ'' ਦੇ ਪੈਰਾਂ ਹੇਠ ਲਿਤੜੀਂਦਿਆਂ ਤੇ ਕੁਰਲਾਉਂਦਿਆਂ ਵੇਖ ਕੇ, ਮਨੁੱਖਤਾ ਦੇ ਗੌਰਵ, ਗੁਰੂ ਨਾਨਕ ਸਾਹਿਬ, ਨੂੰ ਇਹ ਜਾਂ ਅਜਿਹਾ ਕੋਈ ਹੋਰ ਗਿਲਾ ਫਿਰ ਕਰਨ ਦੀ ਲੋੜ ਹੀ ਨਾ ਪਏ :

ਰੱਬ ਜੀ !
ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ,
ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ,
ਤੈਂ ਕੀ ਦਰਦੁ ਨ ਆਇਆ ?[1]

ਇਹ ਇਨਕਲਾਬ, ਦੂਜੇ ਪਾਸੇ, ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਜਥੇਬੰਦ ਤੇ ਸ਼ਸਤਰਬਧ ਕਰ ਕੇ, ਇਕ ਅਜਿਹੇ 'ਪੰਥ' ਦਾ ਰੂਪ ਤੇ ਸੰਗਠਨ ਦੇ ਦੇਵੇ ਜੋ ਸਮੁੱਚੇ ਸੰਸਾਰ ਤੋਂ ਨਿਆਰਾ ਹੋਵੇ ; ਜਿਸ ਦੇ ਅਨੁਯਾਈ ਸਾਰੇ ਜਹਾਨ ਵਿਚ ਵਿਕੋਲਿਤਰੇ ਜਾਪਣ; ਜੋ ਅਜਿਹੀ ਸਦੀਵੀ ਤੇ ਵੱਖਰਿਆਵੀਂ ਵਰਦੀ ਵਿਚ ਵਿਚਰਨ ਕਿ ਉਹ ਲੱਖਾਂ ਦੀ ਭੀੜ ਵਿਚ ਵੀ ਜਾਣੇ-ਪਛਾਣੇ ਜਾ ਸਕਣ ; ਜੋ ਕਿਸੇ ਘੋਰ-ਤੋਂ-ਘੋਰ ਸੰਕਟ (crisis) ਸਮੇਂ ਵੀ ਇਹ ਕਹਿਣ ਦੀ ਜੁਰੱਅਤ ਹੀ ਨਾ ਕਰ ਸਕਣ ਕਿ ਸਾਡਾ ਗੁਰੂ-ਘਰ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਹੀਂ ; ਜੋ ਕਦੇ ਕੋਈ

---
1. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਆਸਾ, ਪੰ. 360.

ਭਾਰੀ-ਤੋਂ-ਭਾਰੀ ਭੀੜਾ ਪੈਣ ਤੇ ਵੀ, ਨਾ ਤਾਂ ਆਪਣੀ ਸ਼ਨਾਖ਼ਤ (identity) ਲੁਕਾ ਸਕਣ ਤੇ ਨਾ ਹੀ ਗੁਰੂ-ਘਰ ਨਾਲ ਅਸਬੰਧਿਤ ਹੋਣ ਦਾ ਕੋਈ ਭੁਲੇਖਾ ਹੀ ਪਾ ਸਕਣ। ਅਜਿਹੇ ਲੋਕਾਂ ਵਿਚ ਅਜਿਹੀ ਨਿਰਭੈਤਾ ਤੇ ਸੂਰਬੀਰਤਾ ਫੂਕ ਦਿੱਤੀ ਜਾਏ ਕਿ ਉਹ, ਪ੍ਰੋ. ਪੂਰਨ ਸਿੰਘ ਦੇ ਲਫ਼ਜ਼ਾਂ ਵਿਚ, "ਮੌਤ ਨਾਲ ਵੀ ਮਖ਼ੌਲਾਂ ਕਰਨ" [2] ਦੇ ਸਮਰੱਥ ਹੋ ਜਾਣ ; ਉਨ੍ਹਾਂ ਵਿਚ 'ਚੜ੍ਹਦੀ ਕਲਾ' ਦੀ ਅਜਿਹੀ ਸਪਿਰਿਟ ਭਰ ਦਿੱਤੀ ਜਾਏ ਕਿ ਧਰਮ-ਨਿਆਂ ਦੀ ਰੱਖਿਆ ਅਤੇ ਦੇਸ਼-ਕੌਮ ਦੀ ਅਣਖ਼ ਬਚਾਉਣ ਲਈ ਉਨ੍ਹਾਂ 'ਵਿੱਚੋਂ' ਇਕ-ਇਕ ਸਵਾ-ਸਵਾ ਲੱਖ ਨਾਲ ਟੱਕਰ ਲੈਣ ਲਈ' ਉਤਾਵਲਾ ਹੋ ਜਾਏ ; ਅਤੇ ਜੋ ਮਨੁੱਖੀ ਹੱਕਾਂ ਦੀ ਰਾਖੀ ਕਰਨ ਤੇ ਜਬਰ-ਅਨਿਆਂ ਵਿਰੁੱਧ ਡਟ ਜਾਣ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿ ਸਕੇ।

ਕਹਿੰਦੇ ਹਨ ਕਿ ਉਹ ਕੁਝ ਸੁਣਦਿਆਂ ਤੇ ਸੋਚਦਿਆਂ, ਬਾਲ-ਗੁਰੂ ਗੋਬਿੰਦ ਦਾਸ ਇਕ ਅਨੂਠੇ ਜਲਾਲ ਵਿਚ ਆ ਗਏ ਸਨ। ਉਨ੍ਹਾਂ ਦੀ ਰੂਹ ਥਰਕੀ ਸੀ, ਹਿੱਕ ਫਰਕੀ ਸੀ ਤੇ ਅੱਖਾਂ ਲਿਸ਼ਕੀਆਂ ਸਨ। ਡੌਲਿਆਂ ਵਿਚ ਇਕ ਅਜੀਬ ਜਹੀ ਜੁੰਬਸ਼ ਆਈ ਸੀ ਅਤੇ ਇਕ ਅਨੂਪਮ 'ਚੜ੍ਹਦੀ ਕਲਾ' ਤੇ ਗਰਜਵੀਂ ਆਵਾਜ਼ ਵਿਚ, ਭਾਈ ਸੰਤੋਖ ਸਿੰਘ (1788-1844) ਦੀ ਦੱਸ ਅਨੁਸਾਰ, ਉਨ੍ਹਾਂ ਨੇ ਇਹ ਐਲਾਨੀਆ ਆਖਿਆ ਸੀ :

ਸ੍ਰੀ ਗੋਬਿੰਦ ਸੁਨਿ ਕਰਿ ਐਸੇ,
ਗਰਜਤ ਬੋਲੇ ਜਲਧਰ [3] ਜੈਸੇ :
"ਇਸ ਬਿਧਿ ਕੋ ਅਬਿ ਪੰਥ ਬਨਾਵੋਂ,
ਸਗਲ [4] ਜਗਤ ਮਹਿ, ਬਹੁ ਬਿਦਤਾਵੋਂ [5]।
ਲਾਖਹੁੰ ਨਰ ਜਗ ਕੇ ਇਕ ਥਾਂਇ,
ਤਿਨ ਮਹਿ ਮਿਲੇ, ਏਕ ਸਿਖ ਜਾਇ।
ਸਭ ਮਹਿ ਪ੍ਰਥਕ [6] ਪਛਾਨਯੋ ਪਰੈ,
ਰਲੈ ਨ ਕਬਹੂੰ, ਕੈ ਸਿਹੁ ਕਰੈ।
ਜਥਾ [7] ਬਕਨ [8] ਮਹਿ, ਹੰਸ ਨ ਛਪੈ,
ਗ੍ਰਿਝਨਿ ਬਿਖੈ [9] ਮੋਰ ਜਿਮ [10] ਦਿਪੈ [11]।
ਜਯੋਂ ਖਰਗਨ [12] ਮਹਿ ਬਲੀ ਤੁਰੰਗ [13],
ਜਥਾ ਮ੍ਰਿਗਨ [14] ਮਹਿ ਕੇਹਰਿ [15] ਅੰਗ।
ਤਿਮ [16] ਨਾਨਾ ਭੇਖਨ ਕੇ ਮਾਹਿ,
ਮਮ ਸਿੱਖ ਕੋ ਸਗਲ ਪਰਖਾਹਿ "।[17]

---

2. ਵੇਖੋ : ਪ੍ਰੋ. ਪੂਰਨ ਸਿੰਘ ਦੀ ਚੋਣਵੀਂ ਕਵਿਤਾ, ਸੰਪਾਦਿਤ ਵਲੋਂ ਡਾ. ਹਰਨਾਮ ਸਿੰਘ ਸ਼ਾਨ, ਚੰਡੀਗੜ੍ਹ-1961 ਈ., ਦੂਜੀ ਛਾਪ-1964 ਈ., ਪੰ. 70-71.

3. ਬੱਦਲ। 4. ਸਾਰੇ। 5. ਪਰਗਟ ਕਰਾਂ। 6. ਪਹਿਲੋਂ ; ਵੱਖਰਾ। 7. ਜਿਵੇਂ। 8. ਬਗਲਿਆਂ। 9. ਵਿਚ। 10. ਜਿਵੇਂ। 11. ਲਿਸ਼ਕਦਾ ਹੈ, ਦਿਸਦਾ ਹੈ। 12. ਖੋਤਿਆਂ। 13. ਘੋੜਾ। 14. ਹਿਰਨ। 15. ਸ਼ੇਰ। 16. ਤਿਵੇਂ।

17. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕੈਥਲ-1843 ਈ., ਡਾ. ਭਾਈ ਵੀਰ ਸਿੰਘ ਵਲੋਂ ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ , ਪਹਿਲੀ ਛਾਪ, ਅੰਮ੍ਰਿਤਸਰ-1934 ਈ., ਰੁੱਤ ਪਹਿਲੀ, ਅੰਸ਼ੂ 17, ਪਦ ਨੰ. 8-10, ਜਿਲਦ 11, ਪੰਨਾ 4521.

ਅਰਥਾਤ : ''ਸ੍ਰੀ ਗੁਰੂ ਗੋਬਿੰਦ ਜੀ ਇਹ ਕੁਝ ਸੁਣਦਿਆਂ ਹੀ, ਸਾਵਣ ਦੇ ਬੱਦਲ ਵਾਂਗ ਗਰਜ ਕੇ ਬੋਲੇ : 'ਹੁਣ ਤਾਂ ਮੈਂ ਇਕ ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਜੱਗ ਵਿਚ ਨਿਆਰੇ ਤੇ ਨਿਵੇਕਲੇ ਸਰੂਪ ਦਾ ਧਾਰਨੀ ਹੋਵੇ ਗਾ। ਦੁਨੀਆ ਦੇ ਲੱਖਾਂ ਲੋਕਾਂ ਦੇ ਇੱਕਠ ਵਿਚ ਜਦੋਂ ਕਿਤੇ ਕੋਈ ਇਕ ਸਿੱਖ ਵੀ ਸ਼ਾਮਿਲ ਹੋਇਆ ਹੋਵੇਗਾ, ਉਹ ਸਾਰੇ ਇੱਕਤਰਿਤ ਬੰਦਿਆਂ ਨਾਲੋਂ ਪਹਿਲੀ ਨਜ਼ਰੇ ਹੀ ਪਛਾਣਿਆ ਜਾ ਸਕੇਗਾ ਅਤੇ ਸਭ ਤੋਂ ਵੱਖਰਾ ਤੇ ਵਿਲੱਖਣ ਦਿਸੇਗਾ। ਬਗਲਿਆਂ ਦੀ ਡਾਰ ਵਿਚ ਜਿਵੇਂ ਕੋਈ ਹੰਸ ਛੁਪਿਆ ਨਹੀਂ ਰਹਿ ਸਕਦਾ ; ਗਿਰਝਾਂ ਦੇ ਝੁੰਡ ਵਿਚ ਜਿਵੇਂ ਕੋਈ ਮੋਰ ਲਿਸ਼ਕਦਾ ਹੈ ; ਖੋਤਿਆਂ ਦੀ ਭੀੜ ਵਿਚ ਜਿਵੇਂ ਕੋਈ ਘੋੜਾ ਅਤੇ ਹਿਰਨਾਂ ਦੀ ਢਾਣੀ ਵਿਚ ਜਿਵੇਂ ਕੋਈ ਸ਼ੇਰ ਵੱਖਰਾ ਤੇ ਵਿੱਲਖਣ ਦਿਸਦਾ ਹੈ, ਤਿਵੇਂ ਹੀ ਭਿੰਨ ਭਿੰਨ ਮੱਤਾਂ ਤੇ ਭੇਖਾਂ ਦੇ ਇੱਕਠ ਵਿਚ ਵਿਚਰਦਾ ਮੇਰਾ ਸਿੱਖ ਆਪਣੇ ਉਸ ਨਿਆਰੇ ਸਰੂਪ ਤੇ ਅਨੂਠੀ ਸਪਿਰਿਟ ਸਦਕੇ ਸਹਿਜੇ ਹੀ ਪਰਖਿਆ ਤੇ ਪਛਾਣਿਆ ਜਾ ਸਕੇਗਾ"।[17] ਭਾਈ ਸੰਤੋਖ ਸਿੰਘ ਨੇ ਇਹ ਵੀ ਦਸਿਆ ਹੈ ਕਿ ਇਹ ਅਚਨਚੇਤ, ਅਸਚਰਜ ਤੇ 'ਚੜ੍ਹਦੀ ਕਲਾ-ਪੂਰਤ' ਬਚਨ ਸੁਣਦਿਆਂ ਹੀ, ਸਰੋਤੇ ਵੀ ਵਿਸਮਾਦ ਵਿਚ ਆ ਗਏ ਸਨ :

ਸੁਨਤਿ ਸਭਾ ਸਭ ਬਿਸਮੈ ਹੋਈ,
ਬਾਕ ਅਚਾਨਕ ਜਾਨਤਿ ਸੋਈ।[17]

ਬਚਨ ਕਰਨਾ ਜਾਂ ਦਮਗਜਾ ਮਾਰਨਾ ਤਾਂ ਆਸਾਨ ਹੁੰਦਾ ਹੈ ਪਰ ਉਸ ਨੂੰ ਨਿਭਾਉਣਾ ਮੁਸ਼ਕਲ, ਅਤੇ ਕਈ ਵਾਰ ਅਸੰਭਵ ਹੋ ਜਾਂਦਾ ਹੈ। ਨੌਂ ਕੁ ਵਰ੍ਹੇ ਦੀ ਬਾਲ-ਉਮਰੇ ਕੀਤੇ ਇਸ ਇਨਕਲਾਬੀ ਤੇ ਯਾਦਗਾਰੀ ਬਚਨ ਨੂੰ ਨਿਭਾਉਣ ਲਈ, ਗੁਰੂ ਗੋਬਿੰਦ ਸਿੰਘ ਨੇ ਤੇਈ ਵਰ੍ਹੇ ਅਜਿਹੀ ਘੋਰ ਸਾਧਨਾ ਕੀਤੀ; ਇਸ ਵਿਚ ਅੰਕਿਤ ਇਨਕਲਾਬੀ ਪਰੋਗਰਾਮ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜਿਹੀ ਬਿਖਮ ਘਾਲ ਘਾਲੀ; ਇਸ ਉਤੇ ਅੰਤਮ ਸੁਆਸਾਂ ਤਕ ਪਹਿਰਾ ਦੇਣ ਲਈ, ਕੁਰਬਾਨੀਆਂ ਦਾ ਅਜਿਹਾ 'ਚੱਕਰ' ਚਲਾਇਆ ਕਿ ਜਿਸ ਦੀ ਕੋਈ ਹੋਰ ਮਿਸਾਲ ਮਨੁੱਖਤਾ ਦਾ ਇਤਿਹਾਸ ਅਜੇ ਤਕ ਪੇਸ਼ ਨਹੀਂ ਕਰ ਸਕਿਆ।

ਇਹ ਓਹੀ ਪਰੋਗਰਾਮ ਤੇ ਪਰਾਪਤੀ ਹੈ ਜਿਸ ਵਲ ਪੌਣੇ ਦੋ ਸੌ ਵਰ੍ਹੇ ਬਾਅਦ ਸੰਕੇਤ ਕਰਦਿਆਂ, ਸਿੱਖਾਂ ਦੇ ਪਹਿਲੇ ਗ਼ੈਰਸਿੱਖ ਤੇ ਨਿਰਪੱਖ ਪੱਛਮੀ ਇਤਿਹਾਸਕਾਰ, ਕੈਪਟਨ ਕਨਿੰਘਮ (1812-1851 ਈ.), ਨੇ ਆਖਿਆ ਸੀ : The violent end and the last injunction of the martyr Guru made a deep impression on the mind of Gobind, and in brooding over .. the fallen condition of his country, he .. conceived the noble idea of moulding the vanquished Hindus into a new and aspiring people.[18] ਅਰਥਾਤ, "ਉਦੋਂ ਬਾਲ-ਵਰ੍ਹੇਸ ਵਿਚ ਵਿਚਰ ਰਹੇ ਗੁਰੂ ਗੋਬਿੰਦ ਦੇ ਮਨ ਉਤੇ ਉਸ ਅਦੁੱਤੀ ਸ਼ਹਾਦਤ ਅਤੇ ਅੰਤਮ ਗੁਰ-ਸੰਦੇਸ਼ ਦਾ ਬੜਾ ਡੂੰਘਾ ਅਸਰ ਹੋਇਆ ਸੀ ਅਤੇ ਉਨ੍ਹਾਂ ਨੇ ਦੇਸ਼ ਦੀ ਨਿਘਰ ਚੁਕੀ ਹਾਲਤ ਨੂੰ ਵਿਚਾਰਦਿਆਂ, ਹਾਰੇ-ਹੁਟੇ ਹਿੰਦੂਆ ਨੂੰ ਇਕ ਨਵੀਂ ਤੇ ਉਤਸ਼ਾਹਭਰਪੂਰ ਕੌਮ ਦੇ ਰੂਪ ਵਿਚ ਢਾਲਣ-ਸੰਵਾਰਨ ਦਾ ਉੱਚਤਮ ਖ਼ਿਆਲ ਉਦੋਂ ਹੀ ਚਿਤਵ ਲਿਆ ਸੀ।"[18] ਉਸ ਦੀ ਸਫ਼ਲਤਾ ਲਈ ਘਾਲੀ ਕਠਨ ਤੇ ਨਿਰੰਤਰ ਘਾਲ ਅਤੇ ਦਿੱਤੀਆਂ ਬੇਮਿਸਾਲ ਕੁਰਬਾਨੀਆਂ ਦਾ ਜੋ ਮਹਾਨ ਤੇ ਯਾਦਗਾਰੀ ਸਿੱਟਾ ਨਿਕਲਿਆ, ਅਗੇਰੇ ਜਾ ਕੇ ਉਸ ਦਾ ਜ਼ਿਕਰ ਕਰਦਿਆਂ ਇਹ ਵੀ ਕਨਿੰਘਮ ਨੇ ਹੀ

18. Cunningham, Capt. J. D., *History of the Sikhs, from the Origin of the Nation to the Battles of the Sutlej,* London-1849 ; reprint, New Delhi - 1985, p.59.

ਲਿਖਿਆ ਸੀ : ..he effectually roused the dormant energies of a vanquished people, and filled them with a lofty although fitful longing for social freedom and national ascendancy, the proper adjuncts of that purity of worship which had been preached by Nanak. Gobind saw what was yet vital and he relumed it with Promethean fire.[19] ਅਰਥਾਤ, ''.... ਗੁਰੂ ਗੋਬਿੰਦ ਜੀ ਨੇ ਇਕ ਹਾਰੀ ਹੋਈ ਕੌਮ ਦੀਆਂ ਸੁਤੀਆਂ ਹੋਈਆਂ ਸ਼ਕਤੀਆਂ ਨੂੰ ਹਲੂਣ ਕੇ ਜਗਾ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਉਸ ਸਮਾਜਕ ਸੁਤੰਤਰਤਾ ਤੇ ਰਾਸ਼ਟਰੀ ਪ੍ਰਭੁਤਾ ਲਈ ਇਕ ਉਚੀ, ਭਾਵੇਂ ਅਨਿਯਮਤ, ਤਾਂਘ ਨਾਲ ਵੀ ਭਰ ਦਿੱਤਾ ਜੋ (ਗੁਰੂ) ਨਾਨਕ (ਸਾਹਿਬ) ਦੀ ਪਰਚਾਰੀ ਹੋਈ ਭਗਤੀ ਦੀ ਪਾਵਨਤਾ ਦੇ ਉਚਿੱਤ ਜੋੜ ਸਨ। (ਗੁਰੂ) ਗੋਬਿੰਦ (ਜੀ) ਨੇ ਉਸ ਅੰਗ ਨੂੰ ਭਾਂਪ ਲਿਆ ਜੋ ਅਜੇ ਵੀ ਜਾਨਦਾਰ ਸੀ ਅਤੇ ਉਸ ਨੂੰ ਪਰੋਮੈਥੀਅਨ ਜੋਸ਼ ਨਾਲ ਮੁੜ ਸੁਰਜੀਤ ਕਰ ਲਿਆ''।[19]

7
ਜੀਵਨ-ਆਦਰਸ਼ ਤੇ ਸੰਘਰਸ਼ ਲਈ ਤਿਆਰੀ

ਬਾਲ-ਗੁਰੂ, ਗੋਬਿੰਦ ਦਾਸ ਜੀ, ਨੇ ਕੌਮੀ 'ਕਾਇਆਂ-ਕਲਪ' ਦੇ ਇਸ ਵਿਸ਼ਾਲ ਤੇ ਵਿਆਪਕ ਪਰੋਗਰਾਮ ਵਿਚ, ਸਭ ਤੋਂ ਪਹਿਲਾਂ, ਮਾਨਸਕ ਅਵਸਥਾ ਨੂੰ ਸੋਧਣ ਤੇ ਵਿਗਾਸਣ ਦਾ ਬੀੜਾ ਚੁਕਿਆ।

ਸਦੀਆਂ ਦੀ ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਕ ਗੁਲਾਮੀ ਨੇ ਹਿੰਦੁਸਤਾਨੀ ਦਿਲ-ਦਿਮਾਗ਼ ਨੂੰ ਬੋਦਾ, ਬੁਜ਼ਦਿਲ ਤੇ ਸਿਥਲ ਬਣਾ ਦਿੱਤਾ ਸੀ। ਦਸਮੇਸ਼ ਦਾ ਨਿਸਚਾ ਸੀ ਕਿ ਤਕੜੇ ਦਿਲ ਤੇ ਨਰੋਏ ਮਨ ਹੀ ਸਰੀਰਾਂ ਦੀ ਸ਼ਕਤੀ ਤੇ ਅਰੋਗਤਾ ਦਾ ਆਧਾਰ ਹੁੰਦੇ ਹਨ ; ਅਤੇ ਤਕੜੇ ਤਨਾਂ ਤੇ ਨਰੋਏ ਮਨਾਂ ਵਾਲੇ ਸੂਰਮੇ ਹੀ ਦੇਸ਼ਾਂ ਦੀ ਕਾਇਆ ਤੇ ਕੌਮਾਂ ਦੀ ਕਿਸਮਤ ਬਦਲ ਸਕਦੇ ਹਨ।

ਇਸੇ ਲਈ ਉਨ੍ਹਾਂ ਨੇ ਬੜਾ ਨਿਗਰ ਤੇ ਨਰੋਆ, ਉਸਾਰੂ ਤੇ ਉਭਾਰੂ ਸਾਹਿੱਤ ਲਿਖਣਾ ਤੇ ਲਿਖਵਾਉਣਾ ਸ਼ੁਰੂ ਕੀਤਾ ; ਤਾਂ ਜੋ ਉਸ ਦੀ ਸਹਾਇਤਾ ਨਾਲ ਦੇਸ਼-ਵਾਸੀਆਂ ਦੇ ਮਨ ਤੇ ਤਨ ਨੂੰ ਇਕ-ਸੁਰ ਕਰ ਕੇ, ਉਨ੍ਹਾਂ ਦੀਆਂ ਅੰਤਰੀਵ ਮਾਨਸਕ ਸ਼ਕਤੀਆਂ ਨੂੰ ਟੁੰਬਾ ਕੇ, ਤੇ ਉਨ੍ਹਾਂ ਦੇ ਦਿਲ-ਦਿਮਾਗ਼ ਨੂੰ ਹੰਗਾਲ ਕੇ, ਉਨ੍ਹਾਂ ਵਿਚ ਨਵੀਂ ਰੂਹ ਤੇ 'ਚੜ੍ਹਦੀ ਕਲਾ' ਫੂਕੀ ਜਾ ਸਕੇ ; ਅਤੇ ਫਿਰ ਉਸ ਦੇ ਸੰਚਾਰ ਨਾਲ ਉਨ੍ਹਾਂ ਦੇ ਘੁਸੇ-ਪੁਰਾਣੇ ਪਿੰਜਰਾਂ ਵਿਚ ਸਦੀਆਂ ਤੋਂ ਜਮੇ ਹੋਏ ਖ਼ੂਨ ਨੂੰ ਹਿਲਾਇਆ ਤੇ ਗਰਮਾਇਆ ਜਾ ਸਕੇ।

ਪੰਜਾਬੀ ਦਿਲਾਂ ਦੇ ਤਰਜਮਾਨ, ਸੱਯਦ ਵਾਰਸ ਸ਼ਾਹ, ਨੇ ਇਕ ਥਾਂ ਆਖਿਐ :

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕਟੀਏ ਪੋਰੀਆਂ-ਪੋਰੀਆਂ ਜੀ।[1]

ਕਿਸੇ ਇਕ ਬੰਦੇ ਦੀ ਕੋਈ ਇਕ ਆਦਤ ਜਾਂ ਰੁਚੀ ਬਦਲਣੀ ; ਉਸ ਦੇ ਸੁਭਾਅ ਜਾਂ ਆਚਰਨ ਨੂੰ ਢਾਲਣਾ ਤੇ ਸੰਵਾਰਨਾ ਕੋਈ ਮਾਮੂਲੀ ਕੰਮ ਨਹੀਂ। ਪਰ ਜਿਥੇ ਸਾਰੇ-ਦਾ-ਸਾਰਾ ਆਵਾ ਹੀ ਊਤ ਗਿਆ ਹੋਵੇ, ਸਾਰੀ-ਦੀ-ਸਾਰੀ ਕੌਮ ਦਾ ਮਾਨਸਕ, ਆਚਰਨਕ ਤੇ ਸਰੀਰਕ ਢਾਂਚਾ ਹੀ ਵਿਗੜ ਗਿਆ ਹੋਵੇ, ਉਸ ਨੂੰ ਢਾਲਣ-ਸੰਵਾਰਨ ਲਈ ਜਿੰਨੀ ਸੂਝ ਤੇ ਸਿਆਣਪ, ਕਲਪਨਾ ਤੇ ਪਰੇਰਨਾ, ਹਿੰਮਤ ਤੇ ਮਿਹਨਤ, ਅਗਵਾਈ ਤੇ ਹੱਲਾਸ਼ੇਰੀ,

---

19. Cunningham, *History of the Sikhs*, op.cit, p.75.
1. ਵਾਰਸ ਸ਼ਾਹ, ਸੱਯਦ, ਕਿੱਸਾ ਹੀਰ ਰਾਂਝਾ, ਮਲਕਹਾਂਸ- 1766 ਈ.; ਬੰਦ ਨੰ.145.

ਸਮੇਂ ਤੇ ਤਜਰਬੇ, ਅਤੇ ਸਾਧਨਾਂ ਤੇ ਸਹੂਲਤਾਂ ਦੀ ਲੋੜ ਹੈ, ਹਮਾਤੜਾਂ ਲਈ ਤਾਂ ਉਸ ਦਾ ਜਾਇਜ਼ਾ ਲੈਣਾ ਵੀ ਕਠਨ ਹੈ।

ਗੁਰੂ ਗੋਬਿੰਦ ਦਾਸ ਜੀ ਨੇ ਇਸੇ ਲਈ ਜਮਨਾ ਦੇ ਕੰਢੇ, ਪਾਉਂਟੇ ਦੀ ਏਕਾਂਤ ਤੇ ਰਮਣੀਕ ਵਾਦੀ ਵਿਚ, ਇਕ ਅਜਿਹਾ ਸਾਹਿੱਤ ਰਚਣਾ ਤੇ ਰਚਵਾਉਣਾ ਸ਼ੁਰੂ ਕਰ ਦਿੱਤਾ ਜੋ ਇਹ ਸਭ ਕੁਝ ਕਰਨ ਤੇ ਕਰਾਉਣ ਦੇ ਸਮਰੱਥ ਸੀ। ਇਸ ਵਿਚ ਉਨ੍ਹਾਂ ਨੇ ਰੱਬ ਤੇ ਮਨੁੱਖ ਸਬੰਧੀ ਇਕ ਅਜਿਹਾ ਨਵਾਂ ਤੇ ਨਰੋਆ ਸੰਕਲਪ ਪੇਸ਼ ਕੀਤਾ ; ਉਸ ਨੂੰ ਬੀਰ-ਰਸ ਤੇ ਕੌਮੀ ਜਜ਼ਬੇ ਦੀ ਅਜਿਹੀ ਪੁਠ ਚੜ੍ਹਾਈ ; ਉਸ ਰਾਹੀਂ ਲੋਕ-ਵੈਰੀਆਂ ਨੂੰ ਅਜਿਹਾ ਵੰਗਾਰਿਆ ਅਤੇ ਲੋਕ-ਹਿੱਤਾਂ ਨੂੰ ਅਜਿਹੀ ਜ਼ਬਾਨ ਦਿੱਤੀ ਕਿ ਉਸ ਨੂੰ ਪੜ੍ਹਨ-ਸੁਣਨ ਵਾਲਿਆਂ ਦੇ ਦਿਲਾਂ ਵਿਚ ਨਵੇਂ ਚਾਅ, ਨਵੀਆਂ ਤਾਂਘਾਂ ਤੇ ਨਵੇਂ ਇਰਾਦੇ ਉਮਕਣ ਤੇ ਉਮਡਣ ਲਗ ਪਏ। ਛੂਤ-ਛਾਤ ਦੇ ਖੇਖਣਾਂ, ਜਾਤ-ਪਾਤ ਦੇ ਵਿਤਕਰਿਆਂ, ਵਹਿਮਾਂ-ਭਰਮਾਂ ਦੀਆਂ ਜਿਲ੍ਹਣਾਂ ਤੇ ਸੰਪਰਦਾਇਕ ਮਤ-ਭੇਦਾਂ ਵਿਚ ਉਲਝੇ ਹੋਏ 'ਖਹਿ-ਖਹਿ ਮਰਦੇ' ਲੋਕਾਂ ਨੂੰ ਨਿਰਭੈ ਤੇ ਨਿਰਵੈਰ ਗੁਰੂ ਗੋਬਿੰਦ ਸਿੰਘ ਨੇ ਹੀ ਇਹ ਏਲਾਨੀਆ ਦਸਿਆ :

ਕੋਊ ਭਇਓ ਮੁੰਡੀਆ [2], ਸੰਨਿਆਸੀ [3] ਕੋਊ ਜੋਗੀ [4] ਭਇਓ ;
ਕੋਊ ਬ੍ਰਹਮਚਾਰੀ, ਕੋਊ ਜਤੀ [5] ਅਨੁਮਾਨਬੋ।
ਹਿੰਦੂ ਤੁਰਕ ਕੋਊ, ਰਾਫਿਜੀ [6], ਇਮਾਮ ਸਾਫੀ [7] ;
ਮਾਨਸ ਕੀ ਜਾਤਿ [8] ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ ;
ਦੂਸਰੋ ਨ ਭੇਦ ਕੋਈ, ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ ;
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।[9]

ਇਕਈਸ਼ਵਰਤਾ, ਵਿਸ਼ਵ-ਏਕਤਾ ਤੇ ਮਾਨਵ-ਪਿਆਰ ਦਾ ਅਜਿਹਾ ਅਦੁੱਤੀ ਤੇ ਇਨਕਲਾਬੀ ਨਾਅਰਾ ਲਾਉਣ ਵਾਲੇ ਸਤਿਗੁਰੂ ਨੇ, ਫਿਰ, ਕੇਵਲ ਇਥੇ ਹੀ ਬਸ ਨਹੀਂ ਕੀਤੀ, ਸਗੋਂ ਨਿਧੜਕ ਹੋ ਕੇ ਇਹ ਵੀ ਏਲਾਨੀਆ ਆਖਿਆ :

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ ;
ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ [10] ਹੈ।
ਦੇਵਤਾ, ਅਦੇਵ,[11] ਜੱਛ, ਗੰਧ੍ਰਬ, ਤੁਰਕ, ਹਿੰਦੂ ;
ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ [12] ;

---

2. ਰਾਮਾਨੰਦ ਦੇ ਚੇਲੇ ਵੈਰਾਗੀ ਸਾਧੂ। 3. ਦੱਤਾਤ੍ਰੇਇ ਦੀ ਸੰਪ੍ਰਦਾਇ ਦੇ ਸਾਧੂ। 4. ਗੋਰਖਪੰਥੀ ਸਾਧੂ।
5. ਜੈਨੀ ਸਾਧੂ, ਸਰੇਵੜੇ। 6. ਸ਼ੀਆ ਮੁਸਲਮਾਨ। 7. ਸੁੰਨੀ ਮੁਸਲਮਾਨ। 8. ਮਨੁੱਖਜਾਤੀ।
9. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ.28, ਵਿਚ ਸੰਚਿਤ ਅਕਾਲ ਉਸਤਤਿ, ਕਬਿੱਤ ਨੰ.15/85.
10. ਭਰਮ, ਭੁਲੇਖਾ। 11. ਦੈਂਤ। 12. ਬਣਤਰ ; ਸੁਭਾਅ।

ਖ਼ਾਕ,[13] ਬਾਦ,[14] ਆਤਿਸ਼[15], ਅਉ ਆਬ[16] ਕੋ ਰਲਾਉ ਹੈ।
ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ ;
ਏਕ ਹੀ ਸਰੂਪ ਸਬੈ ਏਕ ਹੀ ਬਨਾਉ[17] ਹੈ।[18]

ਰੱਬ ਦੀ ਇੱਕਵਤਾ (Oneness of God) ਤੇ ਮਨੁੱਖ ਦੀ ਭਰਾਤਰੀਅਤਾ (Brotherhood of Man) ਦੇ ਇਸ ਬੇਬਾਕ ਤੇ ਅਲੌਕਿਕ, ਸੱਚੇ ਤੇ ਵਿਗਿਆਨਕ ਵਰਨਣ ਨੇ ਭੁਲੇ-ਭਟਕੇ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਸੱਯਦ ਬੁੱਧੂ ਸ਼ਾਹ ਵਰਗੇ ਮੁਸਲਮਾਨ ਪੀਰ ਵੀ ਧਰਮ-ਯੁੱਧ ਦਾ ਨਗਾਰਾ ਵਜਦਿਆਂ ਹੀ, ਆਪਣੇ ਬੱਚਿਆਂ ਤੇ ਮੁਰੀਦਾਂ ਦੀ ਆਹੂਤੀ ਪਾਉਣ ਲਈ ਨਿਤਰ ਆਏ। ਭਾਈ ਘਨੱਈਏ ਵਰਗੇ ਸਿਦਕੀ ਸਿੱਖ ਵੀ ਰਣਭੂਮੀ ਵਿਚ ਤਿਹਾਏ ਮਰ ਰਹੇ ਮੁਗ਼ਲ ਜਾਬਰਾਂ ਨੂੰ ਵੀ ਪਾਣੀ ਪਿਲਾਉਣ ਅਤੇ ਮਲ੍ਹਮਾਂ ਲਾਉਣ ਲਈ ਤਤਪਰ ਹੋ ਗਏ।

'ਅਕਾਲ ਉਸਤਤਿ' ਦੇ ਨਾਲ ਨਾਲ, 'ਚੰਡੀ ਦੀ ਵਾਰ' ਵਰਗੀਆਂ ਬੀਰ-ਰਸ-ਪੂਰਤ ਕਿਰਤਾਂ ਪੜ੍ਹਨ-ਸੁਣਨ ਵਾਲੇ ਜਨ-ਸਾਧਾਰਨ ਦੀ ਢਹਿੰਦੀ ਕਲਾ ਨੇ 'ਚੜ੍ਹਦੀ ਕਲਾ' ਦਾ ਰੁਖ ਫੜ ਲਿਆ। ਉਨ੍ਹਾਂ ਵਿਚ ਵੀ ਲੜਨ-ਮਰਨ ਦੀ ਦਲੇਰੀ ਤੇ ਜੀਉਂਦੇ-ਜੀ ਕੁਝ ਕਰ ਵਿਖਾਉਣ ਦੀ ਇੱਛਾ ਜਾਗ ਪਈ। ਸਤਿਗੁਰੂ ਨੇ ਜੁ ਆਪ ਇਉਂ ਆਖਿਆ ਸੀ :

ਅਵਰ[19] ਬਾਸਨਾ[20] ਨਾਂਹਿ ਪ੍ਰਭ !
ਧਰਮ- ਜੁੱਧ[21] ਕੇ ਚਾਇ[22]।[23]

ਅਤੇ ਗੁਰੂ ਦਾ ਇਹ ''ਧਰਮ-ਜੁਧ ਕੇ ਚਾਇ'' ਛੇਤੀ ਹੀ ਇਕ ਲਹਿਰ ਵਾਂਗ, ਮਾਨੋ ਜੰਗਲ ਦੀ ਅੱਗ ਵਾਂਗ, ਸਾਰੇ ਚੌਗਿਰਦੇ ਵਿਚ ਪਸਰ ਗਿਆ।

ਇਸੇ ਲਈ, ਅਜਿਹੀ ਮਾਨਸਕ ਜਾਗਰਤੀ ਪੁੰਗਰਨ ਤੇ 'ਚੜ੍ਹਦੀ ਕਲਾ' ਪਸਰਨ ਦੇ ਨਾਲ ਨਾਲ, ਸਰੀਰਕ ਤਕੜਾਈ ਦੀ ਤਿਆਰੀ ਵੀ ਸ਼ੁਰੂ ਹੋ ਗਈ। ਪਾਉਂਟਾ ਤੇ ਆਨੰਦਪੁਰ ਅਜਿਹੀ ਤਿਆਰੀ ਲਈ ਅਭਿਆਸ-ਕੇਂਦਰ ਬਣ ਗਏ। ਜਨਮ-ਜਨਮਾਤਰਾਂ ਤੋਂ ਹੀ ਨਿਤਾਣੇ, ਨਿਮਾਣੇ ਤੇ ਨਿਹੱਥੇ ਬੰਦੇ, ਗੁਰੂ ਗੋਬਿੰਦ ਸਿੰਘ ਦੀ ਅਗਵਾਈ ਹੇਠ, ਬੀਰਾਂ-ਬਹਾਦਰਾਂ ਦੇ ਕੰਮ ਕਰਨ ਲਗ ਪਏ। ਅਤੇ ਕਰਦੇ ਵੀ ਕਿਉਂ ਨ ਜਦਕਿ ਇਹ ਕੁਝ ਕਰਨ-ਕਰਾਉਣ ਲਈ, 'ਗੁਰੂ ਕੀਆ ਸਾਖੀਆਂ' ਦੇ ਲੇਖਕ ਦੀ ਦਸੀ ਹੇਠ-ਲਿਖੀ ਵਾਰਤਾ ਅਨੁਸਾਰ, ਸਤਿਗੁਰੂ ਨੇ ਆਪ ਜੁ ਫ਼ੁਰਮਾਇਆ ਸੀ :

ਏਕ ਬੇਰ ਕਿਸੀ ਸਿੱਖ ਆਇ ਕਹਿਆ, " ਜੋ ਸੱਚੇ ਪਾਤਸ਼ਾਹ !

---

13. ਮਿੱਟੀ। 14. ਹਵਾ, ਪਉਣ। 15. ਅੱਗ, ਅਗਨੀ।
16. ਪਾਣੀ, ਜਲ। 17. ਬਨਾਵਟ, ਢਾਂਚਾ।
18. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ . 28; ਵਿਚ ਸੰਚਿਤ ਅਕਾਲ ਉਸਤਤਿ, ਉਹੀ, ਕਬਿੱਤ ਨੰ.16/86.
19. ਹੋਰ। 20. ਕਾਮਨਾ, ਲਾਲਚ। 21. ਸੱਚ-ਧਰਮ ਦੀ ਰੱਖਿਆ ਲਈ ਲੜਾਈ ਕਰਨ।
22. ਚਾਉ, ਉਮੰਗਾਂ ਨਾਲ।
23. ਗੁਰੂ ਗੋਬਿੰਦ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ, ਉਹੀ, ਵਿਚ ਸੰਚਿਤ , ਪੰਨਾ 798, ਕ੍ਰਿਸ਼ਨ ਅਵਤਾਰ, ਮਿ. 1688 ਈ., ਦੋਹਰਾ, ਪਦ ਨੰ. 2491.

ਸੰਗਤ ਗੁਰੂ ਜੀ ਕੇ ਦਰਸ਼ਨ ਕਉ ਆਂਵਦੀ ਸੀ
ਤਾਂ ਅਮਕੇ ਸੂਬੇਦਾਰ ਖੋਹਿ ਲੀਨੀ ਹੈ।"
ਤਾਂ ਸੁਨਿ ਕਰਿ ਗੁਰੂ ਜੀ ਚੁਪ ਕਰਿ ਰਹੇ,
ਉਤਰ ਕਛੁ ਨਾ ਦੀਆ।
ਫਿਰਿ ਦੂਸਰੇ ਦਿਨ ਕਿਸੀ ਅਵਰ ਸਿੱਖ ਆਨ ਕਹਿਆ, "ਜੋ ਸੱਚੇ ਪਾਤਸ਼ਾਹ!
ਸੰਗਤ ਗੁਰੂ ਜੀ ਕੇ ਦਰਸ਼ਨ ਕਉ ਆਂਵਦੀ ਸੀ,
ਤੇ ਅਮਕੇ ਸੂਬੇਦਾਰ ਖੋਹ ਲੀਨੀ ਹੈ।"
ਫੇਰ ਹੁਕਮੁ ਹੋਆ, "ਦੇਖਹੁ ਭਾਈ!
ਇਉਂ ਕੋਈ ਨਹੀਂ ਕਹਤਾ ਜੋ ਸੂਬੇਦਾਰ ਕਉ ਸੰਗਤ ਖੋਹਿ ਲੀਆ ਹੈ।
ਪਰ ਸੰਗਤ ਸੱਚੀ ਹੈ।
ਸੰਗਤਿ ਕਉ ਨਵਾਂ ਪਾਤਸ਼ਾਹੀਆਂ ਸਿਮਰਨੀਆਂ ਫੜਾਈਆਂ ਹੈਨਿ,
ਤੇ ਅਬ ਮੈਂ ਹੁਣ ਸੰਗਤਿ ਕਉ ਭਗਉਤੀ ਫੜਾਵਉਗਾ
ਅਰ ਚਿੜੀਆਂ ਸਿਉਂ ਬਾਜ ਤੁੜਾਵਉਂਗਾ"।
ਫੇਰਿ ਇਹੁ ਹੁਕਮੁ ਹੋਆ, "ਜੋ ਮੇਰਾ ਸਿੱਖ ਹੋਵੈਗਾ,
ਸੋ ਕੇਸਾਂ ਬਿਨਾਂ ਅਰ ਸ਼ਸਤ੍ਰਾਂ ਬਿਨਾਂ ਨਾ ਰਹੇਗਾ।
ਕੇਸਾਂ ਸ਼ਸਤ੍ਰਾਂ ਬਿਨਾ ਆਧਾ ਮਨੁੱਖ ਹੈ।
ਸਾਰਾ ਮਨੁੱਖ ਤਬ ਹੀ ਹੋਤਾ ਹੈ ਜਬ ਕੇਸਾਂ ਸ਼ਸਤ੍ਰਾਂ ਸਹਿਤ ਹੋਤਾ ਹੈ।"
ਤਾਂ ਗੁਰੂ ਕੇ ਬਚਨ ਪਾਇ,
ਸਿੱਖਾਂ ਕੇਸ ਕਰਿ ਲੀਏ, ਨਾਲੇ ਸ਼ਸਤ੍ਰ ਕਰਿ ਲੀਏ।
ਫੇਰਿ ਇਹੁ ਹੁਕਮੁ ਹੋਆ,
"ਜੋ ਸੰਗਤਿ ਕਉ ਜੁਧ ਕਰਨੇ ਸਿਖਾਲਨੇ ਹਾਂ।"[24]

ਸੋ, ਛੇਤੀ ਹੀ ਗੁਰੂ-ਘਰ ਲਈ ਸੁੱਖਣਾਂ ਤੇ ਸੁਗਾਤਾਂ ਲਿਆਣ ਵਾਲਿਆਂ ਨੂੰ ਇਸ ਤਰ੍ਹਾਂ ਦੇ 'ਹੁਕਮਨਾਮੇ' ਭੇਜ ਕੇ, ਸੈਨਕ ਸਾਮਾਨ ਭੇਟਾ ਕਰਨ ਦਾ ਹੁਕਮ ਹੋ ਗਿਆ:

1. ਇਕ ਜੰਗੀ ਹਾਥੀ ਭੇਜਣ ਲਈ ਢਾਕਾ, ਚਟਾਗਾਂਗ, ਸੰਨਦੀਪ ਤੇ ਸਿਲਹਟ (ਬੰਗਾਲ-ਆਸਾਮ) ਦੀ ਸੰਗਤ ਵਲ:

... ਸਰਬਤ ਸੰਗਤ, ਗੁਰੂ ਰਖੇਗਾ।
ਹਛਾ ਹਾਥੀ ਜੰਗੀ ਭੇਜਣਾ।....[25]

---

24. ਕੋਸ਼ਿਸ, ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਦਸਵੇਂ ਮਹਲ ਕੀ, ਨੰ. 18; ਸੰਪਾਦਿਤ ਪਾਠ, ਉਹੀ, ਪੰ. 138-39

25. ਵੇਖੋ: ਅਸ਼ੋਕ, ਸ. ਸ਼ਮਸ਼ੇਰ ਸਿੰਘ, ਨਿਸ਼ਾਨ ਤੇ ਹੁਕਮਨਾਮੇ, ਅੰਮ੍ਰਿਤਸਰ-1967 ਈ.; ਗੰਡਾ ਸਿੰਘ, ਡਾ., ਹੁਕਮਨਾਮੇ, ਪਟਿਆਲਾ-1985 ਈ., ਪੰ. 131, 144, 148, 175, 176, 181, ਇਤਿਆਦਿ।

2. ਇਕ ਤੁਪਕ ਲਿਆਣ ਲਈ ਭਾਈ ਸੰਗਤੀਆ ਬਾਲਾ ਵਲ, 19 ਫਰਵਰੀ 1694 ਨੂੰ.

.... ਸੰਗਤਿ ਬਿਸੋਏ (ਭਾਵ ਵਿਸਾਖੀ) ਨੋ ਦਰਸਨਿ ਆਵਣਾ...
ਇਕ ਤੁਪਕ ਸਾਜ ਸੁਧਾ ਲੈ ਆਵਣਾ।..

3. ਅਸਵਾਰ, ਪਿਆਦੇ ਤੇ ਬੰਦੂਕੀ ਜਮੀਅਤਿ ਲੈ ਆਉਣ ਲਈ ਰੂਪੇ ਦੀ ਸੰਗਤਿ ਵਲ, 2 ਅਗਸਤ 1696 ਨੂੰ .

... ਅਸਵਾਰ ਪਿਆਦੇ ਬੰਦੂਕੀ ਜਮੀਅਤਿ ਲੈ ਕੈ ਤੁਸਾਂ ਆਉਣਾ...
ਜੋ ਆਵਗੁ ਸੋ ਨਿਹਾਲੁ ਹੋਗੁ..
ਹੁਕਮੁ ਦੇਖਦੇ ਹੀ ਸ਼ਿਤਾਬੀ ਆਵਣਾ। .....

4. ਹਥਿਆਰਬੰਦ ਹੋ ਕੇ ਆਉਣ ਲਈ ਭਾਈ ਬਿੰਦ੍ਰਾਬਨ ਗੁਲਾਲਚੰਦ ਅਤੇ ਨਉਸ਼ਹਰੇ ਦੀ ਸੰਗਤਿ ਵਲ, 6 ਫਰਵਰੀ 1702 ਨੂੰ .

.... ਜੋ ਸਿੱਖੁ ਹਥੀਆਰ ਬੰਨ੍ਹਿ ਕੇ ਦਰਸਨਿ ਆਵਗੁ, ਸੋ ਨਿਹਾਲੁ ਹੋਗੁ।
ਉਸ ਸਿੱਖ ਦੀ ਗੁਰੂ ਨਾਲਿ ਰਹਗੁ।
.... ਸਰਬਤ ਸੰਗਤਿ ਮੇਰਾ ਖ਼ਾਲਸਾ ਹੈ।....

5. ਚੰਗੇ ਤਕੜੇ ਜਵਾਨ ਆਦਿ ਲੈ ਆਉਣ ਲਈ ਭਾਈ ਸੁਖੀਆ ਭਾਈ ਪ੍ਰਸਾ ਵਲ ਸੰਨ 1704 ਈ. ਨੂੰ .

.... ਸਰਬਤ ਸੰਗਤ ਮੇਰਾ ਖ਼ਾਲਸਾ ਹੈ।
ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥਿ ਲੈ ਕੇ ਆਵਣਾ[25]

ਦੇਸ਼-ਕੌਮ-ਧਰਮ ਤੋਂ ਜਾਨਾਂ ਘੋਲ-ਘੁਮਾਉਣ ਵਾਲੇ ਜਵਾਨ ਇਕੱਤਰ ਹੋਣ ਲਗ ਪਏ। ਫਿਰ ਨਿਸ਼ਾਨ ਝੁਲਣੇ, ਨਗਾਰੇ ਵਜਣੇ, ਘੋੜੇ ਦੌੜਨੇ ਤੇ ਸਸਤਰ ਲਿਸ਼ਕਣੇ ਵੀ ਸ਼ੁਰੂ ਹੋ ਗਏ। ਹੁੰਦੇ ਵੀ ਕਿਉਂ ਨਾ, ਜਦ ਕਿ ਗੁਰੂ ਨੇ ਜੁ ਆਖ ਦਿੱਤਾ ਸੀ :

(1). ਕਾਲ ਤੁਹੀ, ਕਾਲੀ[26] ਤੁਹੀ,
ਤੁਹੀ ਤੇਗ ਅਰੁ ਤੀਰ;
ਤੁਹੀ ਨਿਸਾਨੀ ਜੀਤ ਕੀ,
ਆਜ ਤੁਹੀ ਜਗਬੀਰ।[27]

(2). ਅਸਿ, ਕ੍ਰਿਪਾਨ, ਖੰਡੋ, ਖੜਗ ;
ਸੈਫ਼, ਤੇਗ, ਤਰਵਾਰਿ।
ਰੱਛ ਕਰੋ ਹਮਰੀ ਸਦਾ,
ਕਵਚਾਂਤਕਿ[28] ਕਰਵਾਰਿ।[29]

---

26. ਕਾਲ, ਮਾਰਨ-ਸ਼ਕਤੀ, ਮੌਤ ਦੀ ਦੇਵੀ। 27. ਜਗਤ ਵਿਚ ਸ਼੍ਰੋਮਣੀ ਸੂਰਮਾ, ਸਰਬ-ਸ਼ਕਤੀਵਾਨ, 'ਅਕਾਲ'।
28. ਫ਼ੌਲਾਦੀ ਤਾਰਾਂ ਦੇ ਬਣੇ ਕੁੜਤੇ ਤੋੜਨ ਵਾਲੀ।
29. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ.1021, ਵਿਚ ਸੰਚਿਤ ਸ਼ਸਤਰ ਨਾਮ-ਮਾਲਾ, ਮਿਤੀ 1686-87 ਈ., ਦੋਹਰਾ ਨੰ. 10.

ਫਿਰ ਕਮਾਲ ਇਹ ਕਿ ਅਜਿਹੀ ਮਾਨਸਕ ਜਾਗਰਤੀ ਤੇ ਸਰੀਰਕ ਸ਼ਕਤੀ ਲਈ ਤਿਆਰੀ ਦੇ ਨਾਲ ਨਾਲ, ਪ੍ਰਭੂ ਦੀ ਅਰਾਧਨਾ ਵੀ ਜਾਰੀ ਰਹੀ। ਪਰ ਉਸ ਨੂੰ ਹੁਣ ''ਸਰਬ ਲੋਹ'', ''ਸ੍ਰੀ ਅਸਕੇਤ'', ''ਖੜਗਕੇਤ'' ਤੇ ''ਪ੍ਰਿਥਮ ਭਗਉਤੀ'' ਕਹਿ ਕੇ ਧਿਆਇਆ ਜਾਣ ਲਗ ਪਿਆ। ਸਾਰੇ ਆਲੇ-ਦੁਆਲੇ ਵਿਚ ਹੁਣ ਤਾਂ ''ਤੇਗ'' ਅਤੇ ਉਸ ਦੇ 'ਸਾਜਨਹਾਰ' ਦੀ ਹੀ ਜੈ ਹੋਣ ਲਗ ਪਈ :

ਖਗ ਖੰਡ ਬਿਹੰਡੰ [30], ਖਲ ਦਲ ਖੰਡੰ [31],
ਅਤਿ ਰਣ ਮੰਡੰ [32], ਬਰਬੰਡੰ ।[33]
ਭੁਜ ਦੰਡ ਅਖੰਡੰ [34], ਤੇਜ ਪ੍ਰਚੰਡੰ [35];
ਜੋਤਿ ਅਮੰਡੰ [36],ਭਾਨੁ ਪ੍ਰਭੰ [37];
ਸੁਖ ਸੰਤਾਂ ਕਰਣੰ,ਦੁਰਮਤਿ ਦਰਣੰ ;
ਕਿਲਬਿਖ [38] ਹਰਣੰ [39],ਅਸਿ ਸਰਣੰ [40]।
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ ;
ਮਮ ਪ੍ਰਤਿਪਾਰਣ, [41] ਜੈ ਤੇਗੰ !![42]

ਤੇਗ਼ (ਤਲਵਾਰ ਜਾਂ ਕਿਰਪਾਨ) ਨੂੰ ਮਹਾਨ ਤੇ ਅਸੀਮ ਸ਼ਕਤੀ ਦੇ ਮੂਲ ਸੋਮੇ, ਵਾਹਿਗੁਰੂ, ਦੀ ਅਪਾਰ ਤੇ ਅਕਾਲ ਸ਼ਕਤੀ-ਰੂਪ ਹਸਤੀ ਦੇ ਅਰਥਾਂ ਵਿਚ ਇਉਂ ਵਰਤਦਿਆਂ ਅਤੇ ਉਸ ਦੀ ਇਉਂ 'ਜੈ' ਵੀ ਬੁਲਾਂਦਿਆਂ, ਜਦੋਂ ਇਹ ਅਨੂਠਾ ਤੇ ਰੂਹ-ਹਲੂਣਵਾਂ ਛੰਦ ਲਿਖਿਆ ਤੇ ਉੱਚੀ ਹੇਕ ਨਾਲ ਗਾਵਿਆ ਗਿਆ ਸੀ ਤਾਂ ਸਾਰੇ ਆਲੇ-ਦੁਆਲੇ ਵਿਚ ਇਕ ਇਨਕਲਾਬੀ ਲਹਿਰ ਉਮਕ ਪਈ ਸੀ। ਡਾ. ਗੋਕਲ ਚੰਦ ਨਾਰੰਗ ਅਨੁਸਾਰ, The Guru cherished the sword as an object of worship and some of his finest verses are those he employed to invoke its aid. The following (above-quoted)four verses of Guru Gobind Singh, forming an invocation to the sword, are among the finest of their kind to be met with in any literature of the world..[43] ਅਰਥਾਤ, "ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਲਵਾਰ ਨੂੰ ਆਰਾਧਨਾ ਦੇ ਪਦਾਰਥ ਵਜੋਂ ਚਿਤਾਰਿਆ ਤੇ ਸਨਮਾਨਿਆ ਸੀ। ਉਨ੍ਹਾਂ ਦੇ ਕੁਝ ਅਤਿ ਸੁੰਦਰ ਛੰਦ ਉਹ ਹਨ ਜੋ ਉਨ੍ਹਾਂ ਨੇ ਉਸ ਦੀ ਸਹਾਇਤਾ ਲੈਣ ਲਈ ਰਚੇ ਤੇ ਵਰਤੇ ਸਨ।

---

30. ਕਟ ਕੇ ਖਿਲਾਰ ਦੇਣ ਵਾਲੀ ਖੜਗ, ਟੋਟੇ ਟੋਟੇ ਕਰ ਕੇ ਮਾਰਨ ਵਾਲੀ ਕਿਰਪਾਨ।
31. ਦੁਸ਼ਟਾਂ ਦੇ ਦਲ ਨੂੰ ਵੱਢਣ ਵਾਲੀ। 32. ਮਚਾਉਣ ਵਾਲੀ। 33. ਬਲਵਾਨ, ਵੱਡੇ ਬਲ ਵਾਲੀ।
34. ਨਾ ਟੁੱਟਣ ਵਾਲੇ ਬਾਂਹਵਾਂ ਦੇ ਡੌਲੇ। 35. ਬਹੁਤ ਹੀ ਤੇਜ-ਪ੍ਰਤਾਪ ਵਾਲੀ।
36. ਅਬੁੱਝ ਜੋਤਿ। 37. ਸੂਰਜ ਜਹੀ ਸੋਭਾ ਵਾਲੀ।
38. ਪਾਪ। 39. ਨਾਸ਼ ਕਰਨ ਵਾਲੇ।
40. ਹੇ ਤਲਵਾਰ ਰੂਪ ਪ੍ਰਭੂ ! ਤੇਰੀ ਸ਼ਰਨ ਆਇਆ ਹਾਂ। 41. ਮੇਰੀ ਪਾਲਣਾ ਕਰਨਹਾਰੀ।
42. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰਨਾ 53, ਬਚਿਤ੍ਰ ਨਾਟਕ, ਪ੍ਰਿਥਮ ਧਿਆਇ, ਸ੍ਰੀ ਕਾਲ ਜੀ ਕੀ ਉਸਤਤਿ, ਤ੍ਰਿਭੰਗੀ ਛੰਦ, ਪਦ ਨੰ, 2.
43. Narang, Dr. Sir Gokul Chand, *Transformation of Sikhism*, Lahore-1912; 2nd. ed., Lahore-1945, p. 149.

ਉਪਰੋਕਤ ਚਾਰ ਤੁਕਾਂ, ਜੋ ਤਲਵਾਰ ਦਾ ਮੰਗਲਾਚਰਣ ਹਨ, ਸੰਸਾਰ ਦੇ ਕਿਸੇ ਵੀ ਸਾਹਿਤ-ਭੰਡਾਰ ਵਿਚ ਉਪਲਬਧ ਕਿਸੇ ਵੀ ਅਜਿਹੀ ਕਿਰਤ ਵਿਚ ਆਪਣੀ ਕਿਸਮ ਦੀ ਸਭ ਤੋਂ ਸੁੰਦਰ ਤੇ ਸਰੇਸ਼ਟ ਰਚਨਾ ਹਨ।"[43]

ਇਸ ਸਭ ਕੁਝ ਨੇ ਮੁਰਦੇ ਪਿੰਜਰਾਂ ਵਿਚ ਇਕ ਨਵੀਂ ਰੂਹ ਫੂਕ ਦਿੱਤੀ ; ਅਤੇ ਗੁਰੂ ਤੇਗ ਬਹਾਦਰ ਦੀ ਨਗਰੀ ਨਵੀਆਂ ਉਮੰਗਾਂ, ਨਰੋਏ ਉਤਸ਼ਾਹਾਂ ਤੇ 'ਚੜ੍ਹਦੀ ਕਲਾ' ਦੇ ਜੈਕਾਰਿਆਂ ਨਾਲ ਗੂੰਜਣ ਲਗ ਪਈ। ਗੁਰੂ ਨਾਨਕ ਦੇਵ ਦੇ ਸਿੱਖ, ਗੁਰੂ ਤੇਗ ਬਹਾਦਰ ਦੇ ਨਾਮ-ਲੇਵੇ, ਸੈਂਕੜੇ ਦੀਨ ਤੇ ਦਲਿਤ ਦੇਸ਼-ਵਾਸੀਆਂ ਦੀਆਂ ਬਾਂਹਾਂ ਵਿਚ ਬਾਂਹਾਂ ਪਾ ਕੇ, ਆਪਣੇ ਮੱਸ-ਫੁਟਦੇ ਗੁਰੂ ਦੀ ਕਮਾਨ ਹੇਠ ਮਾਨਸਕ, ਸਰੀਰਕ ਤੇ ਆਤਮਕ ਤੌਰ 'ਤੇ ਉੱਨਤ ਤੇ ਪਰਫੁੱਲਤ ਹੋ ਕੇ, ਦੇਸ਼-ਕੌਮ ਦੀ ਕਿਸਮਤ ਜਗਾਉਣ ਅਤੇ ਧਰਮ-ਨਿਆਂ ਦੀ ਜੈ ਕਰਾਉਣ ਲਈ ਮੈਦਾਨ ਵਿਚ ਨਿਤਰ ਆਏ।

8
ਰੋਕਾਂ, ਵਿਰੋਧ ਅਤੇ ਧਮਕੀਆਂ

ਸਭ ਤੋਂ ਪਹਿਲਾਂ, ਉਨ੍ਹਾਂ ਨੇ ਅਜਿਹੇ ਦੰਭੀਆਂ, ਕ੍ਰਿਤਘਣਾਂ ਤੇ ਨਾਸ਼ੁਕਰਿਆਂ ਨੂੰ ਤਾੜਿਆ ਤੇ ਵੰਗਾਰਿਆ ਜਿਨ੍ਹਾਂ ਦੀ ਪੱਤ-ਆਬਰੋ, ਧਰਮ-ਕਰਮ ਅਤੇ ਮਾਲ-ਧਨ ਦੀ ਰੱਖਿਆ ਤੇ ਬਰਕਰਾਰੀ ਲਈ ਬਾਲ-ਗੁਰੂ, ਗੋਬਿੰਦ ਦਾਸ ਜੀ, ਨੇ ਆਪਣੇ ਪਿਤਾ-ਗੁਰੂ ਨੂੰ ਆਪ ਵਾਰਿਆ ਸੀ।

ਇਨ੍ਹਾਂ ਦੀ ਸੂਚੀ ਵਿਚ ਸਭ ਤੋਂ ਪਹਿਲਾ ਨਾਂ ਉਨ੍ਹਾਂ ਦੰਭੀ ਮਸੰਦਾਂ ਦਾ ਸੀ ਜਿਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਨੇ ਲੋਕਾਂ-ਸੇਵਾ, ਸਿੱਖੀ-ਪਰਚਾਰ ਤੇ ਦਸਵੰਧ-ਉਗਰਾਹੀ ਲਈ ਆਪੇ ਨਿਯਤ ਕੀਤਾ ਹੋਇਆ ਸੀ। ਇਹ ਲੋਕ ਆਪਣਾ ਨੇਮ, ਪ੍ਰੇਮ ਤੇ ਕਰਤੱਵ ਛੱਡ ਕੇ, ਲੋਭੀ, ਵਿਸ਼ਈ, ਹੰਕਾਰੀ ਤੇ ਨਿਰਦਈ ਬਣ ਚੁਕੇ ਸਨ। ਗੁਰੂਦੇਵ ਦੇ ਇਸ ਇਨਕਲਾਬੀ ਪਰੋਗਰਾਮ ਨੂੰ ਤੱਕ-ਸੁਣ ਕੇ, ਉਹ ਚਿੰਤਾਤੁਰ ਹੋ ਗਏ। ਇਹ ਸਭ ਕੁਝ ਉਨ੍ਹਾਂ ਨੂੰ ਆਪਣੇ ਦੰਭੀ, ਸੁਆਰਥੀ ਤੇ ਸੁੱਖ-ਰਹਿਣੇ ਜੀਵਨ ਲਈ ਬੜਾ ਖਤਰਨਾਕ ਜਾਪਿਆ। ਉਹ ਆਪ ਤਾਂ, ਆਪਣੇ ਕੁਲੱਛਣਾਂ ਤੇ ਕਰਤੂਤਾਂ ਕਾਰਨ, ਗੁਰੂ ਸਾਹਿਬ ਨੂੰ ਕੁਝ ਕਹਿਣ-ਸੁਣਾਨ ਤੋਂ ਅਸਮਰੱਥ ਸਨ। ਇਸ ਲਈ ਉਨ੍ਹਾਂ ਨੇ ਪੂਜਯ ਮਾਤਾ ਜੀ ਨੂੰ ਸੱਚ-ਝੂਠ ਰਲਾ ਕੇ, ਗੁਰੂਦੇਵ ਦੀ ਕਾਰਵਾਈ ਦੇ ਤੌਖਲੇ ਦਸ ਕੇ, ਅਤੇ ਸਮਾਜ ਤੇ ਸਰਕਾਰ ਦੇ ਡਰਾਵੇ ਦੇ ਕੇ, ਸਤਿਗੁਰੂ ਨੂੰ ਆਪਣੇ ਉਕਤ ਪਰੋਗਰਾਮ ਤੋਂ ਹਟਾਉਣ ਲਈ ਪਰੇਰ ਲਿਆ।

ਸੰਨ 1797 ਵਿਚ ਤਿਆਰ ਹੋਏ 'ਗੁਰਬਿਲਾਸ' ਦੇ ਲੇਖਕ, ਭਾਈ ਸੁੱਖਾ ਸਿੰਘ, ਨੇ ਉਨ੍ਹਾਂ ਦੀ ਅਜਿਹੀ ਚਾਲ ਤੇ ਪਰੇਰਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

ਤੁਮ ਮਾਤਾ ਇਨ ਕੋ ਸਮਝਾਵਹੁ। ਅਪੁਨੇ ਕੁਲ ਕੀ ਰੀਤ ਸਿਖਾਵਹੁ।
ਜੁਧ ਜੰਗ ਰਾਜਨ ਕੇ ਰਾਜਾ। ਹਮ ਹੈਂ ਜਗਤ ਪੂਜ ਸਿਰਤਾਜਾ।
ਤੁਰਕਨ ਸੌ ਆਰੋ ਯੋ ਭਾਈ। ਰਾਜਨ ਸੋ ਐਸੇ ਇਨ ਚਾਈ।
ਉਤ ਹੈਂ ਮਹਾਂ ਚੁਗੱਤਾ ਦੋਖੀ। ਇਤੈ ਪਹਾਰਨ ਕੀਨੀ ਸੋਖੀ।
ਯੋਂ ਮਸੰਦ ਮਾਤਾ ਸੌਂ ਆਖੇ। ਸੁਨਤ ਹਜੂਰ ਸੁ ਹਾਹਾ ਭਾਖੇ।
ਮਾਤਾ ਜੂ ਕੋ ਅਤਿ ਡਰ ਪਾਹੀ। ਦੋਖੀ ਗ੍ਰਿਹ ਮਹਿ ਗੁਪਤ ਰਹਾਹੀ।[1]

---

1. ਸੁੱਖਾ ਸਿੰਘ, ਭਾਈ, ਗੁਰਬਿਲਾਸ ਪਾਤਸ਼ਾਹੀ 10, ਅਨੰਦਪੁਰ-1797 ਈ., ਅਧਿਆਇ 5, ਚੌਪਈ, ਪਦ ਨੰ. 408-410; ਡਾ . ਗੁਰਸ਼ਰਨ ਕੌਰ ਜੱਗੀ ਵਲੋਂ ਸੰਪਾਦਿਤ ਪਾਠ , ਪਟਿਆਲਾ -1985, ਪੰਨਾ 88.

ਗੁਰੂ ਗੋਬਿੰਦ ਦਾਸ ਉਨ੍ਹਾਂ ਦੀ ਚਾਲ ਤੇ ਚਲਾਕੀ ਸਮਝ ਗਏ। ਇਸ ਲਈ ਉਨ੍ਹਾਂ ਨੇ, ਸਭ ਤੋਂ ਪਹਿਲਾਂ, ਇਨ੍ਹਾਂ ਮਸੰਦਾਂ ਨੂੰ ਹੀ ਸੋਧਿਆ ਅਤੇ ਉਨ੍ਹਾਂ ਨੂੰ ਹਟਾਅ ਕੇ, ਸਮਕਾਲੀ ਕਵੀ ਸੈਨਾਪਤਿ ਅਨੁਸਾਰ, ਸਮੂਹ 'ਸੰਗਤ' ਨੂੰ ਆਪਣਾ 'ਖ਼ਾਲਸਾ' ਵਿਦਤ ਕਰ ਦਿੱਤਾ :

ਦੋਹਰਾ : ਜਗਤ ਉਧਾਰਨ ਕਾਰਨੇ, ਸਤਿਗੁਰੂ ਕੀਓ ਬਿਚਾਰ ;
ਕਰ ਮਸੰਦ ਤਵ ਦੂਰ ਸਭ, ਨਿਰਮਲ ਕਰ ਸੈਸਾਰ।.....

ਅੜਿੱਲ : ਕਰਨਹਾਰ ਕਰਤਾਰ, ਹੁਕਮੁ ਕਰਤੇ ਕੀਆ ;
ਕਰ ਮਸੰਦ ਸਭਿ ਦੂਰਿ, ਖ਼ਾਲਸਾ ਕਰਿ ਲੀਆ।[2]

ਥਾਂਉਂ-ਥਾਂ ਦੀਆਂ ਸੰਗਤਾਂ ਨੂੰ ਮਗਰੋਂ ਲਿਖ ਭੇਜੇ ਕਈ 'ਹੁਕਮਨਾਮਿਆਂ' ਵਿਚ ਆਪ ਇਥੋਂ ਤਕ ਫ਼ਰਮਾਂਦੇ ਰਹੇ ਸਨ :

1. ਮਾਛੀਵਾੜੇ ਦੀ ਸੰਗਤ ਨੂੰ 12 ਮਾਰਚ 1699 ਨੂੰ ਲਿਖ-ਭੇਜੇ ਹੁਕਮਨਾਮੇ ਵਿਚ :

... ਜੋ ਗੁਰੂ ਕੇ ਨਵਿਤ ਕਾ ਹੋਵੈ, ਗੋਲਕ ਦਸਵੰਧ ਮੰਨਤ, ਸੋ ਹਜ਼ੂਰ ਆਪ ਲੈ ਆਵਣਾ।
ਮਸੰਦਾਂ ਨੂੰ ਮੰਨਣਾ ਨਾਹੀਂ। ਗੁਰੂ ਸੰਗਤਿ ਕੀ ਬਾਹੁੜੀ ਕਰੈਗਾ।

2. ਪਟਣ ਸ਼ੇਖ਼ ਫ਼ਰੀਦ (ਪਾਕਪਟਨ) ਦੀ ਸੰਗਤਿ ਨੂੰ, 4 ਨਵੰਬਰ 1700 ਨੂੰ ਲਿਖ-ਭੇਜੇ ਹੁਕਮਨਾਮੇ ਵਿਚ :

.... ਸਰਬਤਿ ਸੰਗਤਿ ਮੇਰਾ ਖ਼ਾਲਸਾ ਹੈ।
ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਕਿਸੈ ਮਸੰਦ ਕੋ ਨਾਹੀ ਦੇਵਣਾ।
ਅਪਣੇ ਅਪਣੇ ਪਾਸਿ ਰਖਣਾ।
ਜੋ ਸਿੱਖ ਆਵੈ ਹਜੂਰ ਤਿਸ ਆਪੇ ਹੀ ਲੈ ਆਉਣਾ।
ਜਿਸ ਦਾ ਆਵਣ ਹੋਵੈ ਨਾਹੀਂ,[3]
ਤਿਸੁ ਆਪਣੇ ਹੀ ਪਾਸਿ ਰਖਣਾ।
ਜਾਂ ਗੁਰੂ ਕਾ ਹੁਕਮਨਾਵਾਂ ਆਵੈ ਤਾਂ ਹੁੰਡੀ ਕਰਾਇ ਕੇ ਭੇਜਣੀ।

3. ਨਉਸ਼ਹਰਾ ਦੀ ਸੰਗਤ ਨੂੰ 4 ਨਵੰਬਰ 1700 ਨੂੰ ਲਿਖ-ਭੇਜੇ ਹੁਕਮਨਾਮੇ ਵਿਚ :

... ਮਸੰਦ ਮਸੰਦੀਏ ਦੇ ਮਰਣੇ ਪਰਣੇ ਨਾਹੀ ਬੈਠਣਾ।
ਸਿੱਖ ਗੁਰੂ ਕੇ ਹੁਕਮ ਮੰਨੇਗਾ, ਸੋ ਨਿਹਾਲ ਹੋਗੁ।

4. ਭਾਈ ਮਿਹਰ ਚੰਦ ਧਰਮ ਚੰਦ ਵਲ 6 ਫ਼ਰਵਰੀ 1702 ਨੂੰ ਲਿਖ-ਭੇਜੇ ਹੁਕਮਨਾਮੇ ਵਿਚ:

.. ਤੁਸੀ ਮੇਰਾ ਖ਼ਾਲਸਾ ਹੋ ....
ਮਸੰਦੀਏ ਨਾਲਿ ਨਾਹੀ ਮਿਲਣਾ, ਨਾਹੀ ਮੰਨਣਾ....
ਜੋ ਸਿਖੁ ਮਿਲੈ ਸੋ ਮੇਲਿ ਲੈਣਾ। ....[4]

ਫਿਰ ਇਨ੍ਹਾਂ ਵਰਗੇ ਧਰਮ ਦੇ ਹੋਰ ਇਜਾਰੇਦਾਰਾਂ ਨੂੰ ਵੀ ਉਵੇਂ ਹੀ ਵੰਗਾਰਿਆ, ਅਤੇ ਮਸੰਦਾਂ ਵਾਂਗ ਉਨ੍ਹਾਂ ਦੇ 'ਗੁਰੂ-ਡਮ' ਦੀ ਅਲਖ ਵੀ ਇਹੋ ਜਹੇ 'ਹੁਕਮਨਾਮੇ' ਭੇਜ ਕੇ ਤੁਰਤ ਮੁਕਾ ਦਿੱਤੀ :

---

2. ਸੈਨਾਪਤਿ, ਕਵਿ ਚੰਦਰ ਸੈਨ, ਸ੍ਰੀ ਗੁਰ ਸੋਭਾ, ਵਜ਼ੀਰਾਬਾਦ-ਮਿਤੀ 1711ਈ., ਧਿਆਇ 5, ਪਦ ਨੰ. 131 ਤੇ 148; ਸੰਪਾਦਿਤ ਵਲੋਂ ਡਾ. ਗੰਡਾ ਸਿੰਘ, ਪਟਿਆਲਾ - 1919, ਪੰ. 21 ਤੇ 24 .

3. ਵੇਖੋ: ਹੁਕਮਨਾਮੇ, ਉਹੀ, 'ਸੰਗਤ ਢਾਕੇ ਕੀ ਲਸਕਰ ਕੀ ਆਦਿ ਜੋਗੁ', ਪੰ. 135.

4. ਹੁਕਮਨਾਮੇ, ਉਹੀ, ਪੰਨੇ 152 ,162, 164, 170 , ਇਤਿਆਦਿ।

ਸੰਗਤੀਏ ਦੇ ਮੁਹਿ ਨਹੀ ਲਗਣਾ।
ਸੰਗਤ ਕੇ ਰੁਜ਼ਗਾਰ ਵਿਚ ਗੁਰੂ ਬਰਕਤ ਕਰੈਗਾ। ....

ਗੁਰੂਦੇਵ ਨੇ, ਇਸ ਤੋਂ ਬਾਅਦ, ਗੱਦੀਆਂ ਤੇ ਪਦਵੀਆਂ ਦੀ ਪਰਾਪਤੀ ਜਾਂ ਕਾਇਮੀ ਲਈ ਬਦੇਸ਼ੀ ਸਰਕਾਰ ਦੇ ਪਿੱਠੂਆਂ ਅਤੇ ਲੋਕ-ਹਿੱਤਾਂ ਦੇ ਵੈਰੀ ਰਜਵਾੜਿਆਂ ਦੀ ਸਾਰ ਲਈ। ਦਸਮੇਸ਼ ਦੀ ਚੜ੍ਹਦੀ-ਕਲਾ, ਤੇਜ-ਪਰਤਾਪ ਤੇ ਸ਼ਾਹੀ ਠਾਠ-ਬਾਠ ਨੇ ਉਨ੍ਹਾਂ ਦੀ ਵੀ ਈਰਖਾ, ਸਾੜੇ, ਤੌਖਲੇ ਤੇ ਵੈਰ-ਭਾਵ ਨੂੰ ਉਤੇਜਿਤ ਕਰ ਦਿੱਤਾ ਸੀ। ਅਸਲ ਵਿਚ ਮਸੰਦ-ਬਰਾਦਰੀ, ਬ੍ਰਾਹਮਣ-ਵਰਗ ਤੇ ਰਾਜਾ-ਸ਼੍ਰੇਣੀ ਦਾ ਗੁਰੂ ਜੀ ਵਿਰੁੱਧ ਸਾਂਝੇ ਗਿਲੇ, ਰੋਸ ਅਤੇ ਵਿਰੋਧ ਦਾ ਮੁੱਖ ਕਾਰਨ ਹੀ ਤਾਂ ਇਹੋ ਸੀ। ਮਸੰਦਾਂ ਨੂੰ ਡਰ ਸੀ ਕਿ ਗੁਰੂ ਅਤੇ ਸਿੱਖਾਂ ਦੇ ਵਧ ਰਹੇ ਸਿੱਧੇ ਸਬੰਧ, ਉਨ੍ਹਾਂ ਦੀ ਲੋੜ ਤੇ ਪੁੱਛ-ਪਰਤੀਤ ਹੀ ਮੁਕਾ ਦੇਣਗੇ! ਬ੍ਰਾਹਮਣਾਂ ਨੂੰ ਫ਼ਿਕਰ ਸੀ ਕਿ ਵਰਨ-ਵੰਡਾਂ ਦਾ ਭੋਗ ਪੈ ਜਾਣ ਨਾਲ, ਉਨ੍ਹਾਂ ਦੀ ਪੂਜਾ-ਸੇਵਾ ਦਾ ਭੋਗ ਵੀ ਨਾਲੇ ਪੈ ਜਾਏਗਾ। ਇਉਂ ਹੀ, ਰਾਜਿਆਂ-ਰਈਸਾਂ ਨੂੰ ਤਾਂ ਇਹ ਚਿਤਾਰ ਕੇ ਪਿੱਸੂ ਪੈ ਰਹੇ ਸਨ ਕਿ ਨੀਚਾਂ ਤੇ ਨਿਰਧਨਾਂ ਦੇ ਜਾਗ ਪੈਣ ਨਾਲ, ਉਨ੍ਹਾਂ ਦਾ ਆਪਣਾ ਵੱਕਾਰ ਤੇ ਰਾਜ-ਭਾਗ ਵੀ ਸਦਾ ਲਈ ਖ਼ਤਮ ਹੋ ਜਾਏਗਾ।

ਤਦੇ ਤਾਂ ਕਹਿਲੂਰ (ਬਿਲਾਸਪੁਰ) ਦੇ ਰਾਜੇ, ਭੀਮ ਚੰਦ, ਨੇ ਛੇਤੀ-ਤੋਂ-ਛੇਤੀ ਗੁਰੂ ਜੀ ਦਾ ਮੱਚ, ਮੂਲੋਂ ਹੀ, ਮਾਰਨਾ ਤੇ ਉਨ੍ਹਾਂ ਦਾ ਪਰੋਗਰਾਮ ਵਿਗਾੜਨਾ ਚਾਹਿਆ। ਉਸ ਨੇ ਉਨ੍ਹਾਂ ਨੂੰ ਆਪਣੀ ਰੱਈਅਤ ਸਮਝ ਕੇ, ਈਨ ਮੰਨਵਾਣੀ ਚਾਹੀ; ਅਧੀਨਤਾ ਨਾ ਕਬੂਲਣ ਦੀ ਸੂਰਤ ਵਿਚ, ਆਨੰਦਪੁਰੋਂ ਕਢਣ ਦਾ ਡਰਾਵਾ ਦਿ· ; ਅਤੇ ਉਥੋਂ ਨਾ ਨਿਕਲਣ ਦੀ ਸੂਰਤ ਵਿਚ ਧਾਵਾ ਕਰਨ ਦੀ ਧਮਕੀ ਦਿੱਤੀ। ਗੁਰੂ ਗੋਬਿੰਦ ਦਾਸ ਜੀ ਦਾ ਜਵਾਬ ਉਨ੍ਹਾਂ ਦੀ ਅਣਖ, ਦਲੇਰੀ, ਨਿਰਭੈਤਾ ਤੇ 'ਚੜ੍ਹਦੀ ਕਲਾ' ਦੀ ਮੂੰਹੋਂ-ਬੋਲਦੀ ਤਸਵੀਰ ਸੀ। ਉਨ੍ਹਾਂ ਆਖਿਆ:

''ਰੱਈਅਤ ਤਾਂ ਅਸੀਂ ਕੇਵਲ ਵਾਹਿਗੁਰੂ ਦੀ ਹਾਂ।
ਨਾ ਕਿਸੇ ਤੋਂ ਡਰਦੇ ਹਾਂ ਤੇ ਨਾ ਹੀ ਕਿਸੇ ਨੂੰ ਡਰਾਂਦੇ ਹਾਂ।
ਨਾ ਕਿਸੇ ਦੀ ਈਨ ਮੰਨਦੇ ਹਾਂ ਤੇ ਨਾ ਹੀ ਕਿਸੇ ਤੋਂ ਮੰਨਵਾਂਦੇ ਹਾਂ।
ਆਨੰਦਪੁਰ ਸਾਡੇ ਗੁਰੂ-ਪਿਤਾ ਦੀ ਜ਼ਰਖ਼ਰੀਦ ਥਾਂ ਉਤੇ ਉਸਰਿਆ ਹੋਇਆ ਹੈ।
ਇਸ ਲਈ ਉਥੋਂ ਕਢਣ ਜਾਂ ਨਿਕਲਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।
ਅਸੀਂ ਅਮਨ ਨਾਲ ਰਹਿਣਾ ਤੇ ਆਪਣੇ ਕਰਤੱਵ ਦੀ ਪਾਲਣਾ ਲਈ ਜੀਉਣਾ ਚਾਹੁੰਦੇ ਹਾਂ।
ਪਰ ਜੇ ਤੁਸੀਂ ਅਕਾਰਨ ਹੀ ਲੜਨ ਉਤੇ ਤੁਲੇ ਹੋਏ ਹੋ, ਤਾਂ ਅਸੀਂ ਵੀ ਆਪਣੀ ਪੱਤ-ਆਬਰੋ, ਸਿੱਖ-ਸੇਵਕ ਤੇ ਘਰ-ਪਰਵਾਰ ਬਚਾਉਣ; ਅਤੇ ਕੌਮੀ ਮੰਤਵ ਤੇ ਮਾਨਵੀ ਕਰਤੱਵ ਨਿਭਾਉਣ ਲਈ ਆਪ ਨਾਲ ਜੂਝਣ ਵਾਸਤੇ ਤਿਆਰ-ਬਰ-ਤਿਆਰ ਹਾਂ......।''

ਰਾਜਾ ਭੀਮ ਚੰਦ ਨੇ ਗੁਰੂ ਮਹਾਰਾਜ ਦੇ ਇਸ ਜਵਾਬ ਨੂੰ ਧ੍ਰੋਹ ਤੇ ਬਗਾਵਤ ਸਮਝਿਆ। ਉਸ ਨੇ ਅਤੇ ਉਸ ਦੀ ਉਕਸਾਹਟ 'ਤੇ, ਉਸ ਦੇ ਪੰਦਰਾਂ ਪਹਾੜੀ ਸਾਥੀ-ਰਾਜਿਆਂ ਨੇ ਸ੍ਰੀਨਗਰ (ਗੜ੍ਹਵਾਲ), ਦੇ ਰਾਜੇ, ਫ਼ਤਿਹ ਸ਼ਾਹ, ਦੀ ਕਮਾਨ ਹੇਠ ਗੁਰੂਦੇਵ ਦੇ ਹੇਠ-ਲਿਖੇ ਕਥਨ ਅਨੁਸਾਰ, 18 ਸਤੰਬਰ 1688 ਨੂੰ ਅਕਾਰਨ ਹੀ ਆਪਣੀ ਰਲਵੀਂ ਸੈਨਿਕ ਸ਼ਕਤੀ ਨਾਲ, ਗੁਰੂ ਸਾਹਿਬ ਉਤੇ ਹੱਲਾ ਬੋਲ ਦਿੱਤਾ:

ਫਤੇ ਸ਼ਾਹ ਕੋਪਾ ਤਬਿ ਰਾਜਾ,
ਲੋਹ ਪਰਾ ਹਮਸੋ ਬਿਨੁ ਕਾਜਾ।[5]

---

5. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ. 77, ਬਚਿੱਤ੍ਰ ਨਾਟਕ, ਅਪਨੀ ਕਥਾ, ਧਿਆਇ 8, 'ਭੰਗਾਣੀ ਜੁੱਧ ਬਰਨਨੰ', ਚੌਪਈ, ਪਦ ਨੰ. 3.

9

ਧਰਮ-ਯੁੱਧ ਦਾ ਆਰੰਭ ਅਤੇ ਪਹਿਲੀ ਜਿੱਤ

ਭੰਗਾਣੀ [1] ਨੇ ਬਾਲਗ-ਗੁਰੂ ਗੋਬਿੰਦ ਦਾਸ ਨੂੰ ਪਹਿਲੀ ਵਾਰ ਆਪਣੀ 'ਫ਼ੌਜ' ਦੀ ਕਮਾਨ ਕਰਦਿਆਂ ਅਤੇ ਜੂਝਦਿਆਂ ਵੇਖਿਆ। ਮੰਦੇ ਭਾਗੀਂ, ਬਹੁਤ ਸਾਰੇ 'ਫ਼ੌਜੀ'—ਲੋਭੀ ਪਠਾਣ ਤੇ ਕਾਇਰ ਉਦਾਸੀ ਸਾਧੂ—ਲੜਾਈ ਦਾ ਪੈਂਤੜਾ ਬੱਝਦਿਆਂ ਹੀ, ਖਿਸਕ ਗਏ। ਉਨ੍ਹਾਂ ਨੂੰ ਨਠਦਿਆਂ ਵੇਖ, ਬਾਕੀ ਰਹਿ ਗਏ ਕੁਝ ਗੋਣਵੇਂ ਸਾਥੀ, ਸੰਬੰਧੀ ਤੇ ਸ਼ਰਧਾਲੂ ਘਾਬਰ ਗਏ। ਭਾੜੇ ਦੇ ਸਿਪਾਹੀਆਂ ਦੀ ਕੁਵੇਲੀ ਗ਼ਦਾਰੀ ਨੇ ਉਨ੍ਹਾਂ ਦੇ ਹੌਸਲੇ ਪਸਤ ਕਰ ਦਿੱਤੇ। ਉਦਾਸ ਤੇ ਨਿਰਾਸ ਹੋ ਕੇ ਆਖਣ ਲਗੇ :

''ਗੁਰੂਦੇਵ ! ਹੁਣ ਕੀ ਹੋਵੇਗਾ ?
ਹੁਣ ਕੀ ਕਰਾਂਗੇ ? ਕਿਵੇਂ ਲੜਾਂਗੇ, ਮਹਾਰਾਜ'' ?

ਪਰ ਨੌਜਵਾਨ ਗੁਰੂ-ਕਮਾਂਡਰ ਨੇ ਹਿੰਮਤ ਨਾ ਹਾਰੀ। ਉਹ ਜ਼ਰਾ ਨਾ ਘਾਬਰੇ, ਰਤਾ ਨਾ ਥਿੜ੍ਹਕੇ। ਦੁਸ਼ਟ-ਦਮਨ ਨੇ ਉਨ੍ਹਾਂ ਨੂੰ ਧੀਰਜ ਦੇਂਦਿਆਂ ਆਖਿਆ :

''ਸਾਥੀਓ, ਸੰਬੰਧੀਓ ਤੇ ਸੇਵਕੋ !
ਚਿੰਤਾ ਕਾਹਦੀ ? ਘਾਬਰੇ ਕਿਉਂ ਹੋ ?

---

1. ਭੰਗਾਣੀ ਦੇ ਯੁੱਧ ਦੀ ਤਰੀਕ ਬਾਰੇ ਵਰਤਮਾਨ ਵਿਦਵਾਨਾਂ ਤੇ ਇਤਿਹਾਸਕਾਰਾਂ ਵਿਚ ਚੋਖਾ ਵਿਚਾਰ-ਵਿਖੇਵਾਂ ਹੈ। ਜਿਵੇਂ ਪ੍ਰਿੰਸੀਪਲ ਤੇਜਾ ਸਿੰਘ - ਡਾ. ਗੰਡਾ ਸਿੰਘ, ਜਥੇਦਾਰ ਪਰਤਾਪ ਸਿੰਘ, ਪ੍ਰਿੰ. ਸਤਿਬੀਰ ਸਿੰਘ ਤੇ ਡਾ.ਬਲਬੀਰ ਸਿੰਘ ਆਦਿ ਨੇ ਇਹ 1686 ਈ. ਵਿਚ ਹੋਈ ਦਸੀ ਹੈ। (ਵੇਖੋ : ਕ੍ਰਮਵਾਰ, *A Short History of the Sikhs*, p. 64 ; **ਗੁਰਮਤਿ ਲੈਕਚਰ**, ਪੰਨਾ 366; **ਸਾਡਾ ਇਤਿਹਾਸ**, ਪੰਨਾ 341; *Message of Guru Gobind Singh*, p.6).

ਪ੍ਰੋ. ਸਾਹਿਬ ਸਿੰਘ ਅਤੇ ਡਾ. ਗਰੇਵਾਲ ਤੇ ਡਾ. ਬਲ ਨੇ 1687 ਈ. (ਵੇਖੋ : ਕ੍ਰਮਵਾਰ, **ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ**, ਪੰਨਾ 87 ; *Guru Gobind Singh : A Biographical Study*, p.77);

ਡਾ. ਤ੍ਰਿਲੋਚਨ ਸਿੰਘ ਨੇ 1688 (ਵੇਖੋ : *Guru Gobind Singh*, New Delhi-1967, p. 14) ਅਤੇ ਪ੍ਰੋ. ਕਰਤਾਰ ਸਿੰਘ ਨੇ 1689 ਈ.(ਵੇਖੋ : **ਸਿੱਖ ਇਤਿਹਾਸ, ਭਾਗ ਪਹਿਲਾ**, ਪੰਨਾ 373) ਵਿਦਤ ਕੀਤੀ ਹੋਈ ਹੈ।

ਜਿਥੋਂ ਤਕ ਪਹਿਲੇ ਇਤਿਹਾਸਕਾਰਾਂ ਦਾ ਸਬੰਧ ਹੈ, ਭੱਟ-ਕਵੀ ਸੇਵਾ ਸਿੰਘ ਅਨੁਸਾਰ ਇਹ ਯੁੱਧ 18 ਅੱਸੂ ਸੰਮਤ 1745, ਮੁਤਾਬਕ 18 ਸਤੰਬਰ ਸੰਨ 1688 ਈ. ਵਿਚ ਵਾਪਰਿਆ ਸੀ :

ਸਤ੍ਰਹ ਸੈ ਪੰਤਾਲ ਮੇਂ, ਚੜ੍ਹ ਆਏ ਨਰੇਸ਼ ;
ਅਸਵਨ ਮਾਸ ਕੀ ਠਾਰਵੀਂ, ਉਪਰ ਸ੍ਰੀ ਦਸਮੇਸ਼।

(ਵੇਖੋ : **ਸ਼ਹੀਦ ਬਿਲਾਸ ਭਾਈ ਮਨੀ ਸਿੰਘ**, ਉਹੀ, ਛੰਦ ਨੰ. 58; ਗਿ. ਗਰਜਾ ਸਿੰਘ ਵਲੋਂ ਸੰਪਾਦਿਤ, ਲੁਧਿਆਣਾ -1961, ਪੰ. 64).

ਬੰਦਿਆਂ ਦੇ ਆਸਰੇ ਤਾਂ ਅਸੀਂ ਪਹਿਲਾਂ ਵੀ ਨਹੀਂ ਸੀ ਲੜਨਾ।
ਅਸੀਂ ਤਾਂ ਰੱਬ ਦੇ ਆਸਰੇ ਜੂਝਣਾ ਸੀ ;
ਤੇ ਉਹ ਰੱਬ ਤਾਂ ਅਜੇ ਵੀ ਸਾਡੇ ਨਾਲ ਹੈ।
ਇਸ ਲਈ ਸਾਡੀ ਜਿੱਤ ਯਕੀਨੀ ਹੈ।
ਜਿਸ ਕਿਸੇ ਨੂੰ ਉਸ ਦੇ ਅੰਗ-ਸੰਗ ਤੇ ਸਹਾਈ ਹੋਣ ਦਾ ਨਿਸਚਾ ਨਹੀਂ ;
ਜਿਸ ਕਿਸੇ ਨੇ ਮਗਰੋਂ ਪਿੱਠ ਵਿਖਾ ਦੇਣੀ ਹੈ ; ਜੋ ਕਾਇਰ ਹੈ, ਕਮਜ਼ੋਰ ਹੈ, ਸੁਆਰਥੀ ਹੈ
ਉਹ ਹੁਣੇ ਹੀ ਇਥੋਂ ਨਿਸੰਗ ਚਲਾ ਜਾਏ।
ਅਸਾਂ ਤਾਂ ਪੈਰ ਹੁਣ ਪਿੱਛੇ ਨਹੀਂ ਪਾਉਣਾ
ਅਤੇ ਇਸ ਜਬਰ ਤੇ ਅਨਿਆਂ ਦਾ ਮੁਕਾਬਲਾ, ਰੱਬ-ਆਸਰੇ, ਡਟ ਕੇ ਕਰਨਾ ਹੈ,
ਆਖ਼ਰੀ ਦਮ ਤਕ ਕਰਨਾ ਹੈ। ......"।
ਉਸ ਰੱਬ-ਆਸਰੇ ਜਿਸ ਨੂੰ ਇਹ ਨਿਸਚਾ-ਪੂਰਤ ਬੇਨਤੀ ਕਰ ਕੇ,
ਅਸਾਂ, ਕਮਰਕੱਸਾ ਕੀਤਾ ਸੀ :

ਅਕਾਲਪੁਰਖ ਕੀ ਰੱਛਾ ਹਮ ਨੈ,
ਸਰਬਲੋਹ ਕੀ ਰੱਛਿਆ ਹਮ ਨੈ।"[2]

ਕਹਿੰਦੇ ਹਨ, ਇਸ ਐਲਾਨ ਤੇ ਇਕਰਾਰ ਨੇ ਪਲੋ-ਪਲ ਜਾਦੂਈ ਅਸਰ ਕੀਤਾ ਸੀ; ਅਤੇ ਨਿਰਾਸੇ ਦਿਲਾਂ ਵਿਚ ਨਾ ਕੇਵਲ ਆਸ ਹੀ ਟਮਕਾਅ ਦਿੱਤੀ ਸੀ, ਸਗੋਂ ਅਥਾਹ ਜੋਸ਼ ਵੀ ਭਰ ਦਿੱਤਾ ਸੀ। ਹਰ ਕੋਈ ਲੜਨ-ਮਰਨ ਲਈ ਉਸੇ ਦਮ ਤਿਆਰ ਹੋ ਗਿਆ ਸੀ। ਦਸਮੇਸ਼ ਨੇ ਵੈਰੀ-ਦਲਾਂ ਨੂੰ ਵਧਦਿਆਂ ਵੇਖਦੇ ਹੀ, ਆਪਣੇ ਮੁੱਠੀ-ਭਰ ਜਵਾਨਾਂ ਨੂੰ ਕੇਵਲ ਰੱਬ ਉੱਤੇ ਹੀ ਨਿਸਚਾ ਰਖਣ ਅਤੇ 'ਚੜ੍ਹਦੀ ਕਲਾ' ਵਿਚ ਵਿਚਰਨ ਲਈ ਪਰੇਰਦਿਆਂ, ਵੰਗਾਰਿਆ ਤੇ ਲਲਕਾਰਿਆ। ਜਵਾਨ ਭੜਕ ਉੱਠੇ ਅਤੇ ਤੇਗਾਂ ਤੇ ਕਮਾਨਾਂ ਸੂਤ ਕੇ ਡਟ ਗਏ। ਗੁਰੂਦੇਵ ਦੇ ਸੁਹਿਰਦ ਮਿੱਤਰ ਤੇ ਪ੍ਰਸੰਸਕ, ਸਢੌਰੇ ਦੇ ਪੀਰ, ਸੱਯਦ ਬਦਰ-ਉਦ-ਦੀਨ (ਬੁੱਧੂ ਸ਼ਾਹ), ਵੀ ਇੰਨੇ ਨੂੰ, ਉਨ੍ਹਾਂ ਦੀ ਸਹਾਇਤਾ ਲਈ, ਆਪਣੇ ਚਾਰ ਸਪੁੱਤਰਾਂ ਤੇ ਸਤ ਸੌ ਮੁਰੀਦਾਂ ਸਮੇਤ, ਭੰਗਾਣੀ ਪਹੁੰਚ ਗਏ।[3]

ਬੜੀ ਗਹਿ-ਗੱਚ ਲੜਾਈ ਹੋਈ, ਜਿਸ ਦਾ ਭਰਵਾਂ ਤੇ ਉਭਾਰਵਾਂ ਜ਼ਿਕਰ ਆਪਣੀ ਸਵੈ-ਜੀਵਨੀ ਵਿਚ ਕਰਦਿਆਂ, ਸਤਿਗੁਰੂ ਨੇ ਮਗਰੋਂ ਆਪ ਬੜੇ ਮਾਣ ਨਾਲ ਲਿਖਿਆ ਸੀ ਕਿ, ਹੋਰ ਤਾਂ ਹੋਰ, ਮਹੰਤ ਕ੍ਰਿਪਾਲ ਦਾਸ ਉਦਾਸੀ ਨੇ ਤਾਂ ਆਪਣੇ ਕੁਤਕੇ ਨਾਲ ਹੀ ਫ਼ੌਜਦਾਰ ਹੱਯਾਤ ਖ਼ਾਨ ਦਾ ਸਿਰ ਫੇਹ ਦਿੱਤਾ ਸੀ :

ਕ੍ਰਿਪਾਲ ਕੋਪੀਯੰ, ਕੁਤਕੋ[4], ਸੰਭਾਰੀ[5],
ਹਠੀ ਖ਼ਾਨ ਹੱਯਾਤ ਕੇ ਸੀਸ ਝਾਰੀ[6]।

---

2. ਗੁਰੂ ਗੋਬਿੰਦ ਸਿੰਘ, **ਦਸਮ ਗ੍ਰੰਥ ਸਾਹਿਬ**, ਉਹੀ, ਪੰ .16, ਵਿਚ ਸੰਚਿਤ ਅਕਾਲ ਉਸਤਤਿ, ਪਾਉਂਟਾ ਸਾਹਿਬ -1688 ਈ. ਲਪ., ਦਾ ਮੰਗਲਾਚਰਣ।

3. ਕੁਇਰ ਸਿੰਘ, ਭਾ., **ਗੁਰ ਬਿਲਾਸ ਪਾਤਸ਼ਾਹੀ 10**, ਅੰਮ੍ਰਿਤਸਰ-1751 ਈ., ਅਧਿਆਇ 6; ਸੰਪਾਦਿਤ ਛਾਪ, ਉਹੀ, ਪੰ. 88-90; ਸੰਤੋਖ ਸਿੰਘ, ਭਾ. **ਗੁਰ ਪ੍ਰਤਾਪ ਸੂਰਜ ਗ੍ਰੰਥ**, ਕੈਥਲ-1843 ਈ., ਰਾਸ 12, ਰਿਤੁ 2, ਅੰਸੂ 26; ਗ੍ਰੰਥਾਵਲੀ, ਉਹੀ, ਪੰ. 4793; Teja Singh & Ganda Singh, *A Short History of the Sikhs*, op.cit p. 63.

4. ਕੁਤਕਾ, ਗੁਰਜ ਵਰਗਾ ਸੋਟਾ। 5. ਸੰਭਾਲਿਆ। 6. ਮਾਰਿਆ।

ਉਠੀ ਛਿਛਿ [7] ਇੱਛੈ [8], ਕਢਾ ਮੇਝ [9] ਜੋਰੰ [10];
ਮਨੋ ਮਾਖਨੰ, ਮੱਟਕੀ ਕਾਨ੍ਹਿ [11] ਫੋਰੰ। [12]

ਲਾਲ ਚੰਦ ਹਲਵਾਈ ਨੇ, ਜਿਸ ਨੇ ਢਾਲ-ਤਲਵਾਰ ਨੂੰ ਕਦੇ ਹੱਥ ਵੀ ਨਹੀਂ ਲਾਇਆ ਸੀ, ਅਜਿਹੇ ਆਹੂ ਲਾਹੇ ਸਨ ਕਿ ਸਮਕਾਲੀ ਕਵੀ ਸੈਨਾਪਤਿ ਅਨੁਸਾਰ, ਉਸ ਦੀ ਫੁਰਤੀ, ਮਹਾਰਤ ਤੇ ਬਹਾਦਰੀ ਵੇਖ ਕੇ, ਪਠਾਨ ਤੇ ਰਾਜਪੂਤ ਵੀ ਹੈਰਾਨ ਰਹਿ ਗਏ ਸਨ :

ਲਾਲ ਚੰਦ ਆਨਿ ਕੈ,
ਕਮਾਨ ਬਾਨਿ ਤਾਨਿ ਕੈ,
ਕੀਓ ਸੁ ਜੁਧ ਜਾਨਿ ਕੈ,
ਭਲੀ ਭਈ, ਭਲੀ ਭਈ।... [13]

ਗੁਰੂਦੇਵ ਉਥੇ ਆਪ ਵੀ ਜੂਝੇ ਸਨ, ਜਦੋਂ ਹਰੀ ਚੰਦ ਹੰਡੂਰੀਏ ਨੇ ਉਨ੍ਹਾਂ ਉਤੇ ਆਪਣੇ ਤੀਰਾਂ ਨਾਲ ਤੀਜਾ ਵਾਰ ਕੀਤਾ ਸੀ। ਉਸ ਘਟਨਾ ਨੂੰ ਵਰਨਣ ਕਰਦਿਆਂ ਲਿਖਿਆ ਨੇ :

ਜਬੈ ਬਾਣ ਲਾਗਯੋ,
ਤਬੈ ਰੋਸ ਜਾਗਯੋ।
ਕਰੰ [14] ਲੈ ਕਮਾਣੰ,
ਹਨੰ ਬਾਣ ਤਾਣੰ। [15]
ਸਬੈ ਬੀਰ ਧਾਏ,
ਸਰੋਘੰ [16] ਚਲਾਏ। [17]

ਉਨ੍ਹਾਂ ਨੇ ਅਖ਼ੀਰ ਹਾਰ ਮੰਨ ਲਈ, ਅਤੇ ਸੋਲ੍ਹਾਂ ਪਹਾੜੀ ਰਾਜਿਆਂ ਤੇ ਉਨ੍ਹਾਂ ਦੇ ਪਠਾਣ ਸਹਾਇਕਾਂ ਨੇ ਇਕੱਲੇ ਬਾਲਗ਼-ਗੋਬਿੰਦ ਸਾਹਵੇਂ ਆਪਣੇ ਹਥਿਆਰ ਸੁਟ ਦਿੱਤੇ।

ਜਿੱਤ ਗੁਰੂ ਗੋਬਿੰਦ ਦਾਸ ਦੀ ਹੋਈ। ਪਰ ਸਤਿਗੁਰੂ ਨੇ ਨਾ ਕੋਈ ਈਨ ਮੰਨਾਈ, ਨਾ ਇਲਾਕਾ ਮੱਲਿਆ; ਨਾ ਮਾਲ ਲੁਟਿਆ, ਨਾ ਹਾਲਾ ਮੰਗਿਆ ; ਨਾ ਬੰਦੇ ਫੜੇ, ਨਾ ਅੰਗ ਵੱਢੇ, ਨਾ ਸੂਲੀ ਚਾੜ੍ਹੇ। ਇਉਂ, ਨਾ ਕੋਈ ਨਿੱਜੀ ਤੇ ਨਾ ਹੀ ਕੋਈ ਰਾਜਨੀਤਕ ਲਾਭ ਉਠਾਇਆ। ਉਠਾਉਂਦੇ ਵੀ ਕਿਵੇਂ ਜਦ ਕਿ ਲੜਾਈ ਕਿਸੇ ਨਿੱਜੀ ਮਨੋਰਥ ਜਾਂ ਪ੍ਰਭੁਤਾ ; ''ਜ਼ਨ, ਜ਼ੋਰੂ ਜਾਂ ਜ਼ਮੀਨ'' ਲਈ ਨਹੀਂ ਸੀ। ਇਹ ਤਾਂ ਇਕ ਧਰਮ-ਯੁੱਧ ਸੀ ਜਿਸ ਦੀ ਸੰਭਾਵਨਾ, ਤਾਂਘ ਤੇ ਮਹੱਤਾ ਉਨ੍ਹਾਂ ਨੇ ਆਪ ਕੇਵਲ ਕੁਝ ਕੁ ਮਹੀਨੇ ਪਹਿਲਾਂ ਇਉਂ ਕਾਲੀਬੱਧ ਕੀਤੀ ਸੀ :

---

7. ਛਿੱਟਾਂ। 8. ਇਸ ਤਰ੍ਹਾਂ। 9. ਮਿੱਝ।
10. ਜ਼ੋਰ ਨਾਲ ਕਢੀ ਜਾਣੋ। 11. ਕ੍ਰਿਸ਼ਨ ਮਹਾਰਾਜ ਨੇ।
12. ਦਸਮ ਗ੍ਰੰਥ ਸਾਹਿਬ, ਉਹੀ, ਪੰ. 77., ਬਚਿੱਤ੍ਰ ਨਾਟਕ, ਧਿਆਇ 8, ਭੁਜੰਗ ਪ੍ਰਯਾਤ ਛੰਦ, ਬੰਦ 7.
13. ਸੈਨਾਪਤਿ, ਸ੍ਰੀ ਗੁਰੁ ਸੋਭਾ, ਉਹੀ, ਧਿਆਇ 2, ਪਦ 20/61; ਸੰਪਾਦਿਤ ਛਾਪ, ਉਹੀ, ਪੰ. 10.
14. ਹੱਥ ਵਿਚ। 15. ਵਾਹੇ, ਮਾਰੇ।
16. ਤੀਰਾਂ ਦੀ ਬਰਖਾ।
17. ਦਸਮ ਗ੍ਰੰਥ ਸਾਹਿਬ , ਪੰ. 79. ਬਚਿੱਤ੍ਰ ਨਾਟਕ, ਧਿਆਇ 8, ਉਹੀ, ਰਸਾਵਲ ਛੰਦ, ਬੰਦ 31-32.

ਜਉ [18] ਕਿਛੁ ਇੱਛ ਕਰੋਂ ਧਨ ਕੀ,
ਤਉ [19] ਚਲਿਯੋ ਧਨੁ ਦੇਸਨ ਤੇ ਆਵੈ ।
ਅਉ ਸਭ ਰਿਧੰਨ ਸਿਧੰਨ ਪੈ,
ਹਮਰੋ ਨਹੀ ਨੈਕੁ [20] ਹੀਯੋ [21] ਲਲਚਾਵੈ ।
ਅਉਰ ਸੁਨੈ ਕਛੁ ਜੋਗ ਬਿਖੈ,
ਕਹਿ ਕਉਨ ਇਤੋ [22] ਤਪੁ ਕੈ ਤਨੁ ਤਾਵੈ ?
ਜੁਝਿ [23] ਮਰੋਂ ਰਨ ਮੈ ਤਜਿ ਭੈ,
ਤੁਮ ਤੇ ਪ੍ਰਭ ! 'ਸਜਾਮ' ਇਹੈ ਵਰੁ ਪਾਵੈ । [24]

ਧਰਮ-ਨਿਆਂ ਦੀ ਰੱਖਿਆ ਲਈ 'ਜੂਝਣ' ਵਾਲੇ ਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ਼ ਸੀ ਕਿ ਇਹ ਜਿੱਤ 'ਗੁਰੂ ਗੋਬਿੰਦ ਦਾਸ' ਦੀ ਨਹੀਂ', ਇਹ ਤਾਂ ''ਵਾਹਿਗੁਰੂ ਜੀ ਕੀ ਫ਼ਤਿਹ'' ਸੀ, ਜਿਸ ਨੂੰ ਪਰਾਪਤ ਕਰਨ ਲਈ ਉਨ੍ਹਾਂ ਦੇ ਅਨਿੰਨ ਸੇਵਕਾਂ – ਹਿੰਦੂਆਂ, ਸਿੱਖਾਂ, ਮੁਸਲਮਾਨਾਂ ਤੇ ਦਲਿੱਤਾਂ – ਨੇ ਬੜੇ ਚਾਅ ਨਾਲ ਆਪਣਾ ਸਾਂਝਾ ਖ਼ੂਨ ਡੋਲ੍ਹਿਆ ਸੀ ਅਤੇ ਉਸ ਦੇ ਹਵਨ ਕੁੰਡ ਵਿਚ ਆਪਣੀ ਆਹੂਤੀ ਹਸ ਹਸ ਕੇ ਪਾਈ ਸੀ । ਤਦੇ ਤਾਂ ਇਸ ਅਦੁੱਤੀ ਜਿੱਤ ਲਈ ਵਾਹਿਗੁਰੂ ਦਾ ਧੰਨਵਾਦ ਕਰਦਿਆਂ, ਗੁਰੂਦੇਵ ਨੇ ਮਗਰੋਂ ਇਹ ਆਪ ਲਿਖਿਆ ਸੀ :

ਰਣੰ ਤਿਆਗਿ ਭਾਗੇ,
ਸਬੈ ਤ੍ਰਾਸ ਪਾਗੇ । [25]
ਭਈ ਜੀਤ ਮੇਰੀ,
ਕ੍ਰਿਪਾ ਕਾਲ ਕੇਰੀ । [26]
ਰਣੰ ਜੀਤਿ ਆਏ,
ਜਯੰ [27] ਗੀਤ ਗਾਏ ।
ਧਨੰਧਾਰ ਬਰਖੇ [28],
ਸਬੈ ਸੂਰ [29] ਹਰਖੇ [30] । [31]

ਭੰਗਾਣੀ [32] ਦੀ ਇਸ ਮਹਾਨ ਜਿੱਤ ਨੇ ਗੁਰੂ ਗੋਬਿੰਦ ਦਾਸ ਦੇ ਆਦਰਸ਼ ਨੂੰ ਦ੍ਰਿੜ੍ਹਤਾ ਅਤੇ ਕੌਮ-ਉਸਾਰੀ

---

18. ਜਦੋਂ ਕਦੇ । 19. ਤਦੋਂ । 20. ਰਤਾ ਵੀ । 21. ਹਿਰਦਾ, ਦਿਲ ।
22. ਇਤਨਾ । 23. ਲੜਦਾ ਹੋਇਆ ।
24. ਦਸਮ ਗ੍ਰੰਥ ਸਾਹਿਬ, ਉਹੀ, ਪੰ 679, ਕ੍ਰਿਸ਼ਨਾਵਤਾਰ, ਪਦ ਨੰ. 1901.
25. ਸਾਰਿਆਂ ਨੂੰ ਡਰ ਕਾਰਨ ਕਾਂਬਾ ਛਿੜਿਆ ਹੋਇਆ ਸੀ ।
26. ਆਕਾਲਪੁਰਖ ਦੀ ਮਿਹਰਬਾਨੀ ਨਾਲ । 27. ਫ਼ਤਿਹ ਦੇ ।
28. ਧਨ ਦੀ ਵਰਖਾ ਕੀਤੀ ।
29. ਸੂਰਮੇ, ਯੋਧੇ । 30. ਖ਼ੁਸ਼ ਹੋਏ ।
31. ਦਸਮ ਗ੍ਰੰਥ ਸਾਹਿਬ, ਉਹੀ, ਬਚਿੱਤ੍ਰ ਨਾਟਕ, ਉਹੀ, ਧਿਆਇ 8, ਰਸਾਵਲ ਛੰਦ, ਬੰਦ 34-35.
32. ਇਸ ਯੁੱਧ ਦੀ ਪ੍ਰਮਾਣਕ ਤੇ ਸਵਿਸਥਾਰ ਜਾਣਕਾਰੀ ਲਈ ਵੇਖੋ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ *Journal of Sikh Studies, Amritsar* ਦੇ *Khalsa*

ਦੇ ਪਰੋਗਰਾਮ ਲਈ ਤਕੜਾਈ ਦਿੱਤੀ। ਇਹ ਉਨ੍ਹਾਂ ਦੇ ਪਰਉਪਕਾਰੀ ਮਿਸ਼ਨ ਅਤੇ ਉਸ ਦੀ ਪੈਰਵੀ ਤੇ ਪੂਰਤੀ ਲਈ ਆਰੰਭੇ ਜੀਵਨ-ਸੰਘਰਸ਼ ਵਾਸਤੇ ਵੀ ਇਕ ਮੀਲ-ਪੱਥਰ ਸਿੱਧ ਹੋਈ। Since the Guru did not acquire even an inch of territory or gained any advantage whatsoever, the cause he championed received added strength. His fame spread far and wide with the result that the supply of arms to Guru increased and a large number of persons offered themselves to be enrolled in the Guru's Army.[33] ਅਰਥਾਤ, "ਸਤਿਗੁਰੂ ਜੀ ਨੇ ਕਿਉਂਕਿ ਉਨ੍ਹਾਂ ਦੇ ਰਾਜ-ਖੇਤਰ ਦੀ ਇਕ ਇੰਚ ਧਰਤੀ ਉਤੇ ਵੀ ਕਬਜ਼ਾ ਨਹੀਂ ਕੀਤਾ ਸੀ ਅਤੇ ਨਾ ਹੀ ਇਸ ਜਿੱਤ ਤੋਂ ਕਿਸੇ ਤਰ੍ਹਾਂ ਦਾ ਵੀ ਕੋਈ ਹੋਰ ਲਾਭ ਉਠਾਇਆ ਸੀ, ਇਸ ਲਈ ਜਿਸ ਉਦੇਸ਼ ਵਾਸਤੇ ਉਹ ਅਜਿਹੀ ਘਾਲ ਘਾਲ ਰਹੇ ਸਨ, ਉਸ ਨੂੰ ਵੀ ਵਧੇਰੇ ਸ਼ਕਤੀ ਪਰਾਪਤ ਹੋ ਗਈ। ਉਨ੍ਹਾਂ ਦੀ ਸੁਹਿਰਦਤਾ ਤੇ ਸੂਰਬੀਰਤਾ ਦੀ ਪ੍ਰਸਿੱਧੀ ਵੀ ਦੂਰ-ਨੇੜੇ ਚੋਖੀ ਫੈਲ ਗਈ। ਇਸ ਦੇ ਨਤੀਜੇ ਵਜੋਂ, ਉਨ੍ਹਾਂ ਨੂੰ ਅਸਤਰ- ਸ਼ਸਤਰ ਵਧੇਰੀ ਮਾਤਰਾ ਵਿਚ ਮਿਲਣ ਲਗ ਪਏ ਅਤੇ ਬਹੁਤ ਸਾਰੇ ਜਵਾਨਾਂ ਨੇ ਉਨ੍ਹਾਂ ਦੀ ਸੈਨਾ ਵਿਚ ਸ਼ਾਮਲ ਹੋਣ ਲਈ ਆਪਣੀ ਸੇਵਾ ਵੀ ਪੇਸ਼ ਕਰ ਦਿੱਤੀ"।[33]

'ਚੜ੍ਹਦੀ ਕਲਾ' ਦੇ ਪੁੰਜ ਸਤਿਗੁਰੂ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਦੇ ਨਿਭਾਅ ਲਈ ਵੀ ਵਧੇਰੇ ਚੇਤੰਨ ਹੋ ਗਏ। ਸ੍ਵੈ-ਰੱਖਿਆ ਦੀ ਤਿਆਰੀ ਇਕ ਨਵੇਂ ਦੌਰ ਵਿਚ ਆ ਗਈ। ਇਸ ਵਿਚ ਫ਼ੌਜੀ ਭਰਤੀ ਤੇ ਸੈਨਿਕ ਸਿਖਲਾਈ ਤੋਂ ਛੁੱਟ, ਸਾਧਨ-ਪ੍ਰਾਪਤੀ ਤੇ ਕਿਲ੍ਹੇਬੰਦੀ ਵੀ ਸ਼ਾਮਲ ਹੋ ਗਈ।

ਇਹ ਕੁਝ ਵੇਖਦਿਆਂ ਹੀ, ਪਹਾੜੀ ਰਾਜਿਆਂ ਦੀ ਸ਼ਾਨਿਉਂ ਗਈ। ਤੇ ਜਦੋਂ ਉਹ ਆਪ ਇਸ ਨੂੰ ਠਲ੍ਹਣ ਵਿਚ ਅਸਫ਼ਲ ਹੋ ਗਏ ਤਾਂ ਉਨ੍ਹਾਂ ਨੇ ਮੁਗ਼ਲ ਹਕੂਮਤ ਦਾ ਬੂਹਾ ਜਾ ਠਕੋਰਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਵਿਦਵਾਨ-ਕਵੀ, ਸ੍ਰੀ ਚੰਦਰ ਸੈਨ ਸੈਨਾਪਤਿ, ਨੇ ਨਿਰਮੋਹ ਦੀ ਲੜਾਈ ਹਾਰ ਜਾਣ ਤੋਂ ਬਾਅਦ ਪਹਾੜੀ ਰਾਜਿਆਂ ਨੇ ਜੋ ਉਪਾਓ ਸੋਚਿਆ ਤੇ ਵਰਤਿਆ ਸੀ, ਉਸ ਨੂੰ ਸੰਨ 1711 ਵਿਚ ਇਉਂ ਬਿਆਨਿਆ ਸੀ:

ਸਵੈਯਾ : ਜੋਰ ਲਰੈ ਤਹ ਖ਼ਾਲਸਾ ਆਛੈ, ਹੂ ਮਦਤ ਸਾਹਿਬ ਚੰਦ ਕੀ ਜਾਈ।
ਏਕ ਸੋ ਏਕ ਮਹਾਂਬਲੀ ਸੂਰ, ਲਰੇ ਰਨ ਮੈ ਜੁ ਕਰੈ ਹਥਿ ਆਈ।
ਮਾਰਿ ਲਈ ਤਹਾਂ ਫੌਜ ਕਿਤੀ ਜੁ, ਰਹੀ ਸੁ ਅਤੀ ਜੁ ਦਈ ਬਿਚਲਾਈ।
ਜੀਤ ਭਈ ਤਹਾਂ ਖ਼ਾਲਸੇ ਕੀ, ਅਰੁ ਸਾਹਿਬ ਚੰਦ ਕੀ ਲੋਥ ਉਠਾਈ।6।..

ਸਵੈਯਾ : ਕੇਤੇ ਹੀ ਗਾਂਵ ਅਪਾਰ ਨਿਹਾਰ ਕੇ, ਮਾਰਿ ਲਏ ਜਥੇ ਖ਼ਾਲਸਾ ਧਾਯੇ।
ਰਾਜਨ ਸੋਚ ਕੀਓ ਮਨ ਮੈ ਅਬ, ਜੋਰ ਹੀ ਖ਼ਾਲਸੇ ਧੂਮ ਉਠਾਯੇ।
ਗਾਂਵਨ ਕੇ ਨਰ ਭਾਜਿ ਗਏ ਸੁ ਬੈਸ ਬਨ ਮੈ ਨ ਰਹੈ ਠਹਰਾਯੇ।
ਐਸੋ ਉਪਾਵ ਕੋਈ ਕਰੀਐ ਯਹ, ਠਉਰ ਰਹੇ ਨਹੀਂ ਲੇਤ ਛਿਨਾਯੇ। 8।

Tercentenary Number, April-1999 ਵਿਚ ਸੰਚਿਤ ਖੋਜ-ਪੱਤਰ : *The First Battle of Guru Gobind Singh* by Dr. Harnam Singh Shan.

33. Malcolm, Sir John, *A Sketch of the Sikhs,* London-1812; reprint, Calcutta-1958, p. 101; Gandhi, Prof. Surjit Singh, *History of the Sikh Gurus,* Delhi-1978, p.416.

ਦੋਹਰਾ : ਤਬੈ ਰਾਵ ਕਹਲੂਰ ਕੇ ਕੀਨੋ ਏਕ ਉਪਾਉ।
ਬਿਦਾ ਕੀਓ ਪ੍ਰਧਾਨ ਕੋ ਅਬੈ ਤੁਰਕ ਪੈ ਜਾਉ।9।
ਸਵੈਯਾ : ਜਾਇ ਕਹੀ ਸੁਲਤਾਨ ਹੀ ਸੋ, ਹਮ ਸੌ ਇਨ ਜੋਰਨਿ ਜੋਰਿ ਕਰੀ ਹੈ।
ਮਾਰਿ ਲੀਏ ਤਿਹ ਗਾਂਵ ਸਬੈ, ਜੁ ਅਬੈ ਕੈਹਲੂਰ ਪੈ ਚੋਟ ਧਰੀ ਹੈ।
ਜਾਨੀ ਨ ਜਾਤਿ ਕਰੈਗੋ ਕਹਾਂ, ਸੁ ਯਹੈ ਬਿਧਿ ਜਾਨਿ ਕੈ ਸਿਸਟਿ ਡਰੀ ਹੈ।
ਕੀਜੈ ਅਬੈ ਉਪਰਾਲੋ ਹਮਾਰਾ, ਸੁ ਕਿਉਂ ਨ ਕਰੋ ਤੁਮਹੂ ਜੁ ਸਰੀ ਹੈ।10।..
ਸਵੈਯਾ : ਤਉ ਸੁਲਤਾਨ ਕਹਿਓ ਇਕ ਔਰ, ਸੋ ਜਾਹੁ ਅਬੈ ਇਹ ਕੈ ਮੰਗ ਭਾਈ।
ਸੀਰੰਦ ਹੀ ਵਾਲੇ ਕੋ ਸੰਗਿ ਲੀਏ, ਮਿਲਿ ਕੈ ਸਬ ਜਾਹੁ ਕਰੋ ਜੁ ਚਢਾਈ।...[34]

ਦਸਮੇਸ਼ ਜੀ ਦੇ ਜੋਤੀ-ਜੋਤਿ ਸਮਾਉਣ ਤੋਂ 43 ਵਰ੍ਹੇਂ ਬਾਅਦ ਤਿਆਰ ਹੋਏ 'ਗੁਰ ਬਿਲਾਸ ਪਾਤਸ਼ਾਹੀ 10' ਕ੍ਰਿਤ ਭਾਈ ਕੁਇਰ ਸਿੰਘ, ਵਿਚ ਉਹ ਇਉਂ ਵਰਣਿਤ ਹੈ :

ਸਵੈਯਾ : ਕੇਤਕ ਕਾਲ ਬਿਤਯੋ ਇਹ ਭਾਂਤਨਿ, ਰਾਵ ਪਹਾਰ ਜਰੈ ਦੁਖ ਪਾਵੈਂ।
ਭਾਖਤ ਹੈਂ, "ਗੁਰ ਯੌ ਬਢਤੇ ਜਿਮ ਏਕਮ ਚੰਦ ਯੌ ਪੂਨਮ ਗਾਵੈਂ।3।
ਬੀਰ ਮਰੇ ਸਭ ਸੈਨ ਮਰੀ ਪੁਨਿ, ਦੇਹੁ ਨਹੀ ਬਸਨੋ ਹਮ ਤਾਈ।
ਜੇ ਕਰ ਜਾਇ ਕੇ ਜੁਧ ਕਰੈਂ ਹਮ, ਤੌ ਇਨ ਮਾਰ ਕਰੈ ਬਲ ਜਾਈ।
ਜੇ ਕਰ ਬੈਠ ਰਹੈਂ ਘਰ ਮੈਂ ਹਮ, ਛੀਨਤ ਹੈ ਹਮਰੀ ਠਕੁਰਾਈ।
ਜੇ ਕਰ ਜਾਇ ਮਿਲੈਂ ਗੁਰ ਕੋ, ਤਬ ਲਾਜ ਰਹੇ ਨਹੀਂ", ਯੌ ਮੁਖ ਗਾਈ।4।
ਸੰਕਰ ਛੰਦ : "ਤਾ ਤੈ ਸੁ ਚਲੇ ਦਿਲੀਸ ਪੈ, ਕਹਿ ਬਾਤ ਸਾਰੀ ਐਨ।
ਯੌ ਕਰ ਮਤੋ ਜਾੱਵਤ ਭਏ, ਕਿਨ ਪਠੇ ਸਚਿਵ ਸੁ ਚੈਨ।
ਯਾ ਭਾਂਤਿ ਆਏ ਸਚਿਵ ਪੈ, ਅਤਿ ਦੁਖਤ ਯੌ ਬਿਲਪਾਹਿ।
ਜਿਮ ਕੋ ਫਰਿਆਦੀ ਹੋਤ ਹੈ, ਤੇ ਨੀਚ ਪੂਰਨ ਆਹਿ।5।
ਤਿਹ ਪੇਖ ਗਤਿ ਬਿਸਮਾਇਯੋ, ਅਉਰੰਗ ਸ਼ਾਹ ਮਲੀਨ।
ਭਾਖਤ ਤਿਨੈ ਭਯੋ ਧੀਰ ਮੋਂ, ਕਰ ਧੀਰਜੰ ਤਿਨ ਦੀਨ :
"ਤੁਮ ਜੋੜ ਸੈਨ ਪਹਾੜ ਕੀ, ਨਿਜ ਕਰੋ ਸੰਗਰ ਜਾਇ।
ਮੈਂ ਭੀ ਪਠੌਂਗੋ ਸੈਨ ਕੋ, ਮੁਹ ਚਿੰਤ ਨੀਂਦ ਨ ਆਹਿ"।6।
ਲਿਖ ਪਤ੍ਰਿਕਾ ਤਿਨ ਹਾਥ ਦੀ ਇਹੁ, ਲੇਹੁ ਸੂਬੇ ਸੰਗ।
ਮੈ ਮਾਰ ਹੋ ਤਾ ਕੋ ਅਬੈ, ਮੁਹ ਸੂਝ ਨ ਕਛੁ ਰੰਗ।
ਸਭ ਗਿਰਪਤੀ ਆਏ ਤਬ, ਨਿਜ ਧਾਮ ਧਾਮਨ ਮਾਹਿ।
ਦੇਸ ਦੇਸਨ ਪਤ੍ਰਿਕਾ ਪਠ, ਜੁਰਤ ਹੈਂ ਘਨ ਤਾਹਿ।7।[35]

---

34. ਸੈਨਾਪਤਿ, **ਸ੍ਰੀ ਗੁਰ ਸੋਭਾ**, ਉਹੀ, ਧਿਆਉ 9, 'ਜੁਧ ਨਿਰਮੋਹ ਕਾ', ਪਦ 343-347; ਸੰਪਾਦਿਤ ਪਾਠ, ਉਹੀ, ਪੰ. 56-57.

35. ਕੁਇਰ ਸਿੰਘ, ਭਾਈ, **ਗੁਰੁ ਬਿਲਾਸ ਪਾਤਸ਼ਾਹੀ 10**, ਆਨੰਦਪੁਰ-1751, ਅਧਿਆਇ 14, 'ਸ਼ਾਹੀ ਫ਼ੌਜਾਂ ਦੀ ਚੜ੍ਹਾਈ ਤੇ ਜੰਗ', ਪਦ 3-7; ਸੰਪਾਦਿਤ ਵਲੋਂ ਸ. ਸ਼ਮਸ਼ੇਰ ਸਿੰਘ ਅਸ਼ੋਕ, ਪਟਿਆਲਾ- 1968, ਪੰਨੇ 178-179.

ਉਸ ਤੋਂ ਬਾਅਦ ਤਿਆਰ ਹੋਏ 'ਗੁਰ ਬਿਲਾਸ' ਕ੍ਰਿਤ ਭਾਈ ਸੁੱਖਾ ਸਿੰਘ ਵਿਚ ਵੀ, ਇਸੇ ਮਨੋਰਥ ਲਈ ਔਰੰਗਜ਼ੇਬ ਵਲ ਭੇਜੀ ਗਈ ਇਕ ਅਜਿਹੀ 'ਅਰਜ਼ਦਾਸ਼ਤ' ਦਾ ਵੀ ਜ਼ਿਕਰ ਹੈ। ਉਸ ਵਿਚ ਉਸ ਦਾ ਧਿਆਨ ਗੁਰੂਦੇਵ ਦੇ ਇਨਕਲਾਬੀ ਪਰੋਗਰਾਮ ਤੇ ਪੈਗ਼ਾਮ ਵਲ ਦੁਆਂਦਿਆਂ, ਇਹ ਵੀ ਦਸਿਆ ਗਿਆ ਸੀ :

ਚਾਰ ਬਰਨ ਇਕ ਜਾਇ ਕੀਨੇ ;
ਅੰਮ੍ਰਿਤ ਨਿਜ ਉਪਦੇਸ਼ ਜੁ ਕੀਨੇ। [35]

ਉਸ ਨੂੰ ਭੜਕਾਉਣ ਤੇ ਉਸ ਦੇ ਤੁਅੱਸਬ ਨੂੰ ਹੋਰ ਉਤੇਜਿਤ ਕਰਨ ਲਈ, ਗੁਰੂ ਗੋਬਿੰਦ ਦਾਸ ਜੀ ਦੇ ਸ਼ੁਭ ਨਾਂ ਨਾਲ ਇਸ ਤਰ੍ਹਾਂ ਦੇ ਮਨਘੜਤ ਏਲਾਨ ਵੀ ਸਬੰਧਿਤ ਕਰਦਿਆਂ ਲਿਖਿਆ ਸੀ :

"ਐਸਾ ਪੰਥ ਚਲਾਉਂਗਾ ਜਾਣੈਗਾ ਸਭ ਕੋਇ,
ਹਿੰਦੂ ਮੁਸਲਮਾਨ ਕੇ ਚਪਲ ਮੋ ਤ੍ਰਿਣ ਹੋਇ।
ਰੜਕੇਗਾ ਵਹੁ ਦੋਹਨ ਕੇ, ਸੋਇ ਨ ਸਕਹਿ ਰੈਨ,
ਹਿੰਦੂ ਮੁਸਲਮਾਨੰ ਕੋ ਆਵੇ ਨਾਹੀ ਚੈਨ।" [35]

ਅਰਥਾਤ, " ਮੈਂ ਇਕ ਐਸਾ ਪੰਥ ਚਲਾਵਾਂਗਾ ਜੋ ਹਿੰਦੂਆਂ ਤੇ ਮੁਸਲਮਾਨਾਂ ਦੀਆ ਅੱਖਾਂ ਵਿਚ ਤੀਲੇ ਵਾਂਗ ਰੜਕਦਾ ਰਹੇਗਾ ਅਤੇ ਦੋਹਾਂ ਨੂੰ ਚੈਨ ਨਾਲ ਸੌਣ ਨਹੀਂ ਦੇਵੇਗਾ।" ਅਤੇ ਇਹ ਵੀ ਕਿ ਮੈਂ ਇਨ੍ਹਾਂ ਮਲੇਛਾਂ, ਭਾਵ ਮੁਗ਼ਲਾਂ, ਦਾ ਰਾਜ-ਭਾਗ ਛੇਤੀ ਹੀ ਖ਼ਤਮ ਕਰ ਦਿਆਂਗਾ :

"ਮੈਂ ਅਬ ਸਫ਼ਾ ਮਲੇਛ ਕੀ,
ਦੈ ਹੈ ਅਬੇ ਉਠਾਏ।"[35]

ਉਸ 'ਅਰਜ਼ਦਾਸਤ' ਨੂੰ ਸਮਾਪਤ ਕਰਦਿਆਂ, ਇਹ ਅਰਜ਼ ਵੀ ਕੀਤੀ ਗਈ ਸੀ :

"ਅਬ ਹਮਰੋ ਉਪਰਾਲਾ ਕੀਜੈ,
ਅਨੰਦਗੜ੍ਹ ਹਮ ਕੋ ਲੈ ਦੀਜੈ।"[36]

ਗੁਰੂ-ਘਰ ਦੀ ਵਧ ਰਹੀ ਸ਼ਕਤੀ ਤੇ ਪਰਭਾਵ ਬਦੇਸ਼ੀ ਸਰਕਾਰ ਦੀਆਂ ਅੱਖਾਂ ਵਿਚ ਤਾਂ ਪਹਿਲਾਂ ਹੀ ਰੜਕ ਰਿਹਾ ਸੀ। ਪਰ ਹੁਣ ਪਹਾੜੀ ਰਾਜਿਆਂ ਤੇ ਉਨ੍ਹਾਂ ਦੇ ਉਕਸਾਏ ਹੋਏ ਸਥਾਨਕ ਸੂਬੇਦਾਰਾਂ ਨੇ ਮੁਗ਼ਲ ਸਮਰਾਟ, ਔਰੰਗਜ਼ੇਬ, ਦੇ ਕੰਨ ਅਜਿਹੇ ਭਰੇ ਕਿ ਗੁਰੂ ਗੋਬਿੰਦ ਦਾਸ ਦਾ ਪੈਗ਼ਾਮ ਤੇ ਪਰੋਗਰਾਮ ਉਸ ਨੂੰ ਆਪਣੀ ਸ਼ਹਿਨਸ਼ਾਹੀ ਲਈ ਵੀ ਬੜਾ ਖ਼ਤਰਨਾਕ ਜਾਪਿਆ। ਇਸੇ ਲਈ ਉਨ੍ਹਾਂ ਦੀ ਲਹਿਰ ਨੂੰ ਕੁਚਲਣ ਤੇ ਆਨੰਦਪੁਰ ਦਾ ਨਾਂ-ਨਿਸ਼ਾਨ ਤਕ ਮਿਟਾ ਦੇਣ ਲਈ ਸ਼ਾਹੀ ਹੁਕਮ ਜਾਰੀ ਹੋ ਗਏ।

10
1699 ਦੀ ਵਿਸਾਖੀ ਵਾਲੇ ਦਿਨ

ਜੇ ਇਕ ਪਾਸੇ 'ਬਾਬਰ ਕਿਆਂ' [1] ਦੀ ਹਕੂਮਤ 'ਬਾਬੇ ਕਿਆਂ' [2] ਦੀ ਲਹਿਰ ਨੂੰ ਦਬਾਉਣ ਲਈ ਮੁੜ ਹਰਕਤ

36. ਸੁੱਖਾ ਸਿੰਘ, **ਗੁਰਬਿਲਾਸ ਪਾਤਸ਼ਾਹੀ 10**, ਉਹੀ, ਅਧਿਆਇ 14, ਪੰਨੇ 197-200.

1.ਮੁਗ਼ਲ ਬਾਦਸ਼ਾਹ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ(1526-1530) ਦੇ ਤਖ਼ਤ-ਤਾਜ ਦੇ ਵਾਰਿਸਾਂ ਤੇ ਅਧਿਕਾਰੀਆਂ, ਆਦਿ।

2. ਸੱਚੇ ਪਾਤਸ਼ਾਹ ਗੁਰੂ ਬਾਬਾ ਨਾਨਕ ਦੇਵ ਜੀ (1469-1539) ਦੀ ਗੱਦੀ ਦੇ ਉੱਤਰ-ਅਧਿਕਾਰੀਆਂ ਤੇ ਨਾਮਲੇਵਿਆਂ, ਆਦਿ।

ਵਿਚ ਆ ਗਈ ਸੀ, ਤਾਂ ਦੂਜੇ ਪਾਸੇ 'ਬਾਬੇ ਕਿਆਂ' ਨੇ ਹੁਣ 'ਬਾਬਰ ਕਿਆਂ' ਨੂੰ ਜੜ੍ਹੋਂ ਹੀ ਉਖੇੜ ਦੇਣ ਦਾ ਪਰੋਗਰਾਮ ਤੈਅ ਕਰ ਲਿਆ ਸੀ।

ਸੰਨ 1699 ਦੀ ਵਿਸਾਖੀ ਵਾਲੇ ਦਿਨ ਮਨੁੱਖਤਾ ਦੇ ਇਤਿਹਾਸ ਵਿਚ ਇਕ ਅਜਿਹਾ ਕੌਤਕ ਵਾਪਰਿਆ ਜਿਸ ਦਾ ਕਦੇ ਕਿਸੇ ਨੂੰ ਚਿਤ-ਚੇਤਾ ਹੀ ਨਹੀਂ ਸੀ। ਅੰਗਰੇਜ਼ੀ ਵਿਚ ਪੰਜਾਬ ਦੇ ਇਤਿਹਾਸ ਦੇ ਪਹਿਲੇ ਲੇਖਕ, ਸਯੱਦ ਮੁਹੰਮਦ ਲਤੀਫ਼, ਅਨੁਸਾਰ ; The Guru now embarked on his great enterprise, that of remodelling the Hindu religion and abolishing the distinctions of caste, by trying to bring all men, without distinction of race or descent, to the adoration of that Supreme Being before whom all men, he argued, were equal. He summoned to his presence all Sikhs...In less than a fortnight, 80,000 Sikhs flocked to Makhowal in obedience to the commands of the Guru and, when all had assembled, the martial Guru.. delivered an eloquent address which made a deep impression on the minds of his hearers. He commenced by praising God whom he described as the Omnipotent, Almighty, Invisible and Merciful. God must be worshipped, said he, in turthfulness and sincerity, and no material resemblance must degrade Him...[3] ਅਰਥਾਤ, "ਸਤਿਗੁਰੂ ਹੁਣ ਹਿੰਦੂ ਧਰਮ ਦੀ ਕਾਇਆਂ-ਕਲਪ ਕਰਨ ਅਤੇ ਸਭ ਮਨੁੱਖਾਂ ਨੂੰ (ਜਾਤ-ਜਨਮ ਦੇ ਭਰਮ-ਭੇਦ ਬਿਨਾਂ) ਉਸ ਪਰਮਾਤਮਾ ਜਿਸ ਲਈ (ਉਨ੍ਹਾਂ ਭਾਣੇ) ਸਭ ਲੋਕ ਸਮਾਨ ਹਨ, ਦੀ ਅਰਾਧਨਾ ਵਲ ਲਿਆਉਣ ਦਾ ਯਤਨ ਕਰਦਿਆਂ, ਜਾਤ-ਪਾਤ ਨੂੰ ਮਿਟਾਉਣ ਵਾਸਤੇ ਆਪਣਾ ਮਹਾਨ ਕਾਰਜ ਨਜਿੱਠਣ ਲਈ ਜੁਟ ਪਏ। ਉਨ੍ਹਾਂ ਨੇ ਸਭ ਸਿੱਖਾਂ ਨੂੰ ਆਪਣੇ ਹਜ਼ੂਰ ਆਉਣ ਦਾ ਸੱਦਾ ਭੇਜਿਆ...... ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦਿਆਂ, ਇਕ ਪੰਦਰਵਾੜੇ ਤੋਂ ਵੀ ਘਟ ਸਮੇਂ ਵਿਚ, ਅੱਸੀ ਹਜ਼ਾਰ ਸਿੱਖ ਮਾਖੋਵਾਲ (ਆਨੰਦਪੁਰ ਸਾਹਿਬ) ਵਿਚ ਇਕੱਤਰ ਹੋ ਗਏ। ਜਦੋਂ ਉਹ ਸਾਰੇ ਦੀਵਾਨ ਵਿਚ ਸਜ ਗਏ ਤਾਂ ਸੂਰਬੀਰ ਗੁਰੂ ਜੀ ਨੇ ਇਕ ਪ੍ਰਭਾਵਸ਼ਾਲੀ ਤਕਰੀਰ ਕੀਤੀ ਜਿਸ ਨੇ ਉਨ੍ਹਾਂ ਦੇ ਮਨਾਂ ਉਤੇ ਡੂੰਘਾ ਅਸਰ ਪਾਇਆ। ਉਨ੍ਹਾਂ ਨੇ ਉਸ ਤਕਰੀਰ ਨੂੰ ਵਾਹਿਗੁਰੂ ਜੀ ਦੀ ਉਸਤਤ ਨਾਲ ਸ਼ੁਰੂ ਕੀਤਾ ਜਿਸ ਨੂੰ ਉਨ੍ਹਾਂ ਸਰਬ-ਵਿਆਪਕ, ਸਰਬਸ਼ਕਤੀਮਾਨ, ਨਿਰਾਕਾਰ ਅਤੇ ਦਿਆਲੂ ਬਿਆਨ ਕੀਤਾ। ਉਨ੍ਹਾਂ ਨੇ ਇਹ ਵੀ ਆਖਿਆ ਕਿ ਅਜਿਹੇ ਰੱਬ ਨੂੰ ਸਚਾਈ ਤੇ ਨੇਕਨੀਤੀ ਨਾਲ ਅਰਾਧਣਾ ਚਾਹੀਦਾ ਹੈ ਅਤੇ ਕਿਸੇ ਵੀ ਪਦਾਰਥਕ ਵਸਤੂ, ਭਾਵ ਮੂਰਤੀ ਆਦਿ, ਨੂੰ ਉਸ ਦਾ ਸਮਰੂਪ ਜਾਣ ਕੇ ਉਸ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ।"[3]

ਇਹ ਦੋਵੇਂ 'ਰਾਜ-ਭਾਗ' ਸਮਕਾਲੀ ਸਨ। ਇਕ ਦੀਨੀ ਤੇ ਦੂਜਾ ਦੁਨਿਆਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦਾ ਜ਼ਿਕਰ ਖ਼ੁਦ ਆਪ ਆਪਣੀ ਸਵੈ-ਜੀਵਨੀ ਵਿਚ ਇਉਂ ਕੀਤਾ ਹੋਇਆ ਹੈ :

'ਬਾਬੇ ਕੇ' 'ਬਾਬਰ ਕੇ' ਦੋਊ,
ਆਪ ਕਰੇ ਪਰਮੇਸਰ ਸੋਊ।
'ਦੀਨ ਸ਼ਾਹ' ਇਨ ਕੋ ਪਹਿਚਾਨੋ,
'ਦੁਨੀਪਤਿ' ਉਨ ਕੋ ਅਨੁਮਾਨੋ।

(ਦਸਮ ਗ੍ਰੰਥ ਸਾਹਿਬ, ਉਹੀ, ਪੰ .89, ਵਿਚ ਸੰਚਿਤ ਬਚਿੱਤਰ ਨਾਟਕ, ਧਿਆਇ 13, ਪਦ 9).

3. Latif, *History of the Panjab*, op.cit., Calcutta-1891, p. 263.

ਤੇਤੀ ਵਰ੍ਹੇ ਦੇ ਭਰ-ਜਵਾਨ ਗੁਰੂ ਨੇ ਫਿਰ ਅਚਨਚੇਤ, ਇਕ ਅਜਬ ਜਲਾਲ ਵਿਚ, ਨੰਗੀ ਤਲਵਾਰ ਸੂਤ ਕੇ, ਧਰਮ-ਨਿਆਂ ਦੀ ਰੱਖਿਆ ਲਈ ਇਕ ਸਿਰ ਦੀ ਭੇਟ ਮੰਗੀ ਅਤੇ ਲਲਕਾਰ ਕੇ ਪੁੱਛਿਆ :

ਸਨਮੁਖ ਪੂਰਾ ਸਿੱਖ ਹੈ ਕੋਈ,
ਸੀਸ ਭੇਟ ਗੁਰੁ ਦੇਵੇ ਸੋਈ ? [4]

ਲਾਹੌਰ-ਨਿਵਾਸੀ ਸ੍ਰੀ ਦਯਾ ਰਾਮ ਦੇ ਸੀਸ-ਭੇਟ ਲਈ ਨਿੱਤਰ ਆਉਣ ਤੋਂ ਬਾਅਦ, ਅਗਲੀਆਂ ਚਾਰ ਲਲਕਾਰਾਂ ਦੇ ਹੁੰਗਾਰੇ ਭਰਦਿਆਂ ਚਾਰ ਹੋਰ ਗੁਰਸਿੱਖ ਆਪਣੇ ਸੀਸ ਨਿਛਾਵਰ ਕਰਨ ਲਈ ਉਸ ਦਿਨ, ਉਸੇ ਵੇਲੇ ਨਿੱਤਰ ਆਏ। ਉਹ ਪੰਜੇ ਮਰਜੀਵੜੇ ਹਿੰਦੁਸਤਾਨ ਦੀਆਂ ਪੰਜ ਵੱਖ-ਵੱਖ ਜਾਤਾਂ (ਚਾਰ ਤਾਂ ਅਖੌਤੀ ਅਛੂਤ ਜਾਂ ਪਛੜੀਆਂ ਜਾਤਾਂ ਤੇ ਸ਼੍ਰੇਣੀਆਂ) ਨਾਲ ਸਬੰਧਿਤ ਸਨ ਅਤੇ ਉਸ ਦੇ ਪੰਜ ਵਖੋ-ਵਖਰੇ ਤੇ ਦੂਰ-ਦੁਰਾਡੇ ਇਲਾਕਿਆਂ ਤੇ ਦਿਸ਼ਾਵਾਂ ਵਲੋਂ ਆਏ ਹੋਏ ਸਨ। ਉੱਤਰ ਵਲੋਂ ਲਾਹੌਰ (ਪੰਜਾਬ) ਦੇ ਖੱਤਰੀ, ਸ੍ਰੀ ਦਯਾ ਰਾਮ ਤੇ ਹਸਤਨਾਪੁਰ (ਉੱਤਰ ਪ੍ਰਦੇਸ਼) ਦੇ ਜਾਟ, ਸ੍ਰੀ ਧਰਮ ਦਾਸ; ਦੱਖਣ ਵਲੋਂ ਬਿਦਰ (ਕਰਨਾਟਕ) ਦੇ ਨਾਈ, ਸ੍ਰੀ ਸਾਹਿਬ ਚੰਦ; ਪੂਰਬ ਵਲੋਂ ਜਗਨਨਾਥਪੁਰੀ (ਉੜੀਸਾ) ਦੇ ਮਾਸ਼ਕੀ, ਸ੍ਰੀ ਹਿੰਮਤ ਰਾਏ; ਅਤੇ ਪੱਛਮ ਵਲੋਂ ਦਵਾਰਕਾ (ਗੁਜਰਾਤ) ਦੇ ਛੀਪੇ, ਸ੍ਰੀ ਮੁਹਕਮ ਚੰਦ। ਕਿਸੇ ਹੋਰ ਧਰਮ ਦੇ ਸੰਚਾਲਕ ਜਾਂ ਇਸ਼ਟ ਨੇ ਇਤਨੇ ਵੱਡੇ ਤੇ ਵਿਸ਼ਾਲ ਦੇਸ ਦੇ ਕੋਨੇ ਕੋਨੇ ਤੋਂ ਇਕ ਮੁਢ-ਕਦੀਮੀ ਤਿਓਹਾਰ ਮਨਾਣ ਲਈ ਆ ਜੁੜੇ ਨਾਮਲੇਵਿਆਂ ਨੂੰ ਆਪੋ-ਆਪਣੀ ਕੁਰਬਾਨੀ ਦੇਣ ਲਈ ਕਦੇ ਨਹੀਂ ਵੰਗਾਰਿਆ ਸੀ ਅਤੇ ਨਾ ਹੀ ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਧਰਮ-ਨਿਆਂ ਦੀ ਖ਼ਾਤਰ ਆਪਣਾ ਸੀਸ ਭੇਟ ਕਰਨ ਦੀ ਇਓਂ ਕਦੇ ਜੁਰੱਅਤ ਹੀ ਕੀਤੀ ਸੀ।

ਉਨ੍ਹਾਂ ਦੇ ਪਾਵਨ ਇਸ਼ਟ ਨੇ ਉਨ੍ਹਾਂ ਪੰਜਾਂ ਨੂੰ ਫਿਰ ਪੰਜ ਕਕਾਰਾਂ ਦਾ ਧਾਰਨੀ ਬਣਾ ਕੇ ਜਿਵੇਂ ਸਜਾਇਆ, ਫ਼ੌਲਾਦੀ ਬਾਟੇ ਵਿਚ ਪਾਏ ਪਾਣੀ ਅਤੇ ਆਪਣੀ ਸੁਪਤਨੀ ਵਲੋਂ ਉਸ ਵਿਚ ਰਲਾਏ ਗਏ ਪਤਾਸਿਆਂ ਨੂੰ ਫ਼ੌਲਾਦੀ ਖੰਡੇ ਨਾਲ ਹਿਲਾਉਂਦਿਆਂ ਅਤੇ ਪੰਜ ਪਾਵਨ ਬਾਣੀਆਂ ਦਾ ਪਾਠ ਉਚਾਰਦਿਆਂ ਜਿਵੇਂ ਉਹ ਕਰਾਮਾਤੀ ਜਲ (ਅੰਮ੍ਰਿਤ) ਤਿਆਰ ਕੀਤਾ ; ਜਿਵੇਂ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ' ਦੀ ਪੰਜ-ਵਾਰਵੀਂ ਗੁੰਜਾਰ ਨਾਲ ਉਸ ਦੇ ਪੰਜ ਪੰਜ ਚੂਲੇ ਜਿਵੇਂ ਉਨ੍ਹਾਂ ਨੂੰ ਛਕਾ ਕੇ, ਉਸ ਦੇ ਪੰਜ ਪੰਜ ਛੱਟੇ ਉਨ੍ਹਾਂ ਦੇ ਨੇਤਰਾਂ ਨੂੰ ਲਾ ਕੇ ਅਤੇ ਉਨ੍ਹਾਂ ਦੇ ਕੇਸਾਂ ਵਿਚ ਛਿਣਕਾ ਕੇ, ਉਨ੍ਹਾਂ ਨੂੰ ਇਕ ਤੇ ਨਿਆਰੇ ਨਵੇਂ ਪੰਥ (ਖ਼ਾਲਸਾ ਪੰਥ) ਵਿਚ ਪਰਵੇਸ਼ ਕਰਵਾਇਆ, ਉਸ ਦੀ ਮਿਸਾਲ ਤਾਂ ਕਿਸੇ ਵੀ ਧਰਮ ਦੀ ਪਰਵੇਸ਼-ਪ੍ਰਕਿਰਿਆ ਜਾਂ ਧਾਰਮਕ ਰੀਤ-ਰਸਮ (initiation process or ceremony) ਦੇ ਇਤਿਹਾਸ ਤੋਂ ਵਿਦਤ ਨਹੀ :

ਤਾਂ ਤੇ ਮਾਤਾ ਆਨ ਕਰ, ਦੀਨ ਪਤਾਸੇ ਡਾਰ ;
ਖ਼ੁਸ਼ੀ ਭਯੋ ਜਗਤੇਸ਼ ਜੂ, ਐਸੋ ਚਰਿਤ੍ਰ ਨਿਹਾਰ।...
ਅੰਮ੍ਰਿਤ ਸਤਿਗੁਰੁ ਕੀਅਸ ਤਿਆਰਾ,
ਪੁੰਨ ਅਰਦਾਸ ਕਰੀ ਬਿਸਤਾਰਾ।
ਠਾਢ ਭਏ ਸਭ ਕਮਰ ਛਕਾਈ,
ਤਿਨ ਪਾਂਚਨ ਕੇ ਅਗ੍ਰ ਸੁ ਆਈ।
ਪੜ੍ਹੇ ਸਲੋਕ, ਮੁਖ ਅਮੀ ਪਿਆਵੈਂ

---

4. ਕੁਇਰ ਸਿੰਘ, ਭਾਈ, ਗੁਰਬਿਲਾਸ ਪਾਤਸ਼ਾਹੀ **10**, ਉਹੀ,ਅਧਿਆਇ 9, ਪਦ 10; ਸੰਪਾਦਿਤ ਪਾਠ, ਉਹੀ, ਪੰ. 127.

'ਵਾਹਿਗੁਰੂ' ਮੁੱਖ ਬੋਲ ਬੋਲਾਵੈ।...
ਇਹ 'ਪਾਂਚੋਂ ਪਿਆਰੇ' ਨਿਜ ਜਾਨ,
ਜਿਹ ਕਹਿ ਪਾਹੁਲ ਦਈ ਨਿਦਾਨ।[5]

ਇਉਂ ਉਨ੍ਹਾਂ ਪੰਜਾਂ ਨੂੰ ਅਸਲੋਂ ਹੀ ਨਵੇਂ ਤੇ ਅਨੂਠੇ, ਭਾਵ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਤੇ ਇਸ ਗੱਲ ਦਾ ਯਕੀਨ ਦੁਆ ਕੇ , ਉਨ੍ਹਾਂ ਦੀ ਕਾਇਆਂ-ਕਲਪ ਕਰ ਦਿੱਤੀ :

ਪੀਵਹੁ ਪਾਹੁਲ ਖੰਡਿਧਾਰ,
ਹੁਇ ਜਨਮ ਸੁਹੇਲਾ।[6]

ਉਪਰੰਤ, ਉਨ੍ਹਾਂ ਨੂੰ ਬੜੇ ਮਾਣ ਤੇ ਹੁਲਾਸ ਸਹਿਤ ਆਪਣੀ ਛਾਤੀ ਨਾਲ ਲਾ ਕੇ, ਆਪਣੇ 'ਭਾਈ' (brothers) ਤੇ 'ਪਿਆਰੇ' (beloved ones) ਕਹਿ ਕੇ ਸੰਬੋਧਿਆ। 'ਸਿੰਘ', ਭਾਵ ਸ਼ੇਰ, ਦਾ ਲਕਬ ਬਖ਼ਸ਼ ਕੇ ਤੇ ਇਸ ਨੂੰ ਉਨ੍ਹਾਂ ਦੇ ਨਾਂਵਾਂ ਨਾਲ ਜੋੜ ਕੇ, ਜਿਥੇ ਕੇਵਲ ਆਪਣੇ ਹੀ ਨਹੀਂ, ਸਗੋਂ ਨਵੇਂ ਸਾਜੇ ਖ਼ਾਲਸਾ ਪੰਥ ਦੇ 'ਪੰਜ ਪਿਆਰੇ' ਹੋਣ ਦਾ ਮਾਣ ਬਖ਼ਸ਼ਿਆ, ਉਥੇ ਉਸ ਦੀ ਨਾਭ ਜਾਂ ਕੇਂਦਰੀ ਬਿੰਦੂ (nucleus) ਹੋਣ ਦਾ ਏਲਾਨ ਵੀ ਕਰ ਦਿੱਤਾ।

ਫਿਰ ਆਪੇ-ਸਾਜੇ-ਸਜਾਏ ਉਨ੍ਹਾਂ 'ਪੰਜਾਂ' ਨੂੰ ਇੰਨੀ ਮਹਾਨਤਾ ਤੇ ਵਿਸ਼ੇਸ਼ਤਾ ਦਾ ਧਾਰਨੀ ਬਣਾ ਦਿੱਤਾ ਕਿ ਆਪਣੇ ਆਪ ਲਈ ਵੀ ਉਹ ਅਨੂਠੀ ਦਾਤ ਪਰਾਪਤ ਕਰਨ ਵਾਸਤੇ ਉਨ੍ਹਾਂ ਨੂੰ ਇਉਂ ਬੇਨਤੀ ਕੀਤੀ :

ਖ਼ਾਲਸਾ ਗੁਰੂ ਹੈ, ਗੁਰੂ ਖ਼ਾਲਸਾ ਕਰੋਂ ਮੈਂ ਅਬਿ,
ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।
ਸ਼ੰਕ ਨ ਕਰੀਜੈ, ਸਾਵਧਾਨ ਹੋਇ ਦੀਜੈ ਅਬਿ,
ਅੰਮ੍ਰਿਤ ਛਕਾਵੋ ਮੁਹਿ, ਜੈਸੇ ਤੁਮ ਲੀਨਿਓ।[7]

ਇਸ ਬੇਮਿਸਾਲ 'ਬੇਨਤੀ' ਦੀ ਪਰਵਾਨਗੀ 'ਤੇ, ਉਸ ਅਦੁੱਤੀ ਗੁਰੂਦੇਵ ਨੇ ਆਪਣੇ ਹੀ ਚੇਲਿਆਂ ਤੋਂ, ਬੀਰ-ਆਸਨ ਹੋ ਕੇ, ਉਵੇਂਹੀ ਉਹ ਅੰਮ੍ਰਿਤ ਪਾਨ ਕੀਤਾ ਜਿਵੇਂ ਕਿ ਉਨ੍ਹਾਂ ਨੇ ਉਨ੍ਹਾਂ ਚੇਲਿਆਂ ਨੂੰ ਆਪ ਛਕਾਇਆ ਸੀ। ਉਨ੍ਹਾਂ ਤੋਂ ਉਹੀਓ ਲਕਬ, ਭਾਵ 'ਸਿੰਘ', ਆਪਣੇ ਲਈ ਵੀ ਪਰਾਪਤ ਕਰ ਕੇ, ਆਪਣਾ ਨਾਂ ਵੀ ਗੋਬਿੰਦ ਦਾਸ' ਦੀ ਥਾਂ 'ਗੋਬਿੰਦ ਸਿੰਘ' ਰਖਵਾ ਲਿਆ। ਇਉਂ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਇਕ ਹੋਰ ਨਵਾਂ ਕ੍ਰਿਸ਼ਮਾ ਕਰ ਵਿਖਾਇਆ। ਆਨੰਦਪੁਰ ਦਾ ਆਲਾ-ਦੁਆਲਾ, ਉਥੇ ਇਕੱਤ੍ਰਿਤ ਹਜ਼ਾਰਾਂ ਬੰਦਿਆਂ ਦੇ ਅਜਿਹੇ ਹੈਰਾਨੀ ਤੇ ਖ਼ੁਸ਼ੀ ਭਰੇ ਬੋਲਾਂ ਨਾਲ, ਗੂੰਜ ਉਠਿਆ :

ਇਉਂ ਤੀਸਰ ਪੰਥ ਰਚਾਇਅਨ ਵਡ ਸੂਰ ਗਹੇਲਾ ;
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।[6]

ਇਉਂ ਗੁਰੂ ਗੋਬਿੰਦ ਦਾਸ ਨੇ ਗੁਰੂ ਨਾਨਕ ਦੇਵ ਜੀ ਦੀ ਉਮੱਤ ਨੂੰ, ਆਪਣੇ ਸਮੇਤ, "ਸਿੰਘ" (ਭਾਵ ਸ਼ੇਰ) ਦਾ ਖ਼ਿਤਾਬ ਦੇ ਕੇ, "ਖ਼ਾਲਸਾ" ਸਜਾ ਦਿੱਤਾ ਅਤੇ ਗੱਜ-ਵੱਜ ਕੇ ਆਖਿਆ :

ਗੁਰ ਸੰਗਤਿ ਕੀਨੀ ਖ਼ਾਲਸਾ,

---

5. ਸੁੱਖਾ ਸਿੰਘ, ਭਾਈ, ਗੁਰ ਬਿਲਾਸ ਪਾਤਸ਼ਾਹੀ **10**, ਉਹੀ, ਬਾਰ੍ਹਵਾਂ ਅਧਿਆਇ, ਦੋਹਰਾ, ਪਦ 41,42 ਅਤੇ 46; ਸੰਪਾਦਿਤ ਪਾਠ, ਉਹੀ, ਪੰ. 173-74.
6. ਗੁਰਦਾਸ ਸਿੰਘ, ਭਾ., ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ, ਪਉੜੀ 1.
7. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਿਤੂ 3, ਅੰਸੂ 20, ਪਦ 6; ਗ੍ਰੰਥਾਵਲੀ, ਉਹੀ, ਪੰ. 5059.

ਮਨਮੁਖੀ ਦੁਹੇਲਾ।[6]

ਸਮਕਾਲੀ ਕਵਿ ਸੈਨਾਪਤਿ ਅਨੁਸਾਰ ਵੀ:

ਗੋਬਿੰਦ ਸਿੰਘ ਕਰੀ ਖ਼ੁਸ਼ੀ, ਸੰਗਤਿ ਕਰੀ ਨਿਹਾਲ;
ਕੀਓ ਪ੍ਰਗਟ ਤਬ ਖ਼ਾਲਸਾ, ਚੁਕਿਓ ਸਗਲ ਜੰਜਾਲ।[8]

ਪੰਜਾਬ ਦੇ ਦੋ ਹੋਰ ਇਤਿਹਾਸਕਾਰਾਂ, ਸੱਯਦ ਅਹਿਮਦ ਸ਼ਾਹ ਬਟਾਲੀਆ ਅਤੇ ਗ਼ੁਲਾਮ ਮੁਹੱਈ-ਉਦ-ਦੀਨ, ਦੇ ਕਥਨ ਅਨੁਸਾਰ[9], ਸਰਕਾਰੀ ਪੱਤਰ-ਪਰੇਰਕ ਦੀ ਹੇਠ-ਲਿਖੀ ਅੱਖੀਂ- ਡਿੱਠੀ ਗਵਾਹੀ ਮੁਤਾਬਕ, ਉਸ ਦਿਨ ਉਥੇ ਵੀਹ ਹਜ਼ਾਰ ਹੋਰ ਲੋਕ ਵੀ ਇਹ ਪਾਹੁਲ ਛਕ ਕੇ, ਤਿਆਰ-ਬਰ-ਤਿਆਰ ਹੋ ਗਏ ਸਨ[10]:

بست ہزار کس رضا داوند
و مطابقت بر زباں آور دند

(ਬਿਸਤ ਹੰਜ਼ਾਰ ਕਸ ਰਜ਼ਾ ਦਾ ਦੰਦ
ਵਾ ਮੁਤਾਬਕਤ ਬਰ ਜ਼ਬਾਂ ਆ-ਵਰਦੰਦ)

ਉਸ ਵਿਸ਼ਾਲ ਤੇ ਯਾਦਗਾਰੀ ਦੀਵਾਨ ਨੂੰ ਸੰਬੋਧਨ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਭਾਸ਼ਣ ਵਿਚ ਜੋ ਕੁਝ ਫ਼ਰਮਾਇਆ ਸੀ, ਉਸ ਦਾ ਸੰਖੇਪ ਭਾਵ ਵੀ ਉਨ੍ਹਾਂ ਨੇ ਇਉਂ ਕਾਨੀਬੰਦ ਕੀਤਾ ਹੋਇਆ ਹੈ:

ਹਮਹ ਹਾ ਦਰ ਯਕ ਮਜ਼ਹਬ ਦਰਆਇੰਦ
ਕਿ ਦੂਈ ਅਜ਼ ਦਰਮਿਆਂ ਬਰਖ਼ੇਜ਼ਦ।
ਹਰ ਚਾਰ ਬਰਨੇ ਕੌਮ ਹਿਨੂਦ,
ਅਜ਼ ਬ੍ਰਹਮਨ ਵ ਛਤ੍ਰੀ ਵ ਸ਼ੂਦ੍ਰ ਵ ਵੈਸ਼,
ਕਿ ਹਰ ਯਕੇ ਰਾ ਦਰ ਧਰਮ- ਸ਼ਾਸਤ੍ਰ ਦੀਨ ਅਲਹਿਦਾ ਮੁਕੱਰਰਸਤ,
ਆਂ ਰਾ ਤਰਕ ਦਾਦਹ, ਬਰ ਯਕ ਤਰੀਕ ਸਲੂਕ ਨੁਮਾਇੰਦ।
ਵ ਹਮਹ ਬਰਾਬਰੰਦ, ਵ ਯਕੇ ਖ਼ੁਦ ਰਾ ਬਰ ਦੀਗਰੇ ਤਰਜੀਹ ਨ ਦਿਹੰਦ।
ਵ ਆਂ ਅਮਲੇ ਕੇਸ਼ ਅਜ਼ ਮਿਆਂ ਬਰਦਾਸ਼ਤਹ, ਤਰੱਕੀ ਬਜਾਬੰਦ।
ਵ ਤੀਰਥਹਾਏ, ਮਾਨਿੰਦੇ ਗੰਗ ਵਗ਼ੈਰਾ,

---

8. ਸੈਨਾਪਤਿ, ਸ੍ਰੀ ਗੁਰੂ ਸੋਭਾ, ਉਹੀ, ਧਿਆ 5, ਪਦ ਨੰ. 120.

9. ਬਟਾਲੀਆ, ਸੱਯਦ ਅਹਿਮਦ ਸ਼ਾਹ, ਤਵਾਰੀਖ਼ੇ ਹਿੰਦ, ਬਟਾਲਾ -1818, ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਹੱਥ-ਲਿਖਤ ਫ਼ਾਰਸੀ, ਨੰ. 1291/SHR, ਪੰ.376-77; ਗ਼ੁਲਾਮ ਮੁੱਹਈ-ਉਦ-ਦੀਨ-ਖ਼ਾਨ (ਬੂਟੇ ਸ਼ਾਹ), ਤਵਾਰੀਖ਼ੇ ਪੰਜਾਬ, ਲੁਧਿਆਨਾ,1840, ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਫ਼ਾਰਸੀ ਹੱਥ ਲਿਖਤ ਨੰ. 1288; Lakshman Singh Bhagat, *A Short Sketch of the Life and Work of Guru Gobind Singh,* Lahore-1909, pp. 53-54; Teja Singh & Ganda Singh, *A Short History of the Sikhs,* op.cit.,1950, pp. 68-69.

10. ਇਸ ਸਬੰਧੀ ਸਵਿਸਥਾਰ ਸਮਾਚਾਰ ਲਈ ਵੇਖੋ: Macauliffe, M.A., *The Sikh Religion; Its Gurus, Sacred Writings and Authors,* Oxford-1909, Vol. V, pp. 93-97.

ਆਂ ਕਿ ਦਰ ਵੇਦ ਵ ਸਾਸਤ੍ਰ ਤਾਲੀਮੇ ਆਂਹਾ
ਤਾਕੀਦੇ ਮਜ਼ੀਦ ਰਫ਼ਤਹ ਅਸਤ, ਅਜ਼ ਖ਼ਾਤਿਰ ਬਦਰ ਕੁਨੰਦ।
ਵ ਸਿਵਾਏ ਅਜ਼ ਗੁਰੂ ਨਾਨਕ ਵ ਖ਼ਲੀਫ਼ਾਇ ਓ
ਬਰ ਦਿਗਰ ਰਾਮ, ਕ੍ਰਿਸ਼ਨ, ਵ ਬ੍ਰਹਮਾ ਵ ਦੇਵੀ ਵਗ਼ੈਰਾ
ਇਅਤਕਾਦ ਨਾ ਨੁਮਾਇੰਦ।
ਵ ਪਾਹੁਲੇ ਮਨ ਗ੍ਰਿਫ਼ਤਹ
ਮਰਦਮਾਨੇ ਹਰ ਚਹਾਰ ਬਰਨ ਦਰ ਯਕ ਜ਼ਰਫ਼ ਬਿਖ਼ੁਰੰਦ।
ਵ ਅਜ਼ ਯਕ ਦਿਗਰ ਇਸਲਾਹ ਬੁਰੰਦ।... [11]

ਅਰਥਾਤ, "ਤੁਸੀਂ ਸਾਰੇ ਇੱਕੋ ਧਰਮ ਦੇ ਧਾਰਨੀ ਬਣ ਜਾਓ ਤਾਂ ਜੋ ਦੂਈ-ਦਵੈਤ ਵਿਚੋਂ ਨਿਕਲ ਹੀ ਜਾਏ। ਹਿੰਦੂ ਕੌਮ ਦੀਆਂ ਚਾਰੇ ਜਾਤਾਂ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਜਿਨ੍ਹਾਂ ਲਈ ਉਸ ਦੇ ਧਰਮ-ਸ਼ਾਸਤਰ ਵਿਚ ਵਖੋ-ਵਖਰੇ ਨੇਮ ਨਿਯਤ ਹਨ, ਉਨ੍ਹਾਂ ਨੂੰ) ਛੱਡ-ਛੁਡਾ ਕੇ ਅਤੇ ਇੱਕੋ ਪੰਥ ਦੇ ਪਾਂਧੀ ਬਣ ਕੇ, ਇੱਕੋ ਰੱਬ ਦੀ ਪ੍ਰੇਮਾ-ਭਗਤੀ ਅਖ਼ਤਿਆਰ ਕਰ ਲਵੋ। ਸਭ ਮਨੁੱਖਾਂ ਨੂੰ ਇਕ-ਸਮਾਨ ਸਮਝੋ ਅਤੇ ਕੋਈ ਵੀ ਆਪਣੇ ਆਪ ਨੂੰ ਹੋਰਨਾਂ ਨਾਲੋਂ ਉੱਚਾ ਜਾਂ ਵੱਡਾ ਨ ਗਿਣੇ। ਪੁਰਾਣੀਆਂ ਰਸਮਾਂ ਤੇ ਰਿਵਾਜ ਛੱਡ ਕੇ, ਅੱਗੇ ਵਧੋ ਤੇ ਤਰੱਕੀ ਕਰੋ। ਗੰਗਾ ਆਦਿਕ ਤੀਰਥਾਂ ਦੀ ਮਾਨਤਾ ਛੱਡ ਦਿਓ ਜਿਨ੍ਹਾਂ ਦੀ ਉਸਤਤੀ ਵੇਦਾਂ-ਸ਼ਾਸਤਰਾਂ ਵਿਚ ਦਰਜ ਹੈ ਅਤੇ ਜਿਨ੍ਹਾਂ ਦੀ ਯਾਤਰਾ ਲਈ ਤਾਕੀਦ ਵੀ ਕੀਤੀ ਹੋਈ ਹੈ। ਗੁਰੂ ਨਾਨਕ ਅਤੇ ਉਨ੍ਹਾਂ ਦੀਆਂ ਗੁਰੂ-ਜੋਤਾਂ ਤੋਂ ਸਿਵਾ ਰਾਮ, ਕ੍ਰਿਸ਼ਨ, ਬ੍ਰਹਮਾ ਤੇ ਦੁਰਗਾ ਆਦਿ ਕਿਸੇ ਵੀ ਦੇਵੀ-ਦੇਵਤੇ ਉਤੇ ਵਿਸ਼ਵਾਸ ਨ ਲਿਆਓ। ਚਹੁੰਆਂ ਜਾਤਾਂ ਦੇ ਲੋਕ ਮੇਰੀ ਖੰਡੇ ਦੀ ਪਾਹੁਲ (ਅੰਮ੍ਰਿਤ) ਛਕ ਕੇ, ਇਕੋ ਭਾਂਡੇ ਵਿਚੋਂ ਖਾਣਾ ਖਾਣ ਅਤੇ ਇਕ ਦੂਜੇ ਨੂੰ ਸੁਧਾਰਨ ਦਾ ਜਤਨ ਕਰਨ।"... [11]

ਭਰ-ਜਵਾਨ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾ ਕੇ, ਉਨ੍ਹਾਂ ਵਿਚ ਇਕ ਅਨੂਠੀ ਤੇ ਅਗੰਮੀ ਰੂਹ ਫੂਕ ਦਿੱਤੀ। ਉਨ੍ਹਾਂ ਦੇ ਤਨ ਤੇ ਮਨ ਨੂੰ 'ਚੜ੍ਹਦੀ ਕਲਾ' ਦੀ ਜਾਗ ਲਾ ਕੇ ਅਤੇ ਭਗਤੀ ਤੇ ਸ਼ਕਤੀ ਦੀ ਪੁੱਠ ਚੜ੍ਹਾ ਕੇ,ਉਨ੍ਹਾਂ ਨੂੰ ਸੱਚੇ-ਸੁੱਚੇ ਸੰਤ-ਸਿਪਾਹੀ ਬਣਾ ਕੇ, ਅਤੇ ਦੇਗ ਤੇ ਤੇਗ ਦੀ ਫ਼ਤਿਹ ਦਾ ਨਿਸ਼ਾਨ ਬਖ਼ਸ਼ ਕੇ,ਸਮਕਾਲੀ ਕਵੀ, ਭਾਈ ਗੁਰਦਾਸ ਸਿੰਘ ਜੀ, ਦੇ ਲਫ਼ਜ਼ਾਂ ਵਿਚ, ਇਕ ਨਵੇਂ, ਅਨੂਠੇ ਤੇ ਤੇਜੱਸਵੀ 'ਪੰਥ' ਦੀ ਪੱਕੀ-ਪੀਡੀ ਨੀਂਹ ਵੀ ਰਖ ਦਿੱਤੀ :

---

11. ਉਕਤ ਪੈਰੀ-ਨੋਟ ਨੰ. 9 ਤੇ 10. ਹੋਰ ਵੇਖੋ : ਵੀਰ ਸਿੰਘ ਭਾਈ, ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਉਹੀ, ਭਾਗ 4, ਅੰਮ੍ਰਿਤਸਰ-1930, ਪੰ. 2499; Kapur Singh, *Parasaraprasna*, 2nd. ed., Amritsar -1989, p. 2.

ਸ. ਸ਼ੇਰ ਸਿੰਘ ਬੈਂਸ, ਆਈ.ਏ.ਐਸ.,ਕੱਲਕੱਤਾ ਤੋਂ 7 ਮਾਰਚ 1998 ਨੂੰ ਦਸਤੀ ਪਰਾਪਤ ਕੀਤੀ ਹੇਠ - ਲਿਖੀ ਟੂਕ ਅਨੁਸਾਰ : According to the news-letter of 16th April 1699 brought to the Emperor (Aurangzeb) from the Faujdar of Sirhind, Wazir Khan, this report referred to the historic gathering called at Anandpur, in Kahlur State, on 30th March, 1699.

----Extract from 'Sirhind – Through the Ages', under publication in the *Fatehgarh Sahib District Gazeteer.*

ਨਿਜ ਪੰਥ ਚਲਾਇਓ ਖ਼ਾਲਸਾ
ਧਰਿ ਤੇਜ ਕਰਾਰਾ।[12]

ਸਮਕਾਲੀ ਵਿਦਵਾਨ, ਕਵਿ ਸੈਨਾਪਤਿ, ਅਨੁਸਾਰ, ਇਸ ਨਿਆਰੇ ਪੰਥ ਵਿਚ ਅਜਿਹੇ ਧਰਮ-ਮੂਰਤਿ ਸੂਰਬੀਰ ਸਿੰਘ ਸ਼ਾਮਲ ਹੋਏ ਜੋ ਸਦਾ 'ਚੜ੍ਹਦੀ ਕਲਾ' ਵਿਚ ਵਿਚਰਨ ਵਾਲੇ ਸਨ:

ਭਏ ਸਿੰਘ ਸੂਰੇ, ਕੀਏ ਕਾਜ ਪੂਰੇ।
ਅਚਲ ਨੀਵ ਡਾਰੀ, ਟਰੇਗੀ ਨਾ ਟਾਰੀ।
ਯਹੇ ਬਾਤ ਜਾਨੋ,ਰਿਦੈ ਸਾਚ ਆਨੋ।
ਕੀਓ ਪੰਥ ਐਸਾ, ਕਹਿਯੋ ਆਪ ਤੈਸਾ।
ਛਪੈ ਨ ਛਪਾਇਆ, ਘਟੈ ਨ ਘਟਾਇਆ।
ਦਿਨੋ ਦਿਨ ਸਵਾਇਆ, ਸੁ ਡੰਕਾ ਬਜਾਇਆ।[13]

ਫਿਰ ਇਸ 'ਪੰਥ' ਦੇ 'ਪਾਂਧੀਆਂ' ਵਿਚ ਧਾਰਮਕ ਪਵਿੱਤਰਤਾ, ਸਦਾਚਾਰਕ ਸੁਹਿਰਦਤਾ, ਸਰੀਰਕ ਵਿਲੱਖਣਤਾ, ਸਮਾਜਕ ਸੁਤੰਤਰਤਾ ਤੇ ਰਾਜਨੀਤਕ ਸਥਿਰਤਾ ਲਿਆਣ ਲਈ ਇਕ ਅਛੂਤੀ ਤੇ ਆਦਰਸ਼ਕ ਜਹੀ ਜ਼ਾਤੀ ਤੇ ਜਮਾਤੀ ਰਹਿਤ-ਮਰਯਾਦਾ (code of conduct) ਵੀ ਨਿਯਤ ਕਰ ਦਿੱਤੀ।

ਉਨ੍ਹਾਂ ਨੂੰ ਸਭ ਤੋਂ ਨਿਆਰੇ ਦਿਸਣ ਤੇ ਇੱਕੋ ਲੜੀ ਵਿਚ ਪਰੁਰੇ ਰਹਿਣ ਲਈ, ਇਕ ਵਿਕੋਲਿਤਰੀ ਜਹੀ ਵਰਦੀ ਵੀ ਪੁਆ ਦਿੱਤੀ; ਜਿਸ ਬਾਰੇ ਸਪੱਸ਼ਟ ਤੌਰ ਤੇ ਆਖਿਆ ਕਿ "ਅਗੋਂ ਤੋਂ 'ਸਿੱਖ' ਦੀ ਨਿਸ਼ਾਨੀ ਇਹ ਪੰਜ 'ਕੱਕਾਰ' ਹੋਣਗੇ, ਜਿਨ੍ਹਾਂ ਦੀ ਛੋਟ ਕਦੇ ਵੀ ਨਹੀਂ ਦਿੱਤੀ ਜਾ ਸਕੇਗੀ: ਕੜਾ, ਕਿਰਪਾਨ, ਕੱਛ, ਕੰਘਾ ਤੇ ਕੇਸ। ਪਰ ਚੇਤੇ ਰਖਣਾ, ਕੇਸਾਂ ਬਿਨਾਂ ਬਾਕੀ ਸਾਰੇ ਨਿਸ਼ਾਨ ਤੁੱਛ ਸਮਝੇ ਜਾਣਗੇ।"[14]

نشان سکھی این پنج حرف کاف
ہرگز نہ باشند این پنج معاف
کڑا کاردو کچھ و کنگھا بداں
بلا کیس ہیچ اند جملہ نشاں

(ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ ਕਾਫ਼,
ਹਰਗਿਜ਼ ਨ ਬਾਸ਼ੰਦ ਈਂ ਪੰਜ ਮੁਆਫ਼।
ਕੜਾ, ਕਾਰਦੋ, ਕੱਛ, ਕੰਘਾ, ਬਿਦਾਂ,
ਖ਼ਿਲਾ ਕੇਸ ਹੇਚ ਅੰਦ ਜੁਮਲਾ ਨਿਸ਼ਾਂ)।

ਇਹ ਇਸ ਲਈ ਕਿ ਉਸ ਨਵੇਂ ਸਾਜੇ ਪੰਥ ਦੀ ਪਹਿਲੀ ਤੇ ਮੁੱਖ ਨਿਸ਼ਾਨੀ ਹੀ, 'ਬੰਸਾਵਲੀ ਨਾਮੇ' ਅਨੁਸਾਰ ਵੀ, ਇਹੋ, ਭਾਵ 'ਕੇਸ', ਹੀ ਰਖੀ ਗਈ ਸੀ:

---

12. ਗੁਰਦਾਸ ਸਿੰਘ, ਵਾਰ ਪਾਤਿਸ਼ਾਹੀ ਦਸਵੀਂ ਕੀ, ਉਹੀ, ਪਉੜੀ ਨੰ.15.

13. ਸੈਨਾਪਤਿ, ਸ੍ਰੀ ਗੁਰ ਸੋਭਾ, ਉਹੀ, ਧਿਆਇ 1, ਪਦ ਨੰ. 33-35.

14. ਗਿ.ਪਰਤਾਪ ਸਿੰਘ ਅਨੁਸਾਰ ਨਾਭੇ ਪਈ ਹੋਈ ਦਸਮ ਗ੍ਰੰਥ ਸਾਹਿਬ ਦੀ ਇਕ ਬੀੜ ਦੀ ਅੰਤਿਕਾ ਵਿਚ ਅੰਕਿਤ, ਗੁਰਮਤਿ ਲੈਕਚਰ, ਅੰਮ੍ਰਿਤਸਰ-1943, ਪੰ. 341; ਹੋਰ ਵੇਖੋ: ਡਾ. ਗੰਡਾ ਸਿੰਘ ਵਲੋਂ ਸੰਕਲਿਤ

(1)....ਅਤੇ ਪੰਥ ਕੀਤਾ ਜੁਦਾ,
ਨੀਸ਼ਾਨੀ ਕੇਸ ਲਾਏ।
(2). ਪਹਿਲੇ ਮੁਣੀਆਦਿ ਪੰਥ ਦੀ ਇਹ ਰਖੀ,
ਜੋ ਭੱਦਨ ਨਹੀਂ ਸੋ ਕਰਨਾ, ਇਹ ਠਹਰੀ ਪਕੀ।
(3). ਨਾਈ ਦਾ ਹੱਥ ਸੀਸ ਚਿਹਰੇ ਨ ਲਗਾਣਾ ਪਾਵੈ,
ਕੇਸਾਧਾਰੀ ਗੁਰੂ ਕਾ ਪੰਥ ਕਹਾਵੈ।[15]

ਸੌ ਵਿਸਵੇ, ਜਿਥੇ 'ਕੜੇ' ਨੂੰ ਫ਼ੌਲਾਦੀ ਸ਼ਕਤੀ ਤੇ ਪਰਤੱਗਿਆ, ਅਤੇ 'ਕਿਰਪਾਨ' ਨੂੰ ਉਪਕਾਰ ਤੇ ਸਵੈ-ਰੱਖਿਆ ਦਾ ਚਿੰਨ੍ਹ ਨਿਯਤ ਕੀਤਾ ; ਉਥੇ 'ਕੱਛੈ' ਨੂੰ ਆਚਰਨਕ ਤੇ 'ਕੰਘੇ' ਨੂੰ ਸਰੀਰਕ ਸੁੱਚਮ ਦੇ ਸੰਕੇਤ ਹੋਣ ਦਾ ਮਾਣ ਦਿੱਤਾ। 'ਕੇਸਾਂ' ਬਾਰੇ ਦਿੱਤੀ ਇਸ ਖ਼ਾਸ ਹਦਾਇਤ ਤੋਂ ਸਪੱਸ਼ਟ ਹੈ ਕਿ ਸਤਿਗੁਰੂ ਨੇ ਇਸ ਜਮਾਂਦਰੂ ਤੇ ਸਦੀਵੀ ਚਿੰਨ੍ਹ ਨੂੰ ਰੱਬੀ ਰਜ਼ਾ ਲਈ ਰਜ਼ਾਮੰਦੀ, ਕੌਮੀ ਸਪਿਰਿਟ ਦੀ ਕਸਵੱਟੀ, ਸਿੱਖ-ਸਰੂਪ ਦੀ ਪਛਾਣ ਅਤੇ ਪੰਥਕ ਜਥੇਬੰਦੀ ਦੀ ਗਾਰੰਟੀ ਮਿਥਿਆ ਸੀ। ਇਉਂ ਇਹ ਪੰਜ ਕੱਕਾਰ ਜਿਥੇ ਖ਼ਾਲਸੇ ਦੀ ਅਜਿਹੀ ਅੰਤਰੀਵ ਮਾਨਸਕ ਦਸ਼ਾ ਦੇ ਬਾਹਰਲੇ ਚਿੰਨ੍ਹ ਬਣੇ ਸਨ, ਉਥੇ ਉਸ ਦੀ ਸ਼ਾਨ, ਸ਼ਕਤੀ ਤੇ ਸ਼ਨਾਖ਼ਤ ਦੇ ਸਦੀਵੀ ਪ੍ਰਤੀਕ ਵੀ ਬਣ ਉਭਰੇ ਸਨ।

ਫਿਰ ਅਜਿਹੀ ਵਿਲੱਖਣ ਵਰਦੀ ਪਹਿਨਣ ਵਾਲੇ ਸੰਤ-ਸਿਪਾਹੀਆਂ ਲਈ ਜੋ ਆਦਰਸ਼ ਨਿਯਤ ਕੀਤਾ ਸੀ, ਉਹ ਵੀ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਇਹ ਬਾਹਰਲੇ ਚਿੰਨ੍ਹ ਧਾਰਨ ਕਰਨ ਵਾਲਿਆਂ ਨੂੰ ਅੰਦਰਲੇ ਦੈਵੀ ਗੁਣ ਵਿਕਸਾਉਣ ਲਈ ਵੀ ਬੜੀ ਭਰਵੀਂ ਤਾਕੀਦ ਕਰ ਦਿੱਤੀ ਸੀ। ਉਨ੍ਹਾਂ ਭਾਣੇ ਅਸਲ 'ਖ਼ਾਲਸਾ' ਅਖਵਾਉਣ ਦਾ ਹੱਕਦਾਰ ਹੀ ਉਹ ਸੀ, ਹੈ ਅਤੇ ਹੋਵੇਗਾ ਜੋ —

ਜਾਗਤਿ ਜੋਤਿ ਜਪੈ ਨਿਸਿ ਬਾਸੁਰ,[16]
ਏਕੁ ਬਿਨਾਂ ਮਨਿ ਨੈਕ [17] ਨ ਆਨੈ।
ਪੂਰਨ ਪ੍ਰੇਮ ਪ੍ਰਤੀਤਿ ਸਜੈ,
ਬ੍ਰਤ,[18] ਗੋਰ,[19] ਮੜ੍ਹੀ, ਮਠ [20] ਭੂਲ ਨ ਮਾਨੈ।
ਤੀਰਥ, ਦਾਨ, ਦਯਾ, ਤਪੁ, ਸੰਜਮ,
ਏਕੁ ਬਿਨਾਂ ਨਹਿ ਏਕੁ ਪਛਾਨੈ।
ਪੂਰਨ ਜੋਤਿ ਜਗੈ ਘਟ ਮੈ [21],
ਤਬ ਖ਼ਾਲਿਸ ਤਾਹਿ ਨਖਾਲਿਸ [22] ਜਾਨੈ॥[23]

ਤੇ ਸੰਪਾਦਿਤ ਮਾਖ਼ਿਜ਼ੇ ਤਵਾਰੀਖ਼ੇ ਸਿੱਖਾਂ,ਜਿਲਦ ਅੱਵਲ, ਅੰਮ੍ਰਿਤਸਰ-1949, ਪੰ. 89.

15. ਛਿੱਬਰ, ਭਾਈ ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, 'ਖਿਰਤਾਂਤ ਗੁਰੂ ਗੋਬਿੰਦ ਸਿੰਘ ਜੀ ਕਾ', ਜੰਮੂ -1769, ਚਰਨ 10, ਪਦ ਨੰ . 290, 292, 325 ; ਸੰਪਾਦਿਤ ਵਲੋਂ ਡਾ.ਰਤਨ ਸਿੰਘ ਜੱਗੀ, ਚੰਡੀਗੜ੍ਹ-1972, ਪੰਨੇ 126 ਤੇ 129 .

16. ਰਾਤ ਦਿਨ। 17. ਥੋੜ੍ਹਾ ਜਿਹਾ। 18. ਪ੍ਰਣ ਕਰੇ ਇਸ ਵਰਤ ਦਾ।

19. ਕਬਰ। 20. ਮੱਠ। 21. ਹਿਰਦੇ ਵਿਚ।

22. ਬਿਲਕੁਲ ਖ਼ਾਲਸ, ਅਸਲੋਂ ਸ਼ੁੱਧ।

23. ਦਸਮ ਗ੍ਰੰਥ ਸਾਹਿਬ, ਉਹੀ, ਸੰਪਾਦਿਤ ਪਾਠ ਪੰ.1235, 33 ਸਵੈਯੇ, ਸਵੈਯਾ ਨੰ 57.

ਇਸੇ ਤਰ੍ਹਾਂ, ਉਸ ਨੂੰ ਇਕ ਆਦਰਸ਼ਕ ਜੀਵਨ-ਜਾਚ ਵੀ ਦਸਦਿਆਂ ਆਖਿਆ : ''ਉਹ ਆਪਣੇ ਘਰ ਨੂੰ ਹੀ ਜੰਗਲ ਸਮਝ ਕੇ, ਦਿਲੋਂ ਸਾਧੂ ਬਣੇ। ਰੱਬ ਦੀ ਯਾਦ ਵਿਚ ਰਹਿੰਦਿਆਂ, ਸ਼ੁਭ ਗੁਣ ਗ੍ਰਹਿਣ ਕਰਦਿਆਂ, ਆਪਣੇ ਕਾਰ-ਵਿਹਾਰ ਵਿਚ ਵਿਚਰਦਿਆਂ, ਅਤੇ ਜ਼ਿੰਦਗੀ ਦੇ ਹੋਰ ਫ਼ਰਜ਼ ਤੇ ਜ਼ਿੰਮੇਵਾਰੀਆਂ ਨਿਭਾਉਂਦਿਆਂ, ਉਹ ਨਾਮ-ਸਿਮਰਨ, ਨੇਕੀ, ਪਿਆਰ, ਸੁੱਚਮ, ਸੰਜਮ, ਸੰਤੋਖ, ਉੱਦਮ ਤੇ ਪਰਉਪਕਾਰ ਵਰਗੇ ਸ਼ੁਭ ਗੁਣਾਂ ਦਾ ਧਾਰਨੀ ਹੋ ਕੇ ਜੀਵਨ ਬਤੀਤ ਕਰੇ'' :

ਰੇ ਮਨ ! ਐਸੋ ਕਰਿ ਸੰਨਿਆਸਾ :
ਬਨ ਸੇ [24] ਸਦਨ [25] ਸਬੈ ਕਰਿ ਸਮਝਹੁ,
ਮਨ ਹੀ ਮਾਹਿ ਉਦਾਸਾ।
ਜਤ ਕੀ ਜਟਾ, ਜੋਗ ਕੋ ਮਜਨੁ,[26] ਨੇਮ ਕੇ ਨਖੁਨ [27] ਬਢਾਓ,
ਗਿਆਨੁ ਗੁਰੂ, ਆਤਮ ਉਪਦੇਸਹੁ, ਨਾਮ ਬਿਭੂਤਿ [28] ਲਗਾਓ।
ਅਲਪ ਅਹਾਰ,[29] ਸੁਲਪ ਸੀ ਨਿੰਦ੍ਰਾ,[30] ਦਯਾ, ਛਿਮਾ,[31] ਤਨ ਪ੍ਰੀਤਿ ;
ਸੀਲ, ਸੰਤੋਖ ਸਦਾ ਨਿਰਬਾਹਿਬੋ,[32] ਹ੍ਵੈਬੋ [33] ਤ੍ਰਿਗੁਣ [34] ਅਤੀਤ [35]।
ਕਾਮ, ਕ੍ਰੋਧ, ਹੰਕਾਰ, ਲੋਭ, ਹਠ, ਮੋਹ ਨ ਮਨ ਸੋ ਲਯਾਵੈ ;
ਤਬ ਹੀ ਆਤਮ–ਤਤ ਕੋ ਦਰਸੈ, ਪਰਮ ਪੁਰਖ ਕਹ [36] ਪਾਵੈ।[37]

ਅਜਿਹੀ ਵਰਦੀ, ਆਦਰਸ਼ ਤੇ ਜੀਵਨ-ਜਾਚ ਦੇ ਪੰਧਾਊਆਂ ਲਈ, ਪਰਉਪਕਾਰ ਤੇ ਸ੍ਵੈ-ਰੱਖਿਆ ਨੂੰ ਮੁਖ ਰਖਦਿਆਂ, ਸ਼ਸਤ੍ਰਬੱਧ ਤੇ ਤਿਆਰ-ਬਰ-ਤਿਆਰ ਰਹਿਣਾ ਵੀ ਜ਼ਰੂਰੀ ਦਸਿਆ। ਸ਼ਸਤਰਾਂ ਦੀ ਲੋੜ ਤੇ ਮਹੱਤਾ ਦਾ ਜ਼ਿਕਰ ਕਰਦਿਆਂ ਤਾਂ ਦਸਮੇਸ਼ ਨੇ ਫਿਰ ਇਥੋਂ ਤਕ ਆਖ ਦਿੱਤਾ :[38]

(1). ਅਸਿ, ਕ੍ਰਿਪਾਨ, ਖੰਡੋ, ਖੜਗ ; ਤੁਪਕ, ਤਬਰ, ਅਰੁ, ਤੀਰ।
ਸੈਫ਼, ਸਰੋਹੀ, ਸੈਹਥੀ ; ਇਹੈ ਹਮਾਰੈ ਪੀਰ।[39]
(2). ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ, ਤਰਵਾਰਿ;
ਨਾਮ ਤਿਹਾਰੋ ਜੋ ਜਪੈ, ਭਏ ਸਿੰਧੁ ਭਵ ਪਾਰ।[40]

---

24. ਬਨ ਵਰਗਾ। 25. ਘਰ। 26. ਇਸ਼ਨਾਨ।
27. ਨਹੁੰ। 28. ਭਸਮ, ਸੁਆਹ। 29. ਥੋੜ੍ਹੀ ਖ਼ੁਰਾਕ।
30. ਥੋੜ੍ਹੀ ਨੀਂਦ। 31. ਖਿਮਾ। 32. ਨਿਭਾਓ।
33. ਹੋਵੇ। 34. ਤਿੰਨਾਂ ਗੁਣਾਂ (ਭਾਵ ਰਜੋ, ਸਤੋ, ਤਮੋ) ਤੋਂ।
35. ਨਿਆਰੇ, ਅਲੇਪ। 36. ਨੂੰ।
37. ਦਸਮ ਗ੍ਰੰਥ ਸਾਹਿਬ, ਉਹੀ, ਪੰ. 1215, ਸ਼ਬਦ ਪਾਤਿਸ਼ਾਹੀ 10, ਰਾਗੁ ਰਾਮਕਲੀ, ਸ਼ਬਦ ਨੰ. 1.
38. ਉਕਤ, ਉਹੀ, ਪੰ. 1021, ਸ਼ਸਤ੍ਰ ਨਾਮ ਮਾਲਾ, ਦੋਹਰਾ ਨੰ. 4.
39. ਉਕਤ, ਉਹੀ, ਪੰ. 1021, ਸ਼ਸਤ੍ਰ ਨਾਮ ਮਾਲਾ, ਦੋਹਰਾ ਨੰ. 3.
40. ਭੱਟ- ਕਵੀ ਸਰੂਪ ਸਿੰਘ ਕੌਸ਼ਿਸ਼ ਅਨੁਸਾਰ, ਆਪ ਜੀ ਨੇ ਇਹ ਅਤੇ ਇਸ ਤੋਂ ਪਹਿਲਾਂ ਅੰਕਿਤ ਦੋਹਰੇ ਅੰਮ੍ਰਿਤ ਛਕਾਣ ਵੇਲੇ "ਗਰਜਵੀਂ ਆਵਾਜ਼ ਸੇ ਤੀਨ ਦੋਹੋਂ ਕਾ ਉਚਾਰਨ ਕੀਆ"। (ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਨੰ. 59; ਸੰਪਾਦਿਤ ਛਾਪ, ਪੰ. 114).

ਅਜਿਹੇ ਸਭ ਸ਼ਸਤਰਾਂ ਤੇ ਅਸਤਰਾਂ ਨੂੰ ਮਹਾਂ ਸ਼ਕਤੀ, ਭਾਵ ਸਮੂਹ ਸ੍ਰਿਸ਼ਟੀ ਦੇ ਸਾਜਨ ਤੇ ਬਿਨਾਸਨਹਾਰ ਅਕਾਲਪੁਰਖ, ਦਾ ਪ੍ਰਤੀਕ ਮੰਨ ਲਿਆ; ਅਤੇ ਉਸ ਦੇ ਸ਼ਸਤਰੀ ਸਰੂਪ ਨੂੰ ਮੂਰਤੀਮਾਨ ਕਰਦਿਆਂ, ਇਨ੍ਹਾਂ ਨੂੰ ਦਿੱਤੇ ਗਏ ਅਜਿਹੇ ਈਸ਼ਵਰੀ ਸਥਾਨ ਤੇ ਸਨਮਾਨ, ਅਤੇ ਉਨ੍ਹਾਂ ਦੀ ਦਰਸਾਈ ਗਈ ਅਜਿਹੀ ਪਾਵਨਤਾ ਤੇ ਮਹਾਨਤਾ ਨੇ ਸਦੀਆਂ ਤੋਂ ਭੈ-ਭੀਤ ਹੋਏ ਹਿੰਦੁਸਤਾਨੀ ਹਿਰਦਿਆਂ ਵਿਚ ਨਿਰਭੈਤਾ ਭਰਨ ਦਾ ਜੋ ਸਫਲ ਉਪਰਾਲਾ ਕੀਤਾ, ਜਨ-ਸਾਧਾਰਨ ਨੂੰ ਉਨ੍ਹਾਂ ਦੀ ਵਰਤੋਂ ਸਿਖਾਅ ਕੇ ਰਣਭੂਮੀ ਵਿਚ ਜੂਝਣ ਲਈ ਜਿਵੇਂ ਤਿਆਰ-ਬਰ-ਤਿਆਰ ਕਰ ਦਿੱਤਾ ਅਤੇ ਸਮੇਂ ਦੀ ਸਭ ਤੋਂ ਵੱਡੀ ਸਲਤਨੱਤ ਨਾਲ ਟੱਕਰ ਲੈਣ ਲਈ ਉਨ੍ਹਾਂ ਦੇ ਤਨ ਤੇ ਮਨ ਵਿਚ ਜਿਸ ਤਰ੍ਹਾਂ ਦੇ ਸਾਹਸ, ਸੂਰਬੀਰਤਾ ਤੇ 'ਚੜ੍ਹਦੀ ਕਲਾ' ਦੀ ਸਪਿਰਿਟ ਫੂਕ ਕੇ ਉਨ੍ਹਾਂ ਦੀ ਕਾਇਆਂ-ਕਲਪ ਹੀ ਕਰ ਦਿੱਤੀ, ਉਹ ਡੋਰਥੀ ਫੀਲਡ ਦੇ ਹੇਠ-ਲਿਖੇ ਕਥਨ ਅਨੁਸਾਰ ਕਿਸੇ ਕ੍ਰਿਸ਼ਮੇ ਤੋਂ ਮਸਾਂ ਹੀ ਘਟ ਸੀ : That it should have transformed the outcaste Indian– a notoriously indolent and unstable person –into a fine and loyal warrior, is little short of a miracle." ਅਰਥਾਤ, "ਇਸ ਨੇ ਸਮਾਜ ਵਲੋਂ ਛੇਕੇ ਹੋਏ ਅਛੂਤ ਹਿੰਦੁਸਤਾਨੀ—ਆਲਸੀ ਤੇ ਅਸੰਤੁਲਿਤ ਹੋਣ ਕਰਕੇ ਬਦਨਾਮ ਬੰਦੇ-ਦੀ ਕਾਇਆਂ-ਕਲਪ ਕਰ ਕੇ, ਜਿਵੇਂ ਉਸ ਨੂੰ ਇਕ ਵਧੀਆ ਤੇ ਸਿਦਕਵਾਨ ਯੋਧਾ ਬਣਾ ਦਿੱਤਾ, ਉਹ ਕਿਸੇ ਕ੍ਰਿਸ਼ਮੇ-ਕਰਾਮਾਤ ਤੋਂ ਜ਼ਰਾ ਕੁ ਹੀ ਘਟ ਸੀ। "[41]

ਇਸ ਤਰ੍ਹਾਂ ਦੇ ਨਿਤਾਣੇ, ਨਿਮਾਣੇ ਤੇ ਨਿਹੱਥੇ ਲੋਕਾਂ ਵਿਚ 'ਚੜ੍ਹਦੀ ਕਲਾ' ਵਾਲਾ ਜੀਉਂਦਾ-ਜਾਗਦਾ, ਚਾਅ ਤੇ ਉਤਸ਼ਾਹ-ਭਰਿਆ ਜੀਵਨ ਸੰਚਾਰਨ ਲਈ, ਸਦੀਆਂ ਤੋਂ ਲਿੱਸਲ ਤੇ ਸਿੱਥਲ ਪਈ ਹੋਈ ਕੌਮ ਨੂੰ ਹਲੂਣਨ ਲਈ, ਉਸ ਦੇ ਚਿਹਨ-ਚੱਕਰ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ, ਅਤੇ ਧਰਮ -ਯੁੱਧ ਵਿਚ ਜੂਝਣ ਦੇ ਯੋਗ ਤੇ ਸਮਰੱਥ ਬਣਾਉਣ ਲਈ, ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਰਾਮਾਤ ਕਰ ਵਿਖਾਈ ਸੀ, ਉਸ ਦੀ ਪਰੇਰਕ, ਪ੍ਰਚਾਲਕ ਤੇ ਪ੍ਰਵਰਤਕ ਸ਼ਕਤੀ ਉਨ੍ਹਾਂ ਦੀ ਚਮਤਕਾਰੀ ਤਲਵਾਰ ਦੇ ਨਾਲ ਨਾਲ ਉਨ੍ਹਾਂ ਦੀ ਕ੍ਰਾਂਤੀਕਾਰੀ ਕਲਮ ਵੀ ਸੀ ਜਿਨ੍ਹਾਂ ਦੀ ਸਾਂਝੀ ਤੇ ਸੁਚੱਜੀ ਵਰਤੋਂ ਨੇ ਹਿੰਦੁਸਤਾਨ ਦੇ ਧਾਰਮਕ, ਸਮਾਜਕ, ਸਾਹਿਤਕ, ਸਭਿਆਚਾਰਕ ਤੇ ਰਾਜਨੀਤਕ ਖੇਤਰਾਂ ਵਿਚ ਕੇਵਲ ਜਾਗ੍ਰਤੀ ਹੀ ਨਹੀਂ ਲਿਆਂਦੀ ਸੀ, ਸਗੋਂ ਇਨਕਲਾਬ ਵੀ ਬਰਪਾਅ ਕਰ ਦਿੱਤਾ ਸੀ।[42]

ਫਿਰ ਇਹ ਕੁਝ ਤੇ ਇੱਨਾ ਕੁਝ ਕਰਕੇ ਤੇ ਆਖ ਕੇ ਵੀ ਬਸ ਨਹੀਂ ਕੀਤੀ। ਅਜਿਹਾ ਵਿਲੱਖਣ ਰੂਪ ਤੇ ਰਹਿਤ ਦੇਣ ਵਾਲੇ ਸਤਿਗੁਰੂ ਨੇ ਆਪਣੀ ਮੁਬਾਰਕ 'ਜ਼ਾਤ' ਨੂੰ ਆਪੇ ਪੈਦਾ ਕੀਤੀ ਇਸ ਅਨੂਠੀ 'ਜਮਾਤ' ਵਿਚ 'ਅਭੇਦ' ਕਰਦਿਆਂ, ਇਹ ਵੀ ਸਪਸ਼ਟ ਕਰ ਦਿੱਤਾ ਕਿ ਜੋ ਕੋਈ ਜਦੋਂ ਕਦੇ ਵੀ ਇਸ ਉਤੇ ਅਮਲ ਕਰੇਗਾ, ਉਹ ਨਾ ਕੇਵਲ ਮੇਰਾ ਸਿੱਖ ਅਖਵਾਉਣ ਦਾ ਹੀ ਹੱਕਦਾਰ ਹੋਵੇਗਾ, ਸਗੋਂ ਮੈਂ ਉਸ ਨੂੰ ਆਪਣਾ 'ਠਾਕਰ' ਤੇ ਆਪਣੇ ਆਪ ਨੂੰ ਉਸ ਦਾ 'ਚੇਲਾ' ਵੀ ਅਖਵਾਉਣ ਵਿਚ ਮਾਣ ਮਹਿਸੂਸ ਕਰਾਂਗਾ :

ਰਹਿਣੀ ਰਹੈ, ਸੋਈ ਸਿਖ ਮੇਰਾ,
ਵਹ ਠਾਕੁਰ, ਮੈਂ ਉਸ ਕਾ ਚੇਰਾ।[43]

ਭਾਈ ਦਯਾ ਸਿੰਘ ਜੀ ਦੇ ਸ਼ਬਦਾਂ ਵਿਚ, ਉਨ੍ਹਾਂ ਨੇ ਇਹ ਵੀ ਆਖਿਆ ਸੀ :

41. Field, Ms. Dorthy, *The Religion of the Sikhs, London*-1914, p. 34.
42. ਇਸ ਸਬੰਧ ਵਿਚ ਹੋਰ ਵੇਰਵੇ ਤੇ ਵਾਕਫੀ ਲਈ ਵੇਖੋ : ਗੁਰਮਤਿ ਸਾਹਿਤ ਵਿਚ ਬੀਰਤਾ ਦਾ ਸੰਕਲਪ ਕ੍ਰਿਤ ਡਾ. ਹਰਨਾਮ ਸਿੰਘ ਸ਼ਾਨ, ਪਟਿਆਲਾ-1998, ਪੰ .9-31.
43. ਦੇਸਾ ਸਿੰਘ, ਭਾ., ਰਹਿਤਨਾਮਾ, ਅੰਤਲੀਆਂ ਤੁਕਾਂ ; ਪ੍ਰਹਿਲਾਦ ਸਿੰਘ, ਭਾ., ਰਹਿਤਨਾਮਾ,ਪਦ ਨੰ. 36.

ਰਹਿਤ ਰਹਤ ਸਮ ਸਿੱਖ ਜੋ,
ਸੋ ਮੇਰੇ ਰੂਪਾਇ।
ਵਾ ਮੈਂ, ਮੈਂ ਮੈਂ, ਭੇਦ ਨਹਿੰ;
ਮਮ[44] ਸਰੂਪ ਹੋ ਜਾਇ।[45]

ਅਤੇ ਭਾਈ ਕੁਇਰ ਸਿੰਘ ਅਨੁਸਾਰ, ਇਸ ਗੱਲ ਦਾ ਯਕੀਨ ਵੀ ਦੁਆ ਦਿੱਤਾ ਸੀ ਕਿ

ਜੋ ਸਿਖ ਰਹਤ ਧਰੈ ਮੈ ਪਯਾਰਾ,
ਅੰਗ ਸੰਗ ਤਾ ਕੋ ਹੈ ਸਾਰਾ।[46]

ਖ਼ਾਨਦਾਨੀ ਭੱਟ-ਵਹੀਆਂ ਵਿਚ ਅੰਕਿਤ ਸਮਕਾਲੀ ਜਾਣਕਾਰੀ ਦੇ ਆਧਾਰ 'ਤੇ, ਭੱਟ ਭਾਈ ਸਰੂਪ ਸਿੰਘ ਕੌਸ਼ਿਸ਼ ਵਲੋਂ ਲਿਖੇ ਹੋਏ ਸਮਾਚਾਰ ਅਨੁਸਾਰ, ਗੁਰੂ ਗੋਬਿੰਦ ਸਿੰਘ ਨੇ ਉਸ ਸੁਭਾਗੇ ਦਿਨ ਆਪਣੀ ਲਲਕਾਰਵੀਂ ਮੰਗ 'ਤੇ ਸੀਸ ਭੇਟ ਕਰਨ ਵਾਲੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਉਕਤ ਖ਼ਾਲਸਈ ਰਹਿਤ-ਕੁਰਹਿਤ ਦਸਦਿਆਂ, ਇਹ ਵੀ ਫ਼ਰਮਾਇਆ ਸੀ :

> ਬਚਨ ਹੋਆ, "ਤੁਸਾਂ ਕਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪਾਂਚੋਂ ਜਾਤੀ ਰਹੀ ਹੈਂ। ਤੁਮੇਂ ਖ਼ਾਲਸਾ ਬਨਾਇ ਸਰਗੁਨ ਸਰੂਪ ਕਾਲ ਕਾ ਬਾਨਾ ਦੀਆ ਹੈ, ਇਸ ਕੀ ਲਾਜ ਪਾਲਨਾ। ਤੁਮੇਂ ਪਾਹੁਲ ਦੇਨੇ ਸੇ ਪਹਿਲੇ, ਹਮੇਂ ਪਾਂਚ ਕੱਕਾਰ ਦੀਏ ਹੈਂ, ਇਨ੍ਹੇਂ ਭੂਲ ਕੇ ਬਦਨ ਸੇ ਜੁਦਾ ਨਹੀਂ ਕਰਨਾ। ਪ੍ਰਿਥਮੇ ਤੁਸਾਂ ਕੋ ਨੀਲੀ ਰਾਂਗ ਕੀ ਕੇਸਕੀ, ਕੰਘਾ, ਕ੍ਰਿਪਾਨ, ਸਰਬਲੋਹ ਕਾ ਕੜਾ ਤੇ ਸਫ਼ੈਦ ਰਾਂਗ ਕਾ ਕਛਹਿਰਾ ਦੀਆ ਹੈ। ਇਨ ਮੇਂ ਏਕ ਵੀ ਜੁਦਾ ਹੋਇ ਜਾਇ, ਗੁਰਦੁਆਰੇ ਜਾਇ ਸੰਗਤ ਮੇਂ ਬਖ਼ਸ਼ਾਨਾ, ਢੀਲ ਨਹੀਂ ਪਾਨਾ।
>
> ਹੁਣ ਆਪ ਚਾਰ ਬੱਜਰ ਕੁਰਹਿਤ ਸੁਨੀਦੇ ਜਿਸ ਸੇ ਸਿੱਖ ਸਿੱਖੀ ਸੇ ਪਤਿਤ ਹੋਇ ਜਾਤਾ ਹੈ ਤੇ ਸੰਗਤਿ ਪੰਗਤ ਮੇਂ ਅਭੇਦ ਨਹੀਂ ਹੋਇ ਸਕਦਾ। ਪ੍ਰਿਥਮੇ ਚੋਟੀ ਸੇ ਲੈ ਕੇ ਪਾਂਉ ਕੇ ਅੰਗੂਠੇ ਤੀਕ ਰੋਮਾਂ ਕੀ ਬੇਅਦਬੀ, ਕੁੱਠਾ ਮਾਸ ਖਾਨਾ, ਤਮਾਕੂ ਕਾ ਸੇਵਨ, ਤੁਰਕਨੀ ਕਾ ਸੰਗ, ਇਨ ਮੇਂ ਏਕ ਵੀ ਕੁਰਹਿਤ ਹੋਇ ਜਾਏ, ਦੁਬਾਰਾ ਖਾਂਡੇ ਕੀ ਪਾਹੁਲ ਲੈ ਕੇ ਭੂਲ ਬਖ਼ਸ਼ਾਨਾ।
>
> ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ ਔਰ ਸਿਰਗੁੰਮ—ਇਨ ਪਾਂਚੋਂ ਸੇ ਮੇਲ ਨਹੀਂ ਕਰਨਾ। ਇਨ ਪਾਂਚੋਂ ਮੇਂ ਸੇ ਏਕ ਵੀ ਸੰਗਤ ਮੇਂ ਆਇ ਕੇ ਭੂਲ ਬਖ਼ਸ਼ਾਏ, ਬਖ਼ਸ਼ ਦੇਣਾ, ਭਰਮ ਨਹੀਂ ਕਰਨਾ। ਤੁਸਾਂ ਸਿਵਾਇ ਮਹਾਂਕਾਲ ਕੇ ਮਠ, ਮੜ੍ਹੀ, ਗੋਰ ਕੋ ਭੂਲ ਕੇ ਨਾਹੀਂ ਮਾਨਨਾ। ਮੈਂ ਤੁਸਾਂ ਕੋ ਸੁਨਹਿਰੇ ਮੇਂ ਰਲਾਇ ਦੀਆ ਹੈ, ਆਪਸ ਮੇਂ ਭਰਮ ਭੇਦ ਨਹੀਂ ਰਖਨਾ।"[47]

---

44. ਮੇਰਾ
45. ਦਯਾ ਸਿੰਘ, ਭਾ., ਰਹਿਤਨਾਮਾ, 'ਸ੍ਰੀ ਸਤਿਗੁਰੂ ਵਾਚ'।
46. ਕੁਇਰ ਸਿੰਘ, ਭਾ. ਗੁਰਬਿਲਾਸ ਪਾਤਸ਼ਾਹੀ 10, ਉਹੀ, ਅਧਿਆਇ-21, ਪਦ.135; ਅਸ਼ੋਕ ਵਲੋਂ ਸੰਪਾਦਿਤ, ਉਹੀ, ਪੰ. 287.
47. ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਨੰ .59; ਸੰਪਾਦਿਤ ਪਾਠ, ਉਹੀ, ਪੰ .114-115.

ਕੋਸ਼ਿਸ਼ ਜੀ ਨੇ ਉਪਰੋਕਤ 'ਬਚਨ', 'ਸਾਖੀ ਖਾਂਡੇ ਕੀ ਪਾਹੁਲ ਦੇਨੇ ਕੀ ਚਾਲੀ' ਦੇ ਸਿਰਨਾਵੇਂ ਵਾਲੀ ਦੇ ਹੇਠ, ਅਖ਼ੀਰ ਵਿਚ ਲਿਖਿਆ ਹੋਇਆ ਹੈ। ਉਸ ਤੋਂ ਬਾਅਦ ਅਗਲੀ ਸਾਖੀ, 'ਸਾਖੀ ਖ਼ਾਲਸਾ ਰਹਿਤ ਮਰਜਾਦਾ ਕੀ ਚਾਲੀ', ਸ਼ੁਰੂ ਹੀ ਹੇਠ-ਲਿਖੇ 'ਬਚਨ' ਨਾਲ ਇਉਂ ਕੀਤੀ ਹੋਈ ਹੈ :

"ਭਾਈ ਸਿੱਖੋ! ਕਿਸੀ ਕੋ ਭੈ ਨਹੀਂ ਦੇਨਾ, ਨਾ ਕਿਸੀ ਕਾ ਮਾਨਨਾ।
ਏਕ ਅਕਾਲਪੁਰਖ ਤੇ ਭਰੋਸਾ ਰਖਨਾ, ਉਹੀ ਹਰਿ ਥਾਂਇ ਸਹਾਈ ਹੋਇਗਾ।
ਦਸਾਂ ਨੌਹਾਂ ਦੀ ਕਮਾਈ ਕਰਨਾ। ਇਸ ਕਮਾਈ ਸੇ ਗੁਰੂ ਕੇ ਨਮਿੱਤ ਦਾ ਦਸਵੰਧ ਨਿਕਾਲਨਾ। ਘਰ ਮੈਂ ਗੁਰੂ ਕੀ ਗੋਲਕ ਰਾਖਨਾ, ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਨਨਾ, ਭਰਮ ਨਹੀਂ ਕਰਨਾ। ਗੁਰੂ ਕੀ ਨਿੰਦਾ ਕਿਸੇ ਨਹੀਂ ਸੁਨਨੀ, ਜੇ ਕੋਈ ਕਰੇ ਉਸੇ ਧੀਰ ਸੇ ਸਮਝਾਨਾ, ਨਾ ਸਮਝੇ ਤਾਂ ਉਸੇ ਕ੍ਰਿਪਾਨ ਭੇਟ ਕਰ ਦੇਨਾ ਜਾਂ ਉਸੇ ਛੋੜ ਆਗੇ ਪੀਛੇ ਹੋਇ ਜਾਨਾ। ਅੰਮ੍ਰਿਤ ਵੇਲੇ ਜਾਗਨਾ, ਦਾਤਨ ਕਰ ਕੇ ਇਸ਼ਨਾਨ ਕਰਨਾ, ਨਾਮ ਜਪਨਾ, ਜਪਾਨਾ; ਬਾਣੀ ਪੜ੍ਹਨਾ, ਪੜ੍ਹਾਨਾ; ਦਿਵਸ ਚੜ੍ਹੇ ਸੰਗਤ ਮੇਂ ਜਾਨਾ। ਚੌਥੇ ਦਿਵਸ ਸੇ ਕੇਸੀ ਇਸ਼ਨਾਨ ਕਰਨਾ, ਦੋ ਵੇਲੇ ਕੰਘਾ ਕਰਨਾ, ਕੇਸਾਂ ਦੀ ਸੰਭਾਲ ਕਰਨਾ, ਜੂਠੇ ਹਾਥ ਨਹੀ ਲਗਾਨਾ, ਇਨ ਕਾ ਸਤਿਕਾਰ ਗੁਰੂ ਕੇ ਸਮਾਨ ਕਰਨਾ।

ਕੁੜੀਮਾਰ, ਨੜੀਮਾਰ, ਕਿਸੀ ਕਾ ਪੈਸਾ ਲੇਨੇ ਵਾਲਾ, ਪਾਹੁਲ ਲੈ ਕੇ ਕੁਕਰਮ ਕਰਨੇ ਵਾਲਾ, ਗੁਰੂਧਰੋਹੀ, ਇਨ ਪਾਂਚੋ ਸੇ ਦੂਰ ਰਹਿਨਾ। ਗਊ ਗਰੀਬ ਕੀ ਰੱਖਿਆ ਕਰਨੀ, ਭਾਦਨੀ ਕੀ ਬੇਟੀ ਕਾ ਰਿਸ਼ਤਾ ਲੈ ਲੈਨਾ ਤੇ ਉਸੇ ਭੂਲ ਕੇ ਨਹੀਂ ਦੇਨਾ, ਜੋ ਦੇਇਗਾ ਸੰਗਤ ਪੰਗਤ ਮੇਂ ਅਭੇਦ ਨਹੀਂ ਹੋਇ ਸਕਤਾ। ਪਰ-ਬੇਟੀ ਕੋ ਬੇਟੀ ਜਾਨਨਾ, ਪਰ-ਇਸਤਰੀ ਕੋ ਮਾਤਾ ਸਮਾਨ ਮਾਨਨਾ। ਅਪਨੀ ਇਸਤਰੀ ਬਗ਼ੈਰ ਗੰਦੀ ਵਾਸ਼ਨਾ ਲੈ ਕੇ ਕਿਸੀ ਤਰਫ਼ ਨਹੀਂ ਦੇਖਨਾ।

ਬੱਚੇ ਬੱਚੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਨ ਉਪਰੰਤ ਹੋਰ ਵਿਦਿਆ ਯਹਾਂ ਮਿਲੇ ਲੈ ਲੈਨਾ, ਭਰਮ ਨਹੀਂ ਕਰਨਾ। ਗੁਰਦੁਆਰੇ ਸੁਬ੍ਹਾ ਸਾਮ ਦੋ ਵੇਲੇ ਜਾਨਾ। ਸੰਗਤ ਮੇਂ ਜਾਇ ਦੋਇ ਹਾਥ ਬਾਂਧ ਫ਼ਤੇ ਗਜਾਨਾ। ਬਿਨਾਂ ਦਰਸ਼ਨ ਕੀਤਿਆਂ ਅੰਨ ਪਾਣੀ ਗ੍ਰਹਿਣ ਨਹੀਂ ਕਰਨਾ।"[48]

ਅਜਿਹੀ ਆਦਰਸ਼ਕ ਰਹਿਤ ਤੇ ਰਹਿਣੀ ਦੇ ਧਾਰਨੀ ਖ਼ਾਲਸੇ ਦੇ ਹੀ ਉਦੈ, ਮੰਤਵ ਤੇ ਪਰਭਾਵ ਆਦਿ ਵਲ ਧਿਆਨ ਦੁਆਂਦਿਆਂ, 'ਸੂਰਜ ਪ੍ਰਕਾਸ਼' ਦੇ ਮਹਾਨ ਕਰਤਾ, ਭਾਈ ਸੰਤੋਖ ਸਿੰਘ ਜੀ, ਨੇ ਲਿਖਿਆ ਸੀ :

ਵਾਹਿਗੁਰੂ ਜੀ ਕਾ ਭਯੋ ਖ਼ਾਲਸਾ ਸੁ ਨੀਕਾ ਅਤਿ,
ਵਾਹਿਗੁਰੂ ਜੀ ਕੀ ਮਿਲਿ ਫ਼ਤੇ ਸੋ ਬੁਲਾਈ ਹੈ।
ਪੀਰ, ਪਾਤਿਸ਼ਾਹ, ਕਰਾਮਾਤੀ ਜੋ ਅਪਰ ਪੰਥ,
ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜਬ ਜਗ, ਦੇਖਿ ਕੇ ਅਜਬ ਮਹਾਂ,
ਬੈਰੀ ਕੇ ਗਜਬ ਪਰਯੋ ਛੀਨੈਂ ਠਕੁਰਾਈ ਹੈ।
ਧਰਮ ਸਥਾਪਬੇ ਕੋ, ਪਾਪਨ ਕੇ ਖਾਪਬੇ ਕੋ,
ਗੁਰੂ ਜਾਪਬੇ ਕੋ, ਨਈ ਰੀਤਿ ਯੌ ਚਲਾਈ ਹੈ।

48. ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਨੰ.60; ਸੰਪਾਦਿਤ ਪਾਠ, ਉਹੀ, ਪੰ. 115.

ਇਸ ਬਿਧਿ ਪੰਚਹੁੰ ਸਿੰਘ ਕੋ, ਖੰਡੇ ਪਾਹੁਲ ਦੀਨਿ ;
ਵਹਿਰ ਬੇਖ ਉਰ ਗਯਾਨ ਦੇ, ਅਪਨੇ ਸਮ ਸੋ ਕੀਨਿ ।[49]

11
ਮੁਗ਼ਲ ਸਾਮਰਾਜ ਨਾਲ ਟੱਕਰ

ਇਉਂ ਕਲ-ਮੁਕੱਲੇ ਨੌਜੁਆਨ ਗੁਰੂ ਗੋਬਿੰਦ ਸਿੰਘ ਨੇ 1699 ਦੀ 30 ਮਾਰਚ ਨੂੰ, ਵਿਸਾਖੀ ਵਾਲੇ ਦਿਨ, ਸ਼ਿਵਾਲਕ ਦੀ ਰਮਣੀਕ ਵਾਦੀ ਵਿਚ, ਅਜਿਹੀ ਰਹਿਣੀ-ਬਹਿਣੀ ਵਾਲੇ ਸੰਤ-ਸਿਪਾਹੀਆਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਜੋ ਤਨ ਤੇ ਮਨ ਕਰਕੇ ਇਕ-ਸੁਰ ਸੀ, ਜੋ ਖ਼ਿਆਲੀ ਤੇ ਅਮਲੀ ਤੌਰ ਤੇ ਇਕ-ਮੁੱਠ ਸੀ, ਅਤੇ ਜੋ ਆਪਣੇ ਸੰਚਾਲਕ ਨਾਲ ਵੀ ਆਤਮਕ ਤੇ ਸਰੀਰਕ ਤੌਰ ਤੇ ਇਕ-ਮਿਕ ਸੀ।

ਉਸ ਦੀ ਅਜਿਹੀ ਨਿਆਰੀ ਸਿਰਜਨਾ, ਇਕਮਿਕਤਾ, ਚੜ੍ਹਤਲ ਤੇ ਜਲਾਲ ਆਦਿ ਦਾ ਨਜ਼ਾਰਾ ਤੇ ਰੇਖਾ-ਚਿੱਤਰ ਭਾਈ ਗੁਰਦਾਸ ਸਿੰਘ ਦੇ ਅੱਖੀਂ-ਡਿੱਠ ਬਿਆਨ ਵਿਚ ਇਉਂ ਵਰਣਿਤ ਹੈ :

ਗੁਰਬਰ ਅਕਾਲ ਕੇ ਹੁਕਮ ਸੋਂ, ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖ਼ਾਲਸਾ, ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਬਕਾਰ ਕੈ,ਸਭ ਜਗ ਡਰਪਾਨਾ। ....
ਇਹ ਤੀਸਰ ਮਜ਼੍ਹਬ ਖ਼ਾਲਸਾ, ਉਪਜਿਓ ਪਰਧਾਨਾ।
ਜਿਨਿ ਗੁਰੂ ਗੋਬਿੰਦ ਕੇ ਹੁਕਮ ਸੋਂ, ਗਹਿ ਖੜਗ ਦਿਖਾਨਾ।
ਤਿਹ ਸਭ ਦੁਸ਼ਟਨ ਕਉ ਛੇਦਿ ਕੈ, ਅਕਾਲ ਜਪਾਨਾ।
ਫਿਰ ਐਸਾ ਹੁਕਮ ਅਕਾਲ ਕਾ, ਜਗ ਮੈਂ ਪ੍ਰਗਟਾਨਾ।...........
ਤਬ ਫ਼ਤਿਹ ਡੰਕ ਜਗ ਮੈਂ ਘੁਰੇ,ਦੁਖ ਦੂੰਦ ਮਿਟਾਨਾ।
ਇਉਂ ਤੀਸਰ ਪੰਥ ਰਚਾਇਅਨ,ਵਡ ਸੂਰ ਗਹੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ।[1]

''ਆਪੇ-ਗੁਰੁ-ਚੇਲਾ'' ਗੁਰੂ ਗੋਬਿੰਦ ਸਿੰਘ ਨੇ ਫਿਰ ਰੱਬ ਦੇ ਆਸਰੇ ਅਤੇ ਉਸੇ ਦੀ ਸਹਾਇਤਾ ਨਾਲ ਬਦੇਸ਼ੀ ਰਾਜ ਦਾ ਜਬਰ ਉਖਾੜਨ ਤੇ ਦੇਸੀ ਸਮਾਜ ਦੀ ਨੀਂਦ ਉਘਾੜਨ ਲਈ ਵਧੇਰੇ ਉਤੇਜਿਤ ਤੇ ਉਤਸ਼ਾਹਿਤ ਹੋ ਕੇ ਲੱਕ ਬੰਨ੍ਹ ਲਿਆ ; ਹਿੰਦੁਸਤਾਨ ਦੀ ਵਿਅਕਤਕ, ਸਮਾਜਕ, ਮਾਨਸਕ, ਆਰਥਕ, ਸਭਿਆਚਾਰਕ ਤੇ ਰਾਜਨੀਤਕ, ਅਰਥਾਤ ਹਰ ਪਰਕਾਰ ਦੀ, ਗ਼ੁਲਾਮੀ ਨੂੰ ਹਟਾਉਣ ਦਾ ਬੀੜਾ ਚੁਕ ਲਿਆ।

ਇਸ ਐਲਾਨ, ਉਤੇਜਨਾ ਤੇ ਬਖ਼ਸ਼ਸ਼ ਦਾ ਨਤੀਜਾ ਇਹ ਨਿਕਲਿਆ ਕਿ ਕਈ ਪੀੜ੍ਹੀਆਂ ਤੋਂ ਲਿਤੜੀਂਦੇ ਜਨ-ਸਾਧਾਰਨ ਦੇ ਤਨ ਤੇ ਮਨ ਵਿਚ ਇਕ ਇਨਕਲਾਬੀ ਪਲਟਾ ਆ ਗਿਆ। ਖੰਡੇ-ਬਾਟੇ ਦੇ ਅੰਮ੍ਰਿਤ ਨੇ ਉਨ੍ਹਾਂ ਵਿਚ ਕੋਈ ਗ਼ੈਬੀ ਤੇ ਅਦੁੱਤੀ ਜਹੀ ਸ਼ਕਤੀ ਭਰ ਦਿੱਤੀ। ''ਬਾਦਸ਼ਾਹ-ਦਰਵੇਸ਼ ਗੁਰੂ ਗੋਬਿੰਦ ਸਿੰਘ'' ਦੀ

---

49. ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਉਹੀ, ਰਿਤੁ 3, ਅੰਸੂ 20 'ਅੰਮ੍ਰਿਤ ਦੇਨ ਪ੍ਰਸੰਗ ਬਰਨਨੰ',ਪਦ 44 - 45; ਗ੍ਰੰਥਾਵਲੀ, ਉਹੀ, ਪੰ. 5058.

1. ਗੁਰਦਾਸ ਸਿੰਘ, ਭਾ. ਰਾਮਕਲੀ, ਵਾਰ ਦਸਵੇਂ ਪਾਤਸ਼ਾਹ ਕੀ, ਉਹੀ, ਪਉੜੀ ਨੰ. 16.

ਸਿੱਖਿਆ ਤੇ ਸੰਦੇਸ਼ ਨੇ ਉਨ੍ਹਾਂ ਦੇ ਸੁਭਾਅ, ਕਰਮ ਤੇ ਆਚਰਨ ਬਦਲ ਕੇ ; ਕਸ਼ੱਤਰੀ ਤੇ ਬ੍ਰਾਹਮਣ ਦੀ ਮੁਥਾਜੀ ਹਟਾ ਕੇ ; ਅਤੇ ਜੀਣ-ਮਰਨ ਦੀ ਜਾਚ ਸਿਖਾ ਕੇ ; ਉਨ੍ਹਾਂ ਨੂੰ ਅਜਿਹੇ ਸੁਤੰਤਰ (the all-free) ਤੇ ਸੰਪੂਰਨ ਮਨੁੱਖ (the whole-man) ਬਣਾ ਦਿੱਤਾ ਕਿ ਹੁਣ ਉਹ ਵੀ ''ਮੌਤ ਨਾਲ ਮਖ਼ੌਲਾਂ'' ਕਰਨ ਤੇ ਦਾਨਵ-ਸ਼ਕਤੀਆਂ ਨਾਲ ਲੋਹਾ ਲੈਣ ਲਈ ਉਤਸ਼ਾਹਿਤ ਹੋ ਗਏ। ਵਾਹਿਗੁਰੂ ਦੀ ਕਿਰਪਾ ਅਤੇ ਸਤਿਗੁਰੂ ਦੀ ਮਿਹਰ ਸਦਕੇ, ਉਨ੍ਹਾਂ ਵਿੱਚੋਂ ਇਕ-ਇਕ ਯੋਧਾ ਸਵਾ-ਸਵਾ ਲੱਖ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਿਆ। ਉਨ੍ਹਾਂ ਨੇ ਬਾਹਰਲੇ ਤਾਂ ਕੀ, ਅੰਦਰਲੇ ਵੈਰੀਆਂ ਨੂੰ ਵੀ ਕਾਬੂ ਵਿਚ ਰਖਣ ਲਈ 'ਕਾਮ' ਨੂੰ ਗ੍ਰਹਿਸਥ, 'ਕ੍ਰੋਧ' ਨੂੰ ਬੀਰਤਾ, 'ਲੋਭ' ਨੂੰ ਕਿਰਤ, 'ਮੋਹ' ਨੂੰ ਉਪਕਾਰ ਤੇ 'ਹੰਕਾਰ' ਨੂੰ ਸਵੈ-ਮਾਨ ਵਿਚ ਢਾਲ ਲਿਆ।

ਇਉਂ ਮਾਨਸਕ, ਆਤਮਕ ਅਤੇ ਸਰੀਰਕ ਤੌਰ ਤੇ ਤਿਆਰ-ਬਰ-ਤਿਆਰ ਹੋ ਕੇ ; ਮਾਨਵ-ਪਿਆਰ, ਪਰ-ਉਪਕਾਰ ਅਤੇ ਸਵੈ-ਤਿਆਗ ਦਾ ਆਦਰਸ਼ ਲੈ ਕੇ, ਉਹ ਗੁਰੂ ਤੇਗ਼ ਬਹਾਦਰ ਦੀ ਭਵਿੱਖ-ਬਾਣੀ ਨੂੰ ਸੱਚਿਆਉਣ, ਉਨ੍ਹਾਂ ਦੇ 'ਅਨਾਥ'[2] ਬੱਚੇ ਦਾ ਪ੍ਰਣ ਨਿਭਾਉਣ ; ਦੇਸ਼ ਦੀਆਂ ਬਦੀਆਂ ਤੇ ਬੰਦਸ਼ਾਂ ਹਟਾਉਣ ; ਜ਼ਾਲਮ ਰਾਜ-ਕਾਜ ਨੂੰ ਮਿਟਾਉਣ; ਅਤੇ ਨਵਾਂ ਤੇ ਨਰੋਆ ਸਮਾਜ ਉਪਜਾਉਣ ਲਈ, ਉਸ ''ਮਰਦ-ਅਗੰਮੜੇ'' ਦੀ ਕਮਾਨ ਹੇਠ ਜੁੜ ਗਏ ਜਿਸ ਨੂੰ ਸਮੇਂ ਦੇ ਮਹਾਨ ਵਿਦਵਾਨ ਅਤੇ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ, ਦੇ ਸਾਬਕਾ ਮੀਰ ਮੁਨਸ਼ੀ, ਭਾਈ ਨੰਦ ਲਾਲ (1633-1713 ਲਪ.), ਨੇ 'ਹਰ-ਕੰਮ-ਸਮਰੱਥ' ਤੇ 'ਨਿਓਟਿਆਂ ਦੀ ਓਟ' ਆਖਦਿਆਂ ਲਿਖਿਆ ਸੀ :[3]

کادر ہر کار گورو گوبند سنگھ
بے کساں را یار گورو گوبند سنگھ
حق حق اندیش گورو گوبند سنگھ
بادشاہ درویش گورو گوبند سنگھ (گنج نامہ)

(ਕਾਦਰੇ ਹਰ ਕਾਰ ਗੁਰ ਗੋਬਿੰਦ ਸਿੰਘ,
ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ,
ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ,
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ)

ਮੁਗ਼ਲ ਸਰਕਾਰ ਨੇ ਉਨ੍ਹਾਂ ਦੇ ਇਸ ਪਰੋਗਰਾਮ ਨੂੰ ਧ੍ਰੋਹ ਤੇ ਬਗ਼ਾਵਤ ਸਮਝਿਆ ; ਰਜਵਾੜਿਆਂ ਨੇ ਇਸ ਵਿਚ ਆਪਣੇ ਵਕਾਰ ਤੇ ਰਾਜ-ਭਾਗ ਦਾ ਅੰਤ ਮਹਿਸੂਸ ਕੀਤਾ ; ਅਤੇ ਧਰਮ ਤੇ ਸਮਾਜ ਦੇ ਠੇਕੇਦਾਰਾਂ ਨੂੰ ਆਪਣੇ ਪਿੱਸੂ ਪੈ ਗਏ। ਖਿੱਚਾ-ਖਿੱਚੀ ਤੇ ਮੁੱਠ-ਭੇੜ ਤੇਜ਼ ਹੋ ਗਈ। ਭਿਆਨਕ ਲੜਾਈਆਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ। ਗੁਰੂਦੇਵ ਤੇ ਉਨ੍ਹਾਂ ਦੇ ਸਿਰਲੱਥ ਸੰਤ-ਸਿਪਾਹੀਆਂ ਨੇ ਡਟ ਕੇ ਮੁਕਾਬਲੇ ਕੀਤੇ ; ਪਿੱਠ ਨਾ ਵਿਖਾਈ, ਈਨ ਨਾ ਮੰਨੀ ਅਤੇ ਅੰਤਮ ਸੁਆਸਾਂ ਤਕ ਭਰਪੂਰ 'ਚੜ੍ਹਦੀ ਕਲਾ' ਵਿਚ ਜੂਝਦੇ ਰਹੇ।

2. ਸੰਸਾਰਕ ਸ਼ਬਦਾਵਲੀ ਅਨੁਸਾਰ।

3. ਵੇਖੋ : ਗੋਯਾ, ਭਾ. ਨੰਦ ਲਾਲ, ਗੰਜਨਾਮਾ, ਸਲਤਨੱਤੇ ਦਹਮ , ਸ਼ਿਅਰ ਨੰ. 21 ਤੇ 31; ਡਾ. ਗੰਡਾ ਸਿੰਘ ਵਲੋਂ ਸੰਪਾਦਿਤ ਕੁਲਿਯਾਤੇ ਭਾਈ ਨੰਦ ਲਾਲ, ਮੁਲੱਕਾ (ਮਲਾਇਆ)- 1963, ਪੰ .124

ਅਖ਼ੀਰ, ਸੰਨ 1705 ਦੀ 20 ਮਈ ਨੂੰ ਮੁਗ਼ਲ ਸਰਕਾਰ ਦੀ ਸ਼ਾਹੀ ਫ਼ੌਜ, ਪਹਾੜੀ ਰਾਜਿਆਂ ਦੀ ਰਲਵੀਂ ਸੈਨਾ, ਮੂੰਹਜ਼ੋਰ ਮੁਲਖ਼ਈਏ ਤੇ ਜਹਾਦੀ ਵਹੀਰ ਨੇ, ਰਲ-ਮਿਲ ਕੇ, ਆਨੰਦਪੁਰ ਨੂੰ ਘੇਰ ਲਿਆ। ਖ਼ਾਲਸਾ ਫ਼ੌਜ ਦੀ ਗਿਣਤੀ ਮਸਾਂ ਦਸ ਹਜ਼ਾਰ ਸੀ ਅਤੇ ਘੇਰਨ ਵਾਲੇ ਲੱਖਾਂ ਦੀ ਗਿਣਤੀ ਵਿਚ ਚਾਰੇ-ਪਾਸਿਓਂ ਉਮਡ ਆਏ ਸਨ। ਮਹੀਨਿਆਂ-ਬਧੀ ਮੁੱਠ-ਭੇੜ ਤੇ ਗੋਲਾਬਾਰੀ ਹੁੰਦੀ ਰਹੀ। ਦਸਮੇਸ਼ ਦੇ ਸ਼ੇਰ ਬੜੀ ਬਹਾਦਰੀ ਤੇ ਸਾਬਤਕਦਮੀ ਨਾਲ ਟਾਕਰੇ ਕਰਦੇ ਰਹੇ। ਉਨ੍ਹਾਂ ਦੀ 'ਚੜ੍ਹਦੀ ਕਲਾ' ਵਿਚ ਕੋਈ ਫ਼ਰਕ ਨਾ ਪਿਆ। ਪਰ ਅੰਦਰਲਿਆਂ ਦੀ ਚਹੁੰ-ਪਾਸੀ ਨਾਕਾਬੰਦੀ ਤੇ ਬਾਹਰਲਿਆਂ ਦੀ ਦਿਨੋਂ-ਦਿਨ ਵਧ ਰਹੀ ਲਾਮਬੰਦੀ ਨੇ ਇਕ ਔਖੀ ਤੇ ਅਜੀਬ ਸਥਿਤੀ ਪੈਦਾ ਕਰ ਦਿੱਤੀ। ਰਸਦ ਮੁਕਦਿਆਂ-ਮੁਕਦਿਆਂ ਮੁਕ ਗਈ। ਅਸਲਾ ਨਿੱਖੁੱਟਦਿਆਂ-ਨਿੱਖੁੱਟਦਿਆਂ ਨਿੱਖੁੱਟ ਗਿਆ। ਕੁਝ ਸਾਥੀ ਮਾਰੇ ਗਏ, ਕੁਝ ਨਿਕਾਰੇ ਹੋ ਗਏ; ਕੁਝ ਰੁਸ ਗਏ ਤੇ ਕੁਝ 'ਬੇਦਾਵਾ' ਵੀ ਦੇ ਗਏ। ਅੰਦਰ ਭੁੱਖ-ਨੰਗ, ਬਾਹਰ ਲਖਾਂ ਦਾ ਘੇਰਾ ਤੇ ਈਨ ਮੰਨਾਉਣ ਲਈ ਆਖ਼ਰਾਂ ਦਾ ਜ਼ੋਰ! ਪਰ 'ਚੜ੍ਹਦੀ ਕਲਾ' ਦੇ ਪੁੰਜ, ਗੁਰੂ ਗੋਬਿੰਦ ਸਿੰਘ, ਕਿਸੇ ਵੀ ਕੀਮਤ 'ਤੇ, ਕੌਮੀ ਅਣਖ਼ ਤੇ ਉਦੇਸ਼ ਦੇ ਉਲਟ ਸਮਝੌਤਾ ਕਰਨ, ਹੱਥਿਆਰ ਸੁਟਣ ਜਾਂ ਈਨ ਮੰਨਣ ਲਈ ਤਿਆਰ ਨਹੀਂ ਸਨ। ਦੂਜੇ ਪਾਸੇ, ਵੈਰੀ-ਦਲ ਉਨ੍ਹਾਂ ਨੂੰ ਹੜੱਪਣ ਲਈ ਕਚੀਚੀਆਂ ਤਾਂ ਵਟ ਰਹੇ ਸਨ, ਪਰ ਆਪ ਵੀ ਹਾਰ-ਹੁਟ ਕੇ ਨਿੱਸਤੇ ਪਏ ਹੋਏ ਸਨ। ਹਾਰ-ਜਿੱਤ ਦਾ ਫ਼ੈਸਲਾ ਨਾ ਹੁੰਦਾ ਵੇਖ, ਉਨ੍ਹਾਂ ਨੇ ਝੂਠੀਆਂ ਸੌਂਹਾਂ ਖਾ ਕੇ ਅਤੇ ਘੇਰਾ ਚੁਕਣ ਦਾ ਯਕੀਨ ਦੁਆ ਕੇ, ਸੁਲ੍ਹਾ-ਸਫ਼ਾਈ ਲਈ ਗੱਲ-ਬਾਤ ਕਰਨ ਵਾਸਤੇ, ਬਾਹਰ ਆਉਣ ਲਈ ਸੱਦਾ ਦਿੱਤਾ। ਜਾਣੀ-ਜਾਣ, ਦੂਰ-ਦਰਸ਼ੀ ਤੇ ਨੀਤੀ-ਨਿਪੁੰਨ ਗੁਰੂਦੇਵ ਉਨ੍ਹਾਂ ਦੀ ਇਹ ਚਾਲ ਸਮਝ ਗਏ, ਅਤੇ ਉਨ੍ਹਾਂ ਦੇ ਫੰਧੇ ਵਿਚ ਇਉਂ ਫਸਣ ਲਈ ਰਜ਼ਾਮੰਦ ਨਾ ਹੋਏ। ਪਰ ਕਈ ਮਹੀਨਿਆਂ ਤੋਂ ਘਿਰੇ ਹੋਏ ਸਿੱਖ-ਸੇਵਕਾਂ ਨੇ ਆਖ਼ਰ ਉਨ੍ਹਾਂ ਦੀਆਂ ਸੁਗੰਧਾਂ ਉਤੇ ਇਤਬਾਰ ਕਰਨ ਤੇ ਉਨ੍ਹਾਂ ਦਾ ਅਮਨ-ਨਿਓਤਾ ਪਰਵਾਨ ਕਰਨ ਲਈ, ਆਪ ਨੂੰ ਮੰਨਾਅ ਲਿਆ।

ਵੈਰੀਆਂ ਨੇ ਲੜਾਈ ਬੰਦ ਕਰਨ, ਨਾਕਾਬੰਦੀ ਹਟਾਉਣ, ਅਤੇ ਆਨੰਦਪੁਰੋਂ ਬਾਹਰ ਜਾਣ ਵਾਲਿਆਂ ਲਈ ਸੁਰੱਖਿਆ ਦਾ ਪਰਬੰਧ ਕਰਨ ਦਾ ਐਲਾਨ ਕੀਤਾ। 5-6 ਦਸੰਬਰ ਦੀ ਕਕੱਰੀਲੀ ਰਾਤ ਨੂੰ ਬਚੇ-ਖੁਚੇ ਤੇ ਥੱਕੇ -ਟੁੱਟੇ ਡੇਢ ਕੁ ਹਜ਼ਾਰ ਸਿਰਲਥੱ ਜੀਆਂ ਦਾ ਇਹ ਕਾਫ਼ਲਾ ਆਪਣੇ ਨਿਰਭੈ ਸੈਨਾਪਤੀ ਦੀ ਕਮਾਨ ਹੇਠ ਬਾਹਰ ਨਿਕਲਿਆ। ਇਸ ਵਿਚ ਬੱਚੇ ਵੀ ਸਨ ਤੇ ਬੀਬੀਆਂ ਵੀ। ਚਾਰੇ ਪਾਸੇ ਲਖਾਂ ਦੀ ਗਿਣਤੀ ਵਿਚ ਠਾਠਾਂ ਮਾਰ ਰਹੇ ਵੈਰੀ ਦਲਾਂ ਤੇ ਕਚੀਚੀਆਂ ਵਟ ਰਹੇ ਫ਼ੌਜੀਆਂ ਤੇ ਲੁਟੇਰਿਆਂ ਦੀਆਂ ਸਫ਼ਾਂ ਵਿੱਚੋਂ ਜਿਸ ਹਠ ਤੇ ਹਿੰਮਤ ਨਾਲ ਇਹ ਲੰਘ ਰਿਹਾ ਸੀ, ਉਸ ਦੀ ਦਾਦ ਉਨ੍ਹਾਂ ਨੂੰ ਹੜੱਪਣ ਲਈ ਦੰਦ ਪੀਹ ਰਹੇ ਜਾਬਰ ਵੀ ਦੇ ਰਹੇ ਸਨ।

ਕੀਰਤਪੁਰ ਟਪਦਿਆਂ ਹੀ, ਇਨ੍ਹਾਂ ਮੁਠੀ-ਭਰ ਯੋਧਿਆਂ ਨਾਲ ਜੋ ਵਿਸਾਹ-ਘਾਤ ਹੋਇਆ; ਸ਼ਾਹੀ ਫ਼ੌਜਾਂ ਨੇ ਜਿਸ ਬੇਹਿਯਾਈ ਤੇ ਬੇਰਹਿਮੀ ਨਾਲ ਉਨ੍ਹਾਂ ਨੂੰ ਗਿਰਝਾਂ ਵਾਂਗ ਆ ਦਬੋਚਿਆ; ਗੁਰੂਦੇਵ ਨੇ ਜਿਸ ਦਲੇਰੀ ਤੇ ਦ੍ਰਿੜ੍ਹਤਾ ਨਾਲ ਉਨ੍ਹਾਂ ਦੇ ਵਾਰ ਠਲ੍ਹੇ; ਭੁੱਖੇ-ਭਾਣੇ ਬੱਚਿਆਂ ਨੇ ਜਿਸ ਸਿਦਕ ਤੇ ਸੂਰਮਤਾਈ ਨਾਲ ਟਾਕਰਾ ਕੀਤਾ; ਅਤੇ ਗੇਣਵੇਂ ਤੇ ਲਗਪਗ ਨਿਹੱਥੇ ਸਿੱਖ-ਸੇਵਕਾਂ ਨੇ ਬਹਾਦਰੀ ਤੇ ਜਾਨਬਾਜ਼ੀ ਦਾ ਜੋ ਸਬੂਤ ਦਿੱਤਾ — ਉਸ ਦਾ ਬਿਆਨ ਮਨੁੱਖੀ ਹਿਰਦੇ ਨੂੰ ਕੰਬਾਅ ਦੇਂਦਾ ਹੈ।

ਪਰ ਜਿਨ੍ਹਾਂ ਸੂਰਬੀਰਾਂ ਤੇ ਸਿਰਲੱਥਾਂ ਦੇ ਸਿਰ ਇਹ ਸਭ ਕੁਝ ਬੀਤਿਆ, ਉਨ੍ਹਾਂ ਦਾ ਹਾਲ ਇਹ ਸੀ ਕਿ ਉਹ ਅਜਿਹੀ ਕਠਨ ਅਜ਼ਮਾਇਸ਼ ਦੇ ਸਮੇਂ ਵੀ, ਰਤਾ ਵੀ ਨਾ ਘਾਬਰੇ ਅਤੇ ਤੋੜ ਤਕ 'ਚੜ੍ਹਦੀ ਕਲਾ' ਵਿਚ ਵਿਚਰਦੇ

ਤੇ ਜੂਝਦੇ ਰਹੇ। ਇਸ ਅਚਾਨਕ ਤੇ ਭਿਆਨਕ ਮਾਰ-ਧਾੜ ਤੋਂ ਬਚ ਗਏ ਸੂਰਮਿਆਂ ਨੇ ਆਪਣੀ ਸੁਰਤ ਨੂੰ ਇੰਨਾ ਅਡੋਲ ਤੇ ਬਲਵਾਨ ਰਖਿਆ ਕਿ ਠਾਹ-ਠਾਹ ਕਰਦੀਆਂ ਬੰਦੂਕਾਂ ਦੀ ਬੁਛਾੜ ਤੇ ਤੀਰਾਂ-ਤਲਵਾਰਾਂ ਦੀ ਸ਼ੂਕਾਰ ਵਿਚ ਵੀ, ਉਹ ਆਪਣੇ ਨਿਤਨੇਮ ਤੋਂ ਅਵੇਸਲੇ ਨਾ ਹੋਏ। ਲਹੂ-ਤਿਹਾਏ ਵੈਰੀ ਤੇ ਹੜ੍ਹ ਨਾਲ ਸ਼ੂਕ ਰਹੀ ਸਰਸਾ ਵਿਚਕਾਰ ਘਿਰੇ ਹੋਏ ਸ਼ਕਤੀ-ਤੇ-ਭਗਤੀ ਦੇ ਉਹ ਸਾਕਾਰ ਪੁਤਲੇ ਅੰਮ੍ਰਿਤ-ਵੇਲਾ ਆਉਂਦਿਆਂ ਹੀ, ਵਾਹਿਗੁਰੂ ਦੇ ਸਿਮਰਨ-ਕੀਰਤਨ ਵਿਚ ਜੁੜ ਗਏ। ਸਾਡੀ ਜਾਚੇ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਉਸ ਅਦੁੱਤੀ ਸਪਿਰਿਟ, ' ਚੜ੍ਹਦੀ ਕਲਾ, ' ਦੀ ਸਿਖਰ ਵੀ ਤਾਂ ਇਹੋ ਹੈ। ਗੁਰਮਤਿ ਦੇ ਮਹਾਨ ਵਿਆਖਿਆਕਾਰ, ਭਾਈ ਵੀਰ ਸਿੰਘ ਨੇ, ਜਿਵੇਂ ਕਿ ਪਹਿਲਾਂ ਦਸ ਆਏ ਹਾਂ , ਤਦੇ ਤਾਂ ਅਖਿਆ ਸੀ :

ਸਿੱਖੀ ਹੈ
ਬਲਵਾਨ ਕਰਨਾ ਸੁਰਤ ਨੂੰ,
'ਚੜ੍ਹਦੀ ਕਲਾ' ਨਿਵਾਸ
ਸਦ ਹੀ ਰਖਣਾ।[4]

12
ਜੋੜਾ ਇਸ ਪਾਸੇ, ਜੋੜਾ ਉਸ ਪਾਸੇ

ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਦੀ ਬੁਛਾੜ ਤੋਂ ਕੰਨੀ ਬਚਾਂਦਿਆਂ ਅਤੇ ਸਿਆਲੀ ਵਰਖਾ ਨਾਲ ਅਚਾਨਕ ਚੜ੍ਹ-ਆਈ ਸਰਸਾ ਵਿਚ ਠਿਲ੍ਹਦਿਆਂ, ਤੇ ਉਸ ਨੂੰ ਪਾਰ ਕਰਦਿਆਂ ਵੀ ਜੋ ਕੁਝ ਵਾਪਰਿਆ, ਉਸ ਦਾ ਅਭਾਗ ਵੀ ਕਿਸੇ ਵਿਰਲੇ ਨੂੰ ਹੀ ਪਰਾਪਤ ਹੋਇਆ ਹੋਵੇਗਾ! ਉਨ੍ਹਾਂ ਵਿੱਚੋਂ ਕਈ ਮਰੇ, ਕਈ ਡੁਬੇ, ਕਈ ਰੁੜ੍ਹੇ। ਤੇ ਜੋ ਸ਼ੂਕਦੇ, ਬਰਫ਼ੀਲੇ ਪਾਣੀ ਦੀ ਫੇਟ ਤੋਂ ਬਚ ਕੇ ਮਸਾਂ ਪਾਰ ਪਹੁੰਚੇ, ਉਹ ਅਜਿਹੇ ਖੇਰੂੰ-ਖੇਰੂੰ ਹੋਏ ਕਿ ਉਨ੍ਹਾਂ ਵਿੱਚੋਂ ਕਈਆਂ ਦਾ ਤਾਂ ਮੁੜ ਮੇਲ ਹੀ ਨਾ ਹੋ ਸਕਿਆ।

ਪਾਵਨ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ[1] ਵਾਲੇ ਜੱਥੇ ਦੇ ਸਾਰੇ ਸਿੰਘ ਜਾਂ ਮਾਰੇ ਗਏ ਜਾਂ ਰੁੜ੍ਹ ਗਏ ; ਅਤੇ ਮਸਾਂ ਬਚੀ ਦਾਦੀ ਤੇ ਪੋਤਰੇ ਆਪਣੇ ਰਸੋਈਏ, ਗੰਗੂ ਬ੍ਰਾਹਮਣ, ਨਾਲ ਸਰਹਿੰਦ ਵਲ ਨਿਕਲ ਗਏ। ਭਾਈ ਮਨੀ ਸਿੰਘ ਵਾਲੇ ਜੱਥੇ ਵਿੱਚੋਂ ਸਿਰਫ਼ ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ ਤੇ ਕੇਵਲ ਪੰਜ ਹੋਰ ਜੀਅ ਹੀ ਬਚ ਸਕੇ ; ਅਤੇ ਇਨ੍ਹਾਂ ਦੀ ਮੁਹਾਰ ਦਿੱਲੀ ਵਲ ਮੁੜ ਗਈ।

ਗੁਰੂ ਗੋਬਿੰਦ ਸਿੰਘ ਆਪ, ਆਪਣੇ ਦੋ ਵੱਡੇ ਬੇਟਿਆਂ[2] ਅਤੇ ਕੁਝ ਗੇਣਵੇਂ ਸਾਥੀਆਂ ਨਾਲ, ਵੱਸਦੇ ਮੀਂਹ ਤੇ ਭਿਜਦੇ ਕਪੜੀਂ, ਠਰੇ-ਭੁੱਖੇ ਤੇ ਥੱਕੇ-ਟੁੱਟੇ ਸਰੀਰਾਂ ਨੂੰ ਠੇਲ੍ਹਦੇ, ਰੋਪੜ ਵਲ ਠਿਲ੍ਹ ਪਏ। ਰੋਪੜ ਪੁਜਦਿਆਂ ਹੀ, ਸਥਾਨਕ ਪਠਾਣਾਂ ਨੇ ਤਲਵਾਰੀ ਹੱਲੇ ਨਾਲ ਸੁਆਗਤ ਕੀਤਾ। ਤੇ ਜਦੋਂ ਉਹ, ਦਿਨ ਡੁਬਣ ਵੇਲੇ, ਚਮਕੌਰ ਪਹੁੰਚੇ ਤਾਂ ਉਨ੍ਹਾਂ ਦੇ ਨਾਲ, ਲੈ ਦੇ ਕੇ, ਕੇਵਲ ਦੋ ਬੇਟੇ ਤੇ ਚਾਲ੍ਹੀ ਸਿੰਘ ਹੀ ਸਨ।

ਪਿੱਛੋਂ, ਵੈਰੀ-ਦਲ ਮਾਰੋ-ਮਾਰ ਕਰਦਾ ਆ ਰਿਹਾ ਸੀ। ਅਗੋਂ, ਦਿੱਲੀਉਂ ਤੁਰੀ ਤਾਜ਼ਾ-ਦਮ ਫ਼ੌਜ

4. ਵੀਰ ਸਿੰਘ, ਭਾਈ, ਰਾਣਾ ਸੂਰਤ ਸਿੰਘ, ਅੰਮ੍ਰਿਤਸਰ-1905; ਚੌਥੀ ਛਾਪ-1955, ਪੰਨਾ 224.

1. ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ।

2. ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ।

ਵਾਹੋ-ਦਾਹੀ ਪਹੁੰਚ ਰਹੀ ਸੀ। ਆਪਣੇ ਆਪ ਨੂੰ ''ਪਰਮ-ਪੁਰਖ ਕੋ ਦਾਸਾ'' ਆਖਣ ਵਾਲੇ ਗੁਰੂ ਗੋਬਿੰਦ ਸਿੰਘ[3], ਉਸ ਦੇ ਬਤਾਲੀ ਭੁੱਖੇ-ਭਾਣੇ ਤੇ ਥੱਕੇ-ਟੁੱਟੇ ਜੀਆਂ ਸਮੇਤ, ਨਾ ਪਿਛੇ ਮੁੜਨ ਅਤੇ ਨਾ ਹੀ ਅਗੇ ਵਧਣ ਜੋਗੇ ਰਹਿ ਗਏ ਸਨ। ਇਕ ਭਿਆਨਕ ਔਘਟ, ਅਤੇ ਅਜੀਬ ਤੇ ਘਾਤਕ ਕੁੜਿੱਕੀ ਵਿਚ ਫਸੇ ਹੋਇਆਂ ਨੇ, ਅਜੇ ਵੀ ਨਾ ਹਿੰਮਤ ਹਾਰੀ ਅਤੇ ਨਾ ਹੀ ਹੌਸਲਾ ਛੱਡਿਆ। ਛੱਡਦੇ ਵੀ ਕਿਵੇਂ ? ਉਹ ਤਾਂ ਅਜਿਹੇ ਅਦੁੱਤੀ ਤੇ ਜਾਨਬਾਜ਼ ਸੂਰਮਾ ਸਨ ਜਿਨ੍ਹਾਂ ਦਾ ਇਹ ਲਛੱਣ ਉਨ੍ਹਾਂ ਦੇ ਪੜਦਾਦਾ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ, ਨੇ ਇਕ ਸੌ ਵਰ੍ਹੇ ਪਹਿਲਾਂ, ਸੰਨ 1604 ਵਿਚ, ਤਿਆਰ ਕੀਤੀ ਇਕ ਮਹਾਨ ਤੇ ਬੇਮਿਸਾਲ ਧਰਮ-ਪੁਸਤਕ ਵਿਚ , ਭਗਤ ਕਬੀਰ ਜੀ ਦੇ ਸ਼ੁਭ ਨਾਂ ਹੇਠ, ਇਉਂ ਕਾਲੀਬੰਦ ਕਰ ਦਿੱਤਾ ਸੀ :

ਗਗਨ ਦਮਾਮਾ [4] ਬਾਜਿਓ, ਪਰਿਓ ਨੀਸਾਨੈ ਘਾਉ [5]।
ਖੇਤੁ [6] ਜੁ ਮਾਂਡਿਓ [7] ਸੂਰਮਾ, ਅਬ ਜੂਝਨ ਕੋ ਦਾਉ [8]।
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ [9] ਕੇ ਹੇਤ [10]।
ਪੁਰਜਾ ਪੁਰਜਾ [11] ਕਟਿ ਮਰੈ, ਕਬਹੂ ਨਾ ਛਾਡੈ ਖੇਤੁ।[12]

ਅਜਿਹੇ ਕਾਮਲ ਉਦੇਸ਼ ਤੇ ਅਮਲੀ ਉਪਦੇਸ਼ ਨੇ ਗੁਰੂ ਗੋਬਿੰਦ ਸਿੰਘ ਨੂੰ ਇੰਨਾ ਨਿਰਭੈ ਤੇ ਦ੍ਰਿੜ੍ਹ ਬਣਾ ਦਿੱਤਾ ਸੀ ਕਿ ਉਹ ਜੀਵਨ ਦੇ ਸਭ ਤੋਂ ਵੱਡੇ ਭੈ, ਮੌਤ, ਨਾਲ ਵੀ ਮੱਥਾ ਡਾਹੁਣ ਲਈ ਜਿਥੇ ਆਪ ਤਤਪਰ ਸਨ, ਉਥੇ ਉਨ੍ਹਾਂ ਦੇ ਸਪੁੱਤਰ ਤੇ ਸਿੱਖ-ਸੇਵਕ ਵੀ, ਉਨ੍ਹਾਂ ਦੇ ਸਿਖਾਏ ਹੋਣ-ਲਿਖੇ ਸਬਕ ਅਨੁਸਾਰ, ਹਰ ਦਮ ਬਿਲਕੁਲ ਤਿਆਰ-ਬਰ-ਤਿਆਰ ਸਨ :

ਜੋ ਕਹੂੰ ਕਾਲ [13] ਤੇ ਭਾਜ ਕੇ ਬਾਚੀਅਤ,
ਤੋ ਕਿਹ ਕੁੰਟ ਕਹੋ ਭਜਿ ਜਈਯੈ ?
ਆਗੇ ਹੂੰ ਕਾਲ ਧਰੇ ਅਸਿ [14] ਗਾਜਤ,
ਛਾਜਤ [15] ਹੈ ਜਿਹ ਤੇ ਨਸਿ ਅਈਯੈ।
ਐਸੋ ਨਾ ਕੈ ਗਯੋ ਕੋਈ ਸੁ ਦਾਵ ਰੇ,
ਜਾਹਿ ਉਪਾਵ ਸੋ ਘਾਵ [16] ਬਚਈਯੈ।
ਜਾਂ ਤੇ ਹੂੰ ਛੁਟੀਐ ਮੂੜ ਕਹੂੰ ,
ਹਸਿ ਤਾਕੀ ਨ ਕਿਉਂ ਸਰਨਾਗਤਿ ਜਈਯੈ [17] ?[18]

---

3. ਮੈਂ ਹੋ ਪਰਮ ਪੁਰਖ ਕੋ ਦਾਸਾ,
ਦੇਖਨਿ ਆਯੋ ਜਗਤ ਤਮਾਸਾ।
(ਦਸਮ ਗ੍ਰੰਥ ਸਾਹਿਬ, ਉਹੀ, ਪੰ. 73, ਬਚਿੱਤ੍ਰ ਨਾਟਕ, 'ਅਪਨੀ ਕਥਾ', ਉਹੀ, ਧਿਆ 6, ਚੌਪਈ, ਪਦ 33).

4. ਧੌਂਸਾ। 5.ਨਿਸ਼ਾਨੇ ਉਤੇ ਸੱਟ ਵਜੀ। 6. ਰਣ-ਭੂਮੀ। 7. ਮੱਲ ਲਈ।

8. ਵੇਲਾ। 9. ਹੀਣੇ, ਅਨਾਥ ਲੋਕਾਂ। 10. ਲਈ। 11.ਟੋਟੇ ਟੋਟੇ।

12. ਗੁਰੂ ਗ੍ਰੰਥ ਸਾਹਿਬ, ਉਹੀ, ਰਾਗ ਮਾਰੂ, ਸਲੋਕ ਕਬੀਰ, ਪੰ. 1105.

13. ਮੌਤ। 14. ਤਲਵਾਰ ਫੜੇ ਹੋਏ। 15. ਫਬਦਾ ਹੈ।

16. ਵਾਰ,ਹੱਲਾ। 17. ਸ਼ਰਨ ਵਿਚ ਆਏ ਹੋਏ (ਬਣ ਜਾਈਏ)।

18. ਵੇਖੋ : ਦਸਮ ਗ੍ਰੰਥ ਸਾਹਿਬ, ਉਹੀ, ਪੰ. 61, ਬਚਿੱਤ੍ਰ ਨਾਟਕ, ਪ੍ਰਿਥਮ ਧਿਆਇ, ਪਦ ਨੰ. 96.

ਸ਼ਹੀਦ ਪਿਓ-ਪੜਦਾਦੇ ਦੇ ਯੋਗ ਤੇ ਮਹਾਨ ਵਾਰਿਸ ਗੁਰੂ ਗੋਬਿੰਦ ਸਿੰਘ ਨੇ, ਤੁਰੰਤ ਹੀ, ਉਥੇ ਹੀ ਅਟਕਣ, ਅੰਤਮ ਸੁਆਸਾਂ ਤਕ ਜੂਝਣ ਤੇ ਜੀਊਂਦੇ-ਜੀ ਵੈਰੀ ਦੇ ਹੱਥ ਨਾ ਆਉਣ ਦਾ ਫ਼ੈਸਲਾ ਕਰ ਲਿਆ। ਪਿੰਡ ਦੀ ਇਕ ਹਵੇਲੀ, ਇਸ ਬੇਮਿਸਾਲ ਧਰਮ-ਯੁੱਧ ਦੇ ਬਚੇ ਹੋਏ ਇਨ੍ਹਾਂ ਗੋਣਵੇਂ ਪਰਵਾਨਿਆਂ ਦੀ 'ਗੜ੍ਹੀ' ਬਣ ਗਈ। ਸਵੇਰ ਹੁੰਦਿਆਂ ਹੀ, ਲੱਖਾਂ ਹਥਿਆਰਬੰਦ ਫ਼ੌਜੀਆਂ ਨੇ ਇਹਨੂੰ ਚੁਫੇਰਿਉਂ ਘੇਰ ਲਿਆ ਅਤੇ 7 ਦਸੰਬਰ 1705 ਨੂੰ ਸੰਸਾਰ ਦਾ ਉਹ ਅਨੋਖਾ ਯੁੱਧ ਸ਼ੁਰੂ ਹੋ ਗਿਆ ਜਿਸ ਵਿਚ ਹੇਠ-ਲਿਖੀ ਸਮਕਾਲੀ ਗਵਾਹੀ ਅਨੁਸਾਰ:

ਕਹਾਂ ਬੀਰ ਚਾਲੀ ਛੁਧਾਵੰਤ,
ਕਹਾਂ ਏਕ ਨੌ ਲਾਖ ਆਏ ਹਕਾਰੇ।[19]

ਵੈਰੀ-ਦਲ ਨੂੰ ਗੜ੍ਹੀ ਤੋਂ ਪਰੇਡੇ ਰਖਣ ਲਈ, ਪਹਿਲਾਂ ਤੀਰ ਵਰਤੇ ਗਏ। ਜਦੋਂ ਉਹ ਮੁਕ ਗਏ ਤਾਂ ਬਰਛੀਆਂ ਤਲਵਾਰਾਂ ਨਾਲ ਹੱਥੋ-ਹੱਥ ਲੜਾਈ ਸ਼ੁਰੂ ਹੋ ਪਈ; ਜਿਵੇਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਹੋਈ ਅਜਿਹੀ ਮੁੱਠਭੇੜ ਦਾ ਜ਼ਿਕਰ ਕਰਦਿਆਂ; ਸਮਕਾਲੀ ਕਵੀ ਸੈਨਾਪਤਿ ਨੇ ਲਿਖਿਆ ਹੋਇਆ ਹੈ:

ਕਰਤ ਮਾਰ ਚਾਰੇ ਦਿਸਾ, ਜੀਤ ਸਿੰਘ ਅਸਵਾਰ;
ਸਾਂਗ ਤਜੀ ਕਰਤੇ ਤਬੈ, ਗਹ ਲੀਨੀ ਤਰਵਾਰ।[20]

ਫਿਰ ਮੁੱਠੀ-ਭਰ ਮਰਜੀਵੜਿਆਂ ਦੇ ਨਿੱਕੇ-ਨਿੱਕੇ ਜੱਥੇ ਗੜ੍ਹੀ ਵਿੱਚੋਂ ਵਾਰੋ-ਵਾਰ ਨਿਕਲਣ, ਜੂਝਣ ਤੇ ਸ਼ਹੀਦ ਹੋਣ ਲਗ ਪਏ ਅਤੇ, ਭਾਈ ਨੰਦ ਲਾਲ ਜੀ ਦੇ ਲਫ਼ਜ਼ਾਂ ਵਿਚ, ਗੁਰੂ ਗੋਬਿੰਦ ਸਿੰਘ ਦੇ ਇਸ ਏਲਾਨੀਆ ਬਚਨ ਨੂੰ ਅਮਲੀ ਜਾਮਾ ਪਹਿਨਾਉਣ ਲਗ ਪਏ:

ਸਵਾ ਲਾਖ ਸੇ ਏਕ ਲੜਾਊਂ,
ਚੜ੍ਹੇ ਸਿੰਘ ਤਿਸ ਮੁਕਤ ਕਰਾਊਂ।[21]

ਇਨ੍ਹਾਂ ਵਿੱਚੋਂ ਦੋਹਾਂ ਦੀ ਜਥੇਦਾਰੀ ਗੁਰੂ ਤੇਗ ਬਹਾਦਰ ਦੇ ਸਪੁੱਤਰ, ਗੁਰੂ ਗੋਬਿੰਦ ਸਿੰਘ, ਨੇ ਆਪਣੇ ਦੋ ਵੱਡੇ ਸਪੁੱਤਰਾਂ ਨੂੰ ਆਪ ਸੌਂਪੀ। ਉਨ੍ਹਾਂ ਨੂੰ ਆਪ ਆਪਣੇ ਹੱਥੀਂ ਤੋਰਿਆ। ਪਲੇਠੇ ਪੁੱਤਰ, ਸਾਹਿਬਜ਼ਾਦਾ ਅਜੀਤ ਸਿੰਘ, ਨੂੰ ਬੜੀ ਨਿਰਭੈਤਾ ਤੇ ਸੂਰਬੀਰਤਾ ਨਾਲ ਜੂਝਦਿਆਂ ਵੇਖ ਕੇ, ਉਸ ਨਾਂ-ਧਰੀਕ ਗੜ੍ਹੀ ਤੋਂ ਹੀ ਸ਼ਾਬਾਸ਼ ਦੇਂਦਿਆਂ ਆਖਿਆ:[22]

بڑھ چڑھ کے روئے سے شجاعت جو دکھائی
ستگورو نے وہیں قلعہ سے بیٹے کو ندا دی
شاباش پسر خوب دلیری سے لڑے ہو
ہاں! کیوں نہ ہو گوبند کے فرزند بڑے ہو

---

19. ਸੈਨਾਪਤਿ, ਸ੍ਰੀ ਗੁਰ ਸੋਭਾ, ਉਹੀ, ਧਿਆਉ 12, 'ਚਮਕੌਰ ਦਾ ਯੁੱਧ'.
20. ਸੈਨਾਪਤਿ, ਸ੍ਰੀ ਗੁਰ ਸੋਭਾ, ਉਹੀ, ਪਦ 509; ਪੰਨਾ 78.
21. ਸਮਕਾਲੀ ਵਿਦਵਾਨ, ਭਾਈ ਨੰਦ ਲਾਲ ਗੋਯਾ ਜੀ, ਦੀ ਗਵਾਹੀ ਅਨੁਸਾਰ। ਵੇਖੋ: ਤਨਖ਼ਾਹਨਾਮਾ, ਪਦ ਨੰ. 34.
22. ਹਕੀਮ ਅੱਲਾ ਯਾਰ ਖ਼ਾਂ ਜੋਗੀ ਦੇ ਲਫ਼ਜ਼ਾਂ ਵਿਚ, ਵੇਖੋ: ਉਨ੍ਹਾਂ ਦੀ ਰਚਨਾ, ਜੌਹਿਰੇ ਤੇਗ਼,ਬੰਦ ਨੰ .94.

(ਚੜ੍ਹ ਚੜ੍ਹ ਕੇ ਰਵੱਕੇ ਸੇ, ਸ਼ੁਜਾਇਤ ਜੋ ਦਿਖਾਈ;ਸਤਿਗੁਰੂ ਨੇ ਵੁਹੀ ਕਿਲ੍ਹਾ ਸੇ, ਬੇਟੇ ਕੋ ਨਿਦਾਅ ਦੀ।
ਸ਼ਾਬਾਸ਼ ਪਿਸਰ! ਖ਼ੂਬ ਦਲੇਰੀ ਸੇ ਲੜੇ ਹੋ; ਹਾਂ ਕਿਉਂ ਨਾ ਹੋ, ਗੋਬਿੰਦ ਕੇ ਫ਼ਰਜ਼ੰਦ ਬੜੇ ਹੋ!) [22]

ਦੋਹਾਂ ਬੇਟਿਆਂ ਨੂੰ ਇਉਂ ਆਪਣੀਆਂ ਅੱਖਾਂ ਸਾਹਵੇਂ ਜੂਝਦਿਆਂ ਤੇ ਪੁਰਜ਼ਾ-ਪੁਰਜ਼ਾ ਹੁੰਦਿਆਂ ਵੇਖਿਆ। ਜਿਗਰ ਦੇ ਟੋਟਿਆਂ ਨੂੰ ਟੋਟੇ-ਟੋਟੇ ਹੁੰਦਿਆਂ ਵੇਖ ਕੇ, 'ਚੜ੍ਹਦੀ ਕਲਾ' ਦੇ ਪੁੰਜ ਰਤਾ ਨਾ ਡੋਲੇ, ਭੋਰਾ ਵੀ ਨਾ ਥਿਫਲੇ, ਜ਼ਰਾ ਵੀ ਨਾ ਘਾਬਰੇ। ਗਿਲਾ-ਸ਼ਿਕਵਾ ਕਰਨਾ ਤਾਂ ਕਿਤੇ ਰਿਹਾ, ਸਗੋਂ ਪ੍ਰਭੂ ਦਾ ਧੰਨਵਾਦ ਕਰਦਿਆਂ ਨਿਸੰਗ ਆਖਿਆ:

''ਰੱਬਾ! ਤੇਰਾ ਸ਼ੁਕਰੀਆ !!
ਦੇਸ, ਕੌਮ ਧਰਮ ਤੇ ਮਨੁੱਖਤਾ ਲਈ
ਅਜ ਇਕ ਹੋਰ ਅਮਾਨਤ
ਅਦਾਅ ਹੋ ਗਈ ਹੈ।''

ਹਕੀਮ ਅੱਲਾ ਯਾਰ ਖ਼ਾਂ ਦੇ ਲਫ਼ਜ਼ਾਂ ਵਿਚ [23]

مجھ پر سے آج تیری امانت ادا ہوئی
بیٹوں کی جان دھرم کی خاطر فدا ہوئی (شہیدانِ وفا)

(ਮੁਝ ਪਰ ਸੇ ਆਜ ਤੇਰੀ, ਅਮਾਨਤ ਅਦਾ ਹੂਈ;
ਬੇਟੋਂ ਕੀ ਜਾਨ ਧਰਮ ਕੀ, ਖ਼ਾਤਿਰ ਫ਼ਿਦਾ ਹੂਈ)। [23]

ਹਾਂ, ਮਗਰੋਂ ਸਿਰਫ਼ ਸਮੇਂ ਦੇ ਸ਼ਹਿਨਸ਼ਾਹ ਨੂੰ ਉਸ ਦੀ ਨੀਚਤਾ, ਕਰੂਰਤਾ, ਕਾਇਰਤਾ ਅਤੇ ਬਚਨ-ਭੰਗਤਾ ਦਾ ਅਹਿਸਾਸ ਕਰਾਉਣ ਲਈ ਲਿਖਿਆ: ''ਕੀ ਹੋਇਆ ਜੇ ਇਕ ਗਿੱਦੜ ਨੇ ਇਕ ਸ਼ੇਰ ਦੇ ਦੋ ਬੱਚਿਆਂ ਨੂੰ ਧੋਖੇ ਤੇ ਧਰੋਹ ਨਾਲ ਖਾ ਲਿਆ ਹੈ? ਸ਼ੇਰ ਅਜੇ ਜੀਉਂਦਾ ਹੈ ਅਤੇ ਉਨ੍ਹਾਂ ਦੇ ਅਦਲੇ-ਬਦਲੇ ਗਿਣ ਕੇ ਲੈ ਸਕਦਾ ਹੈ''।[24] ਉਨ੍ਹਾਂ ਦੇ ਪਾਵਨ ਲਫ਼ਜ਼ਾਂ ਵਿਚ —

چہ شد گر شغالے بہ مکرو ریا؟
ہمیں کشت دو بچۂ شیر را۔
چوں شیر ژیاں زندہ ماند ہمے
ز تو انتقامے ستاند ہمے (فتح نامہ)

(ਚਿਹ ਸ਼ੁਦ ਗਰ ਸ਼ਗਾਲੇ ਬ-ਮੱਕਰੋ ਰੱਯਾ?
ਹਮੀ ਕੁਸ਼ਤ ਦੋ ਬੱਚਾ-ਇ-ਸ਼ੇਰ ਰਾ।
ਚੂੰ ਸ਼ੇਰੇ ਜ਼ਯਾਂ ਜ਼ਿੰਦਾ ਮਾਨਦ ਹਮੇ,
ਜ਼ਿ ਤੂ ਇਨਤਕਾਮੇ ਸਤਾਨਦ ਹਮੇ।) [24]

---

23. ਹਕੀਮ ਅੱਲਾ ਯਾਰ ਖ਼ਾਂ ਜੋਗੀ ਦੇ ਲਫ਼ਜ਼ਾਂ ਵਿਚ, ਵੇਖੋ: ਉਨ੍ਹਾਂ ਦੀ ਰਚਨਾ, ਜੌਹਰਿ ਤੇਗ਼, ਬੰਦ ਨੰ. 98.
24. ਮਾਛੀਵਾੜੇ ਤੋਂ ਲਿਖੀ ਚਿੱਠੀ, ਫ਼ਤਿਹਨਾਮਾ, ਵਿੱਚੋਂ। ਵੇਖੋ: ਬਹੁ ਵਿਸਤਾਰ, ਉਹੀ, ਦੂਜੀ ਛਾਪ, ਲੁਧਿਆਣਾ

ਦੂਜੇ ਸਾਹਿਬਜ਼ਾਦੇ, ਬਾਬਾ ਜੁਝਾਰ ਸਿੰਘ, ਦੀ ਸੂਰਬੀਰਤਾ ਦੇ ਕਰਤਬ ਅਤੇ ਪਾਵਨ ਸ਼ਹੀਦੀ ਦੇ ਦ੍ਰਿਸ਼ ਵੇਖ ਰਹੇ ਗੁਰੂ-ਪਿਤਾ ਦਾ ਧਿਆਨ ਜਦੋਂ ਕਾਦਰ ਦੀ ਕੁਦਰਤ ਵਲ ਗਿਆ ਸੀ ਤਾਂ ਉਦੋਂ ਵੀ ਕਿਸੇ ਤਰ੍ਹਾਂ ਦਾ ਕੋਈ ਸ਼ੋਕ ਜਾਂ ਸ਼ਿਕਾਇਤ ਪਰਗਟ ਕਰਨ ਦੀ ਥਾਂ, ਉਸ ਦੀਆਂ ਰੰਗੀਨੀਆਂ ਤੋਂ ਵਾਰੇ-ਚੋਖੰਨੇ ਜਾਂਦਿਆਂ, ਇਹ ਵੀ ਉਸ, ਔਰੰਗਜ਼ੇਬ, ਨੂੰ ਬੜੀ ਭਰਪੂਰ 'ਚੜ੍ਹਦੀ ਕਲਾ' ਦੇ ਜਲੌ ਵਿਚ ਲਿਖਿਆ ਸੀ :

هم آخر چه مردی کند کارزار
که بر چهل تن آیدش بے شمار.
چراغ جہاں چوں شده برقع پوش
شہ شب برامد ہمہ جلوه جوش.

(ਹਮ ਆਖ਼ਿਰ ਚਿ ਮਰਦੀ ਕੁਨੱਦ ਕਾਰਜ਼ਾਰ,
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।
ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰੱਕਾਪੋਸ਼,
ਸ਼ਹੇ ਸ਼ਬ ਬਰਾਮਦ ਹਮਾ ਜਲਵਾ ਜੋਸ਼।[25]

ਅਰਥਾਤ, "ਅਜਿਹੀ ਅਸੰਤੁਲਿਤ ਲੜਾਈ ਵਿਚ ਇਕੱਲੀ ਬੀਰਤਾ ਵੀ ਆਖ਼ਿਰ ਕੀ ਕਰ ਸਕਦੀ ਹੈ ਜਦੋਂ ਕੇਵਲ ਚਾਲ੍ਹੀ ਬੰਦਿਆਂ ਉਤੇ ਤੇਰੇ ਬੇਸ਼ੁਮਾਰ ਫ਼ੌਜੀ ਅਚਨਚੇਤ ਚੜ੍ਹ ਆਏ ਸਨ ? ਜਦੋਂ ਦੁਨੀਆਂ ਦੇ ਦੀਵੇ (ਭਾਵ ਸੂਰਜ) ਨੇ ਆਪਣਾ ਮੂੰਹ ਛੁਪਾ ਲਿਆ ਸੀ ਤਾਂ ਰਾਤ ਦਾ ਰਾਜਾ (ਭਾਵ ਚੰਨ) ਪੂਰੀ ਸਜ-ਧਜ ਨਾਲ ਨਿਕਲ ਆਇਆ ਸੀ।"[25]......ਇਉਂ 'ਧਰਤੀ ਦੇ ਚੰਨਾਂ' ਦੀ ਲੋਅ ਬੁਝਦਿਆਂ ਹੀ, 'ਆਕਾਸ਼ ਦਾ ਚੰਨ' ਚੜ੍ਹ ਆਇਆ ਸੀ ਅਤੇ ਦਿਨ ਦੀ ਲੜਾਈ ਬੰਦ ਹੋ ਗਈ ਸੀ।

ਉਧਰ, ਦੂਜੇ ਪਾਸੇ, ਦੋ ਛੋਟੇ ਬੇਟੇ ਤੇ ਪੂਜਯ ਮਾਤਾ ਜੀ ਸਰਹਿੰਦ ਦੀ ਭੇਟ ਚੜ੍ਹ ਗਏ। ਜਦੋਂ ਪਤਾ ਲਗਾ ਕਿ ਦੋਵੇਂ ਜੀਉਂਦੇ-ਜੀ ਕੰਧਾਂ ਵਿਚ ਚਿਣੇ ਗਏ ਸਨ ਅਤੇ ਦੋਵਾਂ ਨੇ ਆਪਣਾ ਧਰਮ ਤੇ ਉਦੇਸ਼ ਕੇਸਾਂ-ਸੁਆਸਾਂ ਸੰਗ ਇਹ ਕਹਿੰਦਿਆਂ ਨਿਭਾਇਆ ਸੀ, ਤਾਂ ਸ਼ਕਤੀ-ਤੇ-ਭਗਤੀ ਦੇ ਮੁਜੱਸਮਾ ਨੇ ਸਗੋਂ ਹੋਰ ਸ਼ੁਕਰ ਮਨਾਇਆ;

ਮਗਰੋਂ ਜਦੋਂ ਮਾਂ ਦੀ ਓਦਰੀ ਤੇ ਵਿਲ੍ਹੂੰਧਰੀ ਮਮਤਾ ਨੇ ਪੁਛਿਆ :

"ਮੇਰੇ ਬੱਚੇ ਕਿਥੇ ਹਨ ?"

ਤਾਂ 'ਚੜ੍ਹਦੀ-ਕਲਾ' ਦੇ ਪੁੰਜ; ਪ੍ਰਭੂ-ਭਗਤੀ, ਦੇਸ਼-ਭਗਤੀ ਤੇ ਮਾਨਵ-ਪ੍ਰੀਤ ਦੇ ਪੁਤਲੇ; ਅਤੇ ਧਰਮ-ਨਿਆਂ ਦੇ ਰਾਖੇ ਨੇ ਉਵੇਂ ਹੀ ਨਿੱਝਕ ਆਖਿਆ :

"ਉਹ ਦੇਸ਼-ਕੌਮ, ਅਤੇ ਧਰਮ-ਨਿਆਂ
ਦੀ ਦਰਵੱਟੜੀ ਉਤੋਂ ਘੋਲ-ਘੁਮਾਅ ਦਿੱਤੇ ਹਨ।"
"ਚਾਰੇ!"

-1970, ਸ਼ਿਅਰ 13, ਪੰ. 73, Duggal, Devindar Singh, *Fatehnama & Zafarnama of Guru Gobind Singh,* Jalandhar -1980, pp. 79-80, couplets no. 14-15.

25. ਦਸਮ ਗ੍ਰੰਥ ਸਾਹਿਬ, ਉਹੀ, ਵਿਚ ਸੰਚਿਤ ਜਫ਼ਰਨਾਮਾ, ਸ਼ਿਅਰ ਨੰ .41-42; ਸੰਪਾਦਿਤ ਪਾਠ, ਉਹੀ, ਪੰ. 1241 .

ਹਾਂ, ਚਾਰੇ!
''ਹਾਂ, ਪਰ ....!''
"ਇਹ ਸਮਾਂ ਸ਼ੋਕ ਦਾ ਨਹੀਂ, ਸ਼ੁਕਰਾਨੇ ਦਾ ਹੈ, ਕਿਉਂਕਿ —
ਤੋਹਿ ਪੁੱਤਰ ਬਡ ਬੀਰ ਬਹਾਦਰ,
ਗਯੋ ਸਵਰਗ ਦੇਵਨ ਤੇ ਸਾਦਰ।...
ਅਸ ਬੀਰਨ ਕੀ ਜਨਨੀ ਜੋਇ,
ਸੋਕ ਕਰਨ ਕੇ ਉਚਿਤ ਨ ਸੋਇ।
ਹਮਰੇ ਬੰਸ ਰੀਤ ਇਮ ਆਈ,
ਸੀਸ ਦੇਤ ਪਰ ਧਰਮ ਨਾ ਜਾਈ।[26]

ਜਦੋਂ ਮਮਤਾ ਦੇ ਮੁੱਖੜੇ ਉੱਤੇ ਕੁਝ ਮਲਾਲ ਆਉਂਦਾ ਵੇਖਿਆ ਤਾਂ ਖ਼ਾਲਸੇ ਵਲ ਇਸ਼ਾਰਾ ਕਰਦਿਆਂ, ਖ਼ਾਲਸੇ ਦੇ ਸਾਜਨਹਾਰ ਨੇ ਬੜੇ ਜਲਾਲ ਵਿਚ ਆ ਕੇ ਫ਼ਰਮਾਇਆ :

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਹਾ ਭਇਆ? ਜੀਵਤ ਕਈ ਹਜ਼ਾਰ!![27]

ਹਾਂ, ਪਿਛੋਂ ਜਦੋਂ ਉਸ ਜਾਬਰ ਤੇ ਜ਼ਾਲਮ ਬਾਦਸ਼ਾਹ ਵਲ ਚਿੱਠੀ ਲਿਖਣ ਦਾ ਸਮਾਂ ਤੇ ਮੌਕਾ ਮਿਲਿਆ ਤਾਂ ਉਸ ਦੀ ਬੇਈਮਾਨੀ ਤੇ ਬੁਜ਼ਦਿਲੀ ਨੂੰ ਵੰਗਾਰਦਿਆਂ ਆਖਿਆ : ''ਕਾਇਰਾ! ਇਹਦੇ ਵਿਚ ਤੇਰੀ ਕੀ ਬਹਾਦਰੀ ਹੋਈ? ਕੀ ਹੋਇਆ ਜੇ ਤੂੰ ਮੇਰੇ ਚਾਰ ਪੁੱਤਰ ਮਰਵਾ ਦਿੱਤੇ ਹਨ? ਯਾਦ ਰਖ ਕੁੰਡਲ-ਸੱਪ ਅਜੇ ਜੀਉਂਦਾ ਹੈ!''

چہ شد کہ چوں بچگاں کشتہ چار؟
کہ باقی بماندست پیچیدہ مار

(ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ?
ਕਿ ਬਾਕੀ ਬਮਾਂਦਸਤ ਪੇਚੀਦਹ ਮਾਰ।)[28]

''ਬੁਜ਼ਦਿਲਾ! ਇਹਦੇ ਵਿਚ ਵੀ ਕਾਹਦੀ ਜਵਾਂਮਰਦੀ ਹੋਈ ਕਿ ਤੂੰ ਕੁਝ ਚੰਗਿਆੜੀਆਂ ਨੂੰ ਬੁਝਾ ਦਿੱਤਾ ਹੈ ਜਦ ਕਿ ਇਨ੍ਹਾਂ ਦੇ ਬੁਝਣ ਨਾਲ ਦੱਘਦੀ ਹੋਈ ਜਵਾਲਾ ਭੜਕ ਉਠੀ ਹੈ।'' :

چہ مردی کہ اخگر خموشاں کنی؟
کہ آتش دماں را فروزاں کنی

(ਚਿ ਮਰਦੀ ਕਿ ਅਖਗਰ ਖ਼ਮੋਸ਼ਾਂ ਕੁਨੀ?
ਕਿ ਆਤਿਸ਼ ਦਮਾਂ ਰਾ ਫਰੋਜ਼ਾਂ ਕੁਨੀ।)[29]

---

26. ਹੋਰ ਵੇਖੋ: ਹੰਡੂਰੀਆ, ਭਾਈ ਦੁਨਾ ਸਿੰਘ, ਕਥਾ ਗੁਰੂ ਜੀ ਕੇ ਸੁਤਨ ਕੀ,
27. ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥਾਵਲੀ, ਉਹੀ, ਜਿਲਦ 4, ਪੰ. 3156.
28. ਦਸਮ ਗ੍ਰੰਥ ਸਾਹਿਬ, ਉਹੀ,ਸੰਪਾਦਿਤ ਪਾਠ, ਉਹੀ, ਪੰ.1246; ਵਿਚ ਸੰਚਿਤ ਜ਼ਫਰਨਾਮਾ, ਦੀਨਾ-ਕਾਂਗੜ-1705, ਸ਼ਿਅਰ ਨੰ.7.
29. ਉਕਤ, ਉਹੀ; ਸੰਪਾਦਿਤ ਪਾਠ, ਉਹੀ, ਪੰ. 1246; ਜ਼ਫਰਨਾਮਾ, ਸ਼ਿਅਰ ਨੰ. 79.

13

ਚਮਕੌਰ ਵਿਖੇ ਜੂਝਦਿਆਂ ਅਤੇ ਮਾਛੀਵਾੜੇ ਵਿਚ ਵਿਚਰਦਿਆਂ

ਚਮਕੌਰ ਵਿਚ ਘਿਰੇ ਹੋਏ ਚਾਲੀ ਸਿੰਘਾਂ ਵਿੱਚੋਂ, ਹਨੇਰਾ ਪੈਣ ਤਕ, ਕੇਵਲ ਗਿਆਰਾਂ ਰਹਿ ਗਏ। ਮੁਗ਼ਲਈ ਜਰਨੈਲਾਂ ਤੇ ਪਹਾੜੀ ਰਾਜਿਆਂ ਨੂੰ ਯਕੀਨ ਹੋ ਗਿਆ ਕਿ ਉਹ ਹੁਣ, ਦਿਨ ਚੜ੍ਹਦਿਆਂ ਹੀ, ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਕੇਵਲ ਉਂਗਲਾਂ-ਤੇ-ਗਿਣੇ-ਜਾਣ-ਜੋਗੇ ਬਚੇ-ਖੁਚੇ ਸਾਥੀਆਂ ਨੂੰ ਜੀਉਂਦੇ-ਜੀ ਫੜ ਲੈਣਗੇ।

ਪਰ ਚਮਕੌਰ ਦੀ ਉਸ ਨਾਂ-ਧਰੀਕ ਗੜ੍ਹੀ ਅਤੇ ਲਹੂ-ਤਿਹਾਈ ਭੂਮੀ ਵਿਚ, ਦਸੰਬਰ ਦੀ ਉਸ ਭਿਆਨਕ ਰਾਤ ਜੋ ਕੁਝ ਵਾਪਰਿਆ ; ਗੁਰੂ ਤੇ ਗੁਰੂ ਦੇ ਜਾਨਬਾਜ਼ ਸਿੱਖਾਂ ਨੇ ਜਿਸ ਦਲੇਰੀ, ਬੇਗ਼ਰਜ਼ੀ ਤੇ ਕੁਰਬਾਨੀ; ਅਤੇ 'ਚੜ੍ਹਦੀ ਕਲਾ', ਦੂਰ-ਦਰਸ਼ਤਾ ਤੇ ਨੀਤੀ-ਨਿਪੁਨਤਾ ਦਾ ਜੋ ਸਬੂਤ ਦਿੱਤਾ; ਉਸ ਦਾ ਬਿਆਨ ਢੁੱਕਵੇਂ-ਫੱਬਵੇਂ ਲਫ਼ਜ਼ਾਂ ਦਾ ਮੁਥਾਜ ਹੈ। ਦੁਨੀਆ ਦੀ ਕਿਸੇ ਵੀ ਹੋਰ ਤਾਕਤ ਸਾਹਵੇਂ ਨਾ ਝੁਕਣ ਵਾਲਾ ''ਪੰਥ ਦਾ ਵਾਲੀ'', ਆਪੇ ਸਾਜੇ 'ਪੰਥ' ਦੇ ਮੁੱਠੀ-ਭਰ ਸੇਵਕਾਂ ਦੇ ਫ਼ੈਸਲੇ ਸਾਹਵੇਂ 'ਝੁਕ' ਗਿਆ। ਉਨ੍ਹਾਂ ਨੇ ਫਿਰ 'ਖ਼ਾਲਸੇ' ਨੂੰ ਹੀ ਗੁਰਿਆਈ ਤੇ ਕੌਮ-ਉਸਾਰੀ ਦਾ ਰਹਿੰਦਾ ਕੰਮ ਸੌਂਪ ਕੇ, ਗੜ੍ਹੀਉਂ ਨਿਕਲਣ ਦਾ ਪਰੋਗਰਾਮ ਬਣਾ ਲਿਆ। ਫਿਰ ਲੱਖਾਂ ਦੀ ਗਿਣਤੀ ਵਿਚ ਮੀਲਾਂ ਤਕ ਪਸਰੇ ਹੋਏ ਵੈਰੀ-ਦਲਾਂ ਨੂੰ ਹਨੇਰੀ ਰਾਤੇ ਚੀਰਦੇ ; ''ਪੀਰੇ ਹਿੰਦ ਮੀ ਰਵੱਦ''[1] ਦੀਆਂ ਹੇਕਾਂ ਲਾਉਂਦੇ ; ਜਾਬਰਾਂ ਦੇ ਜਬਰ ਤੇ ਤਕੱਬਰ ਦਾ ਲੱਕ ਤੋੜਦੇ ; ਅਤੇ ਉਨ੍ਹਾਂ ਦੀਆਂ ਸਭ ਉਮੀਦਾਂ ਤੇ ਸਕੀਮਾਂ ਉਤੇ ਪਾਣੀ ਫੇਰਦੇ, ਮੱਖਣ ਵਿੱਚੋਂ ਵਾਲ ਵਾਂਗ ਅਡੋਲ ਨਿਕਲ ਗਏ।

ਮਗਰੋਂ ਜਦੋਂ ਦੀਨੇ ਵਾਲੇ ਦਮਦਮੇ ਤੋਂ ਔਰੰਗਜ਼ੇਬ ਨੂੰ ਇਕ ਹੋਰ ਚਿੱਠੀ ਲਿਖੀ, ਤਾਂ ਉਸ ਵਿਚ ਉਸ ਦੇ ਫ਼ੌਜਦਾਰਾਂ ਦੇ ਵਿਸਾਹ-ਘਾਤ ਤੇ ਚਮਕੌਰ ਵਿਚ ਜੂਝੇ ਗੋਣਵੇਂ ਸਾਥੀਆਂ ਦੀ ਜਾਨਬਾਜ਼ੀ ਤੇ ਕੁਰਬਾਨੀ ਦਾ ਜ਼ਿਕਰ ਕਰਦਿਆਂ, ਗੁਰੂ ਗੋਬਿੰਦ ਸਿੰਘ ਨੇ ਬੜੇ ਮਾਣ ਤੇ ਅਮੁੱਕ ਦਲੇਰੀ ਨਾਲ ਆਖਿਆ : ''ਜੇ ਮੈਂ ਤੁਹਾਡੀਆਂ ਅਤੇ ਤੁਹਾਡੇ ਜਰਨੈਲਾਂ ਦੀਆਂ ਕੁਰਾਨ ਉਤੇ ਹੱਥ ਰਖ ਕੇ ਚੁਕੀਆਂ ਸੌਂਹਾਂ ਉਤੇ ਇਤਬਾਰ ਨਾ ਕਰਦਾ, ਤਾਂ ਮੈਂ ਆਪਣੀ ਜਾਨ ਨਾਲੋਂ ਵੀ ਪਿਆਰੀ ਸੈਨਾ ਨੂੰ ਇਉਂ ਬਰਬਾਦ ਨਾ ਕਰਾਉਂਦਾ। ਆਖ਼ਰ ਚਾਲ੍ਹੀ ਭੁੱਖੇ ਤੇ ਨਿਹੱਥੇ, ਬੇਬਸ ਤੇ ਬੇਸਰੋਸਾਮਾਨ ਬੰਦੇ ਤੁਹਾਡੀ ਦਸ-ਲੱਖੀ, ਰੱਜੀ-ਪੁੱਜੀ ਤੇ ਹਥਿਆਰਬੰਦ ਸੈਨਾ ਦੇ ਤਾਬੜ-ਤੋੜ ਤੇ ਵਿਸਾਹਘਾਤੀ ਹੱਲੇ ਸਾਹਵੇਂ ਕੀ ਕਰ ਸਕਦੇ ਸਨ''[2] ? :

گرسنہ چہ کارے کند چہل نر
کہ وہ لک برآید برو بے خبر ؟
کہ پیماں شکن بےدرنگ آمدند
میاں تیغ و تیروتفنگ آمدند (ظفر نامہ)

---

1. ਅਰਥਾਤ, ''ਹਿੰਦ ਦਾ ਪੀਰ ਜਾ ਰਿਹਾ ਹੈ ''।

2. ਦਸਮ ਗ੍ਰੰਥ ਸਾਹਿਬ, ਉਹੀ,ਪੰ. 1239, ਜ਼ਫ਼ਰਨਾਮਾ, ਉਹੀ, ਸ਼ਿਅਰ ਨੰ. 19 ਤੇ 20.

''ਫਿਰ ਵੀ ਉਹ ਅੰਤਲੇ ਸੁਆਸਾਂ ਤਕ ਲੜੇ; ਕਿਸੇ ਨੇ ਵੀ ਈਨ ਨਹੀਂ ਮੰਨੀ, ਕਿਸੇ ਨੇ ਵੀ ਪਿੱਠ ਨਹੀਂ ਵਿਖਾਈ। ਅਜਿਹੀ ਹਾਲਤ ਵਿਚ ਮੈਨੂੰ ਆਪ ਖ਼ੁਦ ਤਲਵਾਰ ਅਤੇ ਤੀਰ-ਕਮਾਨ ਸੂਤ ਕੇ ਮੈਦਾਨ ਵਿਚ ਨਿਤਰਨ ਤੋਂ ਸਿਵਾ, ਹੋਰ ਕੋਈ ਚਾਰਾ ਨਜ਼ਰ ਨਾ ਆਇਆ। ਅਤੇ ਇਹ ਹੈ ਵੀ ਯੋਗ, ਕਿਉਂਕਿ ਜਦੋਂ ਕੋਈ ਸਥਿੱਤੀ ਸਫ਼ਾਈ ਤੇ ਸੁਲ੍ਹਾਕੁਲੀ ਦੇ ਸਾਰੇ ਹੀਲੇ-ਸਾਧਨ ਵਰਤਿਆਂ ਵੀ ਸੁਧਰ ਨਾ ਸਕੇ ਅਤੇ ਵੈਰੀ ਆਪਣੀ ਬਦਨੀਤੀ ਤੇ ਬੇਇਨਸਾਫ਼ੀ ਤੋਂ ਟਲਦਾ ਨਜ਼ਰ ਨਾ ਆਏ, ਤਾਂ ਜਵਾਂਮਰਦਾਂ ਵਾਂਗ ਤਲਵਾਰ ਨੂੰ ਵਰਤਣਾ ਅਤੇ ਜੂਝਣਾ ਜਾਇਜ਼ ਤੇ ਜ਼ਰੂਰੀ ਹੋ ਜਾਂਦਾ ਹੈ''।[3]:

به لاچارگی درمیاں آمدم
به تدبیر تیروکماں آمدم
چو کار از همه حیلتے درگذشت
حلال است بردن به شمشیر دست (ظفر نامه)

ਔਰੰਗਜ਼ੇਬ ਜਹੇ ਜਾਬਰ ਤੇ ਜ਼ਬਰਦਸਤ ਸ਼ਹਿਨਸ਼ਾਹ ਨੂੰ, ਜਿਸ ਦੀ ਸਲਤਨੱਤ ਉਦੋਂਕੇ ਸੰਸਾਰ ਦਾ ਸਭ ਤੋਂ ਵੱਡਾ ਸਾਮਰਾਜ ਸੀ, ਅਜਿਹੇ ਬਿਖੜੇ ਸਮੇਂ ਤੇ ਉਖੜੇ ਹਾਲਾਤ ਵਿਚ ਵੀ, ਅਜਿਹੀ ਗਰਜਵੀਂ ਵੰਗਾਰ ਤੇ ਲੱਕ-ਤੋੜਵੀਂ ਫਿਟਕਾਰ, ਖ਼ਾਸ ਕਰਕੇ ਲਿਖਤੀ ਤੌਰ ਤੇ, ਉਹ ਵੀ ਇਕ ਨਿਜੀ ਚਿੱਠੀ ਰਾਹੀਂ, ਉਹੀਓ ਪਾ ਸਕਦਾ ਹੈ ਜਿਸ ਦੇ ਅੰਗ-ਅੰਗ ਵਿਚ ਅਣਖ਼, ਬੀਰਤਾ ਤੇ ਬੇਗ਼ਰਜ਼ੀ ; ਅਤੇ ਡੁਲ੍ਹ ਡੁਲ੍ਹ ਪੈਂਦਾ ਸਵੈ-ਮਾਨ, ਸਵੈ-ਵਿਸ਼ਵਾਸ਼ ਤੇ 'ਚੜ੍ਹਦੀ ਕਲਾ' ਇਉਂ ਰਚੀ-ਮਿਚੀ ਹੋਈ ਹੋਵੇ ਜਿਵੇਂ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਰੋਮ-ਰੋਮ ਵਿਚ ਰਮੀ ਹੋਈ ਸੀ।

'ਚੜ੍ਹਦੀ ਕਲਾ' ਵੀ ਫਿਰ ਅਜਿਹੀ ਕਿ 'ਮਮਤਾ' ਨੂੰ ਉਜਿਹਾ ਜਵਾਬ ਦੇਣ ਅਤੇ ਹਕੂਮਤ ਨੂੰ ਅਜਿਹੀ ਵੰਗਾਰ ਲਿਖਣ ਪਾਉਣ ਵਾਲੇ ਨੇ ਜਦੋਂ ਮਾਛੀਵਾੜੇ ਦੀ ਜੂਹ ਵਿਚ ਕਲ-ਮੁੱਕਲੇ ਲੇਟਿਆਂ, ਆਪਣੇ ਰੱਬ ਨੂੰ ਕੋਈ ਸੁਨੇਹਾ ਘਲਣਾ ਚਾਹਿਆ ਤਾਂ ਉਸ ਵਿਚ ਵੈਰੀਆਂ ਦੇ ਵਿਸਾਹਘਾਤ ਤੇ ਅਤਿਆਚਾਰ ਦਾ ਕੋਈ ਗਿਲਾ ਨਹੀਂ ਕੀਤਾ : ਬੇਟਿਆਂ, ਸੇਵਕਾਂ ਤੇ ਸਾਥੀਆਂ ਦੇ ਬੇਰਹਿਮ ਕਤਲਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ; ਆਪਣੀ ਬੇਬਸੀ ਤੇ ਬੇਸਰੋਸਾਮਾਨੀ ਸਬੰਧੀ ਕੋਈ ਮਿਹਣਾ-ਤਾਅਨਾ ਨਹੀਂ ਮਾਰਿਆ। ਮਨੁੱਖਤਾ ਦੇ ਉਸਰੱਈਏ, ਲੋਕ-ਹਿੱਤਾਂ ਦੇ ਰਾਖੇ, ਦੇਗ-ਤੇਗ਼ ਦੇ ਧਨੀ, ਕੁਰਬਾਨੀ ਦੇ ਪੁੰਜ ਅਤੇ 'ਚੜ੍ਹਦੀ ਕਲਾ' ਦੇ ਮੁਜੱਸਮਾ, ਗੁਰੂ ਗੋਬਿੰਦ ਸਿੰਘ, ਨੇ ਬੜੇ ਭਰਵੇਂ ਪਿਆਰ ਤੇ ਭਰਪੂਰ ਸ਼ਰਧਾ ਵਿਚ ਬਿਹਬਲ ਹੋ ਕੇ, ਉਚੀ ਹੇਕ ਨਾਲ, ਸਗੋਂ ਇਉਂ ਗਾਂਵਿਆ :

ਮਿਤ੍ਰ ਪਿਆਰੇ ਨੂੰ
ਹਾਲੁ ਮੁਰੀਦਾਂ ਦਾ ਕਹਣਾ।
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ,
ਨਾਗਾਂ[4] ਨਿਵਾਸਾਂ ਦੇ ਰਹਣਾ।
ਸੂਲ[5] ਸੁਰਾਹੀ, ਖੰਜਰੁ ਪਿਯਾਲਾ,
ਬਿੰਗੁ[6] ਕਸਾਈਆਂ ਦਾ ਸਹਣਾ।

---

3. ਦਸਮ ਗ੍ਰੰਥ ਸਾਹਿਬ, ਉਹੀ, ਪੰ.1239-40, ਜ਼ਫ਼ਰਨਾਮਾ, ਉਹੀ, ਸ਼ਿਅਰ ਨੰ. 21-22.

4. ਸੱਪ। 5. ਕਸ਼ਟ। 6. ਛੁਰਾ ; ਵਿਅੰਗ, ਰਮਜ਼।

ਯਾਰੜੇ ਦਾ ਸਾਨੂੰ ਸਥਰ [7] ਚੰਗਾ
ਭਠ ਖੇੜਿਆਂ ਦਾ ਰਹਣਾ।[8]

ਅਜਿਹੀ ਦੁਖਾਵੀਂ ਤੇ ਸੰਕਟਮਈ ਅਵਸਥਾ ਵਿਚ ਵਿਚਰਦਿਆਂ ਵੀ ਜਦੋਂ ਮੁਗ਼ਲ ਸੈਨਾ ਉਨ੍ਹਾਂ ਦੀ ਢੂੰਢ ਵਿਚ ਪੱਤਾ-ਪੱਤਾ ਫੋਲ ਰਹੀ ਸੀ; ਜਦੋਂ ਸਾਰਾ ਪਰਵਾਰ ਤੇ ਸੰਗ-ਸਾਥ ਛੁਟ ਚੁਕਾ ਸੀ; ਜਦੋਂ ਮਾਪੇ ਤੇ ਪੁਤ ਸ਼ਹੀਦ ਹੋ ਗਏ ਸਨ ; ਜਦੋਂ ਜੀਵਨ ਦੇ ਸੰਸਾਰਕ ਸਾਧਨ ਨਿਖੁੱਟ ਗਏ ਸਨ; ਅਤੇ ਸਰੀਰ ਦਾ ਅੰਗ-ਅੰਗ ਥੱਕ-ਟੁੱਟ ਚੁਕਾ ਸੀ– ਇੰਨਾ ਅਡੋਲ ਤੇ ਨਿਰਲੇਪ ਹੋ ਕੇ, ਆਪਣੇ 'ਅਸਲੇ' ਨਾਲ ਇਉਂ ਜੁੜ ਜਾਣਾ ਅਤਿ ਦਰਜੇ ਦੇ ਸਿਦਕ, ਦ੍ਰਿੜ੍ਹਤਾ, ਪ੍ਰੇਮਾ-ਭਗਤੀ ਤੇ 'ਚੜ੍ਹਦੀ ਕਲਾ' ਦਾ ਹੀ ਇਕ ਅਜਿਹਾ ਚਮਤਕਾਰ ਹੈ ਜੋ ਮਨੁੱਖਤਾ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੀ ਹੈ।

14

ਧਰਮ-ਭਾਵਨਾ ਤੇ ਯੁੱਧ-ਭਾਵਨਾ ਦਾ ਸੁਮੇਲ ਵਿਦਤ ਕਰਦਿਆਂ

ਪਰ ਗੁਰੂ ਗੋਬਿੰਦ ਸਿੰਘ ਜੀ ਲਈ ਤਾਂ ਇਹ ਸਭ ਕੁਝ ਸੁਭਾਵਕ ਹੀ ਸੀ ; ਅਤੇ ਉਸ ਸਿਧਾਂਤ ਤੇ ਸਿੱਖਿਆ ਦੇ ਐਨ ਅਨੁਕੂਲ ਸੀ ਜੋ ਉਨ੍ਹਾਂ ਨੂੰ ਆਪਣੇ ਵਿਰਸੇ ਤੋਂ ਪਰਾਪਤ ਹੋਈ ਸੀ ਅਤੇ ਉਨ੍ਹਾਂ ਦੇ ਪਾਵਨ ਪਿਤਾ-ਗੁਰੂ ਜੀ ਦੇ ਹੇਠ-ਲਿਖੇ ਬਚਨ ਵਿਚ ਇਉਂ ਅੰਕਿਤ ਵੀ ਸੀ :

ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ,
ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ, ਕੰਚਨ ਮਾਟੀ ਮਾਨੈ।[1]

ਦੁੱਖ ਹੋਵੇ ਜਾਂ ਸੁੱਖ, ਅਮਨ ਹੋਵੇ ਜਾਂ ਜੰਗ, ਉਨ੍ਹਾਂ ਦਾ ਟੇਕ-ਤਕੀਆ ਤਾਂ ਕੇਵਲ ਰੱਬ ਹੀ ਸੀ। ਉਹ ਆਪਣੇ ਸਾਰੇ ਜੀਵਨ ਅਤੇ ਉਸ ਦੀ ਸਫ਼ਲਤਾ ਤੇ 'ਚੜ੍ਹਦੀ ਕਲਾ' ਦੀ ਟੇਕ-ਤਕੀਆ ਅਤੇ ਮੂਲ-ਆਧਾਰ ਵੀ ਤਾਂ ਉਸੇ ਨੂੰ ਹੀ ਮੰਨਦੇ ਸਨ ਜਿਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੇ ਆਪਣੀ ਸਵੈ-ਜੀਵਨੀ ਵਿਚ ਬੜੇ ਮਾਣ ਤੇ ਦਾਈਏ ਨਾਲ ਲਿਖਿਆ ਸੀ :

ਮੇਰੁ[2] ਕਰੋ ਤ੍ਰਿਣ ਤੇ[3] ਮੁਹਿ ਜਾਹਿ,[4]
ਗ਼ਰੀਬਨਿਵਾਜ਼ ਨ ਦੂਸਰ ਤੋ ਸੋ।
ਭੂਲ ਛਿਮੋ[5] ਹਮਰੀ ਪ੍ਰਭ ਆਪਨ,[6]
ਭੂਲਨਹਾਰ ਕਹੂੰ ਕੋਊ ਮੋ ਸੋ।
ਸੇਵ ਕਰੀ ਤੁਮਰੀ ਤਿਨ ਕੇ,
ਸਭ ਹੀ ਗ੍ਰਿਹ ਦੇਖੀਅਤ ਦ੍ਰਬ[7] ਭਰੇ ਸੋ।

---

7. ਭੂਮਾਸਨ, ਭੁੰਜੇ ਸੌਣਾ।
8. ਦਸਮ ਗ੍ਰੰਥ ਸਾਹਿਬ, ਉਹੀ, ਪੰ.1232 ਤੇ 1234, ਸ਼ਬਦ ਹਜ਼ਾਰੇ, ਸ਼ਬਦ ਨੰ. 6, 'ਖ਼ਿਆਲ ਪਾਤਿਸ਼ਾਹੀ' 10.
1. ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸੋਰਠਿ, ਮ. 9, ਪੰ .633.
2. ਮੇਰੁ ਪਰਬਤ। 3. ਤੀਲੇ ਤੋਂ। 4. ਮੇਰੇ ਜਹੇ ਜਾਂ ਵਰਗੇ ਨੂੰ।
5. ਮਾਫ਼ ਕਰੋ। 6. ਖ਼ੁਦ ਆਪ ਹੀ। 7. ਦੌਲਤ, ਧਨ।

ਯਾ ਕਲ [8] ਮੇਂ ਸਭ ਕਾਲ ਕ੍ਰਿਪਾਨ [9] ਕੇ,
ਭਾਰੀ ਭੁਜਾਨ ਕੋ ਭਾਰੀ ਭਰੋਸੋ ।[10]

ਨਾਲੇ, ਸੰਸਾਰ ਦੇ ਸੈਨਕ ਤੇ ਧਾਰਮਕ ਇਤਿਹਾਸ ਵਿਚ ਅਜਿਹੀ ਧਰਮ-ਭਾਵਨਾ ਤੇ ਯੁੱਧ-ਭਾਵਨਾ ਦਾ ਸੁਮੇਲ ਵੀ ਤਾਂ ਪਹਿਲਾਂ-ਪਹਿਲ, ਸ਼ਾਇਦ, ਆਪ ਨੇ ਹੀ ਕੀਤਾ ਸੀ। ਉਸ ਜੀਵ ਨੂੰ ''ਧੰਨ'' ਆਖਣ ਦੀ ਪਹਿਲ ਵੀ ਤਾਂ ਆਪ ਨੇ ਹੀ ਕੀਤੀ ਸੀ ਜੋ ਜੰਗ ਵਿਚ ਜੂਝਦਿਆਂ ਵੀ, ਆਪ ਦੇ ਹੇਠ-ਦਸੇ ਆਦਰਸ਼ ਅਨੁਸਾਰ, ਵਾਹਿਗੁਰੂ ਦਾ ਧਿਆਨ ਅਤੇ ਧੀਰਜ ਹੱਥੋਂ ਨਹੀਂ ਛੱਡਦਾ :

ਧੰਨ ਜੀਓ ਤਿਹ ਕੋ [11] ਜਗ ਮੈ,
ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ।
ਦੇਹ ਅਨਿਤ ਨ ਨਿਤ ਰਹੈ,[12]
ਜਸੁ-ਨਾਵ [13] ਚੜ੍ਹੈ, ਭਵਸਾਗਰ ਤਾਰੈ।[14]
ਧੀਰਜ-ਧਾਮ [15] ਬਨਾਇ ਇਹੈ ਤਨ,
ਬੁਧਿ ਸੁ ਦੀਪਕ ਜਿਉਂ ਉਜੀਆਰੈ।[16]
ਗਿਆਨਹਿ ਕੀ ਬਢਨੀ[17] ਮਨਹੁ ਹਾਥ ਲੈ [18]
ਕਾਤਰਤਾ[19] ਕੁਤਵਾਰ ਬੁਹਾਰੈ [20]।[21]

ਤਦੇ ਤਾਂ, ਮੁਕਤਸਰ ਦੀ ਜੰਗ ਤੋਂ ਵਿਹਲੇ ਹੁੰਦਿਆਂ ਤੇ ਤਲਵੰਡੀ ਪਹੁੰਚਦਿਆਂ ਹੀ, ਜਦੋਂ ਸੁੱਖ ਦਾ ਸਾਹ ਮਿਲਿਆ ਤਾਂ ਕਈ ਮੈਦਾਨ ਮਾਰ ਆਏ ਅਤੇ ਥੱਕੇ-ਟੁੱਟੇ ਇਸ ਅਦੁੱਤੀ ਜਰਨੈਲ ਤੇ ਸਰਬੰਸ-ਦਾਨੀ ਨੇ, ਤੁਰੰਤ ਹੀ, ਜੰਗ ਦਾ ਕਾਂਟਾ ਬਦਲ ਦਿੱਤਾ। ਹੋਰ ਤਾਂ ਹੋਰ, ਅਜਿਹੇ ਬਿਖੜੇ ਹਾਲਾਤ ਅਤੇ ਬੜੇ ਥੋੜ੍ਹੇ ਜਹੇ ਸਮੇਂ ਵਿਚ ਹੀ

---

8. ਕਲਯੁਗ। 9. ਕਾਲ ਦਾ ਪ੍ਰਤੱਖ ਰੂਪ, ਕਿਰਪਾਨ।
10. **ਸ੍ਰੀ ਦਸਮ ਗ੍ਰੰਥ ਸਾਹਿਬ, ਉਹੀ, ਪੰ. 60, ਬਚਿੱਤ੍ਰ ਨਾਟਕ, ਪ੍ਰਿਥਮ ਧਿਆਇ, ਸੱਵੈਯਾ,** ਪਦ ਨੰ. 92.
11. ਉਸ ਦਾ ਜੀਊਣ ਸਲਾਹੁਣਯੋਗ ਹੈ।
12. ਸਰੀਰ ਤਾਂ ਸਦਾ ਰਹਿਣ ਵਾਲਾ ਨਹੀਂ।
13. ਸਿਫ਼ਤ-ਸਲਾਹ ਦੀ ਕਿਸ਼ਤੀ।
14. ਜੀਵਨ-ਸਾਗਰ ਤੋਂ ਪਾਰ ਲੰਘਾਵੇ।
15. ਦ੍ਰਿੜ੍ਹਤਾ ਦਾ ਨਿਵਾਸ।
16. ਦੀਵੇ ਵਾਂਗ ਰੌਸ਼ਨ ਕਰੇ।
17. ਜਾਣਕਾਰੀ ਦੀ ਬੁਹਾਰੀ, ਝਾੜੂ।
18. ਮਨ ਦੇ ਹੱਥ ਵਿਚ ਲੈ ਕੇ ; ਜਾਣੋ ਕਿ।
19. ਕਾਇਰਤਾ ; ਗੀਦੀਪੁਣਾ।
20. ਕੂੜਾ ਸੰਭੂਰ ਕੇ ਬਾਹਰ ਸੁਟ ਦੇਂਦਾ ਹੈ।
21. **ਸ੍ਰੀ ਦਸਮ ਗ੍ਰੰਥ ਸਾਹਿਬ,** ਉਹੀ, ਪੰ. 798, ਵਿਚ ਸੰਚਿਤ ਕ੍ਰਿਸ਼ਨਾਵਤਾਰ, ਸੱਵੈਯਾ, ਅੰਤਲਾ ਬੰਦ, ਪਦ ਨੰ. 2492.

'ਆਦਿ ਸ੍ਰੀ ਗ੍ਰੰਥ ਸਾਹਿਬ' ਦੀ ਸਮੂਹ ਬਾਣੀ ਨੂੰ ਲਿਖਵਾ ਕੇ ਨਵੀਂ ਪਾਵਨ ਬੀੜ ਤਿਆਰ ਕਰਵਾ ਲੈਣੀ ਵੀ ਤਾਂ ਉਸੇ 'ਚੜ੍ਹਦੀ ਕਲਾ' ਦਾ ਹੀ ਇਕ ਹੋਰ ਚਮਤਕਾਰ ਹੈ ਜੋ 'ਮੀਰੀ-ਪੀਰੀ' ਦੇ ਸਿਧਾਂਤ ਅਤੇ 'ਸੰਤ-ਸਿਪਾਹੀ' ਵਾਲੇ ਆਦਰਸ਼ ਦਾ ਇਕ ਅਮਲੀ ਤੇ ਅਮਰ ਸਬੂਤ ਵੀ ਹੈ।

ਇਉਂ ਹੀ, ਸੰਨ 1708 ਦੇ ਅਕਤੂਬਰ ਵਿਚ, ਨਾਂਦੇੜ (ਮਹਾਰਾਸ਼ਟਰ) ਵਿਖੇ ਹੋਏ ਇਕ ਹੋਰ ਮਾਰੂ ਵਿਸਾਹ-ਘਾਤ ਤੋਂ ਬਾਅਦ, ਸੰਸਾਰ-ਯਾਤਰਾ ਦੀ ਸਫ਼ਲ ਸਮਾਪਤੀ 'ਤੇ, ਜਦੋਂ ਆਪ ਆਪਣੀਆਂ ਅੱਖਾਂ ਮੀਟਣ ਲਗੇ ਤਾਂ ਇਸੇ ਤਰ੍ਹਾਂ ਦੀ ਦੂਰ-ਦਰਸ਼ਤਾ ਤੇ 'ਚੜ੍ਹਦੀ-ਕਲਾ' ਦਾ ਸਬੂਤ ਦੇਂਦਿਆਂ, ਆਪ ਨੇ ਇਸੇ ਪਾਵਨ ਬੀੜ ਨੂੰ ਸਦੀਵੀ ਗੁਰਿਆਈ ਦੇ ਕੇ, ਸਮੁੱਚੀ ਕੌਮ ਦੀ ਵਾਗ-ਡੋਰ ਸਦਾ ਲਈ 'ਗੁਰੂ ਗ੍ਰੰਥ ਸਾਹਿਬ' ਅਤੇ 'ਖ਼ਾਲਸਾ ਪੰਥ' ਦੇ ਹਵਾਲੇ ਕਰ ਕੇ ਅਤੇ, ਹੇਠ- ਲਿਖੇ ਕਥਨਾਂ ਅਨੁਸਾਰ, ਇਸ ਗੱਲ ਦਾ ਯਕੀਨ ਦਿਵਾ ਕੇ, ਸਿੱਖ ਧਰਮ ਨੂੰ ਹਮੇਸ਼ਾ ਲਈ ਸੁਤੰਤਰ, ਸੰਗਠਿਤ, ਸ਼ਕਤੀਵਾਨ ਤੇ ਸਥਿਰ ਕਰ ਦਿੱਤਾ ਸੀ :

(1). ਜੋ ਸਿੱਖ ਗੁਰ-ਦਰਸ਼ਨ ਕੀ ਚਾਹਿ, ਦਰਸ਼ਨ ਕਰੈ ਗ੍ਰੰਥ ਜੀ ਆਹਿ। ....
ਸ਼ਬਦ ਸੁਨੈ ਗੁਰੁ, ਹਿਤ ਚਿਤ ਲਾਇ, ਗਿਆਨ ਸ਼ਬਦ ਗੁਰੁ, ਸੁਨੇ ਸੁਨਾਇ। ....
ਜੋ ਮੁਝ ਬਚਨ ਸੁਨਨ ਕੀ ਚਾਇ, ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ, ਇਸ ਮੇਂ ਭੇਦ ਨ ਰੰਚਕ[22] ਮਾਨ।[23]

(2). ਸ੍ਰੀ ਅਕਾਲ ਪੁਰਖ ਕੇ ਬਚਨ ਸਿਉ, ਪ੍ਰਗਟਿਓ ਪੰਥ ਮਹਾਨ ;
ਗ੍ਰੰਥ ਪੰਥ ਗੁਰੂ ਮਾਨੀਏ, ਤਾਰੇ ਸਕਲ ਜਹਾਨ।[24]

(3). ਮਮ ਆਗਯਾ ਸਭ ਹੀ ਸੁਨੋ, ਸਤਿ ਬਾਤ ਨਿਰਧਾਰ
ਗੁਰੂ ਗ੍ਰੰਥ ਸਮ ਮਾਨਿਓ, ਭੇਦ ਨ ਕੋਊ ਬਿਚਾਰ।
ਗੁਰੂ ਗ੍ਰੰਥ ਕਲਿਜੁਗ ਭਯੋ, ਸ੍ਰੀ ਗੁਰੂ ਰੂਪ ਸਮਾਨ;
ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗ੍ਰੰਥ ਜੀ ਜਾਨ।[25]

15

ਖ਼ਾਲਸੇ ਨੂੰ ਆਪਣਾ 'ਖ਼ਾਸ ਰੂਪ' ਤੇ ਚੜ੍ਹਦੀ ਕਲਾ ਦਾ ਸਰੂਪ ਦਸਦਿਆਂ

ਗੁਰੂ ਗੋਬਿੰਦ ਸਿੰਘ ਸਰੀਰਕ ਤੌਰ 'ਤੇ ਤਾਂ 7 ਅਕਤੂਬਰ ਸੰਨ 1708 ਨੂੰ ਜੋਤੀ-ਜੋਤਿ ਸਮਾਅ ਗਏ; ਪਰ ਆਤਮਕ ਤੌਰ ਤੇ ਉਹ ਆਪਣੇ 'ਖ਼ਾਲਸੇ' ਦੇ ਸਦਾ ਅੰਗ-ਸੰਗ ਰਹੇ, ਹੁਣ ਵੀ ਹਨ ਅਤੇ ਹਮੇਸ਼ਾ ਰਹਿਣਗੇ। ਇਸ ਨੂੰ ਸਾਜਣ-ਸਜਾਉਣ ਤੋਂ ਬਾਅਦ, ਆਪਣਾ ਨਾਂ, ਰੂਪ, ਸਪਿਰਿਟ ਤੇ ਗੁਰਿਆਈ ਦੇਣ ਲਗਿਆਂ, ਉਨ੍ਹਾਂ ਆਪ ਆਖਿਆ ਸੀ ਕਿ ਇਹ ਤਾਂ ਮੇਰਾ ਖ਼ਾਸੁਲ 'ਖ਼ਾਸ ਰੂਪ' (Alter Ego) ਹੈ :

22. ਰਤੀ ਜਿੰਨਾ ਵੀ, ਥੋੜ੍ਹਾ ਜਿਹਾ ਵੀ।

23. ਨੰਦ ਲਾਲ ਭਾਈ, ਰਹਿਤਨਾਮਾ, ਪਦ ਨੰ. 9-11. ਸ.ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਤੇ ਪਰਕਾਸ਼ਿਤ ਰਹਿਤਨਾਮੇ, ਪਟਿਆਲਾ-1974, ਦੂਜੀ ਐਡੀ. -1978, ਪੰ. 54.

24. ਦਯਾ ਸਿੰਘ, ਭਾ., ਰਹਿਤਨਾਮਾ,ਉਕਤ, ਪੰ. 73.

25. ਸੋਹਨ ਕਵਿ, ਗੁਰਬਿਲਾਸ ਛੇਵੀਂ ਪਾਤਸ਼ਾਹੀ, ਨਾਨਕਸਰ-1718, ਧਿਆਇ 4, ਪਦ 409; ਸੰਪਾਦਿਤ ਵਲੋਂ ਗਿ. ਇੰਦਰ ਸਿੰਘ ਗਿੱਲ, ਅੰਮ੍ਰਿਤਸਰ-1968, ਪੰ.90.

ਖ਼ਾਲਸਾ ਮੇਰੋ ਰੂਪ ਹੈ ਖ਼ਾਸ,
ਖ਼ਾਲਸੇ ਮਹਿ ਹਉਂ ਕਰਹੁੰ ਨਿਵਾਸ।
ਖ਼ਾਲਸਾ ਮੇਰੋ ਮੁਖ ਹੈ ਅੰਗਾ,
ਖ਼ਾਲਸੇ ਕੇ ਹਉਂ ਬਸਤ ਸਦ ਸੰਗਾ।
ਖ਼ਾਲਸਾ ਮੇਰੋ ਇਸ਼ਟ[1] ਸੁਹਿਰਦ,
ਖ਼ਾਲਸਾ ਮੇਰੋ ਕਹੀਅਤ ਬਿਰਦ।[2]....
ਖ਼ਾਲਸਾ ਮੇਰੋ ਪਿੰਡ[3] ਪਰਾਨ,
ਖ਼ਾਲਸਾ ਮੇਰੀ ਜਾਨ ਕੀ ਜਾਨ। ....
ਖ਼ਾਲਸਾ ਮੇਰੋ ਕਰੇ ਨਿਰਵਾਹ,
ਖ਼ਾਲਸਾ ਮੇਰੋ ਦੇਹ ਅਰੁ ਸਾਹ।
ਖ਼ਾਲਸਾ ਮੇਰੋ ਸਤਿਗੁਰ ਪੂਰਾ,
ਖ਼ਾਲਸਾ ਮੇਰੋ ਸਜਨ ਸੂਰਾ। ....
ਹੌਂ ਖ਼ਾਲਸਹਿ ਕੋ, ਖ਼ਾਲਸਾ ਮੇਰੋ,
ਓਤਪੋਤ ਸਾਗਰ ਬੂੰਦੇਰੋ[4]। ....
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ,
ਪ੍ਰਗਟਯੋ ਖ਼ਾਲਸਾ ਪਰਮਾਤਮ ਕੀ ਮੌਜ[5]।[6]

ਇਕ ਗ਼ੁਲਾਮ ਦੇਸ ਤੇ ਬੋਸੀਦਾ ਸਮਾਜ ਦੇ ਸਦੀਆਂ ਤੋਂ ਦੁਰਕਾਰੇ ਹੋਏ ਅਤੇ ਕਮੀਂ-ਕਮੀਨ ਆਖ ਕੇ ਧਿਰਕਾਰੇ ਹੋਏ ਲੋਕਾਂ ਦੀ ਕਾਇਆਂ-ਕਲਪ ਕਰ ਕੇ, ਜਦੋਂ ਉਨ੍ਹਾਂ ਨੂੰ ਆਪਣੀ ''ਜਾਨ ਕੀ ਜਾਨ'' ਆਖ ਚੁਕੇ, ਉਨ੍ਹਾਂ ਨੂੰ ਆਪਣਾ ਇਸ਼ਟ-ਈਮਾਨ ਮੰਨ ਚੁਕੇ, ਤਾਂ ਇਸ ਲਾਸਾਨੀ ਤੇ ਇਨਕਲਾਬੀ ਬਿਆਨ ਦੀ ਸਚਿਆਈ ਤੇ ਪੱਕਿਆਈ ਉਤੇ ਮੁਹਰ ਲਾਉਂਦਿਆਂ, ਅਖ਼ੀਰ ਇਥੋਂ ਤਕ ਆਖ ਦਿੱਤਾ : ''ਲੋਕੋ! ਇਹ ਜੋ ਕੁਝ ਮੈਂ ਆਖਿਆ ਹੈ, ਇਸ ਵਿਚ ਰਤੀ ਜਿੰਨਾ ਵੀ ਝੂਠ, ਖ਼ੁਸ਼ਾਮਦ ਜਾਂ ਮੁਬਾਲਗ਼ਾ ਨਹੀਂ। ਮੈਂ ਇਹ ਬਿਆਨ ਅਕਾਲਪੁਰਖ ਤੇ ਗੁਰੂ ਨਾਨਕ ਸਾਹਿਬ ਨੂੰ ਹਾਜ਼ਰ-ਨਾਜ਼ਰ ਸਮਝ ਕੇ, ਪੂਰੀ ਦਿਆਨਤਦਾਰੀ ਤੇ ਜ਼ਿੰਮੇਂਵਾਰੀ ਨਾਲ ਦੇ ਰਿਹਾ ਹਾਂ।'' ਇਹ 'ਤਸਦੀਕ' ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚ ਇਉਂ ਅੰਕਿਤ ਹੈ :

ਉਪਮਾ ਖ਼ਾਲਸਹਿ ਜਾਤਿ ਨ ਕਹੀ,

1. ਗੁਰੂ, ਪੀਰ, ਮੁਰਸ਼ਦ।
2. ਸ਼ੁਭ ਸੁਭਾ, ਸੋਭਾ।
3. ਸਰੀਰ।
4. ਤਾਣੇ ਪੇਟੇ ਵਾਂਗ ਇਧਰ ਉਧਰ, ਸਮੁੰਦਰ ਤੇ ਬੂੰਦ ਵਾਂਗ ਇੱਕੋ ਜਲ-ਰੂਪ ਹਾਂ।
5. ਲਹਿਰ, ਤਰੰਗ।
6. ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਨਾਂ ਨਾਲ ਸਬੰਧਿਤ, ਸ੍ਰੀ ਸਰਬਲੋਹ ਗ੍ਰੰਥ ਸਾਹਿਬ, ਆਨੰਦਪੁਰ ਸਾਹਿਬ-1699 ਲਪ., ਬੁੱਢਾ ਦਲ ਵਲੋਂ ਟੀਕਾ ਸਹਿਤ ਪਰਕਾਸ਼ਿਤ, ਆਨੰਦਪੁਰ ਸਾਹਿਬ -1970 (ਲਪ), ਭਾਗ ਤੀਜਾ, ਬਿਸ਼ਨਪਦ, ਨੰ .3309, ਪੰਨਾ 531-532.

ਜਿਹਵਾ[7] ਏਕ ਪਾਰੁ[8] ਨ ਲਹੀ ।
ਯਾ ਮਹਿ ਰੰਚਿ ਨ ਮਿਥਯਾ[9] ਭਾਖੀ,
ਪਾਰਬ੍ਰਹਮ ਗੁਰੁ ਨਾਨਕ ਸਾਖੀ[10] ।[11]

ਆਪੇ ਸਾਜੇ-ਨਿਵਾਜੇ ਸੇਵਕਾਂ ਲਈ ਅਜਿਹੀ ਨੇਕਨੀਤੀ, ਸਿਦਕਦਿਲੀ ਤੇ ਦਰਿਆਦਿਲੀ ; ਉਨ੍ਹਾਂ ਨਾਲ ਅਜਿਹੀ ਇਕ-ਰੂਪਤਾ, ਇਕ-ਮਿਕਤਾ ਤੇ ਇਕ-ਸਮਾਨਤਾ ਸਬੰਧੀ ਅਜਿਹਾ ਹਲਫ਼ੀਆ ਬਿਆਨ ਤੇ ਖੁਲ੍ਹਾ ਏਲਾਨ, ਅਤਿ ਦਰਜੇ ਦੀ 'ਚੜ੍ਹਦੀ ਕਲਾ' ਦਾ ਕੋਈ ਪੁੰਜ ਹੀ ਕਰ ਸਕਦਾ ਹੈ। ਇਸ ਦਾ ਇਕ ਭਰਵਾਂ ਸਬੂਤ ਆਨੰਦਪੁਰ ਹੋਏ ਇਕ ਯੱਗ ਦੇ ਸਬੰਧ ਕਾਂਸ਼ੀ ਤੋਂ ਆਏ ਮਿਸ਼ਰ ਕੇਸ਼ਵ ਦਾਸ ਦੇ ਰੋਸ-ਪ੍ਰਗਟਾਵੇ ਅਤੇ ਗੁਰੂ ਜੀ ਦੇ ਜਵਾਬ ਵਿਚ ਵਿਦਮਾਨ ਹੈ। ਮਿਸ਼ਰ ਜੀ ਨੂੰ ਗ਼ੁੱਸਾ ਇਸ ਗੱਲ ਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਯੱਗ-ਸਮੱਗਰੀ ਆਪਣੇ ਸਿੱਖਾਂ-ਸੇਵਕਾਂ (ਜਿਨ੍ਹਾਂ ਨੂੰ ਉਹ ਨੀਚ ਤੇ ਕਮੀਨ ਸਮਝਦਾ ਸੀ) ਵਿਚ ਵਰਤਾਅ ਦਿੱਤੀ ਸੀ ; ਅਤੇ ਇਉਂ, ਉਹਦੇ ਭਾਣੇ, ਸਾਰਾ ਯੱਗ ਅਸਫ਼ਲ ਅਤੇ ਭੋਜਨ ਅਪਵਿੱਤਰ ਕਰ ਦਿੱਤਾ ਸੀ। 'ਦੇਗ-ਤੇਗ਼' ਦੇ ਸੰਚਾਲਕ ਦਸਮੇਸ਼ ਜੀ ਨੇ ਉਸ ਨੂੰ ਸੰਬੋਧਨ ਕਰਦਿਆਂ ਨਿਝੱਕ ਆਖਿਆ ਸੀ : "ਮਿਸ਼ਰ ਜੀ ! ਜਿਨ੍ਹਾਂ ਬੰਦਿਆਂ ਨੂੰ ਤੁਸੀਂ ਨੀਚ ਤੇ ਕਮੀਨ ਆਖਦੇ ਹੋ, ਮੇਰੀਆਂ ਨਜ਼ਰਾਂ ਵਿਚ ਅਸਲੀ ਉੱਚੇ ਤੇ ਸੁੱਚੇ ਜੀਊੜੇ ਇਹੋ ਲੋਕ ਹਨ। ਨਾਲੇ ਮੇਰੇ ਦਾਨ-ਪੁੰਨ ਤੇ ਸੇਵਾ-ਸੰਭਾਲ ਦੇ ਅਸਲ ਹੱਕਦਾਰ ਵੀ ਤਾਂ ਇਹੋ ਹਨ। ਇਨ੍ਹਾਂ ਦੀ ਹੀ ਮਿਹਰਬਾਨੀ ਨਾਲ ਮੈਂ ਜੰਗ ਜਿੱਤੇ ਹਨ, ਅਤੇ ਇਹ ਸਭ ਕੁਝ ਪਰਾਪਤ ਕੀਤਾ ਹੈ। ਮੈਂ ਆਪ ਵੀ ਤਾਂ ਇਨ੍ਹਾਂ ਦਾ ਹੀ ਬਣਾਇਆ ਹੋਇਆ ਹਾਂ, ਨਹੀਂ ਤਾਂ ਮੇਰੇ ਜਹੇ ਕਰੋੜਾਂ ਗ਼ਰੀਬ ਐਵੇਂ ਹੀ ਭਉਂਦੇ ਫਿਰਦੇ ਹਨ। ਦਾਨ ਤੇ ਭੋਜਨ ਕੀ, ਮੇਰਾ ਤਾਂ ਤਨ-ਮਨ-ਧਨ, ਸਭ ਕੁਝ, ਹੀ ਇਨ੍ਹਾਂ ਦੀ ਸੇਵਾ ਲਈ ਹਾਜ਼ਰ ਹੈ" :

ਜੁਧ ਜਿਤੇ ਇਨਹੀ ਕੇ ਪ੍ਰਸਾਦਿ[12],
ਇਨਹੀ ਕੈ ਪ੍ਰਸਾਦਿ ਸੁ ਦਾਨ ਕਰੇ।
ਅਘ ਅਉਘ ਟਰੇ[13] ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸ਼ਤ੍ਰ[14] ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀਂ[15] ਮੋ ਸੇ[16] ਗ਼ਰੀਬ ਕਰੋਰ ਪਰੇ।[17]

ਇਸੇ ਲਈ, ਮੈਨੂੰ ਤਾਂ ਇਨ੍ਹਾਂ ਦੀ ਹੀ ਸੇਵਾ ਤੇ ਸੰਭਾਲ ਭਾਉਂਦੀ ਹੈ ; ਅਤੇ ਇਨ੍ਹਾਂ ਨੂੰ ਹੀ ਦਿੱਤਾ ਦਾਨ ਭਲਾ ਤੇ

7. ਜੀਭ। 8. ਅੰਤ। 9. ਝੂਠ। 10. ਗਵਾਹ।
11. ਗੁਰੂ ਗੋਬਿੰਦ ਸਿੰਘ, ਸਰਬਲੋਹ ਗ੍ਰੰਥ ਸਾਹਿਬ, ਉਹੀ, ਪੰ. 532.
12. ਕਿਰਪਾ, ਮਿਹਰਬਾਨੀ ਸਦਕੇ।
13. ਦੁੱਖ ਦਲਿੱਦਰ ਦੂਰ ਹੋਏ ਹਨ।
14. ਵੈਰੀ, ਦੁਸ਼ਮਣ ।
15. ਨਹੀਂ ਤਾਂ। 16. ਮੇਰੇ ਵਰਗੇ।
17. ਦਸਮ ਗ੍ਰੰਥ ਸਾਹਿਬ, ਉਹੀ, ਸੱਵੈਯੇ ਪਾਤਸ਼ਾਹੀ 10, ਪਦ ਨੰ. 2 ਪੰ., 1223.

ਫਲਦਾਇਕ ਪਰਤੀਤ ਹੁੰਦਾ ਹੈ :

ਸੇਵ ਕਰੀ ਇਨਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨਹੀ ਕੋ ਦਯੋ,
ਜਗ ਮੈ ਜਸੁ ਅਉਰ ਦਯੋ ਸਭ ਫੀਕੋ।
ਮੋ ਗ੍ਰਿਹਿ ਮੈ ਤਨ ਤੇ, ਮਨ ਤੇ,
ਸਿਰ ਲਉ ਧਨ ਹੈ, ਸਭ ਹੀ ਇਨਹੀ ਕੋ।[18]

ਸਮਕਾਲੀ ਕਵੀ ਸੈਨਾਪਤਿ (ਜੋ ਉਨ੍ਹਾਂ ਦੇ ਅੰਤਮ ਸਮੇਂ ਉਨ੍ਹਾਂ ਪਾਸ ਨਾਂਦੇੜ ਮੌਜੂਦ ਸੀ) ਨੇ ਦੁਸ਼ਟ-ਦਮਨ ਦੇ ਅੰਤਲੇ ਹੁਕਮ ਦਾ ਜ਼ਿਕਰ ਕਰਦਿਆਂ, ਸਾਫ਼ ਲਿਖਿਆ ਹੈ ਕਿ ਸਿੱਖਾਂ ਦੀ ਇਸ ਬਿਹਬਲ ਪੁੱਛ : ''ਇਸ ਤੋਂ ਬਾਅਦ ਆਪ ਕਿਸ ਪਾਵਨ ਰੂਪ ਵਿਚ ਵਿਚਰੋਗੇ ਅਤੇ ਆਪ ਜੀ ਤੋਂ ਬਾਅਦ ਸਾਡੇ ਗੁਰੂ ਕੌਣ ਹੋਣਗੇ ?''– ਦਾ ਜਵਾਬ ਦੇਂਦਿਆਂ, ਪੰਥ-ਦੇ-ਵਾਲੀ ਨੇ ਨਿਸੰਗ ਫ਼ਰਮਾਇਆ ਸੀ : ''ਮੈਂ ਗੁਰੂ-ਜਾਮਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਖ਼ਾਲਸੇ ਨੂੰ ਬਖ਼ਸ਼ ਦਿੱਤਾ ਹੈ, ਅਗੋਂ ਖ਼ਾਲਸਾ ਹੀ ਗੁਰੂ ਹੋਵੇਗਾ'' :

ਏਕ ਦਿਵਸ ਕਾਰਨ ਤੇ ਆਗੇ,
ਮਿਲਿ ਕੇ ਸਿੰਘ ਪੂਛਨੇ ਲਾਗੇ :
'ਕਵਨ ਰੂਪ ਆਪਨ ਪ੍ਰਭ ਕੀਨੋਂ' ?
ਤਿਨ ਕੈ ਜੁਆਬ ਭਾਂਤਿ ਇਹ ਦੀਨੋ :
ਤਾਹ ਸਮੇਂ ਗੁਰ ਬੈਨ ਸੁਨਾਯੋ,
ਖ਼ਾਲਸ ਅਪਨੋ ਰੂਪ ਬਤਾਯੋ।
"ਖ਼ਾਲਸ ਹੀ ਸੋ ਹੈ ਮਮ ਕਾਮਾ,
ਬਖ਼ਸ਼ ਦੀਉ ਖ਼ਾਲਸ ਕੋ ਜਾਮਾ।
ਖ਼ਾਲਸ ਮੇਰੋ ਰੂਪ ਹੈ, ਹੌਂ ਖ਼ਾਲਸ ਕੇ ਪਾਸਿ।
ਆਦਿ ਅੰਤਿ ਹੀ ਹੋਤ ਹੈ,
ਖ਼ਾਲਸ ਮੈਂ ਪ੍ਰਗਾਸ'।[19]

ਇਉਂ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਜੋਤ ਨੇ ਆਪੇ-ਸਿਰਜੇ ਖ਼ਾਲਸੇ ਦੀ ਜੋਤ ਨੂੰ ਉਸ ਤਰ੍ਹਾਂ ਪ੍ਰਜੱਵਲਤ ਕਰ ਦਿੱਤਾ ਜਿਸ ਤਰ੍ਹਾਂ ਇਕ ਜਗੀ ਹੋਈ ਬੱਤੀ ਦੂਜੀ ਬੱਤੀ ਨੂੰ ਕਰ ਦੇਂਦੀ ਹੈ। ਇਸੇ ਲਈ ਉਸ ਅਗੰਮੀ ਜੋਤ ਦੇ ਹੋਰ ਸਾਰੇ ਗੁਣਾਂ ਦੇ ਨਾਲ ਨਾਲ, 'ਚੜ੍ਹਦੀ ਕਲਾ' ਵਾਲੀ ਇਹ ਅਦੁੱਤੀ ਅੰਸ਼ ਤੇ ਸਪਿਰਿਟ ਵੀ ਉਦੋਂ ਹੀ ''ਗੁਰੂ-ਖ਼ਾਲਸੇ'' ਵਿਚ ਸਹਿਜ-ਸੁਭਾ 'ਹਲੂਲ' ਹੋ ਗਈ ਸੀ।

---

18. ਉਕਤ, ਪੰ. 1223, ਪਦ ਨੰ. 3.
19. ਸੈਨਾਪਤਿ, ਸ੍ਰੀ ਗੁਰ ਸੋਭਾ, ਉਹੀ, ਪਦ ਨੰ. 40-42; ਸੰਪਾਦਿਤ ਪਾਠ ਉਹੀ, ਪੰ. 128.

16

ਔਰੰਗਜ਼ੇਬ ਨੂੰ ਵਿਜੈ-ਪੱਤਰ ਲਿਖਦਿਆਂ ਤੇ ਭੇਜਦਿਆਂ

ਚੜ੍ਹਦੀ ਕਲਾ ਦੇ ਸਾਕਾਰ-ਸਰੂਪ, ਗੁਰੂ ਗੋਬਿੰਦ ਸਿੰਘ ਜੀ, ਨੇ ਸਮੇਂ ਦੇ ਮੁਗ਼ਲ ਸ਼ਹਿਨਸ਼ਾਹ, ਔਰੰਗਜ਼ੇਬ, ਨੂੰ 5 ਦਸੰਬਰ 1705 ਨੂੰ ਆਨੰਦਪੁਰ ਸਾਹਿਬ ਤੋਂ ਕੀਤੇ ਕੂਚ ਉਪਰੰਤ, ਉਸੇ ਅਦੁੱਤੀ ਸਪਿਰਿਟ ਨਾਲ ਓਤਪੋਤ ਜਿਹੜੀਆਂ ਦੋ ਚਿੱਠੀਆਂ ਜਾਂ ਪੱਤਰ ਲਿਖ ਭੇਜੇ ਸਨ, ਉਹ ਸਹੀ ਅਰਥਾਂ ਵਿਚ 'ਵਿਜੈ-ਪੱਤਰ' ਸਨ। ਇਸੇ ਲਈ ਉਨ੍ਹਾਂ ਨੇ ਇਨ੍ਹਾਂ ਪੱਤਰਾਂ ਜਾਂ ਚਿੱਠੀਆਂ ਦੇ ਨਾਂ ਹੀ 'ਫ਼ਤਹਿਨਾਮਾ' ਅਤੇ 'ਜ਼ਫ਼ਰਨਾਮਾ' ਰਖੇ ਸਨ।

ਇਹ ਦੋਵੇਂ ਬੇਮਿਸਾਲ ਇਤਿਹਾਸਕ ਪੱਤਰ ਫ਼ਾਰਸੀ ਕਵਿਤਾ ਵਿਚ ਹਨ ਅਤੇ ਈਰਾਨ ਦੇ ਸੁਪ੍ਰਸਿੱਧ ਕਵੀ, ਫ਼ਰਦੌਸੀ, ਦੇ ਸ਼ਾਹਕਾਰ, 'ਸ਼ਾਹਨਾਮਾ', ਦੇ ਮਸਨਵੀ ਵਾਲੇ ਬਹਿਰ ਤੇ ਬੰਦਸ਼ ਅਨੁਸਾਰ ਰਚੇ ਹੋਏ ਹਨ। ਇਹ ਆਪਣੀ ਇਤਿਹਾਸਕ ਮਹੱਤਤਾ ਤੋਂ ਛੁੱਟ, ਕਾਵਿਕ ਖ਼ੂਬੀਆਂ ਨਾਲ ਵੀ ਭਰਪੂਰ ਹਨ। ਇਸ ਤੋਂ ਇਲਾਵਾ, ਇਹ ਨੈਤਕਤਾ ਜਾਂ ਨੀਤੀ-ਵਿਗਿਆਨ ਦਾ ਇਕ ਅਨੂਠਾ ਭਾਸ਼ ਜਾਂ ਸਪੱਸ਼ਟੀਕਰਨ ਵੀ ਹਨ; ਅਤੇ ਇਕ ਅਦੁੱਤੀ ਧਰਮ-ਯੋਧੇ ਦੀ ਇਕ ਸ਼ਹਿਨਸ਼ਾਹ ਉਤੇ ਪਰਾਪਤ ਹੋਈ ਸਦਾਚਾਰਕ ਜਿੱਤ ਦੇ 'ਧਰਮ-ਪੱਤਰ' ਵੀ ਹਨ। ਇਨ੍ਹਾਂ ਵਿਚ ਉਸ ਦੇ ਜਬਰ ਤੇ ਜ਼ੁਲਮ; ਬਦਨੀਤੀਆਂ, ਬੇਇਨਸਾਫ਼ੀਆਂ ਤੇ ਵਾਇਦਾ-ਖ਼ਿਲਾਫ਼ੀਆਂ ਨੂੰ ਚੰਗੀ ਤਰ੍ਹਾਂ ਉਘੇੜ ਕੇ, ਉਸ ਨੂੰ ਸ਼ਰਮਿੰਦਾ ਕੀਤਾ ਗਿਆ ਹੈ; ਭਰਪੂਰ ਲਾਅਨਤਾਂ ਪਾਈਆਂ ਗਈਆਂ ਹਨ ਅਤੇ ਇਹ ਗੱਲ ਦ੍ਰਿੜ੍ਹ ਕਰਾਈ ਗਈ ਹੈ ਕਿ ਪਾਪੀ ਤੇ ਅਪਰਾਧੀ ਦੀ ਅੰਤ ਹਾਰ ਅਤੇ ਧਰਮੀ ਤੇ ਨਿਰਦੋਸ਼ ਦੀ ਆਖ਼ਿਰ ਜਿੱਤ ਹੀ ਹੋਇਆ ਕਰਦੀ ਹੈ।

ਸਭ ਤੋਂ ਵਧ ਇਹ ਕਿ ਇਹ ਦੋਵੇਂ ਪੱਤਰ embody the indomitable spirit of Guru Gobind Singh and his Khalsa, and their refusal to bow to the brutal will of a tyrant.[1] "ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਖ਼ਾਲਸੇ ਦੀ ਅਜਿੱਤ ਸਪਿਰਿਟ ਅਤੇ ਇਕ ਜ਼ਾਲਮ ਦੀ ਕਰੂਰ ਇੱਛਾ ਸਾਹਵੇਂ ਝੁਕਣ ਤੋਂ ਸਪੱਸ਼ਟ ਇਨਕਾਰ ਨੂੰ ਸਾਕਾਰ ਕਰਦੇ ਹਨ।"[1] ਇਹ ਪੱਤਰ ਸਿੱਖ ਸਤਿਗੁਰਾਂ ਦੀ ਬਖ਼ਸ਼ੀ ਹੋਈ 'ਚੜ੍ਹਦੀ ਕਲਾ' ਦੀ ਸਿਖਰੀ ਅਵਸਥਾ ਦੇ ਪਰਤੀਕ, ਅਤੇ ਉਸ ਦੇ ਵੰਨ-ਸੁ-ਵੰਨੇ ਚਮਤਕਾਰਾਂ ਦੇ ਸਾਖੀ ਤੇ ਸੂਚਕ ਵੀ ਹਨ।

2

ਇਨ੍ਹਾਂ ਵਿਚੋਂ ਪਹਿਲਾ ਪੱਤਰ, ਭਾਵ 'ਫ਼ਤਹਿਨਾਮਾ', ਜਿਵੇਂ ਕਿ ਇਸ ਦੇ 14ਵੇਂ ਬੈਂਤ ਤੋਂ ਵੀ ਵਿਦਿਤ ਹੈ, ਚਮਕੌਰ ਦੇ ਯੁੱਧ ਤੋਂ ਛੇਤੀ ਬਾਅਦ, ਮਾਛੀਵਾੜੇ ਦੇ ਕਿਆਮ ਦੌਰਾਨ, ਸੰਨ 1705 ਦੇ ਦਸੰਬਰ ਦੇ ਆਖ਼ਰੀ ਹਫ਼ਤੇ ਦੇ ਵਿਚ-ਵਿਚਾਲੇ ਲਿਖਿਆ ਗਿਆ ਸੀ। ਉਦੋਂ ਤਕ ਉਨ੍ਹਾਂ ਨੂੰ ਆਪਣੇ ਕੇਵਲ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹੀ ਪਤਾ ਸੀ ਜੋ ਉਨ੍ਹਾਂ ਦੀ ਪਾਵਨ ਆਗਿਆ ਤੇ ਹੱਲਾਸ਼ੇਰੀ ਨਾਲ, ਉਨ੍ਹਾਂ ਦੀਆਂ ਅੱਖਾਂ ਸਾਹਵੇਂ, ਚਮਕੌਰ ਦੀ ਕੱਚੀ ਗੜ੍ਹੀ ਤੋਂ ਬਾਹਰ ਜਾ ਜੂਝੇ ਸਨ। ਸ.ਕਪੂਰ ਸਿੰਘ ਅਨੁਸਾਰ, ਇਹ ਪੱਤਰ ਉਦੋਂ ਦੱਕਨ ਵਿਚ ਵਿਚਰ ਰਹੇ ਔਰੰਗਜ਼ੇਬ ਨੂੰ ਭਾਈ ਦਇਆ ਸਿੰਘ ਹੱਥੀਂ ਭੇਜਿਆ ਗਿਆ ਸੀ।[2]

ਇਸ ਪੱਤਰ ਦਾ ਸੰਪੂਰਨ ਪਾਠ ਅਜੇ ਤਕ ਪਰਾਪਤ ਨਹੀਂ ਹੋ ਸਕਿਆ। ਇਸ ਦੇ ਹੁਣ ਤਕ ਸੁਲੱਭ 24 ਬੈਂਤ ਪਟਨਾ ਸਾਹਿਬ ਦੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਸਾਬਕਾ ਵਿਦਵਾਨ ਮਹੰਤ, ਬਾਬਾ ਸੁਮੇਰ ਸਿੰਘ ਜੀ,

---

1. Duggal, Devinder Singh, *Fatehnama & Zafarnama*, *op.cit.*, p. 62.
2. Kapur Singh, in his *Foreword* to the op.cit., pp.ix & 64.

ਤੋਂ ਸੰਨ 1922 ਵਿਚ ਬਨਾਰਸ ਦੇ ਇਕ ਵਿਦਵਾਨ, ਬਾਬੂ ਜਗਨ ਨਾਥ, ਰਾਹੀਂ ਪਰਾਪਤ ਹੋਏ ਸਨ।

ਇਨ੍ਹਾਂ ਵਿਚੋਂ ਦੂਜਾ ਪੱਤਰ ਜਾਂ ਚਿੱਠੀ, ਭਾਵ 'ਜ਼ਫ਼ਰਨਾਮਾ', ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦੀਨਾ-ਕਾਂਗੜ ਦੇ ਕਿਆਮ ਦੌਰਾਨ, ਮਈ 1705 ਈ. ਵਿਚ, ਉਸ ਵਲੋਂ ਆਈ ਚਿੱਠੀ ਤੇ ਸੁਨੇਹੇ ਦੇ ਜਵਾਬ ਵਿਚ, ਅਹਿਮਦਨਗਰ (ਦੱਖਣ ਜਾਂ ਦਕਨ) ਲਿਖ ਭੇਜੀ ਸੀ। ਇਹ ਲਿਖਤ ਗੁਰੂ ਸਾਹਿਬ ਦੀ ਅਮੋੜ ਤੇ ਅਜਿੱਤ ਸਪਿਰਿਟ, ਭਾਵ ਉੱਚਤਮ 'ਚੜ੍ਹਦੀ ਕਲਾ', ਦਾ ਇਕ ਪਰਤੱਖ ਪ੍ਰਮਾਣ ਹੈ। ਇਸ ਤੋਂ ਇਲਾਵਾ, ਇਹ ਉਨ੍ਹਾਂ ਦੀ "ਸ਼ੁਭ ਕਰਮਨ" (moral action and ethical conduct) ਵਾਲੀ ਅਦੁੱਤੀ ਫ਼ਿਲਾਸਫ਼ੀ ਦਾ ਅਤੇ ਉਨ੍ਹਾਂ ਦੇ ਪਾਵਨ ਸੰਦੇਸ਼ ਤੇ ਉਪਦੇਸ਼ ਦਾ ਪੇਸ਼-ਕਰਤਾ ਤੇ ਪਰਵਕਤਾ ਵੀ ਹੈ।

ਇਹ ਚਿੱਠੀ ਵੀ ਉਨ੍ਹਾਂ ਨੇ ਆਪਣੇ ਪ੍ਰਮੁੱਖ 'ਪਿਆਰੇ', ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਹੱਥੀਂ ਦਸਤੀ ਘਲੀ ਸੀ। ਭਾਈ ਸਰੂਪ ਸਿੰਘ ਕੌਸ਼ਿਸ਼ ਨੇ ਇਸ ਦੇ ਲਿਖਣ-ਸਮੇਂ ਤੇ ਸਥਾਨ, ਅਤੇ ਭੇਜਣ ਦੇ ਸਾਧਨ ਤੇ ਸਰੂਪ ਆਦਿ ਦਾ ਵੇਰਵਾ, ਸਮਕਾਲੀ ਭੱਟ-ਵਹੀਆਂ ਦੇ ਆਧਾਰ 'ਤੇ, 'ਗੁਰੂ ਕੀਆਂ ਸਾਖੀਆਂ' ਵਿਚ ਇਉਂ ਦਿੱਤਾ ਹੋਇਆ ਹੈ:

> ਸਤਿਗੁਰਾਂ ਰਾਤਰੀ ਭਦੌੜ ਨਗਰੀ ਮੇਂ ਬਿਤੀਤ ਕਰ ਕੇ ਅਗਲੇ ਦਿਹੁੰ ਸੰਮਤ ਸਤਰਾਂ ਸੈ ਬਾਸਠ, ਪੋਖ ਮਾਸ ਕੀ ਇਕੀਸ, ਵੀਰਵਾਰ ਕੇ ਦਿਵਸ, ਆਗੇ ਕੀ ਤਰਫ ਪਿਆਨਾ ਕੀਆ।... ਦੀਨੇ ਗ੍ਰਾਮ ਮੇਂ ਭਾਈ ਦੇਸਾ ਸਿੰਘ ਤਖਣੋਟੇ ਸਿੱਖ ਕੇ ਚੌਬਾਰੇ ਮੇਂ ਆਇ ਆਸਨ ਲਾਇਆ।... ਏਸ ਘਰ ਕੋ ਸਿੱਖੀ ਕੀ ਲਾਗ ਛੇਵੇਂ ਸਤਿਗੁਰਾਂ ਕੇ ਸਮੇਂ ਸੇ ਲਾਗੀ ਹੂਈ ਸੀ। ਗੁਰੂ ਜੀ ਦੀਨਾ ਕਾਂਗੜ ਪਹੁੰਚਨੇ ਸਮੇਂ ਅਜੇ ਇਸਲਾਮੀ ਲਿਬਾਸ ਮੇਂ ਥੇ, ਗੈਲ ਕੇ ਪਾਂਚੋਂ ਸਿਖੋਂ ਕਾ ਲਿਬਾਸ ਨਿਰਬਾਣ ਸਾਧੂਆਂ ਕਾ ਧਾਰਨ ਕੀਆ ਹੂਆ ਥਾ। ਗੁਰੂ ਜੀ ਨੇ ਅਗਲੇ ਦਿਹੁੰ ਦੇਸਾ ਸਿੰਘ ਕੇ ਚੌਬਾਰੇ ਮੇਂ ਔਰੰਗਜ਼ੇਬੀ ਪਤ੍ਰਿਕਾ, ਜੋ ਅਨੰਦਪੁਰ ਮੇਂ ਆਈ ਸੀ, ਉਸ ਦਾ ਉਤਰ ਦੇਨਾ ਆਰੰਭ ਕੀਆ।... ਸਤਿਗੁਰਾਂ ਪ੍ਰਿਥਮੇ ਉਸ ਮਹਾਂਕਾਲ ਕੀ ਸਿਫਤ ਮੇਂ ਚੰਦ ਸ਼ੇਅਰ ਕਹਿ ਕੇ ਫੇਰ ਅਪਨੀ ਦਾਸਤਾਨ ਬਿਆਨ ਕੀ। ਯਿਹ 'ਜ਼ਫ਼ਰਨਾਮਾ' ਲਿਖ ਭਾਈ ਦਯਾ ਸਿੰਘ ਸੇ ਬਚਨ ਹੋਆ "ਤੁਸੀ ਅਹਿਦੀਆ ਭੇਸ ਮੇਂ ਦਖਨ ਦੇਸ ਅਹਿਮਦਨਗਰ ਬਾਦਸ਼ਾਹ ਸੇ ਜਾਇ ਕੇ ਦੇਨਾ ਹੈ"। ਇਸ ਕੇ ਗੈਲ ਦੂਜਾ ਸਿਖ ਧਰਮ ਸਿੰਘ ਪਿਆਰੇ ਕੋ ਤਿਆਰ ਕੀਆ। ਇਹ ਦੋਵੇਂ ਸਿਖ ਅਹਿਦੀਆ ਭੇਸ ਮੇਂ ਦੀਨਾ ਨਗਰੀ ਸੇ ਦਖਨ ਦੇਸ ਕੋ ਰਵਾਨਾ ਹੂਏ।[3]

ਇਹ ਚਿੱਠੀ ਵੀ ਆਪਣੇ ਸੰਪੂਰਨ ਰੂਪ ਵਿਚ ਅਜੇ ਤਕ ਪਰਾਪਤ ਨਹੀਂ ਹੋ ਸਕੀ। ਇਸ ਦਾ ਜੋ ਪਾਠ 'ਦਸਮ ਗ੍ਰੰਥ ਸਾਹਿਬ' ਦੀ ਬੀੜ ਵਿਚ ਇਸੇ ਸਿਰਨਾਵੇਂ ਹੇਠ ਸੁਰੱਖਿਅਤ ਹੈ, ਉਸ ਵਿਚ ਕੇਵਲ 111[4] ਬੈਂਤ ਸੰਚਿਤ ਹਨ।[5]

---

3. ਕੌਸ਼ਿਸ਼, ਭਾਈ ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਉਹੀ, ਮਿਤੀ 1790 ਈ., ਸਾਖੀ ਨੰ.85; ਸੰਪਾਦਿਤ ਪਾਠ, ਉਹੀ, ਪੰ.155-56.

4. ਇਸ ਰਚਨਾ ਦੇ ਬੈਂਤਾਂ ਜਾਂ ਸ਼ਿਅਰਾਂ ਦੀ ਗਿਣਤੀ ਕਈ ਪਾਠਾਂ ਵਿਚ 112 ਵਿਦਿਤ ਹੈ।

5. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਸੰਪਾਦਿਤ ਪਾਠ, ਉਹੀ, ਪੰ.1238-49, ਵਿਚ ਸੰਚਿਤ ਜ਼ਫ਼ਰਨਾਮਾ।

3

ਜਿਥੋਂ ਤਕ ਪਹਿਲੀ ਚਿੱਠੀ, ਭਾਵ 'ਫ਼ਤਿਹਨਾਮਾ', ਦਾ ਸਬੰਧ ਹੈ, ਉਸ ਦਾ ਪਹਿਲਾ ਬੈਂਤ ਤੀਰਾਂ, ਤਲਵਾਰਾਂ ਤੇ ਬਰਛਿਆਂ ਆਦਿਕ ਸ਼ਸਤਰਾਂ ਦੇ ਅਤੇ ਦੂਜਾ ਬੈਂਤ ਜੰਗ ਵਿਚ ਜੂਝਣ ਵਾਲੇ ਯੋਧਿਆਂ ਤੇ ਹਵਾ ਵਾਂਗ ਤੇਜ਼ ਦੌੜਨ ਵਾਲੇ ਘੋੜਿਆਂ ਦੇ ਮਾਲਕ ਰੱਬ ਦੇ ਨਾਂ ਮਨਸੂਬ ਹੈ।

ਅਗਲੇ ਸਾਰੇ ਬੈਂਤ ਔਰੰਗਜ਼ੇਬ ਨੂੰ ਸੰਬੋਧਿਤ ਹਨ ਜਿਨ੍ਹਾਂ ਵਿਚ ਉਸ ਨੂੰ ਉਸ ਦੀ ਨੀਚਤਾ, ਕਰੂਰਤਾ, ਕਾਇਰਤਾ ਅਤੇ ਬਚਨ-ਭੰਗਤਾ ਆਦਿ ਦਾ ਅਹਿਸਾਸ ਕਰਾਉਣ ਅਤੇ ਸ਼ਰਮਸਾਰ ਕਰਨ ਲਈ ਲਿਖਿਆ ਹੈ :

> ਉਸੇ ਰੱਬ ਨੂੰ ਜਿਸ ਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ ਅਤੇ ਮੈਨੂੰ 'ਧਰਮ-ਰੱਖਿਆ' ਦੀ ਦੌਲਤ ਨਾਲ ਨਿਵਾਜਿਆ ਹੋਇਆ ਹੈ। (3)
>
> ਤੇਰਾ ਮੁੱਖ ਮੰਤਵ ਧੋਖੇ ਤੇ ਫ਼ਰੇਬ ਨਾਲ ਲੁੱਟਮਾਰ ਕਰਨਾ ਹੈ ਜਦ ਕਿ ਮੇਰਾ ਉਦੇਸ਼ ਸਿਦਕ ਤੇ ਸਚਾਈ ਨਾਲ ਇਸ ਦਾ ਬਾਨ੍ਹਣੂੰ ਬੰਨ੍ਹਣਾ ਹੈ। (4)
>
> ਤੈਨੂੰ ਤਾਂ ਤੇਰਾ ਨਾਂ, 'ਔਰੰਗਜ਼ੇਬ', ਵੀ ਸੱਜਦਾ-ਫੱਬਦਾ ਨਹੀਂ ਕਿਉਂਕਿ ਔਰੰਗਜ਼ੇਬ, ਅਰਥਾਤ, ਤਖ਼ਤ ਦੀ ਸਜਾਵਟ, ਭਾਵ ਬਾਦਸ਼ਾਹ, ਨੂੰ ਧੋਖੇ ਫ਼ਰੇਬ ਕਰਨੇ ਸ਼ੋਭਦੇ ਨਹੀਂ। (5)
>
> ਤੇਰੀ ਮਾਲਾ ਮਣਕਿਆਂ ਤੇ ਧਾਗੇ ਤੋਂ ਵਧ ਹੋਰ ਕੁਝ ਨਹੀਂ। ਜਦੋਂ ਤੂੰ ਇਸ ਦੇ ਮਣਕੇ ਫੇਰਦਾ ਹੈਂ ਤਾਂ ਇਹ ਤੇਰੇ ਲਈ ਲੋਕ ਭਰਮਾਉਣ ਤੇ ਮਾਲ-ਧਨ ਫਾਹੁਣ ਲਈ ਜਾਲ ਬਣ ਜਾਂਦੀ ਹੈ। (6)
>
> ਤੂੰ ਆਪਣੇ ਬੁਰੇ ਕਿਰਦਾਰ ਰਾਹੀਂ ਆਪਣੇ ਪਿਤਾ ਦੀ ਮਿੱਟੀ ਨੂੰ ਆਪਣੇ ਭਰਾਵਾਂ ਦੇ ਖ਼ੂਨ ਨਾਲ ਗੁੰਨ੍ਹ ਕੇ, ਆਪਣਾ ਇਹ ਕੱਚਾ ਕੋਠਾ ਆਪਣੇ ਰਾਜ-ਮਹਿਲ ਵਜੋਂ ਉਸਾਰਿਆ ਹੋਇਆ ਹੈ। (7-8)
>
> ਮੈਂ ਹੁਣ ਅਕਾਲਪੁਰਖ ਦੀ ਕਿਰਪਾ ਨਾਲ ਫ਼ੌਲਾਦੀ ਪਾਣੀ ਦੀ ਝੜੀ ਲਾ ਦਿਆਂਗਾ (9) ਤਾਂ ਜੋ ਉਸ ਮਨਹੂਸ ਚਾਰਦੀਵਾਰੀ ਵਿਚੋਂ ਉੱਲੂਆਂ ਦੇ ਵਾਸ ਦੀ ਕੋਈ ਨਿਸ਼ਾਨੀ ਵੀ ਬਾਕੀ ਨ ਰਹਿ ਸਕੇ। (10)
>
> ਤੂੰ ਦੱਕਨ ਦੀ ਪੱਬੀ ਤੋਂ ਮੂੰਹ ਦੀ ਖਾ ਕੇ ਆਇਆ ਹੈਂ ਅਤੇ ਮੇਵਾੜ ਤੋਂ ਵੀ ਦੰਦ ਖੱਟੇ ਕਰਵਾ ਕੇ ਮੁੜਿਆ ਏਂ। (11)
>
> ਹੁਣ ਤੂੰ ਇਧਰ, ਭਾਵ ਪੰਜਾਬ, ਨੂੰ ਅੱਖਾਂ ਵਿਖਾ ਰਿਹਾ ਏਂ ਤਾਂ ਜੋ ਉਧਰ ਹੋਈ ਹਾਰ ਦੀ ਤੇਹ ਤੇ ਕੁੜੱਤਣ ਦੂਰ ਕਰ ਸਕੇਂ। (12)

ਇਸ ਦੇ ਮੂਲ ਪਾਠ ਲਈ ਹੋਰ ਵੇਖੋ : ਭਾਈ ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, ਵਲੋਂ ਸੰਨ 1958 ਵਿਚ ਪਰਕਾਸ਼ਿਤ ਪਾਠ, ਦੂਜੀ ਸੈਂਚੀ, ਪੰ. 1389-94; **ਜ਼ਫ਼ਰਨਾਮਾ**, ਤਿੰਨ ਭਾਸ਼ਾਵਾਂ ਵਿਚ ਅਨੁਵਾਦਿਤ ਵਲੋਂ ਅਚਾਰੀਆ ਧਰਮੇਂਦਰ ਨਾਥ, ਜੈਪੁਰ-1967; **ਜ਼ਫ਼ਰਨਾਮਾ**, **ਭਾਸ਼ਾ ਵਿਭਾਗ**, ਪੰਜਾਬ, ਵਲੋਂ ਪਰਕਾਸ਼ਿਤ, ਪਟਿਆਲਾ-1973; Duggal, *Fatehnama & Zafarnama,* op.cit., Jalandhar-1980; **ਜ਼ਫ਼ਰਨਾਮਾ**, ਕਾਵਿ-ਅਨੁਵਾਦ ਵਲੋਂ ਡਾ. ਗੁਰਦੇਵ ਸਿੰਘ ਪੰਦੋਹਲ, ਲੁਧਿਆਣਾ-1993; ਇਤਿਆਦਿ।

ਮੈਂ ਤਾਂ ਤੇਰੇ ਘੋੜੇ ਦੇ ਨਾਅਲਾਂ ਹੇਠ ਅਜਿਹੀ ਅੱਗ ਰਖ ਦਿਆਂਗਾ ਕਿ ਇਥੋਂ
ਤਾਂ ਤੈਨੂੰ ਨਾ ਖਾਣ ਤੇ ਨਾ ਹੀ ਪੀਣ ਲਈ ਕੁਝ ਮਿਲ ਸਕੇਗਾ। (13)

ਜਿਥੋਂ ਤਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀਆਂ ਸ਼ਹਾਦਤਾਂ ਦਾ ਸਬੰਧ ਹੈ, ਉਸ ਦੀ ਪਾਰਸਾਈ ਦਾ ਪਰਦਾ ਫ਼ਾਸ਼ ਕਰਦਿਆਂ ਅਤੇ ਉਸ ਦੀ ਜਵਾਂਮਰਦੀ ਨੂੰ ਲਲਕਾਰਦਿਆਂ, ਇਹ ਕੁਝ ਵੀ ਉਸ ਵਿਚ ਬੜੀ ਬੇਬਾਕੀ ਨਾਲ ਕਾਨੀਬੰਦ ਕਰ ਦਿੱਤਾ ਸੀ :

ਚਿ ਸ਼ੁਦ ਗਰ ਸ਼ਗਾਲੇ ਬ ਮੱਕਰੋ ਰਜਾ ?
ਹਮੀ ਕੁਸ਼ਤ ਦੋ ਬੱਚਾ-ਇ-ਸ਼ੇਰ ਰਾ। (14)
ਚੂੰ ਸ਼ੇਰੇ ਜ਼ਯਾਂ ਜ਼ਿੰਦਾ ਮਾਨਦ ਹਮੇ,
ਜ਼ਿ ਤੋ ਇਨਤਕਾਮੇ ਸਤਾਨਦ ਹਮੇ। (15)

ਅਰਥਾਤ, "ਕੀ ਹੋਇਆ ਜੇ ਇਕ ਗਿੱਦੜ ਨੇ ਇਕ ਸ਼ੇਰ ਦੇ ਦੋ ਬੱਚਿਆਂ ਨੂੰ ਧੋਖੇ ਤੇ ਫ਼ਰੇਬ ਨਾਲ ਮਾਰ ਦਿੱਤਾ ਹੈ। (14)
ਜਦੋਂ ਤਕ ਇਹ ਭਿਆਨਕ ਸ਼ੇਰ ਜੀਉਂਦਾ ਰਹੇਗਾ, ਉਸ ਨੂੰ ਤੇਰੀ ਦੁਸ਼ਟਤਾ
ਦਾ ਬਦਲਾ ਲੈਣ ਦਾ ਖ਼ਿਆਲ ਆਉਂਦਾ ਰਹੇਗਾ। (15)
ਤੂੰ ਹੁਣ ਮੁੜ ਮੁੜ ਕੇ ਖ਼ੁਦਾ ਦੇ ਨਾਂ 'ਤੇ ਹੋਰ ਫ਼ਰੇਬ ਨਾ ਕਰ ਕਿਉਂਕਿ ਮੈਂ
ਤੇਰਾ ਖ਼ੁਦਾ ਤੇ ਉਸ ਦਾ ਕਲਾਮ (ਕੁਰਾਨ) ਜਾਣ ਲਿਆ ਹੈ।" (16)

ਮੈਨੂੰ ਤਾਂ ਹੁਣ -

به سوگند تو اعتبارے نہ ماند،
مرا جز بہ شمشیر کارے نہ ماند (فتح نامہ)

(ਬ ਸੋਗੰਦਿ ਤੋ ਇਅਤਿਬਾਰੇ ਨਮਾਂਦ,
ਮਰਾ ਜੁਜ਼ ਬ ਸ਼ਮਸ਼ੀਰ ਕਾਰੇ ਨਮਾਂਦ।)

ਤੇਰੀਆਂ ਸਹੁੰ-ਸੌਗੰਦਾਂ ਉਤੇ ਕੋਈ ਇਤਬਾਰ ਨਹੀਂ ਰਿਹਾ। ਮੇਰੇ ਲਈ
ਤਾਂ ਹੁਣ ਤਲਵਾਰ ਉਤੇ ਹੱਥ ਰਖਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਿਹਾ। (17)
ਤੂੰ ਆਪਣੇ ਆਪ ਵਿਚ ਜੇ ਇਕ ਮੱਕਾਰ ਬਘਿਆੜ ਬਣਿਆ ਫਿਰਦਾ ਏਂ,
ਤਾਂ ਮੇਰੇ ਪਾਸ ਉਸ ਦੇ ਮੁਕਾਬਲੇ ਲਈ ਸੁਤੰਤਰ ਤੇ ਸੂਰਬੀਰ ਸ਼ੇਰ ਮੌਜੂਦ ਹਨ।" (18)

ਅਗਲੇ ਬੈਂਤਾਂ ਵਿਚ ਉਸ ਨੂੰ ਸਿੱਧਾ ਤੇ ਸਾਫ਼ ਰਾਹ ਦਸਦਿਆਂ ਅਤੇ ਨਿਜੀ ਮੁੱਠਭੇੜ ਲਈ ਵੰਗਾਰਦਿਆਂ ਲਿਖਿਆ ਹੈ :

"ਜੇ ਤੇਰੇ ਮਨ ਵਿਚ ਸਾਡੇ ਨਾਲ ਗੱਲਬਾਤ ਕਰਨ ਦੀ
ਫਿਰ ਕੋਈ ਖ਼ਾਹਿਸ਼ ਹੈ ਤਾਂ ਮੈਂ ਉਸ ਲਈ ਤੈਨੂੰ ਸਿਧਾ ਤੇ ਸਾਫ਼ ਰਾਹ ਵਿਖਾਉਂਦਾ ਹਾਂ। (19)
ਅਸਾਂ ਦੋਹਾਂ ਦੇ ਲਸ਼ਕਰ ਕਿਸੇ ਇਕ ਮੈਦਾਨ ਵਿਚ ਪਹੁੰਚ ਜਾਣ ਅਤੇ ਸਫ਼ਾਂ ਬੰਨ੍ਹ ਕੇ ਇਕ ਦੂਜੇ ਦੇ ਸਾਹਮਣੇ ਖਲੋ ਜਾਣ। (20) ਉਨ੍ਹਾਂ ਦੇ ਵਿਚਕਾਰ ਕੇਵਲ ਦੋ ਫ਼ਰਲਾਂਗ ਦਾ ਫ਼ਾਸਲਾ ਰਹਿ ਜਾਏ ਅਤੇ ਉਹ ਰਣ-ਭੂਮੀ ਇਉਂ ਸਜ ਜਾਏ। (21) ਉਪਰੰਤ ਉਸ ਵਿਚ ਮੈਂ ਦੋ ਘੁੜਸਵਾਰਾਂ

ਸਮੇਤ ਤੇਰੇ ਨੇੜੇ ਆ ਜਾਵਾਂਗਾ। (22) ਤੂੰ ਅਜੇ ਤਕ ਆਪਣੇ ਜੰਗੀ ਜਵਾਨਾਂ ਦੀਆਂ ਮਿਹਨਤਾਂ ਤੇ ਮੁਸ਼ੱਕਤਾਂ ਦਾ ਫਲ ਖਾਂਦਾ ਤੇ ਮੌਜਾਂ ਮਾਣਦਾ ਰਿਹਾ ਏਂ। (23)

به میدان بیا خود به تیغ و تبر
مکن خلق خلاق زیر و زبر (فتح نامه)

(ਬ ਮੈਦਾਂ ਬਯਾ ਖ਼ੁਦ ਬੈ ਤੇਗ਼ੋ ਤਬਰ,
ਮਕੁਨ ਖ਼ਲਕੇ ਖ਼ੱਲਾਕ ਜ਼ੇਰੋ ਜਬਰ।)

ਅਰਥਾਤ, "ਤੂੰ ਹੁਣ ਤਲਵਾਰ ਤੇ ਢਾਲ ਲੈ ਕੇ ਖ਼ੁਦ ਆਪ ਆ ਜਾ ਅਤੇ ਖ਼ੁਦਾ ਦੀ ਖ਼ਲਕਤ ਨੂੰ ਉਜੜਵਾਉਣਾ ਤੇ ਮਰਵਾਉਣਾ ਬੰਦ ਕਰ ਦੇ।"(24)[6]

ਸਮੇਂ ਦੀ ਸਭ ਤੋਂ ਵੱਡੀ ਸਲਤਨੱਤ ਦੇ ਔਰੰਗਜ਼ੇਬ ਵਰਗੇ ਜਾਬਰ, ਜ਼ਾਲਮ ਤੇ ਜ਼ਬਰਦਸਤ ਸ਼ਹਿਨਸ਼ਾਹ ਨੂੰ, ਬੜੇ ਗੰਭੀਰ ਸੰਕਟ ਤੇ ਬੇਸਰੋਸਾਮਾਨੀ ਦੀ ਹਾਲਤ ਵਿਚ ਵੀ, ਅਜਿਹੀ ਗਰਜਵੀਂ ਵੰਗਾਰ ਤੇ ਲੱਕ-ਤੋੜਵੀਂ ਫਿਟਕਾਰ, ਉਹ ਵੀ ਲਿਖਤੀ ਰੂਪ ਵਿਚ, ਕੋਈ ਅਜਿਹਾ ਰੱਬ-ਪੁਜ 'ਮਰਦ-ਅਗੰਮੜਾ' ਹੀ ਪਾ ਸਕਦਾ ਸੀ ਜਿਸ ਦੇ ਲੂੰ ਲੂੰ ਤੇ ਰਗ ਰਗ ਵਿਚ, ਅਣਖ, ਬੀਰਤਾ, ਸਵੈ-ਮਾਨ ਅਤੇ ਅਕਾਲ-ਭਰੋਸੇ ਵਾਲੀ 'ਚੜ੍ਹਦੀ ਕਲਾ' ਦੀ ਸਪਿਰਿਟ ਰਚੀ-ਮਿਚੀ ਹੋਈ ਸੀ।

4

ਉਪਰੋਕਤ ਦੂਜੀ ਚਿੱਠੀ, ਭਾਵ 'ਜ਼ਫ਼ਰਨਾਮਾ', ਦੀ ਦਾਸਤਾਨ (ਭਾਵਿ ਵਿਥਿਆ) ਵੀ ਤਾਂ ਔਰੰਗਜ਼ੇਬ ਦੀਆਂ ਸਹੁੰ-ਸੌਂਗੰਦਾਂ ਨੂੰ ਉਵੇਂ ਹੀ ਝੁਠਿਆਂਦਿਆਂ ਅਤੇ ਉਸ ਦੀ ਬੇਇਤਬਾਰੀ ਤੇ ਬਦਨੀਤੀ ਨੂੰ ਉਘਾੜਦਿਆਂ, ਇਉਂ ਆਰੰਭੀ ਗਈ ਸੀ :

ਮਰਾ ਇਅਤਿਬਾਰੇ ਬਰੀਂ ਕਸਮ ਨੇਸਤ,
ਕਿ ਏਜ਼ਦ ਗਵਾਹ ਅਸਤੁ, ਯਜ਼ਦਾਂ ਯਕੇਸਤ ।(13)
ਨਾ ਕਤਰਾ ਮਰਾ ਇਅਤਿਬਾਰਿ ਬਰੋਸਤ,
ਕਿ ਬਖ਼ਸ਼ੀ ਵਾ ਦੀਵਾਂ, ਹਮਹਿ ਕਿਜ਼ਬਗੋਸਤ।(14)
ਕਸੇ ਕੌਲਿ ਕੁੱਰਾਂ ਕੁਨੱਦ ਇਅਤਿਬਾਰ,
ਹਮਾਂ ਰੋਜ਼ਿ ਆਖ਼ਿਰ, ਸ਼ਵਦ ਜ਼ਾਰੋ ਖ਼ਵਾਰ। (15)

ਅਰਥਾਤ, "ਸਭ ਦਾ ਇੱਕੋ ਇਕ ਪਰਮਾਤਮਾ ਇਸ ਗੱਲ ਦਾ ਗਵਾਹ ਹੈ ਕਿ ਮੈਨੂੰ ਤੇਰੀ ਇਸ ਕਸਮ ਉਤੇ ਵੀ ਕੋਈ ਇਤਬਾਰ ਨਹੀਂ। ਮੈਨੂੰ ਉਸ ਬਾਦਸ਼ਾਹ ਉਤੇ ਜ਼ਰਾ ਜਿੰਨਾ ਵੀ ਭਰੋਸਾ ਨਹੀਂ ਜਿਸ ਦੇ ਸਾਰੇ ਸੈਨਕ ਤੇ ਅਸੈਨਕ ਅਧਿਕਾਰੀ ਝੂਠੇ ਤੇ ਬਦਨੀਤ ਹਨ। ਜੋ ਬੰਦਾ ਤੇਰੀ ਕੁਰਾਨ ਦੀ ਕਸਮ ਉਤੇ ਵਿਸ਼ਵਾਸ ਕਰ ਲੈਂਦਾ ਹੈ, ਉਸ ਨੂੰ ਆਖ਼ਰ ਦੁੱਖੀ ਤੇ ਖ਼ੁਆਰ ਹੀ ਹੋਣਾ ਪੈਂਦਾ ਹੈ।"

---

6. ਗੁਰੂ ਗੋਬਿੰਦ ਸਿੰਘ, ਫ਼ਤਿਹਨਾਮਾ,ਮਾਛੀਵਾੜਾ-1705 ਈ., ਇਸ ਦੇ ਮੂਲ ਪਾਠ ਲਈ ਵੇਖੋ : ਕਪੂਰ ਸਿੰਘ, ਸ., ਬਹੁ-ਵਿਸਤਾਰ, ਅੰਮ੍ਰਿਤਸਰ-1952; ਦੂਜੀ ਛਾਪ, ਲੁਧਿਆਣਾ-1970, ਪੰ. 138-42; Duggal, *Fatehnama & Zafarnama*, op.cit., pp. 73-84.

ਇਸ ਚਿੱਠੀ ਵਿਚ ਸੰਕੇਤਿਤ ਕੁਰਾਨ ਉਤੇ ਖਾਧੀ ਉਹ 'ਇਤਿਹਾਸਕ' ਕਸਮ, ਉਸ ਸਥਿਤੀ ਵਲ ਝਾਤ ਪੁਆਂਦੀ ਹੈ ਜੋ ਆਨੰਦਪੁਰ ਸਾਹਿਬ ਦੇ ਮੁਗ਼ਲਈ ਘੇਰੇ ਦੌਰਾਨ ਵਾਪਰੀ ਸੀ ਅਤੇ ਜਿਸ ਦਾ ਜ਼ਿਕਰ ਭਾਈ ਸਰੂਪ ਸਿੰਘ ਕੌਸ਼ਿਸ਼ ਨੇ, ਸਮਕਾਲੀ ਭੱਟ-ਵਹੀਆਂ ਦੇ ਆਧਾਰ 'ਤੇ, 'ਗੁਰੂ ਕੀਆਂ ਸਾਖੀਆਂ' ਵਿਚ ਇਉਂ ਕੀਤਾ ਹੋਇਆ ਹੈ:

> ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਦਿਹੁੰ ਪਾਂਚ ਗਏ, ਦਖਨ ਦਿਸ਼ਾ ਸੇ ਸ਼ਾਹੀ ਕਾਜ਼ੀ ਬਾਦਸ਼ਾਹੀ ਪਰਵਾਨਾ ਲੈ ਕੇ ਕਿਲ੍ਹਾ ਅਨੰਦਗਢ਼ ਆਇ ਗਇਆ। ਇਹ ਪਰਵਾਨਾ ਕੁਰਾਨ ਸ਼ਰੀਫ ਕੀ ਜਿਲਦ ਤੇ ਲਗਾ ਹੂਆ ਥਾ। ਇਸ ਮੇਂ ਲਿਖਾ ਥਾ ਕਿ "ਪੀਰ ਜੀ, ਤੁਸਾਂ ਮਾਖੋਵਾਲ ਗ੍ਰਾਮ ਕੋ ਛੋਰ ਕੇ ਕਸਬਾ ਕਾਂਗੜ ਮੇਂ ਆਇ ਜਾਈਏ, ਵਹਾਂ ਪਰਸਪਰ ਮੁਲਾਕਾਤ ਹੋਇਗੀ।" ਸਤਿਗੁਰਾਂ ਭਾਈ ਦਯਾ ਸਿੰਘ ਆਦਿ ਮੁਖੀਏ ਸਿੰਘਾਂ ਕੇ ਸਾਮ੍ਹੇਂ ਇਹ ਆਈ ਪੱਤ੍ਰਿਕਾ ਰਾਖੀ ਕਿ ਹੁਣ ਕਿਆ ਕਰਨਾ ਚਾਹੀਦੇ।... ਅਨੰਦਪੁਰੀ ਸਾਰੇ ਕਿਲ੍ਹਿਆਂ ਦੇ ਸਿੰਘ ਜਿਹੜੇ ਬਚੇ ਹੂਏ ਸਨ, ਉਹ ਕੁਝ ਸਮਾਂ ਪਹਿਲੋਂ ਕਿਲ੍ਹਾ ਅਨੰਦਗਢ਼ ਬੀਚ ਆਇ ਗਏ ਥੇ। ਸਤਿਗੁਰਾਂ ਇਨ ਕੇ ਸਾਥ ਬੀਚਾਰ ਕਰ ਕੇ, ਆਧੀ ਰਾਤ ਕੋ ਕਿਲ੍ਹਾ ਅਨੰਦਗਢ਼ ਤਿਆਗਨੇ ਕਾ ਫੈਸਲਾ ਕਰ ਲੀਆ।[7]

ਗੁਰੂਦੇਵ ਨੇ, ਇਸ ਸਬੰਧ ਵਿਚ, ਰਤਾ ਅਗੇਰੇ ਜਾ ਕੇ, ਖ਼ੁਦ ਆਪਣੇ ਚਲਨ ਤੇ ਅਸੂਲ ਦਾ ਜ਼ਿਕਰ ਕਰਦਿਆਂ, ਲਿਖਿਆ ਹੈ:

> ਬ ਮੁਸਹਫ਼ ਕਸਮ ਖ਼ੁਫ਼ੀਯਾਹ : ਗਰ ਖ਼ੁਰਦਮੇ,
> ਨ ਯਕ ਗਾਮ ਹਮ ਪੇਸ਼ ਅਜ਼ਾਂ ਬੁਰਦਮੇ। (18)

ਅਰਥਾਤ, "ਜੇ ਮੈਂ ਕੁਰਾਨ ਮਜੀਦ ਦੀ ਸਹੁੰ ਗੁਪਤ ਰੂਪ ਵਿਚ ਵੀ ਖਾਧੀ ਹੁੰਦੀ, ਤਾਂ ਵੀ ਮੈਂ ਆਪਣੀ ਥਾਂ ਤੋਂ ਇਕ ਕਦਮ ਵੀ ਅਗੇ ਨਾ ਵਧਦਾ।" (18) ਭਾਵ, ਤੂੰ ਤਾਂ ਪਰਗਟ ਅਤੇ ਲਿਖਤੀ ਰੂਪ ਵਿਚ ਵੀ ਕੁਰਾਨ ਦੀ ਕਸਮ ਖਾ ਕੇ, ਉਸ ਉਤੇ ਕਾਇਮ ਨਹੀਂ ਰਿਹਾ।

ਉਪਰੋਕਤ ਪਹਿਲੀ ਚਿੱਠੀ ਦੇ ਜਵਾਬ ਵਿਚ ਔਰੰਗਜ਼ੇਬ ਵਲੋਂ ਆਈ ਇਸ ਚਿੱਠੀ ਵਿਚ ਅੰਕਿਤ ਨਵੀਆਂ ਕਸਮਾਂ ਤੇ ਤਸੱਲੀਆਂ ਵਲ ਸੰਕੇਤ ਕਰਦਿਆਂ, ਦਸਮੇਸ਼-ਪਿਤਾ ਨੇ ਲਿਖਿਆ:

> ਚਿ ਕਸਮਿ ਕੁਰਾਂ ਮਨ ਕੁਨਮ ਇਅਤਿਬਾਰ ?
> ਵਗਰਨਾ ਹ ਤੁ ਗੋਈ, ਮਨ ਈਂ ਰਹ ਚਿ ਕਾਰ। (23)
> ਨ-ਦਾਨਮ ਕਿ ਈਂ ਮਰਦਿ ਰੋਬਾਹ ਪੇਚ,
> ਵਗਰ ਹਰਗਿਜ਼ ਈਂ ਰਹ ਨਯਾਰਦ ਬਹੇਚ। (24)
> ਹਰ ਆਂ ਕਸ ਕਿ ਕਉਲੇ ਕੁਰਾਂ ਆਯਦਸ਼,
> ਨਜ਼ੋ ਬਸਤਨੋ ਕੁਸ਼ਤਨੀ ਬਾਯਦਸ਼। (25)

ਅਰਥਾਤ, "ਮੈਂ ਹੁਣ ਤੇਰੀ ਕੁਰਾਨ ਦੀ ਇਸ ਨਵੀਂ ਕਸਮ ਦਾ ਕੀ ਵਿਸ਼ਵਾਸ ਕਰਾਂ ? ਵਰਨਾ ਤੂੰ ਹੀ ਦਸ ਮੇਰਾ ਇਸ (ਲੜਾਈ-ਭਿੜਾਈ ਦੇ) ਰਾਹ ਨਾਲ ਕੀ ਵਾਸਤਾ ਹੈ ? ਮੈਨੂੰ ਪਤਾ ਨਹੀਂ ਸੀ ਕਿ ਤੇਰੇ ਉਹ ਬੰਦੇ ਲੂੰਬੜ-ਚਾਲਾਂ

---

7. ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਨੰ.78; ਸੰਪਾਦਿਤ ਪਾਠ, ਉਹੀ, ਪੰ. 143.

ਚਲਣ ਵਾਲੇ ਮੱਕਾਰ ਲੋਕ ਹਨ, ਨਹੀਂ ਤਾਂ ਕੋਈ ਵੀ ਹੋਰ ਗੱਲ ਮੈਨੂੰ ਇਸ ਪਾਸੇ ਲਿਆ ਨਹੀਂ ਸਕਦੀ ਸੀ। ਜਿਹੜਾ ਮਨੁੱਖ ਤੇਰੀ ਕੁਰਾਨ ਦੀ ਸਹੁੰ ਉੱਤੇ ਇਤਬਾਰ ਕਰ ਲਏ, ਉਸ ਨੂੰ ਕੈਦ ਵਿਚ ਜਕੜਨਾ ਜਾਂ ਕਤਲ ਕਰ ਦੇਣਾ ਕਦਾਚਿਤ ਵਾਜਬ ਨਹੀਂ।" (23-25)

ਔਰੰਗਜ਼ੇਬ ਦੇ ਪ੍ਰਤੀਨਿਧ ਅਧਿਕਾਰੀਆਂ ਦੀ ਅਜਿਹੀ ਚਾਲਬਾਜ਼ੀ ਤੇ ਵਿਸਾਹਘਾਤ ਦੇ ਜ਼ਿਕਰ ਤੋਂ ਬਾਅਦ, ਖ਼ੁਦ ਔਰੰਗਜ਼ੇਬ ਦੀਆਂ ਉਜਿਹੀਆਂ ਝੂਠੀਆਂ ਕਸਮਾਂ, ਵਾਅਦਾ-ਸ਼ਿਕਨੀਆਂ ਤੇ ਮਾਦਾ-ਪ੍ਰਸਤੀ ਆਦਿ ਉੱਤੇ ਬੜੀ ਬੇਬਾਕੀ ਨਾਲ ਭਰਵੀਆਂ ਤੇ ਪਖੰਡ-ਉਘਾੜਵੀਆਂ ਚੋਟਾਂ ਕਰਦਿਆਂ, ਉਸ ਵਿਚ ਇਹ ਵੀ ਫ਼ਰਮਾਅ ਦਿੱਤਾ ਸੀ :

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ,
ਕਿ ਦੌਲਤ ਪ੍ਰਸਤ ਅਸਤੋ ਈਮਾਂ ਫ਼ਿਗਨ। (45)
ਨ ਈਮਾਂ ਪ੍ਰਸਤੀ ਨ ਔਜ਼ਾਇ ਦੀ,
ਨ ਸਾਹਿਬ ਸ਼ਨਾਸੀ, ਨ ਮੁਹੰਮਦ ਯਕੀਂ। (46)
ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨਦ,
ਨ ਪੈਮਾਂ ਖ਼ੁਦਸ਼, ਪੇਸ਼ੋ ਪਸਤੀ ਕੁਨਦ। (47)
ਕਿ ਈਂ ਮਰਦ ਰਾ ਜ਼ੱਰਾ ਇਅਤਿਬਾਰ ਨੇਸਤ,
ਚਿ ਕਸਮੇ ਕੁਰਾਨਸਤ, ਯਜ਼ਦਾਂ ਯਕੇਸਤ। (48)
ਚੁ ਕਸਮੇ ਕੁਰਾਂ ਸਦ ਕੁਨਦ ਇਖ਼ਤਿਯਾਰ,
ਮਰਾ ਕਤਰਾ ਨਾਯਦ ਅਜ਼ੋ ਇਅਤਿਬਾਰ। (49)

ਅਰਥਾਤ, "ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਇਹ ਬੰਦਾ, ਭਾਵ ਔਰੰਗਜ਼ੇਬ, ਵੀ ਆਪਣੇ ਕੌਲ-ਇਕਰਾਰਾਂ ਨੂੰ ਉਸੇ ਤਰ੍ਹਾਂ ਤੋੜਨ ਵਾਲਾ, ਟਕਿਆਂ ਦਾ ਮੁਰੀਦ ਅਤੇ ਧਰਮ-ਈਮਾਨ ਨੂੰ ਪਰੇ ਸੁਟ ਦੇਣ ਵਾਲਾ ਮਨੁੱਖ ਹੈ। (ਸੱਚ ਤਾਂ ਇਹ ਹੈ) ਕਿ ਓ ਔਰੰਗਜ਼ੇਬ! ਨਾ ਤੂੰ ਦੀਨ-ਈਮਾਨ ਉੱਤੇ ਕਾਇਮ ਹੈਂ ਅਤੇ ਨਾ ਹੀ ਸ਼ਰ੍ਹਾਂ-ਸ਼ਰੀਅਤ ਦਾ ਅਨੁਸਾਰੀ ਏਂ। ਨਾ ਤੈਨੂੰ ਰੱਬ ਦਾ ਗਿਆਨ ਹੈ ਅਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ ਸਾਹਿਬ ਉੱਤੇ ਨਿਸ਼ਚਾ ਹੈ; ਨਹੀਂ ਤਾਂ ਜਿਹੜਾ ਬੰਦਾ ਧਰਮ-ਈਮਾਨ ਦਾ ਧਾਰਨੀ ਹੁੰਦਾ ਹੈ, ਉਹ ਆਪਣੇ ਬਚਨ ਨੂੰ ਕਦੇ ਨਹੀਂ ਟਾਲਦਾ ਅਤੇ ਤੋੜਦਾ। ਇਸ ਲਈ ਮੈਨੂੰ ਇਹੋ ਜਹੇ ਬੰਦੇ ਉੱਤੇ ਰਤੀ ਭਰ ਵੀ ਇਤਬਾਰ ਨਹੀ ਜਿਸ (ਭਾਵ ਤੇਰੇ) ਲਈ ਕੁਰਾਨ ਦੀ ਕਸਮ ਅਤੇ ਤੌਹੀਦ (ਰੱਬ ਦੀ ਇੱਕਵਤਾ) ਵਾਲਾ ਕਲਮਾ ਕੋਈ ਅਰਥ ਨਹੀਂ ਰਖਦਾ। ਇਸੇ ਕਰਕੇ ਹੁਣ ਤੂੰ ਕੁਰਾਨ ਦੀਆਂ ਭਾਵੇਂ ਸੌ ਕਸਮਾਂ ਵੀ ਖਾ ਲਵੇਂ ਤਾਂ ਵੀ ਮੈਨੂੰ ਤੇਰੇ ਉੱਤੇ ਜ਼ਰਾ ਕੁ ਵੀ ਵਿਸ਼ਵਾਸ ਨਹੀਂ ਹੋਵੇਗਾ।"(45-49)

5

ਜਿਥੋਂ ਤਕ ਉਸ ਦੀ ਰਾਜਨੀਤੀ ਦਾ ਸਬੰਧ ਹੈ, ਦਸਮੇਸ਼ ਪਿਤਾ ਨੇ ਉਸ ਦੀ ਬਦਨੀਤੀ ਤੇ ਕੁਟਲਨੀਤੀ ਵਿਦਤ ਕਰਦਿਆਂ, ਇਥੋਂ ਤਕ ਲਿਖ ਦਿੱਤਾ ਸੀ ਕਿ "ਇਕ ਪਾਸੇ ਤਾਂ ਤੂੰ ਆਪਣੇ ਆਪ ਨੂੰ ਬੁਤ-ਸ਼ਿਕਨ ਦਸਦਾ ਹੈਂ ਅਤੇ ਦੂਜੇ ਪਾਸੇ ਬੁੱਤ-ਪੂਜ ਪਹਾੜੀ ਰਾਜਿਆਂ ਨੂੰ ਮੇਰੀ ਰੱਬ-ਪੂਜ ਨੀਤ ਤੇ ਨੀਤੀ ਵਿਰੁੱਧ ਸ਼ਹਿ ਤੇ ਸਹਾਇਤਾ ਦੇ ਰਿਹਾ ਏਂ। ਇਹ ਕਿਥੋਂ ਦੀ ਤੇ ਕਿਹੋ ਜਹੀ ਰਾਜ-ਨੀਤਕਤਾ ਤੇ ਧਰਮ-ਪਰਾਇਣਤਾ ਹੈ" ? ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਪਖੰਡਵੀਂ ਪਾਰਸਾਈ, ਪਰਹੇਜ਼ਗਾਰੀ ਤੇ ਕੁਟਲਨੀਤੀ ਦਾ ਪਾਜ ਇਉਂ ਖੋਲ੍ਹ ਕੇ, ਉਸ ਨੂੰ ਆਪਣਾ 'ਅਸਲਾ' ਵੀ ਵਿਖਾ ਕੇ ਅਤੇ ਅਜਿਹੀਆਂ ਨਿਝੱਕ ਫਿਟਕਾਰਾਂ ਵੀ ਪਾ ਕੇ, ਆਪਣੀ ਗੱਲ ਇਥੇ ਹੀ ਮੁਕਾਅ ਨਹੀਂ ਦਿੱਤੀ ਸੀ, ਸਗੋਂ ਉਸ ਨੂੰ ਆਪਣੀਆਂ ਕਸਮਾਂ ਉੱਤੇ ਕਾਇਮ ਰਹਿਣ ਤੇ ਆਪਣੇ ਲਿਖਤੀ ਇਕਰਾਰਾਂ ਨੂੰ ਨਿਭਾਉਣ ਲਈ ਵੀ ਇਉਂ

ਵੰਗਾਰ ਦਿੱਤਾ ਸੀ:

ਅਗਰਚਿ ਤੁਰਾ ਇਅਤਿਬਾਰ ਆਮਦੇ,
ਕਮਰ ਬਸਤਾ ਏ ਪੇਸ਼ਵਾਰ ਆਮਦੇ। 50
ਕਿ ਫਰਜ਼ਸਤ ਬਰ ਸਰ ਤੁਰਾ ਈਂ ਸੁਖ਼ਨ,
ਕਿ ਕੌਲੇ ਖ਼ੁਦਾ ਅਸਤ ਕਸਮਸਤ ਬ-ਮਨ। 51
ਅਗਰ ਹਜ਼ਰਤੇ ਖ਼ੁਦ ਸਿਤਾਦਾ ਸ਼ਵਦ,
ਬਜਾਨੋ ਦਿਲੇ ਕਾਰ ਵਾਜ਼ਿਹ ਸ਼ਵਦ। 52
ਸ਼ੁਮਾ ਰਾ ਚੁ ਫਰਜ਼ਸਤ ਕਾਰੇ ਕੁਨੀ,
ਬਮੂਜਬ ਨਵਿਸ਼ਤਾ ਸ਼ੁਮਾਰੇ ਕੁਨੀ। 53

ਅਰਥਾਤ, "ਜੇ ਤੈਨੂੰ ਆਪਣੇ ਰੱਬ, ਰਸੂਲ, ਕੁਰਾਨ ਅਤੇ ਆਪਣੇ ਆਪ ਉਤੇ ਭਰੋਸਾ ਹੁੰਦਾ ਤਾਂ ਤੂੰ ਆਪ ਕਮਰਕਸਾ ਕਰ ਕੇ ਸਾਹਮਣੇ ਆ ਜਾਂਦਾ ਕਿਉਂਕਿ ਕਸਮਾਂ ਖਾ ਕੇ ਮੈਨੂੰ ਦਿੱਤੇ ਹੋਏ ਬਚਨ ਉਤੇ ਕਾਇਮ ਰਹਿਣਾ ਅਤੇ ਉਸ ਨੂੰ ਨਿਭਾਉਣਾ ਤੇਰਾ ਫ਼ਰਜ਼ ਬਣਦਾ ਹੈ। ਜੇ ਤੂੰ ਮੇਰੇ ਸਾਹਮਣੇ ਆ ਗਿਆ ਹੁੰਦਾ ਤਾਂ ਸਾਰੀ ਗੱਲ ਸੱਚੇ ਹਿਰਦੇ ਨਾਲ ਸਪੱਸ਼ਟ ਹੋ ਕੇ ਨਿਬੜ ਜਾਂਦੀ। ਇਹ ਤੇਰਾ ਫ਼ਰਜ਼ ਬਣਦਾ ਹੈ ਕਿ ਤੂੰ ਆਪਣੇ ਲਿਖ ਭੇਜੇ ਪਰਵਾਨੇ ਅਨੁਸਾਰ ਅਮਲ ਕਰੇਂ।" (50-53)

ਔਰੰਗਜ਼ੇਬ ਵਲੋਂ ਆਈ ਉਕਤ ਚਿੱਠੀ ਤੇ ਸੁਨੇਹੇ ਦੀ ਪਹੁੰਚ ਵਿਦਤ ਕਰਦਿਆਂ, ਉਸ ਨੂੰ ਆਪਣਾ ਇਕਰਾਰ ਤੇ ਫ਼ਰਜ਼ ਚੇਤੇ ਕਰਾਉਂਦਿਆਂ ਅਤੇ ਇਕ ਬੁਨਿਆਦੀ ਸਦਾਚਾਰਕ ਨੇਮ ਵਲ ਵੀ ਧਿਆਨ ਦੁਆਂਦਿਆਂ, 'ਜ਼ਫ਼ਰਨਾਮੇ' ਵਿਚ ਇਹ ਵੀ ਲਿਖਿਆ ਹੈ :

ਨਵਿਸ਼ਤਾ ਰਸੀਦੋ, ਬਗੁਫ਼ਤਾ ਜ਼ਬਾਂ,
ਬਿਬਾਯਦ ਕਿ ਈਂ ਕਾਰ ਰਾਹਤ ਰਸਾਂ। 54
ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ,
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ। 55

ਅਰਥਾਤ, "ਤੇਰਾ ਲਿਖਿਆ ਹੋਇਆ ਪੱਤਰ ਅਤੇ ਜ਼ਬਾਨੀ ਸੁਨੇਹਾ ਮੈਨੂੰ ਮਿਲ ਗਿਆ ਹੈ। ਤੈਨੂੰ ਹੁਣ ਇਸ ਕੰਮ ਨੂੰ ਠੀਕ ਤਰ੍ਹਾਂ ਨੇਪਰੇ ਚੜ੍ਹਾ ਦੇਣਾ ਚਾਹੀਦਾ ਹੈ। ਸਹੀ ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ-ਸੂਰਾ ਹੋਵੇ। ਉਸ ਦੇ ਦਿਲ ਵਿਚ ਕੁਝ ਹੋਰ ਅਤੇ ਮੂੰਹ ਵਿਚ ਕੁਝ ਹੋਰ ਕਦੇ ਨਹੀਂ ਹੋਣਾ ਚਾਹੀਦਾ"। (54-55)

ਉਦੋਕੀ ਦੁਨੀਆ ਦੇ ਸਭ ਤੋਂ ਵੱਡੇ ਸ਼ਹਿਨਸ਼ਾਹ ਨੂੰ ਕੇਵਲ ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਵਾਲੀ, ਅਤੇ 'ਚੜ੍ਹਦੀ ਕਲਾ' ਦੇ ਮੁੱਜਸਮੇ ਗੁਰੂ ਗੋਬਿੰਦ ਸਿੰਘ, ਹੀ ਇਹ ਕੁਝ ਇਉਂ ਲਿਖ-ਭੇਜ ਸਕਦੇ ਸਨ। ਉਨ੍ਹਾਂ ਨੇ ਤਾਂ ਉਸ ਨੂੰ ਆਪਣੀ ਕਿਆਮਗਾਹ, ਦੀਨਾ-ਕਾਂਗੜ,' ਵਿਚ ਮੇਲ-ਮਿਲਾਪ ਤੇ ਵਿਚਾਰ-ਵਟਾਂਦਰੇ ਦਾ ਸੱਦਾ ਵੀ ਹੇਠ-ਲਿਖੇ ਅਗਲੇ ਬੈਂਤਾਂ ਵਿਚ ਇਉਂ ਲਿਖ ਭੇਜਿਆ ਸੀ:

ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ,
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ। 56
ਤੁਰਾ ਗਰ ਬਿਬਾਯਦ ਆਂ ਕੌਲੇ ਕੁਰਾਂ,
ਬਨਿਜ਼ਦੇ ਸ਼ੁਮਾ ਰਾ, ਰਸਾਨਮ ਹਮਾਂ। 57

ਕਿ ਤਸ਼ਰੀਫ਼ ਦਰ ਕਸਬਾ ਕਾਂਗੜ ਕੁਨਦ,
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ। 58
ਨ ਜ਼ੱਰਹ ਦਰੀਂ ਰਾਹ ਖ਼ਤਰਹ ਤੁਰਾਸਤ,
ਹਮਹ ਕੌਮਿ ਬੈਰਾੜ ਹੁਕਮਿ ਮਰਾਸਤ। 59
ਬਿਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ,
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ। 60
ਅਗਰ ਤੂ ਬਯਜ਼ਦਾਂ ਪ੍ਰਸਤੀ ਕੁਨੀ,
ਬਕਾਰਿ ਮਰਾ ਈਂ ਨ ਸੁਸਤੀ ਕੁਨੀ। 61

ਅਰਥਾਤ, "ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ ਹੈ, ਮੈਂ ਉਸ ਤੋਂ ਬਾਹਰ ਨਹੀਂ ਹਾਂ। ਜੇ ਤੂੰ ਸੱਚਾ ਹੈਂ ਤਾਂ ਤੂੰ ਆਪ ਸਾਡੇ ਪਾਸ ਇਥੇ ਆ ਜਾ। ਜੇ ਤੂੰ ਉਹ 'ਕਸਮਨਾਮਾ' ਦੇਖਣਾ ਚਾਹੁੰਦਾ ਏਂ, ਤਾਂ ਮੈਂ ਉਹ ਵੀ ਤੈਨੂੰ ਭੇਜ ਸਕਦਾ ਹਾਂ। ਜੇ ਤੂੰ ਇਥੇ ਕਾਂਗੜ ਨਗਰ ਵਿਚ ਤਸ਼ਰੀਫ਼ ਲੈ ਆਵੇਂ ਤਾਂ ਇਥੇ ਹੀ ਆਪੋ ਵਿਚ ਮੇਲ-ਮਿਲਾਪ ਹੋ ਸਕੇਗਾ। ਤੈਨੂੰ ਇਸ ਪਾਸੇ ਆਉਣ ਵਿਚ ਕੋਈ ਖ਼ਤਰਾ ਨਹੀਂ ਕਿਉਂਕਿ ਇਸ ਇਲਾਕੇ ਦੇ ਵਸਨੀਕ, ਬੈਰਾੜ ਲੋਕ, ਮੇਰੀ ਆਗਿਆ ਵਿਚ ਹਨ। ਤੂੰ ਇਥੇ ਆ ਜਾ ਤਾਂ ਜੋ ਅਸੀਂ ਇਕ ਦੂਜੇ ਦੇ ਰੂਬਰੂ ਹੋ ਕੇ ਜ਼ਬਾਨੀ ਗੱਲਬਾਤ ਕਰ ਸਕੀਏ। ਜੇ ਤੂੰ ਰੱਬ ਦਾ ਸੱਚਾ ਪੁਜਾਰੀ ਹੈਂ ਤਾਂ ਮੇਰੇ ਇਸ ਸੁਝਾਉ ਉਤੇ ਅਮਲ ਕਰਨ ਵਿਚ ਜ਼ੱਰਾ ਵੀ ਢਿਲ ਨਾ ਕਰੀਂ।" (56-61)

ਔਰੰਗਜ਼ੇਬ ਦੇ ਸਭ ਪਾਪਾਂ-ਅਪਰਾਧਾਂ, ਵਾਇਦਾ-ਸ਼ਿਕਨੀਆਂ ਅਤੇ ਜ਼ੁਲਮ-ਜਬਰ ਨੂੰ ਅਣਡਿੱਠ ਕਰਨ, ਪਿਆਰ-ਸਤਿਕਾਰ ਸਹਿਤ ਅਮਨ-ਸ਼ਾਂਤੀ ਵਧਾਉਣ ਅਤੇ ਸਾਰੇ ਮਾਮਲੇ ਸੁੱਖ-ਸਹਿਜ ਨਾਲ ਨਜਿੱਠਣ ਲਈ ਪਰਸਪਰ ਮੇਲ-ਮਿਲਾਪ ਤੇ ਵਿਚਾਰ-ਵਟਾਂਦਰੇ ਵਾਸਤੇ ਭੇਜਿਆ ਇਹ ਸੱਦਾ ਗੁਰੂ ਗੋਬਿੰਦ ਸਿੰਘ ਜੀ ਦੀ ਨੇਕਨੀਤੀ, ਲੋਕ-ਹਿਤੈਸ਼ਤਾ, ਸੂਰਬੀਰਤਾ ਅਤੇ 'ਚੜ੍ਹਦੀ ਕਲਾ' ਦੀ ਇਕ ਹੋਰ ਸ਼ਾਹਕਾਰੀ ਮਿਸਾਲ ਹੈ।

'ਜ਼ਫ਼ਰਨਾਮੇ' ਦੇ ਅਗਲੇ ਕੁਝ ਸ਼ਿਅਰ ਔਰੰਗਜ਼ੇਬ ਦੀ ਨਾਂ-ਧਰੀਕ ਰਾਜ-ਕੁਸ਼ਲਤਾ, ਨਿਆਂਸ਼ੀਲਤਾ, ਧਾਰਮਕਤਾ ਤੇ ਸਾਧਕਤਾ ਆਦਿ ਦਾ ਪਰਦਾ ਚਾਕ ਕਰਦਿਆਂ, ਉਸ ਨੂੰ ਰੱਬ ਤੋਂ ਡਰਨ ਅਤੇ ਲੋਕਾਂ ਉਤੇ ਜ਼ੁਲਮ-ਜਬਰ ਬੰਦ ਕਰਨ ਲਈ ਕੀਤੀਆਂ ਤਾਕੀਦਾਂ ਤੇ ਖ਼ਬਰਦਾਰੀਆਂ ਨਾਲ ਸਬੰਧਿਤ ਹਨ। ਜਿਵੇਂ "ਤੈਨੂੰ ਚਾਹੀਦਾ ਹੈ ਕਿ ਤੂੰ ਸੱਚੇ ਪ੍ਰਭੂ ਨੂੰ ਪਛਾਣੇ ਅਤੇ ਕਿਸੇ ਦੇ ਕਹਿਣ-ਕਹਾਣ ਜਾਂ ਚੁਕ-ਚੁਕਾਅ 'ਤੇ ਕਿਸੇ ਉਤੇ ਜ਼ੁਲਮ ਨਾ ਕਰੇਂ। ਤੂੰ ਸ਼ਹਿਨਸ਼ਾਹੀ ਦੀ ਗੱਦੀ ਉਤੇ ਬਿਰਾਜਮਾਨ ਹੈਂ ਅਤੇ ਆਪਣੀ ਪਰਜਾ ਦਾ ਤਾਜਦਾਰ ਹੈਂ। ਇਕ ਪਾਸੇ ਇਹ ਤੇਰੀ ਪਦਵੀ, ਇਹ ਤੇਰੀਆਂ ਸਿਫ਼ਤਾਂ ਅਤੇ ਦੂਜੇ ਪਾਸੇ ਇਹ ਤੇਰਾ ਨਿਆਂ ਅਤੇ ਅਜਿਹੀ ਤੇਰੀ ਬਚਨ-ਭੰਗਤਾ! ਇਹ ਸਭ ਕੁਝ ਅਨੋਖਾ ਜਿਹਾ ਜਾਪਦਾ ਹੈ। ਤੇਰੀ ਇਨਸਾਫ਼ਪਸੰਦੀ ਤੇ ਪਾਰਸਾਈ ਬਿਲਕੁਲ ਅਜੀਬ ਹੈ। ਤੇਰੀ ਇਸ ਹੁਕਮਰਾਨੀ ਤੇ ਪਰਹੇਜ਼ਗਾਰੀ ਉਤੇ ਅਫ਼ਸੋਸ ਹੈ, ਸੌ ਵਾਰੀ ਅਫ਼ਸੋਸ ਹੈ।... ਤੈਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਚਾਈ ਤੋਂ ਉਲਟ, ਹੋਰ ਗੱਲਾਂ ਕਰਨ ਵਿਚ ਨੁਕਸਾਨ ਹੀ ਨੁਕਸਾਨ ਹੈ।" (63-65)

"ਤੂੰ ਕਿਸੇ ਬੇਬਸ ਤੇ ਬੇਕਸੂਰ ਉਤੇ ਬੇਕਿਰਕ ਹੋ ਕੇ ਤਲਵਾਰ ਨਾ ਚਲਾ ਕਿਉਂਕਿ ਤੇਰਾ ਲਹੂ ਵੀ ਗ਼ੈਬੀ ਸ਼ਕਤੀ ਨੇ ਤਲਵਾਰ ਨਾਲ ਹੀ ਵੀਟਣਾ ਹੈ। ਤੂੰ ਅਵੇਸਲਾ ਨਾ ਹੋ, ਅੱਲਾ ਨੂੰ ਪਛਾਣ। ਉਹ ਬੜਾ ਬੇਪਰਵਾਹ ਹੈ ਅਤੇ ਉਸ ਨੂੰ ਕਿਸੇ ਦੀ ਚਾਪਲੂਸੀ ਦੀ ਕੋਈ ਜ਼ਰੂਰਤ ਨਹੀਂ। ਉਹ ਬੜਾ ਨਿਰਭੈ ਹੈ ਅਤੇ ਅਰਸ਼ ਫ਼ਰਸ਼ ਦਾ ਵਾਲੀ ਸੱਚਾ ਪਾਤਸ਼ਾਹ ਹੈ।... ਉਹ ਕੀੜੀ ਤੋਂ ਲੈ ਕੇ ਹਾਥੀ ਤਕ ਦੀ ਪਾਲਣਾ ਕਰਦਾ ਹੈ। ਉਹ ਨਿਤਾਣਿਆਂ ਦਾ ਤਾਣ ਹੈ ਅਤੇ ਅਵੇਸਲਿਆਂ ਨੂੰ ਨਸ਼ਟ ਕਰਨ ਵਾਲਾ ਹੈ।... ਤੇਰੇ ਸਿਰ ਉਤੇ ਕੁਰਾਨ ਦੀ ਕਸਮ ਦਾ ਫ਼ਰਜ਼ ਲਾਗੂ ਹੈ।

ਇਸ ਲਈ ਆਪਣੇ ਆਖੇ-ਮੰਨੇ ਹੋਏ ਕੰਮ ਨੂੰ ਛੇਤੀ ਅਤੇ ਚੰਗੀ ਤਰ੍ਹਾਂ ਨੇਪਰੇ ਚਾੜ੍ਹ।" (66-74)

6

ਅਜਿਹੀਆਂ ਚੇਤਾਵਨੀਆਂ ਤੇ ਧਿਰਕਾਰਾਂ ਤੋਂ ਬਾਅਦ ਉਸ ਨੂੰ, ਆਪਣੇ ਚੁਹਾਂ ਬੇਟਿਆਂ ਦੇ ਕਾਤਲ ਨੂੰ, ਅਤਿ ਦਰਜੇ ਦੀ ਦਲੇਰੀ ਤੇ 'ਚੜ੍ਹਦੀ ਕਲਾ' ਨਾਲ ਵੰਗਾਰਦਿਆਂ, ਸੱਚੇ ਰਾਹ ਉਤੇ ਚਲਣ ਲਈ ਪਰੇਰਦਿਆਂ ਅਤੇ ਗੱਲਬਾਤ ਰਾਹੀਂ ਮਾਮਲੇ ਨੂੰ ਨਜਿੱਠਣ ਲਈ ਸੱਦਾਉਂਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੀ ਲਿਖਤੀ ਰੂਪ ਵਿਚ, ਬੜੇ ਖੁਲ੍ਹੇ ਤੇ ਲਲਕਾਰਵੇਂ ਲਫ਼ਜ਼ਾਂ ਵਿਚ, ਸਪੱਸ਼ਟ ਕਰ ਦਿੱਤਾ ਸੀ ਕਿ ਉਹ ਅਜਿਹੀ ਘੋਰ ਵਾਇਦਾ-ਖ਼ਿਲਾਫ਼ੀ, ਬਦਨੀਤੀ ਤੇ ਵਿਸਾਹਘਾਤ ਨਾਲ ਮਾਰੇ ਚਾਰ ਸਾਹਿਬਜ਼ਾਦਿਆਂ ਤੇ ਅਣਗਿਣਤ ਸਿੱਖਾਂ-ਸੇਵਕਾਂ ਦੇ ਕਤਲਾਂ ਅਤੇ ਅਨੰਦਪੁਰ ਦੇ ਨਾਜਾਇਜ਼ ਨਿਕਾਸ ਤੇ ਕਬਜ਼ੇ ਨੂੰ ਆਪਣੀ ਜਿੱਤ ਨਾ ਸਮਝੇ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾਂ ਚਾਰ,
ਕਿ ਬਾਕੀ ਬਮਾਂਦਸਤ ਪੇਚੀਦਾ ਮਾਰ ? 75
ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ,
ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ ? 76

ਅਰਥਾਤ, "ਕੀ ਹੋਇਆ ਜੇ ਤੂੰ ਮੇਰੇ ਚਾਰੇ ਸਪਲੀਟੇ (ਬੇਟੇ) ਮਾਰ ਦਿੱਤੇ ਹਨ ਪਰ ਕੁੰਡਲੀਆ ਨਾਗ (ਭਾਵ ਖ਼ਾਲਸਾ, ਤੈਨੂੰ ਹੜੱਪਣ ਲਈ) ਜੀਉਂਦਾ-ਜਾਗਦਾ ਹੈ ? ਕੁਝ ਚੰਗਿਆੜੀਆਂ ਨੂੰ ਬੁਝਾਉਣ ਵਿਚ ਤੇਰੀ ਕੀ ਜਵਾਂਮਰਦੀ ਹੈ ? ਤੂੰ ਤਾਂ ਉਨ੍ਹਾਂ ਨੂੰ ਬੁਝਾਉਣ ਦੇ ਜਤਨ ਕਰਦਿਆਂ, ਇਕ ਪਰਚੰਡ ਜਵਾਲਾ ਨੂੰ ਹੋਰ ਭੜਕਾਅ ਦਿੱਤਾ ਹੈ"। (75-76)

ਇਹ ਕੁਝ ਆਪਣੀ ਅੱਖੀਂ ਵੇਖਣ ਤੇ ਕੰਨੀਂ ਸੁਣਨ ਲਈ, ਉਸ ਨੂੰ ਦੀਨੇ-ਕਾਂਗੜ ਬੁਲਾਉਂਦਿਆਂ ਇਹ ਵੀ ਬੜੇ ਭਰੋਸੇ ਨਾਲ ਦੱਸ ਦਿਤਾ ਸੀ : "ਜਦੋਂ ਤੂੰ ਸਾਡੇ ਪਾਸ ਖ਼ੁਦ ਆਪ ਆਵੇਂਗਾ ਤਾਂ ਤੂੰ ਆਪਣਾ ਗਵਾਹ ਆਪ ਬਣ ਜਾਏਂਗਾ ਅਤੇ ਹਰ ਗੱਲ ਦੀ ਅਸਲੀਅਤ ਬਾਰੇ ਤੈਨੂੰ ਸਹਿਜੇ ਹੀ ਪਤਾ ਲਗ ਜਾਏਗਾ! ਜੇ ਤੂੰ ਇਸ ਚੰਗੇ ਕੰਮ ਲਈ ਕਮਰ ਕਸ ਲਵੇਂਗਾ ਤਾਂ ਪਰਮਾਤਮਾ ਤੈਨੂੰ ਇਸ ਦਾ ਚੰਗਾ ਫਲ ਦੇਵੇਗਾ ਅਤੇ ਜੇ ਤੂੰ ਇਹ ਵਿਸਾਰ ਦੇਵੇਂਗਾ ਤਾਂ ਪਰਮਾਤਮਾ ਵੀ ਤੈਨੂੰ ਵਿਸਾਰ ਦੇਵੇਗਾ। ਸਚਾਈ ਉਤੇ ਚਲਨਾ ਨੇਕੀ ਅਤੇ ਧਰਮ ਦਾ ਕੰਮ ਹੈ। ਜੇ ਤੂੰ ਸੱਚ-ਧਰਮ-ਸਰੂਪ ਵਾਹਿਗੁਰੂ ਨੂੰ ਪਛਾਣੇਂਗਾ ਤਾਂ ਤੂੰ ਇਸ ਤੋਂ ਵੀ ਵਧੇਰੇ ਸਰੇਸ਼ਟ ਬਣ ਜਾਏਂਗਾ। ਮੈਂ ਇਹ ਨਹੀ ਮੰਨਦਾ ਕਿ ਤੂੰ ਰੱਬ ਨੂੰ ਜਾਨਣ-ਪਛਾਨਣ ਵਾਲਾ ਹੈਂ ਕਿਉਂਕਿ ਤੂੰ ਬੜੇ ਦਿਲ-ਦੁਖਾਊ ਕੰਮ ਕਰ ਚੁਕਿਆ ਹੈਂ। ਦਿਆਲੂ ਪਰਮਾਤਮਾ ਵੀ ਤੈਨੂੰ ਪਛਾਣਦਾ ਨਹੀ। ਇਤਨੀ ਭਾਰੀ ਦੌਲਤ ਅਤੇ ਬਾਦਸ਼ਾਹੀ ਦੇ ਮਾਲਕ ਹੋਣ ਦੇ ਬਾਵਜੂਦ, ਉਹ ਤੈਨੂੰ ਨਹੀਂ ਚਾਹੁੰਦਾ"। (78-83)

ਦਸਮੇਸ਼ ਨੇ ਔਰੰਗਜ਼ੇਬ ਨੂੰ ਅਜਿਹਾ ਸੱਦਾ ਦੇਣ ਅਤੇ ਤਾਕੀਦਾਂ, ਨਸੀਹਤਾਂ ਤੇ ਖ਼ਬਰਦਾਰੀਆਂ ਕਰਨ ਤੋਂ ਬਾਅਦ, ਇਸ ਮਹਾਨ ਰਚਨਾ ਦੇ ਅਗਲੇ ਦੋ ਬੈਂਤਾਂ ਰਾਹੀਂ ਇਹ ਗੱਲ ਫਿਰ ਸਪੱਸ਼ਟ ਕਰ ਦਿੱਤੀ ਸੀ ਕਿ

ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ,
ਮਰਾ ਇਅਤਿਬਾਰੇ ਨ ਈਂ ਜ਼ੱਰਹ ਦਮ। 84
ਹੁਜ਼ੂਰੀ ਨ ਆਯਮ ਨ ਈਂ ਰਹ ਸ਼ਵਮ,
ਅਗਰ ਸ਼ਹ ਬਖ਼੍ਵਾਹਦ ਮਨ ਆਂ ਜਾ ਰਵਮ। 85

"ਜੇ ਤੂੰ ਹੁਣ ਕੁਰਾਨ ਦੀਆਂ ਸੌ ਕਸਮਾਂ ਵੀ ਖਾ ਲਵੇਂ ਤਾਂ ਵੀ ਮੈਨੂੰ ਉਨ੍ਹਾਂ ਉਤੇ ਜ਼ੱਰਾ ਕੁ ਵੀ ਵਿਸ਼ਵਾਸ ਨਹੀਂ ਹੋਵੇ

ਗਾ। ਨ ਮੈਂ ਤੇਰੇ ਕੋਲ ਆਵਾਂਗਾ ਅਤੇ ਨਾ ਹੀ ਇਹ ਰਾਹ-ਢੰਗ ਕਦੇ ਵੀ ਅਪਣਾਵਾਂਗਾ। (ਇਸ ਦੇ ਉਲਟ) ਜਿਥੇ ਕਿਤੇ ਵੀ ਪਾਤਸ਼ਾਹਾਂ ਦਾ ਪਾਤਸ਼ਾਹ, ਵਾਹਿਗੁਰੂ, ਚਾਹੇਗਾ, ਮੈਂ ਤਾਂ ਕੇਵਲ ਉਥੇ ਹੀ ਜਾਵਾਂਗਾਂ ਅਤੇ ਉਵੇਂ ਹੀ ਵਿਚਰਦਾ ਰਹਾਂਗਾ"। (84-85)

7

ਇਸ ਇਤਿਹਾਸਕ ਚਿੱਠੀ ਦੀ 'ਦਾਸਤਾਨ' ਦਾ ਮੁੱਖ ਹਿੱਸਾ, ਇਕ ਪੱਖੋਂ ਤਾਂ, 5 ਦਸੰਬਰ 1705 ਈ.ਵਾਲੀ ਰਾਤ ਨੂੰ ਆਨੰਦਪੁਰ ਨੂੰ ਧੋਖੇ ਤੇ ਕਪਟ ਨਾਲ ਖ਼ਾਲੀ ਕਰਾਉਣ ਲਈ ਮੁਗ਼ਲ ਸਰਕਾਰ ਵਲੋਂ ਕੀਤੇ ਗਏ ਸਮਝੌਤੇ ਦੀਆਂ ਸਭ ਸ਼ਰਤਾਂ, ਸਾਰੇ ਇਕਰਾਰਾਂ ਤੇ ਸੁੰਹਾਂ-ਸੁਗੰਦਾਂ ਨੂੰ ਛਿੱਕੇ ਉਤੇ ਟੰਗ ਕੇ, ਕੀਤੀ ਗਈ ਘੋਰ ਵਾਅਦਾ-ਸ਼ਿਕਨੀ, ਵਿਸਾਹਘਾਤ, ਬਦਨੀਤੀ ਤੇ ਜ਼ੋਰ-ਜ਼ੁਲਮ ਨੂੰ ਇਉਂ ਉਘਾੜਨ, ਤ੍ਰਿਸਕਾਰਣ; ਅਤੇ ਸਮੇਂ ਦੇ ਸ਼ਹਿਨਸ਼ਾਹ,ਔਰੰਗਜ਼ੇਬ, ਨੂੰ ਹੀ ਇਸ ਸਭ ਕੁਝ ਦਾ ਅਪਰਾਧੀ ਠਹਿਰਾਉਣ ਲਈ ਪਾਈਆਂ ਗਈਆਂ ਉਪਰੋਕਤ ਧਿਰਕਾਰਾਂ ਤੇ ਫਿਟਕਾਰਾਂ ਤੋਂ ਛੁੱਟ, ਦਿੱਤੀਆਂ ਗਈਆਂ ਚੇਤਾਵਨੀਆਂ ਤੇ ਵੰਗਾਰਾਂ ਆਦਿ ਨਾਲ ਓਤਪੋਤ ਹੈ। ਦੂਜੇ ਪੱਖੋਂ, ਇਹ ਗੁਰੂ ਗੋਬਿੰਦ ਸਿੰਘ ਜੀ ਦੇ ਅਜਿਹੇ ਬਿਖੜੇ ਸਮੇਂ ਅਤੇ ਘੋਰ ਸਥਿਤੀ ਵਿਚ ਵਿਚਰਦਿਆਂ ਵੀ ਪਰਗਟ ਕੀਤੇ ਪ੍ਰਭੂ-ਤੇ ਖ਼ਾਲਸੇ ਉਤੇ ਵਿਸ਼ਵਾਸ; ਅਤੇ ਸਵੈ-ਵਿਸ਼ਵਾਸ, ਸਵੈ-ਮਾਨ ਤੇ ਸਵੈ-ਤਿਆਗ ਤੋਂ ਇਲਾਵਾ, ਵਿਦਤ ਕੀਤੀ ਨੇਕਨੀਤੀ, ਨੇਕਚਲਨੀ, ਸਿਦਕਦਿਲੀ, ਸਾਬਤਕਦਮੀ ਅਤੇ ਭਰਪੂਰ 'ਚੜ੍ਹਦੀ ਕਲਾ' ਦੇ ਚਮਤਕਾਰਾਂ ਨਾਲ ਸੁਸੱਜਿਤ ਹੈ।

ਇਸ ਦਾ ਚੌਥਾ ਤੇ ਪੰਜਵਾਂ ਬੈਂਤ ਅਜਿਹੇ ਉੱਚਤਮ ਵਿਸ਼ਵਾਸ਼ ਦੀ ਹੀ ਸਾਖ ਭਰਦਿਆਂ ਦਸਦਾ ਹੈ :

ਹੁਮਾ ਰਾ ਕਸੇ ਸਾਯਾ ਆਯਦ ਬ-ਜ਼ੇਰ,
ਬਰੋ ਦਸਤ ਦਾਰਦ ਨ ਜ਼ਾਗ਼ੇ ਦਲੇਰ। 16
ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ,
ਨਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ। 17

ਅਰਥਾਤ, "ਜੋ ਕਦੇ ਕੋਈ ਹੁਮਾ ਦੇ ਪਰਛਾਵੇਂ ਹੇਠ ਆ ਜਾਂਦਾ ਹੈ ਤਾਂ ਉਸ ਨੂੰ ਕੋਈ ਕਾਂ ਕਦੇ ਹੱਥ ਪਾ ਨਹੀਂ ਸਕਦਾ (ਭਾਵ ਮੇਰੇ ਸਿਰ ਉਤੇ ਕਿਉਂਕਿ ਪ੍ਰਭੂ ਦਾ ਹੱਥ ਹੈ, ਇਸ ਲਈ ਚਾਲਾਕ ਕਾਂਵਾਂ ਵਰਗੇ ਮੁਗ਼ਲ ਸਾਮਰਾਜੀ ਮੇਰਾ ਕੁਝ ਨਹੀਂ ਵਿਗਾੜ ਸਕਦੇ)। ਇਉਂ ਹੀ, ਜਦੋਂ ਕਦੇ ਕੋਈ ਬਹਾਦਰ ਸ਼ੇਰ ਦੀ ਸੁਰੱਖਿਅਤ ਸ਼ਰਨ ਵਿਚ ਆ ਜਾਂਦਾ ਹੈ, ਤਾਂ ਬਕਰੀ, ਭੇਡ ਅਤੇ ਹਿਰਨ ਆਦਿ ਉਸ ਦੇ ਨੇੜਿਉਂ ਵੀ ਨਹੀਂ ਲੰਘ ਸਕਦੇ"। (16-17)

8

ਅਗਲੇਰੇ ਕੁਝ ਬੈਂਤਾਂ ਵਿਚ ਚਮਕੌਰ ਦੀ ਨਾਂ-ਧਰੀਕ ਗੜ੍ਹੀ ਵਿਚ ਉਦੋਂ (7 ਦਸੰਬਰ 1705 ਈ. ਨੂੰ) ਜੋ ਕੁਝ ਵਾਪਰਿਆ ਸੀ, ਉਸ ਵਲ ਇਸ਼ਾਰਾ ਕਰਦਿਆਂ ਲਿਖਿਆ ਨੇ:

ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ,
ਕਿ ਦਹ ਲਕ ਬਰਾਯਦ ਬਰੂ ਬੇਖ਼ਬਰ ? 19
ਕਿ ਪੈਮਾਂ-ਸ਼ਿਕਨ ਬੇਦਰੰਗ ਆਮਦੰਦ,
ਮਯਾਂ ਤੇਗ਼ੋ ਤੀਰੋ ਤੁਫੰਗ ਆਮਦੰਦ। 20
ਬ-ਲਾਚਾਰਗੀ ਦਰਮਿਯਾਂ ਆਮਦਮ,
ਬ-ਤਦਬੀਰਿ ਤੀਰੋ ਕਮਾਂ ਆਮਦਮ। 21
ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ,
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ। 22

ਅਰਥਾਤ, "ਭੁੱਖੇ-ਭਾਣੇ ਤੇ ਨਿਹੱਥੇ ਚਾਲੀ ਬੰਦੇ ਕੀ ਕਰ ਸਕਦੇ ਸਨ ਜਦ ਤੇਰਾ ਦਸ ਲੱਖ ਫੌਜੀ ਤੇ ਮੁਲਖਈਆ (ਸਭ ਕੌਲ-ਕਰਾਰ ਤੇ ਸੁੰਹਾਂ-ਕਸਮਾਂ ਤੋੜ ਕੇ) ਉਨ੍ਹਾਂ ਉਤੇ ਅਚਾਨਕ ਟੁਟ ਪਿਆ ਸੀ ? ਸਭ ਸ਼ਰਤਾਂ ਤੇ ਇਕਰਾਰ ਤੋੜਨ ਵਾਲਾ ਤੇਰਾ ਉਹ ਲਸ਼ਕਰ ਤੀਰ, ਤਲਵਾਰ ਤੇ ਬੰਦੂਕਾਂ ਲੈ ਕੇ ਉਨ੍ਹਾਂ ਉਤੇ ਬੇਤਹਾਸ਼ਾ ਆ ਝਪਟਿਆ ਸੀ। ਇਸ ਲਈ ਮੈਨੂੰ ਮਜਬੂਰਨ ਤੀਰ-ਕਮਾਨ ਲੈ ਕੇ ਰਣ-ਭੂਮੀ ਵਿਚ ਨਿਤਰਨਾ ਪੈ ਗਿਆ ਸੀ। ਇਹ ਇਸ ਲਈ ਵੀ ਕਿ ਜਦੋਂ ਕੋਈ ਕੰਮ ਜਾਂ ਮਾਮਲਾ ਹੋਰ ਕਿਸੇ ਵੀ ਹੀਲੇ-ਉਪਾਅ ਨਾਲ ਠੀਕ ਨਾ ਨਜਿਠਿਆ ਜਾ ਸਕੇ ਤਾਂ ਹੱਥ ਵਿਚ ਤਲਵਾਰ ਲੈ ਲੈਣੀ ਉਚਿੱਤ ਤੇ ਨਿਆਂਈਂ ਹੁੰਦੀ ਹੈ।" (19-22)

ਉਪਰੰਤ ਉਥੇ ਹੋਈ ਮਾਰੂ ਮੁੱਠ-ਭੇੜ ਅਤੇ ਖ਼ੂਨ-ਖ਼ਰਾਬੇ ਦਾ ਜ਼ਿਕਰ ਕਰਦਿਆਂ ਦਸਿਆ ਨੇ :

ਹਰ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ,
ਬਖ਼ੁਰਦਨ ਯਕੇ ਤੀਰ, ਸ਼ੁਦ ਗ਼ਰਕਿ ਖ਼ੂੰ 27
ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ .....
ਚਸ਼ੀਦਹ ਯਕੇ ਤੀਰਿ ਮਨ ਬੇਦਰੰਗ। 29
ਹਮਾਖ਼ਿਰ ਗੁਰੇਜ਼ੰਦ ਬਜਾਇ ਮਸਾਫ਼,
ਬਸੇ ਖ਼ਾਨਾਂ ਖ਼ੁਰਦੰਦ, ਬੇਰੂੰ ਗੁਜ਼ਾਫ਼।.....30
ਕਿ ਆਂ ਖ਼੍ਵਾਜਾ ਮਰਦੂਦ ਸਾਯਾ ਏ ਦੀਵਾਰ,
ਨਯਾਮਦ ਬ-ਮੈਦਾਂ ਬ-ਮਰਦਾਨਾ ਵਾਰ। 34
ਦਰੇਗ਼ਾ! ਅਗਰ ਰੂਏ ਊ ਦੀਦਮੇ,
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ। 35
ਬਸੇ ਬਾਰ ਬਾਰੀਦ ਤੀਰੋ ਤੁਫ਼ੰਗ,
ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲਾ ਰੰਗ।..... 37
ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ,
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ। 41

ਅਰਥਾਤ, "ਜੋ ਕੋਈ ਵੀ ਕੰਧ ਦੀ ਓਟ ਤੋਂ ਜ਼ਰਾ ਕੁ ਹੀ ਬਾਹਰ ਆਇਆ ਸੀ, ਉਹ ਇੱਕੋ ਤੀਰ ਖਾ ਕੇ ਲਹੂ ਵਿਚ ਡੁਬ ਗਿਆ ਸੀ।.... ਜਦੋਂ ਮੈਂ ਫ਼ੌਜਦਾਰ ਨਾਹਰ ਖ਼ਾਂ ਨੂੰ ਰਣਭੂਮੀ ਵਿਚ ਆਉਂਦਿਆਂ ਵੇਖਿਆ ਸੀ ਤਾਂ ਉਹ ਵੀ ਮੇਰੇ ਇਕ ਤੀਰ ਦਾ ਸੁਆਦ ਚੱਖ ਕੇ ਉਸੇ ਦਮ ਉਥੇ ਹੀ ਢੇਰੀ ਹੋ ਗਿਆ ਸੀ। ਆਖ਼ਰ ਉਹ ਸਾਰੇ ਪਠਾਣ, ਜੋ ਬਾਹਰ ਖੜੇ ਸ਼ੇਖ਼ੀਆਂ ਮਾਰ ਰਹੇ ਸਨ, ਰਣਭੂਮੀ ਵਿਚੋਂ ਨੱਠ ਗਏ ਸਨ।.... ਉਹ ਮਰਦੂਦ ਖ਼੍ਵਾਜਾ ਜ਼ਫ਼ਰ ਬੇਗ, ਕੰਧ ਦੀ ਓਟ ਪਿਛੇ ਹੀ ਲੁਕਿਆ ਰਿਹਾ ਸੀ ਅਤੇ ਬਹਾਦਰਾਂ ਵਾਂਗ ਰਣਭੂਮੀ ਵਿਚ ਨਹੀਂ ਉਤਰਿਆ ਸੀ। ਅਫ਼ਸੋਸ ! ਜੇ ਮੈਂ ਉਸ ਦਾ ਜ਼ਰਾ ਕੁ ਚਿਹਰਾ ਵੀ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ (ਕੇ ਪਾਰ ਬੁਲਾ) ਦੇਂਦਾ।.. ਤੀਰਾਂ, ਬਰਛੀਆਂ ਤੇ ਬੰਦੂਕਾਂ ਦੀ ਇਤਨੀ ਵਰਖਾ ਹੋਈ ਸੀ ਕਿ ਧਰਤੀ ਜਵਾਨਾਂ ਦੇ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲ ਹੋ ਗਈ ਸੀ।.. ਲੜਾਈ ਵਿਚ ਇਕੱਲੀ ਬਹਾਦਰੀ ਆਖ਼ਰ ਕੀ ਕਰ ਸਕਦੀ ਹੈ ਜੇ ਕੇਵਲ ਚਾਲੀ ਬੰਦਿਆਂ ਉਤੇ ਅਣਗਿਣਤ ਫ਼ੌਜੀ ਅਚਾਨਕ ਹੀ ਧਾਵਾ ਬੋਲ ਦੇਣ ?" (27-41)

ਇਸ ਦੇ ਬਾਵਜੂਦ, ਉਨ੍ਹਾਂ ਗੇਣਵੇਂ ਯੋਧੇ ਗੁਰਸਿੱਖਾਂ ਨੇ ਜਵਾਂਮਰਦੀ, ਜਾਂਨਿਸਾਰੀ ਅਤੇ ਗੁਰੂ-ਨਿਵਾਜ਼ੀ, ਭਗਤੀ-ਸ਼ਕਤੀ ਦੇ ਜੋ ਜੌਹਰ ਵਿਖਾਏ ਸਨ , ਉਹ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਆਪਣੀ ਮਿਸਾਲ ਆਪ

ਹੀ ਹਨ ਅਤੇ ਉਦੋਂ ਤੋਂ ਹੀ ਮਗਰੋਂ ਹੁੰਦੇ ਰਹੇ ਸਾਰਾਗੜ੍ਹੀ ਵਰਗੇ ਸਾਕਿਆਂ ਤੇ ਕਾਰਨਾਮਿਆਂ ਲਈ ਪਰੇਰਨਾ ਦਾ ਸੋਮਾ ਬਣੇ ਰਹੇ ਹਨ।

ਸੰਸਾਰ ਦੇ ਅਜਿਹੇ ਬੇਮੇਲ ਪਰ ਬੇਜੋੜ ਸੰਗਰਾਮ ਵਿਚੋਂ ਮੱਖਣ 'ਚੋਂ ਵਾਲ ਵਾਂਗ ਨਿਕਲ ਆਉਣ ਦਾ ਜ਼ਿਕਰ ਕਰਦਿਆਂ, ਦਸਮੇਸ਼ ਨੇ ਫਿਰ ਇਹ ਵੀ ਲਿਖ ਦਿੱਤਾ ਸੀ:

ਹਰ ਆਂ ਕਸ ਬਕੌਲੇ ਖ਼ੁਦਾ ਆਯਦਸ਼,
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼। 43

ਅਰਥਾਤ, "ਜੋ ਕੋਈ ਰੱਬ ਦੀ ਰਜ਼ਾ ਉਤੇ ਰਾਜ਼ੀ ਰਹਿੰਦਿਆਂ ਉਸ ਦੇ ਹੁਕਮ ਉਤੇ ਵਿਸ਼ਵਾਸ ਕਰ ਲੈਂਦਾ ਹੈ, ਰੱਬ ਉਸ ਨੂੰ ਅਜਿਹੀ ਸਥਿਤੀ ਵਿਚੋਂ ਨਿਕਲਣ ਦਾ ਰਾਹ ਆਪੇ ਵਿਖਾ ਦੇਂਦਾ ਹੈ"। (43) ਉਸੇ ਦੀ ਅਪਾਰ ਮਿਹਰ ਸਦਕੇ —

ਨ ਪੇਚੀਦਹ ਮੂਏ ਨ ਰੰਜੀਦਹ ਤਨ,
ਕਿ ਬੇਰੂੰ ਖ਼ੁਦ ਆਵੁਰਦ ਦੁਸ਼ਮਨ-ਸ਼ਿਕਨ। 44

ਅਰਥਾਤ, "ਨ ਸਾਡਾ ਕੋਈ ਵਾਲ ਵਿੰਗਾ ਹੋਇਆ ਸੀ ਅਤੇ ਨਾ ਹੀ ਸਾਡੇ ਸਰੀਰ ਨੂੰ ਕੋਈ ਆਂਚ ਆਈ ਸੀ, ਕਿਉਂਕਿ ਵੈਰੀਆਂ ਨੂੰ ਨਾਸ਼ ਕਰਨ ਵਾਲੇ ਵਾਹਿਗੁਰੂ ਨੇ ਉਸ ਘਮਸਾਨ ਸਥਿਤੀ ਵਿਚੋਂ ਸਾਨੂੰ ਆਪੇ ਹੀ ਸੁਖੀ-ਸਾਂਦੀ ਬਾਹਰ ਕਢ ਲਿਆਂਦਾ ਸੀ"। (44)

9

ਗੁਰੂ ਗੋਬਿੰਦ ਸਿੰਘ ਜੀ ਦੀ ਆਸ ਤੇ ਆਸਰਾ, ਹਰ ਸਮੇਂ ਤੇ ਹਰ ਸਥਿਤੀ ਵਿਚ, ਮੁੱਢੋਂ ਅਖ਼ੀਰ ਤਕ, ਇਉਂ ਹੀ ਇੱਕੋ ਰੱਬ ਹੀ ਰਿਹਾ ਸੀ। ਆਪਣੀ ਇਹ ਰਚਨਾ ਵੀ ਉਨ੍ਹਾਂ ਨੇ, ਹਸਬ ਮਾਮੂਲ, ਉਸੇ ਦਾ ਮੰਗਲਾਚਰਣ ਕਰਦਿਆਂ ਇਉਂ ਆਰੰਭੀ ਸੀ:

ਕਮਾਲਿ ਕਰਾਮਾਤ, ਕਾਇਮ, ਕਰੀਮ,
ਰਜ਼ਾ ਬਖ਼ਸ਼ੋ, ਰਾਜ਼ਿਕ, ਰਿਹਾਕੁਨ, ਰਹੀਮ। 1
ਅਮਾਂ-ਬਖ਼ਸ਼, ਬਖ਼ਸ਼ਿੰਦਹ ਓ ਦਸਤਗੀਰ,
ਖ਼ਤਾ-ਬਖ਼ਸ਼, ਰੋਜ਼ੀ-ਦਿਹੋ, ਦਿਲ-ਪਜ਼ੀਰ। 2

ਅਰਥਾਤ, "ਰੱਬ ਅਲੌਕਿਕ ਸ਼ਕਤੀਆਂ ਦਾ ਸਿਖਰ, ਸਦੀਵੀ ਅਤੇ ਕਿਰਪਾਲੂ ਹਸਤੀ ਹੈ। ਉਹ ਖ਼ੁਸ਼ੀਆਂ ਦਾ ਦਾਤਾ, ਰਿਜ਼ਕ ਦਾ ਦਾਤਾ, ਮੁਕਤੀ ਦਾ ਦਾਤਾ ਅਤੇ ਰਹਿਮ ਦਾ ਪੁੰਜ ਹੈ। ਉਹ ਸ਼ਰਨ ਆਏ ਦੀ ਲਾਜ ਰਖਣ ਵਾਲਾ, ਬੇਅੰਤ ਬਖ਼ਸ਼ਿਸ਼ਾਂ ਕਰਨ ਵਾਲਾ, ਭੀੜਾ ਸਮੇਂ ਬਾਂਹ ਫੜਨ ਵਾਲਾ, ਭੁੱਲਾਂ ਮਾਫ਼ ਕਰਨ ਵਾਲਾ, ਰੋਜ਼ੀ-ਰੋਟੀ ਦੇਣ ਵਾਲਾ ਅਤੇ ਮਨ ਨੂੰ ਮੋਹਣ ਵਾਲਾ ਪਰਮ-ਈਸ਼ਵਰ ਹੈ"।

ਇਸ ਰਚਨਾ ਦੀ ਸਮਾਪਤੀ ਵੀ ਉਸੇ ਰੱਬ ਦੀ ਮਹਿਮਾ, ਮਦਦ ਤੇ ਧੰਨਵਾਦ ਨਾਲ ਇਉਂ ਕੀਤੀ ਹੋਈ ਹੈ:

ਚੁ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ,
ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ ? 107
ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ,
ਨ ਯਕ ਮੂਇ ਊ ਰਾ ਅਜ਼ਾਰ ਆਵੁਰਦ। 108

ਅਰਥਾਤ, "ਜੇ ਰੱਬ ਦੋਸਤ ਹੋਵੇ ਤਾਂ ਵੈਰੀ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾਂ ਵੈਰ ਕਰਦਾ ਤੇ ਕਰਾਉਂਦਾ

ਰਹੇ ? ਜੇ ਕੋਈ ਦੁਸ਼ਮਣ ਹਜ਼ਾਰਾਂ ਦੁਸ਼ਮਣੀਆਂ ਵੀ ਕਰ ਵਿਖਾਏ ਤਾਂ ਵੀ ਉਹ ਉਸ ਦਾ ਇਕ ਵਾਲ ਵੀ ਵਿੰਗਾ ਨਹੀਂ ਕਰ ਸਕਦਾ"। (107-108)

ਇਹ ਉਹੀ 'ਦੋਸਤ-ਨੁਮਾ', "ਮਿੱਤਰ-ਪਿਆਰਾ" ਰੱਬ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਉਪਰੋਕਤ ਰਣ-ਭੂਮੀ ਵਿੱਚੋਂ ਨਿਕਲ ਆਉਣ ਤੋਂ ਬਾਅਦ ਉਦੋਂ ਵੀ ਯਾਦ ਆਉਂਦਾ ਰਿਹਾ ਸੀ ਜਦੋਂ ਉਹ ਮਾਛੀਵਾੜੇ ਦੇ ਸੁਨਸਾਨ ਜੰਗਲ ਵਿਚ ਬੜੀ ਬੇਸਰੋਸਾਮਾਨੀ ਦੀ ਹਾਲਤ ਵਿਚ ਕੱਲ-ਮੁਕੱਲੇ ਵਿਚਰ ਰਹੇ ਸਨ। ਅਜਿਹੇ ਬਿਖੜੇ ਸਮੇਂ ਤੇ ਉਖੜੇ ਹਾਲਾਤ ਵਿਚ, ਦਸੰਬਰ ਦੀ ਉਸ ਕਕਰੀਲੀ ਰਾਤੇਂ, ਇਕ ਟਿੰਡ ਨੂੰ ਸਰ੍ਹਾਣਾ ਬਣਾ ਕੇ, ਤਾਰਿਆਂ ਦੀ ਛਾਵੇਂ ਲੇਟੇ ਹੋਏ ਉਸ ਮਹਾਨ ਤੇ ਬੇਮਿਸਾਲ ਯੋਧੇ ਨੇ ਆਪਣੇ ਉਸ ਅਤੀ ਪਿਆਰੇ ਤੇ ਹਮਦਰਦ 'ਦੋਸਤ' ਨੂੰ ਜੰਗਲ ਦੀ ਹਵਾ ਤੇ ਪੰਛੀਆਂ ਰਾਹੀਂ ਜੋ ਸੁਨੇਹਾ ਘਲਿਆ ਸੀ, ਉਹ ਵੀ ਉਨ੍ਹਾਂ ਦੀ ਅਤਿ ਦਰਜੇ ਦੀ 'ਚੜ੍ਹਦੀ ਕਲਾ' ਦੀ ਹੀ ਇਕ ਹੋਰ ਮੂੰਹੋਂ ਬੋਲਦੀ ਤਸਵੀਰ ਹੈ :

ਮਿਤ੍ਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਣਾ.....
ਯਾਰੜੇ ਦਾ ਸਾਨੂੰ ਸਥਰੁ ਚੰਗਾ, ਭਠ ਖੇੜਿਆਂ ਦਾ ਰਹਣਾ [8]

10

ਗੁਰੂ ਗੋਬਿੰਦ ਸਿੰਘ ਜੀ ਦੀ ਉਪਰੋਕਤ ਇਤਿਹਾਸਕ ਚਿੱਠੀ ਔਰੰਗਜ਼ੇਬ ਨੂੰ, ਮਿਰਜ਼ਾ ਅਨਾਇਤ ਉੱਲਾ ਅਨੁਸਾਰ, ਸੰਨ 1706 ਦੀਆਂ ਗਰਮੀਆਂ ਵਿਚ ਅਹਿਮਦਨਗਰ ਮਿਲੀ ਸੀ।[9] ਉਸ ਤੋਂ ਦੋ ਕੁ ਵਰ੍ਹੇ ਬਾਅਦ, ਸੰਨ 1708 ਵਿਚ, ਲਿਖੀਆਂ ਗਈਆਂ 'ਪਰਚੀਆਂ' ਦੇ ਲੇਖਕ, ਸਾਧੂ ਸੇਵਾ ਦਾਸ, ਅਨੁਸਾਰ :

.....ਜਬ ਨਰਿੰਗ ਸਾਹ ਖਤ ਕੀ ਇਹ ਪਾਲ ਵਾਚੀ ਤਬ ਨਰਿੰਗ ਸਾਹ
ਭਾਈ ਦਇਆ ਸਿੰਘ ਕੀ ਓਰਿ ਦੇਖਿਆ ਅਰ ਕਹਿਆ,
"ਜੋ ਖ਼ਾਲਸਾ ਪੈਦਾ ਹੂਆ ਹੈ "? ਤਾਂ ਭਾਈ ਦਇਆ ਸਿੰਘ ਕਹਿਆ,
"ਹਾਂ ਜੀ, ਖ਼ਾਲਸਾ ਪੈਦਾ ਹੂਆ ਹੈ"।
ਫੇਰ ਨਰਿੰਗ ਸਾਹ ਕਹਿਆ,
"ਹੁਣੇ ਤਾਂ ਉਸ ਨ ਸੀ ਹੋਵਣਾ ਪੈਦਾ, ਦੁਖ ਪਾਏਗਾ"।
ਜਬ ਇਹ ਬਾਤ ਨਰਿੰਗ ਸ਼ਾਹ ਕਹੀ, ਤਬ ਮੁਖ ਪੀਅਰਾ ਹੋਇ ਗਇਆ।
ਫਿਰਿ ਮਰ ਗਇਆ।[10]

ਔਰੰਗਜ਼ੇਬ ਉਹ ਕੁਝ ਸੁਣ-ਬੁਝ ਕੇ ਬੜਾ ਹੀ ਪਰੇਸ਼ਾਨ ਤੇ ਪਸ਼ੇਮਾਨ ਹੋਇਆ ਸੀ ਅਤੇ ਉਸ ਨੇ ਗੁਰੂ ਸਾਹਿਬ ਨੂੰ ਆਪ ਮਿਲ ਕੇ, ਉਨ੍ਹਾਂ ਨਾਲ ਸੁਲ੍ਹਾ-ਸਫਾਈ ਕਰਨ ਦਾ ਇਰਾਦਾ ਬਣਾ ਲਿਆ ਸੀ। ਪਰ ਓਦੋਂ ਉਹ ਦੱਕਨ ਦੀ ਮੁਹਿਮ ਵਿਚ ਬਹੁਤ ਹੀ ਉਲਝਿਆ ਹੋਇਆ ਅਤੇ ਸਰੀਰਕ ਤੌਰ ਤੇ ਵੀ ਢਿੱਲਾ-ਮੱਠਾ ਹੋ ਗਿਆ ਹੋਣ

---

8. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਸਾਹਿਬ, ਉਹੀ, ਪੰ.1234 , ਸ਼ਬਦ ਹਜ਼ਾਰੇ, ਸ਼ਬਦ ਨੰ.6, **'ਖ਼ਿਆਲ ਪਾਤਸ਼ਾਹੀ 10'**.

9. ਅਨਾਯਤ ਉੱਲਾ ਖ਼ਾਨ, ਮਿਰਜ਼ਾ, **ਅਹਿਕਾਮੇ ਆਲਮਗੀਰੀ**, ਦਿੱਲੀ - 1712(ਲਪ.), ਰਾਮਪੁਰ ਹੱਥ-ਲਿਖਤ ਨੰ. 11, ਪੰ.7-8.

10. ਸੇਵਾ ਦਾਸ, ਸਾਧੂ, **ਪਰਚੀਆਂ**, ਮਿਤੀ 1708, ਪਰਚੀ ਨੰ. 13; ਸੰਪਾਦਿਤ ਪਾਠ, ਉਹੀ, ਪੰ. 135.

ਕਰਕੇ, ਆਪ ਉੱਤਰ ਵਲ ਆਉਣ ਤੋਂ ਅਸਮਰਥ ਸੀ। ਇਸ ਲਈ, ਉਸ ਨੇ ਲਾਹੌਰ ਦੇ ਗਵਰਨਰ, ਮੁਨੀਮ ਖ਼ਾਨ, ਨੂੰ ਖ਼ਾਸ ਕਾਸਦਾਂ ਰਾਹੀਂ ਗੁਰੂ ਸਾਹਿਬ ਨੂੰ ਹਰ ਹਾਲਤ ਵਿਚ ਮਿਲਣ, ਰਾਜ਼ੀ ਕਰਨ, ਮੁਲਾਕਾਤ ਲਈ ਪਰੇਰਨ ਅਤੇ ਪੂਰੇ ਸਨਮਾਨ ਸਹਿਤ ਦੱਕਨ ਪਹੁੰਚਾਣ ਦਾ ਪਰਬੰਧ ਕਰਨ ਲਈ ਫੌਰੀ ਹੁਕਮ ਭੇਜ ਦਿੱਤੇ ਸਨ।[11] ਚਿੱਠੀ ਨੂੰ ਸੁਣਨ ਉਪਰੰਤ, ਬਾਦਸ਼ਾਹ ਔਰੰਗਜ਼ੇਬ ਉਤੇ ਜੋ ਭਾਰੀ ਅਸਰ ਹੋਇਆ ਸੀ ਅਤੇ ਉਸ ਨੇ ਉਸੇ ਵਕਤ, ਜੋ ਫੌਰੀ ਹੁਕਮ ਜਾਰੀ ਕੀਤਾ ਸੀ ਉਹ ਸਮਕਾਲੀ ਭੱਟ-ਵਹੀਆਂ ਦੇ ਆਧਾਰ 'ਤੇ ਸੰਨ 1797 ਵਿਚ ਤਿਆਰ ਹੋਈ ਪੁਸਤਕ, 'ਗੁਰੂ ਕੀਆਂ ਸਾਖੀਆਂ', ਵਿਚ ਇਉਂ ਅੰਕਿਤ ਹੈ :

> .....ਭਾਈ ਦਯਾ ਸਿੰਘ ਨੇ,... ਸਤਿਗੁਰਾਂ ਕੀ ਤਰਫ ਸੇ ਆਪਣੀ ਦਾਸਤਾਨ ਬਾਦਸ਼ਾਹ ਕੇ ਆਗੇ ਜਾਇ ਰਾਖੀ, ਉਸ ਆਪਨੇ ਮੁਨਸ਼ੀ ਸੇ ਬੜੇ ਗਉਰ ਕੇ ਸਾਥ ਸੁਨੀ। ਬਾਦਸ਼ਾਹ 'ਜ਼ਫ਼ਰਨਾਮਾ' ਸੁਣ ਕੇ ਕਈ ਬਾਰ ਸਿਰ ਹਿਲਾਇਆ ਤੇ ਤੌਬਾ ਕਰੀ। ਮੁਖ ਥੀਂ ਕਹਾ ਕਿ "ਦਿੱਲੀ ਵਾਲਿਆਂ ਮੁਝੇ ਆਜ ਤੀਕ ਅੰਧੇਰੇ ਮੇਂ ਹੀ ਰਾਖਾ ਹੈ, ਵਰਨਾ ਐਸੇ ਖ਼ੁਦਾ-ਪ੍ਰਸਤ ਦਰਵੇਸ਼ ਨਾਲ ਇਹ ਗ਼ਲਤ ਵਰਤਾਉ ਨ ਹੋਤਾ"। ਮੁਨਸ਼ੀ ਨੇ ਕਹਾ, "ਹਜ਼ਰਤ ! ਨਾਨਕ ਪ੍ਰਸਤ ਗੁਰੂ ਗੋਬਿੰਦ ਨੇ ਆਪ ਸੇ ਮੁਲਾਕਾਤ ਮਾਂਗੀ ਹੈ, ਉਸੇ ਕਿਆ ਲਿਖਾ ਜਾਏ, ਆਪ ਬਤਾਈਏ"।
> ਬਾਦਸ਼ਾਹ ਬੋਲਾ, "ਮੁਨਸ਼ੀ, ਮੈਂ ਐਸੇ ਮੁਸੀਬਤਜ਼ਦਾ ਦਰਵੇਸ਼ ਸੇ ਜ਼ਰੂਰ ਮਿਲਨਾ ਚਾਹਤਾ ਹੂੰ ਤਾਕਿ ਮੈਂ ਉਸ ਕੀ ਸਹਾਇਤਾ ਕਰ ਸਕੂੰ। ਮੇਰੀ ਸਿਹਤ ਠੀਕ ਨਹੀਂ, ਇਸ ਸਮੇਂ ਮੇਰਾ ਦਿੱਲੀ ਜਾਨਾ ਠੀਕ ਨਹੀਂ। ਉਨ੍ਹਾਂ ਨੂੰ ਬੜੀ ਚੌਕਸੀ ਸੇ ਅਹਿਮਦਨਗਰ ਬੁਲਾ ਲੀਆ ਜਾਏ। ਉਸੇ ਕੁਰਾਨ ਸ਼ਰੀਫ ਕੀ ਜਿਲਦ ਤੇ ਜੈਸਾ ਉਨ੍ਹਾਂ ਮਾਂਗਾ ਹੈ, ਲਿਖ ਕੇ ਫ਼ੁਰਮਾਨ ਜਾਰੀ ਕੀਆ ਜਾਏ ਕਿ ਉਹ ਮੁਝੇ ਅਹਿਮਦਨਗਰ ਆਨ ਕੇ ਮਿਲਨ"। ਬਾਦਸ਼ਾਹ ਨੇ ਫ਼ੁਰਮਾਨ ਕੁਰਾਨ ਸ਼ਰੀਫ ਕੀ ਜਿਲਦ ਤੇ ਲਿਖਵਾਇ, ਸ਼ਾਹੀ ਕਾਜ਼ੀ ਕੋ ਦਿਹਲੀ ਕੀ ਤਰਫ਼ ਰਵਾਨਾ ਕੀਆ।[12]

ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ, ਅਹਿਮਦ ਨਗਰ ਤੋਂ ਵਾਪਸੀ ਤੇ, ਜਦੋਂ ਗੁਰੂ ਸਾਹਿਬ ਨੂੰ ਬਘੌਰ (ਰਾਜਸਥਾਨ) ਆ ਮਿਲੇ ਸਨ ਤਾਂ ਉਨ੍ਹਾਂ ਨੇ ਵੀ ਦਸਿਆ ਸੀ ਕਿ ਔਰੰਗਜ਼ੇਬ ਉਨ੍ਹਾਂ ਦੇ ਦਰਸ਼ਨ-ਪਰਸ਼ਨ ਲਈ ਬੜਾ ਫ਼ਿਕਰਮੰਦ ਤੇ ਖ਼ਾਹਿਸ਼ਮੰਦ ਸੀ।[13] ਗੁਰੂਦੇਵ ਅਜੇ ਬਘੌਰ ਹੀ ਟਿਕੇ ਹੋਏ ਸਨ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੇ 20 ਫ਼ਰਵਰੀ 1707 ਨੂੰ ਮਰ ਜਾਣ ਦੀ ਖ਼ਬਰ ਮਿਲ ਗਈ ਸੀ। ਇਸ ਲਈ ਉਹ ਪਰਸਪਰ ਮੁਲਾਕਾਤ ਤੇ ਗੱਲਬਾਤ ਹੋ ਹੀ ਨਹੀਂ ਸਕੀ ਸੀ।

---

11. Banerjee, A.C., *The Sikh Gurus and The Sikh Religion*, New Delhi-1983, p. 323; Grewal, Dr. J.S., *The New Cambridge History of India: The Sikhs of the Panjab*, Cambridge-1990, p.79.
12. ਕੋਸ਼ਿਸ਼, **ਗੁਰੂ ਕੀਆਂ ਸਾਖੀਆਂ**, ਉਹੀ, ਸਾਖੀ ਨੰ.101; ਸੰਪਾਦਿਤ ਪਾਠ, ਉਹੀ, ਪੰ.174-75.
13. Gupta, Dr. Hari Ram, *History of the Sikhs*, op.cit, Vol.I, p. 312.

17

ਆਖ਼ਰੀ ਨਸੀਹਤ ਦੇਂਦਿਆਂ ਤੇ ਵਸੀਅਤ ਕਰਦਿਆਂ

ਔਰੰਗਜ਼ੇਬ ਬੜੀ ਦੀਰਘ ਨਿਰਾਸ, ਪਰੇਸ਼ਾਨ ਤੇ ਪਸ਼ੇਮਾਨ ਦਸ਼ਾ ਵਿਚ ਮੋਇਆ ਸੀ। ਦੇਹਾਂਤ ਤੋਂ ਪਹਿਲਾਂ ਉਸ ਦੀ ਜੋ ਮਾਨਸਕ ਤੇ ਆਤਮਕ ਅਵਸਥਾ ਸੀ, ਉਹ ਉਸ ਦੀਆਂ ਉਨ੍ਹਾਂ ਚਿੱਠੀਆਂ ਤੋਂ ਵਿਦਿਤ ਹੈ ਜੋ ਉਸ ਨੇ ਮੌਤ-ਬਿਸਤਰੇ ਤੋਂ ਆਪਣੇ ਪੁੱਤਰਾਂ ਨੂੰ ਲਿਖਵਾ ਭੇਜੀਆਂ ਸਨ। ਮਿਸਾਲ ਵਜੋਂ, ਆਪਣੇ ਸਭ ਤੋਂ ਛੋਟੇ ਪੁੱਤਰ, ਕਾਮ ਬਖ਼ਸ਼, ਨੂੰ ਆਪਣਾ ਮਾਨਸਕ ਸੰਤਾਪ, ਸਦਾਚਾਰਕ ਵੇਦਨਾ ਤੇ ਘੋਰ ਪਛਤਾਵਾ ਪਰਗਟ ਕਰਦਿਆਂ, ਉਸ ਨੇ ਇਹ ਕੁਝ ਲਿਖਵਾ ਘਲਿਆ ਸੀ :

.....ਮੈਂ ਹੁਣ ਇੱਕਲਾ ਜਾ ਰਿਹਾ ਹਾਂ।..
ਮੈਂ (ਲੋਕਾਂ ਨੂੰ) ਹਰ ਤਸੀਹਾ ਦਿੱਤਾ ਹੈ,
ਮੈਂ ਹਰ ਬੁਰਾ ਤੇ ਗ਼ਲਤ ਕੰਮ ਕੀਤਾ ਹੈ। ਮੈਂ ਉਨ੍ਹਾਂ ਦਾ ਫਲ ਆਪਣੇ ਨਾਲ
ਲੈ ਜਾ ਰਿਹਾ ਹਾਂ।
ਇਹ ਕਿਤਨੀ ਅਜੀਬ ਸਥਿਤੀ ਹੈ ਕਿ
ਮੈਂ ਇਸ ਦੁਨੀਆ ਵਿਚ ਬਿਲਕੁਲ ਖ਼ਾਲੀ ਹੱਥ ਆਇਆ ਸਾਂ
ਅਤੇ ਹੁਣ ਪਾਪਾਂ ਦਾ ਇਕ ਬੜਾ ਵੱਡਾ ਕਾਫ਼ਲਾ
ਆਪਣੇ ਨਾਲ ਲਈ ਜਾ ਰਿਹਾ ਹਾਂ।...
ਮੈਂ ਬੜਾ ਦੁੱਖੀ ਤੇ ਪਰੇਸ਼ਾਨ ਹਾਂ।...[1]

ਦੂਜੇ ਬੇਟੇ, ਆਜ਼ਮ, ਨੂੰ ਲਿਖਵਾ ਭੇਜੀ ਚਿੱਠੀ ਇਸ ਪੱਖੋਂ ਉਪਰੋਕਤ ਨਾਲੋਂ ਵੀ ਵਧੇਰੇ ਸਪੱਸ਼ਟ ਹੈ। ਉਸ ਵਿਚ ਵੀ ਆਪਣੀ ਮਾਨਸਕ ਪੀੜਾ, ਚਿੰਤਾ ਤੇ ਪਸ਼ਚਾਤਾਪ ਬਿਆਨ ਕਰਦਿਆਂ, ਉਸ ਨੇ ਦਸਿਆ ਸੀ:

.....ਮੈਂ ਨਹੀਂ ਜਾਣਦਾ ਕਿ ਮੈਂ ਕੀ ਹਾਂ, ਮੈਂ ਹੁਣ ਕਿਥੇ ਜਾਵਾਂਗਾ
ਅਤੇ ਪਾਪਾਂ ਨਾਲ ਭਰੇ ਹੋਏ ਇਸ ਗੁਨਾਹਗਾਰ ਦਾ ਹਾਲ ਫਿਰ ਕੀ ਹੋਵੇਗਾ!
ਮੇਰੀ ਸਾਰੀ ਉਮਰ ਵਿਅਰਥ ਬੀਤ ਗਈ ਹੈ।
ਮੈ ਆਪਣੀ ਸਲਤਨੱਤ ਵਿਚ ਨਾ ਚੰਗਾ ਰਾਜ ਕਰ ਸਕਿਆਂ ਹਾਂ
ਅਤੇ ਨਾ ਹੀ ਲੋਕਾਂ ਦਾ ਪਿਆਰ ਜਿੱਤ ਸਕਿਆ ਹਾਂ।
ਰੱਬ ਤਾਂ ਮੇਰੇ ਹਿਰਦੇ ਵਿਚ ਹੀ ਸੀ
ਪਰ ਮੇਰੀਆਂ ਧੁੰਦਿਆਈਆਂ ਅੱਖਾਂ ਉਸ ਦਾ ਜਲਵਾ ਪਛਾਣ ਨਹੀਂ ਸਕੀਆਂ ਸਨ।
ਭਵਿੱਖ ਵਿਚ ਤਾਂ ਮੇਰੇ ਲਈ ਕੋਈ ਆਸ ਉਮੀਦ ਨਹੀਂ।
ਹੁਣ ਜਦ ਕਿ ਮੈਂ ਆਪ ਆਪਣੇ ਆਪ ਵਿਚ ਸਭ ਆਸਾਂ ਮੁਕਾ ਚੁਕਾ ਹਾਂ,
ਤਾਂ ਹੋਰਨਾਂ ਤੋਂ ਮੈਂ ਕਿਵੇਂ ਕੋਈ ਆਸ ਰਖ ਸਕਦਾ ਹਾਂ?

---

1. Ishwari Prasad, Dr., *A New History of India*, op.cit., p. 320, ਵਿਚ ਅੰਕਿਤ ਉਸ ਦੇ ਅੰਗਰੇਜ਼ੀ ਤਰਜਮੇ ਦਾ ਪੰਜਾਬੀ ਅਨੁਵਾਦ।

ਮੈਂ ਬੜੇ ਪਾਪ ਕੀਤੇ ਹਨ ਅਤੇ ਮੈਨੂੰ ਪਤਾ ਨਹੀਂ ਕਿ
ਅੱਗੇ ਜਾ ਕੇ ਮੈਨੂੰ ਕਿਹੜੇ ਤੇ ਕਿਤਨੇ ਦੁਖ ਝਲਣੇ ਪੈਣਗੇ।[2]

ਸੋ, ਸੱਚੇ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ, ਦੀਆਂ ਉਕਤ ਦੋਵੇਂ ਚਿੱਠੀਆਂ ਜਿਥੇ 'ਚੜ੍ਹਦੀ ਕਲਾ' ਦੀ ਸਿਖਰ ਪਰਗਟ ਕਰਦੀਆਂ ਹਨ ਉਥੇ ਦੁਨਿਆਵੀ ਸ਼ਹਿਨਸ਼ਾਹ, ਔਰੰਗਜ਼ੇਬ ਆਲਮਗੀਰ, ਦੇ ਉਕਤ ਦੋਵੇਂ ਪੱਤਰ 'ਢਹਿੰਦੀ ਕਲਾ' ਦੀ ਰਸਾਤਲ ਵਿਦਤ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਪੱਤਰ ਜਿਥੇ, ਠੀਕ ਅਰਥਾਂ ਵਿਚ, 'ਫ਼ਤਹਿਨਾਮਾ' ਤੇ 'ਜ਼ਫ਼ਰਨਾਮਾ' ਭਾਵ ਵਿਜੈ-ਪੱਤਰ (epistles of victory) ਹਨ, ਉਥੇ ਔਰੰਗਜ਼ੇਬ ਦੇ ਦੋਵੇਂ ਪੱਤਰ, ਸਹੀ ਮਾਅਨਿਆਂ ਵਿਚ, ਪਛਤਾਵਾ ਤੇ ਨਿਰਾਸ਼ਾ-ਪੱਤਰ (letters of remorse) ਅਤੇ 'ਸ਼ਿਕਸਤਨਾਮੇ' ਹਨ।

ਫਿਰ ਕਮਾਲ ਇਹ ਕਿ ਗੁਰੂ ਗੋਬਿੰਦ ਸਿੰਘ ਉਸੇ ਸ਼ਹਿਨਸ਼ਾਹ ਦੇ ਜਬਰ-ਜ਼ੁਲਮ, ਧੋਖੇ ਤੇ ਧਰੋਹ ਕਾਰਨ ਆਪਣਾ ਘਰ-ਘਾਟ ਤੇ ਸਰਬੰਸ ਗੁਆ ਕੇ ਵੀ ਜਿਥੇ ਉਸ ਨੂੰ ਅਜਿਹੇ ਬੇਬਾਕ ਤੇ ਬੇਮਿਸਾਲ 'ਵਿਜੈ-ਪੱਤਰ' ਲਿਖ ਗਏ ਹਨ, ਉਥੇ ਉਦੋਂਕੇ ਸੰਸਾਰ ਦੇ ਸਭ ਤੋਂ ਵੱਡੇ ਸਾਮਰਾਜ ਦਾ ਸਮਰਾਟ ਸਭ ਕੁਝ ਹੁੰਦੇ-ਸੁੰਦੇ ਵੀ ਅਜਿਹੀ ਹੀਣਤਾ, ਕਾਇਰਤਾ ਤੇ ਨਿਰਾਸਤਾ ਭਰੇ 'ਪਛਤਾਵਾ-ਪੱਤਰ' ਲਿਖਵਾ ਗਿਆ ਹੈ।

ਔਰੰਗਜ਼ੇਬ ਜਿਥੇ 20 ਫ਼ਰਵਰੀ 1707 ਨੂੰ ਮਰਨ ਲਗਿਆਂ, ਆਪਣੇ ਪੁੱਤਰਾਂ ਨਾਲ ਆਪਣੀ ਅਜਿਹੀ ਘੋਰ ਉਦਾਸੀ ਤੇ ਮਾਯੂਸੀ, ਆਖ਼ਰਾਂ ਦੀ ਬੇਦਿਲੀ ਤੇ ਢਹਿੰਦੀ ਕਲਾ ਨਾਲ ਸਾਂਝ ਪੁਆ ਰਿਹਾ ਸੀ, ਅਤੇ ਉਨ੍ਹਾਂ ਨੂੰ ਆਪਣੀ ਸਰੀਰਕ ਤੇ ਸਦਾਚਾਰਕ ਮੌਤ ਦੇ ਭਿਆਨਕ ਦ੍ਰਿਸ਼ ਵਿਖਾ ਰਿਹਾ ਸੀ; ਉਥੇ ਗੁਰੂ ਗੋਬਿੰਦ ਸਿੰਘ ਜੀ, ਉਸ ਤੋਂ ਡੇਢ ਕੁ ਸਾਲ ਬਾਅਦ, 7 ਅਕਤੂਬਰ 1708 ਨੂੰ, ਆਪਣੀਆਂ ਸਰੀਰਕ ਅੱਖਾਂ ਮੀਟਣ ਤੋਂ ਪਹਿਲਾਂ, ਆਪਣੀ ਚਿੰਤਿਤ ਤੇ ਉਦਾਸ ਹੋ ਰਹੀ ਉੱਮਤ, ਭਾਵ ਖ਼ਾਲਸੇ, ਨਾਲ ਆਪਣੀ ਭਰਪੂਰ ਆਸ਼ਾ, ਵਿਸ਼ਵਾਸ਼ ਤੇ 'ਚੜ੍ਹਦੀ ਕਲਾ' ਦੀ ਸਾਂਝ ਪੁਆਂਦਿਆਂ ਅਤੇ ਆਪਣਾ ਅੰਤਮ ਸ਼ੁਭ ਸੰਦੇਸ਼ ਤੇ ਉਪਦੇਸ਼ ਦੇਂਦਿਆਂ, ਸਦਾ ਅਕਾਲਪੁਰਖ ਆਸਰੇ ਰਹਿਣ ਤੇ 'ਚੜ੍ਹਦੀ ਕਲਾ' ਵਿਚ ਵਿਚਰਨ ਲਈ, (ਭਾਈ ਕੁਇਰ ਸਿੰਘ, ਭਾਈ ਸੁਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਆਦਿ ਦੇ ਬਿਲਾਸਾਂ-ਬਿਰਤਾਂਤਾਂ ਦੇ ਆਧਾਰ 'ਤੇ ਲਿਖੇ ਹੋਏ) ਮਿ. ਮਕਾਲਿਫ਼ ਦੇ ਲਫ਼ਜ਼ਾਂ ਵਿਚ, ਇਉਂ ਉਮਾਹਿਤ ਤੇ ਉਤਸ਼ਾਹਿਤ ਕਰ ਰਹੇ ਸਨ:

ਪਿਆਰੇ ਖ਼ਾਲਸਾ ਜੀ! ਰੱਬ ਦੀ ਰਜ਼ਾ ਕਦੇ ਵੀ ਟਾਲੀ ਨਹੀਂ ਜਾ ਸਕਦੀ।
ਜੋ ਕੋਈ ਵੀ ਜੰਮਿਆ ਹੈ, ਉਸ ਨੇ ਅਵੱਸ਼, ਕਿਸੇ-ਨਾ-ਕਿਸੇ ਦਿਨ, ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ। ਕੇਵਲ ਅਕਾਲਪੁਰਖ ਹੀ ਅਮਰ ਤੇ ਸਦੀਵੀ ਹੈ।
ਹੋਰ ਸਾਰਿਆਂ ਨੇ, ਭਾਵੇਂ ਉਹ ਕਿੰਨੇ ਹੀ ਪਾਵਨ ਤੇ ਸ੍ਰੇਸ਼ਟ ਵੀ ਹੋਣ,
ਨਿਯਤ ਸਮਾਂ ਮੁਕ ਜਾਣ 'ਤੇ ਇਥੋਂ ਸਰਪਰ ਤੁਰ ਜਾਣਾ ਹੈ। ....
ਚੇਤੇ ਰਖੋ ਕਿ ਅਮਰ ਪ੍ਰਭੂ ਦੀ
'ਸਤਿ ਚਿਤ ਆਨੰਦ' ਜੋਤ ਤੁਹਾਡੇ ਅੰਦਰ ਸਦਾ ਜਗ ਰਹੀ ਹੈ।
ਇਸ ਲਈ ਹਮੇਸ਼ਾ ਪ੍ਰਸੰਨ-ਚਿਤ ਰਹੋ ਅਤੇ ਕਦੇ ਵੀ ਉਦਾਸ ਤੇ ਨਿਰਾਸ ਨ ਹੋਵੋ।....
ਖ਼ਾਲਸਾ ਜੀ! ਵਾਹਿਗੁਰੂ ਦਾ ਨਾਂ ਸਦਾ ਯਾਦ ਰਖੋ;
ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੋ ਜਾਂ ਸੁਣੋ।

---

2. Smith, Prof. Vincent , A., *The Oxford History of India*, Oxford-1920, pt. II, p. 448 ਵਿਚ ਅੰਕਿਤ ਉਸ ਦੇ ਅੰਗਰੇਜ਼ੀ ਤਰਜਮੇ ਦਾ ਪੰਜਾਬੀ ਅਨੁਵਾਦ।

ਇਉਂ ਕਰਨ ਨਾਲ ਤੁਹਾਡੇ ਮਨਾਂ ਨੂੰ ਢਾਰਸ ਮਿਲੇਗੀ
ਅਤੇ ਤੁਸੀਂ ਗੁਰੂ ਦੇ ਸਵਰਗ ਵਿਚ, ਨਿਰਸੰਦੇਹ, ਥਾਂ ਪਰਾਪਤ ਕਰ ਲਵੋਗੇ।
ਜੋ ਸੱਜਨ ਵਾਹਿਗੁਰੂ ਦਾ ਨਾਮ ਧਿਆਉਂਦੇ ਹਨ,
ਉਹ ਆਪਣੇ ਜੀਵਨ ਸਫ਼ਲ ਬਣਾ ਲੈਂਦੇ ਹਨ ਅਤੇ ਜਦੋਂ ਇਸ ਫ਼ਾਨੀ ਜਹਾਨ ਤੋਂ ਚਲੇ ਜਾਂਦੇ ਹਨ
ਤਾਂ ਸਦੀਵੀ ਆਨੰਦ ਦੇ ਮਹਿਲਾਂ ਵਿਚ ਜਾ ਵਸਦੇ ਹਨ।

ਉਦੋਂ ਉਥੇ ਹਾਜ਼ਰ ਸਿੱਖਾਂ ਨੇ ਜਦੋਂ ਅਖ਼ੀਰਲੀ ਫ਼ਤਿਹ ਬੁਲਾਂਦਿਆਂ ਪੁਛਿਆ ਸੀ ਕਿ ਆਪ ਦਾ ਉਤਰ-ਅਧਿਕਾਰੀ ਕੌਣ ਹੋਵੇਗਾ ਅਤੇ ਆਪ ਜੀ ਸਾਨੂੰ ਕਿਸ ਹਸਤੀ ਦੇ ਲੜ ਲਾ ਚਲੇ ਹੋ, ਤਾਂ 'ਚੜ੍ਹਦੀ ਕਲਾ ਦੇ ਪੁੰਜ', ਗੁਰੂ ਗੋਬਿੰਦ ਸਿੰਘ ਜੀ, ਨੇ ਫ਼ੁਰਮਾਇਆ ਸੀ:

ਮੈਂ ਤੁਹਾਨੂੰ ਅਕਾਲਪੁਰਖ ਦੇ ਹਵਾਲੇ ਕਰ ਚਲਿਆਂ ਹਾਂ।
ਹਮੇਸ਼ਾ ਉਸ ਦੀ ਰੱਖਿਆ ਤੇ ਰਜ਼ਾ ਵਿਚ ਵਿਚਰਦੇ ਰਹੋ
ਅਤੇ ਉਸ ਤੋਂ ਇਲਾਵਾ ਕਿਸੇ ਹੋਰ ਵਿਚ ਵਿਸ਼ਵਾਸ ਨਾ ਰਖੋ।
ਜਿਥੇ ਕਦੇ ਵੀ ਗੁਰੂ ਦੀ ਸਿੱਖਿਆ ਦੇ ਪਾਬੰਦ ਪੰਜ ਸਿੱਖ ਜੁੜੇ ਹੋਣਗੇ,
ਮੈਨੂੰ ਉਨ੍ਹਾਂ ਵਿਚ ਹਾਜ਼ਰ-ਨਾਜ਼ਰ ਸਮਝਣਾ।
ਜਿਹੜਾ ਉਨ੍ਹਾਂ ਦੀ ਸੇਵਾ ਕਰੇਗਾ, ਉਸ ਨੂੰ ਉਸ ਦਾ ਫਲ ਮਿਲੇਗਾ,
ਅਤੇ ਉਸ ਦੇ ਮਨ ਦੀਆਂ ਸਭ ਇੱਛਾਂ ਪੂਰੀਆਂ ਹੋ ਜਾਣਗੀਆਂ।
ਗੁਰੂ ਨਾਨਕ ਸਾਹਿਬ ਤੋਂ ਲੈ ਕੇ ਮਗਰਲੇ ਸਭ ਸਤਿਗੁਰਾਂ ਦਾ
ਇਤਿਹਾਸ ਵੀ ਵਾਚਦੇ ਰਹਿਣਾ।
ਅਗੋਂ ਤੋਂ ਗੁਰੂ ਖ਼ਾਲਸਾ ਹੋਵੇਗਾ ਅਤੇ ਖ਼ਾਲਸਾ ਗੁਰੂ।
ਮੈਂ ਆਪਣੀ ਆਤਮਕ ਤੇ ਸਰੀਰਕ ਸਪਿਰਿਟ
ਗ੍ਰੰਥ ਸਾਹਿਬ ਅਤੇ ਖ਼ਾਲਸੇ ਵਿਚ ਸਮੋਅ ਦਿੱਤੀ ਹੈ।[3]

ਭਾਈ ਸੁੱਖਾ ਸਿੰਘ ਨੇ ਉਕਤ ਬਚਨ-ਬਿਲਾਸ ਨੂੰ ਇਉਂ ਕਾਨੀਬੰਦ ਕੀਤਾ ਹੋਇਆ ਹੈ:

ਇਹ ਬਿਧ ਹੋਇ ਤਇਯਾਰ ਜਬ, ਨਾਥ ਭਏ ਮਹਾਰਾਜ,
ਹਾਥ ਜੋਰ ਤਬ ਖ਼ਾਲਸੇ, ਕਹਿਯੋ ਗਰੀਬਨਿਵਾਜ!
"ਨੌਂ ਪਤਿਸ਼ਾਹੀ ਆਦਿ ਲਗ, ਭਏ ਸਿਰੀ ਗੁਰ ਜੋਇ,
ਅੰਤ ਸਮੈ ਸਭ ਸੰਗਤਨਿ, ਲਰ ਪਕਰਾਵਤ ਸੋਇ।
ਤਾਤੇ ਇਹੈ ਬਿਨੈ ਹਮ ਪਾਵੈ,
ਕਹਾ ਖ਼ਾਲਸਾ ਸੀਸ ਟਿਕਾਵੈ?
ਤਾਤੇ ਅੰਚਰ ਹਮ ਪਕਰਾਵਹੁ,
ਜਹਾਂ ਆਪ ਸੋ ਠਵਰ ਬਤਾਵਹੁ।"
ਹੁਕਮ ਹੋਆ ਬਤੀਆ ਸੁਨ ਭਾਈ,
"ਆਗ ਰਖਿਯੋ ਗ੍ਰੰਥ ਮਧ ਪਾਈ।

3. Macauliffe, *The Sikh Religion*, op.cit., Vol.V, pp. 242-44.

ਸ੍ਰੀ ਅਸਧੁਜ ਕਾਲ ਰੂਪ ਕਰਾਯੋ,
ਅਕਾਲਪੁਰਖ ਕੇ ਚਰਨੀ ਲਾਯੋ ।.....
ਦਸ ਮਹਿਲਨ ਕੀ ਪੜੀਐ ਬਾਨੀ ।
ਅਚੁਤ ਸੁਖ ਪਾਵਹੁ ਨਿਰਬਾਨੀ,
ਹਮ ਕਹਿ ਲਖੇ ਨ ਇਨ ਤੇ ਦੂਰੀ,
ਹਮ ਤੁਮਰੇ ਸਦ ਸੰਗ ਹਜੂਰੀ ।...
ਸ੍ਰੀ ਅਸਪੁਰਖ ਅਕਾਲ ਕਉ, ਸੌਂਪ ਸਭੈ ਤੁਮ ਦੀਨ;
ਖੜਗ ਗੋਦ ਮੈ ਮਾਤ ਜਯੋਂ, ਵਿਚਰਹੁ ਸਦਾ ਪ੍ਰਬੀਨ ।.....[4]

ਮਕਾਲਿਫ ਨੇ ਰਤਾ ਅਗੇਰੇ ਜਾ ਕੇ ਇਹ ਵੀ ਲਿਖਿਆ ਹੈ ਕਿ He then put on a muslin band, slung his bow on his shoulder and took his musket in his hand. He opened the Granth Sahib and placing five paise and a coco-nut before it, solemnly bowed to it as his successor. Then uttering *Waheguru ji ka Khalsa ! Waheguru ji ki Fateh* !, he circumambulated the sacred volume and said, "O beloved Khalsa ! let him, who desireth to behold me, behold the Guru Granth. Obey the Granth Sahib. It is the visible body of the Guru. And let him who desireth to meet me, diligently search its hymns."[5] "ਉਨ੍ਹਾਂ ਨੇ ਫਿਰ ਇਕ ਮਲਮਲੀ ਕਮਰਬੰਦ ਬੰਨ੍ਹ ਲਿਆ, ਆਪਣੀ ਕਮਾਨ ਆਪਣੇ ਮੋਢੇ ਉਤੇ ਲਟਕਾ ਲਈ ਅਤੇ ਆਪਣੀ ਬੰਦੂਕ ਆਪਣੇ ਹੱਥ ਵਿਚ ਫੜ ਲਈ। ਫਿਰ (ਗੁਰੂ) ਗ੍ਰੰਥ ਸਾਹਿਬ ਨੂੰ ਖੋਲ੍ਹਿਆ; ਉਨ੍ਹਾਂ ਦੇ ਹਜ਼ੂਰ ਗੁਰਿਆਈ ਦੇ ਲਖਾਇਕ ਪੰਜ ਪੈਸੇ ਤੇ ਇਕ ਨਾਰੀਅਲ ਰਖ ਕੇ, ਉਨ੍ਹਾਂ ਨੂੰ ਆਪਣਾ ਉਤਰ-ਅਧਿਕਾਰੀ ਮੰਨਦਿਆਂ ਤੇ ਦਸਦਿਆਂ, ਬੜੇ ਸਤਿਕਾਰ ਸਹਿਤ ਸੀਸ ਝੁਕਾਇਆ। ਫਿਰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਉਚਾਰਦਿਆਂ, ਉਨ੍ਹਾਂ ਨੇ ਪਾਵਨ ਬੀੜ ਦੀ ਪਰਕਰਮਾ ਕੀਤੀ ਅਤੇ ਆਖਿਆ, 'ਓ ਪਿਆਰੇ ਖ਼ਾਲਸਾ ਜੀ! ਜੋ ਕੋਈ ਮੇਰੇ ਦਰਸ਼ਨ ਕਰਨੇ ਚਾਹੁੰਦਾ ਹੈ, ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ। ਅਗੋਂ ਤੋਂ ਤੁਸਾਂ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਮੰਨਣੀ ਕਿਉਂਕਿ ਇਹ ਗੁਰੂ ਦੀ ਪ੍ਰਗਟ ਦੇਹ ਹਨ। ਜੋ ਕੋਈ ਮੈਨੂੰ ਮਿਲਣਾ ਚਾਹੁੰਦਾ ਹੈ, ਉਹ ਇਨ੍ਹਾਂ ਵਿਚ ਸੰਚਿਤ ਪਾਵਨ ਸ਼ਬਦਾਂ ਦੀ ਖੋਜ-ਵਿਚਾਰ ਰਾਹੀਂ ਮੈਨੂੰ ਮਿਲ ਸਕਦਾ ਹੈ" ।[5]

ਦਸਮੇਸ਼ ਜੀ ਦੀ ਇਹ ਆਖ਼ਰੀ ਨਸੀਹਤ ਤੇ ਵਸੀਅਤ ਭਾਈ ਕੁਇਰ ਸਿੰਘ ਜੀ ਦੇ 'ਗੁਰਬਿਲਾਸ' (ਮਿਤੀ 1751 ਈ.) ਵਿਚ ਇਉਂ ਵਰਣਿਤ ਹੈ :

ਯਾ ਭਾਂਤਿ ਸੰਗਤਿ ਕੋ ਬਿਆਕੁਲ, ਪੇਖ ਬੈਨ ਅਲਾਵਹੀ;
"ਸਰਬ ਸੰਗਤਿ ਰੂਪ ਮੇਰੋ, ਜੋ ਅਥੈ ਨ ਕਮਾਵਹੀ।
ਉਪਦੇਸ ਮੇਰੇ ਚਿਤ ਮੈ, ਅਰੁ ਰਹਤ ਸਿੰਘਨ ਕੀ ਕਰੈ,
ਮੈਂ ਅੰਗ ਸੰਗ ਸੁ ਤਾਹਿ ਕੇ, ਯਹਿ ਬਾਤ ਸਾਚੋ ਹੈ ਰਹੈ ।...

4. ਸੁੱਖਾ ਸਿੰਘ, ਭਾ., ਗੁਰਬਿਲਾਸ ਪਾਤਸ਼ਾਹੀ **10**, ਉਹੀ, ਆਨੰਦਪੁਰ-.1797 ਈ., ਧਿਆਇ 30, ਪਦ 21-29; ਸੰਪਾਦਿਤ ਪਾਠ, ਉਹੀ, ਪੰ.440-41 ਹੋਰ ਵੇਖੋ : ਸੈਨਾਪਤਿ, ਸ੍ਰੀ ਗੁਰ ਸ਼ੋਭਾ, ਵਜ਼ੀਰਾਬਾਦ- 1711 ਈ.,ਧਿਆਇ 8, ਪਦ 40-431 ਸੰਪਾਦਿਤ ਪਾਠ, ਉਹੀ, ਪੰ.129-129.

5. ਗੁਰਬਿਲਾਸ, ਉਕਤ, Ibid, p. 244.

ਗ੍ਰੰਥ ਗੁਰੂ ਮੈ ਨਿਹਚਾ ਧਾਰੇ,
ਤਾ ਬਿਨ ਚਾਹ ਨ ਧਰੇ ਪਿਯਾਰੇ।
ਤਾ ਕੀ ਵਾਂਛਾ ਸਭ ਗੁਰ ਪੂਰੈ,
ਯਾ ਪਰ ਨਿਸਚਾ ਭ੍ਰਮ ਸਭ ਦੂਰੈ।[6]

ਗੁਰੂ ਗੋਬਿੰਦ ਸਿੰਘ ਜੀ ਇਹ ਕੁਝ ਅਜਿਹੇ ਸਮੇਂ ਤੇ ਸਥਿਤੀ ਵਿਚ ਕਹਿ ਤੇ ਕਰ ਰਹੇ ਸਨ ਜਦੋਂ ਉਸੇ ਸ਼ਹਿਨਸ਼ਾਹ ਦੇ ਉਨ੍ਹਾਂ ਦੀ ਹੀ ਸਹਾਇਤਾ ਤੇ ਅਸੀਸ ਨਾਲ ਬਣੇ ਜਾਨਸ਼ੀਨ, ਬਹਾਦਰ ਸ਼ਾਹ ਬਾਦਸ਼ਾਹ, ਦੀ ਸ਼ਹਿ 'ਤੇ ਉਸੇ ਦੇ ਇਕ ਸੂਬੇਦਾਰ, ਸਰਹਿੰਦ ਦੇ ਵਜ਼ੀਰ ਖ਼ਾਨ, ਵਲੋਂ ਪਰਬੰਧੇ ਗਏ ਵਿਸਾਹਘਾਤ ਰਾਹੀਂ ਹੋਏ ਕਾਤਲਾਨਾ ਹਮਲੇ ਦੁਆਰਾ ਘਾਇਲ ਹੋ ਚੁਕੇ ਸਨ ਅਤੇ ਉਨ੍ਹਾਂ ਦੇ ਸਰੀਰ ਦਾ ਚੋਖਾ ਖ਼ੂਨ ਵੀਟ ਚੁਕਾ ਸੀ। ਉਸ ਦੇ ਬਾਵਜੂਦ, ਉਹ ਉਦੋਂ ਵੀ ਭਰਪੂਰ 'ਚੜ੍ਹਦੀ ਕਲਾ' ਵਿਚ ਵਿਗਸਦੇ ਹੋਏ, ਆਪਣੇ ਸਰੀਰਕ ਅੰਤ ਨੂੰ ਚਾਈਂ-ਚਾਈਂ ਸਵੀਕਾਰ ਕਰਦਿਆਂ ਅਤੇ ਆਖ਼ਰੀ ਦਮ ਤਕ ਪੂਰੇ ਠਾਠ ਤੇ ਵਿਸ਼ਵਾਸ ਵਿਚ ਵਿਚਰਦਿਆਂ, ਜੋਤੀ-ਜੋਤਿ ਸਮਾਣ ਲਗੇ ਸਨ।

ਇਸ ਦੇ ਐਨ ਉਲਟ, ਆਪਣੇ ਹੀ ਪਾਪਾਂ ਤੇ ਅਪਰਾਧਾਂ ਕਰਕੇ ਅਤੀ ਨਿਰਾਸਤਾ, ਪਛਤਾਵੇ, ਸਵੈ-ਗਿਲਾਨੀ ਅਤੇ ਅੰਤਾਂ ਦੀ ਢਹਿੰਦੀ ਕਲਾ ਦਾ ਸ਼ਿਕਾਰ ਸਮੇਂ ਦਾ ਸ਼ਹਿਨਸ਼ਾਹ, ਔਰੰਗਜ਼ੇਬ, ਆਪਣਾ ਅੰਤ ਨੇੜੇ ਆਇਆ ਜਾਣ ਕੇ, ਨਾ ਕੇਵਲ ਝੂਰ ਹੀ ਰਿਹਾ ਸੀ ਸਗੋਂ ਚੁੜ-ਚੁੜ ਕੇ ਮਰ ਰਿਹਾ ਸੀ ਅਤੇ ਆਪਣੀ ਸੰਤਾਨ ਨੂੰ ਵੀ ਆਪਣੀ ਹੀਣਤਾ, ਨਿਰਾਸਤਾ ਤੇ ਢਹਿੰਦੀ ਕਲਾ ਦਾ ਭਾਈਵਾਲ ਬਣਾ ਰਿਹਾ ਸੀ।

ਉਪਰੋਕਤ ਸਮਕਾਲੀ ਸਾਧੂ, ਸੇਵਾ ਦਾਸ ਉਦਾਸੀ, ਦੀ ਦੱਸ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਨੇ, ਹੋਰ ਤਾਂ ਹੋਰ, ਅਕਾਲਪੁਰਖ ਨੂੰ ਸੰਬੋਧਨ ਕਰਦਿਆਂ ਆਪਣੀ ਇਨਕਲਾਬੀ ਵਿਚਾਰਧਾਰਾ ਦਾ ਸੂਚਕ, "ਏਕ ਪਹਿਰ ਸਰੀਰ ਛਡਣੇ ਕੇ ਆਗੈ, ਇਹ ਸਵਈਆ[7] ਮੁਖਵਾਕ ਤੇ ਉਚਾਰ ਕੀਤਾ ਸੀ:

ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ, ਰਹੀਮ, ਪੁਰਾਨ, ਕੁਰਾਨ, ਅਨੇਕ ਕਹੈਂ ਮਤ ਏਕ ਨ ਮਾਨਯੋ।
ਸਿੰਮ੍ਰਿਤ, ਸ਼ਾਸਤ੍ਰ, ਬੇਦ ਸਭੈ, ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ ਸਭ ਤੋਹਿ ਬਖਾਨਯੋ"।[8]

ਅਰਥਾਤ, "ਹੇ ਵਾਹਿਗੁਰੂ! ਜਦ ਤੋਂ ਮੈਂ ਆਪ ਦੇ ਚਰਨ ਫੜੇ ਹਨ, ਤਦ ਤੋਂ ਮੈਂ ਹੋਰ ਕਿਸੇ ਨੂੰ ਵੀ ਅੱਖ ਹੇਠ ਕਦੇ ਨਹੀਂ ਲਿਆਂਦਾ; (ਭਾਵ ਜਦ ਤੋਂ ਮੈਂ ਆਪ ਦੀ ਸ਼ਰਨੀ ਪਿਆ ਹਾਂ, ਤਦ ਤੋਂ ਮੈਂ ਹੋਰ ਕਿਸੇ ਦੀ ਕੋਈ ਪਰਵਾਹ ਨਹੀਂ ਕਰਦਾ; ਹੋਰ ਕਿਸੇ ਨੂੰ ਨਹੀਂ ਧਿਆਉਂਦਾ ਅਤੇ ਨਾ ਹੀ ਕਿਸੇ ਹੋਰ ਦੀ ਅਧੀਨਗੀ ਮੰਨਦਾ ਹਾਂ)। ਸ੍ਰੀ ਰਾਮ ਚੰਦਰ, ਹਜ਼ਰਤ ਮੁਹੰਮਦ, ਪੁਰਾਣ ਤੇ ਕੁਰਾਨ ਮਜੀਦ, ਧਰਮ-ਕਰਮ ਦੇ ਕਈ ਰਾਹ ਤੇ ਸਿਧਾਂਤ ਦਸਦੇ ਹਨ, ਪਰ ਮੈਂ ਉਨ੍ਹਾਂ ਵਿੱਚੋਂ ਕਿਸੇ ਇਕ ਨੂੰ ਵੀ ਨਹੀਂ ਮੰਨਦਾ। ਸਿਮਰਤੀਆਂ, ਸ਼ਾਸਤਰਾਂ ਅਤੇ ਵੇਦਾਂ ਨੇ ਬਹੁਤ ਸਾਰੀਆਂ ਭਿੰਨ ਭਿੰਨ

---

6. ਕੁਇਰ ਸਿੰਘ, ਭਾਈ, **ਗੁਰਬਿਲਾਸ ਪਾਤਸ਼ਾਹੀ 10**, ਅੰਮ੍ਰਿਤਸਰ-1751 ਈ., ਧਿਆਇ 21, ਪਦ 56 ਤੇ 135-36; ਸੰਪਾਦਿਤ ਪਾਠ, ਉਹੀ, ਪੰ. 286-87, ਹੋਰ ਵੇਖੋ: ਖ਼ੁਸ਼ਵਕਤ ਰਾਇ, ਮੁਨਸ਼ੀ, **ਤਵਾਰੀਖ਼ੇ ਸਿੱਖਾਂ**, ਦਿੱਲੀ -1811.

7. ਇਹ ਮਹਾਨ, ਪਾਵਨ ਤੇ ਕਰਾਂਤੀਕਾਰੀ ਕਥਨ ਦਸਮ ਗ੍ਰੰਥ ਸਾਹਿਬ ਵਿਚ ਸੰਚਿਤ ਰਾਮ ਅਵਤਾਰ (ਮਿਤੀ 1698 ਈ.) ਵਿਚ ਪਦ ਨੰ. 863 ਵਜੋਂ ਅੰਕਿਤ ਹੈ। ਵੇਖੋ: ਸੰਪਾਦਿਤ ਪਾਠ, ਉਹੀ, ਪੰ. 304.

8. ਸੇਵਾ ਦਾਸ, ਸਾਧੂ, **ਪਰਚੀਆਂ**, ਉਹੀ, ਪਰਚੀ ਨੰ. 50: 'ਆਗੇ ਸਾਖੀ ਅਉਰ ਚਲੀ ਅੰਤ ਕੀ'; ਸੰਪਾਦਿਤ ਪਾਠ, ਉਹੀ, ਪੰ. 162.

ਉਕਤੀਆਂ-ਜੁਗਤੀਆਂ ਦਸੀਆਂ ਹੋਈਆਂ ਹਨ, ਪਰ ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਜਾਣਦਾ। ਹੇ ਵਾਹਿਗੁਰੂ! ਜੋ ਕੁਝ ਮੈਂ ਕਿਹਾ ਹੈ, ਉਹ ਆਪ ਦੀ ਹੀ ਮਿਹਰ ਸਦਕੇ ਕਹਿ ਸਕਿਆ ਹਾਂ; ਸਗੋਂ ਉਹ ਵੀ ਮੈਂ ਆਪ ਨਹੀਂ ਕਿਹਾ, ਉਹ ਵੀ ਆਪ ਜੀ ਨੇ ਹੀ ਉਚਾਰਿਆ ਹੈ, (ਭਾਵ ਮੈਂ ਆਪ ਦੇ ਹੁਕਮ ਅਨੁਸਾਰ ਉਹ ਕੁਝ ਹੀ ਆਖਦਾ ਤੇ ਲਿਖਦਾ ਰਿਹਾ ਹਾਂ, ਜੋ ਕੁਝ ਆਪ ਅਖਵਾਉਂਦੇ ਤੇ ਲਿਖਵਾਉਂਦੇ ਰਹੇ ਹੋ")।[8]

ਸਰਹਿੰਦ ਦੇ ਸੂਬੇਦਾਰ, ਵਜ਼ੀਰ ਖ਼ਾਨ, ਦੇ ਭੇਜੇ ਹੋਏ ਪਠਾਨ ਕਾਤਲ, ਜਮਸ਼ੇਦ ਖ਼ਾਨ, ਦੇ ਵਿਸਾਹ-ਘਾਤੀ ਹਮਲੇ ਤੋਂ ਬਾਅਦ ਹੋਏ ਇਸ ਬਚਨ-ਬਿਲਾਸ ਤੇ ਕਾਰਵਾਈ ਦਾ ਬਿਆਨ, ਸਮਕਾਲੀ ਭੱਟ-ਵਹੀਆਂ ਉਤੇ ਆਧਾਰਿਤ 'ਗੁਰੂ ਕੀਆਂ ਸਾਖੀਆਂ' ਵਿਚ ਇਉਂ ਕਲਮਬੰਦ ਹੈ:

> ਸਿੱਖਾਂ ਗੁਰੂ ਜੀ ਤਰਫ ਦੇਖਾ, ਖ਼ੂਨ ਜ਼ਿਆਦਾ ਵਗ ਜਾਨੇ ਸੇ ਸਰੀਰ ਦੁਬਲਾ ਹੋਇ ਗਿਆ ਥਾ। ਸਿਖ ਬੇਬਸ ਹੋਇ ਕੇ ਕਹਿ ਰਹੇ ਥੇ, "ਮੰਹਾਰਾਜ! ਅਸਾਂ ਕੋ ਕਿਸ ਕੇ ਸਹਾਰੇ ਛੋਰ ਕੇ ਆਗੇ ਜਾ ਰਹੇ ਹੋ, ਹਮੇਂ ਬਤਾਈਏ"। ਸਤਿਗੁਰਾਂ ਧੀਰੇ ਸੇ ਕਹਾ, "ਸਿੱਖੋ! ਇਹ ਪੰਥ ਅਸਾਂ ਸ੍ਰੀ ਅਕਾਲਪੁਰਖ ਕੀ ਆਗਿਆ ਸੇ ਸਾਜਾ ਹੈ, ਉਹ ਇਸ ਕਾ ਹਰਿ ਥਾਂਇ, ਹਰ ਮੁਸ਼ਕਲ ਮੇਂ ਸਹਾਈ ਹੋਏਗਾ। ਮੈਂ ਸੀਧਾ ਤੁਸਾਂ ਕੋ ਉਸ ਕੇ ਲੜ ਲਾਇਆ ਹੈ, ਉਹ ਆਪੇ ਲੜ ਲਗਿਆਂ ਕੀ ਲਾਜ ਪਾਲੇਗਾ"।
>
> ਗੁਰੂ ਜੀ ਨੇ ਦਯਾ ਸਿੰਘ ਸੇ ਕਹਾ, "ਭਾਈ ਸਿਖਾ! ਸ੍ਰੀ ਗ੍ਰੰਥ ਸਾਹਿਬ ਲੈ ਆਈਏ, ਅਸਾਂ ਇਸੇ ਗੁਰਤਾ ਦੇਨੀ ਹੈ"। ਬਚਨ ਪਾਇ ਭਾਈ ਦਯਾ ਸਿੰਘ ਨੇ ਸ੍ਰੀ ਗ੍ਰੰਥ ਜੀ ਲਿਆਇ ਕੇ ਪ੍ਰਕਾਸ਼ ਕੀਆ; ਪੰਚਾਮ੍ਰਿਤ ਤਿਆਰ ਕਰ ਕੇ ਏਕ ਸਿਖ ਨੇ ਚੌਕੀ ਤੇ ਲਿਆਇ ਰਾਖਾ। ਅਰਦਾਸ ਉਪਰੰਤ ਸਤਿਗੁਰੂ ਜੀ ਗੁਰਤਾ ਦੇਨੇ ਲਾਗੇ। ਗੁਰੂ ਸਾਹਿਬ ਨੇ ਪਾਂਚ ਪੈਸੇ ਏਕ ਨਲੀਏਰ ਹਾਥ ਮੇਂ ਲੈ ਕੇ ਚਾਰਪਾਈ ਤੇ ਬਿਰਾਜਮਾਨ ਹੋਇਆਂ ਦਯਾ ਸਿੰਘ ਸੇ ਕਹਾ – "ਇਨ੍ਹੇ ਸ੍ਰੀ ਗ੍ਰੰਥ ਜੀ ਆਗੇ ਟਿਕਾਇ ਦਿਓ"।[9]

ਸ੍ਰੀ ਮੁਖ ਥੀਂ ਇੰਜ ਬੋਲੇ :-

> "ਅਕਾਲਪੁਰਖ ਕੇ ਬਚਨ ਸਿਉਂ ਪਰਗਟ ਚਲਾਯੋ ਪੰਥ।
> ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਓ ਗ੍ਰੰਥ।
> ਗੁਰੂ ਖ਼ਾਲਸਾ ਮਾਨੀਐ, ਪਰਗਟ ਗੁਰੂ ਕੀ ਦੇਹਿ।
> ਜੋ ਸਿਖ ਮੋ ਮਿਲਬੋ ਚਹਹਿ, ਖੋਜ ਇਨਹੁ ਮਹਿ ਲੇਹ"।[10]

---

9. ਇਸ ਤੱਥ ਦੀ ਪੁਸ਼ਟੀ ਉਦੋਂ ਉਥੇ ਮੌਜੂਦ ਭੱਟ ਨਰਬਦ ਸਿੰਘ ਦੀ ਭੱਟ-ਵਹੀ ਤਲੌਂਦਾ ਪਰਗਨਾ ਜੀਂਦ ਵਿਚ ਅੰਕਿਤ ਉਸ ਇੰਦਰਾਜ ਨਾਂਦੇੜ, ਮਿਤੀ 17 ਅਕਤੂਬਰ 1708 ਤੋਂ ਹੋ ਜਾਂਦੀ ਹੈ ਜੋ ਗਿਆਨੀ ਗਰਜਾ ਸਿੰਘ ਨੇ 1970 ਦੇ ਨੇੜੇ-ਤੇੜੇ ਲਭ ਕੇ ਵਿਦਤ ਕੀਤਾ ਸੀ। (ਵੇਖੋ: Harbans Singh, Prof., *Sri Guru Granth Sahib: Guru Eternal for the Sikhs*, Patiala-1988, pp. 9-10).

10. ਉਥੇ ਉਦੋਂ ਮੌਜੂਦ ਇਕ ਹਜ਼ੂਰੀ ਸਿੱਖ, ਭਾਈ ਪ੍ਰਹਿਲਾਦ ਸਿੰਘ, ਨੇ ਵੀ ਗੁਰੂਦੇਵ ਦੇ ਇਸ ਆਖਰੀ ਹੁਕਮ ਤੇ ਹਦਾਇਤ ਨੂੰ ਆਪਣੇ 'ਰਹਿਤਨਾਮੇ' ਵਿਚ ਇਨ੍ਹਾਂ ਹੀ ਲਫ਼ਜ਼ਾਂ ਵਿਚ ਸ਼ਾਮਲ ਕੀਤਾ ਹੋਇਆ ਹੈ। (ਵੇਖੋ: ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪਦ ਨੰ.24 ਤੇ 30; ਰਹਿਤਨਾਮੇ, ਉਹੀ, ਪੰ. 67).

"ਉਪਰੰਤ ਸਤਿਗੁਰਾਂ ਧੀਮੀ ਅਵਾਜ਼ ਸੇ ਆਪਨੀ ਰਸਨਾ ਸੇ ਇਸ ਸ਼ਬਦ ਕਾ ਉਚਾਰਨ ਕੀਆ:

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ, ਕੀਰਤਨੁ ਹਰਿ ਹਰਿ ਗਾਈ।
ਸ੍ਰਮੁ ਥਾਕਾ ਪਾਏ ਬਿਸਰਾਮਾ, ਮਿਟਿ ਗਈ ਸਗਲੀ ਧਾਈ।
ਅਬ ਮੋਹਿ ਜੀਵਨ ਪਦਵੀ ਪਾਈ।
ਚੀਤਿ ਆਇਓ ਮਨਿ ਪੁਰਖੁ ਬਿਧਾਤਾ, ਸੰਤਨ ਕੀ ਸਰਣਾਈ। (ਮਾਰੂ ਮ:੫, 1000)

ਉਪਰੰਤ ਰਬਾਬੀਆਂ ਕੀਰਤਨ ਅਰੰਭ ਕੀਆ।

"ਗੁਰੂ ਜੀ ਤੇ ਮਾਰੂ ਹਮਲਾ ਹੋਏ ਕੀ ਖ਼ਬਰ ਚਹੁੰਆਂ ਦਿਸ਼ਾਂ ਮੇਂ ਫੈਲ ਗਈ। ਸਿੱਖ ਸੰਗਤਾਂ ਦੂਰ ਨੇੜੇ ਸੇ ਆਨੇ ਲਗੀਆਂ। ਮਾਤਾ ਸਾਹਿਬ ਕੁਇਰ ਪਤੀਦੇਵ ਕੇ ਚਰਨੋਂ ਮੇਂ ਬੈਠੀ ਸ਼ੋਕ ਸਮੁੰਦਰ ਮੇਂ ਡੂਬੀ ਹੋਈ ਥੀ ਤੋ ਇਸ ਬੜਾ ਬੈਰਾਗ ਕੀਆ। ਸਤਿਗੁਰਾਂ ਧੀਰਜ ਦਈ। ਧੀਰੇ ਸੇ ਬਚਨ ਹੋਆ, "ਦੇਖੋ, ਮੈਂ ਤੁਸਾਂ ਕੀ ਝੋਲੀ ਮੇਂ ਖ਼ਾਲਸਾ ਪਾਇਆ ਹੈ; ਤੁਸੀਂ ਸਰਬਤ੍ਰ ਖ਼ਾਲਸੇ ਕੀ ਮਾਤਾ ਹੋ। ਇਹ ਪੰਚ ਭੂਤਕ ਸਰੀਰ ਬਿਨਸਨਹਾਰ ਹੈ, ਇਸੇ ਇਸਥਿਤ ਨਹੀਂ ਰਹਿਨਾ, ਏਕ ਦਿਹੁੰ ਬਿਨਸਨਾ ਹੈ। ਕਿਸੇ ਆਗੇ, ਕਿਸੇ ਪੀਛੇ ਚਲਨਾ ਹੈ। ਪਿਤਾ-ਗੁਰੂ ਜੀ ਕਾ ਬਚਨ ਹੈ :

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ,
ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ"।

ਇਸ ਕੇ ਉਪਰੰਤ ਸਤਿਗੁਰਾਂ ਕਹਾ, "ਦਯਾ ਸਿੰਘ! ਅਸਾਂ ਕੋ ਸ੍ਰੀ ਮਹਾਂ ਕਾਲ ਕੀ ਤਰਫ ਸੇ ਸੱਦਾ ਆਇ ਗਿਆ ਹੈ, ਤੁਸਾਂ ਧੀਰਜ ਸੇ ਕਾਮ ਲੈਨਾ। ਅਸੀਂ ਹੁਣ ਉਸ ਦੀ ਦਰਗਾਹ ਮੇਂ ਜਾਇ ਰਹੇ ਹਾਂ।

ਵਾਹਗੁਰੂ ਜੀ ਕਾ ਖਾਲਸਾ, ਵਾਹਗੁਰੂ ਜੀ ਕੀ ਫਤੇ"।[11]

ਸੰਸਾਰ ਦੇ ਧਾਰਮਕ ਤੇ ਅਧਿਆਤਮਕ ਇਤਿਹਾਸ ਵਿਚ ਅਤੇ ਉਸ ਦੇ ਹੋਰ ਮਤ-ਸੰਚਾਲਕਾਂ ਦੇ ਜੀਵਨ-ਚਰਿੱਤਰਾਂ ਵਿਚ, ਉਹੋ ਜਹੀ ਗੰਭੀਰ ਸਥਿਤੀ ਦੌਰਾਨ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਦਮ ਤਕ ਉਨ੍ਹਾਂ ਵਲੋਂ ਹੁੰਦੀ ਰਹੀ ਇਸ ਤਰ੍ਹਾਂ ਦੀ ਕਥਨੀ ਅਤੇ ਕਰਨੀ; ਅਤੇ ਦਿੱਤੇ ਜਾਂਦੇ ਰਹੇ ਉਕਤ ਹੁਕਮ ਤੇ ਹਦਾਇਤ, ਨਸੀਹਤ ਤੇ ਵਸੀਅਤ ਅਤੇ ਸੰਦੇਸ਼ ਤੇ ਉਪਦੇਸ਼ ਆਪਣੀ ਮਿਸਾਲ ਆਪ ਹੀ ਜਾਪਦੇ ਹਨ।

ਸਗੋਂ, ਇਨ੍ਹਾਂ ਦੇ ਐਨ ਉਲਟ, ਜੋ ਹੁਕਮ, ਹਦਾਇਤ, ਖ਼ਾਹਿਸ਼, ਨਸੀਹਤ ਤੇ ਵਸੀਅਤ ਸਮੇਂ ਦੇ ਉਕਤ ਦੁਨਿਆਵੀ ਸ਼ਹਿਨਸ਼ਾਹ, ਔਰੰਗਜ਼ੇਬ ਆਲਮਗੀਰ, ਦੇ ਮੌਤ-ਬਿਸਤਰੇ ਦੇ ਸਿਰ੍ਹਾਣੇ ਹੇਠੋਂ ਮਿਲੇ ਕਾਗ਼ਜ਼ ਦੇ ਕੁਝ ਟੋਟਿਆਂ ਵਿਚੋਂ ਵਿਦਤ ਹੋਈ ਸੀ , ਉਸ ਦੇ ਕੁਝ ਅੰਸ਼ ਹਮੀਦ-ਉਦ-ਦੀਨ ਅਨੁਸਾਰ, ਹੇਠ ਲਿਖੇ ਮੁਤਾਬਕ ਸਨ:-

1. ਇਸ ਵਿਚ ਕੋਈ ਸ਼ੱਕ ਨਹੀ ਕਿ ਮੈਂ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ਰਿਹਾ ਹਾਂ,
   ਪਰ ਅਫ਼ਸੋਸ ਹੈ ਕਿ ਮੈਂ ਇਸ ਦੌਰਾਨ ਕੋਈ ਭਲਾ ਕੰਮ ਨਹੀ ਕੀਤਾ।
   ਮੇਰੀ ਅੰਤਰ ਆਤਮਾ ਮੈਨੂੰ ਫਿਟਕਾਰ ਕੇ ਕਹਿ ਰਹੀ ਹੈ ਕਿ 'ਮੈਂ ਗੁਨਾਹਗਾਰ ਹਾਂ'।
2. ਮੇਰੀ ਕਬਰ ਸੰਘਣੇ ਜੰਗਲ ਵਿਚ ਪੁਟੀ ਜਾਵੇ। ਜਦੋਂ ਮੈਨੂੰ ਦਫ਼ਨਾਇਆ ਜਾਏ
   ਤਾਂ ਮੇਰਾ ਮੂੰਹ ਨੰਗਾ ਰਖਿਆ ਜਾਏ। ਮੇਰੇ ਮੂੰਹ ਉਤੇ ਮਿੱਟੀ ਨਾ ਪਾਉਣੀ
   ਕਿਉਂਕਿ ਮੈਂ ਸੁਣਿਆ ਹੈ ਕਿ ਨੰਗੇ ਮੂੰਹ ਜਾਣ ਵਾਲੇ ਦੇ ਗੁਨਾਹ ਵੱਡੀ ਅਦਾਲਤ ਵਿਚ
   ਮਾਫ਼ ਕਰ ਦਿੱਤੇ ਜਾਂਦੇ ਹਨ।

---

11. ਗੁਰੂ ਕੀਆਂ ਸਾਖੀਆਂ, ਉਹੀ, ਸਾਖੀ ਨੰ.112, ਪੰ.189-90.

3. ਪਿਛਲੇ ਕੁਝ ਮਹੀਨਿਆਂ ਤੋਂ ਸਿਪਾਹੀਆਂ ਤੇ ਫ਼ੌਜੀਆਂ ਨੂੰ ਤਨਖ਼ਾਹਾਂ ਨਹੀਂ ਦੇ ਸਕਿਆਂ ਹਾਂ ਕਿਉਂਕਿ ਖ਼ਜ਼ਾਨਾ ਬਿਲਕੁਲ ਖ਼ਾਲੀ ਹੈ। ਸੋ, ਉਨ੍ਹਾਂ ਨੂੰ ਤਨਖ਼ਾਹ ਦੁਆਉਣ ਦਾ ਇੰਤਜ਼ਾਮ ਕੀਤਾ ਜਾਏ।
4. ਨਿਆਮਤ ਅਲੀ ਨਾਂ ਦੇ ਖ਼ਾਦਮ ਨੇ ਮੇਰੀ ਬਹੁਤ ਸੇਵਾ ਕੀਤੀ ਹੈ। ਜਦੋਂ ਮੇਰਾ ਸਰੀਰ ਮਲਮੂਤ ਨਾਲ ਲਿਬੜ ਜਾਂਦਾ ਸੀ ਤਾਂ ਉਹੀਓ ਇਸ ਨੂੰ ਸਾਫ਼ ਕਰਦਾ ਸੀ।
5. ਮੇਰੀ ਕਬਰ ਲਾਗੇ ਕੋਈ ਰੁੱਖ ਨਾ ਲਾਉਣਾ। ਮੇਰੇ ਵਰਗੇ ਪਾਪੀ ਨੂੰ ਕੋਈ ਹੱਕ ਨਹੀਂ ਕਿ ਉਸ ਦੀ ਲਾਸ਼ ਵੀ ਰੁੱਖ ਦੀ ਠੰਢੀ ਛਾਂ ਮਾਣ ਸਕੇ।
6. ਮੇਰੇ ਪਾਪਾਂ ਦਾ ਜ਼ਿਕਰ ਨਾ ਕੀਤਾ ਜਾਏ। ਮੇਰੀ ਜ਼ਿੰਦਗੀ ਅਜਾਈਂ ਗਈ ਹੈ। ਇਸ ਦੀ ਕੋਈ ਵੀ ਕਹਾਣੀ ਦਸੀ ਨਾ ਜਾਏ। [12] ਇਤਿਆਦਿ।

ਔਰੰਗਜ਼ੇਬ ਦਾ ਦੇਹਾਂਤ ਅਹਿਮਦਨਗਰ ਹੋਇਆ ਸੀ ਅਤੇ ਉਸ ਨੂੰ ਉਸ ਦੇ ਨਾਂ ਨਾਲ ਮਨਸੂਬ ਨਗਰ, ਔਰੰਗਾਬਾਦ (ਮਹਾਰਾਸ਼ਟਰ), ਵਿਚ ਦਫ਼ਨਾਇਆ ਗਿਆ ਸੀ। ਉਸ ਦਾ ਮਕਬਰਾ ਉਸ ਨਗਰ ਦੇ ਬਾਹਰਵਾਰ ਇਕ ਸੁਨਸਾਨ ਥਾਂ ਸਥਿਤ ਹੈ। ਅਜ ਤੋਂ ਵੀਹ ਕੁ ਵਰ੍ਹੇ ਪਹਿਲਾਂ, ਸੰਨ 1978 ਵਿਚ, ਜਦੋਂ ਮੈਂ ਉਸ ਨੂੰ ਵੇਖਣ ਗਿਆ ਸਾਂ, ਤਾਂ ਉਹ ਸਾਰੀ ਥਾਂ ਅਤੇ ਉਸ ਦਾ ਆਲਾ-ਦੁਆਲਾ ਭਾਂਅ-ਭਾਂਅ ਕਰ ਰਿਹਾ ਸੀ। ਉਸ ਦੀ ਰਾਖੀ ਲਈ ਇਕ ਚੌਕੀਦਾਰ ਤੋਂ ਸਿਵਾ ਉਥੇ ਹੋਰ ਕੋਈ ਬੰਦਾ ਮੌਜੂਦ ਨਹੀਂ ਸੀ। ਕਬਰ ਲਾਗੇ ਨਿਆਜ਼ਬੋ ਦੇ ਇਕ ਬੂਟੇ ਤੋਂ ਸਿਵਾ, ਉਥੇ ਹੋਰ ਕੁਝ ਵੀ ਨਜ਼ਰ ਨਹੀਂ ਸੀ ਆਇਆ। ਉਸ ਦੀ ਯਾਦ ਵਿਚ ਉਥੇ ਕਦੇ ਵੀ ਕੋਈ ਇਕੱਠ ਜਾਂ ਸਮਾਗਮ ਹੋਏ ਹੋਣ ਬਾਰੇ ਵੀ ਕੋਈ ਖ਼ਬਰ-ਸੋਅ ਪਰਾਪਤ ਨਹੀਂ ਹੋ ਸਕੀ ਸੀ।

ਇਸ ਦੇ ਬਿਲਕੁਲ ਉਲਟ, ਉਸੇ ਸੂਬੇ ਜਾਂ ਪਰਾਂਤ ਦੇ ਇਕ ਪ੍ਰਸਿੱਧ ਨਗਰ, ਨਾਂਦੇੜ, ਦੀ ਜਿਸ ਮੁਬਾਰਕ ਥਾਂ ਗੁਰੂ ਗੋਬਿੰਦ ਸਿੰਘ ਸ਼ਹੀਦ ਹੋਏ ਸਨ, ਉਨ੍ਹਾਂ ਦਾ ਅੰਤਮ ਸੰਸਕਾਰ ਵੀ ਐਨ ਉਥੇ ਹੀ ਹੋਇਆ ਸੀ। ਉਥੇ ਸ਼ਾਹੀ ਮਹੱਲਾਂ ਵਰਗਾ ਇਕ ਵਿਸ਼ਾਲ ਤੇ ਆਲੀਸ਼ਾਨ ਗੁਰਦੁਆਰਾ ਕਾਇਮ ਹੈ ਜਿਸ ਨੂੰ ਇਕ ਸੁਪ੍ਰਸਿੱਧ ਇਤਿਹਾਸਕ ਗੁਰਧਾਮ ਹੋਣ ਤੋਂ ਛੁਟ, ਸਿੱਖ ਧਰਮ ਦਾ ਪੰਜਵਾਂ ਤਖ਼ਤ ਹੋਣ ਦਾ ਸੁਭਗ ਤੇ ਮਾਣ ਵੀ ਪਰਾਪਤ ਹੈ। ਉਥੇ ਉਦੋਂ ਤੋਂ ਹੀ ਦਿਨ-ਰਾਤ ਅਕਾਲਪੁਰਖ ਦੀ ਉਸਤਤ ਵਿਚ ਗੁਰਬਾਣੀ ਨਿਰੰਤਰ ਪੜ੍ਹੀ, ਸੁਣੀ ਤੇ ਗਾਈ ਜਾ ਰਹੀ ਹੈ। ਦੇਸ ਤੇ ਪਰਦੇਸ ਤੋਂ ਹਜ਼ਾਰਾਂ ਸ਼ਰਧਾਲੂ ਅਤੇ ਯਾਤਰੀ ਦਰਸ਼ਨ-ਮੇਲੇ ਤੇ ਸ਼ਰਧਾ-ਭੇਟਾ ਲਈ ਨਿਤ ਆਉਂਦੇ ਤੇ ਸਰਸ਼ਾਰ ਹੁੰਦੇ ਰਹਿੰਦੇ ਹਨ। ਉਨ੍ਹਾਂ ਵਾਸਤੇ ਉਥੇ ਰਹਿਣ-ਬਹਿਣ ਦੀਆਂ ਸਭ ਲੁੜੀਂਦੀਆਂ ਸਹੂਲਤਾਂ ਮੌਜੂਦ ਹਨ ਅਤੇ ਉਨ੍ਹਾਂ ਦੇ ਭੋਜਨ ਲਈ 'ਗੁਰੂ ਕਾ ਲੰਗਰ' ਵੀ 24 ਘੰਟੇ ਅਟੁੱਟ ਚਲਦਾ ਰਹਿੰਦਾ ਹੈ। ਉਸ ਦੇ ਆਲੇ-ਦੁਆਲੇ ਵੀ, ਜਿਥੇ ਕਿਤੇ ਵੀ, ਦਸਮੇਸ਼ ਪਿਤਾ ਆਪਣੇ ਅੰਤਮ ਸਮੇਂ ਵਿਚਰਦੇ ਰਹੇ ਹਨ, ਉਥੇ ਵੀ ਬੜੇ ਆਲੀਸ਼ਾਨ ਗੁਰਦੁਆਰੇ ਸਥਾਪਿਤ ਹਨ।

ਹਿੰਦੁਸਤਾਨ ਤਾਂ ਕੀ, ਦੁਨੀਆਂ ਦੇ ਕਿਸੇ ਹੋਰ ਕੋਨੇ ਵਿਚੋਂ ਵੀ ਔਰੰਗਜ਼ੇਬ ਦੇ ਖ਼ਾਨਦਾਨ ਦੇ ਕਿਸੇ ਜੀਅ ਜਾਂ ਨਾਮਲੇਵੇ ਦੀ ਮੌਜੂਦਗੀ ਕਦੇ ਕਿਤੇ ਸੁਣਨ ਵਿਚ ਨਹੀਂ ਆਈ। ਇਸ ਦੇ ਉਲਟ, ਜਿਸ ਮਹਾਨ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ, ਦਾ ਉਸ ਨੇ ਇਸ ਖ਼ਿਆਲ ਨਾਲ ਸਾਰਾ ਖ਼ਾਨਦਾਨ ਹੀ ਮਰਵਾ-ਮੁਕਵਾ ਦਿੱਤਾ ਸੀ ਕਿ 'ਨਾ ਰਹੇ ਗਾ ਬਾਂਸ, ਨਾ ਬਜੇਗੀ ਬਾਂਸਰੀ', ਉਨ੍ਹਾਂ ਦੇ ਨਾਮਲੇਵੇ ਅਤੇ ਉਨ੍ਹਾਂ ਦੇ ਬਖ਼ਸ਼ੇ ਹੋਏ ਉਪਨਾਂ, ਸਰੂਪ ਤੇ ਸਪਿਰਿਟ ਦੇ

---

12. ਜੋ ਉਸ ਨੇ "ਆਪਣੀ ਪੁਸਤਕ ਦੇ ਪੰਨਾ 183 ਵਿਚ ਲਿਖੀ ਹੈ"। (ਸਤਿਬੀਰ ਸਿੰਘ, ਪੁਰਖ ਭਗਵੰਤ, ਉਹੀ, ਪੰ .192-93).

ਧਾਰਨੀ ਕੇਵਲ ਨਾਂਦੇੜ ਵਿਖੇ ਹੀ ਨਹੀਂ, ਸਿਰਫ ਹਿੰਦੁਸਤਾਨ ਵਿਚ ਹੀ ਨਹੀਂ, ਦੁਨੀਆਂ ਦੇ ਲਗਪਗ ਹਰ ਹਿੱਸੇ ਵਿਚ ਮੌਜੂਦ ਹਨ ; ਅਤੇ ਹਰ ਥਾਂ ਭਰਪੂਰ 'ਚੜ੍ਹਦੀ ਕਲਾ' ਵਿਚ ਵਸ ਰਸ ਰਹੇ ਹਨ। ਉਨ੍ਹਾਂ ਦੀ ਯਾਦ ਵਿਚ ਹਜ਼ਾਰਾਂ ਗੁਰ- ਅਸਥਾਨ ਕਾਇਮ ਹਨ ਅਤੇ ਉਨ੍ਹਾਂ ਵਿਚ ਉਨ੍ਹਾਂ ਦੇ ਸ਼ੁਭ ਨਾਂ ਤੇ ਬਖ਼ਸ਼ਿਸ਼, ਸਿੱਖਿਆ ਤੇ ਸੰਦੇਸ਼ ਨੂੰ ਨਿਤ ਚਿਤਾਰਿਆ ਜਾਂਦਾ ਹੈ। ਉਨ੍ਹਾਂ ਦੇ ਜਨਮ-ਦਿਵਸ ਦੀ ਪਾਵਨ ਯਾਦ ਵਿਚ ਥਾਂਉਂ-ਥਾਂ ਬੜੇ ਸ਼ਾਨਦਾਰ ਨਗਰ-ਕੀਰਤਨ ਨਿਕਲਦੇ ਹਨ, ਭਾਰੀ ਦੀਵਾਨ ਸਜਦੇ ਹਨ ਅਤੇ ਅਟੁੱਟ ਲੰਗਰ ਲਗਦੇ ਹਨ। ਸਾਰੀ ਸਿੱਖ ਕੌਮ, ਉਨ੍ਹਾਂ ਦਾ ਸਾਜਿਆ -ਨਿਵਾਜਿਆ ਖ਼ਾਲਸਾ, ਉਨ੍ਹਾਂ ਨੂੰ ਆਪਣਾ ਧਰਮ-ਪਿਤਾ, ਉਨ੍ਹਾਂ ਦੀ ਧਰਮ-ਸੁਪਤਨੀ, ਸਾਹਿਬ ਕੌਰ ਜੀ, ਨੂੰ ਆਪਣੀ ਧਰਮ-ਮਾਤਾ ਅਤੇ ਉਨ੍ਹਾਂ ਦੇ ਜੱਦੀ ਨਿਵਾਸ-ਨਗਰ, ਆਨੰਦਪੁਰ ਸਾਹਿਬ, ਨੂੰ ਆਪਣਾ ਜਨਮ-ਸਥਾਨ ਮੰਨਦਾ ਹੈ। ਅਜਿਹਾ ਸੁਭਾਗ, ਸਥਾਨ ਤੇ ਸਨਮਾਨ ਵੀ ਦੁਨੀਆ ਦੀ ਸ਼ਾਇਦ ਹੀ ਕਿਸੇ ਹੋਰ ਵਿਅਕਤੀ ਨੂੰ ਕਦੇ ਵੀ ਪਰਾਪਤ ਹੋਇਆ ਹੋਵੇਗਾ।

ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ

ਭਾਗ ਤੀਜਾ

5. ਚੜ੍ਹਦੀ ਕਲਾ ਦੇ ਛੱਟੇ, ਸਿੱਟੇ ਤੇ ਪਰਭਾਵ
6. ਚੜ੍ਹਦੀ ਕਲਾ ਦੇ ਚਮਤਕਾਰ ਤੇ ਕਾਰਨਾਮੇ
7. ਚੜ੍ਹਦੀ ਕਲਾ ਦਾ ਪਿਛੋਕੜ, ਅਜੋਕੜ ਤੇ ਅਗੋਕੜ

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ

ਅਤੇ

ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਭਾਗ ਤੀਜਾ

ਕਾਂਡ 5

ਚੜ੍ਹਦੀ ਕਲਾ ਦੇ ਛੱਟੇ, ਸਿੱਟੇ ਤੇ ਪਰਭਾਵ

ਗੁਰੂ ਗੋਬਿੰਦ ਸਿੰਘ ਜੀ ਨੇ ਆਪੇ ਸਾਜੀ-ਸੰਵਾਰੀ ਇਸ ਅਨੂਠੀ ਸੰਤਾਨ, ਭਾਵ ਖ਼ਾਲਸੇ, ਨੂੰ 'ਚੜ੍ਹਦੀ ਕਲਾ' ਦੀ ਜਿਹੜੀ ਪਾਵਨ ਤੇ ਅਦੁੱਤੀ 'ਜਾਗ' ਆਪਣੇ ਜੀਉਂਦੇ-ਜੀ ਲਾਈ ਸੀ, ਉਸ ਨੇ, ਉਨ੍ਹਾਂ ਦੇ ਵੇਖਦੇ-ਵੇਖਦੇ ਹੀ, ਅਜਿਹੇ ਕੌਤਕ ਕਰ ਵਿਖਾਏ ਸਨ ਕਿ 'ਸਾਜਨਹਾਰ' ਖ਼ੁਦ ਆਪਣੀ 'ਸਾਜਨਾ' ਨੂੰ ਵੇਖ-ਵੇਖ ਵਿਗਸਦਾ ਤੇ ਵਾਰਨੇ-ਚੋਖੰਨੇ ਜਾਂਦਾ ਰਿਹਾ ਸੀ। ਇਸੇ ਦੀ ਬਹਾਦਰੀ, ਕੁਰਬਾਨੀ ਤੇ 'ਚੜ੍ਹਦੀ ਕਲਾ' ਨੇ ਉਨ੍ਹਾਂ ਦਾ ਨਿਸਚਾ ਵੀ ਇੰਨਾ ਦ੍ਰਿੜ੍ਹ ਕਰ ਦਿੱਤਾ ਸੀ, ਉਨ੍ਹਾਂ ਦਾ ਹੌਸਲਾ ਵੀ ਇੰਨਾ ਵਧਾ ਦਿੱਤਾ ਸੀ ਕਿ ਉਨ੍ਹਾਂ ਨੇ ਸਮੇਂ ਦੇ ਸ਼ਹਿਨਸ਼ਾਹ, ਔਰੰਗਜ਼ੇਬ, ਨੂੰ ਵੀ ਅਖ਼ੀਰ ਇਹ ਚੈਲੰਜ ਵੀ ਲਿਖ ਭੇਜਿਆ ਸੀ :

چناں آتشے زیر نعلت نہم
ز پنجاب آبت نہ خوردن دہم (فتح نامہ)

ਅਰਥਾਤ, '' ਤੇਰੇ ਘੋੜੇ ਦੇ ਨਾਅਲਾਂ ਹੇਠ ਮੈਂ ਅਜਿਹੀ ਅੱਗ ਬਾਲ ਦਿਆਂਗਾ (ਭਾਵ ਅਜਿਹਾ ਇਨਕਲਾਬ ਬਰਪਾਅ ਕਰ ਦਿਆਂਗਾ)ਕਿ ਪੰਜਾਬ ਵਿੱਚੋਂ ਤਾਂ ਫਿਰ ਕਦੇ ਤੈਨੂੰ ਖਾਣਾ-ਪੀਣਾ ਵੀ ਨਸੀਬ ਨਹੀਂ ਹੋਵੇਗਾ।''[1]

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ 'ਚੜ੍ਹਦੀ ਕਲਾ' ਦੇ ਪੁੰਜ ਦਾ ਇਹ ਐਲਾਨੀਆ ਦਾਅਵਾ ਅੱਖਰ-ਅੱਖਰ ਸੱਚ ਨਿਕਲਿਆ ਸੀ। ਔਰੰਗਜ਼ੇਬ ਮੁੜ ਪੰਜਾਬ ਤਾਂ ਕੀ, ਉੱਤਰੀ ਹਿੰਦੁਸਤਾਨ ਵਲ ਵੀ ਨਹੀਂ ਮੁੜ ਸਕਿਆ ਸੀ, ਅਤੇ ਉਹ, ਉਪਰ ਦਸੇ ਅਨੁਸਾਰ, ਦੱਕਨ ਵਿਚ ਹੀ ਚਿੱਤ ਹੋ ਗਿਆ ਸੀ। ਉਸ ਦਾ ਸਾਮਰਾਜ ਤਾਂ ਕਿਤੇ ਰਿਹਾ, ਉਸ ਦੇ ਨਾਮ- ਲੇਵੇ, ਜਾਤ ਤੇ ਕਬੀਲੇ ਦੇ ਲੋਕ ਵੀ ਚਿੱਤ ਹੋ ਗਏ, ਅਜਿਹੇ ਕਿ ਅਜ ਤਾਂ ਕੋਈ 'ਮੁਗ਼ਲ' ਨਾਂ ਲੈਣ ਜੋਗਾ ਵੀ ਕਿਤੇ ਨਜ਼ਰ ਨਹੀਂ ਆ ਰਿਹਾ। ਇਸ ਦੇ ਉਲਟ, ਜਿਸ ਗੁਰੂ ਗੋਬਿੰਦ ਸਿੰਘ ਨੂੰ ਉਨ੍ਹਾਂ ਦੇ ਪਾਵਨ ਮਾਪਿਆਂ, ਬੱਚਿਆਂ ਤੇ ਸੇਵਕਾਂ-ਸਾਥੀਆਂ ਸਮੇਤ ਇਸ ਲਈ ਸ਼ਹੀਦ ਕਰ ਦਿੱਤਾ ਗਿਆ ਸੀ ਕਿ 'ਨਾ ਰਹੇਗਾ ਬਾਂਸ, ਨਾ ਬਜੇਗੀ ਬਾਂਸਰੀ'; ਉਨ੍ਹਾਂ ਦੇ ਨਾਮਲੇਵੇ, ਉਨ੍ਹਾਂ ਦੇ ਉਪਨਾਂ-ਸਰੂਪ-ਤੇ-ਸਪਿਰਿਟ ਦੇ ਧਾਰਨੀ ਗੁਰਸਿੱਖ ਦੁਨੀਆਂ ਦੇ ਹਰ ਕੋਨੇ ਵਿਚ ਅਜੇ ਤਕ ਮੌਜੂਦ ਹਨ।

ਉਹ ਤਾਂ ਕੇਵਲ ਮੌਜੂਦ ਹੀ ਨਹੀਂ, ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰ ਰਹੇ ਹਨ ; ਉਨੱਤ ਤੇ ਪਰਫੁੱਲਤ ਹੋ ਰਹੇ ਹਨ। ਉਹ ਸਿਰਫ਼ ਆਨੰਦਪੁਰ, ਪੰਜਾਬ ਤੇ ਹਿੰਦੁਸਤਾਨ ਵਿਚ ਹੀ ਨਹੀਂ, ਧਰਤੀ ਦੇ ਸਭ ਹਿੱਸਿਆਂ ਵਿਚ ਉਨ੍ਹਾਂ ਦੇ ਉਕਤ 'ਕ੍ਰਿਸ਼ਮੇ', ਭਾਵ ਖ਼ਾਲਸੇ ਦੀ ਸਾਜਨਾ ਦੀ ਸੰਨ 1999 ਵਿਚ ਆ ਰਹੀ ਤ੍ਰਿੰਨ-ਸੌਵੀਂ ਵਰ੍ਹੇਗੰਢ ਮਨਾਉਣ ਲਈ ਉਵੇਂ ਹੀ ਉਮਕ ਰਹੇ ਹਨ ਜਿਵੇਂ ਉਨ੍ਹਾਂ ਦੀ ਸੰਨ 1966 ਵਿਚ ਆਈ ਤੀਜੀ ਜਨਮ-ਸ਼ਤਾਬਦੀ ਮਨਾਉਣ ਅਤੇ ਉਸ ਇਤਿਹਾਸਕ ਅਵਸਰ ਦੌਰਾਨ ਉਨ੍ਹਾਂ ਦੇ ਵਲੈਤੋਂ ਮੁੜੇ ਪਾਵਨ ਸ਼ਸਤਰਾਂ [2] ਦੇ ਦਰਸ਼ਨ ਤੇ

---

1. ਗੁਰੂ ਗੋਬਿੰਦ ਸਿੰਘ, ਫ਼ਤਿਹਨਾਮਾ, ਉਹੀ, ਸ਼ਿਅਰ ਨੰ. 12, ਸੰਪਾਦਿਤ ਪਾਠ, ਉਹੀ, ਪੰ. 73.
2. ਜੋ ਸੰਨ 1966 ਵਿਚ ਭਾਰਤੀ ਹਾਈ ਕਮਿਸ਼ਨ ਰਾਹੀਂ ਲੰਡਨ ਤੋਂ ਵਾਪਸ ਆਏ ਸਨ ਅਤੇ ਭਾਰਤ ਦੇ ਉਦੋਂ ਦੇ ਪ੍ਰਧਾਨ-ਮੰਤਰੀ, ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਜੀ, ਤੇ ਅਣਗਿਣਤ ਭਾਰਤੀਆਂ ਨੇ ਨਵੀਂ ਦਿੱਲੀ ਦੇ ਪਾਲਮ

ਨਮਸਕਾਰਾਂ ਕਰਨ ਲਈ ਉਮਡ ਰਹੇ ਸਨ। ਇਸ ਆਖ਼ਰਾਂ ਦੇ ਚਾਅ ਤੇ ਉਮਾਹ ਪਿਛੇ ਵੀ ਜਿਹੜੀ ਭਾਵਨਾ ਕੰਮ ਕਰ ਰਹੀ ਹੈ, ਉਹ ਉਹੀਓ ਪ੍ਰਬੱਲ ਸਪਿਰਿਟ ਹੈ ਜਿਸ ਨੂੰ ਅਸੀਂ, ਉਨ੍ਹਾਂ ਦੀ ਹੀ ਬਖ਼ਸ਼ੀ ਹੋਈ ਸੋਝੀ ਤੇ ਸਮਰੱਥਾ ਅਨੁਸਾਰ, ਉਚੱਤਮ 'ਚੜ੍ਹਦੀ ਕਲਾ' (highest spirits) ਆਖਦੇ ਹਾਂ।

ਇਹ ਉਹੀ ਬੇਮਿਸਾਲ ਸਪਿਰਿਟ ਹੈ ਜਿਸ ਦੇ ਧਾਰਨੀ ਗੁਰਸਿੱਖਾਂ ਦਾ ਜੀਵਨ-ਮਨੋਰਥ ਤੇ ਕੰਮ-ਕਿਰਦਾਰ ਇੰਨਾ ਪਵਿੱਤਰ, ਮਹਾਨ ਤੇ ਅਦੁੱਤੀ ਸੀ ਕਿ ਉਸ ਦਾ ਖ਼ਿਆਲ ਆਉਂਦਿਆਂ ਹੀ, ਅਕਲ ਹੈਰਾਨ ਹੋ ਜਾਂਦੀ ਹੈ, ਅੱਖਾਂ ਸੇਜਲ ਹੋ ਜਾਂਦੀਆਂ ਹਨ ਅਤੇ ਸਿਰ ਉਨ੍ਹਾਂ ਦੇ 'ਚੜ੍ਹਦੀ ਕਲਾ-ਪੂਰਤ' ਸਿਦਕ, ਸਿਰੜ, ਸੂਰਬੀਰਤਾ, ਦੂਰਦ੍ਰਿਸ਼ਟੀ, ਸ਼ੁਭ ਆਚਾਰ ਤੇ ਕੁਰਬਾਨੀਆਂ ਸਾਹਵੇਂ ਮਾਣ ਤੇ ਸਨਮਾਨ ਨਾਲ ਸੁਭਾਵਕ ਹੀ ਝੁਕ ਜਾਂਦਾ ਹੈ।

ਮਿਸਾਲ ਵਜੋਂ, ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟਣ ਲਈ ਅਹਿਮਦ ਸ਼ਾਹ ਅਬਦਾਲੀ ਵਲੋਂ ਸੰਨ 1764-65 ਵਿਚ ਹੋਏ ਸੱਤਵੇਂ ਹੱਲੇ ਵਿਚ ਸ਼ਾਮਲ ਇਕ ਬਲੋਚ ਬਿਰਤਾਂਤਕਾਰ, ਕਾਜ਼ੀ ਨੂਰ ਮੁਹੰਮਦ, ਨੇ ਆਪਣੇ ਦੇਸ-ਵਾਸੀਆਂ ਨੂੰ ਉਨ੍ਹਾਂ ਗੁਰਸਿੱਖਾਂ ਦੇ ਕੁਝ ਅਜਿਹੇ ਗੁਣਾਂ, ਘਾਲਾਂ ਤੇ ਕਾਰਨਾਮਿਆਂ ਦੀ ਦੱਸ ਪਾਉਂਦਿਆਂ, ਸੰਨ 1765 ਵਿਚ ਜੋ ਕੁਝ ਲਿਖਿਆ ਸੀ, ਉਸ ਉਤੇ ਕੋਈ ਵੀ ਦੇਸ਼, ਕੋਈ ਵੀ ਕੌਮ ਜਿਨਾਂ ਵੀ ਮਾਣ ਕਰੇ, ਥੋੜ੍ਹਾ ਹੈ।

ਡੂੰਘੇ ਤੁਅੱਸਬ, ਘਿਰਣਾ ਅਤੇ ਵੈਰ-ਭਾਵ ਤੋਂ ਪਰੇਰਿਤ ਨੂਰ ਮੁਹੰਮਦ ਨੇ ਆਪਣੇ ਸਾਰੇ 'ਜੰਗਨਾਮੇ' ਵਿਚ ਸਿੱਖਾਂ ਲਈ ਉਨ੍ਹਾਂ ਦੇ ਸਦੀਵੀ ਲਕਬ, 'ਸਿੰਘ' (ਭਾਵ ਸ਼ੇਰ), ਦੀ ਥਾਂ 'ਸਗ' (ਭਾਵ ਕੁੱਤੇ) ਸ਼ਬਦ ਵਰਤਿਆ ਸੀ। ਉਨ੍ਹਾਂ ਦੀ ਹੇਠ-ਲਿਖੀ ਉਸਤਤ ਵੀ ਉਸੇ ਘਿਰਣਾ-ਪੂਰਤ ਸ਼ਬਦ ਨਾਲ ਹੀ ਸ਼ੁਰੂ ਕਰਦਿਆਂ ਅਤੇ ਆਪਣੀ ਗ਼ਲਤ-ਬਿਆਨੀ ਵੀ ਸਵੀਕਾਰ ਕਰਦਿਆਂ, ਉਸ ਨੇ ਬੜੀ ਅਸਚਰਜ ਦਲੇਰੀ ਤੇ ਦਿਆਨਤਦਾਰੀ ਨਾਲ ਲਿਖਿਆ ਸੀ:

سگاں راگونگ کہ ہستند شیر ۔   بمیدان مردان چو شیران دلیر
اگر کسب جنگت بود آرزو   بیا و بمیدان ایشاں برو....
کہ در پیش دشمن شدن مردوار ۔   سلامت بدر رفتن از کارزار
چو شیرانند الحق بہ ہنگام رزم   زحاتم فزونند ہنگام بزم
چو در دست گیرند شمشیر ہند ۔   بتازند از ہند تا ملک سندھ....
تن ہر یکے ہم چو یک پارہ کوہ ۔   ز پنجاہ مردش فزوں در شکوہ
بمیداں در آیند جولاں کناں ۔   چوں شیراں غراں و نعرہ زناں....
جز از جنگ شاں نکتہ دیگر شنو ۔   کہ بروند از جنگ جویاں گرو....
کہ نہ کشتند نامرد رایچ گاہ ۔   گریزندہ را ہم نگیرند راہ....
زر و زیور زن بتاراج نیز ۔   نگیرند گر مہرہ ہست و کنیز....
زنا ہم نباشد میان سگاں ۔   نا وزدے بود کار آں بدرگاں....
نا وز دیست ہرگز میان سگاں،   نہ پیداست سارق در آں بدرگاں. (جنگ نامہ)

ਹਵਾਈ-ਅੱਡੇ ਵਿਖੇ ਉਨ੍ਹਾਂ ਦਾ ਸ਼ਰਧਾ ਤੇ ਸਿਦਕ ਭਰਪੂਰ ਸੁਆਗਤ ਕੀਤਾ ਸੀ। ਫਿਰ ਸਾਰੇ ਦੇਸ਼ ਵਿਚ ਚੱਕਰ ਲਵਾ ਕੇ ਅਤੇ ਕਰੋੜਾਂ ਭਾਰਤੀਆਂ ਨੂੰ ਦਰਸ਼ਨ ਕਰਵਾ ਕੇ, ਉਹ ਤਖ਼ਤ ਸ੍ਰੀ ਕੇਸਗੜ੍ਹ, ਆਨੰਦਪੁਰ ਸਾਹਿਬ, ਵਿਚ ਸੁਰੱਖਿਅਤ ਕਰ ਦਿੱਤੇ ਗਏ ਸਨ।

ਅਰਥਾਤ, "ਇਨ੍ਹਾਂ ਕੁੱਤਿਆਂ ਨੂੰ 'ਕੁੱਤੇ' ਨਾ ਆਖੋ, ਕਿਉਂਕਿ ਇਹ ਤਾਂ ਨਿਰੇ-ਪੁਰੇ ਸ਼ੇਰ ਹਨ; ਅਤੇ ਰਣਭੂਮੀ ਵਿਚ ਸ਼ੇਰਾਂ ਵਾਂਗ ਹੀ ਦਲੇਰ ਤੇ ਬਹਾਦਰ ਹਨ। .... ਜੇ ਤੁਸੀਂ ਲੜਾਈ ਦਾ ਹੁਨਰ ਸਿਖਣਾ ਚਾਹੁੰਦੇ ਹੋ ਤਾਂ ਮੈਦਾਨ ਵਿਚ ਉਨ੍ਹਾਂ ਦੇ ਆਮ੍ਹੋ-ਸਾਹਮਣੇ ਆ ਜਾਓ ... ਅਤੇ ਦੁਸ਼ਮਣ ਨਾਲ ਸੂਰਬੀਰਾਂ ਵਾਂਗ ਟੱਕਰ ਲੈਣ ਤੇ ਮੁੱਠਭੇੜ ਵਿਚੋਂ ਸਲਾਮਤੀ ਨਾਲ ਨਿਕਲ ਜਾਣ ਦੀ ਜਾਚ ਵੀ ਉਨ੍ਹਾਂ ਪਾਸੋਂ ਸਿੱਖ ਲਵੋ ... ਸੱਚੀਂ, ਉਹ ਤਾਂ ਜੰਗ ਦੇ ਸਮੇਂ ਸ਼ੇਰਾਂ ਵਾਂਗ ਬਹਾਦਰ ਹਨ, ਅਤੇ ਅਮਨ ਦੇ ਸਮੇਂ ਹਾਤਿਮ ਤਾਈ ਵਾਂਗ ਸਖ਼ੀ ਹਨ। ਜਦੋਂ ਉਹ ਤਲਵਾਰਾਂ ਚੁਕ ਲੈਂਦੇ ਹਨ ਤਾਂ ਹਿੰਦ ਤੋਂ ਲੈ ਕੇ ਸਿੰਧ ਤਕ ਦਾ ਸਾਰਾ ਇਲਾਕਾ ਗਾਹ ਸੁਟਦੇ ਹਨ। ....

ਉਨ੍ਹਾਂ ਵਿਚੋਂ ਹਰ ਕਿਸੇ ਦਾ ਸਰੀਰ ਚਟਾਨ ਦੇ ਟੋਟੇ ਵਾਂਗ ਹੈ, ਅਤੇ ਉਨ੍ਹਾਂ ਵਿਚੋਂ ਹਰ ਕੋਈ, ਰੋਅਬਦਾਬ ਵਿਚ, ਪੰਜਾਹ ਬੰਦਿਆਂ ਤੋਂ ਵੀ ਵਧ ਪ੍ਰਭਾਵਸ਼ਾਲੀ ਹੈ। ਲੜਾਈ ਸਮੇਂ ਉਹ ਛਾਲਾਂ ਮਾਰਦੇ ਤੇ ਸ਼ੇਰਾਂ ਵਾਂਗ ਦਹਾੜਦੇ ਮੈਦਾਨ ਵਿਚ ਦਾਖ਼ਲ ਹੁੰਦੇ ਹਨ। ....ਅਜਿਹੇ ਬਾਕਮਾਲ ਲੜਨ-ਢੰਗ ਦੇ ਮਾਲਕ ਹੋਣ ਤੋਂ ਛੁੱਟ, ਉਹ ਹੋਰ ਲੜਾਕਾ ਕੌਮਾਂ ਤੋਂ ਕਈ ਹੋਰ ਗੁਣਾਂ ਵਿਚ ਵੀ ਮੋਹਰੀ ਹਨ। ਉਹ ਕਿਸੇ ਬੁਜ਼ਦਿਲ ਬੰਦੇ ਨੂੰ ਕਦੇ ਵੀ ਨਹੀਂ ਮਾਰਦੇ, ਕਿਸੇ ਭਗੌੜੇ ਦੇ ਰਾਹ ਵਿਚ ਕਦੇ ਵੀ ਕੋਈ ਰੋਕ ਨਹੀਂ ਪਾਉਂਦੇ।

ਉਹ ਕਿਸੇ ਅਮੀਰ ਜਾ ਗ਼ਰੀਬ ਇਸਤਰੀ ਦੀ ਦੌਲਤ ਜਾਂ ਗਹਿਣੇ ਕਦੇ ਵੀ ਨਹੀਂ ਲੁਟਦੇ। ਉਨ੍ਹਾਂ ਵਿਚ ਦੁਰਾਚਾਰੀ ਤੇ ਚੋਰ-ਚਕਾਰੀ ਦਾ ਵੀ ਨਾਂ-ਨਿਸ਼ਾਨ ਨਹੀਂ। ਕੋਈ ਚੋਰ ਤੇ ਸੰਨ੍ਹਮਾਰ ਉਨ੍ਹਾਂ ਵਿਚ ਮਾਨੋ ਕਦੇ ਜੰਮਿਆ ਹੀ ਨਹੀਂ। ਉਹ ਤਾਂ ਹੋਰ ਕੌਮਾਂ ਦੇ ਦੁਰਾਚਾਰੀਆਂ ਤੇ ਸੰਨ੍ਹਮਾਰਾਂ ਨਾਲ ਵੀ ਕੋਈ ਸਬੰਧ ਨਹੀਂ ਰਖਦੇ। ".....[3]

ਉਸੇ, ਭਾਵ ਅਠ੍ਹਾਰਵੀਂ, ਸਦੀ ਦੇ ਹੀ ਇਕ ਸਿੱਖ ਬਿਰਤਾਂਤਕਾਰ, ਭਾਈ ਕੇਸਰ ਸਿੰਘ ਛਿੱਬਰ, ਨੇ ਵੀ ਉਨ੍ਹਾਂ ਦੇ ਅਜਿਹੇ ਬੇਜੋੜ ਆਚਰਨ, 'ਚੜ੍ਹਦੀ ਕਲਾ', ਬਿਖਮ-ਘਾਲ, ਰਹਿਣੀ-ਬਹਿਣੀ ਤੇ ਕੁਰਬਾਨੀ ਆਦਿ ਦਾ ਜ਼ਿਕਰ ਕਰਦਿਆਂ, ਉਕਤ ਕਾਜ਼ੀ, ਨੂਰ ਮੁਹੰਮਦ, ਤੋਂ ਵੀਹ ਕੁ ਵਰ੍ਹੇ ਬਾਅਦ ਇਉਂ ਲਿਖਿਆ ਸੀ:

ਪਰ ਤਿਸ ਸਮੇਂ ਸਿੱਖ ਆਹੇ, ਜਤੀ ਸਤੀ ਰਹਿਤਵਾਨ।
ਪੰਜ ਪੰਜ ਸਤ ਸਤ ਦਿਨ ਸਿੱਖ ਭੁੱਖੇ ਰਹਿਨ, ਪਰ ਐਲਾ ਮੈਲਾ ਧਾਨੁ ਨ ਖਾਨ।
ਤਿਨ੍ਹਾਂ ਸਿੱਖਾਂ ਦੇ ਤਪੁ ਕਰ, ਤੁਰਕਾਂ ਦਾ ਹੋਇਆ ਨਾਸ਼।
ਅਤੇ ਉਨ੍ਹਾਂ ਸਿੱਖਾਂ ਦੇ ਤਪੁ ਭਜਨ ਸੀਸ ਦੇਣੇ ਕਰਿ,
ਖ਼ਾਲਸੇ ਜੀ ਦਾ ਹੋਣਾ ਹੈ ਪ੍ਰਕਾਸ਼[4]।

ਉਸੇ ਅਨੂਠੀ ਤੇ ਅਦੁੱਤੀ ਸਪਿਰਿਟ ਦੁਆਰਾ ਉਸਰੇ-ਵਿਕਸੇ ਖ਼ਾਲਸੇ ਦੇ ਉਕਤ ਕਿਰਦਾਰ ਅਤੇ ਉਸ ਦੀ ਦਹਾਕਿਆ- ਬਧੀ ਕੀਤੀ ਕਠਨ ਘਾਲ ਤੇ ਕੁਰਬਾਨੀ ਸਦਕੇ, ਉਸ ਦੇ ਜਿਸ "ਪ੍ਰਕਾਸ਼" ਬਾਰੇ ਉਕਤ ਭਵਿੱਖਬਾਣੀ ਭਾਈ ਕੇਸਰ ਸਿੰਘ ਨੇ ਕਾਨੀਬੰਦ ਕੀਤੀ ਸੀ, ਉਹ ਕੁਝ ਵਰ੍ਹਿਆਂ ਤੋਂ ਬਾਅਦ, ਭਾਵ ਸੰਨ 1799 ਵਿਚ, ਹੀ ਖ਼ਾਲਸੇ ਦੇ ਰਾਜ-ਭਾਗ ਦੀ ਕਾਇਮੀ ਨਾਲ ਸੱਚ ਸਾਬਤ ਹੋ ਗਈ ਸੀ।

ਉਸ ਦੇ ਉਜਿਹੇ ਪਰਤਾਪ, ਪਰਭਾਵ ਤੇ ਪਰਾਪਤੀ ਆਦਿ ਦਾ ਜ਼ਿਕਰ ਕਰਦਿਆਂ, ਵੀਹਵੀਂ ਸਦੀ ਦੀ ਇਕ ਵਿਦਵਾਨ ਅੰਗਰੇਜ਼ ਲੇਖਕਾ, ਡੋਰਥੀ ਫ਼ੀਲਡ, ਨੇ ਆਪਣੀ ਪੁਸਤਕ ਵਿਚ ਜਿਸ ਕ੍ਰਿਸ਼ਮੇ ਤੇ ਉਸ ਦੇ ਸ਼ਾਨਦਾਰ ਸਿੱਟੇ

---

3. ਨੂਰ ਮੁਹੰਮਦ, ਕਾਜ਼ੀ, ਜੰਗਨਾਮਾ, ਗੰਜਾਬਾ (ਬਲੋਚਿਸਤਾਨ)-1765, ਈ., ਕਾਂਡ ਨੰ.41; ਡਾ. ਗੰਡਾ ਸਿੰਘ ਵਲੋਂ ਸੰਪਾਦਿਤ ਪਾਠ, ਅੰਮ੍ਰਿਤਸਰ-1939, ਪੰ. 156-59.

4. ਛਿੱਬਰ, ਭਾਈ ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਅੰਮ੍ਰਿਤਸਰ-1786, ਚਰਨ ਨੰ.14, ਬੰਦ ਨੰ. 54; ਡਾ. ਰਤਨ ਸਿੰਘ ਜੱਗੀ ਵਲੋਂ ਸੰਪਾਦਿਤ ਪਾਠ, ਚੰਡੀਗੜ੍ਹ-1972, ਪੰਨਾ 192.

ਵਲ ਧਿਆਨ ਦੁਆਇਆ ਸੀ, ਉਹ ਵੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ "ਖੰਡੇ ਦੀ ਪਾਹੁਲ" ਤੇ ਉਸ ਰਾਹੀਂ ਹਾਸਲ ਹੋਈ ਉੱਚਤਮ 'ਚੜ੍ਹਦੀ ਕਲਾ' ਵਾਲੀ ਉਹੀਓ ਸਪਿਰਿਟ ਹੀ ਸੀ। ਸੰਨ 1914 ਵਿਚ ਸਿੱਖ ਧਰਮ ਨੂੰ ਸੰਸਾਰ-ਧਰਮਾਂ ਦੇ ਮੰਡਲ ਵਿਚ 'ਪ੍ਰਥਮ' ਸਥਾਨ ਦਾ ਧਾਰਨੀ ਵਿਦਤ ਕਰਦਿਆਂ, ਇਹ ਉਸੇ ਨੇ ਇਸੇ ਕਰਕੇ ਲਿਖਿਆ ਸੀ : Sikhism is capable of distinct position as a world religion.... This religion is also one which should appeal to the Occidental mind. It is essentially a practical religion. If judged from the pragmatical stand-point, it would rank almost FIRST in the world. Of no other religion can it be said that it has made a nation in so short a time. The Sikh Religion is one of the most interesting, at present existing in India, possibly indeed in the whole world. That it should have transformed the outcaste Indian – a notoriously indolent and unstable person- into a fine and loyal warrior, is little short of a miracle.[5] ਅਰਥਾਤ, "ਸਿੱਖ ਧਰਮ, ਇਕ ਸੰਸਾਰ-ਧਰਮ ਵਜੋਂ, ਆਪਣੀ ਨਿਵੇਕਲੀ ਹੈਸੀਅਤ ਰਖਣ ਦੇ ਸਮਰੱਥ ਹੈ।... ਇਹ ਇਕ ਅਜਿਹਾ ਧਰਮ ਹੈ ਜੋ ਪੱਛਮੀ ਲੋਕਾਂ ਦੇ ਮਨਾਂ ਨੂੰ ਵੀ ਆਪਣੇ ਵਲ ਖਿੱਚਣ ਦੀ ਯੋਗਤਾ ਰਖਦਾ ਹੈ। ਇਹ ਜ਼ਰੂਰੀ ਤੌਰ ਤੇ ਇਕ ਕਿਰਿਆਤਮਕ ਧਰਮ ਹੈ। ਜੇ ਇਸ ਨੂੰ ਯਥਾਰਥੀ ਤੇ ਅਮਲੀ ਦ੍ਰਿਸ਼ਟੀਕੋਣ ਤੋਂ ਪਰਖੀਏ ਤਾਂ ਇਹ ਸੰਸਾਰ ਵਿਚ ਲਗਪਗ ਪਹਿਲੇ ਨੰਬਰ ਦੀ ਪਰਾਪਤੀ ਦਾ ਹੱਕਦਾਰ ਹੋਵੇਗਾ। ਦੁਨੀਆ-ਭਰ ਦੇ ਹੋਰ ਕਿਸੇ ਵੀ ਧਰਮ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਨੇ ਇਸ ਵਾਂਗ ਇਤਨੇ ਥੋੜ੍ਹੇ ਸਮੇਂ ਵਿਚ ਇਕ ਕੌਮ ਵੀ ਬਣਾ-ਉਸਾਰ ਦਿੱਤੀ ਹੋਵੇ। ਸਿੱਖ ਧਰਮ ਹਿੰਦੁਸਤਾਨ ਵਿਚ, ਸ਼ਾਇਦ ਨਿਰਸੰਦੇਹ ਸਾਰੀ ਦੁਨੀਆ ਵਿਚ, ਇਸ ਵੇਲੇ ਪਰਚਲਤ ਸਭ ਤੋਂ ਦਿਲਚਸਪ ਧਰਮਾਂ ਵਿੱਚੋਂ ਇਕ ਹੈ। ਇਸ ਨੇ ਸਮਾਜ ਵਲੋਂ ਛੇਕੇ ਹੋਏ 'ਅਛੂਤ' ਹਿੰਦੁਸਤਾਨੀ (ਜੋ ਆਪਣੇ ਆਲਸ ਤੇ ਅਸੰਤੁਲਨ ਕਾਰਨ ਬਦਨਾਮ ਸੀ) ਦੀ ਕਾਇਆਂ-ਕਲਪ ਕਰ ਕੇ, ਜਿਵੇਂ ਉਸ ਨੂੰ ਇਕ ਵਧੀਆ ਤੇ ਸਿਦਕੀ ਯੋਧਾ ਬਣਾ ਦਿੱਤਾ ਹੈ, ਉਹ ਕਿਸੇ ਕ੍ਰਿਸ਼ਮੇ-ਕਰਾਮਾਤ ਤੋਂ ਜ਼ਰਾ ਕੁ ਹੀ ਘਟ ਹੈ।"[5]

ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਅਨੂਠੀ ਤੇ ਉੱਚਤਮ ਸਪਿਰਿਟ ਦਾ ਭਰਵਾਂ ਛੱਟਾ ਮਾਰ ਕੇ, ਅਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ, ਹਰ ਪਰਕਾਰ ਦੀ ਗ਼ੁਲਾਮੀ ਵਿਚ ਗੜੂੰਦ ਹਿੰਦੁਸਤਾਨ ਨੂੰ ਝੂਣ ਜਗਾਇਆ ਸੀ। ਫਿਰ ਇਸ ਨੂੰ ਜਾਗਦਾ ਤੇ 'ਚੜ੍ਹਦੀ ਕਲਾ' ਵਿਚ ਵਿਚਰਦਾ ਰਖਣ ਲਈ, ਭਰ-ਜਵਾਨੀ ਵਿਚ, ਸਾਰੇ ਪਰਵਾਰ ਸਮੇਤ, ਆਪਣੀ ਆਹੂਤੀ ਵੀ ਪਾ ਦਿੱਤੀ ਸੀ। ਉਨ੍ਹਾਂ ਦੇ ਅਜਿਹੇ ਲਾਸਾਨੀ ਸਰਬੰਸਦਾਨ-ਤੋਂ-ਬਾਅਦ-ਦਾ-ਹਿੰਦੁਸਤਾਨ, ਉਨ੍ਹਾਂ ਦੇ ਆਗਮਨ-ਵੇਲੇ-ਦਾ ਹਿੰਦੁਸਤਾਨ ਨਹੀਂ ਸੀ ਰਿਹਾ। ਉਸ ਦੀ ਹਰ ਨੁਕਰ ਤੋਂ ਹਰ ਤਰ੍ਹਾਂ ਦੀ ਆਜ਼ਾਦੀ (ਰਾਜਨੀਤਕ, ਸਮਾਜਕ, ਆਰਥਕ, ਮਾਨਸਕ, ਸਭਿਆਚਾਰਕ) ਦੇ ਨਾਅਰੇ ਗੂੰਜ ਉਠੇ ਸਨ। ਉਨ੍ਹਾਂ ਨਾਅਰਿਆਂ ਵਿਚ ਗੁਰੂ ਗੋਬਿੰਦ ਸਿੰਘ ਦੀ ਪਾਵਨ ਰੂਹ ਬੋਲ ਰਹੀ ਸੀ – ਉਸ 'ਮਰਦ-ਅਗੰਮੜੇ' ਤੇ 'ਸਰਬੰਸਦਾਨੀ' ਦੀ ਰੂਹ ਜਿਸ ਨੇ ਆਪਣੇ ਪਵਿੱਤਰ ਜੀਵਨ, ਸੋਚ-ਸਿਆਣਪ, ਦੂਰ-ਦ੍ਰਿਸ਼ਟੀ, ਅਦੁੱਤੀ ਘਾਲ ਤੇ ਬੇਮਿਸਾਲ ਕੁਰਬਾਨੀ ਨਾਲ; ਅਤੇ ਆਪਣੇ 'ਗੁਰੂ', ਭਾਵ ਅਕਾਲਪੁਰਖ, ਦੀ ਮਿਹਰ ਤੇ ਆਪੇ-ਸਿਰਜੇ ਖ਼ਾਲਸੇ ਦੀ 'ਕਿਰਪਾ' ਸਦਕੇ, ਉਲਟੀ ਗੰਗਾ ਵਗਾ ਦਿੱਤੀ ਸੀ ; ਜਿਸ ਨੇ ਸਦੀਆਂ ਦੇ ਇਤਿਹਾਸ ਦਾ ਵੇਗ ਹੀ ਮੋੜ ਦਿੱਤਾ ਸੀ ; ਜਿਸ ਨੇ, ਸੱਚੀਂ, ਜ਼ਮਾਨੇ ਨੂੰ ਹੀ ਬਦਲ ਕੇ ਰਖ ਦਿੱਤਾ ਸੀ। ਠੀਕ ਹੈ :

---

5. Field, Ms. Dorothy, *The Religion of the Sikhs*, London-1914, pp. 9, 34-35.

سنتے آئے ہیں کہ تقدیر بدل دیتا ہے زمانہ
مرد وہ ہے جو زمانے کو بدل دیتا ہے

(ਸੁਨਤੇ ਆਏ ਹੈਂ ਕਿ ਤਕਦੀਰ ਬਦਲ ਦੇਤਾ ਹੈ ਜ਼ਮਾਨਾ,
ਮਰਦ ਵੁਹ ਹੈ, ਜੋ ਜ਼ਮਾਨੇ ਕੋ ਬਦਲ ਦੇਤਾ ਹੈ।)

ਅਤੇ ਇਹ ਕਥਨ ਵੀ ਸਰਾਸਰ ਠੀਕ ਹੈ ਜੋ ਪਰਾਚੀਨ ਭਾਰਤੀ ਸਾਹਿਤ ਤੇ ਇਤਿਹਾਸ ਦੇ ਇਕ ਧੁਰੰਦਰ ਤੇ ਪ੍ਰਸਿੱਧ ਨਿਰਮਲੇ ਵਿਦਵਾਨ, ਸਾਧੂ ਗੋਵਿੰਦ ਸਿੰਘ, ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਜਿਹੇ ਅਦੁੱਤੀ ਸਥਾਨ ਤੇ ਲਾਸਾਨੀ ਯੋਗਦਾਨ ਬਾਰੇ ਆਪਣੇ ਯਾਦਗਾਰੀ ਇਤਿਹਾਸ ਵਿਚ ਇਉਂ ਕਲਮਬੰਦ ਕੀਤਾ ਹੋਇਆ ਹੈ : "ਸੰਸਾਰ ਵਿਚ ਹਜ਼ਾਰਾਂ ਧਰਮ-ਪਰਚਾਰਕ ਹੋਏ ਹਨ, ਲੱਖਾਂ ਦੇਸ਼-ਭਗਤ, ਹਾਕਮ ਅਤੇ ਰਾਜੇ-ਮਹਾਰਾਜੇ ਹੋਏ ਹਨ ; ਪਰੰਤੂ ਐਸਾ ਕੋਈ ਨਹੀਂ ਹੋਇਆ ਜੋ ਧਰਮ ਦੀ ਰੱਖਿਆ ਲਈ ਆਪਣਾ ਸਰਬੰਸ ਕੁਰਬਾਨ ਕਰ ਕੇ ਅੰਤ ਆਪਣੀ ਜਾਨ ਉਤੇ ਵੀ ਖੇਡ ਗਿਆ ਹੋਵੇ। ਜੇ ਭਾਰਤ ਦੇ ਇਤਿਹਾਸ ਵਿਚ ਕੋਈ ਵੀ ਅਜਿਹਾ ਮਹਾਨ ਪੁਰਸ਼ ਹੋਇਆ ਹੈ ਜਿਸ ਨੇ ਹਿੰਦੂ ਧਰਮ ਨੂੰ ਨਿਤ-ਦਿਨ ਦੀਆਂ ਤਬਾਹੀਆਂ ਤੋਂ ਬਚਾਇਆ ਜਾਂ ਨੀਮ-ਮੁਰਦਾ ਆਰੀਆ ਜਾਤੀ ਨੂੰ ਨਵਾਂ ਜੀਵਨ ਦਿੱਤਾ ਤਾਂ ਉਹ ਵੀ ਗੁਰੂ ਗੋਬਿੰਦ ਸਿੰਘ ਹੀ ਹਨ, ਜਿਨ੍ਹਾਂ ਨੇ ਸਿੱਖ ਸਮਾਜ ਦੀ ਉਸਾਰੀ ਕੀਤੀ ਅਤੇ ਸਿੱਖ ਧਰਮ ਦੀ ਅਗਵਾਈ ਕੀਤੀ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼-ਭਰੀ ਸਿੱਖਿਆ ਦਾ ਹੀ ਸਦਕਾ ਹੈ ਕਿ ਚਾਰੇ ਵਰਣ ਇਕ ਵਰਣ ਹੋ ਕੇ, ਇਕ ਦੂਜੇ ਨਾਲ ਭਰਾਵਾਂ ਵਾਂਗ ਵਿਚਰਨ ਲਗ ਪਏ ਸਨ। ਇਹ ਗੁਰੂ ਗੋਬਿੰਦ ਸਿੰਘ ਦੀ ਮਹਾਨ ਸ਼ਕਤੀ ਦਾ ਹੀ ਸਦਕਾ ਹੈ ਕਿ ਉਨ੍ਹਾਂ ਦੀ ਨਿਵਾਜੀ ਹੋਈ ਸਿੱਖ ਕੌਮ ਅਜ ਸੈਨਕ ਗੁਣਾਂ ਵਿਚ ਸਭ ਤੋਂ ਉੱਤਮ ਮੰਨੀ ਜਾਂਦੀ ਹੈ। ਜਦੋਂ ਤੀਕ ਆਰੀਆ ਜਾਤੀ ਜੀਵਤ ਰਹੇਗੀ, ਗੁਰੂ ਗੋਬਿੰਦ ਸਿੰਘ ਜੀ ਦੇ ਅਦੁੱਤੀ ਕਾਰਨਾਮਿਆਂ ਦੀ ਅਕੱਥ ਕਥਾ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕੀਤੀ ਜਾਂਦੀ ਰਹੇਗੀ। ਧੰਨ ਹੈ ਉਹ ਕੌਮ, ਧੰਨ ਹੈ ਉਹ ਕਾਲ, ਧੰਨ ਹੈ ਉਹ ਦੇਸ਼, ਧੰਨ ਹੈ ਉਹ ਨਗਰ, ਧੰਨ ਹੈ ਉਹ ਗ੍ਰਹਿ, ਧੰਨ ਹੈ ਉਹ ਪੂਜਨੀਕ ਜਨਨੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਨਮ ਦਿੱਤਾ ਸੀ"[6]!!

---

6. ਗੋਵਿੰਦ ਸਿੰਘ, ਸਾਧੂ, ਇਤਿਹਾਸ ਗੁਰੂ ਖ਼ਾਲਸਾ, ਸਿੱਖੋਂ ਕਾ ਇਤਿਹਾਸ, ਹਿੰਦੀ ਵਿਚ, ਕਾਂਸ਼ੀ-1902.

ਕਾਂਡ 6
ਚੜ੍ਹਦੀ ਕਲਾ ਦੇ ਚਮਤਕਾਰ ਤੇ ਕਾਰਨਾਮੇ

ਸੋ, ਸਿੱਖ ਸਤਿਗੁਰਾਂ ਦੀ ਜਗਾਈ ਹੋਈ ਉਹ ਪਾਵਨ ਜੋਤ ਪਿਛਲੇ ਪੰਜ ਸੌ ਵਰ੍ਹਿਆਂ ਤੋਂ ਉਵੇਂ ਹੀ ਚਮਕ ਰਹੀ ਹੈ। ਇਸ ਰਾਹੀਂ ਬਖ਼ਸ਼ੀ ਗਈ 'ਚੜ੍ਹਦੀ ਕਲਾ' ਵਾਲੀ ਸਪਿਰਿਟ ਵੀ ਅਜੇ ਤਕ ਉਵੇਂ ਹੀ ਪ੍ਰਜੱਵਲਤ ਹੈ।

ਇਸ ਦੇ ਦਸਵੇਂ ਸਰੂਪ, ਉਕਤ 'ਮਰਦ ਅਗੰਮੜੇ', ਗੁਰੂ ਗੋਬਿੰਦ ਸਿੰਘ ਜੀ, ਨੇ ਦਹਾਕਿਆਂ-ਬਧੀ ਘਾਲ-ਕਮਾਈ, ਖ਼ਾਲਸੇ ਦੀ ਸਿਰਜਨਾ ਤੇ ਆਪਣੇ ਸਰਬੰਸ-ਦਾਨ ਰਾਹੀਂ ਇਸ ਸਪਿਰਿਟ ਨੂੰ ਇੰਨਾ ਮਘਾ ਦਿੱਤਾ ਸੀ ਕਿ ਇਹ ਪਿਛਲੇ ਤਿੰਨ ਸੌ ਸਾਲਾਂ ਤੋਂ ਤਾਂ ਪ੍ਰਚੰਡ ਰੂਪ ਵਿਚ ਜਗਮਗਾ ਰਹੀ ਹੈ। ਇਸ ਦਾ ਪਿਛੇ-ਵਰਣਿਤ ਪਿਛੋਕੜ ਤੇ ਪਰੰਪਰਾ ਇਸ ਗੱਲ ਦੀ ਗਰੰਟੀ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾਇਗਾ, ਇਹ ਤਿਉਂ-ਤਿਉਂ ਹੀ ਵਧੇਰੇ ਚਮਕਦੀ ਤੇ ਦਮਕਦੀ ਰਹੇਗੀ; ਅਤੇ ਮਨੁੱਖਤਾ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੁਸ਼ਨਾਉਂਦੀ, ਉਸ ਦੇ ਨਿਆਸਰੇ ਤੇ ਨਿਰਾਸ਼ ਜੀਆਂ ਨੂੰ ਹੁਲਸਾਉਂਦੀ ਅਤੇ ਨਿਮਾਣੇ ਤੇ ਨਿਤਾਣੇ ਬੰਦਿਆਂ ਨੂੰ ਮਾਣ ਤੇ ਤਾਣ ਬਖ਼ਸ਼ਦੀ ਰਹੇਗੀ।

2

ਇਤਿਹਾਸ ਇਸ ਹਕੀਕਤ ਦਾ ਵੀ ਗਵਾਹ ਹੈ ਕਿ ਇਸੇ ਅਬਚਲੀ ਜੋਤ ਤੇ ਅਦੁੱਤੀ ਸਪਿਰਿਟ ਨੇ, 7 ਅਕਤੂਬਰ 1708 ਨੂੰ ਆਪ ਦੀਆਂ ਅੱਖਾਂ ਮੀਟਦੇ ਹੀ, ਆਪ ਦੇ ਹੀ ਸਿਰਜੇ ਖ਼ਾਲਸੇ ਰਾਹੀਂ, ਆਪ ਦੇ ਹੀ ਨਿਵਾਜੇ ਤੇ ਨਾਂਦੇੜ ਤੋਂ ਭੇਜੇ ਹੋਏ ਬਾਬਾ ਬੰਦਾ ਸਿੰਘ ਬਹਾਦੁਰ (1670-1716 ਈ.) ਦੀ ਕਮਾਨ ਹੇਠ, ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ ਅਤੇ ਮੁਗ਼ਲ ਰਾਜ ਦਾ ਸਫ਼ਾਇਆ ਹੀ ਕਰ ਦਿੱਤਾ ਸੀ।

ਕੇਵਲ ਦੋ ਸਾਲ ਬਾਅਦ, 12 ਮਈ 1710 ਨੂੰ, ਤਾਂ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ, ਸੂਬੇਦਾਰ ਵਜ਼ੀਰ ਖਾਨ, ਨੂੰ ਮਾਰ-ਮੁਕਾ ਕੇ ਕਰਨਾਲ ਤੋਂ ਲੁਧਿਆਣੇ ਤਕ ਦੇ ਸਾਰੇ ਸੂਬੇ ਉਤੇ ਕਬਜ਼ਾ ਵੀ ਕਰ ਲਿਆ ਸੀ। ਮੁਖ਼ਲਿਸਗੜ੍ਹ ਨੂੰ ਲੋਹਗੜ੍ਹ ਦਾ ਨਾਂ ਦੇ ਕੇ ਅਤੇ ਉਸ ਵਿਚ ਖ਼ਾਲਸੇ ਦੀ ਰਾਜਧਾਨੀ ਕਾਇਮ ਕਰ ਕੇ, ਆਪਣੇ ਪਾਵਨ ਧਰਮ ਤੇ ਪੰਥ ਦੇ ਜਨਮਦਾਤਿਆਂ - ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ- ਦੇ ਸ਼ੁਭ ਨਾਂਵਾਂ ਹੇਠ, ਹੇਠ-ਲਿਖੀ ਇਬਾਰਤ ਦੀ ਧਾਰਨੀ, ਖ਼ਾਲਸਈ ਮੁਹਰ ਅਤੇ ਸਿੱਕਾ ਵੀ ਜਾਰੀ ਕਰ ਦਿੱਤਾ ਸੀ :

دیگ و تیغ و فتح نصرت بے درنگ
یافت از نانک گورو گوبند سنگھ

(ਦੇਗੋ ਤੇਗੋ ਫ਼ਤਿਹ ਨੁਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ)[1]

ਅਰਥਾਤ, "ਇਹ ਦੇਗ, ਤੇਗ਼ (ਸੇਵਾ ਤੇ ਸ਼ਕਤੀ ਦੇ ਚਿੰਨ੍ਹ), ਜਿੱਤ ਅਤੇ ਨਿਰੰਤਰ ਸਹਾਇਤਾ ਅਸਾਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਤੋਂ ਪਰਾਪਤ ਕੀਤੀ ਹੈ।"

ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਅਤੇ ਪ੍ਰਚੰਡ 'ਚੜ੍ਹਦੀ ਕਲਾ' ਨਾਲ ਨਿਵਾਜਿਆ ਖ਼ਾਲਸਾ 8 ਮਾਰਚ 1783 ਨੂੰ ਤਾਂ ਮੁਗ਼ਲਾਂ ਦੀ ਰਾਜਧਾਨੀ, ਦਿੱਲੀ, ਵਿਚ ਵੀ ਦਾਖ਼ਲ ਹੋ ਗਿਆ ਸੀ। ਡਾ. ਹਰੀ ਰਾਮ ਗੁਪਤਾ ਅਨੁਸਾਰ, The Sikhs made for the Red Fort on March 11, 1783. The Emperor

---

1. Ganda Singh, *A Brief Account of the Sikh People*, op.cit., p. 20.

and his courtiers hid themselves in their private apartments. The Sikhs entered the Diwan-e-Am and made ... Jassa Singh Ahluwalia sit on the throne...[2] ਅਰਥਾਤ, "11 ਮਾਰਚ 1783 ਨੂੰ ਜਦੋਂ ਉਸ ਦੇ ਘੋੜਿਆਂ ਦੀਆਂ ਟਾਪਾਂ ਨੇ ਲਾਲ ਕਿਲ੍ਹੇ ਨੂੰ ਜਾ ਗੁੰਜਾਰਿਆ ਸੀ ਤਾਂ ਉਦੋਂ ਕਾ ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਸਾਨੀ, ਅਤੇ ਉਸ ਦੇ ਦਰਬਾਰੀ ਆਪੋ-ਆਪਣੇ ਹਰਮਾਂ ਵਿਚ ਜਾ ਛੁਪੇ ਸਨ। ਸਿੰਘਾਂ ਨੇ ਉਸ ਦੇ 'ਦੀਵਾਨ-ਏ-ਆਮ' ਵਿਚ ਦਾਖਲ ਹੁੰਦਿਆਂ ਹੀ, ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੂੰ ਸ਼ਾਹੀ ਤਖ਼ਤ ਉਤੇ ਵੀ ਬਿਰਾਜਮਾਨ ਕਰ ਦਿੱਤਾ ਸੀ।"[2]

3

ਛਾਲੀਂ ਵਧ ਰਹੇ ਖ਼ਾਲਸੇ ਨੇ ਫਿਰ ਆਪਣੇ ਜਨਮ-ਦਿਵਸ, ਭਾਵ ਸੰਨ 1699 ਵਾਲੀ ਵਿਸਾਖੀ, ਦੇ ਉਕਤ 'ਕ੍ਰਿਸ਼ਮੇ' ਤੋਂ ਸਿਰਫ਼ ਇਕ ਸੌ ਸਾਲ ਬਾਅਦ, ਭਾਵ 1799 ਈ. ਵਿਚ, ਗੁਰੂ ਗੋਬਿੰਦ ਸਿੰਘ ਜੀ ਦੀ ਹੇਠ-ਲਿਖੀ ਭਵਿੱਖ-ਬਾਣੀ ਅਨੁਸਾਰ, ਉਨ੍ਹਾਂ ਦੀ ਹੀ ਬਖ਼ਸ਼ੀ ਹੋਈ ਉਕਤ ਜੋਤ ਤੇ ਸਪਿਰਿਟ ਸਦਕੇ, ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਜਗੀ ਹੇਠ, ਪੰਜਾਬ ਵਿਚ ਆਪਣਾ ਸੁਤੰਤਰ, ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਰਾਜ-ਭਾਗ ਵੀ ਕਾਇਮ ਕਰ ਲਿਆ ਸੀ ਜਿਸ ਦਾ ਨਾਂ ਹੀ ਉਨ੍ਹਾਂ ਨੇ 'ਸਰਕਾਰੇ ਖ਼ਾਲਸਾ' ਤੇ 'ਦਰਬਾਰੇ ਖ਼ਾਲਸਾ' ਰਖ ਦਿੱਤਾ ਸੀ :

ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ,
ਖ਼੍ਵਾਰ ਹੋਇ ਸਭ ਮਿਲੈਂਗੇ, ਬਚਹਿ ਸਰਨ ਜੋ ਹੋਇ।[3]

ਇਹ ਇਸ ਲਈ ਕਿ ਉਹ ਉਸ ਮਹਾਨ ਰਾਜ-ਭਾਗ ਦਾ ਦਿੱਤ-ਸੋਮਾ ਆਪਣੀ ਹਿੰਮਤ, ਲਿਆਕਤ ਜਾਂ ਤਾਕਤ ਦੀ ਥਾਂ, ਵਾਹਿਗੁਰੂ ਦੀ ਮਿਹਰ, ਸਤਿਗੁਰੂ ਦੀ ਕਿਰਪਾ ਤੇ ਖ਼ਾਲਸੇ ਦੀ ਘਾਲ ਹੀ ਮੰਨਦੇ ਸਨ। ਕੈਪਟਨ ਕਨਿੰਘਮ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਦੀ everything was done for the sake of the Guru, for the advantage of the Khalsa, and in the name of the Lord. Ranjit Singh, in writing or in talking of his government, always used the term 'Khalsa'. On his seal he wrote, as any Sikh usually writes, his name, with the prefix 'Akal Sahai', that is, for instance, 'God the helper, Ranjit Singh'.[4] ਅਰਥਾਤ, 'ਹਰ ਚੀਜ਼ ਤੇ ਹਰ ਸਰਗਰਮੀ ਗੁਰੂ ਦੀ ਖ਼ੁਸ਼ੀ ਤੇ ਖ਼ਾਲਸੇ ਦੇ ਲਾਭ ਲਈ ਅਤੇ ਰੱਬ ਦੇ ਨਾਂ ਕੀਤੀ ਜਾਂਦੀ ਸੀ। ਉਹ ਆਪਣੀ ਹਕੂਮਤ ਬਾਰੇ ਲਿਖਦਿਆਂ ਜਾਂ ਬੋਲਦਿਆਂ, ਹਮੇਸ਼ਾ 'ਖ਼ਾਲਸਾ' ਪਦ ਵਰਤਦੇ ਸਨ। ਉਹ ਆਪਣੀ ਮੁਹਰ ਉਤੇ (ਜਿਵੇਂ ਕਿ ਹਰ ਸਿੱਖ ਹਸਬ-ਮਾਮੂਲ ਲਿਖਦਾ ਹੈ) ਆਪਣਾ ਨਾਂ 'ਅਕਾਲ ਸਹਾਇ' ਦਾ ਅਗੇਤਰ ਲਾ ਕੇ ਵਰਤਦੇ ਸਨ, ਜਿਸ ਦਾ ਭਾਵ ਹੈ, ਮਿਸਾਲ ਵਜੋਂ, 'ਰੱਬ ਮਦਦਗਾਰ ਹੈ, ਰਣਜੀਤ ਸਿੰਘ ਦਾ'।[5]

---

2. Gupta, Dr., Hari Ram, *History of the Sikhs,* Vol. III, New Delhi-1980, p. 166. ਹੋਰ ਵੇਖੋ : Sarkar, Sir Jadu Nath, *Mahadji Sindhia and Northern Indian Affairs, 1785-1794,* Bombay-1936, Vol. III, p. 255.
3. ਨੰਦ ਲਾਲ, ਭਾਈ, **ਤਨਖ਼ਾਹਨਾਮਾ**, ਪਦ ਨੰ. 36; ਸੰਪਾਦਿਤ **ਰਹਿਤਨਾਮੇ**, ਉਹੀ, ਪਟਿਆਲਾ-1978, ਪੰ. 59.
4. Cunningham, *History of the Sikhs,* op.cit., p. 152.
5. ਇਸ ਸਬੰਧੀ ਸਮਕਾਲੀ ਲਿਖਤਾਂ ਉਤੇ ਆਧਾਰਿਤ ਸਵਿਸਥਾਰ ਜਾਣਕਾਰੀ ਲਈ ਵੇਖੋ : **ਪੰਜਾਬ ਅਤੇ ਸ਼ੇਰੇ ਪੰਜਾਬ**, ਕ੍ਰਿਤ ਡਾ.ਹਰਨਾਮ ਸਿੰਘ ਸ਼ਾਨ, ਚੰਡੀਗੜ੍ਹ -1982 .

ਜਿਥੋਂ ਤਕ ਉਸ ਰਾਜ ਦੇ ਖੇਤਰ ਤੇ ਸ਼ਕਤੀ ਦਾ ਸਬੰਧ ਹੈ, 5 ਮਈ 1830 ਨੂੰ ਮੇਜਰ ਲਾਰੈਂਸ ਨੂੰ ਕੋਟ ਕਾਂਗੜੇ ਦਾ ਪ੍ਰਬੰਧ ਸੌਂਪਣ ਲਗਿਆਂ, ਉਨ੍ਹਾਂ ਦੇ ਬਦੇਸ-ਮੰਤਰੀ, ਫ਼ਕੀਰ ਅਜ਼ੀਜ਼ ਦੀਨ, ਰਾਹੀਂ ਉਸ ਨੂੰ ਦਿੱਤੇ ਗਏ ਦਸਤਾਵੇਜ਼ ਵਿਚ ਲਿਖਿਆ ਸੀ : His territory now extends to the borders of the Chin and the limits of the Afghans.[6] ਅਰਥਾਤ, "ਉਸ ਦਾ ਰਾਜ-ਖੇਤਰ ਹੁਣ ਚੀਨ ਤੇ ਅਫ਼ਗ਼ਾਨਿਸਤਾਨ ਦੀਆਂ ਹੱਦਾਂ ਤਕ ਪਸਰਿਆ ਹੋਇਆ ਹੈ।"[6] ਸੰਨ 1830 ਤੋਂ ਬਾਅਦ ਉਸ ਵਿਚ ਹੋਏ ਵਾਧਿਆਂ ਅਤੇ ਉਸ ਦੀ ਦੇਸ-ਪਰਦੇਸ ਫੈਲੀ ਸ਼ੁਹਰਤ ਤੇ ਤਾਕਤ ਨੂੰ ਉਸੇ ਸਦੀ ਵਿਚ ਸਾਰੇ ਹਿੰਦੁਸਤਾਨ ਦਾ ਇਤਿਹਾਸ ਲਿਖਣ-ਛਾਪਣ ਵਾਲੇ ਅੰਗਰੇਜ਼ ਇਤਿਹਾਸਕਾਰ, ਜਾਰਜ ਮਾਰਸ਼ਮੈਨ, ਅਨੁਸਾਰ, If he had not been hemmed in by the irresistible power of the Company, he would undoubtedly have established a new and magnificent empire in Hindoostan."[7] ਅਰਥਾਤ, "ਜੇ ਈਸਟ ਇੰਡੀਆ ਕੰਪਨੀ (ਭਾਵ ਬਰਤਾਨਵੀ ਰਾਜ-ਸ਼ਕਤੀ) ਦੀ ਬੇਰੋਕ ਤਾਕਤ ਉਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਨ ਲੈਂਦੀ, ਤਾਂ ਉਨ੍ਹਾਂ ਨੇ ਸਾਰੇ ਹਿੰਦੁਸਤਾਨ ਵਿਚ ਇਕ ਨਵੀਂ ਤੇ ਸ਼ਾਨਦਾਰ ਸ਼ਹਿਨਸ਼ਾਹੀ, ਨਿਰਸੰਦੇਹ, ਕਾਇਮ ਕਰ ਲੈਣੀ ਸੀ।"[7]

4

ਸਿੱਖ ਸਤਿਗੁਰਾਂ ਦੀ ਬਖ਼ਸ਼ੀ ਹੋਈ 'ਚੜ੍ਹਦੀ ਕਲਾ ਵਾਲੀ ਸਪਿਰਿਟ' ਇਕ ਹੋਰ ਨਿਆਰੇ ਤੇ ਅਸਚਰਜ ਰੂਪ ਵਿਚ ਵੀ, ਅਠ੍ਹਾਰਵੀਂ ਤੇ ਉਨ੍ਹੀਵੀਂ ਸਦੀ ਦੌਰਾਨ ਵੀ, ਜਿਵੇਂ ਪ੍ਰਜਵੱਲਤ ਰਹੀ ਸੀ, ਉਹ, ਉਦਾਹਰਣ ਵਜੋਂ, ਅਗੇ-ਵਰਣਿਤ ਕੇਵਲ ਦੋ ਵਿਸ਼ੇਸ਼ ਚਮਤਕਾਰਾਂ ਤੋਂ ਹੀ ਵਿਦਿਤ ਹੈ। ਉਨ੍ਹਾਂ ਨੇ ਤਾਂ ਗੁਰੂ ਦੇ ਕੁਝ ਗੇਣਵੇਂ ਸਿੱਖਾਂ ਦੀ, ਘੋਰ ਸੰਕਟ ਸਮੇਂ ਵੀ ਭਰਪੂਰ 'ਚੜ੍ਹਦੀ ਕਲਾ' ਵਿਚ ਵਿਚਰਦਿਆਂ ਕੀਤੀ ਬੇਜੋੜ ਦਲੇਰੀ ਤੇ ਦਿੱਤੀ ਮਹਾਨ ਕੁਰਬਾਨੀ ਸਦਕੇ, ਗੁਰੂ ਸਾਹਿਬ ਦੀ ਆਪਣੀ ਮੌਜੂਦਗੀ ਵਿਚ ਚਮਕੌਰ ਹੋਏ ਸਾਕੇ ਦੀ ਯਾਦ ਵੀ ਤਾਜ਼ਾ ਕਰਵਾ ਦਿੱਤੀ ਸੀ। ਜਿਵੇਂ ਕਿ ਪਿਛੇ ਦਸ ਆਏ ਹਾਂ, ਦਸਮੇਸ਼ ਪਿਤਾ ਦੇ ਆਪਣੇ ਬਿਆਨ ਅਨੁਸਾਰ, 7 ਦਸੰਬਰ 1705 ਈ. ਨੂੰ ਜਦੋਂ ਚਾਲੀ ਥੱਕੇ-ਟੁੱਟੇ ਤੇ ਭੁੱਖੇ-ਭਾਣੇ ਸਿੰਘਾਂ ਨੂੰ ਲੱਖਾਂ-ਬਧੀ ਮੁਗ਼ਲੀਆ ਫ਼ੌਜ ਨੇ ਉਥੇ ਅਚਾਨਕ ਘੇਰ ਲਿਆ ਸੀ, ਤਾਂ ਉਨ੍ਹਾਂ ਵਿਚੋਂ ਕੋਈ ਇਕ ਵੀ ਸਿੰਘ ਜ਼ਰਾ ਨਹੀਂ ਸੀ ਡੋਲਿਆ, ਕਿਸੇ ਇਕ ਨੇ ਵੀ ਦੀਨ ਨਹੀਂ ਸੀ ਮੰਨੀ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਆਪਣੇ ਸਤਿਗੁਰੂ ਦੀਆਂ ਅੱਖਾਂ ਸਾਹਵੇਂ ਲਗਪਗ ਸਾਰੇ ਇਕ-ਇਕ ਕਰ ਕੇ ਸ਼ਹੀਦ ਹੋ ਗਏ ਸਨ।

(1) ਚਮਕੌਰ ਦੇ ਉਸ ਬੇਨਜ਼ੀਰ ਸਾਕੇ ਤੋਂ ਕੇਵਲ 59 ਵਰ੍ਹੇ ਬਾਅਦ, ਉਸ ਤਰ੍ਹਾਂ ਦੀ ਇਕ ਹੋਰ ਹਿਰਦਾ ਵੇਧਕ ਪਰ 'ਚੜ੍ਹਦੀ ਕਲਾ-ਪੂਰਤ' ਘਟਨਾ 1 ਦਸੰਬਰ 1764 ਨੂੰ ਸਿੱਖੀ ਦੀ ਰਾਜਧਾਨੀ, ਅੰਮ੍ਰਿਤਸਰ, ਵਿਚ ਵੀ ਵਾਪਰੀ ਸੀ। ਸਮੇਂ ਦਾ ਇਤਿਹਾਸ ਦਸਦਾ ਹੈ ਕਿ ਸੰਨ 1764 ਵਿਚ, ਪੰਜਾਬ ਦਾ ਇਲਾਕਾ ਸਿੱਖਾਂ ਤੋਂ ਮੁੜ ਖੋਹਣ ਲਈ ਅਹਿਮਦ ਸ਼ਾਹ ਅਬਦਾਲੀ, ਛਤੀਹ ਹਜ਼ਾਰ ਪਠਾਣਾਂ ਸਮੇਤ, ਅੰਮ੍ਰਿਤਸਰ ਵਲ ਵਾਹੋਦਾਹੀ ਵਧ ਰਿਹਾ

---

6. Lawrence, Maj. H.M., *Some Passages in the Life of an Adventurer in the Punjab, Delhi Gazette*, Delhi-1842; *Adventures of an Officer in the Panjab in the Service of Ranjit Singh*, London-1846, Vol.7, p. 64.
7. Marshman, J.C., *History of India from the Earliest Period to the Close of Lord Dalhousie's Administration*, Vol.I, London-1857, p. 39.

ਸੀ। ਉਦੋਂ ਸ਼ਹਿਰ ਵਿਚ ਖ਼ਾਲਸੇ ਦਾ ਕੋਈ ਦਲ ਜਾਂ ਦਸਤਾ ਮੌਜੂਦ ਨਹੀਂ ਸੀ। 'ਮਿਸਲੇ ਸ਼ਹੀਦਾਂ' ਦੇ ਕੇਵਲ ਭਾਈ ਗੁਰਬਖ਼ਸ਼ ਸਿੰਘ ਹੀ ਉਦੋਂ ਉਥੇ ਦਰਬਾਰ ਸਾਹਿਬ ਅੰਦਰ, ਸ੍ਰੀ ਅਕਾਲ ਤਖ਼ਤ ਵਿਚ, ਸਿਰਫ਼ ਤੀਹ ਸਿੰਘਾਂ ਦੇ ਨਾਲ, ਹਰਿਮੰਦਰ ਸਾਹਿਬ ਦੀ ਰੱਖਿਆ ਲਈ ਆਪਣੀਆਂ ਜਾਨਾਂ ਤਕ ਕੁਰਬਾਨ ਕਰ ਦੇਣ ਦਾ ਅਰਦਾਸਾ ਸੋਧ ਕੇ ਬਿਰਾਜਮਾਨ ਸਨ। ਧਰਮ ਲਈ ਸੰਗਰਾਮ ਤੇ ਸ਼ਹੀਦੀ ਦਾ ਸਮਾਂ ਜਿਉਂ ਜਿਉਂ ਨੇੜੇ ਆ ਰਿਹਾ ਸੀ, ਉਹ ਤਿਉਂ -ਤਿਉਂ ਵਧੇਰੇ ਪ੍ਰਸੰਨ ਹੋ ਰਹੇ ਸਨ।

ਗਿਲਜੇ ਪਹਿਲੀ ਦਸੰਬਰ 1764 ਨੂੰ ਚੜ੍ਹ-ਪੀੜ ਕੇ, ਦਰਬਾਰ ਸਾਹਿਬ ਦੇ ਅੰਦਰ ਆ ਵੜੇ ਸਨ। ਗਹਿ-ਗੱਚ ਲੜਾਈ ਹੋਈ ਸੀ ਅਤੇ ਸਾਰੇ ਸਿੰਘ ਉਸ ਪਾਵਨ ਸ਼ਮਾਅ ਤੋਂ ਇਕ-ਇਕ ਕਰ ਕੇ ਕੁਰਬਾਨ ਹੋ ਗਏ ਸਨ, ਪਰ ਕਿਸੇ ਇਕ ਨੇ ਵੀ ਈਨ ਨਹੀਂ ਮੰਨੀ ਸੀ, ਕਿਸੇ ਇਕ ਨੇ ਵੀ ਦਰਬਾਰ ਸਾਹਿਬ ਦੀ ਬੇਅਦਬੀ ਜੀਉਂਦੇ-ਜੀਅ ਵੇਖਣੀ ਬਰਦਾਸ਼ਤ ਨਹੀਂ ਕੀਤੀ ਸੀ। ਉਨ੍ਹਾਂ ਨੂੰ ਇਹ ਗੱਲ ਸਾਫ਼ ਤੇ ਪਰਤੱਖ ਪਤਾ ਸੀ ਕਿ ਉਹ ਉਸ ਭਾਰੀ ਤੇ ਹਥਿਆਰਬੰਦ ਫ਼ੌਜ ਨੂੰ ਰੋਕ ਨਹੀਂ ਸਕਣਗੇ। ਉਹ ਇਹ ਵੀ ਜਾਣਦੇ ਸਨ ਕਿ ਜਰਵਾਣਿਆਂ ਦੇ ਪਹੁੰਚਣ ਤੋਂ ਪਹਿਲਾਂ, ਜੇ ਉਹ ਦਰਬਾਰ ਸਾਹਿਬ ਤੋਂ ਨਿਕਲ ਕੇ ਆਲੇ-ਦੁਆਲੇ ਝਾੜਾਂ ਵਿਚ ਰਲ-ਛੁਪ ਜਾਣਗੇ ਤਾਂ ਆਪਣੀਆਂ ਜਾਨਾਂ ਬਚਾ ਸਕਣਗੇ। ਪਰ ਉਨ੍ਹਾਂ ਦਾ ਮੰਤਵ ਤੇ ਕਰਤੱਵ ਆਪਣੀਆਂ ਜਾਨਾਂ ਬਚਾਉਣੀਆਂ ਜਾਂ ਉਸ ਫ਼ੌਜ ਨੂੰ ਰੋਕਣਾ ਨਹੀਂ ਸੀ। ਉਹ ਤਾਂ ਮਾਨੋ ਇਹ ਗੱਲ ਤਨੋ-ਮਨੋ ਸਮਝ ਚੁਕੇ ਸਨ ਕਿ ਉਨ੍ਹਾਂ ਨੂੰ ਉਹ ਸੁਭਾਗ ਸਮਾਂ ਮਸਾਂ ਕਿਤੇ ਚੰਗੇ ਭਾਗਾਂ ਨਾਲ ਪਰਾਪਤ ਹੋਇਆ ਸੀ। ਉਨ੍ਹਾਂ ਦੇ ਹਿਰਦਿਆਂ ਵਿਚ ਤਾਂ ਇਸ ਗੱਲ ਦਾ ਨਿਸਚੇ-ਭਰਿਆ ਚਾਅ ਅਤੇ 'ਚੜ੍ਹਦੀ ਕਲਾ' ਦਾ ਜਲੌ ਲਹਿਰੇ ਲੈ ਰਿਹਾ ਸੀ ਕਿ ਉਨ੍ਹਾਂ ਨੇ ਦਰਬਾਰ ਸਾਹਿਬ ਦੀ ਸੇਵਾ ਤੇ ਰਾਖੀ ਕਰਦਿਆਂ ਹੀ ਸ਼ਹੀਦ ਹੋਣਾ ਹੈ ਅਤੇ ਫ਼ੌਰਨ ਸਤਿਗੁਰੂ ਜੀ ਦੇ ਹਜ਼ੂਰ ਜਾ ਪਹੁੰਚਣਾ ਹੈ। ਇਸੇ ਦਰਦਨਾਕ ਪਰ ਹੋਣੀਆਂ-ਭਰਪੂਰ ਤੇ ਮਾਣਕਰਨਯੋਗ ਸਾਕੇ ਨੂੰ ਵਰਨਣ ਕਰਦਿਆਂ, ਭਾਈ ਰਤਨ ਸਿੰਘ ਭੰਗੂ ਨੇ, ਪਹਿਲ- ਹੱਥੀ ਜਾਣਕਾਰੀ ਦੇ ਆਧਾਰ 'ਤੇ, ਲਿਖਿਆ ਹੈ:

ਗਿਲਜਨ ਸਾਜ ਯੌਂ ਮਾਰਨ ਕੀਓ, ਸਿੰਘਨ ਸਾਜ ਯੌਂ ਮਰਨੇ ਲੀਓ।
ਗਿਲਜਨ ਲੀਨੇ ਲੰਮੇ ਹੱਥਯਾਰ, ਤੀਰ ਬੰਦੂਕ ਕਰਾਬੀਨ ਸੁਧਾਰ।
ਸਿੰਘਨ ਨੇ ਤੋ ਫੜੇ ਹੱਥਯਾਰ, ਕਰਦ ਕਟਾਰੀ ਤੇਗ਼ ਨਮਸਕਾਰ।...
ਕਈ ਸਿੰਘ ਚੜ੍ਹ ਘੋੜਨ ਖਲੋਏ, ਔਰਨ ਔਗੇ ਔਰ ਚਹ ਹੋਏ।
ਆਪ ਬਿਚ ਥੇ ਕਰੇ ਕਰਾਰ, "ਤੁਹਿ ਤੇ ਅਗੈ ਮੈਂ ਹੋਗੁ ਸਿਧਾਰ।"
ਸ੍ਰੀ ਗੁਰਬਖ਼ਸ਼ ਸਿੰਘ ਜੁ, ਹੋਇ ਬਹਯੋ ਬੁੰਗੇ ਤਯਾਰ।
ਜਨੁ ਲਾੜਾ ਖ਼ੁਸ਼ੀਆਂ ਚਿਤੇ, ਸੁਨ ਸੁੰਦਰ ਬਹੁ ਮੁਟਿਆਰ।...
ਬਗਲ ਚੁਫੇਰਯੋਂ ਗਿਲਜਨ ਲਏ, 'ਖ਼ਿਜ਼ਨ' 'ਖ਼ਿਜ਼ਨ' ਕਹਿ ਸਭ ਹੀ ਧਏ।
ਨਿਹੰਗ ਸਿੰਘ ਤਬ ਕਹਯੋ ਪੁਕਾਰ; "ਹੋ ਸ਼ਹੀਦ ਪਗ ਅਗੀ ਧਾਰ।"..
ਸੁਨਤ ਸਿੰਘ ਕੁਦ ਪਏ ਚੁਫੇਰੇ, ਪਰੇ ਸਿੰਘ ਜਿਮ ਮਿਰਗਨ ਹੇਰੇ।
ਸਿੰਘਨ ਇੱਛਾ ਮਰਨੈ ਕੀ ਕਰੀ, ਜੀਵਨ ਆਸ ਦੂਰ ਕਰ ਧਰੀ।
ਨਿਹੰਗ ਕਹੈਂ, "ਪਗ ਆਗੀ ਧਾਰੋ, ਹੁਵੋ ਸ਼ਹੀਦ ਤਰ ਭਵਜਲ ਪਾਰੋ।"[8]

---

8. ਭੰਗੂ, ਭਾਈ ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ-1842, ਬੰਦ 50-60; ਸੰਪਾਦਿਤ ਛਾਪ, ਉਹੀ, ਪੰਨਾ 419.

ਅਬਦਾਲੀ ਦੇ ਉਸ ਸੱਤਵੇਂ ਤੇ ਆਖਰੀ ਹੱਲੇ (1764-65 ਈ.) ਵਿਚ ਖ਼ੁਦ ਸ਼ਾਮਲ ਮੌਕੇ ਦਾ ਗਵਾਹ, ਬਲੋਚ ਮੁਨਸਫ਼ ਤੇ ਬਿਰਤਾਂਤਕਾਰ, ਕਾਜ਼ੀ ਨੂਰ ਮੁਹੰਮਦ, ਲਿਖਦਾ ਹੈ : "ਜਦੋਂ ਸ਼ਾਹ (ਭਾਵ ਅਹਿਮਦ ਸ਼ਾਹ) ਚੱਕ (ਭਾਵ ਅੰਮ੍ਰਿਤਸਰ) ਪੁਜਾ, ਤਾਂ ਉਦੋਂ ਉਥੇ ਇਕ ਵੀ ਕਾਫ਼ਰ (ਭਾਵ ਸਿੱਖ) ਨਜ਼ਰ ਨਹੀਂ ਸੀ ਆ ਰਿਹਾ। ਪਰ ਉਨ੍ਹਾਂ ਵਿਚੋਂ ਕੁਝ ਕੁ ਬੰਦੇ ਇਕ ਵਲਗਣ (ਭਾਵ ਅਕਾਲ ਤਖ਼ਤ ਦੇ ਬੁੰਗੇ) ਵਿਚ ਮੌਜੂਦ ਸਨ, ਤਾਂ ਜੋ ਆਪਣਾ ਬਲੀਦਾਨ ਉਥੇ ਹੀ ਦੇ ਸਕਣ। ਤੇ ਉਨ੍ਹਾਂ ਨੇ ਆਪਣੀਆਂ ਜਾਨਾਂ ਆਪਣੇ ਗੁਰੂ ਲਈ ਉਥੇ ਹੀ ਵਾਰ ਦਿੱਤੀਆਂ। ਪ੍ਰਸਿੱਧ ਬਾਦਸ਼ਾਹ ਤੇ ਉਸ ਦੀ ਇਸਲਾਮੀ ਫ਼ੌਜ ਨੂੰ ਉਨ੍ਹਾਂ ਨੇ ਜਦੋਂ ਉਧਰ ਆਉਂਦੇ ਵੇਖਿਆ ਤਾਂ ਉਹ ਉਸ ਵਲਗਣ ਵਿਚੋਂ ਫ਼ੌਰਨ ਬਾਹਰ ਨਿਕਲ ਆਏ। ਉਹ ਗਿਣਤੀ ਵਿਚ ਕੇਵਲ ਤੀਹ ਸਨ ਪਰ ਉਨ੍ਹਾਂ ਵਿਚ ਰਾਈ ਜਿੰਨਾ ਵੀ ਖ਼ੌਫ਼ ਨਹੀਂ ਸੀ। ਉਨ੍ਹਾਂ ਨੂੰ ਨਾ ਕਤਲ ਹੋਣ ਦਾ ਭੈ ਸੀ ਤੇ ਨਾ ਹੀ ਮੌਤ ਦਾ ਡਰ। ਬਾਹਰ ਨਿਕਲਦਿਆਂ ਹੀ, ਉਹ ਸਾਰੇ ਦੇ ਸਾਰੇ ਸਿੱਖ ਉਥੇ ਹੀ ਮਾਰ ਦਿੱਤੇ ਗਏ ਸਨ।"[9]

(2) ਜੇ ਚਮਕੌਰ ਦੇ ਉਪਰੋਕਤ ਯੁੱਧ ਵਿਚ ਲੱਖਾਂ ਮੁਗ਼ਲ ਫ਼ੌਜੀਆਂ ਦਾ ਮੁਕਾਬਲਾ ਕੇਵਲ ਚਾਲੀ ਸਿੰਘਾਂ ਨੂੰ ਕਰਨਾ ਪਿਆ ਸੀ ਅਤੇ ਅੰਮ੍ਰਿਤਸਰ ਦੇ ਉਪਰੋਕਤ ਸਾਕੇ ਵਿਚ ਹਜ਼ਾਰਾਂ ਪਠਾਣ ਧਾੜਵੀਆਂ ਨਾਲ ਉਜਿਹੀ ਟੱਕਰ ਸਿਰਫ਼ 31 ਸਿੰਘਾਂ ਨੂੰ ਹੀ ਲੈਣੀ ਪਈ ਸੀ, ਤਾਂ ਉਨ੍ਹੀਵੀਂ ਸਦੀ ਵਿਚ ਹੋਇਆ ਇਕ ਉਜਿਹਾ ਟਾਕਰਾ ਕਰਨ ਲਈ ਸਿਰਫ਼ 22 ਸਿੰਘ ਹੀ ਮੌਜੂਦ ਸਨ ਜੋ ਆਖਰੀ ਦਮ ਤਕ ਉਥੇ ਡੱਟੇ ਰਹੇ ਸਨ ਅਤੇ ਸਿੱਖ ਸਤਿਗੁਰਾਂ ਦੀ ਬਖ਼ਸ਼ੀ ਹੋਈ ਉਸ ਅਦੁੱਤੀ ਸਪਿਰਿਟ, ਭਾਵ 'ਚੜ੍ਹਦੀ ਕਲਾ' ਵਾਲੀ ਸਪਿਰਿਟ, ਨੂੰ ਹੋਰ ਚੰਦ ਲਾ ਗਏ ਸਨ।

ਇਹ ਸੰਸਾਰ-ਪ੍ਰਸਿੱਧ ਟਾਕਰਾ 12 ਸਤੰਬਰ 1897 ਨੂੰ ਸੂਬਾ ਸਰਹੱਦ ਦੇ ਸਮਨ ਰੇਂਜ ਉੱਤੇ ਕਾਇਮ ਸਾਰਾਗੜ੍ਹੀ ਨਾਂ ਦੀ ਫ਼ੌਜੀ ਪਿਕਿਟ ਉੱਤੇ ਹੋਇਆ ਸੀ ਅਤੇ ਇਤਿਹਾਸ ਵਿਚ ਇਹ 'ਸਾਕਾ ਸਾਰਾਗੜ੍ਹੀ' (Saga of Saragarhi) ਕਰਕੇ ਮਸ਼ਹੂਰ ਹੈ। ਹਿੰਦੁਸਤਾਨ ਦੀ ਬਰਤਾਨਵੀ ਸਰਕਾਰ ਵਲੋਂ ਉਥੇ ਨਿਯਤ 36 ਵੀਂ ਸਿੱਖ ਰਜਮੈਂਟ ਦੀ ਸੈਨਕ ਟੁਕੜੀ ਦੇ ਉਦੋਂ ਹਾਜ਼ਰ ਕੇਵਲ 22 ਸਿੰਘਾਂ ਨੂੰ ਜਦੋਂ 25 ਕੁ ਹਜ਼ਾਰ ਕਬਾਇਲੀਆਂ ਨੇ ਘੇਰ ਲਿਆ ਸੀ ਤਾਂ ਉਹ ਸਾਰੇ-ਦੇ-ਸਾਰੇ ਸਤਿਗੁਰਾਂ ਦੀ ਬਖ਼ਸ਼ੀ ਹੋਈ ਉਸੇ 'ਚੜ੍ਹਦੀ ਕਲਾ' ਦਾ ਸਬੂਤ ਦੇਂਦਿਆਂ ਅਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਂਦਿਆਂ ਸਿਰ-ਧੜ ਦੀ ਬਾਜ਼ੀ ਲਾ ਕੇ, ਮੁਕਾਬਲੇ ਲਈ ਉਵੇਂ ਹੀ ਡਟ ਗਏ ਸਨ। ਇਤਿਹਾਸ ਸ਼ਾਹਿਦ ਹੈ ਕਿ ਉਨ੍ਹਾਂ ਵਿਚੋਂ ਵੀ ਕਿਸੇ ਇਕ ਨੇ ਵੀ ਈਨ ਨਹੀਂ ਮੰਨੀ ਸੀ , ਕਿਸੇ ਇਕ ਨੇ ਵੀ ਹਥਿਆਰ ਨਹੀਂ ਸੁਟੇ ਸਨ। ਉਨ੍ਹਾਂ ਨੇ ਤਾਂ ਸਾਹਮਣੇ ਖੜੀ "ਮੌਤ ਨਾਲ ਮਖ਼ੌਲਾਂ" ਕਰਦਿਆਂ ਅਤੇ ਹਵਾਲਦਾਰ ਈਸ਼ਰ ਸਿੰਘ ਦੀ ਕਮਾਨ ਹੇਠ, ਬੜੀ ਬੇਗਰਜ਼ੀ ਤੇ ਜਵਾਂਮਰਦੀ ਨਾਲ ਕਲ-ਮੁਕੱਲੇ ਜੂਝਦਿਆਂ, ਇਕ-ਇਕ ਕਰਕੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਉਨ੍ਹਾਂ ਦੀ ਅਜਿਹੀ ਦਲੇਰੀ ਤੇ ਬਹਾਦਰੀ, ਵਫ਼ਾਦਾਰੀ ਤੇ ਫ਼ਰਜ਼-ਅਦਾਇਗੀ ਅਤੇ ਬੇਮਿਸਾਲ ਕੁਰਬਾਨੀ ਇਕ ਜਗਤੀ ਮਿਸਾਲ ਬਣ ਗਈ ਸੀ।

ਬਰਤਾਨਵੀ ਸਰਕਾਰ ਨੇ ਉਨ੍ਹਾਂ ਸਾਰਿਆਂ ਨੂੰ ਮਰਨ-ਉਪਰੰਤ ਸੂਰਬੀਰਤਾ ਲਈ ਉਦੋਂ ਨਿਯਤ ਉੱਚਤਮ ਪੁਰਸਕਾਰ (ਅਜਕਲ ਦੇ ਵਿਕਟੋਰੀਆ ਕ੍ਰਾਸ ਤੇ ਪਰਮਵੀਰ ਚੱਕਰ ਦੇ ਪਾਏ ਦਾ) ਨਾਲ ਸਨਮਾਨਿਆ ਸੀ ਅਤੇ ਉਨ੍ਹਾਂ ਦੇ ਵਾਰਿਸਾਂ ਨੂੰ ਨਕਦ ਰਕਮਾਂ ਤੇ ਮੁੱਰਬਿਆਂ ਨਾਲ ਵੀ ਇਨਾਮਿਆ ਸੀ। ਇਸ ਸਾਕੇ ਦੀ ਖ਼ਬਰ ਜਦੋਂ ਲੰਡਨ ਪਹੁੰਚੀ ਸੀ ਤਾਂ ਬਰਤਾਨਵੀ ਪਾਰਲੀਮੈਂਟ ਨੇ ਉਸ ਦਾ ਬਿਰਤਾਂਤ ਸੁਣਨ ਉਪਰੰਤ, ਖੜੇ ਹੋ ਕੇ ਉਨ੍ਹਾਂ ਦੀ ਜੈ ਜੈ ਕਾਰ ਕੀਤੀ ਸੀ ਤੇ ਸਨਮਾਨਿਆ ਵੀ ਸੀ। ਇਹ ਵੀ ਇਕ ਹਕੀਕਤ ਹੈ ਕਿ Valour and spirit of supreme

---

9. ਨੂਰ ਮੁਹੰਮਦ, ਜੰਗਨਾਮਾ, ਉਹੀ, ਕਾਂਡ ਨੰ . 25, ਪੰਨੇ 35 ਤੇ 100.

sacrifice displayed by Saragarhi heroes has inspired generations of soldiers at home and abroad. For its unique significance, UNESCO has chosen Saragarhi as one of the eight stories of collective bravery for publication. A foreign historian has mentioned that Saragarhi battle is one of the five most significant events of its kind in the world beginning from the saga of Thermopylae—the most heroic stand by a small Greek force against the mighty Persian army in 480 B.C. The story of Saragarhi is taught to school children in France.[10] ਅਰਥਾਤ, "ਸਾਰਾਗੜ੍ਹੀ ਦੇ ਉਨ੍ਹਾਂ ਸਿਰਲੱਥ ਨਾਇਕਾਂ ਦੀ ਬਹਾਦਰੀ ਤੇ ਜਾਂਨਿਸਾਰੀ ਨੇ ਕੇਵਲ ਬਰਤਾਨਵੀ ਫ਼ੌਜ ਹੀ ਨਹੀਂ, ਦੇਸ ਤੇ ਪਰਦੇਸ ਦੇ ਫ਼ੌਜੀਆਂ ਦੀਆਂ ਕਈ ਪੁਸ਼ਤਾਂ ਨੂੰ ਉਭਾਰਿਆ ਸੀ। ਉਨ੍ਹਾਂ ਦੀ ਉਸ ਵੀਰ-ਗਾਥਾ ਦੀ ਅਦੁੱਤੀ ਮਹੱਤਾ ਨੂੰ ਮੁੱਖ ਰਖਦਿਆਂ, ਯੂਨੈਸਕੋ ਨੇ ਸਾਂਝੀ ਸੂਰਬੀਰਤਾ ਦੀਆਂ ਅਜਿਹੀਆਂ ਸਤ ਹੋਰ ਸੰਸਾਰ-ਪ੍ਰਸਿੱਧ ਕਹਾਣੀਆਂ ਵਿਚ ਇਸ ਨੂੰ ਸ਼ਾਮਲ ਕੀਤਾ ਹੋਇਆ ਹੈ। ਇਕ ਬਦੇਸ਼ੀ ਇਤਿਹਾਸਕਾਰ ਨੇ ਇਸ ਨੂੰ ਸੰਸਾਰ ਦੇ ਹੁਣ ਤਕ ਵਾਪਰੇ ਸਭ ਤੋਂ ਵਧ ਮਹੱਤਪੂਰਤ ਪੰਜ ਸਾਕਿਆਂ ਵਿਚ ਗਿਣਿਆ ਹੈ।... ਇਸ ਸਾਕੇ ਦੀ ਕਹਾਣੀ ਫ਼ਰਾਂਸ ਦੇ ਸਕੂਲਾਂ ਵਿਚ ਬੱਚਿਆਂ ਨੂੰ ਹੁਣ ਤਕ ਪੜ੍ਹਾਈ ਜਾ ਰਹੀ ਹੈ"।[10]

ਇਸ ਵੀਰਗਾਥਾ ਦਾ ਚਰਚਾ ਸਾਰੀ ਦੁਨੀਆ ਵਿਚ ਇਨਾ ਹੋਇਆ ਸੀ ਕਿ ਹਿੰਦੁਸਤਾਨ ਦੇ ਇਕ ਰੋਜ਼ਾਨਾ ਕੌਮੀ ਅਖ਼ਬਾਰ, ਲਖਨਊ ਤੋਂ ਹੁਣ ਤਕ ਛਪ ਰਹੇ *Pioneer* ('ਪਾਇਓਨੀਅਰ'), ਦੀ ਅਪੀਲ 'ਤੇ ਇੱਕਠੀ ਹੋਈ ਭਾਰੀ ਰਕਮ ਨਾਲ ਅੰਮ੍ਰਿਤਸਰ ਤੇ ਫ਼ੀਰੋਜ਼ਪੁਰ ਵਿਖੇ, ਇਸ ਸਾਕੇ ਦੀ ਯਾਦ ਵਿਚ, ਦੋ ਸ਼ਾਨਦਾਰ ਗੁਰਦੁਆਰੇ ਉਸਾਰੇ ਗਏ ਸਨ ਜਿਨ੍ਹਾਂ ਵਿਚ ਉਸ ਦੀ ਯਾਦ, ਸਾਲਾਨਾ ਸਮਾਗਮਾਂ ਰਾਹੀਂ, ਹਰ ਵਰ੍ਹੇ ਤਾਜ਼ਾ ਕਰਵਾਈ ਜਾਂਦੀ ਹੈ। ਅੰਮ੍ਰਿਤਸਰ ਦੀ ਕੋਤਵਾਲੀ ਲਾਗੇ ਸਥਿਤ ਸਥਾਨ ਵਿਚ ਲਗੀ ਹੋਈ ਯਾਦਗਾਰੀ ਪੱਟੀ ਦੀ ਇਬਾਰਤ ਇਉਂ ਮੁਕੀ ਹੋਈ ਹੈ: These gallant soldiers, fighting against overwhelming numbers... gloriously maintaining the reputation of the Sikhs for unflinching courage on the field of battle. ਅਰਥਾਤ, "ਇਨ੍ਹਾਂ ਦੂਲੇ ਤੇ ਜਾਨਬਾਜ਼ ਸਿਪਾਹੀਆਂ ਨੇ ਹੱਦੋਂ ਵਧ ਵੈਰੀਆਂ ਨਾਲ ਟੱਕਰ ਲੈਂਦਿਆਂ ਤੇ ਆਪਣੀਆਂ ਜਾਨਾਂ ਘੋਲ-ਘੁਮਾਂਦਿਆਂ, ਸਿੱਖਾਂ ਦੀ ਰਣਭੂਮੀ ਵਿਚ ਅਝੁੱਕ ਦਲੇਰੀ ਵਾਲੀ ਸਾਖ ਤੇ ਕੀਰਤੀ ਨੂੰ ਬੜੀ ਆਨ ਤੇ ਸ਼ਾਨ ਨਾਲ ਬਰਕਰਾਰ ਰਖਿਆ ਸੀ।" ਉਨ੍ਹਾਂ ਸੂਰਬੀਰਾਂ ਦੇ ਸ਼ਹੀਦੀ-ਸਥਾਨ ਲਾਗੇ ਵੀ ਇਕ ਚੌਨੁਕਰਾ ਮੀਨਾਰ ਅਤੇ ਇਕ ਟਿੱਲਾ ਵੀ ਉਸਾਰਿਆ ਗਿਆ ਸੀ। ਇਹ ਦੋਵੇਂ ਉਥੇ ਅਜੇ ਤਕ ਕਾਇਮ ਹਨ। ਮੇਜਰ ਜਰਨਲ ਈਲੀਅਟ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ: After Pakistan came into being in August 1947, Orkzai tribesmen wanted the memorial at Fort Lockhart to be removed. 'Let it stand', they were told, 'for, if those Sikhs had not been there, you would probably today be a part of Afghanistan.' And that apparently clinched the matter." This memorial is now being looked after by the Pakistan Government.[10] ਅਰਥਾਤ, "ਅਗਸਤ 1947 ਵਿਚ ਜਦੋਂ ਪਾਕਿਸਤਾਨ

---

10. ਵੇਖੋ: Barthrop, Michael, *The Frontier Ablaze : The North-West Frontier Rising, London-1996;* Zakir Hussain, Dr., *Saragarhi Speech,* dated 12 September 1961; *The Sikh Review,* Calcutta - September, 1997, pp. 30, 38-42; *The Tribune,* Chandigarh, dated 28 December, 1998.

ਦੀ ਸਥਾਪਨਾ ਹੋਈ ਸੀ ਤਾਂ ਉਥੋਂ ਦੇ ਓਰਕਜ਼ਈ ਕਬਾਇਲੀਆਂ ਨੇ ਉਹ ਯਾਦਗਾਰਾਂ ਉਥੋਂ ਹਟਾਣੀਆਂ ਚਾਹੀਆਂ ਸਨ। ਉਨ੍ਹਾਂ ਨੂੰ ਇਹ ਉਥੇ ਹੀ ਕਾਇਮ ਰਖਣ ਲਈ ਉਦੋਂ ਇਹ ਦਸਿਆ ਗਿਆ ਸੀ : 'ਜੇ ਉਹ ਸਿੱਖ ਉਦੋਂ ਉਥੇ ਮੌਜੂਦ ਨਾ ਹੁੰਦੇ ਅਤੇ ਇਸ ਦੀ ਰੱਖਿਆ ਲਈ ਆਪਣੀਆਂ ਜਾਨਾਂ ਨਿਛਾਵਰ ਨਾ ਕਰ ਦੇਂਦੇ, ਤਾਂ ਤੁਸੀਂ ਹੁਣ (ਪਾਕਿਸਤਾਨ ਦੀ ਥਾਂ) ਸੌ ਵਿਸਵੇ ਅਫ਼ਗਾਨਿਸਤਾਨ ਦਾ ਭਾਗ ਬਣੇ ਹੋਏ ਹੁੰਦੇ।' ਇਸ ਦੱਸ ਤੇ ਸਮਝਾਉਣੀ ਨੇ ਉਸ ਮਾਮਲੇ ਨੂੰ ਉਥੇ ਹੀ ਠੱਪ ਦਿੱਤਾ ਸੀ।" ਇਸੇ ਲਈ ਉਸ ਯਾਦਗਾਰ ਦੀ ਰਾਖੀ ਹੁਣ ਖ਼ੁਦ ਪਾਕਿਸਤਾਨ ਦੀ ਸਰਕਾਰ ਕਰ ਰਹੀ ਹੈ।[10]

5

ਦੁਨੀਆ ਅਜਿਹੀ ਬੇਜੋੜ ਤੇ ਪ੍ਰਚੰਡ 'ਚੜ੍ਹਦੀ ਕਲਾ' ਦੇ ਅਜਿਹੇ ਕਈ ਚਮਤਕਾਰ ਤੇ ਕਾਰਨਾਮੇ ਅਜੋਕੀ, ਭਾਵ ਵੀਹਵੀਂ, ਸਦੀ ਵਿਚ ਵੀ ਵੇਖਦੀ ਅਤੇ ਉਵੇਂ ਹੀ ਹੈਰਾਨੀ-ਭਰੀ ਖ਼ੁਸ਼ੀ ਨਾਲ ਸਲਾਹੁੰਦੀ ਰਹੀ ਹੈ।

ਇਨ੍ਹਾਂ ਦਾ ਸਿਲਸਲਾ ਤਾਂ ਸੰਨ 1849 ਵਿਚ 'ਸਰਕਾਰ ਖ਼ਾਲਸਾ ਉਤੇ ਅੰਗਰੇਜ਼ੀ ਕਬਜ਼ਾ ਹੋ ਜਾਂਦਿਆਂ ਹੀ ਸ਼ੁਰੂ ਹੋ ਗਿਆ ਸੀ। ਅੰਗਰੇਜ਼ਾਂ ਨੂੰ ਬਾਕੀ ਸਾਰੇ ਹਿੰਦੁਸਤਾਨ ਉਤੇ ਕਾਬਜ਼ ਹੋਣ ਲਈ ਉਜਿਹਾ ਜ਼ਬਰਦਸਤ ਟਾਕਰਾ ਹੋਰ ਕਿਤੇ ਵੀ ਨਹੀਂ ਕਰਨਾ ਪਿਆ ਸੀ ਜਿਹੋ-ਜਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਜੇ-ਸਾਜੇ ਖ਼ਾਲਸੇ ਤੋਂ ਪੰਜਾਬ ਖੋਹਣ ਲਈ ਕਰਨਾ ਪਿਆ ਸੀ।[11] ਸੰਨ 1845-46 ਵਿਚ ਉਨ੍ਹਾਂ ਨਾਲ ਹੋਈ ਪਹਿਲੀ ਲੜਾਈ ਦਾ ਜ਼ਿਕਰ ਕਰਦਿਆਂ, ਉਸ ਨੂੰ ਇਕੱਲੇ ਪੰਜਾਬ ਅਤੇ ਸਮੁੱਚੇ ਹਿੰਦੁਸਤਾਨ ਵਿਚਾਲੇ ਹੋਇਆ ਇਕ ਭਾਰੀ ਜੰਗ ਦਸਦਿਆਂ, ਅਤੇ ਉਸ ਲਈ ਖ਼ਾਲਸੇ ਦੀ ਚੜ੍ਹਤਲ, 'ਚੜ੍ਹਦੀ ਕਲਾ' ਤੇ ਮਾਰੀਆਂ ਮੱਲਾਂ ਵਲ ਧਿਆਨ ਦੁਆਂਦਿਆਂ, ਉਸ ਤੋਂ ਛੇਤੀ ਬਾਅਦ, ਸਮਕਾਲੀ ਕੌਮੀ ਕਵੀ, ਸੱਯਦ ਸ਼ਾਹ ਮੁਹੰਮਦ (1782-1862 ਈ.) ਨੇ ਇਹ ਜੋ ਉਦੋਂ ਲਿਖਿਆ ਸੀ, ਇਕ ਹਕੀਕਤ ਦਾ ਹੀ ਬੜਾ ਰੌਚਕ ਤੇ ਗੌਰਵਸ਼ਾਲੀ ਬਿਆਨ ਹੈ :

(1). ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।.....

(2). ਚਲੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨ ਅਟਕਣਾ ਈ,
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।...

---

11. ਉਨ੍ਹਾਂ ਦੇ ਗਵਰਨਰ-ਜਨਰਲ, ਲਾਰਡ ਹਾਰਡਿੰਗ, ਸਬੰਧਿਤ ਜਰਨੈਲਾਂ ਅਤੇ ਹੋਰ ਕਰਮਚਾਰੀਆਂ ਦੇ ਲਿਖਤੀ ਬਿਆਨਾਂ ਅਨੁਸਾਰ, ਉਹ ਤਾਂ ਪਹਿਲੀ ਲੜਾਈ ਦੌਰਾਨ ਹੀ ਇਤਨੇ ਹੈਰਾਨ, ਪਰੇਸ਼ਾਨ ਤੇ ਹਾਰ-ਹੁੱਟ ਗਏ ਸਨ ਕਿ ਆਪਣੀ ਹਾਰ ਮੰਨ ਲੈਣ ਤੇ ਹਥਿਆਰ ਸੁਟ ਦੇਣ ਦੇ ਇਰਾਦੇ ਵੀ ਬਣਾ ਚੁਕੇ ਸਨ। ਉਹ ਇਤਨੇ ਭੈਭੀਤ ਅਤੇ ਇਸ ਸੰਭਾਵਨਾ ਨੂੰ ਮੁੱਖ ਰਖਦਿਆਂ ਇਤਨੇ ਫ਼ਿਕਰਮੰਦ ਵੀ ਹੋ ਗਏ ਸਨ ਕਿ ਪੰਜਾਬ ਖੋਂਹਦਿਆਂ ਖੋਂਹਦਿਆਂ ਕਿਤੇ ਫ਼ਤਹਿ ਕੀਤਾ ਹੋਇਆ ਬਾਕੀ ਦਾ ਹਿੰਦੁਸਤਾਨ ਹੀ ਨਾ ਖੁਹਾ ਬੈਠਣ। ਵੇਖੋ : Cust, Robert, *Linguistic and Oriental Essays*, Vol. VI. London-1906, p. 48; Knollys, Col. H. (ed.), *Life of General Sir Hope Grant*, London-1894, Vol. I, pp. 58-59; Moor Smith, G.C., *The Autobiography of Lt. Genl. Sir Harry Smith*, London, 1900-02, Vol.II, pp.162-63.

(3). ਜੰਗ ਹਿੰਦ ਪੰਜਾਬ ਦਾ ਹੋਣ ਲਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅਜ ਹੋਏ ਸਰਕਾਰ ਤਾਂ ਮੁੱਲ ਪਾਵੇ,
ਜੇਹੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।....

(4). ...ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਲਿੰਬੂਆਂ ਲਹੂ ਨਿਚੋੜ ਸੁਟੇ।[12]

ਇਸੇ ਲਈ ਦੂਜੀ, ਭਾਵ ਸੰਨ 1848 ਵਾਲੀ, ਲੜਾਈ ਜਿੱਤਦਿਆਂ ਹੀ ਅੰਗਰੇਜ਼ਾਂ ਨੇ ਖ਼ਾਲਸੇ ਦਾ ਮੱਚ ਮਾਰਨ, ਉਸ ਦੀ ਟੈਂ ਭੰਨਣ, ਉਸ ਦੀ ਆਨ-ਸ਼ਾਨ ਮਸਲਣ, ਅਤੇ ਉਸ ਪਿਛੇ ਕੰਮ ਕਰ ਰਹੀ ਇਸ ਅਦੁੱਤੀ ਸਪਿਰਿਟ ਨੂੰ ਕੁਚਲ ਦੇਣ ਲਈ ਮਾਨੋ ਲੱਕ ਹੀ ਬੰਨ੍ਹ ਲਿਆ ਸੀ। ਇਸੇ ਬੇਮਿਸਾਲ ਸਪਿਰਿਟ ਵਲ ਇਸ਼ਾਰਾ ਕਰਦਿਆਂ, ਉਸ ਯੁੱਧ ਵਿਚ ਸ਼ਾਮਲ ਕੈਪਟਨ ਕਨਿੰਘਮ ਨੇ ਉਸ ਤੋਂ ਦੋ ਕੁ ਸਾਲ ਬਾਅਦ ਹੀ ਲਿਖਿਆ ਸੀ :No Sikh offered to submit and no son of Gobind asked for quarter.[13] ਅਰਥਾਤ, "ਕਿਸੇ ਇਕ ਸਿੱਖ ਨੇ ਵੀ ਆਪਣੇ ਆਪ ਨੂੰ ਅਧੀਨਤਾ ਲਈ ਪੇਸ਼ ਨਹੀਂ ਕੀਤਾ ਸੀ ਅਤੇ (ਗੁਰੂ) ਗੋਬਿੰਦ (ਸਿੰਘ) ਦੇ ਕਿਸੇ ਵੀ ਬੇਟੇ (ਭਾਵ ਸਿੰਘ) ਨੇ ਸਾਡੀ ਸ਼ਰਨ ਨਹੀਂ ਮੰਗੀ ਸੀ।"[13]

ਅੰਗਰੇਜ਼ ਹਾਕਮ ਜਿਉਂ-ਜਿਉਂ ਸ਼ਿਕੰਜਾ ਕਸਦੇ ਗਏ ਸਨ, ਖ਼ਾਲਸੇ ਦੀ ਇਹ ਸਪਿਰਿਟ ਤਿਉਂ-ਤਿਉਂ ਮਘਦੀ ਤੇ ਦਮਕਦੀ ਗਈ ਸੀ ; ਅਤੇ ਸਮੇਂ -ਸਮੇਂ ਕਈ ਸ਼ਕਤੀਸ਼ਾਲੀ ਲਹਿਰਾਂ—ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਕਿਰਤੀ-ਕਿਸਾਨ ਲਹਿਰ, ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਆਜ਼ਾਦ ਹਿੰਦ ਲਹਿਰ, ਇਤਿਆਦਿ—ਦੇ ਰੂਪ ਵਿਚ ਪ੍ਰਜਵੱਲਤ ਹੁੰਦੀ ਰਹੀ ਸੀ।[14] ਇਨ੍ਹਾਂ ਲਹਿਰਾਂ ਦੇ ਮੁੱਖ ਮੰਤਵ ਗੁਰੂ ਦੇ ਸਿੱਖਾਂ ਨੂੰ ਆਪਣੀਆਂ ਪਰੰਪਰਾਵਾਂ ਤੇ ਮਾਨਤਾਵਾਂ ਚੇਤੇ ਕਰਾਉਣੀਆਂ, ਆਪਣੇ ਨਿਸਚੇ ਤੇ ਵਿਸ਼ਵਾਸ਼ ਦ੍ਰਿੜ੍ਹ ਕਰਾਉਣੇ , ਆਪਣੇ ਗੁਰਧਾਮਾਂ ਦੀ ਰੱਖਿਆ ਤੇ ਸੰਭਾਲ ਕਰਨੀ, ਗੁਰਮਤਿ ਨੂੰ ਵਿਰੋਧੀ ਮਤਾਂ ਦੇ ਹੱਲਿਆਂ ਤੋਂ ਬਚਾਉਣਾ, ਹਿੰਦੁਸਤਾਨ ਨੂੰ ਅੰਗਰੇਜ਼ੀ ਜੁੱਲੇ ਤੋਂ ਛੁਡਾਉਣਾ ਅਤੇ ਮਨੁੱਖਤਾ ਦੀ ਸੇਵਾ ਤੇ ਉਸ ਦੇ ਹੱਕਾਂ ਦੀ ਰਾਖੀ ਕਰਨਾ, ਇਤਿਆਦਿ ਸਨ। ਅਜਿਹੇ ਮਹਾਨ ਤੇ ਵਿਆਪਕ ਮੰਤਵਾਂ ਦੀ ਪੂਰਤੀ ਲਈ ਸਮੇਂ - ਸਮੇਂ ਜੋ ਮੋਰਚੇ ਲਾਏ ਗਏ, ਜੋ ਤਸੀਹੇ ਝਲੇ ਗਏ ਅਤੇ ਜਾਨ-ਮਾਲ ਦੀਆਂ ਜੋ ਬੇਨਜ਼ੀਰ ਕੁਰਬਾਨੀਆਂ ਕੀਤੀਆਂ

---

12. ਸ਼ਾਹ ਮੁਹੰਮਦ, ਸੱਯਦ, ਜੰਗ ਸਿੰਘਾਂ ਤੇ ਫ਼ਰੰਗੀਆਂ, ਬੰਦ ਨੰ. 58, 63, 92 ਤੇ 90; ਸੰਪਾਦਿਤ ਵਲੋਂ ਪ੍ਰਿੰ .ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ, ਲੁਧਿਆਣਾ-1960, ਪੰ. 168,172,189 ਤੇ 187.
13. Cunningham, *History of the Sikhs,* op.cit., ch. IX, p. 284.
14. ਵਾਕਫ਼ੀ ਤੇ ਵੇਰਵੇ ਲਈ ਵੇਖੋ : ਅਸ਼ੋਕ, ਸ਼ਮਸ਼ੇਰ ਸਿੰਘ, **ਪੰਜਾਬ ਦੀਆਂ ਲਹਿਰਾਂ** (1850-1910) ਅੰਮ੍ਰਿਤਸਰ- 1954; Ganda Singh, Dr. (ed.), *The Singh Sabha Movement and the Other Socio-religious Movements in the Punjab (1850-1925),* Patiala 1984; Gulati, K.C. *The Akalis, Past and Present,* New Delhi-1974; Aulakh, Dr. Gurcharan Singh, *Babbar Akali Movement,* Zira -1993.

ਗਈਆਂ, ਉਹ ਇਸ ਸਪਿਰਿਟ ਦੇ ਕੇਵਲ ਜੀਉਂਦੇ ਹੋਣ ਦੇ ਹੀ ਨਹੀਂ, ਸਗੋਂ ਹੋਰ ਉੱਨਤ ਤੇ ਪਰਫੁੱਲਤ ਹੁੰਦੇ ਜਾਣ ਦੀ ਵੀ ਸਾਖ ਭਰਦੀਆਂ ਹਨ।

ਮਿਸਾਲ ਵਜੋਂ, ਇਸ ਵਿਰਾਟ 'ਹਵਨ' ਵਿਚ 'ਨਾਮਧਾਰੀ ਲਹਿਰ' ਨੇ ਜੋ 'ਅਹੂਤੀਆਂ' ਪਾਈਆਂ ਸਨ,ਉਨ੍ਹਾਂ ਵਿਚ ਮੁੱਖ ਤੌਰ ਤੇ ਉਨ੍ਹਾਂ 49 ਅਤੇ 16 ਮਰਜੀਵੜਿਆਂ ਦੀਆਂ ਸ਼ਹੀਦੀਆਂ ਵੀ ਸ਼ਾਮਲ ਸਨ ਜਿਨ੍ਹਾਂ ਨੂੰ ,ਕ੍ਰਮਵਾਰ, ਲੁਧਿਆਣੇ ਦੇ ਡਿਪਟੀ ਕਮਿਸ਼ਨਰ, ਮਿ.ਐਲ.ਕੋਵਨ, ਨੇ 17 ਜਨਵਰੀ 1872 ਨੂੰ ਅਤੇ ਅੰਬਾਲੇ ਦੇ ਕਮਿਸ਼ਨਰ, ਮਿ. ਡਗਲਸ ਫ਼ਾਰਸਾਈਥ, ਨੇ ਅਗਲੇ ਦਿਨ ਤੋਪਾਂ ਦੇ ਮੂੰਹਾਂ ਅਗੇ ਬੰਨ੍ਹ ਕੇ ਉਡਵਾ ਦਿੱਤਾ ਸੀ।[15]

ਸੰਨ 1915-16 ਦੌਰਾਨ, ਇਕ 'ਘਰ-ਦੇ-ਭੇਤੀ' ਦੀ ਗ਼ੱਦਾਰੀ ਕਾਰਨ, ਸ਼ਾਨਦਾਰ ਤੇ ਹੋਣੀਆਂ-ਭਰਪੂਰ 'ਗ਼ਦਰ ਲਹਿਰ' ਦੀ ਹੋਈ ਅਸਫ਼ਲਤਾ ਦੇ ਸਿੱਟੇ ਵਜੋਂ 17 ਗ਼ਦਰੀਆਂ ਨੂੰ ਫਾਂਸੀਆਂ, 24 ਨੂੰ ਮੌਤ ਦੀਆਂ ਸਜ਼ਾਵਾਂ ਅਤੇ ਬਹੁਤ ਸਾਰਿਆਂ ਨੂੰ ਉਮਰ-ਕੈਦਾਂ ਦਿੱਤੀਆਂ ਗਈਆਂ ਸਨ।[16] ਉਨ੍ਹਾਂ ਵਿਚੋਂ ਵੀ ਕਿਸੇ ਇਕ ਨੇ ਵੀ ਨਾ ਈਨ ਮੰਨੀ ਸੀ ਅਤੇ ਨਾ ਹੀ ਖ਼ਾਲਸੇ ਦੀ 'ਚੜ੍ਹਦੀ ਕਲਾ' ਦੀ ਸਪਿਰਿਟ ਨੂੰ ਕੋਈ ਦਾਗ਼ ਹੀ ਲਗਣ ਦਿੱਤਾ ਸੀ।

ਇਉਂ ਹੀ, ਇਸੇ ਸਪਿਰਿਟ ਤੋਂ ਪਰੇਰਿਤ ਹੋ ਉਠੀ 'ਗੁਰਦੁਆਰਾ ਸੁਧਾਰ ਲਹਿਰ' ਦੇ ਸਬੰਧ ਜੋ ਕੁਰਬਾਨੀਆਂ ਦਿੱਤੀਆਂ ਗਈਆਂ ਸਨ, ਉਨ੍ਹਾਂ ਵਿਚ ਲਗਪਗ 500 ਸਿੰਘਾਂ ਦੀਆਂ ਤਾਂ ਸ਼ਹੀਦੀਆਂ ਹੀ ਸ਼ਾਮਲ ਸਨ। ਉਨ੍ਹਾਂ ਤੋਂ ਇਲਾਵਾ, ਹੋਰ ਹਜ਼ਾਰਾਂ ਗੁਰਸਿੱਖਾਂ ਨੇ ਕੈਦਾਂ ਕਟੀਆਂ ਸਨ, ਲੱਖਾਂ ਰੁਪਿਆਂ ਦੇ ਜੁਰਮਾਨੇ ਭਰੇ ਸਨ ਅਤੇ ਕਈਆਂ ਨੇ ਜਾਇਦਾਦਾਂ ਵੀ ਜ਼ਬਤ ਕਰਵਾਈਆਂ ਸਨ। ਉਸ ਦੌਰਾਨ ਵੀ 'ਚੜ੍ਹਦੀ ਕਲਾ' ਦੇ ਇਕ ਨਵੇਂ ਤੇ ਅਨੂਠੇ ਪੱਖ ਦੇ ਜੋ ਅਦਭੁਤ ਤੇ ਮਾਣਕਰਨਯੋਗ ਚਮਤਕਾਰ ਵੇਖਣ ਵਿਚ ਆਏ ਸਨ, ਉਨ੍ਹਾਂ ਵਿਚੋਂ ਸਭ ਤੋਂ ਵਧ 'ਖ਼ੂਨੀ ਸਾਕਾ' ਇਸੇ ਸਪਿਰਿਟ ਦੇ ਸੰਚਾਲਕ, ਗੁਰੂ ਨਾਨਕ ਦੇਵ ਜੀ, ਦੇ ਪਾਵਨ ਜਨਮਸਥਾਨ, ਨਨਕਾਣਾ ਸਾਹਿਬ, ਵਿਖੇ 20 ਫ਼ਰਵਰੀ 1921 ਨੂੰ ਵਾਪਰਿਆ ਸੀ। ਇਸ ਵਿਚ 300 ਨਿਹੱਥੇ ਤੇ ਅਹਿੰਸਕ ਸਿੰਘ ਸ਼ਰਧਾਲੂਆਂ ਨੂੰ ਦਿਨ-ਦਿਹਾੜੇ ਛਵੀਆਂ ਤੇ ਬੰਦੂਕਾਂ ਨਾਲ ਮਰਵਾ ਕੇ ਅਤੇ ਮਿੱਟੀ ਦੇ ਤੇਲ ਨਾਲ ਸੜਵਾ ਕੇ ਸੁਆਹ ਕਰ ਦਿੱਤਾ ਗਿਆ ਸੀ। 'ਚੜ੍ਹਦੀ ਕਲਾ' ਦੇ ਇਸ ਨਵੇਕਲੇ ਚਮਤਕਾਰ ਦਾ ਹੈਰਾਨੀ ਤੇ ਸ਼ਲਾਘਾ-ਭਰਿਆ ਜ਼ਿਕਰ ਕਰਦਿਆਂ, ਪੰਜਾਬ ਕੇਸਰੀ ਲਾਲਾ ਲਾਜਪਤ ਰਾਏ, ਨੇ ਆਖਿਆ ਸੀ : As regards non-violence, with its attendant conception of self-sacrifice, they have given the most amazing proofs at Nankana Sahib ... and later at Ajnala and Amritsar. They have proved themselves worthy descendants of their Gurus; and the example they have set of self sacrifice, calm courage, devoid of swagger in the face of provocation, will be hard to beat.[17] ਅਰਥਾਤ, "ਜਿਥੋਂ ਤਕ ਅਹਿੰਸਾ ਅਤੇ ਉਸ ਨਾਲ ਸਬੰਧਿਤ ਕੁਰਬਾਨੀ ਦੇ ਅਨੁਭਵ ਦਾ ਤੁਅੱਲਕ ਹੈ,

---

15. ਵੇਖੋ: ਗੰਡਾ ਸਿੰਘ, ਡਾ., **ਕੂਕਿਆਂ ਦੀ ਵਿਥਿਆ** ਅੰਮ੍ਰਿਤਸਰ-1944; Ahluwalia, M.M., *Kukas, The Freedom Fighters of Panjab*, Bombay-1965.

16. Deol, G.S., *The Role of the Ghadar Party, the National Movement*, Ludhiana-1969, p.108; *The Sikh Sansar*, U.S.A., Canada, Vol. No.1, San Francisco, March -1973, p. 9; ਸ਼ਾਨ , ਡਾ.ਹਰਨਾਮ ਸਿੰਘ, **ਸੁਤੰਤਰਤਾ-ਸੰਗਰਾਮ ਦੀ ਪਹਿਲੀ ਅਤੇ ਅਦੁੱਤੀ ਲਹਿਰ : ਗ਼ਦਰ ਲਹਿਰ**, 'ਸੀਸ ਗੰਜ', ਨਵੀਂ ਦਿੱਲੀ - ਅਗਸਤ,1997, ਪੰ .13-17.

17. As quoted by Dr. Ganda Singh in his *A Brief Account of the Sikh People*, Redwood City-1974, p. 67.

ਸਿੱਖਾਂ ਨੇ ਨਨਕਾਣਾ ਸਾਹਿਬ...... ਅਤੇ ਉਸ ਤੋਂ ਬਾਅਦ ਅਜਨਾਲਾ ਤੇ ਅੰਮ੍ਰਿਤਸਰ ਵਿਖੇ, ਬੜੇ ਹੀ ਅਸਚਰਜ ਸਬੂਤ ਦਿੱਤੇ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਆਪਣੇ ਸਤਿਗੁਰਾਂ ਦੀ ਮਾਣਕਰਨਯੋਗ ਅੰਸ਼ ਸਿੱਧ ਕੀਤਾ ਹੈ ਅਤੇ ਬਿਨਾਂ ਕੋਈ ਫੜ੍ਹ ਜਾਂ ਡੀਂਗ ਮਾਰਦਿਆਂ, ਭਾਰੀ ਭੜਕਾਹਟ ਦੇ ਬਾਵਜੂਦ, ਕੁਰਬਾਨੀ ਤੇ ਸ਼ਾਂਤ-ਚਿਤ ਦਲੇਰੀ ਦੀਆਂ ਜੋ ਮਿਸਾਲਾਂ ਕਾਇਮ ਕੀਤੀਆਂ ਹਨ, ਉਨ੍ਹਾਂ ਨੂੰ ਮਾਤ ਕਰਨਾ ਅਤੀ ਕਠਨ ਹੋਵੇਗਾ।"[17]

ਉਸ ਲਹਿਰ ਵਿਚ ਵਿਦਤ ਹੋਈ 'ਚੜ੍ਹਦੀ ਕਲਾ' ਦੀ, ਇਸ ਪੱਖੋਂ , ਸਭ ਤੋਂ 'ਸੁਨਹਿਰੀ ਘਟਨਾ' ਉਹ ਸੀ ਜੋ 17 ਜਨਵਰੀ 1922 ਨੂੰ ਅੰਮ੍ਰਿਤਸਰ ਦੇ 'ਸੁਨਹਿਰੀ' ਮੰਦਰ, ਭਾਵ ਹਰਿਮੰਦਰ ਸਾਹਿਬ, ਵਿਖੇ ਵਾਪਰੀ ਸੀ। ਅੰਗਰੇਜ਼ ਸਰਕਾਰ ਨੇ 1921 ਦੇ ਨਵੰਬਰ ਵਿਚ ਦਰਬਾਰ ਸਾਹਿਬ ਦੀਆਂ ਚਾਬੀਆਂ ਕਾਬੂ ਕਰ ਲਈਆਂ ਸਨ ਅਤੇ ਸਿੱਖਾਂ ਨੇ ਉਸ ਦੇ ਨਾਜਾਇਜ਼ ਦਖ਼ਲ ਤੇ ਕਬਜ਼ੇ ਉਤੇ ਭਾਰੀ ਰੋਸ ਪਰਗਟ ਕਰਦਿਆਂ, ਸ਼ਾਂਤਮਈ ਮੋਰਚਾ ਲਾ ਦਿੱਤਾ ਸੀ। ਉਹ ਮੋਰਚਾ ਫਿਰ ਅਜਿਹਾ ਕਾਮਯਾਬ ਹੋਇਆ ਸੀ ਕਿ ਬਰਤਾਨਵੀ ਸਰਕਾਰ ਨੂੰ ਛੇਤੀ ਹੀ ਹਾਰ ਮੰਨਣੀ ਪੈ ਗਈ ਸੀ ਅਤੇ ਉਸ ਦੇ ਪ੍ਰਤਿਨਿਧ ਨੂੰ ਦਰਬਾਰ ਸਾਹਿਬ ਵਿਖੇ ਆਪ ਹਾਜ਼ਰ ਹੋ ਕੇ ਉਨ੍ਹਾਂ ਦੀਆਂ ਚਾਬੀਆਂ ਵਾਪਸ ਕਰਨੀਆਂ ਪਈਆਂ ਸਨ। ਇਸ ਜਿੱਤ ਦੀ ਅਤੇ ਇਸ ਨੂੰ ਪਰਾਪਤ ਕਰਨ ਲਈ ਵਰਤੀ ਗਈ 'ਚੜ੍ਹਦੀ ਕਲਾ' ਦੇ ਇਸ ਬੇਮਿਸਾਲ ਪੱਖ ਦੀ ਅਜਿਹੀ ਧੁੰਮ ਪਈ ਸੀ ਕਿ, ਹੋਰ ਤਾਂ ਹੋਰ, ਮਹਾਤਮਾ ਗਾਂਧੀ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦੋਂਕੇ ਪਰਧਾਨ, ਬਾਬਾ ਖੜਕ ਸਿੰਘ ਜੀ (1868-1963 ਈ.), ਨੂੰ ਭੇਜੀ ਮੁਬਾਰਕੀ ਤਾਰ ਰਾਹੀਂ ਆਖਿਆ ਸੀ : First Decisive Battle for India's Freedom Won. Congratulations ![18] ਅਰਥਾਤ, "ਹਿੰਦੁਸਤਾਨ ਦੀ ਆਜ਼ਾਦੀ ਲਈ ਪਹਿਲੀ ਫ਼ੈਸਲਾਕੁਨ ਲੜਾਈ ਜਿੱਤ ਲਈ ਗਈ ਹੈ। ਵਧਾਈਆਂ!"[18]

8 ਅਗਸਤ 1922 ਨੂੰ ਲਗੇ 'ਗੁਰੂ ਕਾ ਬਾਗ਼' ਮੋਰਚੇ ਨੇ ਤਾਂ ਮਾਨੋ ਸਾਰੇ ਹਿੰਦੁਸਤਾਨ ਨੂੰ ਹੀ ਹਿਲਾਅ-ਉਭਾਰ ਦਿੱਤਾ ਸੀ। ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ 'ਚੜ੍ਹਦੀ ਕਲਾ' ਨਾਲ ਵਰੋਸਾਏ ਸੂਰਬੀਰ ਸਿੰਘਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਕੇਵਲ ਗੁਰੂ ਤੇ ਵਾਹਿਗੁਰੂ ਨੂੰ ਹੀ ਚਿਤਾਰਦਿਆਂ, ਅਸਹਿ ਤੇ ਅਕਹਿ ਕਸ਼ਟ ਝਲਦਿਆਂ, ਅਤੇ ਸੰਪੂਰਨ ਸ਼ਾਂਤੀ ਤੇ ਸੁਹਿਰਦਤਾ ਦਾ ਸਬੂਤ ਦੇਂਦਿਆਂ, ਦੁਨੀਆ ਨੂੰ ਹੱਕ-ਨਿਆਂ ਲੈਣ ਲਈ ਜੋ ਨਵਾਂ ਰਾਹ ਵਿਖਾਇਆ ਸੀ, ਉਸ ਨੇ ਉਨ੍ਹਾਂ ਦੀ ਬਿਖਮ ਘਾਲ ਤੇ ਕੁਰਬਾਨੀ- ਪੂਰਤ 'ਚੜ੍ਹਦੀ ਕਲਾ' ਦੀ ਧਾਕ ਚਾਰੇ ਪਾਸੇ ਜਮਾਅ ਦਿੱਤੀ ਸੀ। ਹਿੰਦੁਸਤਾਨ ਦੇ ਸੁਪ੍ਰਸਿੱਧ ਹਿੰਦੂ, ਮੁਸਲਮਾਨ ਤੇ ਈਸਾਈ ਨੇਤਾ ਉਹ ਕੁਝ ਅੱਖੀਂ ਵੇਖਣ ਲਈ ਉਥੇ ਖ਼ੁਦ ਆਪ ਪਹੁੰਚੇ ਸਨ। ਉਹ ਕੁਝ ਤੱਕ ਸੁਣ ਕੇ, ਓਹ ਕੇਵਲ ਆਪ ਹੀ ਹੈਰਾਨ ਨਹੀਂ ਹੋਏ ਸਨ, ਸਗੋਂ ਉਨ੍ਹਾਂ ਦੀਆਂ ਰਿਪੋਟਾਂ, ਚਿੱਠੀਆਂ ਤੇ ਬਿਆਨਾਂ ਆਦਿ ਨੇ ਮਨੁੱਖਤਾ ਦੇ ਧੁਰ ਅੰਦਰਲੇ ਨੂੰ ਜਾ ਹਲੂਣਿਆਂ ਸੀ। ਆਲ ਇੰਡੀਆਂ ਨੈਸ਼ਨਲ ਕਾਂਗਰਸ ਨੇ ਆਪਣੇ ਪ੍ਰਸਤਾਵ ਰਾਹੀਂ the unexampled bravery of the Akalis who had set a great and noble example of "non-violence for the benefit of the whole nation.[19] ਅਰਥਾਤ, "ਅਕਾਲੀਆਂ ਦੀ ਉਸ ਬੇਮਿਸਾਲ ਬਹਾਦਰੀ ਲਈ ਭਰਪੂਰ ਮੁਬਾਰਕ

---

18. As quoted by Dr. Gopal Singh in his *History of the Sikh People*, New Delhi-1979, p. 655.
19. Some extracts from the Report dated 12 Sept. 1922 of Revd. C.F.Andrews, as published by Teja Singh, Prof.in his *Gurdwara Reform Movement and the Sikh Awakening*, Jalandhar- 1922, pp. 289-96; Hoyland, John S., *The Cross Moves East, London-1930.*

ਦਿੱਤੀ ਸੀ ਜਿਸ ਦੁਆਰਾ ਉਨ੍ਹਾਂ ਨੇ ਸਾਰੀ ਹਿੰਦੁਸਤਾਨੀ ਕੌਮ ਲਈ ਅਹਿੰਸਾ ਦੀ ਇਕ ਮਹਾਨ ਤੇ ਸ੍ਰੇਸ਼ਟ ਮਿਸਾਲ ਕਾਇਮ ਕਰ ਦਿੱਤੀ ਸੀ"।[19]

ਪ੍ਰਸਿੱਧ ਈਸਾਈ ਨੇਤਾ, ਰੈਵਰੈਂਡ.ਸੀ.ਐਫ.ਐਂਡਰੀਓਜ਼, ਨੇ ਉਹ ਸਭ ਕੁਝ ਅੱਖੀਂ ਵੇਖ ਕੇ ਲਿਖਿਆ ਸੀ: It was a sight which I never wish to see again, a sight incredible to an Englishman .... The brutality and inhumanity of the whole scene was indescribably increased by the fact that the men who were hit were praying to God and had taken a vow to remain silent and peaceful in word and deed..... I saw no act or look of defiance. It was a true martyrdom, a true act of faith .... A new heroism (and on the part of these notable warriors who had served in our campaigns in France, Flanders, Messopotamia and East Africa), learnt through suffering, has arisen in the land. It reminded me of the shadow of Cross.[19] ਅਰਥਾਤ, "ਉਹ ਇਕ ਅਜਿਹਾ ਦਰਿਸ਼ ਸੀ ਜੋ ਮੈਂ ਮੁੜ ਕਦੇ ਵੀ ਵੇਖਣਾ ਨਹੀਂ ਚਾਹਾਂਗਾ। ਇਕ ਅਜਿਹਾ ਦਰਿਸ਼ ਜੋ ਕਿਸੇ ਵੀ ਅੰਗਰੇਜ਼ ਲਈ ਮੰਨਣਯੋਗ ਨਹੀਂ।... ਉਸ ਸਾਰੇ ਦਰਿਸ਼ ਦੀ ਨਿਰਦਇਤਾ ਤੇ ਅਣਮਨੁੱਖਤਾ (ਦਰਿੰਦਗੀ ਤੇ ਵਹਿਸ਼ਤ) ਇਹ ਅਸਲੀਅਤ ਜਾਣ ਕੇ ਇਤਨੀ ਵਧ ਗਈ ਸੀ (ਜੋ ਬਿਆਨੀ ਨਹੀਂ ਜਾ ਸਕਦੀ) ਕਿ ਜਿਨ੍ਹਾਂ ਮਨੁੱਖਾਂ ਨੂੰ ਮਾਰਿਆ-ਕੁਟਿਆ ਜਾ ਰਿਹਾ ਸੀ, ਉਹ ਤਾਂ ਕੇਵਲ ਰੱਬ ਨੂੰ ਸਿਮਰ ਰਹੇ ਸਨ ਅਤੇ ਉਨ੍ਹਾਂ ਨੇ ਆਪਣੀ ਕਥਨੀ ਤੇ ਕਰਨੀ ਵਿਚ ਬਿਲਕੁਲ ਚੁੱਪ ਤੇ ਸ਼ਾਂਤ ਰਹਿਣ ਦੀ ਸਹੁੰ ਚੁਕੀ ਹੋਈ ਸੀ।.... ਮੈਨੂੰ ਤਾਂ ਉਨ੍ਹਾਂ ਦੀ ਤੱਕਣੀ ਜਾਂ ਕਰਨੀ ਵਿਚ ਵਿਰੋਧ ਜਾਂ ਅਵੱਗਿਆ ਦੀ ਕੋਈ ਅੰਸ਼ ਨਜ਼ਰ ਨਹੀਂ ਆਈ ਸੀ। ਇਹ ਅਸਲੋਂ ਹੀ ਇਕ ਸੱਚੀ ਸ਼ਹੀਦੀ ਸੀ, ਧਾਰਮਕ ਨਿਸਚੇ ਦੀ ਇਕ ਸੱਚੀ-ਸੁੱਚੀ ਕਰਨੀ। ਇਸ ਦੁਆਰਾ ਇਸ ਮੁਲਕ ਵਿਚ ਦੁੱਖ ਸੰਤਾਪ ਰਾਹੀਂ ਸਿਖੀ ਗਈ ਇਕ ਨਵੀਂ ਕਿਸਮ ਦੀ ਸੂਰਬੀਰਤਾ ਦਾ ਉਦੈ ਹੋਇਆ ਹੈ (ਉਨ੍ਹਾਂ ਮੰਨੇ-ਦੰਨੇ ਸੂਰਬੀਰਾਂ ਵਲੋਂ ਜਿਨ੍ਹਾਂ ਨੇ ਫ਼ਰਾਂਸ, ਫ਼ਲੈਂਡਰਜ਼, ਮੈਸੋਪੋਟੇਮੀਆ ਤੇ ਪੂਰਬੀ ਅਫ਼ਰੀਕਾ ਵਿਖੇ ਸਾਡੀਆਂ ਸੈਨਕ ਮੁਹਿੰਮਾਂ ਵਿਚ ਨੁਮਾਇਆਂ ਹਿੱਸਾ ਪਾਇਆ ਸੀ)। ਉਸ ਦਰਿਸ਼ ਨੇ ਮੈਨੂੰ ਤਾਂ ਯਸੂ ਮਸੀਹ ਦੀ ਸੂਲੀ ਦਾ ਪਰਛਾਵਾਂ ਚੇਤੇ ਕਰਾ ਦਿੱਤਾ ਸੀ"।[19]

ਇਕ ਉੱਘੇ ਹਿੰਦੂ ਨੇਤਾ, ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਾਨੀ ਅਤੇ ਕਾਂਗਰਸ ਦੇ ਇਕ ਵਿਦਵਾਨ ਪ੍ਰਧਾਨ, ਪੰਡਿਤ ਮਦਨ ਮੋਹਨ ਮਾਲਵੀਆ, ਨੇ ਤਾਂ ਅਜਿਹੇ ਹਿਰਦਾਵੇਧਕ ਪਰ ਮਹੱਤਪੂਰਤ ਦਰਿਸ਼ਾਂ ਨੂੰ ਹੀ ਵੇਖ-ਵਿਚਾਰ ਕੇ ਇਹ ਏਲਾਨੀਆ ਆਖਿਆ ਸੀ: I cannot resist asking every Hindu home to have at least one male child initiated into the fold of the Khalsa. What I see here before my eyes is nothing short of a miracle in our whole history.[20] ਅਰਥਾਤ, "ਮੈਂ ਹਰ ਹਿੰਦੂ ਘਰ ਨੂੰ ਇਹ ਕਹਿਣੋਂ ਰਹਿ ਨਹੀਂ ਸਕਦਾ ਕਿ ਉਹ ਆਪਣੇ ਘਟੋ-ਘਟ ਇਕ ਪੁੱਤਰ ਨੂੰ ਜ਼ਰੂਰ ਅੰਮ੍ਰਿਤ ਛਕਾ ਕੇ ਖ਼ਾਲਸਾ ਸਜਾਉਣ। ਇਥੇ ਮੈਂ ਜੋ ਕੁਝ ਵੇਖ ਰਿਹਾ ਹਾਂ, ਉਹ ਸਾਡੇ ਸਾਰੇ ਇਤਿਹਾਸ ਵਿਚ ਇਕ ਕਰਾਮਾਤ ਨਾਲੋਂ ਕਿਸੇ ਪੱਖੋਂ ਘਟ ਨਹੀਂ।"[20]

---

20. Sahni, Prof., Ruchi Ram, *Struggle for Reform in Sikh Shrines*, ed. by Dr. Ganda Singh, Amritsar- 1965, appendix, pp. 176-188.

ਦੋ ਕੁ ਹਜ਼ਾਰ ਸਿੱਖਾਂ ਨੂੰ ਇਉਂ ਮਾਰ-ਕੁਟ ਕੇ ਫੱਟੜ ਤੇ ਬੇਹੋਸ਼ ਕਰਵਾ ਚੁਕੀ ਅਤੇ 5605 ਨੂੰ ਜੇਲ੍ਹੀਂ ਪੁਆ ਚੁਕੀ ਅੰਗਰੇਜ਼ ਸਰਕਾਰ ਜਦੋਂ ਉਨ੍ਹਾਂ ਦੀ ਅਜਿਹੀ ਅਝੁੱਕ ਸਪਿਰਿਟ ਕੁਚਲ ਨਹੀਂ ਸਕੀ ਸੀ ਅਤੇ ਉਨ੍ਹਾਂ ਦੇ ਉਸ ਸਤਿਆਗ੍ਰਹੀ ਮੋਰਚੇ ਨੂੰ ਦਬਾਅ ਨਹੀਂ ਸਕੀ ਸੀ ਤਾਂ ਉਸ ਨੇ 'ਚੜ੍ਹਦੀ ਕਲਾ' ਦੇ ਉਜਿਹੇ ਮੁਜੱਸਮਿਆਂ ਨੂੰ ਹਰਾਉਣ ਜਾਂ ਮਾਰ-ਮੁਕਾਉਣ ਦੀ ਥਾਂ ਆਪੇ ਆਪਣੀ ਹਾਰ ਮੰਨ ਲਈ ਸੀ।

6

ਹਿੰਦੁਸਤਾਨ ਨੂੰ ਅੰਗਰੇਜ਼ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਲਈ ਪਰਦੇਸਾਂ ਵਿਚ ਉਠੇ ਪਹਿਲੇ ਅੰਦੋਲਨ, ਭਾਵ 'ਗ਼ਦਰ ਲਹਿਰ', ਨੂੰ ਉਠਾਉਣ ਦਾ ਸੁਭਾਗ ਜੇ ਸਿੱਖ ਸਤਿਗੁਰਾਂ ਦੀ ਬਖ਼ਸ਼ੀ ਹੋਈ ਉਕਤ ਸਪਿਰਿਟ ਨਾਲ ਨਿਵਾਜੇ ਹੋਏ ਭਾਈ ਸੋਹਨ ਸਿੰਘ ਭਕਨਾ ਵਰਗੇ ਗੁਰਸਿੱਖਾਂ ਨੂੰ ਪਰਾਪਤ ਹੋਇਆ ਸੀ ਤਾਂ ਦੂਜੀ, ਭਾਵ 'ਆਜ਼ਾਦ ਹਿੰਦ ਲਹਿਰ', ਨੂੰ ਉਭਾਰਨ ਅਤੇ ਇੰਡੀਅਨ ਨੈਸ਼ਨਲ ਆਰਮੀ ਨੂੰ ਸਾਜਣ ਦਾ ਮਾਣ ਵੀ ਗਿ. ਪ੍ਰੀਤਮ ਸਿੰਘ ਤੇ ਜਨਰਲ ਮੋਹਨ ਸਿੰਘ ਵਰਗੇ 'ਚੜ੍ਹਦੀ ਕਲਾ' ਨਾਲ ਸਾਜੇ-ਸੰਵਾਰੇ ਹੋਏ ਗੁਰੂ ਦੇ ਦੁਲਾਰਿਆਂ ਨੂੰ ਹੀ ਹਾਸਲ ਹੋਇਆ ਸੀ। ਜੇ ਪਹਿਲੀ ਲਹਿਰ ਨਵੀਂ ਦੁਨੀਆ, ਭਾਵ ਕਨੇਡਾ-ਅਮਰੀਕਾ ਆਦਿ, ਤੋਂ ਸੰਨ 1913 ਵਿਚ ਉਠੀ ਸੀ,[21] ਤਾਂ ਦੂਜੀ ਲਹਿਰ ਪੁਰਾਣੀ ਦੁਨੀਆ, ਭਾਵ ਸਿੰਗਾਪੁਰ-ਥਾਈਲੈਂਡ ਆਦਿ, ਵਲੋਂ ਸੰਨ 1942 ਵਿਚ ਉਤੇਜਿਤ ਹੋਈ ਸੀ।[22] ਉਸੇ ਮਨੋਰਥ ਦੀ ਪਰਾਪਤੀ ਲਈ, ਸੰਨ 1946 ਈ. ਵਿਚ, ਖ਼ੁਦ ਹਿੰਦੁਸਤਾਨ ਵਿਚੋਂ ਉਠੇ 'ਸਮੁੰਦਰੀ ਜਹਾਜ਼ੀ ਗ਼ਦਰ' (Royal Indian Navy Mutiny) ਦੇ ਮੋਢੀ ਹੋਣ ਦਾ ਸਿਹਰਾ ਵੀ ਇਕ ਹੋਰ ਗੁਰੂ-ਨਿਵਾਜੇ ਸਿੱਖ, ਤਾਰਸੰਦੇਸ਼ਕ ਸਰਦਾਰ ਮਦਨ ਸਿੰਘ, ਦੇ ਹੀ ਸਿਰ ਬੱਝਿਆ ਸੀ।[23]

ਉਨ੍ਹਾਂ ਇਨਕਲਾਬੀ ਲਹਿਰਾਂ ਨਾਲ ਸਬੰਧਿਤ ਉਜਿਹੇ ਸੈਂਕੜੇ ਸਿੱਖ ਦੇਸ-ਭਗਤਾਂ ਦੀਆਂ ਬੇਸ਼ੁਮਾਰ ਘਾਲਾਂ ਤੇ ਕੁਰਬਾਨੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਨੂੰ ਨੇੜੇ-ਤੋਂ -ਨੇੜੇ ਲਿਆਉਣ ਲਈ ਜੋ ਮਹਾਨ ਇਤਿਹਾਸਕ ਰੋਲ ਅਦਾਅ ਕੀਤਾ ਸੀ, ਉਹ ਵੀ ਆਪਣੀ ਮਿਸਾਲ ਆਪ ਹੈ।[24] ਮਿਸਾਲ ਵਜੋਂ —

---

21. Khushwant Singh, S., *A History of the Sikhs,* Vol. II, Princeton-1966, pp. 176, 245. ਹੋਰ ਵੇਖੋ : **ਗ਼ਦਰ ਪਾਰਟੀ ਲਹਿਰ**, ਤਰਨਤਾਰਨ- 1955, ਦੂਜੀ ਵਾਰ, ਦਿੱਲੀ - 1979, ਕ੍ਰਿਤ ਪ੍ਰੋ. ਜਗਜੀਤ ਸਿੰਘ; *Hindustan Gadar Party: A Short History,* 2 Vols., New Delhi-1977-78 by S. Sohan Singh Josh; **ਗਦਰ ਪਾਰਟੀ ਦਾ ਇਤਿਹਾਸ**, ਜਲੰਧਰ-1989 ਕ੍ਰਿਤ ਸ. ਗੁਰਚਰਨ ਸਿੰਘ ਸੈਂਸਰਾ, ਇਤਿਆਦਿ।
22. ਹੋਰ ਵਾਕਫ਼ੀ ਤੇ ਵੇਰਵੇ ਲਈ ਵੇਖੋ :*Formation and Growth of the I.N.A.,* Lahore-1946 by S. Durlabh Singh; *Soldiers' Contribution to Indian Independence,* Delhi-1974 by Genl. Mohan Singh.
23. ਸੁਤੰਤਰ ਭਾਰਤ ਨੇ ਅਜੋਕੇ ਹੀ ਉਨ੍ਹਾਂ ਦੀ ਉਸ ਇਨਕਲਾਬੀ ਸੇਵਾ ਤੇ ਯਾਦਗਾਰੀ ਦੇਣ ਨੂੰ ਮੁੱਖ ਰਖਦਿਆਂ, ਆਪਣੇ ਇਕ ਸਮੁੰਦਰੀ ਜਹਾਜ਼ ਦਾ ਨਾਂ ਹੀ 'ਆਈ. ਐਨ. ਐਸ. ਮਦਨ ਸਿੰਘ' (I.N.S. Madan Singh) ਰਖ ਦਿੱਤਾ ਹੈ ; ਅਤੇ ਉਸ ਦੇ ਪਰਵੇਸ਼- ਸਮਾਗਮ ਦੀ ਪਰਧਾਨਗੀ ਵੀ 26 ਫ਼ਰਵਰੀ 1999 ਨੂੰ ਉਨ੍ਹਾਂ ਪਾਸੋਂ ਹੀ ਕਰਵਾਈ ਹੈ। (ਵੇਖੋ: 'Hero's Honour for Royal Mutineer' in *The Tribune,* Chandidgarh, dated 25 February 1999, p. 9).
24. ਹੋਰ ਵਾਕਫ਼ੀ ਤੇ ਵੇਰਵੇ ਲਈ ਵੇਖੋ : *Struggle for Free Hindustan, various volumes,* ed. by Bhai Nahar Singh & Major Kirpal Singh, New Delhi, 1986-89.

(1). ਉਨ੍ਹਾਂ ਵਿਚੋਂ ਇਕ ਨੌਜਵਾਨ, ਸਰਦਾਰ ਕਰਤਾਰ ਸਿੰਘ ਸਰਾਭਾ (1896-1915),ਦੀ ਕਥਨੀ, ਕਰਨੀ ਤੇ ਕੁਰਬਾਨੀ ਤਾਂ ਦੇਸ ਤੇ ਪਰਦੇਸ ਵਿਚ ਵਧੇਰੇ ਉਘੜ ਕੇ ਵਿਦਤ ਹੋਈ ਸੀ। ਇਹ ਭਰ-ਜਵਾਨ ਗੁਰਸਿੱਖ ਉਨ੍ਹਾਂ ਦਿਨਾਂ ਵਿਚ ਸਾਨਫ਼ਰਾਂਸਿਸਕੋ (ਅਮਰੀਕਾ) ਦੀ ਪ੍ਰਸਿੱਧ ਯੂਨੀਵਰਸਿਟੀ, ਬਰਕਲੇ , ਵਿਚ ਕੈਮਿਸਟ੍ਰੀ ਪੜ੍ਹ ਰਿਹਾ ਸੀ। 'ਗ਼ਦਰ ਲਹਿਰ' ਦੇ ਉਦੈ ਹੋਣ ਨਾਲ ਹੀ, ਉਹ ਇਸ ਵਿਚ ਸ਼ਾਮਲ ਹੋ ਗਿਆ ਸੀ ਅਤੇ ਉਸ ਨੇ ਉਸ ਲਹਿਰ ਦੇ ਇਨਕਲਾਬੀ ਅਖ਼ਬਾਰ, 'ਗ਼ਦਰ', ਦੀ ਸੰਪਾਦਨਾ ਤੇ ਪਰਕਾਸ਼ਨਾ ਆਦਿ ਦੀ ਸੇਵਾ ਵੀ ਸੰਭਾਲ ਲਈ ਸੀ। ਪਹਿਲਾ ਸੰਸਾਰ-ਯੁੱਧ ਸ਼ੁਰੂ ਹੁੰਦਿਆਂ ਹੀ, ਉਹ ਬਹੁਤ ਸਾਰੇ 'ਗ਼ਦਰੀ' ਸਾਥੀਆਂ ਸਮੇਤ ਗ਼ਦਰ ਮਚਾ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਪੰਜਾਬ ਮੁੜ ਆਇਆ ਸੀ। ਪਰ ਇਕ 'ਘਰ ਦੇ ਭੇਤੀ' ਦੀ ਗ਼ਦਾਰੀ ਕਾਰਨ, ਉਨ੍ਹਾਂ ਦੀ ਉਹ ਮਹਾਨ ਕਰਾਂਤੀਕਾਰੀ ਮੁਹਿੰਮ ਅਸਫਲ ਹੋ ਗਈ ਸੀ। ਅਦਾਲਤੀ ਕਾਰਵਾਈ ਸਮੇਂ, ਉਸ 'ਸਾਜ਼ਿਸ਼' ਦੀ ਸਾਰੀ ਜ਼ਿੰਮੇਵਾਰੀ ਉਸ ਨੇ ਆਪਣੇ ਸਿਰ ਲੈ ਲਈ ਸੀ ਅਤੇ ਫਾਂਸੀ ਦੇ ਤਖ਼ਤੇ ਉਤੇ ਲਟਕਣ ਲਗਿਆਂ ਵੀ ਉਹ ਆਜ਼ਾਦੀ ਦੇ ਸੋਹਿਲੇ ਗਾਉਂਦਿਆਂ, 16 ਨਵੰਬਰ 1915 ਨੂੰ 19 ਕੁ ਵਰ੍ਹੇ ਦੀ ਜਵਾਨ ਅਵਸਥਾ ਵਿਚ ਹੀ ਸ਼ਹੀਦ ਹੋ ਗਿਆ ਸੀ।

(2). ਸੁਨਾਮ ਦੇ ਸ. ਊਧਮ ਸਿੰਘ (1899-1940) ਨੇ ਵੀ ਹਿੰਦੁਸਤਾਨ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਦੇਸ ਤੇ ਪਰਦੇਸ ਜੋ ਘਾਲ ਘਾਲੀ ਸੀ, ਉਹ ਵੀ ਆਪਣੀ ਥਾਂ ਬੇਮਿਸਾਲ ਹੈ। ਅੰਮ੍ਰਿਤਸਰ ਦੇ ਜੱਲਿਆਂ ਵਾਲੇ ਬਾਗ਼ ਵਿਖੇ 1919 ਦੀ ਵਿਸਾਖੀ ਨੂੰ ਹੋਏ ਕਤਲੇਆਮ ਦਾ ਬਦਲਾ ਉਸ ਨੇ 21 ਵਰ੍ਹਿਆਂ ਦੀ 'ਤਿਆਰੀ' ਤੋਂ ਬਾਅਦ, ਲੰਡਨ ਜਾ ਲਿਆ ਸੀ। ਦਸਮੇਸ਼ ਦੇ ਉਸ ਜਾਨਬਾਜ਼ ਦੁਲਾਰੇ ਨੇ ਉਸ ਦਰਦਨਾਕ ਸਾਕੇ ਨੂੰ ਆਪਣੇ ਦੇਸ਼ ਦੀ ਰਾਸ਼ਟਰੀ ਨਿਰਾਦਰੀ ਸਮਝਦਿਆਂ, ਉਸ ਦੀ ਕਿੜ ਕਢਣ ਦਾ ਦ੍ਰਿੜ੍ਹ ਇਰਾਦਾ ਉਦੋਂ ਹੀ ਬਣਾ ਲਿਆ ਸੀ; ਅਤੇ ਉਸ ਦੇ ਮੁੱਖ ਜ਼ਿੰਮੇਵਾਰ, ਪੰਜਾਬ ਦੇ ਉਦੋਂਕੇ ਗਵਰਨਰ, ਸਰ ਮਾਈਕਲ ਓਡਵਾਇਰ, ਨੂੰ ਉਵੇਂ ਹੀ ਇਕ ਪਬਲਿਕ ਜਲਸੇ ਵਿਚ ਦਿਨ-ਦਿਹਾੜੇ ਗੋਲੀ ਮਾਰ ਕੇ ਹੀ ਸਾਹ ਲਿਆ ਸੀ। ਅਦਾਲਤ ਨੂੰ ਆਪਣਾ ਕੌਮੀ ਨਾਂ 'ਰਾਮ ਮੁਹੰਮਦ ਸਿੰਘ ਆਜ਼ਾਦ' ਦਸਦਿਆਂ, ਉਹ 12 ਜੂਨ 1940 ਨੂੰ ਲੰਡਨ ਵਿਖੇ ਹੀ ਚਾਈਂ- ਚਾਈਂ, ਫਾਂਸੀ ਦੁਆਰਾ, ਸ਼ਹੀਦ ਹੋ ਗਿਆ ਸੀ।

(3). ਉਸ ਦਾ ਇਕ ਨੌਜਵਾਨ ਸਾਥੀ, ਸ. ਭਗਤ ਸਿੰਘ (1907-1931), ਵੀ ਉਸੇ 'ਚੜ੍ਹਦੀ ਕਲਾ- ਪੂਰਤ' ਇਨਕਲਾਬੀ ਸਪਿਰਿਟ ਦੀ ਹੀ ਉਪਜ ਸੀ। ਉਸ ਨੇ ਵੀ ਸੰਨ 1928 ਵਿਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦੀ ਮੌਤ ਦਾ ਬਦਲਾ ਲੈਣ ਲਈ ਹੀ ਉਸ ਦੇ ਇਕ ਜ਼ਿੰਮੇਵਾਰ ਪੁਲੀਸ ਅਫ਼ਸਰ, ਸਾਂਡਰਜ਼, ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾ ਕੇ ਹੀ ਉਹ ਕਿੜ ਕਢੀ ਸੀ। ਦੇਸ਼ ਆਜ਼ਾਦ ਕਰਾਉਣ, ਇਸ ਦੀ ਗ਼ੁਲਾਮੀ ਵਿਰੁੱਧ ਹਿੰਸਕ ਰੋਸ ਪਰਗਟਾਉਣ, ਲੋਕਾਂ ਦਾ ਧਿਆਨ ਇਸ ਵਲ ਦੁਆਣ ਅਤੇ ਬਦੇਸੀ ਹਾਕਮਾਂ ਨੂੰ ਭੈ-ਭੀਤ ਕਰਨ ਲਈ ਉਸ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਦਿੱਲੀ ਵਿਖੇ ਸੈਂਟਰਲ ਅਸੈਂਬਲੀ ਦੇ ਹਾਲ ਵਿਚ, ਉਸ ਦੇ ਸੈਸ਼ਨ ਦੌਰਾਨ ਹੀ, ਬੰਬ ਸੁਟ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ ਸੀ। ਭਰੀ ਕਚਹਿਰੀ ਵਿਚ ਉਸ ਨੇ ਜੋ ਬਿਆਨ ਦਿੱਤੇ ਸਨ, ਉਨ੍ਹਾਂ ਨੇ ਵੀ ਸਾਰੇ ਦੇਸ ਵਿਚ ਇਨਕਲਾਬ ਦੀ ਰੂਹ ਫੂਕ ਦਿੱਤੀ ਸੀ ਅਤੇ ਭਗਤ ਸਿੰਘ ਨੂੰ ਹਿੰਦੁਸਤਾਨ ਦੇ ਇਨਕਲਾਬੀ ਇਤਿਹਾਸ ਵਿਚ ਸਭ ਤੋਂ ਉਘਾ ਕ੍ਰਾਂਤੀਕਾਰੀ ਸਿੱਧ ਕਰ ਦਿੱਤਾ ਸੀ। 23 ਮਾਰਚ 1931 ਨੂੰ ਜਦੋਂ ਉਹ ਫਾਂਸੀ ਦੁਆਰਾ ਸ਼ਹੀਦ ਹੋਇਆ ਸੀ ਤਾਂ ਉਸ ਦੀ ਉਮਰ 24 ਕੁ ਵਰ੍ਹੇ ਹੀ ਸੀ; ਪਰ ਉਸ ਦੀ ਸਿੱਖਰਾਂ-ਛੂਹੰਦੀ ਦਲੇਰੀ, ਦੇਸ਼-ਭਗਤੀ ਤੇ 'ਚੜ੍ਹਦੀ ਕਲਾ' ਉਦੋਂ ਤਕ ਇਕ ਲੋਕ-ਕਥਾ ਅਤੇ ਮਗਰਲੇ ਦੇਸ਼-ਭਗਤਾਂ ਲਈ ਇਕ ਪਰੇਰਨਾ-ਸਰੋਤ ਬਣ ਚੁਕੀ ਸੀ। ਫਿਰ ਕਮਾਲ ਇਹ ਕਿ ਸੁਤੰਤਰਤਾ-ਸੰਗਰਾਮ ਦੇ ਜਿਸ

ਮਹਾਨ ਆਗੂ, ਗਾਂਧੀ ਜੀ, ਦੀ ਅਹਿੰਸਕ ਨੀਤੀ ਵਿਚ ਉਸ ਦਾ ਕੋਈ ਵਿਸ਼ਵਾਸ਼ ਨਹੀਂ ਸੀ, ਉਨ੍ਹਾਂ ਨੇ ਹੀ ਮਗਰੋਂ ਇਹ ਆਪ ਲਿਖਿਆ ਸੀ : There has never been, within living memory, so much romance round any life as had surrounded that of Bhagat Singh.[25] ਅਰਥਾਤ, "ਜਿਥੋਂ ਤਕ ਯਾਦ ਕੰਮ ਕਰਦੀ ਹੈ, ਭਗਤ ਸਿੰਘ ਤੋਂ ਇਲਾਵਾ ਕੋਈ ਅਜਿਹਾ ਬੰਦਾ ਕਦੇ ਨਹੀਂ ਹੋਇਆ ਜਿਸ ਦੁਆਲੇ ਇਤਨੀ ਵਿਆਪਕ ਅਦਭੁਤ ਕਥਾ ਇਉਂ ਵਲ ਦਿੱਤੀ ਗਈ ਹੋਵੇ।[25] ਸ. ਭਗਤ ਸਿੰਘ ਦੀ ਸ਼ਹੀਦੀ ਤੋਂ ਪੰਦਰਾਂ ਕੁ ਦਿਨਾਂ ਪਿਛੋਂ, 8 ਅਪ੍ਰੈਲ 1931 ਨੂੰ, ਅੰਮ੍ਰਿਤਸਰ ਵਿਖੇ ਹੋਈ ਇਕ ਭਾਰੀ ਸੋਗ-ਇਕੱਤਰਤਾ ਨੂੰ ਸੰਬੋਧਨ ਕਰਦਿਆਂ, ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਖਿਆ ਸੀ : Bhagat Singh , who set an example of character and patriotism by sacrificing himself for the sake of the country's freedom, was from the Sikh community. To-day he is known to be a brave Sikh Hero throughout the world. The Sikh community has to produce thousands of Bhagat Singhs for the cause of the country.[25] ਅਰਥਾਤ, "ਭਗਤ ਸਿੰਘ, ਜਿਸ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਆਪਣੇ ਆਪ ਨੂੰ ਕੁਰਬਾਨ ਕਰ ਕੇ ਨੇਕਚਲਨੀ ਤੇ ਦੇਸ਼-ਭਗਤੀ ਦੀ ਇਕ ਮਿਸਾਲ ਕਾਇਮ ਕਰ ਦਿੱਤੀ ਸੀ, ਸਿੱਖ ਕੌਮ ਦਾ ਜੰਮ-ਪਲ ਸੀ ; ਅਤੇ ਅਜ ਉਹ ਸਾਰੇ ਸੰਸਾਰ ਵਿਚ ਇਕ ਬਹਾਦਰ ਸਿੱਖ ਯੋਧੇ ਵਜੋਂ ਮਸ਼ਹੂਰ ਹੈ। ਸਿੱਖ ਕੌਮ ਨੂੰ, ਦੇਸ਼ ਆਜ਼ਾਦ ਕਰਾਉਣ ਲਈ, ਹਜ਼ਾਰਾਂ ਭਗਤ ਸਿੰਘ ਹੋਰ ਪੈਦਾ ਕਰਨੇ ਹੋਣਗੇ"।[25]

ਕੇਵਲ ਉਦਾਹਰਣ ਵਜੋਂ ਵਰਣਿਤ ਵਤਨ ਦੇ ਉਕਤ ਤਿੰਨ ਨੌਜਵਾਨ ਸ਼ਹੀਦ ਅਤੇ ਉਨ੍ਹਾਂ ਵਰਗੇ ਸੈਂਕੜੇ ਹੋਰ ਸਿੰਘ ਦੇਸ਼-ਭਗਤ ਵੀ ਤਾਂ ਉਸੇ ਸ਼ਮ੍ਹਾਂ ਦੇ ਪਰਵਾਨੇ ਸਨ ਜਿਸ ਨੂੰ ਜਗਦਾ ਰਖਣ ਲਈ ਉਨ੍ਹਾਂ ਦੇ ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ, ਨੇ ਆਪਣਾ ਸਾਰਾ ਪਰਵਾਰ ਤੇ ਹਜ਼ਾਰਾਂ ਸਿੰਘ ਘੋਲ-ਘੁਮਾਅ ਕੇ ਆਪਣੇ ਪਿਆਰੇ ਹਿੰਦੁਸਤਾਨ ਨੂੰ ਮੁਗ਼ਲ ਸਾਮਰਾਜ ਦੇ ਪੰਜੇ ਤੋਂ ਛੁਡਾਅ ਦਿੱਤਾ ਸੀ। ਇਸ ਨੂੰ ਬਰਤਾਨਵੀ ਸ਼ਿਕੰਜੇ ਤੋਂ ਵੀ ਛੁਡਾਣ ਲਈ ਅਜਿਹੇ ਦੇਸ਼-ਭਗਤਾਂ ਦੀਆਂ ਇਨਕਲਾਬੀ ਗੂੰਜਾਂ ਤੇ ਕੁਰਬਾਨੀਆਂ ਪਿਛੇ ਵੀ ਗੁਰੂ ਨਾਨਕ– ਗੁਰੂ ਗੋਬਿੰਦ ਸਿੰਘ ਜੀ ਦੀ ਓਹੀ ਸਪਿਰਿਟ ਤੇ ਉਸ ਤੋਂ ਉਪਜੀ ਉਹ ਅਦੁੱਤੀ ਰਵਾਇਤ ਹੀ ਕੰਮ ਕਰ ਰਹੀ ਸੀ ਜਿਸ ਨੂੰ ਅਸੀਂ 'ਚੜ੍ਹਦੀ ਕਲਾ' ਆਖਣ ਵਿਚ ਆਪਣਾ ਤੇ ਆਪਣੇ ਦੇਸ਼, ਕੌਮ ਤੇ ਮਨੁੱਖਤਾ ਦਾ ਮਾਣ ਸਮਝਦੇ ਹਾਂ।

7

ਪਰੰਤੂ ਅਜਿਹੀਆਂ ਗੂੰਜਾਂ ਤੇ ਕੁਰਬਾਨੀਆਂ ਨੇ, ਸੰਨ 1947 ਵਿਚ, ਦੇਸ ਤਾਂ ਆਜ਼ਾਦ ਕਰਵਾ ਲਿਆ ਸੀ, ਪਰ ਇਸ ਦੇ ਆਜ਼ਾਦ ਹੁੰਦਿਆਂ ਹੀ, ਉਨ੍ਹਾਂ ਦੇ ਸਾਕਾਂ-ਸਬੰਧੀਆਂ ਅਤੇ ਧਰਮ-ਭਰਾਵਾਂ ਨੂੰ ਜੋ ਬੇਇਜ਼ਤੀ, ਬਰਬਾਦੀ ਤੇ ਬੇਸਰੋਸਾਮਾਨੀ ਵੇਖਣੀ ਪਈ ਸੀ, ਉਸ ਦਾ ਤਾਂ ਬਿਆਨ ਹੀ ਲਫ਼ਜ਼ਾਂ ਦਾ ਮੁਥਾਜ ਹੈ।[26]

ਉੱਤਰ-ਪੱਛਮੀ ਹਿੰਦੁਸਤਾਨ ਦੇ ਸਰਹੱਦੀ ਸੂਬੇ ਅਤੇ ਪੱਛਮੀ ਪੰਜਾਬ ਦੀ ਸਾਰੀ-ਦੀ-ਸਾਰੀ ਸਿੱਖ ਵੱਸੋਂ ਨੂੰ

---

25. As quoted in *A History of the Sikhs,* op.cit., p. 226;

26. ਹੋਰ ਵਾਕਫ਼ੀ ਤੇ ਵੇਰਵੇ ਲਈ ਵੇਖੋ : **ਪਾਕਿਸਤਾਨੀ ਘੱਲੂਘਾਰਾ**, ਲੁਧਿਆਣਾ-1948 ਕ੍ਰਿਤ ਗਿ. ਪਰਤਾਪ ਸਿੰਘ; *Muslim League Attack on Sikhs and Hindus in the Punjab,* Amritsar- 1950 by Prof. Gurbachan Singh Talib; *Divide and Quit,* London-1961 by Mr. Penderal Moon; *The Partition of Panjab,* Patiala-1978 by Dr. Kirpal Singh; etc. etc.

ਲੁਟਣ-ਪੁਟਣ, ਮਾਰ-ਮੁਕਾਉਣ ਜਾਂ ਉਖੇੜ-ਨਠਾਉਣ ਲਈ ਇਕ ਸੋਚੀ-ਸਮਝੀ ਤੇ ਪੂਰਵ-ਆਯੋਜਿਤ ਸਕੀਮ ਉਤੇ ਫੌਰੀ ਤੇ ਵਿਆਪਕ ਅਮਲ ਕੀਤਾ ਗਿਆ ਸੀ। ਉਸ ਦੇ ਨਤੀਜੇ ਵਜੋਂ, ਇਕ ਅਜਿਹਾ ਭਿਆਨਕ ਤੇ ਅਭੂਤ-ਪੂਰਵ ਘੱਲੂਘਾਰਾ (unprecedented holocaust) ਵਾਪਰਿਆ ਸੀ ਜਿਸ ਵਿਚ ਡੇਢ ਕੁ ਲੱਖ ਨਿਰਦੋਸ਼ ਤੇ ਨਿਹੱਥੇ ਸਿੱਖ ਸ਼ਹੀਦ ਹੋ ਗਏ ਸਨ; ਅੱਧੀ ਕੁ ਰੱਜੀ-ਪੁਜੀ ਸਿੱਖ ਕੌਮ ਅਰਬਾਂ ਖਰਬਾਂ ਦਾ ਧਨ-ਮਾਲ, ਘਰ-ਬਾਰ, ਪੱਤ-ਆਬਰੋ ਤੇ ਜ਼ਿਮੀਂ- ਵਾੜੀ ਆਦਿ ਖੁਹਾ ਕੇ, ਆਪਣੇ ਜਨਮ-ਦਾਤੇ, ਗੁਰੂ ਨਾਨਕ ਦੇਵ ਜੀ, ਦੇ ਜਨਮਸਥਾਨ, ਨਨਕਾਣਾ ਸਾਹਿਬ, ਤੋਂ ਵੀ ਉਖੜਵਾ ਕੇ ਵਾਘਿਓਂ ਉਰਾਰ ਨੱਠ ਆਉਣ ਲਈ ਮਜਬੂਰ ਕਰ ਦਿੱਤੀ ਗਈ ਸੀ।[27]

ਪਰ ਕਮਾਲ ਇਹ ਕਿ ਅਜਿਹੀ ਬਰਬਾਦ, ਬੇਪਨਾਹ ਤੇ ਬੇਸਰੋਸਾਮਾਨ ਸਥਿਤੀ ਵਿਚ ਵਿਚਰਦਿਆਂ ਵੀ ਕੋਈ ਇਕ ਵੀ ਸਿੱਖ ਮਨ-ਮਰਜ਼ੀ ਨਾਲ ਆਪਣੇ ਧਰਮ ਤੋਂ ਨਹੀਂ ਸੀ ਡੋਲਿਆ, ਕਿਸੇ ਇਕ ਨੇ ਵੀ ਕਿਤੇ ਕੋਈ ਭੀਖ ਨਹੀਂ ਸੀ ਮੰਗੀ, ਕਿਸੇ ਇਕ ਨੇ ਵੀ ਕੋਈ ਅਜਿਹੀ ਹਰਕਤ ਨਹੀਂ ਸੀ ਕੀਤੀ ਜਿਸ ਨਾਲ ਸਿੱਖ ਸਤਿਗੁਰਾਂ ਦੀ ਸਿੰਜਰੀ ਹੋਈ 'ਚੜ੍ਹਦੀ ਕਲਾ' ਵਾਲੀ ਸਪਿਰਿਟ ਨੂੰ ਕੋਈ ਧੱਬਾ ਲਗ ਸਕਦਾ। ਉਹ, ਜਿਥੇ ਕਿਤੇ ਵੀ ਕੋਈ ਥਾਂ-ਟਿਕਾਣਾ ਮਿਲ ਸਕਿਆ ਸੀ, ਉਥੇ ਹੀ ਜਾ ਵਸੇ ਸਨ; ਅਤੇ ਉਸੇ 'ਚੜ੍ਹਦੀ ਕਲਾ' ਵਾਲੀ ਸਪਿਰਿਟ ਸਦਕੇ ਕੁਝ ਵਰ੍ਹਿਆਂ ਵਿਚ ਹੀ ਆਪਣੇ ਪੈਰਾਂ ਉਤੇ ਮੁੜ ਸੁਖੜ ਹੋ ਕੇ, ਵਧੇਰੇ 'ਚੜ੍ਹਦੀ ਕਲਾ' ਵਿਚ ਵੱਸਣ-ਰਸਣ ਲਗ ਪਏ ਸਨ। ਕੇਵਲ ਇੰਨਾ ਹੀ ਨਹੀਂ, ਉਹ ਤਾਂ ਛੇਤੀ ਹੀ ਆਜ਼ਾਦ ਹਿੰਦੁਸਤਾਨ ਨੂੰ ਵੀ ਉੱਨਤ ਤੇ ਪਰਫੁੱਲਤ ਕਰਨ ਲਈ, ਇਸ ਦੀ ਭੁੱਖ ਤੇ ਪਿਆਸ ਨੂੰ ਵੀ ਤ੍ਰਿਪਤਾਉਣ ਲਈ ਅਤੇ ਇਸ ਦੀਆਂ ਸਰਹੱਦਾਂ ਨੂੰ ਵੀ ਸੁਰੱਖਿਅਤ ਰਖਣ ਲਈ ਛੇਤੀ-ਤੋਂ-ਛੇਤੀ ਕਮਰਬਸਤਾ ਹੋ ਗਏ ਸਨ।

ਪੰਜ ਦਰਿਆਵਾਂ ਦੀ ਪਾਵਨ ਧਰਤੀ ਦੇ ਜਿਸ ਆਪੇ-ਸੰਵਾਰੇ ਤੇ ਲਹਿਲਹਾਉਂਦੇ ਪੱਛਮੀ ਭਾਗ ਤੋਂ, ਇੰਨਾ ਚਿਰ ਰਾਜ-ਭਾਗ ਮਾਣਨ ਉਪਰੰਤ, ਉਨ੍ਹਾਂ ਨੂੰ ਅਚਾਨਕ ਉਖੇੜ ਦਿੱਤਾ ਗਿਆ ਸੀ ਅਤੇ ਉਸ ਦਰਦਨਾਕ ਤੇ ਬੇ-ਮਿਸਾਲ ਉਜਾੜੇ ਤੋਂ ਬਾਅਦ ਉਸ ਦੇ ਜਿਸ ਮੁਕਾਬਲਤਨ ਬੰਜਰ ਪੂਰਬੀ ਭਾਗ ਵਿਚ ਉਨ੍ਹਾਂ ਨੂੰ ਵਸਾਇਆ ਗਿਆ ਸੀ, ਉਸ ਦੇ ਵਸੇਬੇ, ਵਿਕਾਸ ਤੇ ਖ਼ੁਸ਼ਹਾਲੀ ਲਈ ਘਾਲੀ ਘਾਲ ਤੇ ਕੀਤੀ ਪਰਾਪਤੀ ਦੀ ਕਹਾਣੀ ਵੀ ਸਾਧਾਰਨ ਤੇ ਬੇਸਰੋਸਮਾਨ ਮਨੁੱਖ ਦੀ ਹਿੰਮਤ, ਮਿਹਨਤ, ਸਿਦਕ, ਸੂਰਬੀਰਤਾ ਤੇ 'ਚੜ੍ਹਦੀ ਕਲਾ' ਦੀ ਇਕ ਹੋਰ ਅਭੁੱਲ ਤੇ ਸ਼ਾਨਦਾਰ ਵਾਰਤਾ ਹੈ।

ਤੇ ਇਸ ਅਧ-ਪਚੱਧੇ ਭਾਗ ਨੂੰ, ਜੋ ਇਸ ਵੇਲੇ ਤਿੰਨ ਹਿੰਦੁਸਤਾਨੀ ਸੂਬਿਆਂ (ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼) ਅਤੇ ਚੰਡੀਗੜ੍ਹ ਰਾਜ-ਖੇਤਰ ਵਿਚ ਵੰਡਿਆ ਹੋਇਆ ਹੈ, ਵੀ ਪਾਕਿਸਤਾਨ ਦੇ ਪੇਟੇ ਪੈ ਜਾਣ ਤੋਂ ਬਚਾਉਣ ਅਤੇ ਹਿੰਦੁਸਤਾਨ ਦਾ ਹਿੱਸਾ ਬਣਾਏ ਰਖਣ ਦਾ ਭੱਲ ਤੇ ਵਡਿਆਈ (credit) ਵੀ ਤਾਂ ਉਸੇ ਸਪਿਰਿਟ, ਭਾਵ 'ਚੜ੍ਹਦੀ ਕਲਾ', ਨਾਲ ਵਰੋਸਾਏ ਹੋਏ ਗੁਰੂ ਦੇ ਲਾਲ, ਪੰਥ ਰਤਨ ਮਾਸਟਰ ਤਾਰਾ ਸਿੰਘ ਜੀ, ਨੂੰ ਹੀ ਪਰਾਪਤ ਹੋਇਆ ਸੀ। ਪੰਜਾਬ ਦੇ ਸੁਪ੍ਰਸਿੱਧ ਇਤਿਹਾਸਕਾਰ, ਡਾ. ਗੰਡਾ ਸਿੰਘ, ਅਨੁਸਾਰ: The Sikhs

---

27. ਹੋਰ ਵਾਕਫ਼ੀ ਤੇ ਵੇਰਵੇ ਲਈ ਵੇਖੋ :Darbara Singh, Prof., *The Panjab Tragedy, 1947,* Amritsar-1949; ਮੁਸਾਫ਼ਰ, ਗਿ.ਗੁਰਮੁਖ ਸਿੰਘ, ਵੀਹਵੀਂ ਸਦੀ ਦੇ ਸ਼ਹੀਦ, ਅੰਮ੍ਰਿਤਸਰ-1965; Who's Who: *Panjab Freedom Fighters,* Patiala-1972, by Dr. Fauja Singh, etc.; Eminent Freedom Fighters of Panjab, Patiala-1972 by Dr. Fauja Singh.

were the staunchest advocates of *Akhand Hindustan*, the undivided India.[28] In the course of negotiations for the division of India in 1946-47, the Sikh leader, Master Tara Singh, refused the offer of Mr. Muhammad Ali Jinnah for a separate Sikh State in Pakistan, and decided to sink and swim with India. If Master Tara Singh had not protested against the inclusion of the Punjab in Pakistan and had not raised his sword-arm in its defence; the Land of the Five Rivers would, perhaps, have been completely lost to India.[29] ਅਰਥਾਤ, "ਸਿੱਖ 'ਅਖੰਡ ਹਿੰਦੁਸਤਾਨ', ਭਾਵ ਅਣਵੰਡੇ ਇੰਡੀਆ, ਦੇ ਸਭ ਤੋਂ ਪੱਕੇ ਤੇ ਸਿਦਕੀ ਹਿਮਾਇਤੀ ਤੇ ਸਮਰਥਕ ਸਨ। ਸੰਨ 1946-1947 ਵਿਚ ਹਿੰਦੁਸਤਾਨ ਦੀ ਵੰਡ ਬਾਰੇ ਹੋ ਰਹੀ ਗੱਲਬਾਤ ਤੇ ਸੌਦੇਬਾਜ਼ੀ ਦੌਰਾਨ, ਸਿੱਖ ਨੇਤਾ, ਮਾਸਟਰ ਤਾਰਾ ਸਿੰਘ ਜੀ, ਨੇ ਮਿਸਟਰ ਮੁਹੰਮਦ ਅਲੀ ਜਿਨਾਹ ਵਲੋਂ ਪਾਕਿਸਤਾਨ ਵਿਚ ਇਕ 'ਵਖਰੀ ਸਿੱਖ ਸਟੇਟ' ਬਣਾ ਦੇਣ ਦੀ ਪੇਸ਼ਕਸ਼ ਠੁਕਰਾਅ ਦਿੱਤੀ ਸੀ ਅਤੇ ਇੰਡੀਆ ਨਾਲ ਹੀ ਜੁੜੇ ਰਹਿਣ ਤੇ ਉਸੇ ਸੰਗ ਡੁੱਬਣ ਜਾਂ ਤਰਨ ਦਾ ਫੈਸਲਾ ਵਿਦਤ ਕਰ ਦਿੱਤਾ ਸੀ। ਜੇ ਮਾਸਟਰ ਤਾਰਾ ਸਿੰਘ ਜੀ ਨੇ ਸਾਰਾ ਪੰਜਾਬ ਪਾਕਿਸਤਾਨ ਵਿਚ ਰਲਾਏ ਜਾਣ ਦੇ ਫੈਸਲੇ ਵਿਰੁੱਧ ਰੋਸ ਪਰਗਟ ਨ ਕੀਤਾ ਹੁੰਦਾ ਅਤੇ ਇਸ ਦੇ ਬਚਾਉ ਲਈ ਆਪਣੀ ਫੌਲਾਦੀ ਬਾਂਹ ਵੀ ਉਲਾਰੀ ਨਾ ਹੁੰਦੀ ਤਾਂ ਇੰਡੀਆ, ਭਾਵ ਹਿੰਦੁਸਤਾਨ, ਪੰਜ ਦਰਿਆਵਾਂ ਦੀ ਧਰਤੀ ਤੋਂ ਸੰਪੂਰਨ ਤੌਰ ਤੇ ਵੰਚਤ ਜਾਂ ਵਾਂਝਿਆ ਹੋ ਜਾਣਾ ਸੀ।"[29] ਮਾਸਟਰ ਤਾਰਾ ਸਿੰਘ ਜੀ (1885-1967 ਈ.) ਦੀ ਇਸ ਆਵਾਜ਼ ਤੇ ਉਲਾਰ ਦੀ ਪਰੇਰਕ ਸ਼ਕਤੀ ਵੀ ਤਾਂ ਉਹੀ ਅਦੁੱਤੀ ਸਪਿਰਿਟ ਸੀ ਜਿਸ ਨੂੰ ਅਸੀਂ 'ਚੜ੍ਹਦੀ ਕਲਾ' ਆਖਦੇ ਹਾਂ ਅਤੇ ਜੋ ਉਨ੍ਹਾਂ ਦੇ ਸਤਿਗੁਰਾਂ ਵਲੋਂ ਬਖ਼ਸ਼ੇ ਹੋਏ ਖੰਡੇ-ਬਾਟੇ ਦੇ ਅੰਮ੍ਰਿਤ ਨੇ ਉਨ੍ਹਾਂ ਦੇ ਮਨ ਤੇ ਤਨ ਵਿਚ ਮਾਨੋ ਕੁਟ ਕੁਟ ਕੇ ਭਰ ਦਿੱਤੀ ਸੀ।

8

ਇਉਂ ਹੀ, ਆਜ਼ਾਦੀ ਪਰਾਪਤ ਹੁੰਦਿਆਂ ਹੀ, ਕਸ਼ਮੀਰ ਦੀ 'ਸਵਰਗੀ' ਵਾਦੀ ਉਤੇ ਪਾਕਿਸਤਾਨ ਵਲੋਂ ਹੋਏ ਕਬਾਇਲੀ ਹੱਲੇ ਨੂੰ ਠੱਲ੍ਹਣ ਤੇ ਉਸ ਨੂੰ ਹਿੰਦੁਸਤਾਨ ਦਾ ਹੀ ਹਿੱਸਾ ਬਣਾਏ ਰਖਣ ਲਈ 26 ਅਕਤੂਬਰ 1947 ਨੂੰ ਜੋ ਪਹਿਲੀ ਫੌਜ ਉਸ ਵਲ ਭੇਜੀ ਗਈ ਸੀ, ਉਹ ਵੀ ਤਾਂ ਉਸੇ ਸਪਿਰਿਟ ਨਾਲ ਵਰੋਸਾਈ ਹੋਈ ਪਟਿਆਲਾ ਸਟੇਟ ਦੀ ਸਿੱਖ ਰਜਮੈਂਟ ਹੀ ਸੀ। ਉਸ ਨੇ ਜਿਸ ਦਲੇਰੀ ਤੇ ਬਹਾਦਰੀ ਨਾਲ ਸਿਰ-ਧੜ ਦੀ ਬਾਜ਼ੀ ਲਾ ਕੇ, ਕਸ਼ਮੀਰ ਨੂੰ ਹਿੰਦੁਸਤਾਨ ਦਾ ਹੀ ਹਿੱਸਾ ਬਣੇ ਰਹਿਣ ਵਿਚ ਸਿਰਤੋੜ ਸੇਵਾ ਤੇ ਸਫਲ ਸਹਾਇਤਾ ਕੀਤੀ ਸੀ , ਉਹ ਵੀ ਤਾਂ ਉਸੇ 'ਚੜ੍ਹਦੀ ਕਲਾ' ਦਾ ਹੀ ਇਕ ਹੋਰ ਚਮਤਕਾਰ ਸੀ।

ਆਜ਼ਾਦ ਹਿੰਦੁਸਤਾਨ ਨੂੰ ਇਸ ਦਾ ਇਕ ਹੋਰ ਸ਼ਾਨਦਾਰ ਤੇ ਯਾਦਗਾਰੀ ਪੱਖ ਉਦੋਂ ਵੇਖਣਾ ਨਸੀਬ ਹੋਇਆ ਸੀ ਜਦੋਂ ਉਸੇ ਗੁਰੂ-ਵਰੋਸਾਈ ਰਿਆਸਤ ਦੇ ਰਾਜੇ, ਮਹਾਰਾਜਾ ਯਾਦਵਿੰਦਰ ਸਿੰਘ (1913-1974 ਈ.), ਨੇ ਇਸ ਦੀ ਇਕ ਅਜਿਹੇ ਨਾਜ਼ੁਕ ਸਮੇਂ ਬਾਂਹ ਫੜ ਲਈ ਸੀ ਅਤੇ ਇਸ ਦੀ ਏਕਤਾ ਤੇ ਇੱਕਵਤਾ (unity and integration) ਨੂੰ ਬਚਾਅ ਲਿਆ ਸੀ ਜਦੋਂ ਅੰਗਰੇਜ਼ੀ ਜੂਲੇ ਤੋਂ ਆਜ਼ਾਦ ਹੋ ਚੁਕੀਆਂ ਬਹੁਤ ਸਾਰੀਆਂ

---

28. ਵੇਖੋ : Master Tara Singh's letter dated 31 March 1942, addressed to Sir Stafford Cripps; Gyani Kartar Singh's statement in *The Civil and Military Gazette*, Lahore, dated 21 August 1944.
29. Ganda Singh, Dr. *A Brief Account of the Sikh People*, op. cit., pp. 69-78.

ਰਿਆਸਤਾਂ ਦੇ ਰਾਜਿਆਂ ਨੇ, 'ਰਾਜਸਥਾਨ' ਦੇ ਨਾਂ ਹੇਠ, ਇਕ ਵਖਰਾ ਤੇ ਆਜ਼ਾਦ ਦੇਸ਼ ਬਣਾਉਣ ਦਾ ਵਿਚਾਰ ਲਗਪਗ ਤੈਅ ਵੀ ਕਰ ਲਿਆ ਸੀ। ਸਿੱਖ ਸਤਿਗੁਰਾਂ ਦੀ ਬਖ਼ਸ਼ੀ ਹੋਈ 'ਚੜ੍ਹਦੀ ਕਲਾ' ਵਾਲੀ ਉਸੇ ਸਪਿਰਿਟ ਸਦਕੇ ਹੀ, ਮਹਾਰਾਜਾ ਯਾਦਵਿੰਦਰ ਸਿੰਘ ਨੇ ਉਸ ਵਿਚਾਰ ਦਾ ਨਾ ਕੇਵਲ ਵਿਰੋਧ ਹੀ ਕੀਤਾ ਸੀ, ਸਗੋਂ ਸਾਥੀ-ਰਾਜਿਆਂ ਨੂੰ ਆਪਣੀ ਭਰਵੀਂ ਸੂਝ-ਬੂਝ, ਸੁਚੱਜ ਤੇ ਦੂਰ-ਦ੍ਰਿਸ਼ਟੀ ਰਾਹੀਂ ਹਿੰਦੁਸਤਾਨ ਦਾ ਹੀ ਅਨਿੱਖੜ ਅੰਗ ਬਣਨ ਅਤੇ ਇਕਮੁੱਠ ਹੋ ਜਾਣ ਲਈ ਪਰੇਰ ਵੀ ਲਿਆ ਸੀ। ਤਦੇ ਤਾਂ, ਹਿੰਦੁਸਤਾਨ ਦੇ ਪਹਿਲੇ ਗ੍ਰਹਿ-ਮੰਤਰੀ ਅਤੇ ਇਸ ਦੀ ਏਕਤਾ ਤੇ ਏਕੀਕਰਣ ਦੇ ਉਸਰਈਏ, ਸਰਦਾਰ ਵੱਲਭ ਭਾਈ ਪਟੇਲ, ਨੇ ਉਨ੍ਹਾਂ ਨੂੰ "ਹਿੰਦੁਸਤਾਨੀ ਏਕਤਾ ਦੇ ਚੈਂਪੀਅਨ ਅਤੇ ਇਸ ਦੀ ਇਕੱਵਤਾ ਦੇ ਰਖਵਾਲੇ" ਦਸਦਿਆਂ, 15 ਜੁਲਾਈ 1948 ਨੂੰ ਏਲਾਨੀਆ ਆਖਿਆ ਸੀ : He took up the cause of the country at a time when there were few friends amongst the Princely Order... and he made a notable contribution to the unity and integrity of India.[30] ਅਰਥਾਤ, "ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਇਸ ਦੇਸ਼ ਦੇ ਉਕਤ ਉਦੇਸ਼ ਨੂੰ ਉਦੋਂ ਅਪਣਾਇਆ ਲਿਆ ਸੀ ਜਦੋਂ ਰਿਆਸਤੀ ਰਾਜਿਆਂ ਦੇ ਸਮੂਹ ਵਿਚ ਇਸ ਦੇ ਮਿੱਤਰ ਬਹੁਤ ਹੀ ਥੋੜ੍ਹੇ ਸਨ। ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਦੀ ਕਾਇਮੀ ਲਈ ਉਨ੍ਹਾਂ ਦੀ ਦਿੱਤ-ਦੇਣ ਮੰਨੀ-ਪ੍ਰਮੰਨੀ ਤੇ ਯਾਦਰਖਣਯੋਗ ਹੈ।"[30]

ਇਉਂ ਸਾਰੇ ਦੇਸ਼ ਨੂੰ ਆਜ਼ਾਦ ਕਰਾਉਂਦੇ-ਕਰਾਉਂਦੇ ਆਪ ਬਰਬਾਦ ਤੇ ਬੇਸਰੋਸਾਮਾਨ ਹੋ ਚੁਕੀ ਸਿੱਖ ਕੌਮ ਦੇ ਅਜਿਹੇ ਸੁਚੇਤ, ਦਲੇਰ, ਦੂਰਦਰਸ਼ੀ ਤੇ ਦੇਸ਼-ਭਗਤ ਦੁਲਾਰਿਆਂ ਨੇ ਬਦੇਸ਼ੀ ਗ਼ਲਬੇ ਤੋਂ ਆਜ਼ਾਦ ਹੋ ਚੁਕੇ ਹਿੰਦੁਸਤਾਨ ਨੂੰ ਖਿਖਰਨ ਤੇ ਬਰਬਾਦ ਹੋਣ ਅਤੇ ਘਰੋਗੀ ਲੜਾਈਆਂ ਦਾ ਸ਼ਿਕਾਰ ਬਣ ਜਾਣ ਤੋਂ ਵੀ ਬਚਾਅ ਲਿਆ ਸੀ। ਨਾਲ ਹੀ, ਸਾਰੇ ਪੰਜਾਬ ਤੇ ਬੰਗਾਲ ਨੂੰ, ਸੰਪੂਰਨ ਤੌਰ ਤੇ, ਪਾਕਿਸਤਾਨ ਦੇ ਪੇਟੇ ਪੈ ਜਾਣ ਤੋਂ ਛੁਡਾ ਕੇ, ਇਸ ਨੂੰ ਬੜੀ ਭਾਰੀ ਇਲਾਕਾਈ ਹੱਕਤਲਫ਼ੀ ਤੋਂ ਵੀ ਬਚਾਅ ਲਿਆ ਸੀ।

9

'ਚੜ੍ਹਦੀ ਕਲਾ' ਨਾਲ ਵਰੋਸਾਏ ਹੋਏ ਦਸਮੇਸ਼ ਦੇ ਉਜਿਹੇ ਦੂਲਿਆਂ ਨੇ ਅਜਿਹੀਆਂ ਨਿਰੰਤਰ ਘਾਲਾਂ ਤੇ ਕੁਰਬਾਨੀਆਂ ਸਦਕੇ ਸੁਤੰਤਰ ਤੇ ਅਖੰਡ ਹੋ ਚੁਕੇ 'ਆਜ਼ਾਦ ਹਿੰਦੁਸਤਾਨ' (ਭਾਰਤ) ਦੇ ਹਿੱਤਾਂ ਤੇ ਹੱਦਾਂ ਦੀ ਸੁਰੱਖਿਆ ਲਈ ਵੀ, ਫਿਰ ਵੀ, ਆਪਣੇ ਵਲੋਂ, ਕਦੇ ਕੋਈ ਕਸਰ ਨਹੀ ਛੱਡੀ।

ਇਸ ਦੀ ਉੱਤਰੀ ਸਰਹੱਦ ਉਤੇ ਸੰਨ 1962 ਵਿਚ ਹੋਏ ਚੀਨੀ ਹਮਲੇ ਸਮੇਂ, ਇਹ ਛਾਤੀਆਂ ਤਾਣ ਕੇ, ਵੈਰੀ ਦਲਾਂ ਉਤੇ ਟੁਟ ਕੇ ਪੈ ਗਏ ਸਨ। ਫਿਰ ਸੰਨ 1965 ਦੀ ਹਿੰਦ-ਪਾਕ ਜੰਗ ਵਿਚ ਇਸ ਦੀ ਪੱਛਮੀ ਸਰਹੱਦ ਉਤੇ ਉਮਡ ਆਏ ਪਾਕਿਸਤਾਨੀ ਪੈਟਨ ਟੈਂਕਾਂ ਨੂੰ ਠੱਲ੍ਹਣ, ਉਸ ਦੇ ਸੇਬਰ ਜੈਟਾਂ ਨੂੰ ਡੇਗਣ ਅਤੇ ਦੇਸ-ਕੌਮ ਦੀ ਅਣਖ ਨੂੰ ਬਚਾਣ ਲਈ ਉਨ੍ਹਾਂ ਦੀ ਉਸੇ 'ਚੜ੍ਹਦੀ ਕਲਾ' ਨੇ ਅਜਿਹੇ ਚਮਤਕਾਰ ਕਰ ਵਿਖਾਏ ਸਨ ਕਿ ਵੈਰੀ ਤਾਂ ਕੀ, ਵੇਖਣ-ਸੁਣਨ ਵਾਲੇ ਵੀ ਦੰਗ ਰਹਿ ਗਏ ਸਨ। ਇਉਂ ਹੀ, ਸੰਨ 1971 ਵਿਚ, ਇਸ ਦੀ ਪੂਰਬੀ ਸਰਹੱਦ ਉਤੇ ਹੋਈ ਹਿੰਦ-ਪਾਕ ਲੜਾਈ ਦੌਰਾਨ ਵੀ ਜਿਸ 'ਚੜ੍ਹਦੀ ਕਲਾ' ਵਿਚ ਇਹ ਜੂਝੇ ਤੇ ਜਿੱਤੇ ਸਨ, ਉਹ ਵੀ ਸੰਸਾਰ ਦੇ ਸੈਨਿਕ ਇਤਿਹਾਸ ਦੀ ਇਕ ਅਭੁੱਲ ਤੇ ਮਾਣਕਰਨਯੋਗ ਮਿਸਾਲ ਬਣ ਗਈ ਹੈ।

---

30. Ganda Singh, Dr. *A Brief Account of the Sikh People*, op. cit,. pp. 71-73. ਹੋਰ ਵੇਖੋ : *The Role of Patiala in the Integration of India* in the *Punjab Past-and Present*, Vol. VIII, pt. 1, Patiala-1968.

16 ਦਸੰਬਰ 1971 ਨੂੰ ਜਦੋਂ ਪਾਕਿਸਤਾਨ ਦੇ ਪ੍ਰਸਿੱਧ ਜਰਨੈਲ, ਅਮੀਰ ਅਬਦੁੱਲਾ ਖ਼ਾਨ ਨਿਆਜ਼ੀ, ਨੇ ਹਿੰਦੁਸਤਾਨ ਦੇ ਉੱਘੇ ਜਰਨੈਲ, ਸਰਦਾਰ ਜਗਜੀਤ ਸਿੰਘ ਅਰੋੜਾ, ਸਾਹਵੇਂ ਆਪਣੀ ਹਾਰ ਮੰਨਦਿਆਂ ਤਰਿਆਨਵੇਂ ਹਜ਼ਾਰ ਫ਼ੌਜੀਆਂ ਸਮੇਤ ਉਨ੍ਹਾਂ ਦੀ ਈਨ ਮੰਨੀ ਸੀ ਤੇ ਹਥਿਆਰ ਸੁਟੇ ਸਨ, ਤਾਂ ਦੁਨੀਆ ਨੂੰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ ਉਸ ਅਨੂਠੀ ਸਪਿਰਿਟ ਤੇ ਸਰੂਪ ਦਾ ਇਕ ਹੋਰ ਅਦੁੱਤੀ ਜਲਵਾ, ਅਜੋਕੇ ਸਮੇਂ ਵਿਚ ਵੀ, ਵੇਖਣ ਦਾ ਸੁਭਾਗ ਪਰਾਪਤ ਹੋ ਗਿਆ ਸੀ। 16 ਦਸੰਬਰ 1996 ਨੂੰ ਇਸੇ ਸ਼ਾਨਦਾਰ ਤੇ ਬੇਮਿਸਾਲ ਫ਼ਤਿਹ ਦੀ ਮਨਾਈ ਗਈ ਸਿਲਵਰ ਜੁਬਲੀ, 'ਵਿਜੈ ਦਿਵਸ', ਦਾ ਜ਼ਿਕਰ ਕਰਦਿਆਂ, 'ਫ਼ਰੀ ਪ੍ਰੈਸ' ਨੇ ਉਸ ਇਤਿਹਾਸਕ ਤਰੀਕ ਨਾਲ ਸਬੰਧਿਤ ਆਪਣੇ ਪਰਚੇ ਵਿਚ ਇਹ ਜੋ ਕੁਝ ਲਿਖਿਆ-ਛਾਪਿਆ ਸੀ, ਉਸੇ ਹਕੀਕਤ ਦਾ ਹੀ ਇਕ ਮਾਣਕਰਨਯੋਗ ਬਿਆਨ ਹੈ: It was on this day that Lieutenant-General Amir Abdullah Khan Niyazi, Martial Law Administrator and Commander of Pakistan Eastern Command, signed the documents of unconditional surrender at 4.31 p.m. and laid down its arms to Lieutenant-General Jagjit Singh Arora, General-Officer Commanding, India and Bangladesh in Eastern Sector. Thus, a free Bangladesh came into existence and Eastern Pakistan ceased to exist. As many as 93,000 Pakistani troops were taken prisoners after the ceasefire.[31] ਅਰਥਾਤ, "ਪਾਕਿਸਤਾਨ ਦੀ ਈਸਟਰਨ ਕਮਾਂਡ ਦੇ ਕਮਾਂਡਰ ਅਤੇ ਮਾਰਸ਼ਲ ਲਾਅ ਐਡਮਿਨਿਸਟਰੇਟਰ, ਲੈਫ਼ਟੀਨੈਂਟ-ਜਨਰਲ ਅਮੀਰ ਅਬਦੁੱਲਾ ਖ਼ਾਨ ਨਿਆਜ਼ੀ, ਨੇ ਇਸੇ ਦਿਨ, ਸ਼ਾਮ ਦੇ ਸਾਢੇ ਚਾਰ ਵਜੇ, ਈਸਟਰਨ ਸੈਕਟਰ ਵਿਚ ਹਿੰਦੁਸਤਾਨ ਤੇ ਬੰਗਲਾਦੇਸ਼ ਦੇ ਜਨਰਲ-ਆਫ਼ੀਸਰ ਕਮਾਂਡਿੰਗ, ਲੈਫ਼ਟੀਨੈਂਟ-ਜਨਰਲ ਜਗਜੀਤ ਸਿੰਘ ਅਰੋੜਾ, ਸਾਹਵੇਂ ਬਿਨਾਂ ਸ਼ਰਤ ਆਤਮ-ਸਮਰਪਣ ਦੇ ਦਸਤਾਵੇਜ਼ਾਂ ਉਤੇ ਦਸਖ਼ਤ ਕੀਤੇ ਸਨ ਅਤੇ ਆਪਣੇ ਹਥਿਆਰ ਸੁਟੇ ਸਨ। ਇਉਂ ਇਕ ਆਜ਼ਾਦ ਮੁਲਕ, ਬੰਗਲਾਦੇਸ਼ ਹੋਂਦ ਵਿਚ ਆ ਗਿਆ ਸੀ; ਪੂਰਬੀ ਪਾਕਿਸਤਾਨ ਦੀ ਹੋਂਦ ਖ਼ਤਮ ਹੋ ਗਈ ਸੀ ਅਤੇ 93 ਹਜ਼ਾਰ ਪਾਕਿਸਤਾਨੀ ਫ਼ੌਜੀ ਕੈਦ ਕਰ ਲਏ ਗਏ ਸਨ"।[31]

10

ਉਹ ਜਲਵਾ, ਬਹੁਤਾ ਤਾਂ, ਸੈਨਕ ਸੂਝ, ਸ਼ਕਤੀ, ਸਿਦਕ ਤੇ ਸਾਬਤਕਦਮੀ ਆਦਿ ਦੀ ਲਖਾਇਕ 'ਚੜ੍ਹਦੀ ਕਲਾ' ਨਾਲ ਸਬੰਧਿਤ ਸੀ। ਜਿਥੋਂ ਤਕ ਹੱਕ, ਇਨਸਾਫ਼ ਤੇ ਇਖ਼ਲਾਕ ਆਦਿ ਦਾ ਸਬੰਧ ਹੈ, 'ਇੰਡੀਅਨ ਐਕਸਪ੍ਰੈਸ' ਨੇ ਆਪਣੇ 30 ਦਸੰਬਰ 1996 ਵਾਲੇ ਪਰਚੇ ਵਿਚ ਜੋ ਕੁਝ ਪਰਕਾਸ਼ਤ ਕੀਤਾ ਸੀ, ਉਸ ਉਤੇ ਵੀ ਕੋਈ ਜਿੰਨਾ ਵੀ ਮਾਣ ਕਰੇ ਉਨਾ ਹੀ ਥੋੜ੍ਹਾ ਹੈ। 31 ਦਸੰਬਰ 1996 ਨੂੰ ਹਿੰਦੁਸਤਾਨ ਦੀ ਸੁਪਰੀਮ ਕੋਰਟ ਦੀ ਜੱਜੀ ਤੋਂ ਸੇਵਾ-ਮੁਕਤ ਹੋ ਰਹੇ ਜਸਟਿਸ ਕੁਲਦੀਪ ਸਿੰਘ ਦੀ ਸੂਝ ਤੇ ਸਿਆਣਪ, ਦਲੇਰੀ ਤੇ ਦਿਆਨਤਦਾਰੀ, ਹੱਕ-ਸ਼ਨਾਸੀ ਤੇ ਇਨਸਾਫ਼-ਪਸੰਦੀ ; ਅਤੇ ਅਮਨ-ਕਾਨੂੰਨ, ਵਿਧੀ-ਵਿਧਾਨ ਤੇ ਲੋਕ-ਹਿੱਤਾਂ ਦੀ ਰਾਖੀ ਤੇ ਦਿੱਤ-ਦੇਣ ਦਾ ਜ਼ਿਕਰ ਕਰਦਿਆਂ, ਉਸ ਵਿਚ ਲਿਖਿਆ ਸੀ : From 1st January 1997, the Supreme Court will no more hear the roar of Justice Kuldip Singh. His retirement on December 31 marks the end of an era of revolution in justice for the benefit of the masses. Presiding over the benches with justices B.L. Hansaria, Faizan-u-

---

31. *The Free Press,* Indore, dated 16 December 1996.

din or Saghir Ahmed, Justice Kuldip Singh had literally declared a war on politicians, police officials and administrators. On behalf of the public exploited during 50 years of a legally free India, this 'Lion', hailing from Panjab, invited the defrauders of the public to a legal wrestling match. If they gave in and agreed to do their legal and constitutional duty, then it was good for them. And if not, he made them comply using the constitutional power of doing complete justice.[32] ਅਰਥਾਤ, "ਹਿੰਦੁਸਤਾਨ ਦੀ ਸੁਪਰੀਮ ਕੋਰਟ ਪਹਿਲੀ ਜਨਵਰੀ 1997 ਤੋਂ ਜਸਟਿਸ ਕੁਲਦੀਪ ਸਿੰਘ ਦੀ ਗਰਜ ਮੁੜ ਸੁਣ ਨਹੀਂ ਸਕਿਆ ਕਰੇਗੀ। ਉਨ੍ਹਾਂ ਦੀ 31 ਦਸੰਬਰ 1996 ਨੂੰ ਹੋ ਰਹੀ ਸੇਵਾ-ਨਿਵਿਰਤੀ ਤੇ ਪਦ-ਤਿਆਗ ਲੋਕ-ਭਲਾਈ ਲਈ ਇਨਸਾਫ਼ ਦੇ ਖੇਤਰ ਵਿਚ ਆਏ ਇਨਕਲਾਬ ਦੇ ਇਕ ਦੌਰ ਦੀ ਸਮਾਪਤੀ ਦੇ ਸੂਚਕ ਹਨ। ਜਸਟਿਸ ਬੀ. ਐਲ. ਹਨਸਾਰੀਆ, ਜਸਟਿਸ ਫੈਜ਼ੁਨ-ਉਦ-ਦੀਨ ਜਾਂ ਜਸਟਿਸ ਸਗੀਰ ਅਹਿਮਦ ਨਾਲ ਸੰਮਿਲਿਤ ਪੀਠਾਂ ਦੀ ਪਰਧਾਨਗੀ ਕਰਦਿਆਂ, ਜਸਟਿਸ ਕੁਲਦੀਪ ਸਿੰਘ ਨੇ ਰਾਜਨੀਤੀਵੇਤਿਆਂ, ਪੁਲਸ-ਕਰਮਚਾਰੀਆਂ ਅਤੇ ਪ੍ਰਸ਼ਾਸਕਾਂ ਉਤੇ ਮਾਨੋ ਇਕ ਯੁੱਧ ਦਾ ਏਲਾਨ ਕੀਤਾ ਹੋਇਆ ਸੀ। ਪੰਜਾਬ ਤੋਂ ਆਏ ਹੋਏ ਇਸ 'ਸ਼ੇਰ' ਨੇ ਪਬਲਿਕ ਦੇ ਠੱਗਾਂ ਤੇ ਹੱਕਮਾਰਾਂ ਨੂੰ ਕਾਨੂੰਨੀ ਤੌਰ ਤੇ ਆਜ਼ਾਦ ਹੋ ਚੁਕੇ ਹਿੰਦੁਸਤਾਨ ਦੇ ਪੰਜਾਹ ਵਰ੍ਹਿਆਂ ਦੌਰਾਨ ਲੁਟੀ-ਪੁਟੀ ਜਾ ਰਹੀ ਜਨਤਾ ਵਲੋਂ ਇਕ ਕਾਨੂੰਨੀ ਕੁਸ਼ਤੀ ਲਈ ਮਾਨੋ ਸੱਦਾ ਦਿੱਤਾ ਹੋਇਆ ਸੀ। ਜੇ ਉਨ੍ਹਾਂ ਨੇ ਆਪਣੀ ਹਾਰ ਮੰਨ ਲਈ ਸੀ ਅਤੇ ਆਪਣੇ ਕਾਨੂੰਨੀ ਤੇ ਵਿਧਾਨਕ ਫ਼ਰਜ਼ ਨਿਭਾਉਣ ਦੀ ਸ਼ਰਤ ਪਰਵਾਨ ਕਰ ਲਈ ਸੀ ਤਾਂ ਇਹ ਉਨ੍ਹਾਂ ਲਈ ਚੰਗਾ ਸਿੱਧ ਹੋਇਆ ਸੀ; ਅਤੇ ਜੇ ਉਨ੍ਹਾਂ ਨੇ ਇਹ ਕੁਝ ਨਹੀਂ ਕੀਤਾ ਜਾਂ ਮੰਨਿਆ ਸੀ ਤਾਂ ਜਸਟਿਸ ਕੁਲਦੀਪ ਸਿੰਘ ਨੇ ਸੰਪੂਰਨ ਨਿਆਂ ਕਰਨ ਦੀ ਸੰਵਿਧਾਨਕ ਸ਼ਕਤੀ ਵਰਤ ਕੇ, ਉਨ੍ਹਾਂ ਨੂੰ ਉਸ ਉਤੇ ਅਮਲ ਕਰਵਾ ਕੇ ਹੀ ਛੱਡਿਆ ਸੀ"। ਇਸੇ ਅਖ਼ਬਾਰ ਨੇ ਇਸ ਤੋਂ ਪਹਿਲਾਂ ਆਪਣੇ 21 ਦਸੰਬਰ 1996 ਵਾਲੇ ਪਰਚੇ ਵਿਚ ਛਾਪੇ ਇਕ ਹੋਰ ਲੇਖ, *A Judge of the Times*, ਨੂੰ ਹੇਠ-ਲਿਖੇ ਵਾਕ ਨਾਲ ਅੰਤਾਉਂਦਿਆਂ ਦਸਿਆ ਸੀ: "[32]

He symbolises the changing face of Indian judiciary.[33]

ਅਰਥਾਤ, "ਉਹ ਹਿੰਦੁਸਤਾਨੀ ਨਿਆਂ-ਵਿਵਸਥਾ ਦੀ ਬਦਲ ਰਹੀ ਸੂਰਤ ਦਾ ਸੰਕੇਤ ਜਾਂ ਪ੍ਰਤੀਕ ਹਨ।[33]

ਜਨਰਲ ਜਗਜੀਤ ਸਿੰਘ ਅਤੇ ਜਸਟਿਸ ਕੁਲਦੀਪ ਸਿੰਘ ਵੀ, ਮਿਸਾਲ ਵਜੋਂ, ਉਸੇ 'ਪੰਜਾਬ' ਦੇ ਜੰਮਪਲ 'ਸ਼ੇਰ' ਹਨ ਜਿਸ ਦੀ "ਧਰਤੀ ਵਿਚ", ਪ੍ਰੋ. ਪੂਰਨ ਸਿੰਘ ਦੇ ਲਫ਼ਜ਼ਾਂ ਵਿਚ, "ਕਲਗ਼ੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲਗੀ" ਸੀ; "ਜਿਥੇ ਗੋਬਿੰਦ ਸਿੰਘ ਪਿਆਰਾ ਰਾਖਾ ਸਾਡਾ" ਅਤੇ ਜਿਸ ਦੇ "ਦਰਿਆ ਗੁਰੂ ਨਾਨਕ ਦੇਵ ਦਾ ਪਿਆਰਾ 'ਜਪੁ ਸਾਹਿਬ' ਗਾਉਂਦੇ" ਵਗਦੇ ਜਾ ਰਹੇ ਹਨ।[34] ਇਸ ਲਈ ਉਨ੍ਹਾਂ ਦੀ ਉਕਤ ਸੂਰਬੀਰਤਾ ਤੇ ਨਿਆਂਪਾਲਤਾ, ਪਰਾਪਤੀ ਤੇ ਲੋਕ-ਪ੍ਰਿਯਤਾ; ਅਤੇ ਅਜਿਹੇ ਯਾਦਗਾਰੀ ਯੋਗਦਾਨ ਆਦਿ ਪਿਛੇ ਵੀ ਉਹੀਓ ਸਿਖਰੀ ਸਪਿਰਿਟ ਕੰਮ ਕਰ ਰਹੀ ਹੈ ਜੋ ਪੰਜਾਬ ਦੇ ਜੰਮਿਆਂ ਨੂੰ ਅਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ੀ ਸੀ।

---

32. *The Indian Express,* New Delhi, dated 30 December 1996.
33. *Indian Express*, New Delhi, 21 December 1996.
34. ਪ੍ਰੋ. ਪੂਰਨ ਸਿੰਘ ਦੀ ਚੋਣਵੀਂ ਕਵਿਤਾ (ਸੰਪਾਦਿਤ ਵਲੋਂ ਡਾ. ਹਰਨਾਮ ਸਿੰਘ ਸ਼ਾਨ), ਚੰਡੀਗੜ੍ਹ -1961; ਦੂਜੀ ਛਾਪ - 1964, ਪੰਨੇ 46, 54, 73.

ਇਸ ਅਨੂਠੀ ਸਪਿਰਿਟ ਦੇ ਕੁਝ ਅਜਿਹੇ ਚਮਤਕਾਰ ਦੇਸ਼ੋਂ ਬਾਹਰ ਵੀ, ਜੀਵਨ ਦੇ ਹੋਰ ਪੱਖਾਂ ਤੇ ਖੇਤਰਾਂ ਵਿਚ ਵੀ, ਇਵੇਂ ਹੀ ਵਿਦਮਾਨ ਹਨ। ਮਿਸਾਲ ਵਜੋਂ, ਹੋਰ ਤਾਂ ਹੋਰ, ਸਾਡੇ ਪਿਛਲੇ ਹਾਕਮਾਂ ਦੇ ਦੇਸ਼, ਵਲੈਤ ਭਾਵ ਬਰਤਾਨੀਆਂ, ਵਿਚ ਜਾ ਵੱਸੇ ਸਰਦਾਰ ਇਕਬਾਲ ਸਿੰਘ ਉਥੋਂ ਦੇ ਇਕ ਪ੍ਰਸਿੱਧ ਸੰਪਤੀ-ਵਿਕਾਸਕ, ਬਟਲੇ ਮੈਨਰ ਦੇ ਲਾਰਡ (Lord of Butley Manor) ਅਤੇ ਵੈਕਸੇ ਨਾਂ ਦੇ ਇਕ ਟਾਪੂ (Vacsay Island) ਦੇ ਮਾਲਕ ਹਨ। ਉਨ੍ਹਾ ਦੀ ਉਥੇ ਆਪਣੀ ਇਕ 'ਗੜ੍ਹੀ' (Little Castle) ਵੀ ਹੈ ਜਿਸ ਉਤੇ ਉਹ ਆਪਣਾ ਨਿੱਜੀ ਝੰਡਾ ਝੁਲਾਉਂਦੇ ਹਨ ਜਿਸ ਵਿਚ ਖ਼ਾਲਸਈ, ਭਾਵ ਕੇਸਰੀ, ਤੇ ਸੁਰਮਈ ਰੰਗ ਵੀ ਸ਼ਾਮਲ ਹਨ। ਉਨ੍ਹਾਂ ਨੇ ਆਪਣਾ ਵਿਕੋਲਿਤਰਾ ਚਾਰਖ਼ਾਨਵੀ ਵਸਤਰ (tartan) ਅਤੇ ਨਵੇਕਲਾ ਕੁਲ-ਚਿੰਨ੍ਹ (Coat of arms) ਵੀ ਬਣਵਾਇਆ ਹੋਇਆ ਹੈ ਜਿਸ ਉਪਰ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਬਚਨ, 'ਅਕਾਲ ਸਹਾਇ', ਇਕ ਘੋੜੇ, ਇਕ ਸ਼ੇਰ ਅਤੇ ਵਿਲੱਖਣ ਖ਼ਾਲਸਈ ਚਿੰਨ੍ਹ, ਖੰਡੇ, ਦੀ ਕੱਢਾਈ ਵੀ ਕਰਵਾਈ ਹੋਈ ਹੈ।"[35] ਇਹ ਵੀ ਉਕਤ ਸਪਿਰਿਟ ਅਤੇ ਕੌਮੀ ਅਪੱਣਤ ਦੇ ਕੁਝ ਅਜਿਹੇ 'ਚੜ੍ਹਦੀ ਕਲਾ-ਪੂਰਤ' ਪਰਗਟਾਵੇ ਹਨ ਜੋ ਆਪਣੀ ਕਿਸਮ ਦੇ ਆਪ ਹੀ ਜਾਪਦੇ ਹਨ।

35. ਵੇਖੋ : *The Tribune, Chandigarh,* dated 13 March 1999.

ਕਾਂਡ 7

ਚੜ੍ਹਦੀ ਕਲਾ ਦਾ ਪਿਛੋਕੜ, ਅਜੋਕੜ ਤੇ ਅਗੋਕੜ

ਆਪਣੇ ਅਤੀ ਪਿਆਰੇ ਵਤਨ, ਹਿੰਦੁਸਤਾਨ, ਨੂੰ ਇਸ ਦੇ ਬਹੁ-ਗਿਣਤੀਏ ਭਾਈਚਾਰਿਆਂ ਤੋਂ ਕਈ ਗੁਣਾਂ ਵਧ ਦਿੱਤੀਆਂ ਇਹੋ ਜਹੀਆਂ ਮਹਾਨ ਕੁਰਬਾਨੀਆਂ ਰਾਹੀਂ ਸੁਤੰਤਰ ਤੇ ਸੁਰੱਖਿਅਤ ਕਰਾਉਣ ਲਈ ਹਰ ਸਮੇਂ ਤੇ ਸੰਕਟ ਦੌਰਾਨ ਤਤਪਰ ਰਹੇ [1] ਅਜਿਹੀ 'ਚੜ੍ਹਦੀ ਕਲਾ' ਦੇ ਧਾਰਨੀ ਗੁਰਸਿੱਖਾਂ ਨੂੰ, ਆਜ਼ਾਦੀ ਦੀ ਪਰਾਪਤੀ ਤੋਂ ਕੇਵਲ ਸੈਂਤੀ ਸਾਲ ਬਾਅਦ, ਸੰਨ 1984 ਵਿਚ, ਇੱਕੋ ਸਾਲ ਦੇ ਅਤੀ ਭਿਆਨਕ ਤੇ ਦਰਦਨਾਕ ਘੱਲੂਘਾਰਿਆਂ (holocausts) ਦਾ ਵੀ ਸਾਹਮਣਾ ਕਰਨਾ ਪੈ ਗਿਆ ਸੀ।

ਇਨ੍ਹਾਂ ਵਿਚੋਂ ਪਹਿਲਾ ਜੂਨ 1984 ਦੇ ਆਰੰਭ ਵਿਚ ਹੀ, ਉਨ੍ਹਾਂ ਦੇ ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਜੀ, ਦੇ ਸ਼ਹੀਦੀ ਗੁਰਪੁਰਬ ਦੌਰਾਨ, ਉਨ੍ਹਾਂ ਦੀ ਕੌਮੀ ਰਾਜਧਾਨੀ, ਅੰਮ੍ਰਿਤਸਰ,ਵਿਚ ਸਥਾਪਿਤ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹੱਲੇ ਰਾਹੀਂ ਵਾਪਰਿਆ ਸੀ। ਉਦੋਂ ਉਥੇ ਮੌਕੇ ਤੇ ਮੌਜੂਦ, ਬੀ.ਬੀ.ਸੀ. ਲੰਡਨ ਦੇ ਸੁਪ੍ਰਸਿੱਧ ਪ੍ਰਤੀਨਿਧ, ਮਿਸਟਰ ਮਾਰਕ ਟਲੀ, ਤੇ ਸਤੀਸ਼ ਜੈਕਬ ਅਨੁਸਾਰ, On 5th June 1984, the Indian Army began its attack on the complex at Amritsar which housed the two most sacred shrines of the Sikh Community, the Golden Temple and the Akal Takhat .... Tanks were ordered in and the Akal Takhat was virtually

---

1. ਪ੍ਰੋ. ਡਾ. ਉਜਾਗਰ ਸਿੰਘ ਬਾਵਾ ਅਨੁਸਾਰ : .Of the total number of persons martyred during the Independence Movement, 75 percent were Sikhs; of the total number sent to gallows, 81percent were Sikhs; and those exiled and deported to Andamans, a deadly and uninhabited island in Bay of Bengal in the Indian Ocean, 80 percent were Sikhs (Ujagar Singh Bawa, Prof. Dr., *Sikhism*, Washington-1988, p.22), ਅਰਥਾਤ, "ਹਿੰਦੁਸਤਾਨ ਦੇ ਸੁਤੰਤਰਤਾ-ਸੰਗਰਾਮ ਵਿਚ ਸ਼ਹੀਦ ਹੋਏ ਲੋਕਾਂ ਵਿਚੋਂ 75 ਫ਼ੀ ਸਦੀ ਸਿੱਖ ਸਨ; ਜੋ ਸੱਜਣ ਫ਼ਾਂਸੀ ਚੜ੍ਹਾਏ ਗਏ ਸਨ, ਉਨ੍ਹਾਂ ਵਿਚੋਂ 81 ਫ਼ੀ ਸਦੀ ਸਿੱਖ ਸਨ; ਅਤੇ ਜਿਨ੍ਹਾਂ ਨੂੰ ਦੇਸ਼-ਨਿਕਾਲਾ ਦੇ ਕੇ ਹਿੰਦ ਸਾਗਰ ਦੀ ਬੰਗਾਲ ਦੀ ਖਾੜੀ ਵਿਚ ਸਥਿਤ 'ਅੰਡੇਮਾਨ' ਨਾਂ ਦੇ ਇਕ ਭਿਅੰਕਰ ਤੇ ਗ਼ੈਰ-ਆਬਾਦ ਟਾਪੂ (ਕਾਲੇ ਪਾਣੀ) ਵਿਚ ਜੇਲ੍ਹ-ਬੰਦ ਕਰ ਦਿੱਤਾ ਗਿਆ ਸੀ, ਉਨ੍ਹਾਂ ਵਿਚੋਂ ਵੀ 80 ਫ਼ੀ ਸਦੀ ਸਿੱਖ ਸਨ।" (ਉਜਾਗਰ ਸਿੰਘ, ਪ੍ਰੋ. ਡਾ. ਬਾਵਾ, ਸਿੱਖਇਜ਼ਮ, ਵਾਸ਼ਿੰਗਟਨ- 1988, ਪੰ. 22.)।

ਹੋਰ ਵੇਖੋ: *The Sikhs in History,* New York-1995 by Dr. Sangat Singh, p. 502.

2. Mark Tully & Satish Jacob, *Amritsar : Mrs. Gandhi's Last Battle,* Delhi-1985, p. i.

ਕੁਝ ਹੋਰ ਵੇਰਵੇ ਲਈ ਵੇਖੋ: *Report to the Nation : Oppression in Panjab by Citizens for Democracy,* Bombay-1985; **ਡਾਇਰੀ ਦੇ ਪੰਨੇ**, ਅੰਮ੍ਰਿਤਸਰ-1984, ਕ੍ਰਿਤ ਸ. ਹਰਬੀਰ ਸਿੰਘ ਭੰਵਰ; **ਬਲਿਊ ਸਟਾਰ ਘਲੂਘਾਰਾ**, ਪਟਿਆਲਾ-1991 ਕ੍ਰਿਤ ਡਾ.ਮਹਿੰਦਰ ਸਿੰਘ ਢਿੱਲੋਂ; *Tragedy of Punjab : Operation Blue Star and After* by Shri Kuldip Nayar and S. Khushwant Singh, New Delhi-1984.

reduced to rubble ..[2] ਅਰਥਾਤ, "ਹਿੰਦੁਸਤਾਨੀ ਫੌਜ ਨੇ 5 ਜੂਨ 1984 ਨੂੰ ਅੰਮ੍ਰਿਤਸਰ ਦੇ ਉਸ ਪਾਵਨ ਭਵਨ-ਸਮੂਹ ਉੱਤੇ ਹਮਲਾ ਸ਼ੁਰੂ ਕਰ ਦਿੱਤਾ ਸੀ ਜਿਸ ਵਿਚ ਸਿੱਖ ਕੌਮ ਦੇ ਦੋ ਸਭ ਤੋਂ ਪਵਿੱਤਰ ਇਤਿਹਾਸਕ ਸਥਾਨ - ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ–ਸਥਿਤ ਹਨ।...... ਉਸ ਦੇ ਅੰਦਰ ਟੈਂਕ ਵੀ ਲਿਆਂਦੇ ਗਏ ਸਨ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਅਕਾਲ ਤਖ਼ਤ ਨੂੰ ਸੱਚੀ-ਮੁੱਚੀ ਮਲਬਾ ਬਣਾ ਦਿੱਤਾ ਗਿਆ ਸੀ"।[2] ਆਜ਼ਾਦ ਹਿੰਦੁਸਤਾਨ ਦੀ ਸਰਕਾਰ ਨੇ ਇਸ ਮਾਰੂ ਮੁਹਿੰਮ ਦਾ ਨਾਂ Operation Blue Star (ਨੀਲਾ ਤਾਰਾ ਕਾਰਵਾਈ) ਰਖਿਆ ਸੀ ਜੋ ਕਿ code name for the Indian Army's move into Punjab against the Sikhs.[3] ਅਰਥਾਤ, "ਹਿੰਦੁਸਤਾਨ ਦੀ ਫ਼ੌਜ ਵਲੋਂ ਪੰਜਾਬ ਵਿਚ ਸਿੱਖਾਂ ਦੇ ਵਿਰੁੱਧ ਕੀਤੀ ਗਈ ਸੈਨਕ ਕਾਰਵਾਈ ਦਾ ਗੁਪਤ ਸੰਕੇਤ ਸੀ।"[3] ਪਰ ਇਤਿਹਾਸ ਨੇ ਇਸ ਨੂੰ the biggest and the most significant army action against its own countrymen ever taken in the world. ਅਰਥਾਤ, "ਦੁਨੀਆਂ ਦੇ ਕਿਸੇ ਵੀ ਦੇਸ਼ ਦੀ ਫ਼ੌਜ ਵਲੋਂ ਆਪਣੇ ਹੀ ਦੇਸਵਾਸੀਆਂ ਉੱਤੇ ਕੀਤੀ ਗਈ ਸਭ ਤੋਂ ਵੱਡੀ ਤੇ ਸਭ ਤੋਂ ਵਿਸ਼ੇਸ਼ ਸੈਨਕ ਕਾਰਵਾਈ" ਦਸਿਆ ਸੀ। ਇਸ ਘੱਲੂਘਾਰੇ ਵਿਚ ਵੀ ਪੰਜਾਬ ਦੇ ਕੁਝ ਹੋਰ ਗੁਰਧਾਮਾਂ ਤੇ ਸਿੱਖ ਸੰਸਥਾਵਾਂ ਦੀ ਹੋਈ ਨਿਰਾਦਰੀ ਤੇ ਤਬਾਹੀ ਤੋਂ ਛੁਟ, ਹਜ਼ਾਰਾਂ ਅਜਿਹੇ ਗੁਰਸਿੱਖ ਵੀ ਮਾਰ -ਮੁਕਾ ਦਿੱਤੇ ਗਏ ਸਨ ਜਿਨ੍ਹਾਂ ਦੇ ਨਾਂ-ਪਤੇ ਤੇ ਹੋਰ ਵੇਰਵੇ ਅਜੇ ਤਕ ਹਨੇਰੇ ਦੇ ਪਰਦੇ ਪਿਛੇ ਲੁਪਿਤ ਹਨ।

ਚਾਰ ਕੁ ਮਹੀਨਿਆਂ ਬਾਅਦ, ਉਸੇ ਵਰ੍ਹੇ ਹੋਏ ਦੂਜੇ ਘੱਲੂਘਾਰੇ ਦੌਰਾਨ ਹਿੰਦੁਸਤਾਨ ਦੀ ਰਾਸ਼ਟਰੀ ਰਾਜਧਾਨੀ, ਦਿੱਲੀ , ਅਤੇ ਕਾਨ੍ਹਪੁਰ (ਉੱਤਰ ਪ੍ਰਦੇਸ਼) ਤੇ ਬੁਖ਼ਾਰੋ (ਬਿਹਾਰ) ਵਰਗੇ ਕੁਝ ਹੋਰ ਵੱਡੇ ਤੇ ਘੁੱਗ-ਵੱਸਦੇ ਸ਼ਹਿਰਾਂ ਵਿਚ ਨਿਰਦੋਸ਼ ਤੇ ਰਾਹ-ਜਾਂਦੇ ਹਜ਼ਾਰਾਂ ਸਿੱਖਾਂ ਨੂੰ ਮਾਰਿਆ ਗਿਆ ਸੀ; ਅਤੇ ਉਨ੍ਹਾਂ ਦੇ ਗੁਰਦੁਆਰਿਆਂ, ਮਕਾਨਾਂ, ਦੁਕਾਨਾਂ ਤੇ ਵਾਹਨਾਂ ਆਦਿ ਨੂੰ ਜਿਸ ਬੇਹਯਾਈ ਨਾਲ ਦਿਨ-ਦਿਹਾੜੇ ਲੁਟਿਆ ਤੇ ਸਾੜਿਆ ਗਿਆ ਸੀ, ਉਸ ਦਾ ਲੇਖਾ-ਜੋਖਾ ਵੀ ਅਜੇ ਤਕ ਹੱਕ-ਨਿਆਂ ਦੀ ਉਡੀਕ ਵਿਚ ਹੈ।[4]

ਇਸ 'ਨਵੇਂ ਜ਼ਮਾਨੇ' ਵਿਚ, ਪਠਾਣ-ਮੁਗਲ-ਤੇ-ਅੰਗਰੇਜ਼-ਬਦੇਸੀਆਂ ਦੇ ਅਤਿਆਚਾਰਾਂ ਤੋਂ ਆਜ਼ਾਦ ਹੋ ਚੁਕੇ ਸੁਤੰਤਰ ਭਾਰਤ ਵਿਚ, ਦਾੜ੍ਹੀ-ਪਗੜੀ ਦੇ ਧਾਰਨੀ ਮਨੁੱਖਾਂ ਨੂੰ ਮਾਰ-ਮੁਕਾਉਣ ਲਈ ਜੋ ਸੋਚੇ-ਸਮਝੇ ਸਾਧਨ ਤੇ ਸਮੱਗਰੀ ਵਰਤੀ ਗਈ ਸੀ, ਉਹ ਵੀ ਅਸਲੋਂ 'ਨਵੀਂ' ਤੇ ਅਭਰਿੱਠ ਸੀ। ਲੱਖਾਂ ਦੀ ਵੱਸੋਂ ਵਾਲੀ ਰਾਜਧਾਨੀ ਦੀਆਂ ਗਲੀਆਂ ਬਜ਼ਾਰਾਂ ਵਿਚ, ਦਿਨ-ਦਿਹਾੜੇ, ਉਨ੍ਹਾਂ ਦੇ ਗਲਾਂ ਵਿਚ ਪੁਰਾਣੇ ਟਾਇਰ ਪਾ ਕੇ ਅਤੇ ਉਨ੍ਹਾਂ ਨੂੰ ਅੱਗਾਂ ਲਾ ਕੇ ਉਨ੍ਹਾਂ ਦੇ "ਜ਼ਿੰਦਾ ਨਾਚ-ਗਾਣੇ" ਤੱਕਣ-ਸੁਣਨ ਦਾ ਚਾਅ ਪੂਰਾ ਕੀਤਾ ਗਿਆ ਸੀ। ਉਨ੍ਹਾਂ ਦੇ ਮਕਾਨਾਂ, ਦੁਕਾਨਾਂ ਤੇ ਕਾਰਖ਼ਾਨਿਆਂ ਵਿਚ ਅੱਗ-ਲਾਊ ਪੌਡਰ ਸੁਟ ਕੇ ਉਨ੍ਹਾਂ ਨੂੰ ਸਾੜਿਆ-ਸੁਆਹਿਆ ਗਿਆ ਸੀ। ਉਨ੍ਹਾਂ ਦੀਆਂ ਧੀਆਂ, ਭੈਣਾਂ ਤੇ ਸੁਪਤਨੀਆਂ ਦੀ, ਚਿੱਟੇ-ਚਾਨਣੇ, ਬੇਝਿਜਕ ਬੇਪੱਤੀ ਕੀਤੀ ਗਈ ਸੀ; ਅਤੇ ਉਨ੍ਹਾਂ ਦੀਆਂ ਅੱਖਾਂ ਸਾਹਵੇਂ ਉਨ੍ਹਾਂ ਦੇ ਪਿਤਾਵਾਂ, ਭਰਾਵਾਂ ਤੇ ਪਤੀਆਂ ਨੂੰ ਮਿੱਟੀ ਦਾ ਤੇਲ ਪਾ ਪਾ ਕੇ ਜੀਉਂਦੇ-ਜੀਅ ਜਲਾਇਆ ਜਾਂ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀਆਂ ਮੋਟਰਾਂ, ਸਕੂਟਰ ਤੇ ਟਰੱਕ ਆਦਿ ਵੀ ਉਨ੍ਹਾਂ ਦੀ ਜ਼ੱਦ ਤੋਂ ਬਚ ਨਹੀਂ ਸਕੇ ਸਨ। ਹੋਰ ਤਾਂ ਹੋਰ, ਉਨ੍ਹਾਂ ਦੇ ਪਾਵਨ ਗੁਰਦੁਆਰਿਆਂ ਤੇ ਗੁਰਬਾਣੀ (ਜੋ ਸਾਰੀ ਮਨੁੱਖਤਾ ਲਈ ਸਾਂਝੀ ਤੇ ਕਲਿਆਣਕਾਰੀ ਹੈ) ਨੂੰ ਵੀ ਸਾੜ-ਫੂਕ ਕੇ ਮੌਜ-ਮੇਲਾ ਮਨਾਇਆ ਗਿਆ ਸੀ। ਅਤੇ ਇਹ ਸਭ ਕੁਝ ਸਾਡੀ

---

3. Gurmit Singh, Dr. , *History of Sikh Struggles*, Vol. III, New Delhi-1991, p.1.
4. I bid., Vol. III, pp. 28-39.

'ਸੈਕੂਲਰ' ਰਾਸ਼ਟਰੀ ਸਰਕਾਰ ਵੇਖਦੀ ਰਹੀ ਸੀ; ਆਮ-ਖ਼ਾਸ ਲੋਕ ਵੀ ਵੇਖਦੇ ਰਹੇ ਸਨ; ਪਰ ਕਿਸੇ ਨੇ ਉਨ੍ਹਾਂ 'ਮਦਾਰੀਆਂ' ਦੇ ਅਜਿਹੇ 'ਤਾਂਡਵ ਨਾਚ' ਨੂੰ ਰੋਕਣ ਦੀ ਕੋਈ ਕੋਸ਼ਿਸ਼ ਜਾਂ ਜੁਰੱਅਤ ਨਹੀਂ ਕੀਤੀ ਸੀ। ਹਾਂ, ਉਸ ਦੀ ਸਮਾਪਤੀ 'ਤੇ, ਕੁਝ ਬੜੇ ਸੁਹਿਰਦ ਤੇ ਸੁੱਘੜ-ਸਿਆਣੇ, ਪ੍ਰਸਿੱਧ ਤੇ ਬੇਲਾਗ ਸੱਜਣਾਂ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਨੇ ਉਨ੍ਹਾਂ ਨੁਕਸਾਨਾਂ ਤੇ ਨਿਰਾਦਰੀਆਂ ਦਾ ਸਰਵੇਖਣ ਕੀਤਾ ਸੀ, ਰਿਪੋਟਾਂ ਅਤੇ ਪੁਸਤਕਾਂ ਲਿਖੀਆਂ ਤੇ ਪਰਕਾਸ਼ੀਆਂ ਸਨ, ਸਰਕਾਰ ਦੀ ਬੇਪਰਵਾਹੀ ਜਾਂ ਲਾਪਰਵਾਹੀ ਅਤੇ ਕਾਤਲਾਂ, ਲੁਟੇਰਿਆਂ, ਫ਼ਸਾਦੀਆਂ ਤੇ ਉਨ੍ਹਾਂ ਦੇ ਆਗੂਆਂ ਦੀਆਂ ਕਰਤੂਤਾਂ ਨੂੰ ਨਿੰਦਿਆਂ ਤੇ ਭੰਡਿਆ ਵੀ ਸੀ।[5] ਸਰਕਾਰ ਨੇ ਵੀ ਫਿਰ ਕਈ ਪੜਤਾਲੀਆ ਕਮੇਟੀਆਂ ਤੇ ਕਮਿਸ਼ਨ ਨਿਯਤ ਕੀਤੇ ਸਨ; ਪਰ ਉਨ੍ਹਾਂ ਦੀਆਂ ਪੜਤਾਲਾਂ ਤੇ ਰਿਪੋਟਾਂ ਵੀ 'ਹੱਕ-ਨਿਆਂ ਦੀਆਂ ਇੱਛਕ ਅੱਖਾਂ ਵਾਂਗ' ਪੰਦਰਾਂ ਕੁ ਸਾਲ ਬੀਤ ਜਾਣ ਤੇ ਵੀ, ਅਤਿ-ਲੁੜੀਂਦੀ ਅਮਲੀ ਕਾਰਵਾਈ ਨੂੰ ਅਜੇ ਤਕ ਉਡੀਕ ਰਹੀਆਂ ਹਨ। ਇਸੇ ਕਰਕੇ ਆਜ਼ਾਦ ਹਿੰਦੁਸਤਾਨ ਅਤੇ, ਹੋਰ ਤਾਂ ਹੋਰ, ਉਸ ਦੀ ਸੰਸਾਰ-ਪ੍ਰਸਿੱਧ ਰਾਜਧਾਨੀ ਵਿਚ ਹੋਇਆ ਉਹ ਦਰਦਨਾਕ ਸਾਕਾ, ਉਹ ਭਿਆਨਕ ਘੱਲੂਘਾਰਾ ਹੁਣ ਤਾਂ ਇਉਂ ਜਾਪ ਰਿਹਾ ਹੈ ਜਿਵੇਂ ਕਿ ਉਹ ਕਦੇ ਕਿਤੇ ਹੋਇਆ ਹੀ ਨਹੀਂ ਸੀ।

ਪਰ ਇਨ੍ਹਾਂ, ਅਜੋਕੇ ਘੱਲੂਘਾਰਿਆਂ, ਵਿਚ ਵੀ ਜਿਹੜੇ ਗੁਰਸਿੱਖ ਮਾਰ-ਮੁਕਾ ਦਿੱਤੇ ਗਏ ਸਨ, ਉਹ ਤਾਂ ਹਮੇਸ਼ਾ ਲਈ ਖ਼ਤਮ ਹੋ ਹੀ ਗਏ ਸਨ; ਪਰ ਜਿਹੜੇ ਇਨ੍ਹਾਂ ਦੇ ਮਾਰੂ ਚੱਕਰਾਂ ਵਿਚੋਂ ਜਿਵੇਂ-ਕਿਵੇਂ ਬਚ ਨਿਕਲੇ ਸਨ, ਉਹ ਪਹਿਲਾਂ ਵਾਂਗ ਹੀ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ ਉਕਤ ਸਪਿਰਿਟ ਅਤੇ ਸਿਦਕ ਸਦਕੇ, ਛੇਤੀ ਹੀ ਆਪਣੇ ਪੈਰਾਂ ਉਤੇ ਮੁੜ ਖੜੇ ਗਏ ਸਨ। ਉਨ੍ਹਾਂ ਨੇ ਆਪਣੇ ਘਰ-ਬਾਰ ਮੁੜ ਉਸਾਰ ਤੇ ਸ਼ਿੰਗਾਰ ਲਏ ਸਨ, ਆਪਣੇ ਕਾਰ-ਵਿਹਾਰ ਮੁੜ ਚਲਾਵੇਂ ਕਰ ਲਏ ਸਨ ਅਤੇ ਆਪਣੇ ਗੁਰਦੁਆਰੇ ਵੀ ਫਿਰ ਉਸਾਰ-ਸੰਵਾਰ ਦਿੱਤੇ ਸਨ। ਕੁਝ ਗੁਰੂ-ਘਰਾਂ ਅਤੇ ਸਿੱਖ ਸੰਸਥਾਵਾਂ ਤੇ ਸੇਵਕਾਂ ਨੇ ਉਨ੍ਹਾਂ ਦੇ ਅਨਾਥ ਬੱਚਿਆਂ ਤੇ ਵਿਧਵਾ ਨਾਰੀਆਂ ਨੂੰ ਵੀ, ਆਪਣੀ ਵਿਤ ਤੇ ਸਮੱਰਥਾ ਅਨੁਸਾਰ, ਸੰਭਾਲ ਕੇ ਆਪੋ-ਆਪਣੇ ਪੈਰਾਂ ਉਤੇ ਮੁੜ ਖਲੋ ਜਾਣ ਦੇ ਸਮਰੱਥ ਬਣਾ ਦਿੱਤਾ ਸੀ। ਅਤੇ ਇਉਂ ਸਭ ਤਰ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਮੁਸ਼ਕਲਾਂ-ਮੁਸੀਬਤਾਂ ਦੇ ਬਾਵਜੂਦ, ਸਾਰੀ ਕੌਮ ਮੁੜ 'ਚੜ੍ਹਦੀ ਕਲਾ' ਵਿਚ ਵਿਚਰਨ ਲਗ ਪਈ ਸੀ। ਸਿੱਖ ਸਤਿਗੁਰਾਂ ਦੇ ਨਿਵਾਜੇ ਹੋਏ ਕਿਸੇ ਵੀ ਸਿੱਖ ਨੇ ਨਾ ਭੀਖ ਮੰਗੀ ਸੀ, ਨਾ ਸਿਦਕ ਛੱਡਿਆ ਸੀ ਅਤੇ ਨਾ ਹੀ ਕਿਸੇ ਦੀ ਕੋਈ ਈਨ ਹੀ ਮੰਨੀ ਸੀ।

2

ਕਾਰਨ ਇਹ ਕਿ ਉਹ ਇਸ ਇਤਿਹਾਸਕ ਸਚਾਈ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ ਕਿ ਉਨ੍ਹਾਂ ਦੇ ਪਿਤਾ-ਪਿਤਾਮਿਆਂ ਅਤੇ ਮਾਂਵਾਂ-ਭੈਣਾਂ ਨੂੰ ਇਸੇ ਦੇਸ਼ ਵਿਚ ਜੀਣ-ਥੀਣ ਤੇ 'ਚੜ੍ਹਦੀ ਕਲਾ' ਵਿਚ ਵਿਚਰਦੇ ਰਹਿਣ ਲਈ ਇਨ੍ਹਾਂ ਤੋਂ ਵੀ ਵਧੇਰੇ ਖ਼ੌਫ਼ਨਾਕ ਹਾਲਾਤ ਵਿਚੋਂ ਗੁਜ਼ਰਨਾ ਪਿਆ ਸੀ; ਬੜੇ ਘੋਰ ਤੇ ਨਿਰੰਤਰ ਜਫ਼ਰ ਜਾਲਣੇ ਪਏ ਸਨ; ਬੇਅੰਤ

5. ਜਿਵੇਂ *Reports to the Nation*, published under the auspices of the People's Union for Democratic Rights, New Delhi-1984; People's Union for Civil Liberties *(entitled Who are the Guilty ?)*, New Delhi- 1984); and the Citizens for Democracy (entitled *Truth About Delhi Violence*, Delhi-1985); *Army Action in Punjab: Prelude and Aftermath*, New Delhi- 1989); *Report of the Citizens' Commission:, Delhi–31 October to 4 November, 1984*, New Delhi-1985, etc. etc.

ਬਿਖਮ ਘਾਲਾਂ ਘਾਲਣੀਆਂ ਪਈਆਂ ਸਨ ; ਅਤੇ ਸਮਕਾਲੀ ਹਾਕਮਾਂ ਤੇ ਬਦੇਸੀ ਜਰਵਾਨਿਆਂ ਦੇ ਜਬਰ ਤੇ ਜ਼ੁਲਮ, ਲਗਾਤਾਰ ਸਦੀਆਂ-ਬਧੀ, ਸਹਿਣੇ ਪਏ ਹਨ। ਉਨ੍ਹਾਂ ਦਾ ਬੀਅ ਤਕ ਨਾਸ ਕਰਨ ਅਤੇ ਉਨ੍ਹਾਂ ਦੇ ਧਰਮ ਨੂੰ ਹਮੇਸ਼ਾ ਲਈ ਖ਼ਤਮ ਕਰਨ ਵਾਸਤੇ ਸਮਕਾਲੀ ਹਕੂਮਤਾਂ ਨੇ ਕਦੇ ਕੋਈ ਕਸਰ ਨਹੀਂ ਛੱਡੀ ਸੀ। ਇਥੋਂ ਤਕ ਕਿ ਉਨ੍ਹਾਂ ਨੂੰ ਅਜਿਹਾ ਸਰੂਪ, ਸਪਿਰਿਟ ਤੇ ਸਿਰੜ ਬਖ਼ਸ਼ਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਦੋ ਵਰ੍ਹੇ ਬਾਅਦ ਹੀ, ਸਮਕਾਲੀ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ, ਨੇ ਤਾਂ 10 ਦਸੰਬਰ 1710 ਨੂੰ ਇਹ ਸ਼ਾਹੀ ਫ਼ੁਰਮਾਨ ਵੀ ਜਾਰੀ ਕਰ ਦਿੱਤਾ ਸੀ ਕਿ

نانک پرستاں را ہر جا کہ بیابند بقتل رسانند (اخبارات دربار معلےٰ)

"ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਯਾਬੰਦ ਬਕਤਲ ਰਸਾਨਦ"[6]

ਅਰਥਾਤ, "ਗੁਰੂ ਨਾਨਕ ਦੇ ਸ਼ਰਧਾਲੂਆਂ, ਭਾਵ ਗੁਰਸਿੱਖਾਂ, ਨੂੰ ਜਿਥੇ ਕਿਤੇ ਵੀ ਓਹ ਨਜ਼ਰ ਆਉਣ, ਮਾਰ-ਮੁਕਾ ਦਿੱਤਾ ਜਾਏ।[6]

ਇਸ ਨਵੀਂ ਤੇ ਨਿਆਰੀ ਕੌਮ ਨੂੰ ਮਾਰ-ਮੁਕਾਉਣ ਲਈ ਮਗਰੋਂ ਵੀ ਹੁੰਦੀਆਂ ਰਹੀਆਂ ਮਾਰੂ ਮੁਹਿੰਮਾਂ ਦਾ ਖ਼ੂਨੀ ਇਤਿਹਾਸ[7] ਹੇਠ-ਲਿਖੀਆਂ ਇਤਿਹਾਸਕ ਕਹਾਵਤਾਂ ਜਾਂ ਲੋਕੋਕਤੀਆਂ ਨੇ ਅਜੇ ਤਕ ਸੰਭਾਲਿਆ ਹੋਇਆ ਹੈ : -

1. ਹਕੂਮਤ ਨਵਾਬ ਅਬਦੁੱਲਾ,
   ਨ ਚੱਕੀ ਰਹੀ ਨ ਚੁੱਲ੍ਹਾ।
2. ਖਾਧਾ ਪੀਤਾ ਲਾਹੇ ਦਾ,
   ਬਾਕੀ ਅਹਿਮਦਸ਼ਾਹੇ ਦਾ।

ਸੰਨ 1891 ਨੂੰ ਅੰਗਰੇਜ਼ੀ ਵਿਚ ਛਪੇ ਪੰਜਾਬ ਦੇ ਪਹਿਲੇ ਸੰਪੂਰਨ ਇਤਿਹਾਸ ਦੇ ਵਿਦਵਾਨ ਕਰਤਾ, ਸੱਯਦ ਮੁਹੰਮਦ ਲਤੀਫ਼, ਅਨੁਸਾਰ ਸੰਨ 1746 ਵਿਚ The Governor of Panjab, Yahya Khan, issued a proclamation for a general massacre of all Sikhs, wherever they could be found. Death was to be the punishment of all persons who invoked the name of Guru Gobind (Singh) and a reward was offered for the heads of Sikhs. Thousands were put to death daily and their heads brought before the Subedar of Lahore for reward.[8] ਅਰਥਾਤ, " ਪੰਜਾਬ ਦੇ ਗਵਰਨਰ , ਯਾਹੀਆ ਖ਼ਾਨ, ਨੇ ਸਭ ਸਿੱਖਾਂ ਦੇ ਕਤਲੇ-ਆਮ ਦਾ ਖੁਲ੍ਹਾ ਏਲਾਨ ਕਰਦਿਆਂ ਇਹ ਹੁਕਮ ਦੇ ਦਿੱਤਾ ਸੀ ਕਿ ਜਿਥੇ ਕਿਤੇ ਵੀ

---

6. ਅਖ਼ਬਾਰਾਤੇ ਦਰਬਾਰੇ ਮੁਅੱਲਾ (1707-1718), ਮਿਤੀ 29 ਸ਼ਵਾਲ, ਸੰਨ 4 ਬਹਾਦਰਸ਼ਾਹੀ, 1122 ਹਿਜਰੀ; ਗੰਡਾ ਸਿੰਘ, ਡਾ. *A Brief Account of the Sikh People,* ਅੰਮ੍ਰਿਤਸਰ-1956; ਦਿੱਲੀ -1971, ਪੰ. 29; *The Panjab: Past and Present,* Vol XVIII-2, s.no. 36, Patiala-October, 1984, p. 49.
7. Gupta, Prof. Dr. Hari Ram, *History of the Sikhs,* Vol. II, New Delhi-1978, p. 39; etc. etc.
8. Latif, Sayed Mohammad, *History of the Punjab : From the remotest antiquity to the present time,* Calcutta-*1891, p. 213.*

ਉਹ (ਸਿੱਖ) ਮਿਲ-ਦਿਸ ਪੈਣ, ਜਾਨੋਂ ਮਾਰ-ਮੁਕਾਅ ਦਿੱਤੇ ਜਾਣ। ਗੁਰੂ ਗੋਬਿੰਦ(ਸਿੰਘ) ਦਾ ਨਾਂ ਤਕ ਲੈਣ ਵਾਲੇ ਹਰ ਬੰਦੇ ਦੀ ਸਜ਼ਾ ਮੌਤ ਮੁਕੱਰਰ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਵੀ ਨਿਯਤ ਕਰ ਦਿੱਤੇ ਗਏ ਸਨ। ਹਜ਼ਾਰਾਂ ਸਿੱਖ ਹਰ ਰੋਜ਼ ਕਤਲ ਕਰ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਦੇ ਸਿਰ ਲਾਹੌਰ ਦੇ ਸੂਬੇਦਾਰ ਪਾਸ ਇਨਾਮਾਂ ਦੀ ਪਰਾਪਤੀ ਲਈ ਪੇਸ਼ ਕੀਤੇ ਜਾਂਦੇ ਸਨ।"[੮]

ਅਹਿਲਕਾਰਾਂ ਨੇ ਆਪਣੀ ਹਕੂਮਤ ਨੂੰ, ਤਿੰਨ ਮੌਕਿਆਂ 'ਤੇ, ਇਹ ਗੱਲ ਸਾਫ਼ ਤੌਰ ਤੇ ਵਿਦਤ ਕਰ ਦਿੱਤੀ ਸੀ ਕਿ ਸਾਰੇ ਸਿੱਖ ਮਾਰ-ਮੁਕਾਅ ਦਿੱਤੇ ਗਏ ਹਨ ਅਤੇ ਸਿੱਖ ਧਰਮ ਨੂੰ ਜੜ੍ਹੋਂ ਹੀ ਉਖੇੜ ਦਿੱਤਾ ਗਿਆ ਹੈ। ਪਰ ਇਸ ਦੇ ਐਨ ਉਲਟ, ਘਰੋਂ-ਬੇਘਰ ਕੀਤੇ ਹੋਏ, ਥਾਂਓ-ਥਾਂ ਵਿਚਰਦੇ ਤੇ ਜੂਝਦੇ ਰਹੇ ਭਰਪੂਰ 'ਚੜ੍ਹਦੀ ਕਲਾ' ਵਿਚ ਸਰਸ਼ਾਰ 'ਗੁਰੂ ਕੇ ਲਾਲ' ਵੀ ਅਜਿਹੇ ਜ਼ਾਲਮਾਂ ਤੇ ਜਾਬਰਾਂ ਨੂੰ ਏਲਾਨੀਆ ਆਖਦੇ ਤੇ ਵੰਗਾਰਦੇ ਰਹੇ ਸਨ :

ਮਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ;
ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਨ-ਸਵਾਏ ਹੋਏ।

ਸਿੱਖ ਧਰਮ ਦਾ ਸਫ਼ਾਇਆ ਕਰਨ ਲਈ ਮਗਰੋਂ ਵੀ ਹੁੰਦੀਆਂ ਰਹੀਆਂ ਕਈ ਕਿਸਮ ਦੀਆਂ ਗੋਂਦਾਂ ਤੇ ਚੁਣੌਤੀਆਂ, ਅਸਹਿ ਤੇ ਅਕਹਿ ਅਤਿਆਚਾਰਾਂ ਅਤੇ ਮਾਰ-ਮੁਕਾਊ ਘੱਲੂਘਾਰਿਆਂ ਦੇ ਬਾਵਜੂਦ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ-ਸੰਵਾਰਿਆ ਇਹ "ਨਿਰਮਲ ਪੰਥ" ਉਨ੍ਹਾਂ ਦੀ ਹੀ ਬਖਸ਼ੀ ਹੋਈ 'ਚੜ੍ਹਦੀ ਕਲਾ' ਵਾਲੀ ਸਪਿਰਿਟ ਸਦਕੇ, ਆਪਣੇ ਪੈਰਾਂ ਉੱਤੇ ਦਰਿੜ੍ਹ ਖੜਾ ਰਿਹਾ ਹੈ ਅਤੇ ਸਮੇਂ -ਸਮੇਂ ਦੇ ਸਭ ਸੰਕਟਾਂ ਤੇ ਅਜ਼ਮਾਇਸ਼ਾਂ ਦੇ ਚੁੰਗਲ ਵਿਚੋਂ ਸਫ਼ਲ ਤੇ ਸੁਰਖ਼ਰੂ ਹੋ ਕੇ ਜੀਊਂਦਾ ਨਿਕਲ ਆਉਂਦਾ ਰਿਹਾ ਹੈ। ਇਸ ਨੂੰ ਇਉਂ ਕੁਚਲਣ, ਦਬਾਉਣ, ਅਧੀਨ ਕਰਨ ਜਾਂ ਜੜ੍ਹੋਂ ਉਖਾੜਨ ਦੀਆਂ ਸਭ ਭੈੜੀਆਂ ਚਾਲਾਂ, ਸਾਜ਼ਸ਼ਾਂ ਅਤੇ ਮੁਹਿੰਮਾਂ ਕੇਵਲ ਨਾਕਾਮਯਾਬ ਹੀ ਨਹੀਂ ਹੁੰਦੀਆਂ ਰਹੀਆਂ, ਸਗੋਂ ਉਨ੍ਹਾਂ ਭਾਣੇ ਮਾਰੇ-ਮੁਕਾਏ ਗਏ ਗੁਰਸਿੱਖਾਂ ਦੀਆਂ ਉਨ੍ਹਾਂ ਦੀ ਅਸਫਲਤਾ ਮਗਰੋਂ ਹੁੰਦੀਆਂ ਰਹੀਆਂ ਸ਼ਾਨਦਾਰ ਪਰਾਪਤੀਆਂ ਤੇ ਬੇਮਿਸਾਲ ਕਾਮਯਾਬੀਆਂ ਦਾ ਪੇਸ਼ਖ਼ੇਮਾ ਵੀ ਬਣਦੀਆਂ ਰਹੀਆਂ ਸਨ।

3

ਆਖਰਾਂ ਦੀ ਕੁਟਲ-ਨੀਤੀ, ਧੋਖੇ ਤੇ ਧ੍ਰੋਹ ਦਾ ਸ਼ਿਕਾਰ ਹੋਇਆ ਖ਼ਾਲਸਾ ਰਾਜ ਸੰਨ 1849 ਵਿਚ ਖੁੱਸ ਜਾਣ ਅਤੇ ਅੰਗਰੇਜ਼ਾਂ ਦੇ ਅਧੀਨ ਹੋ ਜਾਣ 'ਤੇ, ਇਸ ਧਰਮ ਅਤੇ ਇਸ ਦੇ ਪੈਰੋਕਾਰਾਂ ਉੱਤੇ ਜੋ ਵਕਤੀ ਬਿਪਤਾ ਤੇ ਢਹਿੰਦੀ-ਕਲਾ ਵਾਪਰੀ ਸੀ, ਉਸ ਨੂੰ ਮੁੱਖ ਰਖਦਿਆਂ, ਇਸ ਦੇ ਲੋਪ ਤੇ ਵਿਨਾਸ਼ ਆਦਿ ਬਾਰੇ ਕਈ ਕਿਆਸ-ਆਰਾਈਆਂ ਤੇ ਪੇਸ਼ੀਨਗੋਈਆਂ ਵੀ ਕਾਲਿਬੰਦ ਹੋਣ ਲਗ ਪਈਆਂ ਸਨ। ਇਥੋਂ ਤਕ ਕਿ ਬਰਤਾਨਵੀ ਸਰਕਾਰ ਵਲੋਂ ਇਨ੍ਹਾਂ ਦੇ ਪਾਵਨ ਤੇ ਜੁਗੋ-ਜੁਗ ਅਟੱਲ ਇਸ਼ਟ, ਗੁਰੂ ਗ੍ਰੰਥ ਸਾਹਿਬ, ਦਾ ਅੰਗਰੇਜ਼ੀ ਅਨੁਵਾਦ ਕਰਨ ਲਈ ਨਿਯਤ ਇਕ ਵਿਦਵਾਨ ਜਰਮਨ ਮਿਸ਼ਨਰੀ, ਡਾ.ਅਰਨੈਸਟ ਟਰੰਪ, ਨੇ ਸੰਨ 1877 ਵਿਚ ਪਰਕਾਸ਼ਤ ਹੋਈ ਆਪਣੀ ਪੁਸਤਕ ਵਿਚ ਇਹ ਬੇਝਿਜਕ ਲਿਖ ਦਿੱਤਾ ਸੀ ਕਿ Sikhism is a waning religion that will soon belong to history.[9] ਅਰਥਾਤ, "ਸਿੱਖ ਧਰਮ ਇਕ ਖੈ-ਖੀਣ ਹੋ ਰਿਹਾ ਧਰਮ ਹੈ ਜਿਸ ਦਾ ਨਾਂ-ਪਤਾ ਛੇਤੀ ਹੀ ਬੀਤ-ਚੁਕੇ ਇਤਿਹਾਸ ਵਿਚ ਹੀ ਵਰਣਿਤ ਰਹਿ ਜਾਏਗਾ।"[੯] ਇਕ ਦੇਸੀ ਵਿਦਵਾਨ, ਜੋਗਿੰਦਰ ਨਾਥ ਭੱਟਾਚਾਰੀਆ, ਨੇ ਤਾਂ ਸੰਨ 1896 ਵਿਚ ਆਪਣੀ ਇਹ ਨਿਰਮੂਲ ਭਵਿੱਖਬਾਣੀ ਵੀ ਛਾਪ ਦਿੱਤੀ ਸੀ : Under

9. Trumpp, Dr. Ernest, *The Adi Granth,* London-1877, Introduction, p.6.

British Rule, Sikhism is fast losing its vitality and is drifting towards amalgamation with the Hindu Faith.[10] ਅਰਥਾਤ, "ਬਰਤਾਨਵੀ ਰਾਜ ਦੇ ਅਧੀਨ ਹੋ ਚੁਕਾ ਸਿੱਖ ਧਰਮ ਆਪਣੀ ਜੀਵਨ-ਸ਼ਕਤੀ ਬੜੀ ਤੇਜ਼ੀ ਨਾਲ ਗੁਆ ਰਿਹਾ ਹੈ ਅਤੇ ਹਿੰਦੂ ਧਰਮ ਵਿਚ ਸਮਾਅ ਜਾਣ ਲਈ ਉਸ ਵਲ ਦਬਾ-ਦਬ ਰਿੜ੍ਹ ਰਿਹਾ ਹੈ"।[10]

ਪਰ ਮਗਰਲਾ ਇਤਿਹਾਸ ਅਤੇ ਵਰਤਮਾਨ ਕਾਲ ਇਸ ਤੱਥ ਦਾ ਗਵਾਹ ਹੈ ਕਿ ਅਜਿਹੀਆਂ ਪੇਸ਼ੀਨਗੋਈਆਂ ਜਾਂ ਭਵਿੱਖਬਾਣੀਆਂ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪਈ ਸੀ ਅਤੇ ਉਨ੍ਹਾਂ ਦੇ ਅਜਿਹੇ ਬੇਬੁਨਿਆਦ ਹਵਾਈ ਕਥਨ ਬਿਲਕੁਲ ਹੀ ਗਲਤ ਸਿੱਧ ਹੋਏ ਸਨ। ਹੋਰ ਤਾਂ ਹੋਰ, ਛੇ ਸ਼ਾਨਦਾਰ ਜਿਲਦਾਂ ਵਿਚ ਇਸ ਦਾ ਸਿਧਾਂਤ ਤੇ ਇਤਿਹਾਸ ਲਿਖਣ-ਛਾਪਣ ਵਾਲੇ ਮਹਾਨ ਮਕਾਲਿਫ ਦੇ ਸੰਨ 1909 ਵਿਚ ਪਰਗਟਾਏ ਇਕ ਅਜਿਹੇ ਵਿਚਾਰ ਅਨੁਸਾਰ, Hinduism ....is like the boa constrictor of the Indian forests.ਅਰਥਾਤ, " ਹਿੰਦੂ ਧਰਮ ਭਾਰਤੀ ਜੰਗਲਾਂ ਦੇ ਇਕ ਮਹਾਨ ਅਜਗਰ ਵਾਂਗ ਹੈ। " Hindusim has embraced Sikhism in its folds; the still comparatively young religion is making a vigorous struggle for life, but its ultimate destruction is, it is apprehended, inevitable without State support.[11] .ਅਰਥਾਤ, "ਜੋ ਇਸ ਦੇ ਹੋਰ ਸਾਰੇ ਮਤਾਂ-ਮਤਾਂਤਰਾਂ ਨੂੰ ਸਮੇਂ-ਸਮੇਂ ਹੜੱਪਦਾ ਰਿਹਾ ਹੈ, ਹੁਣ ਸਿੱਖ ਧਰਮ ਨੂੰ ਵੀ ਨਿਗਲਣ ਵਾਲਾ ਹੈ। ਉਸ ਨੇ ਹੁਣ ਇਸ, (ਭਾਵ ਸਿੱਖ ਧਰਮ) ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ ਅਤੇ ਇਹ ਮੁਕਾਬਲਤਨ ਨਿੱਕਾ ਜਿਹਾ ਧਰਮ ਆਪਣੀ ਜਾਨ ਬਚਾਉਣ ਲਈ ਬੜਾ ਭਾਰੀ ਸੰਘਰਸ਼ ਕਰ ਰਿਹਾ ਹੈ; ਪਰ ਸਰਕਾਰੀ ਸਹਾਇਤਾ ਬਿਨਾਂ ਇਸ ਦਾ ਸਰਵਨਾਸ਼ ਅਵੱਸ਼ ਜਾਪ ਰਿਹਾ ਹੈ।"[11] ਪਰੰਤੂ ਮਕਾਲਿਫ ਦਾ ਇਹ ਤੌਖਲਾ ਵੀ ਇਕ 'ਤੌਖਲਾ' ਹੀ ਸਿੱਧ ਹੋਇਆ ਸੀ ਅਤੇ ਬੁਧਮਤ ਵਰਗੇ ਮਹਾਨ ਤੇ ਵਿਆਪਕ ਧਰਮ ਨੂੰ ਵੀ ਨਿਘਾਰ ਜਾਣ ਵਾਲਾ ਉਹ 'ਅਜਗਰ', ਪ੍ਰੋ. ਅਵਿਨਾਸ਼ ਚੰਦਰ ਬੈਨਰਜੀ ਦੇ ਲਫ਼ਜ਼ਾਂ ਵਿਚ, Even The boa constrictor has failed to swallow it[12], "ਵੀ ਇਸ ਨੂੰ ਹੜੱਪਣ ਵਿਚ ਅਸਫਲ ਰਿਹਾ ਹੈ।"[12]

4

ਹਕੀਕਤ ਤਾਂ ਇਹ ਹੈ ਕਿ ਸਿੱਖ ਧਰਮ ਉਸ 'ਅਜਗਰ' ਦੇ ਸ਼ਿਕਾਰ ਤੇ ਨਿਘਾਰ ਤੋਂ ਕੇਵਲ ਬਚ ਹੀ ਨਹੀਂ ਨਿਕਲਿਆ, ਸਗੋਂ ਦਿਨੋ-ਦਿਨ ਭਰਪੂਰ 'ਚੜ੍ਹਦੀ ਕਲਾ' ਵਿਚ ਅੱਗੇ ਤੋਂ ਅਗੇਰੇ ਛਾਲੀਂ ਵਧ ਰਿਹਾ ਹੈ। ਇਸ ਦੇ ਨਾਮ-ਲੇਵੇ ਉਪਰੋਕਤ ਸਭ ਹੜ੍ਹਾਂ, ਹਨੇਰੀਆਂ ਤੇ ਘੱਲੂਘਾਰਿਆਂ ਨੂੰ ਉਲਾਂਘਦੇ ਅਤੇ ਬੜੀਆਂ ਔਖੀਆਂ ਘਾਟੀਆਂ ਟਪਦੇ ਤੇ ਮੰਜ਼ਲਾਂ ਮਾਰਦੇ ਹੋਏ, ਹੇਠ-ਲਿਖੇ ਅਨੁਸਾਰ, ਡਿਗਦੇ, ਉਠਦੇ ਤੇ ਵਧੇਰੇ ਉਤਸ਼ਾਹਿਤ ਹੋ ਕੇ ਦੁੜਕੀ ਚਾਲੇ ਚਲੇ ਜਾ ਰਹੇ ਹਨ :

---

10. Bhattacharya, Joginder Nath, *Hindu Castes and Sects*, Calcutta- 1896; 2nd. ed. -1968, p. 404.
11. Macauliffe, Max Arthur, *The Sikh Religion : Its Gurus, Sacred Writings and Authors*,Oxford-1909, vol . I, Introduction, p.lvii.
12. Bannerji, Prof. Dr., Avinash Chandra, *Guru Nanak : The Teacher of Man*, Chandigarh-1979, p. 23.

ਇਸ ਤਰ੍ਹਾ ਸੇ ਤੈਅ ਕੀਂ ਹਮ ਨੇ ਮੰਜ਼ਲੇਂ,
ਗਿਰ ਪੜੇ, ਗਿਰ ਕਰ ਉਠੇ , ਫਿਰ ਚਲ ਦੀਏ।

ਇਹ ਤਾਂ ਸਿਰਫ਼ ਆਪਣੀ ਜਨਮਭੂਮੀ, ਪੰਜਾਬ, ਅਤੇ ਆਪਣੇ ਉਪ-ਮਹਾਂਦੀਪ, ਹਿੰਦੁਸਤਾਨ, ਦੇ ਹੋਰ ਪਰਾਂਤਾਂ ਵਿਚ ਹੀ ਨਹੀਂ, ਬਲਕਿ ਦੁਨੀਆ ਦੇ ਲਗਪਗ ਹਰ ਹਿੱਸੇ ਵਿਚ ਵੀ ਹੁਣ ਪਹਿਲਾਂ ਨਾਲੋਂ ਵੀ ਵਧੇਰੇ ਗਿਣਤੀ ਤੇ ਸ਼ਕਤੀ ਵਿਚ ਹਰੇ-ਭਰੇ ਵਿਚਰ ਰਹੇ ਹਨ। ਪਛਾਣਵੀਂ ਸ਼ਕਲ-ਸੂਰਤ, ਰਾਜ-ਹੀਨ ਅਵਸਥਾ, ਪਸਾਰ-ਸਾਧਨਾਂ ਦੀ ਅਣਹੋਂਦ ਅਤੇ ਵਿਰੋਧੀ ਕੂੜ-ਪਰਚਾਰ ਇਤਿਆਦਿ ਵਰਗੀਆਂ ਕਈ ਪਰਕਾਰ ਦੀਆਂ ਹੱਦਬੰਦੀਆਂ, ਪਾਬੰਦੀਆਂ ਤੇ ਮਜਬੂਰੀਆਂ ਦੇ ਬਾਵਜੂਦ, ਉਨ੍ਹਾਂ ਨੇ ਜੀਵਨ ਦੇ ਹਰ ਖੇਤਰ ਵਿਚ ਬੜੀ ਕਾਮਯਾਬੀ ਹਾਸਲ ਕੀਤੀ ਹੈ; ਮਨੁੱਖਤਾ ਦੀ ਭਲਾਈ ਲਈ, ਆਮ ਤੌਰ ਤੇ, ਅਤੇ ਜਿਨ੍ਹਾਂ ਦੇਸਾਂ-ਲੋਕਾਂ ਵਿਚ ਉਹ ਵਸ-ਰਸ ਰਹੇ ਹਨ, ਉਨ੍ਹਾਂ ਦੀ ਉਨੱਤੀ ਲਈ, ਖ਼ਾਸ ਤੌਰ ਤੇ, ਉਨ੍ਹਾਂ ਨੇ ਨੁਮਾਇਆਂ ਹਿੱਸਾ ਪਾਇਆ ਹੈ। ਨਵੇਂ-ਪੁਰਾਣੇ ਸਭ ਧਰਮਾਂ ਦਾ ਇਤਿਹਾਸ ਲਿਖਣ ਵਾਲੇ ਪ੍ਰੋ. ਜਾਫਰੀ ਪੈਰਿੰਦਰ ਦੇ ਸ਼ਬਦਾਂ ਵਿਚ ਉਹ "ਆਪਣੀ ਉਮਰ 'ਤੇ ਗਿਣਤੀ ਦੇ ਮੁਕਾਬਲੇ 'ਤੇ, ਬਹੁਤ ਵਧੇਰੇ ਪਰਭਾਵ ਪਾਉਣ ਦੇ ਯੋਗ ਹੋਏ ਹਨ ਅਤੇ ਹੋ ਰਹੇ ਹਨ"।[13] (wielding an influence much in excess to their numerical strength).[13]

ਉਨ੍ਹਾਂ ਨੇ ਲਗਪਗ ਸਾਰੇ ਸੰਸਾਰ ਵਿਚ ਹਰ ਥਾਂ, ਤਕਰੀਬਨ ਹਰ ਖੇਤਰ ਵਿਚ ਚੋਖਾ ਧਿਆਨ ਖਿੱਚਿਆ ਹੈ ਅਤੇ ਭਰਪੂਰ ਸ਼ਲਾਘਾ ਪਰਾਪਤ ਕੀਤੀ ਹੈ। ਇਉਂ ਨਿਆਰੇ ਸਰੂਪ ਤੇ ਅਨੂਠੀ ਸਪਿਰਿਟ ਦਾ ਧਾਰਨੀ 'ਸਿੱਖ ਧਰਮ' ਆਪਣੇ ਸੰਖਿਪ ਜਹੇ ਜੀਵਨ-ਕਾਲ ਅਤੇ ਬੜੇ ਥੋੜ੍ਹੇ ਸਮੇਂ ਵਿਚ ਹੀ ਹੁਣ ਇਕ global faith, ਭਾਵ ਇਕ 'ਵਿਸ਼ਵ-ਵਿਆਪੀ ਧਰਮ', ਵਜੋਂ ਪ੍ਰਜੱਵਲਤ ਹੋ ਕੇ, ਸੰਸਾਰ ਦੇ ਪੰਜ ਪ੍ਰਮੁੱਖ ਧਰਮਾਂ–ਈਸਾਈਅਤ, ਇਸਲਾਮ, ਹਿੰਦੂ ਧਰਮ, ਬੁੱਧਮਤ ਤੇ ਜੈਨਮਤ – ਦੀ ਕਤਾਰ ਵਿਚ ਸ਼ਾਮਲ ਤੇ ਸੁਭਾਇਮਾਨ ਹੋ ਚੁਕਾ ਹੈ। ਨਿਰਾ ਇੰਨਾ ਹੀ ਨਹੀਂ, ਇਸ ਦੇ ਅਨੁਯਾਈ, ਭਾਵ ਗੁਰਸਿੱਖ, ਵਰਤਮਾਨ ਸਮੇਂ ਦੇ ਜਗਤ-ਪ੍ਰਸਿੱਧ ਇਤਿਹਾਸਕਾਰ, ਪ੍ਰੋ .ਅਰਨਲਡ ਟੋਇਨਬੀ, ਅਨੁਸਾਰ: They are the burliest men on the face of the planet, tough and capable.... If human life survives in the present chapter of man's history, the Sikhs, for sure, will still be on the map.[14] ਅਰਥਾਤ, "ਸਿੱਖ ਇਸ ਗ੍ਰਹਿ, ਭਾਵ ਧਰਤੀ, ਉਤੇ ਵਸ ਰਹੇ ਸਭ ਤੋਂ ਤਕੜੇ ਬੰਦੇ ਹਨ, ਹਠੀਲੇ ਤੇ ਸਮਰੱਥ ....ਜੇ ਮਾਨਵ ਇਤਿਹਾਸ ਦੇ ਵਰਤਮਾਨ ਦੌਰ ਵਿਚ ਮਨੁੱਖ ਬਚਿਆ ਅਤੇ ਜੀਉਂਦਾ ਰਿਹਾ ਤਾਂ ਸਿੱਖ ਤਾਂ ਯਕੀਨਨ ਹੀ ਇਸ ਦੇ ਨਕਸ਼ੇ ਵਿਚ ਸ਼ਾਮਲ ਨਜ਼ਰ ਆਉਣਗੇ।[14]

5

ਇਹ ਇਸ ਲਈ ਕਿ ਸਿੱਖ, ਦੁਨੀਆਂ ਦੇ ਇਕ ਅਜਿਹੇ ਉਚੇਰੇ ਧਰਮ (higher religion) ਦੇ ਧਾਰਨੀ ਹਨ ਜੋ ਨਾ ਕੇਵਲ ਇਕ ਮੌਲਿਕ, ਨਿਆਰਾ ਤੇ ਸੁਤੰਤਰ ਧਰਮ ਹੈ, ਸਗੋਂ ਇਕ ਸਵੈ-ਨਿਰਭਰ, ਸੰਪੂਰਨ ਅਤੇ ਗਤੀਸ਼ੀਲ ਧਰਮ ਵੀ ਹੈ। ਇਹ ਦੁਨੀਆ ਦੇ ਹੋਰ ਮੁੱਖ ਧਰਮਾਂ ਵਾਂਗ ਇਕ ਸਿੱਧੇ, ਪ੍ਰਤੱਖ ਤੇ ਨਿਸਚਿਤ ਇਲਹਾਮ ਜਾਂ ਦੈਵੀ ਸੰਦੇਸ਼ (revelation) ਦੀ ਉਪਜ ਹੈ। ਇਸ ਦਾ ਸੋਮਾ ਆਦਿ-ਜੁਗਾਦੀ ਸੱਤਯ ਹੈ ਅਤੇ ਇਸ ਦੇ ਤੱਤ-ਅੰਸ਼ ਇਸ ਧਰਤੀ ਦੇ ਹੋਰ ਇਲਹਾਮੀ ਧਰਮਾਂ ਵਾਂਗ ਹੀ ਸੁੱਚੇ ਤੇ ਨਿਰੋਲ ਹਨ।

---

13. Parrinder, Prof. Dr. Geoffrey, *World Religions : From Ancient History to the Present*, New York- 1983, p. 260.
14. Toynbee, Sir Arnold, as quoted by Sirdar Kapur Singh in *Sikhs and Sikhism*, Vancouver-1974, p. 26.

ਇਸ ਦੇ ਮਤ-ਸਿਧਾਂਤ ਦੀ ਪਰਮਾਣੀਕਤਾ, ਵਿਸ਼ਵਾਸਾਂ ਦੀ ਸਰਲਤਾ, ਸਦਾਚਾਰਕ ਪ੍ਰਣਾਲੀ ਦੀ ਸ੍ਰੇਸ਼ਟਤਾ ਅਤੇ ਮੁੱਖ ਮਨੋਰਥ ਦੀ 'ਚੜ੍ਹਦੀ ਕਲਾ-ਪੂਰਤ' ਦ੍ਰਿੜ੍ਹਤਾ ਇਸ ਦੇ ਕੁਝ ਵਿਸ਼ੇਸ਼ ਲੱਛਣ ਹਨ। ਇਨ੍ਹਾਂ ਤੋਂ ਇਲਾਵਾ ਇਸ ਦੇ ਅਨੁਯਾਈਆਂ ਦੀ ਅੰਤਰੀਵ ਸ਼ਕਤੀ, ਨਿਰੰਤਰ ਸੂਰਬੀਰਤਾ, ਧਾਰਮਕ ਸਰਗਰਮੀ, ਅਡੋਲ ਨਿਸ਼ਚਾ, ਅਜਿੱਤ ਹਿੰਮਤ, ਉਦਯੋਗੀ ਸਾਹਸ, ਉਤਸ਼ਾਹੀ ਹੱਠ, ਸਵੈ-ਸਮਰਪਣੀ ਸੁਭਾਅ ਤੇ ਸ਼ਹੀਦੀ ਚਾਅ ਨੇ ਇਸ ਨੂੰ ਸਾਰੇ ਸੰਕਟਾਂ ਦੌਰਾਨ ਸਾਲਮ, ਸਾਬਤ-ਕਦਮ ਅਤੇ ਜਿਉਂ-ਦਾ-ਤਿਉਂ ਰਖਿਆ ਹੈ। ਇਸੇ ਕਰਕੇ ਇਸ ਦਾ ਹਰ ਪੱਖੋਂ ਨੁਕਸਾਨ ਕਰਨ, ਇਸ ਦੇ ਪੈਰੋਕਾਰਾਂ ਨੂੰ ਤਸੀਹੇ ਦੇਣ ਅਤੇ ਇਸ ਦਾ ਖੁਰਾ-ਖੋਜ ਤਕ ਮਿਟਾਉਣ ਲਈ ਹੁੰਦੀਆਂ ਰਹੀਆਂ ਸਾਰੀਆਂ ਸਾਜ਼ਸ਼ਾਂ, ਕੋਸ਼ਿਸ਼ਾਂ ਤੇ ਮੁਹਿੰਮਾਂ ਨੂੰ ਅਸਫਲ ਕਰ ਕੇ, ਇਹ ਸਦਾ ਵਧੇਰੇ ਸ਼ਕਤੀ ਤੇ ਉੱਜਲੇਰੇ ਭਵਿੱਖ ਨਾਲ ਮੁੜ ਉਭਰਦਾ ਰਿਹਾ ਹੈ; ਅਤੇ ਅੱਗੇ ਤੋਂ ਅਗੇਰੇ ਵਧਦਾ, ਫੁੱਲਦਾ ਤੇ ਫਲਦਾ ਰਿਹਾ ਹੈ।

ਇਸ ਦੇ ਅਜਿਹੇ ਵਿਲੱਖਣ ਵਸਫ਼ਾਂ, ਜੀਵਨ-ਸੰਘਰਸ਼ਾਂ, ਅਸਚਰਜ ਕਰਤੱਵਾਂ, ਘਾਲ-ਕਮਾਈਆਂ ਅਤੇ ਦਿੱਤ-ਦੇਣ ਨੂੰ ਮੁੱਖ ਰਖਦਿਆਂ ਇਹ ਜੋ ਪ੍ਰੋਫ਼ੈਸਰ ਮੋਹਨ ਸਿੰਘ ਨੇ ਸੰਨ 1935 ਵਿਚ ਲਿਖਿਆ ਸੀ, ਉਸ ਵਿਚ ਕਿਸੇ ਕਿਸਮ ਦੀ ਕੋਈ ਅਤਿਕਥਨੀ ਨਹੀਂ ਜਾਪਦੀ :-

> ਉਹ ਕਿਹੜਾ ਬੂਟਾ ਏ ....
> ਹਰ ਥਾਂ ਜੋ ਪਲਦਾ ਏ,
> ਆਰੇ ਦੇ ਦੰਦਿਆਂ 'ਤੇ,
> ਰੰਬੀਆਂ ਦੀਆਂ ਧਾਰਾਂ 'ਤੇ;
> ਸ਼ਿਬਰ ਦਿਆਂ ਦੱਰਿਆਂ ਵਿਚ,
> ਸਰਸਾ ਦੀਆਂ ਲਹਿਰਾਂ ਵਿਚ,
> ਸਤਲੁਜ ਦੇ ਕੰਢੇ 'ਤੇ,
> ਲੱਖੀ ਦੇ ਜੰਗਲ ਵਿਚ;
> ਰੋੜਾਂ ਵਿਚ, ਰੱਕੜਾਂ ਵਿਚ,
> ਬੰਜਰਾਂ ਵਿਚ, ਝੱਖੜਾਂ ਵਿਚ;
> ਗੜਿਆਂ ਵਿਚ, ਮੀਂਹਾਂ ਵਿਚ;
> ਸਰਹਿੰਦ ਦੀਆਂ ਨੀਹਾਂ ਵਿਚ;
> ਜਿਥੇ ਵੀ ਲਾ ਦਈਏ,
> ਉਥੇ ਹੀ ਪਲਦਾ ਹੈ;
> ਜਿਤਨਾ ਇਹ ਛਾਂਗ ਦਈਏ,
> ਉਤਨਾ ਹੀ ਫਲਦਾ ਹੈ ....[15]

'ਸਿੱਖੀ' ਨਾਂ ਦੇ ਇਸ ਅਨੂਠੇ, ਹਰੇ-ਭਰੇ ਤੇ ਸਦ-ਬਹਾਰੀ 'ਬੂਟੇ' ਦੀ ਅਜਿਹੀ ਨਿਰੰਤਰ ਪਰਫੁੱਲਤਾ ਦਾ ਮੂਲ ਸੋਮਾ ਵੀ ਤਾਂ ਉਹੀ ਅਮੁੱਕ ਤੇ ਅਸੁੱਕ ਜਜ਼ਬਾ ਹੀ ਹੈ ਜਿਸ ਨੂੰ ਅਸੀਂ 'ਚੜ੍ਹਦੀ ਕਲਾ' ਦੀ ਸਪਿਰਿਟ ਆਖਦੇ ਹਾਂ।

---

15. ਮੋਹਨ ਸਿੰਘ, ਪ੍ਰੋ., ਸਾਵੇ ਪੱਤਰ, ਲਾਹੌਰ-1936, 'ਸਿੱਖੀ' ਦੇ ਸਿਰਲੇਖ ਵਾਲੀ ਕਵਿਤਾ ਵਿਚੋਂ; ਦੇਲਦਾਰ ਐਡੀਸ਼ਨ, ਲੁਧਿਆਣਾ-1971, ਪੰਨਾ 54-55.

6

ਇਸ ਤੋਂ ਛੁੱਟ , ਸਿੱਖ ਸਤਿਗੁਰਾਂ ਦਾ ਸਿਰਜਿਆ-ਸੰਵਾਰਿਆ ਇਹ ਪਾਵਨ ਧਰਮ ਦੁਨੀਆਂ ਦਾ ਸਭ ਤੋਂ ਨਵੀਨ ਧਰਮ ਹੈ। ਇਹ ਇਕ ਵਿਗਿਆਨਕ, ਕਿਰਿਆਤਮਕ ਅਤੇ ਸਰਵ-ਵਿਆਪਕ ਧਰਮ ਹੈ। ਇਹ ਸਮੂਹ ਮਨੁੱਖਤਾ ਦੀ ਬਹੁ-ਪੱਖੀ ਭਲਾਈ, ਉਨੱਤੀ ਤੇ 'ਚੜ੍ਹਦੀ ਕਲਾ' ਦਾ ਚਾਹਵਾਨ ਧਰਮ ਹੈ।

ਇਸੇ ਲਈ ਐਚ. ਐਲ. ਬਰਾਡਸ਼ਾ ਨੇ ਇਸ ਨੂੰ Faith of the New Age ਅਰਥਾਤ, "ਨਵੇਂ ਯੁੱਗ ਦਾ ਧਰਮ" ਮੰਨਿਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ Sikhism is a universal world faith with a message for all men .. it is the *summum bonum* for the modern man. It completely supplants and fulfils all the former dispensations of the older religions. ..The other religions contain Truth, but Sikhism contains the fullness of Truth. The older faiths were good in their day, but that day is now past; and we are living in the dispensation of Guru Nanak. Just as we appreciate the discoveries and conveniences of the modern living and do not want to exchange our modern jet airlines, automobiles and electricity for the horse-drawn carriages and candles of the past, we do not want to exchange the New Age Faith of Guru Nanak for any of the Old Age religions and their antiquated philosophies. The Sikh Faith is the universal religion for the present Space Age. The Sikh religion is truly the answer to the problems of the modern man.[16]. ਅਰਥਾਤ, "ਸਿੱਖ ਧਰਮ ਸਭ ਮਨੁੱਖਾਂ ਲਈ ਇਕ ਸਾਂਝੇ ਸੰਦੇਸ਼ ਦਾ ਧਾਰਨੀ ਵਿਸ਼ਵ ਧਰਮ ਹੈ।.. ਗੁਰੂ ਨਾਨਕ ਸਾਹਿਬ ਦਾ ਪਰਗਟਾਇਆ ਤੇ ਪਰਚਾਰਿਆ ਹੋਇਆ ਇਹ ਧਰਮ ਨਵੇਂ ਜ਼ਮਾਨੇ ਦਾ ਧਰਮ ਹੈ। ਇਹ ਨਵੀਨ ਮਨੁੱਖ ਲਈ ਸਰਵੋਤਮ ਭਲਾਈ ਦਾ ਸੋਮਾ ਹੈ। ਇਸ ਨੇ ਤਾਂ ਪਹਿਲੇ ਸਭ ਧਰਮ-ਪ੍ਰਬੰਧਾਂ ਤੇ ਪੁਰਾਤਨ ਮਤਾਂ ਦੀ ਥਾਂ ਪੂਰੇ ਤੌਰ ਤੇ ਮੱਲ ਲਈ ਹੈ ਅਤੇ ਭਰ ਵੀ ਦਿੱਤੀ ਹੈ।... ਹੋਰ ਧਰਮਾਂ ਵਿਚ 'ਸੱਚਾਈ' ਸੰਮਿਲਤ ਹੈ, ਪਰ ਸਿੱਖ ਧਰਮ ਵਿਚ 'ਸੱਚਾਈ ਦੀ ਸੰਪੂਰਨਤਾ' ਸੰਮਿਲਤ ਹੈ। ਪੁਰਾਤਨ ਧਰਮ ਆਪੋ-ਆਪਣੇ ਸਮੇਂ ਚੰਗੇ ਸਨ, ਪਰ ਉਹ ਸਮਾਂ ਹੁਣ ਬੀਤ ਚੁਕਾ ਹੈ; ਅਤੇ ਹੁਣ ਅਸੀਂ ਗੁਰੂ ਨਾਨਕ ਸਾਹਿਬ ਦੇ ਧਰਮ-ਪ੍ਰਬੰਧ ਵਿਚ ਜੀਅ ਰਹੇ ਹਾਂ। ਜਿਵੇਂ ਅਸੀਂ ਨਵੀਨ ਰਹਿਣੀ ਦੀਆਂ ਲੱਭਤਾਂ ਤੇ ਸਹੂਲਤਾਂ ਦੀ ਕਦਰ ਕਰਦੇ ਹਾਂ ਅਤੇ ਆਪਣੇ ਜੈੱਟ ਜਹਾਜ਼ਾਂ, ਮੋਟਰ-ਗੱਡੀਆਂ ਤੇ ਬਿਜਲੀ ਨੂੰ ਪੁਰਾਣੇ ਸਮੇਂ ਦੀਆਂ ਘੋੜਾ-ਗੱਡੀਆਂ ਤੇ ਮੋਮਬੱਤੀਆਂ ਨਾਲ ਵਟਾਉਣ ਦੇ ਚਾਹਵਾਨ ਨਹੀਂ ਹਾਂ, ਤਿਵੇਂ ਹੀ ਅਸੀਂ ਗੁਰੂ ਨਾਨਕ ਸਾਹਿਬ ਦੇ ਨਵੇਂ ਯੁਗ ਵਾਲੇ ਧਰਮ ਨੂੰ ਪੁਰਾਣੇ ਜ਼ਮਾਨੇ ਦੇ ਕਿਸੇ ਵੀ ਧਰਮ ਤੇ ਉਨ੍ਹਾਂ ਦੀਆਂ ਪੁਰਾਤਨ ਫ਼ਲਾਸਫ਼ੀਆਂ ਨਾਲ ਵਟਾਉਣ ਦੀ ਖ਼ਾਹਿਸ਼ ਨਹੀਂ ਰਖਦੇ ਹਾਂ। ਸਿੱਖ ਧਰਮ ਵਰਤਮਾਨ 'ਸਪੇਸ ਏਜ' (ਪੁਲਾੜ-ਯੁਗ) ਦਾ ਜਗੱਤਰੀ ਧਰਮ ਹੈ। ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਦਾ ਜਵਾਬ ਤੇ ਹਲ ਵੀ ਤਾਂ, ਸੱਚੀਂ-ਮੁਚੀਂ, ਸਿੱਖ ਧਰਮ ਹੀ ਹੈ"।[16]

ਇਕ ਹੋਰ ਪੱਛਮੀ ਵਿਦਵਾਨ, ਪ੍ਰੋ. ਬਿਟਨਕੋਰਟ, ਦੇ ਨਿਸਚੇ ਮੁਤਾਬਕ ਤਾਂ Sikhism is the only living faith that gives the healing outlook on life. It is a wholly new, original and genuinely monotheistic religion.[17] ਅਰਥਾਤ, "ਸਿੱਖ ਧਰਮ ਹੀ ਇੱਕੋ-ਇਕ ਅਜਿਹਾ ਜੀਉਂਦਾ-

---

16. Bradshaw, H.L., in *The Sikh Review*, Calcutta; Gurbakhsh Singh, *Sikhism: A Universal Message*, Richardson-1991, p. 8.

17. Bittencourt, Dr. Edward, A, in his 'Foreword' to *The Sikh Way of Life*

ਜਾਗਦਾ ਧਰਮ ਹੈ ਜੋ ਮਨੁੱਖ-ਮਾਤਰ ਨੂੰ ਜੀਵਨ ਬਾਰੇ ਨਰੋਆ ਦ੍ਰਿਸ਼ਟੀਕੋਣ ਬਖ਼ਸ਼ਦਾ ਹੈ। ਇਹ ਸਾਰੇ-ਦਾ-ਸਾਰਾ ਇਕ ਨਵਾਂ, ਮੌਲਿਕ ਅਤੇ ਨਿਰੋਲ ਇਕਈਸ਼ਵਰਵਾਦੀ ਧਰਮ ਹੈ"।[17]

ਇਸ ਧਰਮ ਦੀ ਅਜਿਹੀ ਨਵੀਨ ਵਿਚਾਰਧਾਰਾ, ਨਰੋਏ ਦ੍ਰਿਸ਼ਟੀਕੋਨ, ਸਰਬਸਾਂਝੇ ਸੰਦੇਸ਼, ਇਕਈਸ਼ਵਰਵਾਦੀ ਉਪਦੇਸ਼, ਸਦ-ਖਿੜੇ ਸੁਭਾਅ, ਸੂਰਬੀਰਵੀ ਰੁਚੀ ਅਤੇ ਲੋਕ-ਹਿਤੈਸ਼ੀ ਕਰਨੀ ਪਿਛੇ ਵੀ ਜੋ ਪਰੇਰਕ ਸ਼ਕਤੀ ਕੰਮ ਕਰ ਰਹੀ ਹੈ, ਉਹ ਇਸ ਦੀ 'ਹਰੀ ਨਾਮ ਉਤੇ ਆਧਾਰਿਤ' ਅਤੇ 'ਸਰਬੱਤ ਦੇ ਭਲੇ' ਦੀ ਇੱਛਕ ਉਹੀ ਸਪਿਰਿਟ ਹੈ ਜਿਸ ਨੂੰ ਸਿੱਖ ਸ਼ਬਦਾਵਲੀ ਵਿਚ 'ਚੜ੍ਹਦੀ ਕਲਾ' ਆਖਿਆ ਜਾਂਦਾ ਹੈ, ਅਤੇ ਜਿਸ ਦਾ ਵੇਗ ਤੇ ਪਰਤਾਪ ਅਜੇ ਤਕ ਜਾਰੀ ਹੈ ਅਤੇ ਸਦਾ ਜਾਰੀ ਰਹੇਗਾ।

7

ਅਸਲ ਵਿਚ ਕਨਿੰਘਮ ਨੇ, ਅਜ ਤੋਂ ਡੇਢ ਸੌ ਵਰ੍ਹੇ ਪਹਿਲਾਂ, ਇਹ ਜੋ ਕੁਝ ਲਿਖਿਆ-ਛਾਪਿਆ ਸੀ, ਉਹ ਇੰਨ-ਬਿੰਨ ਅਜ ਤਕ, ਹੁਣ ਤਕ ਠੀਕ ਹੈ : A living spirit possesses the whole Sikh people, and the impress of Gobind has not only elevated and altered the constitution of their minds but has operated materially and given amplitude to their physical frames. The features and external form of a whole people have been modified... Notwithstanding these changes, it has been usual to regard the Sikhs as essentially Hindu... In religious faith and worldly aspirations, they are wholly different from other Indians, and they are bound together by a community of inward sentiment and of outward object unknown elsewhere.[18] ਅਰਥਾਤ, "ਸਮੂਹ ਸਿੱਖ ਕੌਮ ਵਿਚ ਇਕ ਸਜੀਵ ਜਹੀ ਰੂਹ ਸਿੰਜਰੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛਾਪ ਨੇ ਉਨ੍ਹਾਂ ਦੇ ਮਨਾਂ ਦੀ ਕੇਵਲ ਬਣਤਰ ਨੂੰ ਹੀ ਨਹੀਂ ਵਟਾਇਆ ਤੇ ਉੱਚਿਆਇਆ, ਉਨ੍ਹਾਂ ਨੂੰ ਸਗੋਂ ਬੜੇ ਸਥੂਲ ਤੌਰ ਤੇ ਉਭਾਰਿਆ ਵੀ ਹੈ ; ਅਤੇ ਉਨ੍ਹਾਂ ਦੇ ਸਰੀਰਕ ਢਾਂਚੇ ਨੂੰ ਸ਼ਕਤੀ, ਵਿਸਤਾਰ ਤੇ ਵਡਿੱਤਣ ਵੀ ਬਖ਼ਸ਼ੀ ਹੈ। ਅਸਲ ਵਿਚ ਸਮੁੱਚੀ ਕੌਮ ਦਾ ਚਿਹਰਾ-ਮੁਹਰਾ ਤੇ ਰੰਗ-ਰੂਪ ਹੀ ਬਦਲਾਅ ਦਿੱਤਾ ਹੈ...। ਅਜਿਹੀਆਂ ਪਰਤੱਖ ਤਬਦੀਲੀਆਂ ਦੇ ਬਾਵਜੂਦ, ਸਿੱਖਾਂ ਨੂੰ ਅਸਲੋਂ ਹਿੰਦੂ ਹੀ ਸਮਝੇ ਜਾਣ ਦਾ ਰਿਵਾਜ ਜਿਹਾ ਪਿਆ ਰਿਹਾ ਹੈ।.... ਪਰੰਤੂ ਧਾਰਮਕ ਨਿਸਚੇ ਅਤੇ ਸੰਸਾਰਕ ਉੱਚ-ਭਾਵਨਾ ਵਿਚ ਉਹ ਬਾਕੀ ਸਭ ਹਿੰਦੁਸਤਾਨੀਆਂ ਤੋਂ ਸੰਪੂਰਨ ਤੌਰ ਤੇ ਭਿੰਨ, ਭਾਵ ਵੱਖਰੇ ਤੇ ਵਿਕੋਲਿਤਰੇ, ਹਨ। ਉਹ ਇਕ ਅਜਿਹੇ ਅੰਤਰਮੁਖੀ ਜਜ਼ਬੇ ਅਤੇ ਬਾਹਰਮੁਖੀ ਮੰਤਵ ਤੇ ਸਰੂਪ ਦੀ ਸਾਂਝ ਨਾਲ ਬੱਝੇ ਹੋਏ ਹਨ ਜੋ ਹੋਰ ਕਿਤੇ ਵੀ ਨਜ਼ਰ ਨਹੀਂ ਆਉਂਦੀ।"[18]

ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਇਸ ਵਿਲੱਖਣ ਸਰੂਪ ਤੇ ਅਨੂਠੀ ਸਪਿਰਿਟ ਦੇ ਕਰਾਮਾਤੀ ਪਰਭਾਵ ਤੇ ਬੇਮਿਸਾਲ ਪਰਾਪਤੀ ਦਾ ਇਹ ਜ਼ਿਕਰ ਕੈਪਟਨ ਜੋਜ਼ਫ਼ ਡੇਵਿਡ ਕਨਿੰਘਮ (1812-1851) ਨੇ ਆਪਣੇ ਦੇਸ਼ਵਾਸੀਆਂ, ਭਾਵ ਅੰਗਰੇਜ਼ਾਂ, ਵਲੋਂ ਸਿੱਖਾਂ ਦਾ ਰਾਜ-ਭਾਗ ਖੋਹਣ ਲਈ ਲੜੀਆਂ ਗਈਆਂ ਉਕਤ ਲੜਾਈਆਂ (ਸੰਨ 1845-48 ਵਿਚਾਲੇ) ਵਿਚ ਭਰਵੀਂ ਸ਼ਮੂਲੀਅਤ ਅਤੇ ਉਨ੍ਹਾਂ ਬਾਰੇ ਵਰ੍ਹਿਆਂਬਧੀ ਪਹਿਲ-ਹੱਥੀ ਜਣਕਾਰੀ ਦੀ

---

by S. Ranbir Singh, New Delhi-1968, pp. v-vi.

18. Cunningham, *History of the Sikhs*, op. cit, London - 1849, reprint, New Delhi - 1985, pp. 75-76, See also Elphinstone, M., *History of India : Rise of the British Power, in the East,* Vol. II, London-1887, pp. 561-64.

ਪਰਾਪਤੀ ਤੋਂ ਬਾਅਦ, ਸੰਨ 1849 ਵਿਚ ਪਰਕਾਸ਼ੀ ਆਪਣੀ ਸੰਸਾਰ-ਪ੍ਰਸਿੱਧ 'ਹਿਸਟਰੀ ਆਫ਼ ਦੀ ਸਿੱਖਸ' ਵਿਚ ਕੀਤਾ ਸੀ। ਉਸ ਦਾ ਇਹ ਬਿਆਨ ਖ਼ਾਲਸੇ ਦੀ ਸੁਭਾਵਕ ਸ਼ਕਤੀ, ਉੱਘੜਵੀਂ ਵਿਸ਼ੇਸ਼ਤਾ, ਸਰਬਕਾਲੀ ਪ੍ਰਾਸੰਗਿਕਤਾ (relevance) ਅਤੇ ਸਰਬਪੱਖੀ 'ਚੜ੍ਹਦੀ ਕਲਾ' ਦੀ ਅਜੇ ਵੀ ਮੂੰਹੋਂ-ਬੋਲਦੀ ਗਵਾਹੀ ਹੈ।

8

ਇਸੇ ਲਈ ਸਾਡਾ ਤਾਂ ਇਹ ਦਰਿੜ੍ਹ ਵਿਸ਼ਵਾਸ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਮਲੇਵੇ, ਜਦੋਂ ਤਕ ਉਨ੍ਹਾਂ ਦੇ ਬਖ਼ਸ਼ੇ ਹੋਏ ਪਾਵਨ ਉਪਨਾਂ, ਸਰੂਪ ਤੇ ਸਪਿਰਿਟ ਨੂੰ ਸੰਭਾਲੇ ਰਖਣਗੇ ; ਜਦੋਂ ਤਕ ਉਹ ਆਪਣੀ ਨਿੱਤ-ਅਰਦਾਸ ਨੂੰ, ਹੇਠ ਲਿਖੇ, ਅਨੁਸਾਰ, ਸਮਾਪਤ ਕਰਨ ਲਗਿਆਂ, 'ਚੜ੍ਹਦੀ-ਕਲਾ' ਦੀ ਦਾਤ ਤੇ 'ਸਰਬੱਤ ਦਾ ਭਲਾ' ਮੰਗਦੇ ਰਹਿਣਗੇ ; ਉਹ ਕੇਵਲ ਆਪ ਹੀ ਨਹੀਂ, ਉਨ੍ਹਾਂ ਦੀ ਸਾਰੀ ਕੌਮ ਅਤੇ ਦੇਸ਼ ਵੀ 'ਚੜ੍ਹਦੀ ਕਲਾ' ਵਿਚ ਵਿਚਰਦਾ ਰਹੇਗਾ ; ਅਤੇ ਉਨ੍ਹਾਂ ਦੇ ਦੇਸ਼-ਕੌਮ ਦੀ 'ਚੜ੍ਹਦੀ ਕਲਾ' ਸਮੁੱਚੀ ਮਨੁੱਖਤਾ ਦੀ 'ਚੜ੍ਹਦੀ ਕਲਾ' ਲਈ ਵੀ ਭਰਵੇਂ ਚਾਅ ਤੇ ਭਰਪੂਰ ਪਰੇਰਨਾ ਦਾ ਸੋਮਾ ਬਣੀ ਰਹੇਗੀ :

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਇਓਂ ਹੀ, ਜਦੋਂ ਤਕ ਉਹ ਆਪਣੀ ਉਕਤ ਅਰਦਾਸ ਦੀ ਸਮਾਪਤੀ 'ਤੇ, ਉਵੇਂ ਹੀ ਖੜੇ-ਖੜੋਤੇ ਰਲ-ਮਿਲ ਕੇ, ਉੱਚੀ ਹੇਕ ਨਾਲ ਇਹ ਦੋਹਰੇ ਵੀ ਗਾਉਂਦੇ ਰਹਿਣਗੇ (ਜਿਵੇਂ ਕਿ ਉਹ ਸੈਂਕੜੇ ਸਾਲਾਂ ਤੋਂ ਉਵੇਂ ਹੀ ਗਾਉਂਦੇ ਆ ਰਹੇ ਹਨ), ਉਨ੍ਹਾਂ ਦੀ 'ਚੜ੍ਹਦੀ ਕਲਾ' ਦਿਨ ਦੂਣੀ ਤੇ ਰਾਤ ਚੌਗਣੀ ਉੱਨਤ ਅਤੇ ਪਰਫੁੱਲਤ ਹੁੰਦੀ ਰਹੇਗੀ :

ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ;
ਸਭ ਸਿੱਖਨ ਕਉ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ, ਪ੍ਰਗਟ ਗੁਰਾਂ ਕੀ ਦੇਹ;
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮਹਿ ਲੇਹ।
ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ;
ਖ਼ੁਆਰ ਹੋਇ ਸਭ ਮਿਲੈਂਗੇ, ਬਚੇ ਸ਼ਰਨਿ ਜੋ ਹੋਇ।[19]

ਉਪਰੋਕਤ ਰੋਣਵੀਆਂ ਛੇ ਤੁਕਾਂ ਵਿਚ, ਕੁੱਜੇ ਵਿਚ ਸਮੁੰਦਰ ਵਾਲੇ ਮੁਹਾਵਰੇ ਅਨੁਸਾਰ, ਸਤਿਗੁਰਾਂ ਦੇ ਸਿੱਖਾਂ ਲਈ ਉਨ੍ਹਾਂ ਦੇ ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ, ਦਾ ਅੰਤਮ ਸਮੇਂ ਦਾ ਫ਼ਰਮਾਨ ਤੇ ਐਲਾਨ, ਹੁਕਮ ਤੇ ਹਦਾਇਤ, ਅਤੇ ਈਮਾਨ ਤੇ ਇਕਰਾਰ ਅੰਕਿਤ ਹੈ। ਇਹ ਗੁਰੂ ਦੇ ਸਿੱਖਾਂ ਦੀ ਸ਼ਰਧਾ, ਸਿਦਕ ਤੇ ਸ਼ਕਤੀ ਦੀਆਂ ਲਖਾਇਕ ਵੀ ਹਨ ; ਨਾਲੇ ਉਨ੍ਹਾਂ ਦੀ ਹੋਣੀ, ਉੱਜਲ ਭਵਿੱਖ ਅਤੇ ਸਦੀਵੀ 'ਚੜ੍ਹਦੀ ਕਲਾ' ਦੀਆਂ ਸੂਚਕ ਵੀ ਹਨ।

19. ਵੇਖੋ: ਨੰਦ ਲਾਲ, ਭਾਈ, ਤਨਖ਼ਾਹਨਾਮਾ, ਦੋਹਰਾ, ਪਦ ਨੰ. 36; ਪ੍ਰਹਿਲਾਦ ਸਿੰਘ, ਭਾਈ, ਰਹਿਤਨਾਮਾ, ਦੋਹਰਾ ਨੰ.24 ਤੇ 29-30; ਗਿਆਨ ਸਿੰਘ, ਗਿਆਨੀ, **ਸ੍ਰੀ ਗੁਰੂ ਪੰਥ ਪ੍ਰਕਾਸ਼**, ਮਿਤੀ 1878, ਤੀਜੀ ਐਡੀਸ਼ਨ, ਅੰਮ੍ਰਿਤਸਰ- 1889, ਪੰ.283, 288; ਪ੍ਰਤਾਪ ਸਿੰਘ, ਗਿਆਨੀ, **ਗੁਰਮਤਿ ਫ਼ਿਲਾਸਫ਼ੀ**, ਅੰਮ੍ਰਿਤਸਰ-1946; ਪੰਜਵੀਂ ਐਡੀਸ਼ਨ, ਅੰਮ੍ਰਿਤਸਰ-1975, ਪੰ. 528 ਤੇ 533; ਇਤਿਆਦਿ।

ਅੰਤਿਕਾ

1. ਪੁਸਤਕ-ਸੂਚੀ
2. ਕੁਝ ਰਾਵਾਂ

ੴ ਵਾਹਿਗੁਰੂ ਜੀ ਕੀ ਫ਼ਤਹ ॥

ਚੜ੍ਹਦੀ ਕਲਾ

ਅਤੇ

ਚੜ੍ਹਦੀ ਕਲਾ ਦੇ ਪੁੰਜ

ਡਾ. ਹਰਨਾਮ ਸਿੰਘ ਸ਼ਾਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

1

ਪੁਸਤਕ-ਸੂਚੀ

1

ਪੰਜਾਬੀ

1. ਅਸ਼ੋਕ, ਸ਼ਮਸ਼ੇਰ ਸਿੰਘ, **ਪੰਜਾਬ ਦੀਆਂ ਲਹਿਰਾਂ** (1850-1910 ਈ.), ਅੰਮ੍ਰਿਤਸਰ-1954 ਈ.
2. **ਨੀਸ਼ਾਨ ਤੇ ਹੁਕਮਨਾਮੇ**, ਅੰਮ੍ਰਿਤਸਰ-1967 ਈ.
3. ਅਰਜਨ ਦੇਵ ਜੀ, ਸ੍ਰੀ ਗੁਰੂ, ਵਲੋਂ ਰਚਿਤ, ਸੰਕਲਿਤ ਤੇ ਸੰਪਾਦਿਤ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਮ੍ਰਿਤਸਰ-1604 ਈ.; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪਰਕਾਸ਼ਿਤ।
4. ਸਤਿਬੀਰ ਸਿੰਘ, ਪ੍ਰਿੰ., **ਸਾਡਾ ਇਤਿਹਾਸ, ਪਹਿਲਾ ਭਾਗ**, ਜਲੰਧਰ-1950 ਈ. ; ਛੇਵੀਂ ਛਾਪ-1988 ਈ.
5. **ਇਤਿ ਜਿਨਿ ਕਰੀ**, ਜਲੰਧਰ-1975 ਈ.
6. **ਪਰਬਤ ਮੇਰਾਣੁ**, ਜਲੰਧਰ-1978 ਈ.
7. **ਕੁਦਰਤੀ ਨੂਰ**, ਜਲੰਧਰ-1981 ਈ.
8. **ਸੁੰਦਰ ਗੁਟਕਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪਰਕਾਸ਼ਿਤ, 11ਵੀਂ ਛਾਪ, ਅੰਮ੍ਰਿਤਸਰ-1991 ਈ.
9. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਮ੍ਰਿਤਸਰ, 1936-41ਈ., ਪ੍ਰਿੰ. ਤੇਜਾ ਸਿੰਘ ਆਦਿ ਵਲੋਂ ਸਟਿਪਿਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਚਾਰ ਪੋਥੀਆਂ ਵਿਚ ਪਰਕਾਸ਼ਿਤ.
10. **ਸਰਬਲੋਹ ਗ੍ਰੰਥ ਸਾਹਿਬ**, ਸ੍ਰੀ ਆਨੰਦਪੁਰ ਸਾਹਿਬ-1700 ਈ. ਲਪ. ; ਬੁੱਢਾ ਦਲ ਵਲੋਂ ਤਿੰਨ ਭਾਗਾਂ ਵਿਚ ਸਟਿਪਿਤ ਤੇ ਪਰਕਾਸ਼ਿਤ, ਆਨੰਦਪੁਰ ਸਾਹਿਬ-1970 ਈ. (ਲਪ.)
11. ਸਾਹਿਬ ਸਿੰਘ, ਪ੍ਰੋ., **ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ**, ਅੰਮ੍ਰਿਤਸਰ-1965 ਈ.
12. ਸ਼ਾਹ ਮੁਹੰਮਦ, **ਜੰਗ ਸਿੰਘਾਂ ਤੇ ਫ਼ਰੰਗੀਆਂ**; ਪ੍ਰਿੰ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਵਲੋਂ ਸਟਿਪਿਤ ਤੇ ਸੰਪਾਦਿਤ, ਲੁਧਿਆਣਾ-1960 ਈ.
13. ਸ਼ਾਨ, ਡਾ. ਹਰਨਾਮ ਸਿੰਘ, **ਪ੍ਰੋ. ਪੂਰਨ ਸਿੰਘ ਦੀ ਚੋਣਵੀਂ ਕਵਿਤਾ**, ਚੰਡੀਗੜ੍ਹ-1961 ਈ.
14. **ਚੜ੍ਹਦੀ ਕਲਾ ਦੇ ਪੁੰਜ : ਗੁਰੂ ਗੋਬਿੰਦ ਸਿੰਘ**, ਚੰਡੀਗੜ੍ਹ-1967 ਈ.
15. **ਗੁਰੂ ਨਾਨਕ ਦਾ ਸ਼ਾਹਕਾਰ: ਜਪੁ ਜੀ**, ਚੰਡੀਗੜ੍ਹ-1975 ਤੇ 1992 ਈ.
16. **ਗੁਰਮਤਿ ਸਾਹਿਤ ਵਿਚ ਬੀਰਤਾ ਦਾ ਸੰਕਲਪ**, ਪਟਿਆਲਾ-1998 ਈ.
17. ਸੁੱਖਾ ਸਿੰਘ, ਭਾਈ, **ਗੁਰ ਬਿਲਾਸ ਦਸਵੀਂ ਪਾਤਿਸ਼ਾਹੀ ਕਾ**, ਆਨੰਦਪੁਰ-1797 ਈ.; ਡਾ. ਗੁਰਸ਼ਰਨ ਕੌਰ ਜੱਗੀ ਵਲੋਂ ਸੰਪਾਦਿਤ, ਪਟਿਆਲਾ-1989 ਈ.
18. ਸੇਵਾ ਦਾਸ ਉਦਾਸੀ, ਬਾਵਾ, **ਪਰਚੀਆਂ**, ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ-ਨੰ. ਮਿਤੀ 1708 ਈ., ਹੱਥ-ਲਿਖਤ, 6045; ਸੰਪਾਦਿਤ ਵਲੋਂ ਪ੍ਰੋ. ਹਰੀ ਸਿੰਘ, ਪਟਿਆਲਾ-1978 ਈ.
19. ਸੇਵਾ ਸਿੰਘ, ਭੱਟ ਕਵੀ, **ਸ਼ਹੀਦ ਬਿਲਾਸ ਭਾਈ ਮਨੀ ਸਿੰਘ**, ਲਾਡਵਾ ਤੇ ਭਾਦਸੋਂ-1820 ਈ. ਲਪ. ; ਭੱਟਖਰੀ ਵਿਚ ਲਿਖਿਤ, ਪੰਜਾਬੀ ਵਿਚ ਅਨੁਵਾਦਿਤ ਵਲੋਂ ਛੱਜੂ ਸਿੰਘ ਭੱਟ, ਭਾਦਸੋਂ-1870 ਈ.; ਗਿਆਨੀ

ਗਰਜਾ ਸਿੰਘ ਵੱਲੋਂ ਸੰਪਾਦਿਤ, ਲੁਧਿਆਣਾ - *1961* ਈ.

20. ਸੈਂਸਰਾ, ਗੁਰਚਰਨ ਸਿੰਘ, **ਗ਼ਦਰ ਪਾਰਟੀ ਦਾ ਇਤਿਹਾਸ**, ਜਲੰਧਰ-1989 ਈ.
21. ਸੈਨਾਪਤਿ, ਕਵੀ ਚੰਦਰ ਸੈਨ, **ਸ੍ਰੀ ਗੁਰ ਸੋਭਾ**, ਵਜ਼ੀਰਾਬਾਦ-1711., ਸ. ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਸੰਪਾਦਿਤ, ਅੰਮ੍ਰਿਤਸਰ-1967 ਈ.; ਡਾ: ਗੰਡਾ ਸਿੰਘ ਵੱਲੋਂ ਸੰਪਾਦਿਤ, ਪਟਿਆਲਾ - 1980 ਈ.
22. ਸੋਹਨ ਕਵਿ, **ਗੁਰ ਬਿਲਾਸ ਛੇਵੀਂ ਪਾਤਿਸ਼ਾਹੀ**, ਨਾਨਕਸਰ (ਨਨਕਾਣਾ ਸਾਹਿਬ)-1718 ਈ.; ਭਾਸ਼ਾ ਵਿਭਾਗ ਪੰਜਾਬ ਵੱਲੋਂ ਪਰਕਾਸ਼ਤ, ਪਟਿਆਲਾ - 1970 ਈ.
23. ਸੰਤੋਖ ਸਿੰਘ, ਭਾਈ, **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਕੈਥਲ-1843 ਈ. ; **ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ**, ਭਾਈ ਵੀਰ ਸਿੰਘ ਵੱਲੋਂ ਸਟਿਪਿਤ ਤੇ ਸੰਪਾਦਿਤ, ਅੰਮ੍ਰਿਤਸਰ-1926-31 ਈ.
24. ਕਪੂਰ ਸਿੰਘ, ਸਿਰਦਾਰ, **ਬਹੁ ਵਿਸਤਾਰ**, ਅੰਮ੍ਰਿਤਸਰ-1952 ਈ.
25. ਕਰਤਾਰ ਸਿੰਘ, **ਪ੍ਰੋ. ਸਿੱਖ ਇਤਿਹਾਸ**, ਭਾਗ I, ਅੰਮ੍ਰਿਤਸਰ-1960 ਈ.
26. ਕਾਨ੍ਹ ਸਿੰਘ, ਭਾ., **ਗੁਰ ਸ਼ਬਦ ਰਤਨਾਕਰ ਮਹਾਨਕੋਸ਼**, ਪਟਿਆਲਾ-1932 ਈ. ਦੂਜੀ ਅਕਸੀ ਛਾਪ, ਪਟਿਆਲਾ - 1960 ਈ.
27. ਕ੍ਰਿਪਾਲ ਦਾਸ, ਬਾਵਾ, ਮਹਿਮਾ ਪ੍ਰਕਾਸ਼ (ਵਾਰਤਕ), ਗੋਇੰਦਵਾਲ-1741 ਈ.
28. ਕੁਇਰ ਸਿੰਘ, ਭਾ., **ਗੁਰਬਿਲਾਸ ਪਾਤਸ਼ਾਹੀ 10**, ਲਾਹੌਰ - 1751 ਈ.; ਸ. ਸ਼ਮਸ਼ੇਰ ਸਿੰਘ ਅਸ਼ੋਕ ਤੇ ਡਾ. ਫ਼ੌਜਾ ਸਿੰਘ ਵੱਲੋਂ ਸੰਪਾਦਿਤ, ਪਟਿਆਲਾ-1968 ਈ.
29. ਕੋਸ਼ਿਸ਼, ਸਰੂਪ ਸਿੰਘ ਭੱਟ, **ਗੁਰੂ ਕੀਆਂ ਸਾਖੀਆਂ**, ਭਾਦਸੋਂ (ਥਾਨੇਸਰ)-1790 ਈ; ਗਿਆਨੀ ਗਰਜਾ ਸਿੰਘ ਅਤੇ ਸ. ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ, ਪਟਿਆਲਾ - 1986 ਈ.
30. ਕੌਰ ਸਿੰਘ, ਅਕਾਲੀ, **ਸ੍ਰੀ ਗੁਰ ਸ਼ਬਦ ਰਤਨ ਪ੍ਰਕਾਸ਼**, ਪਿਸ਼ਾਵਰ-1923 ਈ.
31. ਗਿਆਨ ਸਿੰਘ, ਗਿ., ਸ੍ਰੀ ਗੁਰੂ ਪੰਥ ਪ੍ਰਕਾਸ਼, ਅੰਮ੍ਰਿਤਸਰ-1878 ਈ; ਪਹਿਲੀ ਛਾਪ, ਦਿੱਲੀ - 1879 ਈ.; ਗਿ. ਕਿਰਪਾਲ ਸਿੰਘ ਵੱਲੋਂ ਸਟਿਪਿਤ ਅਤੇ ਸੰਪਾਦਿਤ, ਭਾਗ I, ਅੰਮ੍ਰਿਤਸਰ-1977 ਈ.
32. **ਤਵਾਰੀਖ਼ ਗੁਰੂ ਖ਼ਾਲਸਾ**, ਸਿਆਲਕੋਟ - 1891 ਈ.; ਡਾ: ਕਰਮ ਸਿੰਘ ਰਾਜੂ ਵੱਲੋਂ ਸੰਪਾਦਿਤ, ਪਟਿਆਲਾ- 1993 ਈ.
33. ਗੁਪਤਾ, ਸ੍ਰੀ ਐਮ. ਜੀ., **ਗੁਰੂ ਤੇਗ਼ ਬਹਾਦਰ ਹਿੰਦ ਦੀ ਚਾਦਰ** (ਸੰਪਾਦਿਤ), ਫ਼ਰੀਦਕੋਟ-1993 ਈ.
34. ਗੁਰਦਾਸ ਭਾਈ, ਵਾਰਾਂ, ਅੰਮ੍ਰਿਤਸਰ-1600 ਈ. (ਲਪ.); ਗਿਆਨੀ ਹਜ਼ਾਰਾ ਸਿੰਘ ਅਤੇ ਭਾਈ ਵੀਰ ਸਿੰਘ ਵੱਲੋਂ ਸਟਿਪਿਤ ਅਤੇ ਸੰਪਾਦਿਤ, ਅੰਮ੍ਰਿਤਸਰ-1911 ਈ.; ਡਾ: ਗੁਰਸ਼ਰਨ ਕੌਰ ਜੱਗੀ ਵੱਲੋਂ ਸਟਿਪਿਤ ਅਤੇ ਸੰਪਾਦਿਤ, ਪਟਿਆਲਾ-1987 ਈ.
35. ਗੁਰਦਾਸ ਸਿੰਘ, ਭਾਈ, **ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ**, ਆਨੰਦਪੁਰ-ਅਨਮਿਤਿਤ।
36. ਗੋਬਿੰਦ ਸਿੰਘ ਜੀ, ਸ੍ਰੀ ਗੁਰੂ, **ਸ੍ਰੀ ਦਸਮ ਗ੍ਰੰਥ ਸਾਹਿਬ**, ਆਨੰਦਪੁਰ - 1696 ਈ. ਲਪ.; ਭਾਈ ਮਨੀ ਸਿੰਘ ਸ਼ਹੀਦ ਵੱਲੋਂ ਸੰਕਲਿਤ ਬੀੜ ਸਾਹਿਬ, ਅੰਮ੍ਰਿਤਸਰ-1713 ਈ. ; ਡਾ. ਰਨਧੀਰ ਸਿੰਘ ਵੱਲੋਂ ਸਟਿਪਿਤ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ **ਸ਼ਬਦਾਰਥ ਦਸਮ ਗ੍ਰੰਥ ਸਾਹਿਬ**, ਤਿੰਨ ਭਾਗ, ਪਟਿਆਲਾ-1973 ਈ.; ਦੂਜੀ ਛਾਪ, ਪਟਿਆਲਾ - 1985 ਈ.
37. ਗੰਡਾ ਸਿੰਘ, ਡਾ., **ਹੁਕਮਨਾਮੇ**, ਪਟਿਆਲਾ - 1985 ਈ.

38. ਛਿੱਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਅੰਮ੍ਰਿਤਸਰ-1769 ਈ.; ਡਾ. ਰਤਨ ਸਿੰਘ ਜੱਗੀ ਵਲੋਂ ਸਟਿਪਿਤ ਤੇ ਸੰਪਾਦਿਤ, ਚੰਡੀਗੜ੍ਹ-1972 ਈ.
39. ਜਗਜੀਤ ਸਿੰਘ,ਪ੍ਰੋ., ਗ਼ਦਰ ਪਾਰਟੀ ਲਹਿਰ, ਤਰਨਤਾਰਨ-1955 ਈ.; ਦੂਜੀ ਛਾਪ, ਦਿੱਲੀ-1979 ਈ.
40. ਢਿੱਲੋਂ, ਮਹਿੰਦਰ ਸਿੰਘ, ਡਾ., ਬਲਿਊ ਸਟਾਰ ਘੱਲੂਘਾਰਾ, ਪਟਿਆਲਾ-1991 ਈ.
41. ਤਾਰਨ ਸਿੰਘ, ਡਾ., ਗੁਰੂ ਅਮਰ ਦਾਸ : ਜੀਵਨ, ਰਚਨਾ ਤੇ ਸਿੱਖਿਆ,ਅੰਮ੍ਰਿਤਸਰ-1980 ਈ.
42. ਦਯਾ ਸਿੰਘ, ਭਾ., ਰਹਿਤਨਾਮਾ, ਅਠ੍ਹਾਰਵੀਂ ਸਦੀ ਦੀ ਰਚਨਾ।
43. ਦੇਸਾ ਸਿੰਘ, ਭਾ., ਰਹਿਤਨਾਮਾ, ਅਠ੍ਹਾਰਵੀਂ ਸਦੀ ਦੀ ਰਚਨਾ।
44. ਨੰਦ ਲਾਲ, ਭਾ., ਤਨਖ਼ਾਹਨਾਮਾ, ਅਠ੍ਹਾਰਵੀਂ ਸਦੀ ਦੀ ਰਚਨਾ।
45. ਪਦਮ, ਸ. ਪਿਆਰਾ ਸਿੰਘ ਵਲੋਂ ਸੰਪਾਦਿਤ, ਪੰਜਾਬੀ ਵਾਰਾਂ, ਪਟਿਆਲਾ-1951 ਈ.
46. ਰਹਿਤਨਾਮੇ, ਪਟਿਆਲਾ-1974 ਈ.; ਦੂਜੀ ਛਾਪ, 1978 ਈ.
47. ਪ੍ਰਹਿਲਾਦ ਸਿੰਘ, ਭਾ., ਰਹਿਤਨਾਮਾ, ਅਠ੍ਹਾਰਵੀਂ ਸਦੀ ਦੀ ਰਚਨਾ।
48. ਪਰਤਾਪ ਸਿੰਘ, ਗਿਆਨੀ, ਜੱਥੇਦਾਰ, ਸਿੱਖ ਇਤਿਹਾਸਕ ਲੈਕਚਰ, ਅੰਮ੍ਰਿਤਸਰ-1945 ਈ.
49. ਗੁਰਮਤਿ ਲੈਕਚਰ, ਅੰਮ੍ਰਿਤਸਰ-1946 ਈ.
50. ਗੁਰਮਤਿ ਫਿਲਾਸਫੀ, ਅੰਮ੍ਰਿਤਸਰ-1946 ਈ.
51. ਪਾਕਿਸਤਾਨੀ ਘੱਲੂਘਾਰਾ, ਲੁਧਿਆਣਾ-1948 ਈ.
52. ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਭਾ ਵੀਰ ਸਿੰਘ ਵਲੋਂ ਸੰਪਾਦਿਤ, ਅੰਮ੍ਰਿਤਸਰ-1926 ਈ., ਤੀਜੀ ਛਾਪ-1948 ਈ.
53. ਪੋਥੀ ਪੰਜਾਹ ਸਾਖੀਆਂ, ਡਾ. ਗੰਡਾ ਸਿੰਘ ਨੂੰ ਕਸਬਾ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਪਰਾਪਤ ਇਕ ਹੱਥ-ਲਿਖਤ।
54. ਬਲਬੀਰ ਸਿੰਘ, ਡਾ., ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦੂਜੀ ਜਿਲਦ, ਪਟਿਆਲਾ-1973 ਈ.
55. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਗੋਇੰਦਵਾਲ-1776 ਈ.; ਸ. ਗੋਬਿੰਦ ਸਿੰਘ ਲਾਂਬਾ ਅਤੇ ਸ. ਖ਼ਜ਼ਾਨ ਸਿੰਘ ਵਲੋਂ ਸੰਪਾਦਿਤ ਅਤੇ ਭਾਸ਼ਾ ਵਿਭਾਗ, ਪੰਜਾਬ ਵਲੋਂ ਪਰਕਾਸ਼ਿਤ, ਪਟਿਆਲਾ-1971 ਈ.
56. ਗੁਰੂ ਨਾਨਕ ਮਹਿਮਾ, ਗੋਇੰਦਵਾਲ-1776 ਈ.; ਸ. ਸ਼ਮਸ਼ੇਰ ਸਿੰਘ ਅਸ਼ੋਕ ਅਤੇ ਸ. ਗੋਬਿੰਦ ਸਿੰਘ ਲਾਂਬਾ ਵਲੋਂ ਸੰਪਾਦਿਤ, ਪਟਿਆਲਾ-1973 ਈ.
57. ਭੰਗੂ, ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ-1842 ਈ.; ਭਾਈ ਵੀਰ ਸਿੰਘ ਵਲੋਂ ਸੰਪਾਦਿਤ, ਅੰਮ੍ਰਿਤਸਰ-1914 ਈ.; ਤੀਜੀ ਛਾਪ-1952 ਈ.; ਡਾ. ਜੀਤ ਸਿੰਘ ਸੀਤਲ ਵਲੋਂ ਸੰਪਾਦਿਤ, ਅੰਮ੍ਰਿਤਸਰ-1989 ਈ.
58. ਭੰਵਰ, ਸ. ਹਰਬੀਰ ਸਿੰਘ, ਡਾਇਰੀ ਦੇ ਪੰਨੇ, ਅੰਮ੍ਰਿਤਸਰ-1984 ਈ.
59. ਮਕਾਲਿਫ਼, ਸ੍ਰੀ ਯੁਤ ਐਮ.ਏ. ਵਲੋਂ ਸੰਪਾਦਿਤ ਤੇ ਪਰਕਾਸ਼ਿਤ ਜਨਮਸਾਖੀ ਬਾਬੇ ਨਾਨਕ ਜੀ ਕੀ, ਰਾਵਲਪਿੰਡੀ-1885 ਈ.
60. ਮਨੀ ਸਿੰਘ, ਸ਼ਹੀਦ, ਭਾ., ਸਿੱਖਾਂ ਦੀ ਭਗਤਮਾਲਾ, ਅੰਮ੍ਰਿਤਸਰ-1715 ਈ.; ਭਾਈ ਵੀਰ ਸਿੰਘ ਵਲੋਂ ਸੰਪਾਦਿਤ,ਅੰਮ੍ਰਿਤਸਰ-1922 ਈ.; ਡਾ. ਤਰਲੋਚਨ ਸਿੰਘ ਬੇਦੀ ਵਲੋਂ ਸੰਪਾਦਿਤ, ਪਟਿਆਲਾ-1986 ਈ.

61. ਮੁਸਾਫਰ, ਗਿ. ਗੁਰਮੁਖ ਸਿੰਘ, ਵੀਹਵੀਂ ਸਦੀ ਦੇ ਸ਼ਹੀਦ, ਅੰਮ੍ਰਿਤਸਰ-1968 ਈ.
62. ਰਣ ਸਿੰਘ, ਡਾ., ਦਸਮੇਸ਼ ਗ੍ਰੰਥ ਨਿਰਣਯ, ਦੂਜੀ ਛਾਪ, ਅੰਮ੍ਰਿਤਸਰ-1929 ਈ.
63. ਵਾਰਸ ਸ਼ਾਹ, ਸੱਯਦ, ਕਿੱਸਾ ਹੀਰ ਰਾਂਝਾ, ਮਲਕ ਹਾਂਸ-1776 ਈ.
64. ਵੀਰ ਸਿੰਘ, ਭਾ., ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, 7 ਪੋਥੀਆਂ ਵਿਚ, ਅੰਮ੍ਰਿਤਸਰ-1958-62 ਈ.
65. ਰਾਣਾ ਸੂਰਤ ਸਿੰਘ, ਅੰਮ੍ਰਿਤਸਰ-1905 ਈ., ਚੌਥੀ ਛਾਪ-1955 ਈ.

2

ਉਰਦੂ ਅਤੇ ਫ਼ਾਰਸੀ

66. ਅਹਿਮਦ ਸਰਹਿੰਦੀ, ਸ਼ੇਖ਼,ਮਕਤੂਬਾਤੇ ਇਮਾਮ ਰੱਬਾਨੀ, ਤਿੰਨ ਜਿਲਦਾਂ ਵਿਚ, ਲਾਹੌਰ-1964 ਈ. ਜਿਲਦ 1, ਚਿੱਠੀ ਨੰ. 193.
67. ਅਖ਼ਬਾਰਾਤੇ ਦਰਬਾਰੇ ਮੁਅੱਲਾ (1707-1718 ਈ.), ਜੈਪੁਰ ਸਟੇਟ ਆਰਕਾਈਵਜ਼ ਵਿਚ ਸੁਰੱਖਿਅਤ, ਫ਼ਰਮਾਨ ਨੰ.102, ਮਿਤੀ 29 ਜੁਲਾਈ 1669 ਈ.
68. ਅੱਬੁਲ ਫ਼ਜ਼ਲ, ਅਲਾਮਾ, ਅਕਬਰਨਾਮਾ, ਮਤਬਾ ਨਵਲ ਕਿਸ਼ੋਰ ਪ੍ਰੈਸ, ਲੱਖਨਊ ਵਲੋਂ ਪਰਕਾਸ਼ਿਤ; ਦੂਜੀ ਛਾਪ, ਲਖਨਊ -1883 ਈ.
69. ਸਾਕੀ,ਮੁਸਤਇਦ ਖ਼ਾਨ, ਮਾਅਸਿਰੇ ਆਲਮਗੀਰੀ, ਦਿੱਲੀ, ਸੰਪਾਦਿਤ ਵਲੋਂ ਸਰ ਜਾਦੂ ਨਾਥ ਸਰਕਾਰ, ਕਲਕੱਤਾ-1947 ਈ.
70. ਸੂਰੀ, ਮੁਨਸ਼ੀ ਸੋਹਨ ਲਾਲ, ਉਮਦਾਤ-ਉਤ-ਤਵਾਰੀਖ਼, ਲਾਹੌਰ,1885-89 ਈ.
71. ਹਕੀਮ, ਅੱਲਾ ਯਾਰ ਖ਼ਾਨ, ਜੌਹਰੇ ਤੇਗ਼, ਗੰਜੇ ਸ਼ਹੀਦਾਂ, ਸ਼ਹੀਦਾਨੇ ਵਫ਼ਾ।
72. ਕਨ੍ਹਈਆ ਲਾਲ, ਤਾਰੀਖ਼ੇ-ਪੰਜਾਬ, ਲਾਹੌਰ-1881 ਈ.
73. ਖ਼ੁਸ਼ਵਕਤ ਰਾਇ, ਮੁਨਸ਼ੀ, ਤਵਾਰੀਖ਼ੇ ਸਿੱਖਾਂ, ਦਿੱਲੀ-1811 ਈ. ਹੱਥ ਲਿਖਿਤ
74. ਖ਼ਾਫ਼ੀ ਖ਼ਾਨ, ਮੁਹੰਮਦ ਹਾਸ਼ਮ, ਮੁਨਤਖ਼ਬ-ਉਲ-ਲੁਬਾਬ, ਕਲਕੱਤਾ-1874 ਈ., ਜਿਲਦ 2.
75. ਗੁਲਬਦਨ, ਹਿਮਾਯੂੰਨਾਮਾ, ਉਰਦੂ ਅਨੁਵਾਦ ਵਲੋਂ ਰਸ਼ੀਦ ਅਕਬਰ ਨਦਵੀ, ਰਾਇ ਬਰੇਲੀ।
76. ਗ਼ੁਲਾਮ-ਮੁਹੀਈ-ਉਦ-ਦੀਨ ਖ਼ਾਨ (ਬੂਟੇ ਸ਼ਾਹ), ਤਵਾਰੀਖ਼ੇ ਪੰਜਾਬ, ਲੁਧਿਆਣਾ-1840 ਈ.; ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸੁਰੱਖਿਅਤ ਫ਼ਾਰਸੀ ਹੱਥ-ਲਿਖਿਤ ਨੰ. 1288.
77. ਗੋਬਿੰਦ ਸਿੰਘ, ਸ੍ਰੀ ਗੁਰੂ , ਜ਼ਫ਼ਰਨਾਮਾ ਅਤੇ ਫ਼ਤਿਹਨਾਮਾ, ਦੀਨਾ ਕਾਂਗੜ-1706 ਈ.; ਸ. ਉਮਰਾਓ ਸਿੰਘ ਮਜੀਠੀਆ ਦੀ ਹੱਥ-ਲਿਖਿਤ ਨਕਲ, ਨੈਸ਼ਨਲ ਲਾਇਬਰੇਰੀ ਪੈਰਿਸ ਵਿਚ ਸੁਰੱਖਿਅਤ; ਹੋਰ ਐਡੀਸ਼ਨਾਂ ਜਿਵੇਂ ਆਚਾਰੀਆ ਧਰਮੇਂਦਰ ਨਾਥ ਵਲੋਂ ਸੰਪਾਦਿਤ, ਜੈਪੁਰ-1968; ਭਾਸ਼ਾ ਵਿਭਾਗ ਪੰਜਾਬ ਵਲੋਂ ਪਰਕਾਸ਼ਿਤ, ਪਟਿਆਲਾ-1973 .
78. ਗੰਡਾ ਸਿੰਘ, ਡਾ. (ਸੰਪਾਦਕ) ਮਾਖ਼ਿਜ਼ੇ ਤਵਾਰੀਖ਼ੇ ਸਿੱਖਾਂ, ਅੰਮ੍ਰਿਤਸਰ-1949 ਈ.
79. (ਸੰਪਾਦਕ) ਕੁਲਿੱਯਾਤੇ ਭਾਈ ਨੰਦ ਲਾਲ ਗੋਯਾ, ਮੱਲਕਾ-1963 ਈ.
80. ਜਹਾਂਗੀਰ, ਮੁਗ਼ਲ ਬਾਦਸ਼ਾਹ ਨੂਰ-ਉਦ-ਦੀਨ, ਤੁਜ਼ਕਿ ਜਹਾਂਗੀਰੀ, ਨਵਲ ਕਿਸ਼ੋਰ ਪ੍ਰੈਸ, ਲੱਖਨਊ ਵਲੋਂ ਪਰਕਾਸ਼ਿਤ।

81. ਦੌਲਤ ਰਾਇ, ਲਾਲਾ, **ਸਵਾਨੇਹ ਉਮਰੀ ਗੁਰੂ ਗੋਬਿੰਦ ਸਿੰਘ**, ਲਾਹੌਰ-1910 ਈ.
82. ਨੂਰ ਮੁਹੰਮਦ, ਕਾਜ਼ੀ, **ਜੰਗਨਾਮਾ**, ਗੰਜਾਬਾ (ਬਲੋਚਿਸਤਾਨ)-1765 ਈ.; ਡਾ. ਗੰਡਾ ਸਿੰਘ ਵੱਲੋਂ ਸੰਪਾਦਿਤ, ਅੰਮ੍ਰਿਤਸਰ-1939 ਈ.
83. ਨੰਦ ਲਾਲ ਗੋਯਾ, ਭਾ., **ਦੀਵਾਨ-ਇ-ਗੋਯਾ**, ਈਰਾਨੀ ਛਾਪ ਤਹਿਰਾਨ-1963 ਈ.
84. **ਗੰਜਨਾਮਾ**, ਆਨੰਦਪੁਰ ਸਾਹਿਬ
85. ਬਟਾਲੀਆ, ਸੱਯਦ ਅਹਿਮਦ ਸ਼ਾਹ, **ਤਵਾਰੀਖੇ ਹਿੰਦ**, ਬਟਾਲਾ-1818 ਈ., ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਸੁਰੱਖਿਅਤ ਫ਼ਾਰਸੀ ਹੱਥ ਲਿਖਤ ਨੰ. ਐਸ. ਐਚ. ਐਰ./1291.
86. ਭੰਡਾਰੀ, ਮੁਨਸ਼ੀ ਸੁਜਾਨ ਰਾਏ, **ਖ਼ੁਲਾਸਤੁਤ ਤਵਾਰੀਖ**, ਮਿਤੀ 1696 ਈ.; ਜੀ ਐਂਡ ਸਨਜ਼ ਦਿੱਲੀ ਵੱਲੋਂ ਪ੍ਰਕਾਸ਼ਿਤ, ਦਿੱਲੀ-1918; ਸ. ਰਣਜੀਤ ਸਿੰਘ ਅਤੇ ਡਾ. ਫੌਜਾ ਸਿੰਘ ਵੱਲੋਂ ਪੰਜਾਬੀ ਵਿੱਚ ਅਨੁਵਾਦਿਤ, ਪਟਿਆਲਾ-1972 ਈ.
87. ਮੁਹਸਿਨ ਫ਼ਾਨੀ, (ਜ਼ੁਲਫ਼ਿਕਾਰ ਅਰਦਿਸਤਾਨੀ), **ਦਬਿਸਤਾਨੇ ਮਜ਼ਾਹਿਬ**, ਮਿਤੀ 1645 ਈ.; ਨਵਲ ਕਿਸ਼ੋਰ ਪ੍ਰੈਸ ਵੱਲੋਂ ਪ੍ਰਕਾਸ਼ਿਤ, ਕਾਨ੍ਹਪੁਰ - 1904 ਈ.

3
ENGLISH

88. Archer, Dr. J.C., The Sikhs in Relation to Hindus, Moslems, Christians and Ahmadiyas : A Study in Comparative Religions, Princeton-1946.
89. Army Action in Punjab : Prelude & Aftermath, New Delhi - 1989.
90. Attar Singh, Sir, Sakhi Book, Benares - 1873.
91. Aulakh, Dr. Gurcharan Singh, Babbar Akali Movement, Zira - 1993.
92. Balbir Singh, Dr. Message of Guru Gobind Singh, Chandigarh-1967.
93. Bamzai, P.N. Kaul, History of Kashmir, Delhi-1967.
94. Banerjee, Anil Chandra, The Sikh Gurus & Sikh Religion, New Delhi 1983.
95. Bannerji, Prof. Dr., Avinash Chandra, Guru Nanak : The Teacher of Man, Chandigarh - 1978.
97. Barthrop, Michael, The Frontier Ablaze : The North-West Frontier Rising, London - 1996.
98. Bawa, Prof. Dr. Ujgar Singh, Sikhism, Washington-1988.
99. Beni Prasad, Jahangir Singh, Allahabad - 1930.
100. Bittencourt, Dr. Edward A., in his 'Forword' to The Sikh Way of Life, by S. Ranbir Singh, New Delhi - 1968.
101. Cunningham, Capt. J.D., A History of the Sikhs from the Origin of the Nation to the Battles of Sutlej, London-1849; reprint, New Delhi-1985.
102. Daljit Singh, Raja Sir, Guru Teg Bahadur-1932 c); reprint, Patiala-1971.
103. Darbara Singh, Prof. The Punjab tragedy, 1947, Amritsar - 1949.
104. Duggal, Devinder Singh, Fatehnama & Zafarnama of Guru Gobind Singh, Jalandhar-1970.

105. Duggal, K.S., *The Sikh Gurus : Their Lives and Teachings,* New Delhi-1980.
106. Durlabh Singh, S., *Formation & Growth of the I.N.A.,* Lahore-1946.
107. Elliot, Sir, H.M. & Dowson, Prof. J., *History of India as Told by Its Own Historians,* Vol.VII, London -1867.
108. *Episodes from the Lives of the Gurus (Parchian Sewa Das),* ed. by Dr. Kharak Singh & Prof. Gurtej Singh, Chandigarh-1995.
109. Fatehgarh Sahib District Gazetteer, under publication.
110. Fauja Singh, Dr., *Chronology of the Battles of Guru Har Gobind* in the *Panjab History Conference Proceedings,* Patiala-1971.
111. *Eminent Freedom Fighters of Panjab,* Patiala-1972.
112. *Who's Who : Panjab Freedom Fighters,* Patiala -1972.
113. *Hukamname of Guru Tegh Bahadur,* Patiala-1976.
114. *Guru Amar Dass,* Patiala-1979.
115. Field, Dorothy, *The Religion of the Sikhs,* London - 1914.
116. Forster, G., *A Journey from Bengal to England (1783-84),* Vol.I, London-1798.
117. Ganda Singh, Dr., & Prin. Teja Singh, *A Short History of the Sikhs,* Vol. I, Bombay-1950.
118. Ganda Singh, Dr., *The Sikhs and their Religion,* Redwood City-1974.
119. (ed.) *The Singh Sabha Movement and the other Socio-religious Movements in the Panjab* (1850-1925), Patiala-1984.
120. Gandhi, Prof. Sujeet Singh, *History of the Sikh Gurus,* New Delhi-1978.
121. *Gazetteer of Hoshiarpur District,* Calcutta, 1883-84.
122. Gopal Singh, Dr., *A History of the Sikh People,* New Delhi-1979; 2nd ed. -1988.
123. Greenlees, Duncan, *Gospel of Guru Granth Sahib,* Madras-1952; rep. 1960.
124. Grewal, Dr. J.S. & Bal,. Dr., S.S., *Guru Gobind Singh : A Biographical Study,* Chandigarh-1967.
125. Guerreiro, Father Ferdinand, *Annual Relations,* 1606-07, Pt. IV, Book III, Lisbon-1609; reprint.-Vol. II, Coimbra-1931.
126. Gulati, K.C., *The Akalis: Past & Present,* New Delhi-1974.
127. Gupta, Dr. Hari Ram, *History of the Sikh Gurus,* New Delhi-1973; rep. 1984.
128. Gurbakhsh Singh, *Sikhism: A Universal Message,* Richardson-1991.
129. Gurmeet Singh, Dr., *History of the Sikh Struggles,* Vol. III, New Delhi-1991.
130. Habib, Dr. Irfan, *Agrarian System of Mughal India* (1526-1707), Bombay-1991.
131. Harbans Singh, Prof., *Guru Gobind Singh,* Chandigarh-1966.
132. *The Heritage of Sikhs,* New Delhi-1983.
133. *Encylopaedia of Sikhism* (ed.), Vol. II, Patiala-1996.
134. Ishwari Prasad, *A Short History of the Muslim Rule in India,* New Delhi-1970.
135. Josh, Sohan Singh, *Hindustan Ghadar Party : A Short History,* 2 Vols., New Delhi, 1977-78.
136. Kapur Singh, Sirdar, *Parasaraprasna,* 2nd. ed., Amritsar-1989.
137. Kartar Singh, Prof., *Life of Guru Gobind Singh,* Amritsar-1932. 3rd. ed; Ludhiana-1968

138. Khazan Singh, *History & Philosophy of Sikh Religion,* Lahore-1914.
139. Khushwant Singh, *History of the Sikhs,* Pinceton-1963.
140. Kirpal Sing, Dr., *The Partition of Punjab,* Patiala-1978.
141. Kuldip Nayyar, Shri & Khushwant Singh, S., *Tragedy of Panjab: Operation Blue Star and After,* New Delhi-1984.
142. Lakshman Singh, Bhagat, *A Short Sketch of the Life and Work of Guru Gobind Singh,* Lahore-1909.
143. Latif, Syed Mohammad, *History of the Panjab,* Calcutta-1891.
144. *History of Lahore,* Calcutta-1892.
145. Macauliffe, M.A., *The Sikh Religion : Its Gurus, Sacred Writings and Authors,* 6 Vols.,Oxford-1909.
146. M' Gregor, W.L., *A History of the Sikhs,* London-1846.
147. Malcolm, Lt. Col. Sir John, *A Sketch of the Sikhs,* London-1812.
148. Mark Tully & Satish Jacob, *Amritsar: Mrs. Gandhi's Last Battle,* Delhi-1985.
149. Mohan Singh, General, *Soldiers' Contribution to Indian Independence,* Delhi-1974.
150. Narang, Dr. Sir Gokul Chand, *Transformation of Sikhism,* Lahore-1912; 2 nd. ed.-1945.
151. Parrinder, Prof. Dr. Geoffrey, *World Religions : From Ancient History to the Present,* New York-1983.
152. Payne, C.H., *A Short History of the Sikhs,* London-c.1896.
153. Penderal Moon, Mr., *Divide & Quit,* London-1961.
154. Puran Singh, Prof., *The Book of the Ten Masters,* London-1926.
155. *Report to the Nation : Oppression in Panjab,* by Citizens for Democracy, New Delhi -1984.
156. *Report to the Nation,* published under the auspices of the People's Union for Democratic Rights, New Delhi-1984.
157. *Report of the Citizens' Commission*, Delhi, 31Oct. to 4 Nov. 1984, New Delhi-1985.
158. Rose, H.A., *A Glossary of the Castes and Tribes of the Panjab and the North-West Frontier Province of India*, 3 Vols, Lahore-1919.
159. Sahni, Prof. Ruchi Ram, *Struggle for Reforms in Sikh Shrines,* ed. by Dr. Ganda Singh, Amritsar-1965.
160. Sangat Singh, Dr., *The Sikhs in History,* New York-1995.
161. Sarkar, Sir Jadu Nath, *History of Aurangzeb*, Calcutta, 1924-25.
162. *Fall of the Mughal Empire,* Calcutta-1932.
163. Sharma, Siri Ram, Prof., *Religious Policy of Mughal Empire,* Bombay-1962.
164. *The Crescent in India,* Bombay-1937.
165. Smith, Prof. Vincent A., *Oxford History of India,* pt.II, Oxford-1923.
166. *Struggles for Free Hindustan*, various volumes, ed. by Bh. Nahar Singh & Maj. Kirpal Singh, New Delhi, 1986-89.
167. Swami, D.T., *The Menace of Hindu Imperialism,* Lahore-1941.

168. Talib, Gurbachan Singh, Prof., *Muslim League Attack on Sikhs & Hindus in the Panjab,* Amritsar-1950.

169. Teja Singh, Prof./Princ., *Gurdwara Reform Movement and the Sikh Awakening,* Jalandhar-1922.

170. *Growth of Responsibility in Sikhism, Lahore-1928.*

171. *Essays in Sikhism,* Lahore-1941.

172. *A Short History of the Sikhs, op.cit, Bombay-1950.*

173. Trilochan Singh, *Guru Teg Bahadur : Prophet & Martyr,* New Delhi-1961.

174. *Guru Gobind Singh,* New Delhi-1967.

175. Trumpp, Dr. Ernest, *The Adi Granth,* London-1877.

176. *Truth About Delhi Violence,* published under the auspices of the Citizens for Democracy, Delhi-1985.

177. *Who Are the Guilty ?* published under the auspices of People's Union for Civil Liberties, New Delhi-1984.

178. Zakir Hussain, Dr., *Saragarhi Speech,* dated 12 September 1961.

4
हिन्दी

179. गोबिन्द सिंह, साधू ,इतिहास गुरु ख़ालसा काशी-1902.

5
Periodicals/Journals/Letters/Statements

180. *Abstracts of Sikh Studies,* various issues. *ed.* by Dr. Kharak Singh, Chandigarh.

181. *Khoj Patrika,* ed. by Dr. Rattan Singh Jaggi, Patiala-1979.

182. *Free Press,* Indore, dated 16 December, 1994.

183. *Indian Express*, New Delhi, dated 21 & 30 Decembr, 1996.

184. *Journal of Sikh Studies* Amritsar- April, 1999.

185. *Kartar Singh, Gyani's Statement* in *The Civil & Military Gazette,* Lahore, dated 21 August 1944.

186. *Panjab: Past & Present*, ed. by Dr. Ganda Singh, Patiala, April-1978.

187. Tara Singh, Master's letter dated. 31 March 1942 addressed to Sir Stafford Cripps.

188. *The Sikh Review,* Calcutta, various issues.

189. *The Spokesman*, New Delhi, various issues.

190. *The Tribune*, Chandigarh, dated 28 September 1998.

191. 28 Februrary 1999.

192. 13 March 1999.

2
ਕੁਝ ਰਾਵਾਂ

ਕੇਵਲ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਸੈਕਸ਼ਨ ਦੇ 1966-67 ਵਿੱਚ ਛਪੇ ਪਹਿਲੇ ਕਿਤਾਬਚੀ ਸਰੂਪ (ਚੜ੍ਹਦੀ ਕਲਾ ਦੇ ਪੁੰਜ : ਗੁਰੂ ਗੋਬਿੰਦ ਸਿੰਘ) ਬਾਰੇ ਆਈਆਂ-ਛਪੀਆਂ ਕੁਝ ਰਾਵਾਂ ਵਿੱਚੋਂ ਕੁਝ ਟੂਕਾਂ।

Excerpts from some reviews and opinions

about the first edition of the brochure, *Guru Gobind Singh : The Embodiment of the Highest Spirits,* published in 1966-67

1. Dr. Balbir Singh Ph.D. *(London),* **D. Litt.** *(Pbi. Univ., Patiala)*

The monograph is entitled *Guru Gobind Singh : The Embodiment of the Highest Spirits.* This attribute of the Guru, signifying as the incarnation of the highest spirits, is very apt and wisely chosen.

Dr. Harnam Singh Shan briefly narrated the essential events in the life of the Guru, discussing the details with restrained enthusiasm to prove this point. He has said much in the compass of a short treatise.

The thesis has inner coherence and its logical conclusion is irresistible. I congratulate him for his this succint lucid writing.

(From *his letter* dated May 17, 1967 from Panchbati, Dehra Dun).

2. Dr. Gobind Singh Mansukhani, M.A., Ph.D., ***U.G.C, New Delhi*****:**

Dr. Harnam Singh Shan, well known Panjabi writer and critic has ably shown that Guru Gobind Singh was an optimistic and level-headed saint-soldier,....

It would be useful to bring out an English translation of this book so that it may reveal the mission and personality of Guru Gobind Singh to a wider audience.

We would go a step further and request the learned author to bring out a full-length three-dimensional biography of the Tenth Guru.

(From *The Spokesman,* New Delhi, dated 19 September 1967).

3. Dr. Lajwanti Ramakrishna, M.A.m Ph.D. *(London),* **D.D.L'** *(Paris):*

It is a very nicely presented true story of Guru Gobind Singh and his life-work....All that is beautifully described.......This graphic description of the Guru's inspiring and instructive life in an example to be followed.....

Dr. Shan has.........opened a new avenue for the young people to enter and explore.

We congratulate Dr. Harman Singh Shan for bringing out such an exceedingly interesting booklet about Guru Gobind Singh and his glorious deeds.

(From *her letter* dated June, 1967 from Merut Cantt.)

4. Bhayee Sahib Bhayee Ardaman Singh of Bagrian :

I have read it with deep interest and pleasure.........

The learned writer has dealt with the subject with precision and comprehension in a language which is chaste and effective. In a short thesis, he has, in a way, presented the whole conception of Sikhism in its right perspective............

His dealing of the subject is frank, frontal and free, his language pure and sweet; and his style versatile and forceful.

I congratulate Dr. Shan most heartily on this achievement which should be an example well worth noting and emulating by our present-day writers.

To our younger generation, it will provide an enlightening opening and give them a glimpse into the superior grandeur and endearing attractiveness of Sikhism.

No Sikh and Panjabi household should be without a copy of this valuable publication. (From *The Sikh Review*, Calcutta, February - 1968).

5. Gyani Mahan Singh, Editor. The Khalsa Samachar, Amritsar :

Its author, Dr. Harnam Singh Shan, is a well-known writer, speaker, researcher and scholar; and an eminent professor of the Punjab University. He is the author of many books and a master of many virtues.........

Though it is small in volume, yet it speaks of a lot of hard work that has gone into its preparation. He has ably and graphically described the historical setting and the circumstances which brought out Guru Gobind Singh.

(From *The Khalsa Samachar*, Amritsar, dated May 1, 1967)

6. Dr. Baljit Singh Bagga, Secretary European Insititute of Sikh Studies, *London (U.K.)* :

....a splendid monograph...which covers the subject very well.

(From *The Sikh Courier International, London,* Summer-1995).

7. Dr. Ram Rattan Sethi, Prof. & Head of the Department of History, Punjab University, Chandigarh :

ਅੱਜਕਲ੍ਹ ਸਾਰਾ ਦੇਸ਼ ਰਾਸ਼ਟ੍ਰ-ਪਿਤਾ, ਗੁਰੂ ਗੋਬਿੰਦ ਸਿੰਘ ਜੀ, ਦੀ ਆ ਰਹੀ ਤਿੰਨ ਸੌਵੀਂ ਵਰ੍ਹੇਗੰਢ ਮਨਾਉਣ ਅਤੇ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਨ ਲਈ ਤਿਆਰੀਆਂ ਕਰ ਰਿਹਾ ਹੈ । ....

ਇਹ ਪੁਸਤਿਕਾ ਉਨ੍ਹਾਂ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਇਕ ਅਮਰ, ਅਨੂਪਮ ਤੇ ਸਭ ਤੋਂ ਵਿਸ਼ੇਸ਼ ਪੱਖ ਨੂੰ ਵਿਆਖਣ ਤੇ ਚਾਨਿਆਉਣ ਲਈ, ਇਸ ਇਤਿਹਾਸਕ ਅਵਸਰ ਵਾਸਤੇ, ਉਚੇਚੀ ਲਿਖੀ ਗਈ ਹੈ । ਇਸ ਦੇ ਵਿਦਵਾਨ ਲੇਖਕ ਨੇ ਗੁਰੂ ਸਾਹਿਬ ਨੂੰ "ਚੜ੍ਹਦੀ ਕਲਾ ਦੇ ਪੁੰਜ" ਮੰਨ ਕੇ ਉਨ੍ਹਾਂ ਦੀ ਇਸ ਵਿਲੱਖਣ ਸਪਿਰਿਟ ਨੂੰ ਵੱਖ-ਵੱਖ ਸਥਿਤੀਆਂ ਵਿੱਚ ਵਿਚਰਦਿਆਂ ਤੇ ਜੂਝਦਿਆਂ, ਸਭ ਔਕੜਾਂ ਖਿੜੇ-ਮੱਥੇ ਸਹਿੰਦਿਆਂ ਤੇ ਉਲਾਂਘਦਿਆਂ; ਅਤੇ ਅਖੀਰ ਅਦੁੱਤੀ ਤੇ ਸਦੀਵੀ ਵਿਜੈ ਪ੍ਰਾਪਤ ਕਰਦਿਆਂ, ਦੱਸਿਆ ਹੈ ।...

ਇਸ ਦੇ ਲੇਖਕ ਡਾ: ਹਰਨਾਮ ਸਿੰਘ ਸ਼ਾਨ, ਆਪਣੀ ਖੋਜ-ਪ੍ਰਤਿਭਾ, ਜਗਿਆਸੂ-ਜੀਵਨ ਅਤੇ ਲਿਖਤਾਂ-ਲੈਕਚਰਾਂ ਰਾਹੀਂ ਦੇਸ-ਪਰਦੇਸ ਵਿੱਚ ਇੰਨੇ ਪਰਿਚਿਤ ਤੇ ਪ੍ਰਸਿੱਧ ਹਨ ਕਿ ਉਨ੍ਹਾਂ ਦੇ ਵਿਸ਼ਾਲ ਅਧਿਐਨ, ਵਿਗਿਆਨਕ ਦ੍ਰਿਸ਼ਟੀ, ਭਰਵੀਂ ਮਿਹਨਤ, ਅਟੁੱਟ ਲਗਨ, , ਜ਼ੋਰਦਾਰ ਬੋਲੀ ਅਤੇ ਸੁਚੱਜੇ ਤੇ ਉਭਾਰਵੇਂ ਲਿਖਣ ਢੰਗ ਨੇ ਇਸ ਪੁਸਤਿਕਾ ਨੂੰ ਇਸ ਸੁਭਾਗੇ ਤੇ ਇਤਿਹਾਸਕ ਪੁਰਬ ਲਈ ਇਕ ਸੁੰਦਰ ਤੇ ਸਾਂਭਣਯੋਗ ਸੁਗਾਤ ਬਣਾ ਦਿੱਤਾ ਹੈ ।....

(From *his Introduction* dated 14 January 1967).

8. Dr Taran Singh, Prof. & Head of the Department of Guru Granth Sahib Studies, Panjabi University, Patiala :

....ਆਪ ਜੀ ਦੀ ਇਹ ਰਚਨਾ ਪੰਜਾਬੀ ਯੂਨੀਵਰਸਿਟੀ ਨੇ ਛਾਪੀ ਹੈ । ਇਹ ਗੱਲ ਵੀ ਇਸ ਦੀ ਮਹਾਨਤਾ ਦੀ ਪੁਸ਼ਟੀ ਕਰਦੀ ਹੈ । ਨਿਰਸੰਦੇਹ, ਆਪ ਨੇ ਇਸ ਮਜ਼ਮੂਨ ਨੂੰ ਬਹੁਤ ਚੰਗਾ ਨਿਭਾਇਆ ਹੈ ।...

(From *his letter* dated 13 June 1967 from Patiala).

9. Dr Kulbir Singh Kang, Department, Panjabi University, Patiala :

.....ਇਹ ਪੁਸਤਿਕਾ ਆਪ ਦੇ ਬਹੁਪੱਖੀ ਗਿਆਨ ਅਤੇ ਜਜ਼ਬਾਤੀ ਸ਼ਰਧਾ ਨੂੰ ਦ੍ਰਿਸ਼ਟੀਗੋਚਰ ਕਰਾਉਂਦੀ ਹੈ। ਗੁਰੂ ਸਾਹਿਬ ਉੱਤੇ ਅਜਿਹੀਆਂ ਪੁਸਤਕਾਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ ।......

(From *his letter* dated 3 April 1967 from Patiala).